ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

**ਸਾਲ : ਸੋਲ੍ਹਾਂ** | **ਪੁ : ਲੜੀ : ਤ੍ਰੇਹਠ ਜੁਲਾਈ-ਸਤੰਬਰ, 2013**


*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254
Email : saifsm20@yahoo.com

*ਸੰਪਾਦਕੀ ਮੰਡਲ*

**ਹਰਜੀਤ ਅਟਵਾਲ**

Email: harjeetatwal@yahoo.co.uk
Mobile : 00447782-265726

**ਹਰਮਹਿੰਦਰ ਚਹਿਲ**

Email : Chahals57@Yahoo.com
Ph. 001-703-362-3239

**ਪ੍ਰੇਮ ਮਾਨ**

Ph. 001-860-983-5002
Email:premmann@yahoo.com

*Managing Editor*

***Shiv, Vinod Kumar***

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Model House,
Near Surinder Welding Works, Jalandhar-144003


**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ


ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਪੰਜਾਬੀ ਸਾਹਿਤ ਵਿਚ ਕਹਾਣੀ ਤੋਂ ਬਾਅਦ ਨਾਵਲ ਸਭ ਤੋਂ ਵਧ ਪੜ੍ਹੀ ਜਾਣ ਵਾਲੀ ਵਿਧਾ ਹੈ। ਇਸੇ ਵਿਧਾ ਨੂੰ ਪ੍ਰਕਾਸ਼ਕ ਵੀ ਛਾਪ ਕੇ ਖੁਸ਼ ਰਹਿੰਦੇ ਹਨ। ਨਾਵਲ ਹੀ ਅਜਿਹੀ ਇਕ ਵਿਧਾ ਹੈ ਜਿਸ ਨੂੰ ਛਾਪਣ ਲਈ ਪ੍ਰਕਾਸ਼ਕ ਲੇਖਕ ਤਕ ਪਹੁੰਚ ਕਰਦੇ ਹਨ। ਨਾਵਲ ਲਿਖਿਆ ਵੀ ਬਹੁਤ ਜਾ ਰਿਹਾ ਹੈ। ਆਏ ਦਿਨ ਨਵੇਂ ਨਾਂ ਨਾਵਲਕਾਰੀ ਵਿਚ ਜੁੜ ਰਹੇ ਹਨ। ਇਹਨਾਂ ਗੱਲਾਂ ਦੇ ਬਾਵਜੂਦ ਪੰਜਾਬੀ ਨਾਵਲ ਬਹੁਤੀ ਤਰੱਕੀ ਨਹੀਂ ਕਰ ਸਕਿਆ। ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਜਿਵੇਂ ਕਿ ਹਿੰਦੀ, ਬੰਗਾਲੀ, ਮਰਾਠੀ, ਕੰਨੜ, ਤੈਲਗੂ ਅਦਿ ਤੋਂ ਸਾਡਾ ਨਾਵਲ ਬਹੁਤ ਪਿੱਛੇ ਹੈ।

ਬਹੁਤਾ ਨਾਵਲ ਲਿਖਿਆ ਜਾਣਾ ਮਾੜੀ ਗੱਲ ਨਹੀਂ ਹੈ ਪਰ ਇਸ ਵਿਚ ਗੁਣਾਤਮਕ ਵਾਧਾ ਵੀ ਤਾਂ ਜ਼ਰੂਰੀ ਹੋਣਾ ਚਾਹੀਦਾ ਹੈ ਜਿਹੜਾ ਕਿ ਨਹੀਂ ਹੋ ਰਿਹਾ। ਅਸਲ ਵਿਚ ਬਹੁਤੇ ਲੇਖਕ ਤਾਂ ਨਾਵਲ ਵੱਲ ਫੈਸ਼ਨ ਵਜੋਂ ਹੀ ਆ ਰਹੇ ਹਨ। ਉਹਨਾਂ ਵਿਚ ਮਿਹਨਤ ਦੇ ਜ਼ਜਬੇ ਦੀ ਘਾਟ ਹੈ। ਉਹਨਾਂ ਵਿਚ ਅਨੁਭਵ ਦੀ ਵੀ ਘਾਟ ਹੈ। ਉਹ ਹਾਲੇ ਅਨੁਭਵ ਗ੍ਰਹਿਣ ਕਰਨ ਦੀ ਕਾਬਲੀਅਤ ਗ੍ਰਹਿਣ ਕੀਤੇ ਬਿਨਾਂ ਨਾਵਲ ਲਿਖਣ ਲਗਦੇ ਹਨ। ਉਹੀ ਪੁਰਾਣੀਆਂ ਗੱਲਾਂ ਨਵੇਂ ਨਾਵਲਕਾਰ ਕਰੀ ਜਾ ਰਹੇ ਹਨ। ਪੁਰਾਣੇ ਲੇਖਕ ਵੀ ਨਵੀਂਆਂ ਗੱਲਾਂ ਨਹੀਂ ਕਰ ਰਹੇ। ਲੇਖਕ ਜਿਸ ਦਾਇਰੇ ਵਿਚ ਜਿਉਂ ਰਿਹਾ ਹੈ ਉਸ ਬਾਰੇ ਹੀ ਗੱਲ ਕਰਦਾ ਜਾ ਰਿਹਾ ਹੈ। ਉਸ ਦਾਇਰੇ ਤੋਂ ਬਾਹਰ ਨਿਕਲਣ ਵਾਲੀ ਮਿਹਨਤ ਨਾਵਲਕਾਰ ਕਰਨੀ ਨਹੀਂ ਚਾਹੁੰਦਾ। ਜਿਵੇਂ ਪੂਰਨ ਸਿੰਘ ਕਹਿ ਗਿਆ ਹੈ ਕਿ ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ, ਲੇਖਕ ਵੀ ਇਸੇ ਧਾਰਣਾ ਦਾ ਅਨੁਯਾਈ ਬਣਦਾ ਸਿਰਫ ਸੀਮਤ ਜਿਹੇ ਧਰਮਾਂ ਦੇ ਪਾਤਰਾਂ ਨੂੰ ਮੂਹਰੇ ਰੱਖਦਾ ਹੈ। ਬਾਕੀ ਦੇ 49% ਲੋਕ ਪਿੱਛੇ ਜਾ ਡਿਗਦੇ ਹਨ। ਉਹਨਾਂ ਦਾ ਚਿਤਰਣ, ਉਹਨਾਂ ਦੇ ਮਸਲੇ ਦੂਜੈਲੇ ਹੋ ਜਾਂਦੇ ਹਨ। ਜੋ ਕੁਝ ਪੰਜਾਬ ਦੀ ਸਿਆਸਤ ਵਿਚ ਹੋ ਰਿਹਾ ਹੈ ਉਹੋ ਕੁਝ ਨਾਵਲਕਾਰੀ ਵਿਚ ਵਾਪਰਦਾ ਨਜ਼ਰ ਆਉਂਦਾ ਹੈ। ਇਵੇਂ ਹੀ ਇਹ ਨਾਵਲਕਾਰੀ ਕੁਝ ਪ੍ਰਮੁੱਖ ਜਾਤਾਂ ਦੁਆਲੇ ਘੁੰਮਦੀ ਹੈ, ਬਾਕੀ ਦੀਆਂ ਅਖਾਉਤੀ ਉਪਰਲੀਆਂ-ਹੇਠਲੀਆਂ ਜਾਤਾਂ ਦੇ ਲੋਕ ਜਿਵੇਂ ਦੂਜਿਆਂ ਦੇ ਜਿਊਣ ਵਿਚ ਸਹਾਈ ਹੋਣ ਲਈ ਹੀ ਬਣੇ ਹੋਣ। ਮਿਸਾਲ ਦੇ ਤੌਰ 'ਤੇ ਜੱਟ ਦੀ ਜ਼ਮੀਨ ਖੁੱਸਣ ਦੇ ਰੋਣੇ ਰੋਏ ਜਾ ਰਹੇ ਹਨ ਪਰ ਜਿਹਨਾਂ ਕੋਲ ਪਹਿਲਾਂ ਹੀ ਜ਼ਮੀਨ ਨਹੀਂ ਹੈ ਉਹਨਾਂ ਬਾਰੇ ਗੱਲ ਨਹੀਂ ਹੋ ਰਹੀ। ਦਲਿਤ ਮਸਲਿਆਂ ਨੂੰ ਨਿਭਾਉਣ ਵਾਲੇ ਜਾਂ ਉਭਾਰਨ ਵਾਲੇ ਨਾਵਲਾਂ ਦੀ ਬਹੁਤ ਕਮੀ ਹੈ। ਦਲਿਤ ਸਾਹਿਤ ਨੂੰ ਸਮਰਪਤ ਲੇਖਕ ਵੀ ਅਜਿਹਾ ਨਹੀਂ ਕਰ ਰਹੇ। ਜੇ ਕੋਈ ਕਰ ਰਿਹਾ ਹੈ ਤਾਂ ਉਸ ਦੀ ਸੋਚ 'ਚ ਕਾਣ ਹੈ।

ਪੰਜਾਬੀ ਨਾਵਲ ਵਿਚ ਵਿਸ਼ਿਆਂ ਦੀ ਬਹੁਤ ਘਾਟ ਹੈ। ਹਾਲੇ ਵੀ ਪੰਜਾਬੀ ਨਾਵਲ ਪੇਂਡੂ ਜੀਵਨ ਦੇ ਕਿਸਾਨੀ ਮਸਲਿਆਂ ਦੇ ਦੁਆਲੇ ਹੀ ਘੁੰਮ ਰਿਹਾ ਹੈ। ਭਾਵੇਂ ਦਰਸ਼ਨ ਸਿੰਘ, ਨਛੱਤਰ, ਦਰਸ਼ਨ ਮਿਤਵਾ ਵਰਗੇ ਨਾਵਲਕਾਰਾਂ ਨੇ ਕਿਸਾਨੀ ਮਸਲਿਆਂ ਤੋਂ ਬਾਹਰ ਦੇ ਨਾਵਲ ਲਿਖੇ ਹਨ ਪਰ ਫਿਰ ਵੀ ਅਜਿਹੇ ਨਾਵਲ ਬਹੁਤ ਘੱਟ ਹਨ। ਨਵੇਂ ਵਿਸ਼ਿਆਂ ਦੀ ਤਾਂ ਪੰਜਾਬੀ ਨਾਵਲਕਾਰੀ ਵਿਚ ਬਹੁਤ ਹੀ ਘਾਟ ਹੈ।

ਪਿਛਲੇ ਵੀਹ ਸਾਲ ਵਿਚ ਦੁਨੀਆਂ ਦੀ ਤੇ ਪੰਜਾਬ ਦੀ ਵੀ ਸਥਿਤੀ ਬਹੁਤ ਬਦਲ ਚੁੱਕੀ ਹੈ। ਜ਼ਿੰਦਗੀ ਜਿਊਣ ਦੇ ਰੰਗ-ਢੰਗ ਬਦਲ ਚੁੱਕੇ ਹਨ। ਨਵੇਂ ਨਵੇਂ ਮਸਲੇ ਦਰਪੇਸ਼ ਹਨ ਪਰ ਪੰਜਾਬੀ ਨਾਵਲ ਵਿਚ ਇਹ ਬਿਲਕੁਲ ਨਹੀਂ ਆ ਰਿਹਾ। ਜਸਵਿੰਦਰ ਸਿੰਘ ਦਾ ਨਾਵਲ 'ਮਾਤ ਲੋਕ' ਵੀ ਨੱਬਵਿਆਂ ਵਿਚ ਪੁੱਜ ਕੇ ਖਤਮ ਹੋ ਜਾਂਦਾ ਹੈ। ਦਰਸ਼ਨ ਸਿੰਘ ਦੇ ਨਾਵਲ ਵੀ ਕਿਸੇ ਹੋਰ ਪਾਸੇ ਹੀ ਤੁਰੇ ਫਿਰਦੇ ਹਨ ਇਵੇਂ ਹੀ ਹੋਰਨਾਂ ਨਾਵਲਕਾਰਾਂ ਦੇ ਵੀ। ਸਿਰਫ ਨਛੱਤਰ ਦਾ ਨਾਵਲ 'ਸਲੋਅ ਡਾਊਨ' ਵਿਚ ਨਵੀਆਂ ਪ੍ਰਸਥਿਤੀਆਂ ਦੀਆਂ ਛੋਹਾਂ ਮਿਲਦੀ ਹਨ। ਜਿਵੇਂ ਪੰਜਾਬੀ ਕਹਾਣੀ ਨਵੇਂ ਸਰੋਕਾਰਾਂ ਨੂੰ ਫੜਨ ਦੀ ਕੋਸ਼ਿਸ਼ ਕਰ ਰਹੀ ਹੈ ਇਵੇਂ ਨਾਵਲ ਵਿਚ ਨਹੀਂ ਹੋਇਆ। ਸਾਫ ਦਿਸਦਾ ਹੈ ਕਿ ਪੰਜਾਬੀ ਨਾਵਲਕਾਰ ਨਵੀਆਂ ਸੰਵੇਦਨਾਵਾਂ ਦੇ ਸਨਮੁੱਖ ਹੋਣ ਤੋਂ ਡਰਦਾ ਹੈ। ਇਹ ਨਹੀਂ ਕਿ ਉਸ ਦਾ ਅਨੁਭਵ ਨਹੀਂ ਹੋ ਰਿਹਾ, ਆਖਰ ਰਹਿੰਦਾ ਤਾਂ ਉਹ ਇਸੇ ਸਮਾਜ ਵਿਚ ਹੀ ਹੈ, ਉਸ ਵਿਚ ਸਮਰਥਾ ਵੀ ਹੈ, ਅਸਲ ਵਿਚ ਉਹ ਮਿਹਨਤ ਕਰਨ ਤੋਂ ਡਰਦਾ ਹੈ। ਬਲਦੇਵ ਸਿੰਘ ਨੇ ਇਸ ਤੋਂ ਬਚਣ ਦਾ ਸੌਖਾ ਤਰੀਕਾ ਇਹ ਲੱਭਿਆ ਕਿ ਉਹ ਇਤਹਾਸਕ ਨਾਵਲ ਲਿਖਣ ਲੱਗ ਪਿਆ। ਬਲਬੀਰ ਪਰਵਾਨਾ, ਅਵਤਾਰ ਸਿੰਘ ਬਿਲਿੰਗ ਇਕੋ ਵਿਸ਼ੇ 'ਤੇ ਹੀ ਨਾਵਲ ਲਿਖੀ ਜਾ ਰਿਹਾ ਹੈ। ਅਸਲ ਵਿਚ ਛੋਟੇ ਛੋਟੇ ਨਾਵਲ ਲਿਖ ਕੇ ਗਿਣਤੀ ਵਿਚ ਵਾਧਾ ਕਰਨ ਦਾ ਰਿਵਾਜ਼ ਦਲੀਪ ਕੌਰ ਟਿਵਾਣਾ ਤੋਂ ਪਿਆ ਤੇ ਅਣਖੀ ਨੇ ਇਸ ਨੂੰ ਪੈਸੇ ਕਮਾਉਣ ਦੇ ਲਾਲਚ ਵਿਚ ਅਗੇ ਵਧਾਇਆ। ਅਣਖੀ ਨੇ ਸੌ-ਸਵਾ ਸੌ ਸਫੇ ਦੇ ਕਈ ਨਾਵਲ (ਸਰਦਾਰੋ, ਜੱਸੀ ਸਰਪੰਚ, ਸਲਫਾਸ ਆਦਿ) ਲਿਖ ਕੇ ਪਾਠਕਾਂ ਨੂੰ ਵਰਤਿਆ ਸੀ। ਅੱਜ ਦੇ ਸਮਕਾਲੀ ਸਰੋਕਾਰਾਂ ਤੋਂ ਪਹਿਲਾਂ ਵੀ ਪੰਜਾਬ ਨੂੰ ਆਉਂਦੇ ਦਰਪੇਸ਼ ਮਸਲਿਆਂ ਬਾਰੇ ਪੰਜਾਬੀ ਨਾਵਲਕਾਰ ਕੋਈ ਯਾਦ ਰੱਖਣ-ਯੋਗ ਨਾਵਲ ਨਹੀਂ ਲਿਖ ਸਕੇ। ਉਹ ਤੱਥਾਂ ਬਾਰੇ ਗੱਲ ਕਰਨ ਤਕ ਹੀ ਸੀਮਤ ਰਹਿ ਜਾਂਦੇ ਹਨ। ਪੰਜਾਬ ਦੇ ਅੱਤਵਾਦ ਦੇ ਦੌਰ ਉਪਰ ਲਿਖੇ ਜੇ ਕਿਸੇ ਨਾਵਲ ਦਾ ਨਾਂ ਲਿਆ ਜਾ ਸਕਦਾ ਹੈ ਤਾਂ ਉਹ ਹਰਮਹਿੰਦਰ ਚਹਿਲ ਦਾ 'ਬਲੀ' ਹੀ ਹੈ। ਹਾਲਾਂ ਕਿ ਇਸ ਦੌਰ ਬਾਰੇ ਕਹਾਣੀਆਂ ਬਹੁਤ ਲਿਖੀਆਂ ਗਈਆਂ ਹਨ। ਕਈ ਕਹਾਣੀਕਾਰ ਤਾਂ ਸਟਾਰ ਹੀ ਇਸ ਦੌਰ ਬਾਰੇ ਲਿਖ ਕੇ ਬਣੇ ਹਨ। ਪੰਜਾਬੀ ਨਾਵਲਕਾਰ ਨੇ ਨਕਸਲਬਾੜੀ ਲਹਿਰ ਦੇ ਦੌਰ ਬਾਰੇ ਵੀ ਕੋਈ ਖਾਸ ਨਾਵਲ ਨਹੀਂ ਲਿਖਿਆ। ਇਵੇਂ ਹੀ ਸੰਤਾਲੀ ਦੀ ਵੰਡ ਬਾਰੇ ਜੇ ਕੋਈ ਪੜ੍ਹਨਯੋਗ ਨਾਵਲ ਮਿਲਦਾ ਹੈ ਤਾਂ ਉਹ ਹਿੰਦੀ ਜਾਂ ਉਰਦੂ ਵਿਚ ਹੀ ਮਿਲਦੇ ਹਨ।

ਪੰਜਾਬੀ ਸਾਹਿਤ ਵਿਚ ਨਾਵਲਕਾਰੀ ਦੀ ਅਲੋਚਨਾ ਦਾ ਇਸ ਵੇਲੇ ਬਹੁਤ ਅਭਾਵ ਹੈ। ਜੋਗਿੰਦਰ ਸਿੰਘ ਰਾਹੀ ਤੇ ਟੀ. ਆਰ. ਵਿਨੋਦ ਤੋਂ ਬਾਅਦ ਕੋਈ ਵੀ ਨਾਂ ਇਸ ਖੇਤਰ ਵਿਚ ਨਜ਼ਰ ਨਹੀਂ ਆ ਰਿਹਾ। ਇਹ ਨਹੀਂ ਕਿ ਆਲੋਚਕਾਂ ਵਿਚ ਸਮਰਥਾ ਨਹੀਂ, ਸਮਰਥਾ ਹੈ ਪਰ ਅੱਜ ਦਾ ਅਲੋਚਕ ਮਿਹਨਤ ਤੋਂ ਡਰ ਰਿਹਾ ਹੈ। ਜਿਵੇਂ ਲੇਖਕ ਸ਼ੌਰਟ-ਕੱਟ ਲੱਭ ਰਹੇ ਹਨ ਐਦਾਂ ਹੀ ਆਲੋਚਕ ਹਨ। ਅੱਜ ਜਿੰਨੀ ਕੁ ਵੀ ਆਲੋਚਨਾ ਹੋ ਰਹੀ ਹੈ ਇਹ ਲੇਖਕ ਦੀ ਗੱਲ ਜ਼ਿਆਦਾ ਕਰ ਰਹੀ ਹੈ ਤੇ ਲਿਖਤ ਦੀ ਘੱਟ। ਇਹ ਆਲੋਚਨਾ ਲੇਖਕ ਦੀਆਂ ਖਾਮੀਆਂ ਨੂੰ ਦੂਰ ਕਰਨ ਵਿਚ ਸਹਾਈ ਨਹੀਂ ਹੋ ਰਹੀ। ਆਲੋਚਕਾਂ ਵਿਚ ਸੰਕੀਰਨਤਾ ਆ ਚੁੱਕੀ ਹੈ। ਲੇਖਕਾਂ-ਆਲੋਚਕਾਂ ਦੇ



ਗਰੁੱਪ ਬਣੇ ਹੋਏ ਹਨ। ਕੋਈ ਜਲੰਧਰ ਦਾ ਗਰੁੱਪ ਹੈ ਤੇ ਕੋਈ ਲੁਧਿਆਣੇ ਦਾ ਤੇ ਕੋਈ ਦਿੱਲੀ ਜਾਂ ਚੰਡੀਗੜ੍ਹ ਤੇ ਕਿਤੇ ਹੋਰ ਦਾ। ਇਹ ਧੜਾ ਪਾਲਣ ਵਾਲਾ ਧਰਮ ਨਾਵਲਕਾਰੀ ਨੂੰ ਹੀ ਨਹੀਂ ਸਮੁੱਚੇ ਪੰਜਾਬੀ ਸਾਹਿਤ ਨੂੰ ਢਾਅ ਲਾ ਰਿਹਾ ਹੈ। ਇਹ ਆਲੋਚਕ ਆਪੋ-ਆਪਣੇ ਗਰੁੱਪ ਵਿਚਲੇ ਲੇਖਕਾਂ ਨੂੰ ਪ੍ਰਮੋਟ ਕਰਨ ਵਿਚ ਰੁੱਝੇ ਹੋਏ ਹਨ। ਇਕ ਹੋਰ ਗੱਲ ਹਾਸੋ-ਹੀਣੀ ਇਹ ਹੈ ਕਿ ਇਕੀਵੀਂ ਸਦੀ ਵਿਚ ਆ ਕੇ ਵੀ ਔਰਤ-ਲੇਖਕਾਂ ਨੂੰ ਗਰੇਸ-ਮਾਕਰਸ ਦੇਣ ਦਾ ਪ੍ਰਥਾ ਹਾਲੇ ਗਈ ਨਹੀਂ ਹੈ। ਇਸ ਮਾਨਸਿਕਤਾ ਵਿਚੋਂ ਬਾਹਰ ਨਿਕਲਣਾ ਬਹੁਤ ਜ਼ਰੂਰੀ ਹੈ। ਇਹ ਕਹਾਣੀ ਤਾਂ ਬਿਲਕੁਲ ਪੁਰਾਣੀ ਨਹੀਂ ਕਿ ਇਕ ਲੇਖਕਾ ਨੂੰ ਯੋਜਨਾਬੱਧ ਤਰੀਕੇ ਨਾਲ ਪੰਜਾਬੀ ਦੀ ਮਹਾਨ ਨਾਵਲਕਾਰਾ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। ਅਜਿਹੇ ਰੁਝਾਨ ਸਾਹਿਤ ਤੇ ਸਾਹਿਤਕਾਰ ਦੋਨਾਂ ਦਾ ਹੀ ਨੁਕਸਾਨ ਕਰਦੇ ਹਨ।

ਅੱਜ ਦਾ ਨਾਵਲਕਾਰ ਮਿਹਨਤ ਤੋਂ ਡਰਦਾ ਨਵੇਂ ਵਿਸ਼ਿਆਂ ਨੂੰ ਛੋਹਣ ਦੀ ਥਾਵੇਂ ਪੁਰਾਣਿਆਂ ਨਾਲ ਹੀ ਨਿਭੀ ਜਾ ਰਿਹਾ ਹੈ। ਕਈ ਵਾਰ ਵਿਸ਼ਿਆਂ ਦੇ ਸੰਕਟ ਦੀ ਗੱਲ ਵੀ ਹੁੰਦੀ ਹੈ ਪਰ ਅਸਲ ਵਿਚ ਵਿਸ਼ਿਆਂ ਦਾ ਕੋਈ ਸੰਕਟ ਨਹੀਂ ਹੈ। ਨਵੀਂ ਟੈਕਨੋਲੌਜੀ ਨੇ ਖੋਜ ਕਾਰਜ ਬਹੁਤ ਅਸਾਨ ਕਰ ਦਿੱਤਾ ਹੈ। ਇਸ ਲਈ ਜ਼ਿੰਦਗੀ ਵਿਚ ਵਾਪਰ ਰਿਹਾ ਬਹੁਤਾ ਕੁਝ ਫੜਨ ਵਿਚ ਬਹੁਤ ਸੌਖ ਹੈ, ਬਸ, ਲੇਖਕ ਕੋਲ ਫੜਨ ਵਾਲੀ ਅੱਖ ਚਾਹੀਦੀ ਹੈ ਪਰ ਹੋ ਇਸ ਦੇ ਉਲਟ ਰਿਹਾ ਹੈ। ਪਿਛਲੇ ਵੀਹ-ਪੱਚੀ ਸਾਲ ਤਾਂ ਅਣਲਿਖੇ ਹੀ ਪਏ ਹਨ। ਜੇ ਇਹੀ ਹਾਲ ਰਿਹਾ ਤਾਂ ਆਉਣ ਵਾਲੇ ਸਮਿਆਂ ਦੇ ਪੰਜਾਬੀ ਸਾਹਿਤ ਵਿਚੋਂ ਇਕ ਟਾਈਮ-ਫਰੇਮ ਗਾਇਬ ਹੀ ਰਹਿ ਜਾਵੇਗਾ। ਇਹ ਗੱਲ ਵੀ ਸਹੀ ਹੈ ਕਿ ਅੱਜ ਦੀ ਟੈਕਨੋਲੌਜੀ ਏਨੀ ਜਲਦੀ ਨਾਲ ਬਦਲ ਜਾਂਦੀ ਹੈ ਕਿ ਇਸ ਦੇ ਹਾਣ ਦੇ ਰਹਿਣ ਲਈ ਤੁਹਾਨੂੰ ਖਾਸੀ ਮਿਹਨਤ ਕਰਨੀ ਪੈਂਦੀ ਹੈ। ਟੈਕਨੋਲੌਜੀ ਦੇ ਬਦਲਾਵ ਦਾ ਪ੍ਰਭਾਵ ਸਮਾਜ 'ਤੇ ਪੈਣਾ ਕੁਦਰਤੀ ਹੈ। ਸੋ ਅੱਜ ਦੇ ਲੇਖਕ ਨੂੰ ਜ਼ਿਆਦਾ ਚੇਤੰਨ ਹੋਣ ਦੀ ਲੋੜ ਹੈ ਜਦ ਕਿ ਪੰਜਾਬੀ ਨਾਵਲਕਾਰ ਹਾਲੇ ਇਸ ਤੋਂ ਅਵੇਸਲਾ ਬੈਠਾ ਹੈ।

ਪੰਜਾਬੀ ਨਾਵਲ ਵਿਚ ਦਰਸ਼ਨ ਦੀ ਘਾਟ ਵੀ ਰੜਕਦੀ ਹੈ। ਕਾਰਨ ਉਹੀ ਕਿ ਨਾਵਲਕਾਰ ਮਿਹਨਤ ਨਹੀਂ ਕਰ ਰਿਹਾ। ਉਮਰ ਦੇ ਪਹਿਲਿਆਂ ਪੜ੍ਹਾਵਾਂ ਵਿਚ ਸ਼ਾਇਦ ਇਹ ਮੁਸ਼ਕਲ ਹੋਵੇ ਪਰ ਪ੍ਰੌਢ ਉਮਰ ਦੇ ਨਾਵਲਕਾਰਾਂ ਦੀਆਂ ਰਚਨਾਵਾਂ ਵਿਚ ਵੀ ਇਸ ਦੀ ਕਮੀ ਹੈ।

ਨਵੇਂ ਲੇਖਕਾਂ ਦੇ ਆਪਣੇ ਹੀ ਸੰਕਟ ਹਨ। ਇਕ ਤਾਂ ਉਹਨਾਂ ਨੂੰ ਛਪਣ ਦੀ ਬਹੁਤ ਕਾਹਲ ਹੈ। ਉਹਨਾਂ ਨੂੰ ਅਨੁਭਵ ਗ੍ਰਹਿਣ ਕਰਨ ਦੀ ਬਹੁਤੀ ਚਿੰਤਾ ਨਹੀਂ ਹੈ। ਮਸਲਿਆਂ ਨੂੰ ਨਿਭਾਅ ਕਰਨ ਦੀ ਜਾਚ ਨਹੀਂ ਹੈ।

ਇਸ ਵੇਲੇ ਲੋੜ ਹੈ ਪੰਜਾਬੀ ਨਾਵਲ ਨੂੰ ਚੇਤੰਨ ਪੱਧਰ 'ਤੇ ਅਗੇ ਲੈ ਜਾਣ ਦੀਆਂ ਕੋਸ਼ਿਸ਼ਾਂ ਕਰਨ ਦੀ। ਸਾਰੇ ਸਾਧਨ ਉਪਲੱਬਧ ਹਨ, ਲੋੜ ਹੈ ਤਾਂ ਨਾਵਲਕਾਰ ਨੂੰ ਜ਼ਿੰਮੇਵਾਰ ਬਣਨ ਦੀ। ਨਾਲ ਦੀ ਨਾਲ ਇਸ ਪ੍ਰਤੀ ਆਲੋਚਕ ਦੀ ਵੀ ਜ਼ਿੰਮੇਵਾਰੀ ਘਟਦੀ ਨਹੀਂ।

**-ਜਿੰਦਰ**

*ਹਿੰਦੀ ਨਾਵਲ*

# *ਧਰਮਸਥਲ*

## ਲੇਖਕ : ਪ੍ਰਿਅਵੰਦ

**ਅਨੁ : *ਡਾ. ਜਸਵਿੰਦਰ ਕੌਰ ਬਿੰਦਰਾ***

— 1 —

ਇਕ ਖ਼ਾਲੀ, ਗਰਮ ਦੁਪਹਿਰ ਵੇਲੇ ਵੱਡੇ ਜਿਹੇ ਲੋਹੇ ਦੇ ਗੇਟ ਬਾਹਰ ਖੜ੍ਹੀ ਤੋਪ ਵਿਖਾਉਂਦੇ ਹੋਏ ਕਾਮਿਲ ਨੇ ਮੈਨੂੰ ਕਿਹਾ ਸੀ, "ਇਹੀ ਹੈ ਧਰਮਸਥਲ। ਗਲਤ ਨਾ ਸਮਝ ਲਵੀਂ। ਇੱਥੇ ਪੂਜਾ-ਪਾਠ ਨਹੀਂ ਹੁੰਦਾ। ਇੱਥੇ ਬੰਦੇ ਨੂੰ ਇਨਸਾਫ਼ ਮਿਲਦਾ ਹੈ। ਸਭ ਤੋਂ ਵੱਡੇ ਧਰਮ ਯਾਨਿ ਰਾਜ ਧਰਮ ਦਾ ਪਾਲਣ ਹੁੰਦਾ ਹੈ, ਇਸ ਲਈ ਅਸੀਂ ਇਸਨੂੰ ਧਰਮਸਥਲ ਕਹਿੰਦੇ ਹਾਂ।"

"ਅਸੀਂ ਕੌਣ ?"

"ਮੈਂ ਤੇ ਮੇਰੇ ਬਾਬੂ। ਚਲ, ਤੈਨੂੰ ਤੋਪ ਤੇ ਚੜ੍ਹਾਉਂਦੇ ਹਾਂ। ਜੇ ਚਾਹੇ ਤਾਂ ਉਸ ਦੇ ਅੰਦਰ ਵੀ ਉੱਤਰ ਸਕਦਾ ਏਂ। ਐਨੀ ਵੱਡੀ ਹੈ ਇਹ।"

ਮੇਰਾ ਹੱਥ ਫੜ ਕੇ ਕਾਮਿਲ ਨੇ ਮੈਨੂੰ ਧੁੱਪ ਨਾਲ ਸੜਦੀ ਚੌੜੀ ਸੜਕ ਪਾਰ ਕਰਵਾਈ। ਮੈਂ ਦੇਰ ਤੱਕ ਅਚੰਭਿਤ ਤੇ ਮੁਗਧ ਹੋਇਆ, ਕਾਲੀ ਦੈਂਤ ਵਰਗੀ ਤੋਪ ਨੂੰ ਦੇਖਦਾ ਰਿਹਾ।

"ਇਸ ਦੇ ਪਹੀਏ ਵੇਖ। ਪਛਾਣਦਾ ਏਂ ਇਨ੍ਹਾਂ ਨੂੰ ?" ਕਾਮਿਲ ਨੇ ਪੁੱਛਿਆ।

"ਨਹੀਂ।"

"ਮਹਾਂਭਾਰਤ ਦੇ ਕਲੈਂਡਰ ਵੇਖੇ ਕਦੇ। ਕ੍ਰਿਸ਼ਨ ਨੇ ਜੋ ਰਥ ਦਾ ਪਹੀਆ ਚੁੱਕਿਆ ਹੁੰਦਾ ਹੈ, ਉਹ ਇਹੋ ਜਿਹਾ ਹੀ ਹੈ। ਬਸ ਉਸ ਵਿਚ ਸੀਖਾਂ ਵੱਧ ਹੁੰਦੀਆਂ ਹਨ।"

ਤੋਪ ਨੂੰ ਛੱਡ ਮੈਂ ਕਾਮਿਲ ਵੱਲ ਦੇਖਣ ਲੱਗ ਪਿਆ। ਕਿਵੇਂ ਜਾਣਦਾ ਹੈ ਇਹ ਸਭ ਐਨਾਂ ? ਇਹ ਸੰਨ 1968 ਸੀ।

ਮੇਰੇ ਪਿਤਾ ਸ਼ਹਿਰ ਵਿਚ ਲੇਬਰ ਕਮਿਸ਼ਨਰ ਦੇ ਅਹੁਦੇ 'ਤੇ ਆਏ ਸਨ। ਕਚਹਿਰੀ ਤੋਂ ਥੋੜ੍ਹੀ ਹੀ ਦੂਰੀ ਤੇ ਬਣੇ ਅੰਗਰੇਜ਼ਾਂ ਦੇ ਪੁਰਾਣੇ ਦੋ ਬੰਗਲਿਆਂ ਵਿਚੋਂ ਇਕ ਸਾਨੂੰ ਮਿਲਿਆ ਸੀ। ਸ਼ਹਿਰ ਦੇ ਸਰਕਾਰੀ ਸਕੂਲ ਦੀ ਅੱਠਵੀਂ ਜਮਾਤ ਵਿਚ ਮੇਰਾ ਦਾਖਲਾ ਹੋਇਆ ਸੀ। ਮੈਂ ਪਹਿਲੀ ਵਾਰ ਕਾਮਿਲ ਨੂੰ ਉੱਡਦੀ ਨਿਗਾਹ ਨਾਲ ਕਲਾਸ ਵਿਚ ਸਭ ਤੋਂ ਪਿੱਛੇ ਦੀ ਕੁਰਸੀ ਉੱਤੇ ਬੈਠਾ ਦੇਖਿਆ ਸੀ।

ਚਾਰੋਂ ਦਿਸ਼ਾਵਾਂ ਵਿਚ ਫੈਲੀ ਕਚਹਿਰੀ ਦੇ ਇਕ ਪਾਸੇ ਬਹੁਤ ਵੱਡੀ ਤੇ ਉੱਚੀ ਇਮਾਰਤ ਸੀ। ਉਸ ਦੀਆਂ ਉੱਪਰਲੀਆਂ ਤਿੰਨ ਮੰਜ਼ਿਲਾਂ ਵਿਚ ਲੋਕ ਰਹਿੰਦੇ ਸਨ। ਹੇਠਾਂ ਦੁਕਾਨਾਂ ਸਨ। ਮੈਂ ਘਰ ਦਾ ਛੋਟਾ-ਮੋਟਾ ਸਾਮਾਨ ਲੈਣ ਲਈ ਉੱਥੇ ਜਾਂਦਾ ਰਹਿੰਦਾ ਸੀ। ਉੱਥੇ ਹੀ ਡਬਲਰੋਟੀ ਵਾਂਗ ਫੁੱਲੇ ਲਾਲ ਗੱਲ੍ਹਾਂ ਵਾਲੀ ਬੁੱਢੀ ਹਮੇਸ਼ਾ ਫੁੱਲਾਂ ਵਾਲਾ ਫ਼ਰਾਕ ਪਾਈ ਬੈਠੀ ਹੁੰਦੀ ਤੇ ਗੋਲਡਨ ਬੇਕਰੀ ਚਲਾਉਂਦੀ ਸੀ। ਉੱਥੇ ਡਬਲਰੋਟੀ ਲੈਂਦੇ ਹੋਏ, ਮੈਂ ਪਹਿਲੀ ਵਾਰ ਸਕੂਲ ਤੋਂ ਬਾਹਰ ਕਾਮਿਲ ਨੂੰ ਦੇਖਿਆ ਸੀ। ਉਹ ਸੜਕ ਕਿਨਾਰੇ ਲੱਗੇ ਇਕ ਨਲਕੇ ਹੇਠਾਂ ਬਾਲਟੀ ਰੱਖ ਕੇ ਪੱਥਰ ਦੇ ਲਾਲ ਬੈਂਚ ਤੇ ਬੈਠਾ ਸੀ। ਡਬਲਰੋਟੀ ਲੈ ਮੈਂ ਉਸ ਕੋਲ ਚਲਾ ਗਿਆ। ਮੈਨੂੰ ਦੇਖ ਉਹ ਮੁਸਕਰਾਇਆ।



"ਤੂੰ ਇੱਥੇ ਰਹਿੰਦਾ ਏਂ ? ਮੈਂ ਪੁੱਛਿਆ।

"ਹਾਂ।" ਕਾਮਿਲ ਹੱਸਿਆ। ਉਸ ਨੇ ਅੰਦਰ ਵੱਲ ਇਸ਼ਾਰਾ ਕੀਤਾ, "ਉੱਧਰ।"

ਪੁਰਾਣੀ ਕੰਧ ਵਿਚ ਬਣੇ ਲੋਹੇ ਦੇ ਜੰਗਲੇ ਵਾਲੇ ਖੁਲ੍ਹੇ ਗੇਟ ਵਿਚੋਂ ਇਕ ਛੋਟਾ ਜਿਹਾ ਰਸਤਾ ਉੱਧਰ ਜਾ ਰਿਹਾ ਸੀ। ਉੱਧਰੋਂ ਪੈਂਦੀ ਸ਼ਾਮ ਦੀ ਆਖਰੀ ਧੁੰਧਲਾਈ ਰੋਸ਼ਨੀ ਵਿਚ, ਇਕ ਛੋਟੀ, ਚੌਰਸ ਖੁੱਲ੍ਹੀ ਥਾਂ ਤੋਂ ਬਾਅਦ ਉੱਪਰ ਵੱਲ ਜਾਂਦੀਆਂ ਪੌੜੀਆਂ ਦਿਸ ਰਹੀਆਂ ਸਨ। ਉਸ ਖੁੱਲ੍ਹੀ ਥਾਂ 'ਤੇ ਇਕ ਟੁੱਟੀ ਸਾਈਕਲ, ਰੱਸੀ ਦਾ ਗੋਲਾ, ਝੂਲੇ ਦੀ ਪਟੜੀ ਅਤੇ ਕੋਲਿਆਂ ਦਾ ਢੇਰ ਪਿਆ ਸੀ। ਫਰਸ਼ ਦੇ ਇਕ ਹਿੱਸੇ ਵਿਚ ਪਾਣੀ ਸੀ। ਕੰਧ ਉੱਤੇ ਕੁਝ ਤਾਰਾਂ ਦੇ ਸਹਾਰੇ ਬਿਜਲੀ ਦਾ ਮੀਟਰ ਝੂਲ ਰਿਹਾ ਸੀ।

"ਉੱਪਰਲੀ ਤੀਸਰੀ ਮੰਜ਼ਿਲ ਉੱਤੇ ਮੇਰਾ ਘਰ ਹੈ।"

"ਇੱਥੇ ਕੀ ਕਰ ਰਿਹਾ ਏਂ ?"

"ਪਾਣੀ ਆਉਣ ਦਾ ਇੰਤਜ਼ਾਰ ਕਰ ਰਿਹਾ ਹਾਂ। ਸਾਡੇ ਨਲਕੇ ਦੀ ਲਾਈਨ ਕਿੱਧਰੋਂ ਟੁੱਟ ਗਈ ਹੈ। ਕੁਝ ਬਾਲਟੀਆਂ ਪਾਣੀ ਦੀਆਂ ਭਰ ਕੇ ਉੱਪਰ ਲੈ ਜਾਵਾਂਗਾ" ਕਾਮਿਲ ਪੱਥਰ ਦੇ ਬੈਂਚ ਤੋਂ ਉੱਠ ਖੜ੍ਹਾ ਹੋਇਆ।

"ਤੂੰ ਕਿੱਥੇ ਰਹਿੰਦਾ ਏਂ ?"

"ਰਾਸ਼ਨ ਦੀ ਦੁਕਾਨ ਤੋਂ ਬਾਅਦ ਜਿਹੜੇ ਦੋ ਬੰਗਲੇ ਬਣੇ ਹੋਏ ਹਨ...ਉੱਥੇ।"

ਨਲਕੇ ਵਿਚ ਪਾਣੀ ਆ ਗਿਆ। ਕਾਮਿਲ ਨਲਕੇ ਕੋਲ ਚਲਾ ਗਿਆ। ਉਸ ਨੇ ਝੁਕ ਕੇ ਬਾਲਟੀ ਪਾਣੀ ਹੇਠਾਂ ਰੱਖ ਦਿੱਤੀ।

"ਤੇਰੇ ਨਾਂ ਦਾ ਮਤਲਬ ਕੀ ਹੈ ?" ਮੈਂ ਪਿੱਛੇ-ਪਿੱਛੇ ਗਿਆ।

"ਸੰਪੂਰਣ !...ਮੇਰੇ ਜਨਮ ਬਾਅਦ ਮੇਰੇ ਪਿਤਾ ਨੇ ਕਿਹਾ, ਮੈਂ ਤੇਰੇ ਰੂਪ ਵਿਚ ਸੰਪੂਰਣ ਹੋ ਗਿਆ ਹਾਂ। ਉਨ੍ਹਾਂ ਕੋਲ ਉਸ ਵੇਲੇ ਇਕ ਮੁਸਲਮਾਨ ਦੋਸਤ ਬੈਠੇ ਸਨ। ਉਨ੍ਹਾਂ ਕਿਹਾ, ਕਾਮਿਲ। ਬਸ, ਇਹੀ ਨਾਂ ਹੋ ਗਿਆ। ਸਾਰਿਆਂ ਨੂੰ ਇਸ ਦਾ ਮਤਲਬ ਦੱਸਣਾ ਪੈਂਦਾ ਹੈ।" ਉਹ ਹੱਸਿਆ ਤੇ ਮੈਂ ਉੱਥੋਂ ਵਾਪਸ ਤੁਰ ਪਿਆ।

ਫਿਰ ਅਸੀਂ ਕਲਾਸ ਵਿਚ ਇਕ-ਦੂਜੇ ਨੂੰ ਪਛਾਣ ਕੇ ਹੱਸਣ ਲੱਗ ਪਏ। ਸਾਡੇ ਘਰ ਨੇੜੇ-ਨੇੜੇ ਸਨ, ਇਸ ਲਈ ਅਸੀਂ ਕਈ ਵਾਰ ਇਕੱਠੇ ਮੁੜਨ ਲੱਗ ਪਏ।

ਗਰਮੀਆਂ ਦੀਆਂ ਛੁੱਟੀਆਂ ਹੋ ਗਈਆਂ ਸਨ। ਮੈਂ ਕਾਮਿਲ ਨਾਲ ਕਈ ਵਾਰ ਉਸੇ ਇਮਾਰਤ ਹੇਠਾਂ ਇੱਧਰ-ਉੱਧਰ ਮਿਲਦਾ ਰਿਹਾ। ਉਸ ਦਿਨ ਉਹ ਦੁਪਹਿਰ ਵੇਲੇ ਮਿਲ ਗਿਆ। ਮੈਂ ਬਰਫ਼ ਲੈਣ ਆਇਆ ਸੀ। ਮੈਨੂੰ ਦੇਖ ਕੇ ਕਾਮਿਲ ਮੁਸਕਰਾਇਆ।

"ਮੈਂ ਗੁੱਡੀਆਂ (ਪਤੰਗਾਂ) ਲੁੱਟਣ ਜਾ ਰਿਹਾ ਹਾਂ। ਚਲੇਗਾਂ ?"

"ਕਿੱਥੇ ?"

"ਉੱਧਰ।" ਕਾਮਿਲ ਨੇ ਕਚਹਿਰੀ ਵੱਲ ਇਸ਼ਾਰਾ ਕੀਤਾ, "ਉੱਥੇ ਬਹੁਤ ਗੁੱਡੀਆਂ ਡਿੱਗਦੀਆਂ ਹਨ।"

"ਕੋਈ ਮਨ੍ਹਾ ਕਰੇਗਾ ਫਿਰ ?"

"ਨਹੀਂ...ਅੱਜਕਲ੍ਹ ਕਚਹਿਰੀ ਬੰਦ ਹੈ। ਗਰਮੀ ਦੀਆਂ ਛੁੱਟੀਆਂ ਹਨ। ਤੂੰ ਕਦੇ ਦੇਖੀਆਂ

ਨਹੀਂ ?”

“ਨਹੀਂ।” ਮੈਂ ਨਾਂਹ ਵਿਚ ਸਿਰ ਹਿਲਾਇਆ।

“ਮੈਂ ਤਾਂ ਹਮੇਸ਼ਾ ਉੱਥੇ ਹੀ ਘੁੰਮਦਾ ਹਾਂ। ਮੇਰਾ ਦੂਜਾ ਘਰ ਸਮਝ ਲੈ। ਚਲ, ਤੈਨੂੰ ਵਿਖਾਉਂਦਾ ਹਾਂ।”

“ਮੈਂ ਬਰਫ਼ ਦੇ ਆਵਾਂ ?”

“ਠੀਕ ਹੈ..., ਮੈਂ ਇੱਥੇ ਹੀ ਰੁੱਕਦਾ ਹਾਂ।”

ਬਰਫ਼ ਦੇ ਕੇ, ਮੈਂ ਮੁੜ ਆਇਆ ਤਾਂ ਕਾਮਿਲ ਨੇ ਸੜਕ ਪਾਰ ਪੁਰਾਣੀ ਇਮਾਰਤ ਵਿਖਾਉਂਦੇ ਹੋਏ ਕਿਹਾ ਸੀ,” ਇਹੀ ਹੈ ਧਰਮਸਥਲ ਯਾਨਿ ਕਚਹਿਰੀ।”

ਮੈਂ ਤੋਪ ਨੂੰ ਛੂੰਹਿਆ। ਲੋਹਾ ਬਹੁਤ ਗਰਮ ਸੀ। ਮੈਂ ਹੱਥ ਹਟਾ ਲਿਆ।

“ਇਸ ਲਈ ਤੋਪ ਦੀ ਨਲੀ ਖਾਲੀ ਹੈ। ਬਾਂਦਰ ਨਹੀਂ ਹਨ। ਜਿਉਂ ਹੀ ਸ਼ਾਮ ਹੋਏਗੀ, ਉਹ ਸਾਰੇ ਇੱਥੇ ਨੱਚਣ ਲੱਗਦੇ ਹਨ। ਫਿਰ ਤੂੰ ਨਲੀ ਵਿਚ ਉੱਤਰ ਨਹੀਂ ਸਕੇਂਗਾ।”

“ਫਿਰ ?” ਮੈਂ ਪੁੱਛਿਆ।

“ਚੱਲ,...ਮੈਂ ਭਜਾ ਦੇਵਾਂਗਾ ਉਨ੍ਹਾਂ ਨੂੰ।” ਕਾਮਿਲ ਨੇ ਮੇਰਾ ਹੱਥ ਫੜ ਲਿਆ, “ਪਹਿਲਾਂ ਕਿੱਥੋਂ ਵੇਖੇਗਾ ? ਅੰਦਰੋਂ ਜਾਂ ਬਾਹਰੋਂ ?”

ਕਾਮਿਲ ਇੰਝ ਬੋਲ ਰਿਹਾ ਸੀ ਜਿਵੇਂ ਕਚਹਿਰੀ ਉਸ ਦਾ ਸਾਮਰਾਜ ਹੋਵੇ ਤੇ ਕੋਈ ਆਪਣੇ ਸਾਮਰਾਜ ਤੇ ਉਸ ਉੱਤੇ ਆਪਣੀ ਸੱਤਾ ਨੂੰ ਵਿਖਾ ਰਿਹਾ ਹੋਵੇ। ਮੇਰੀ ਦੁਚਿੱਤੀ ਵੇਖ ਕੇ ਕਾਮਿਲ ਨੇ ਆਪ ਹੀ ਤੈਅ ਕੀਤਾ,

“ਪਹਿਲਾਂ ਬਾਹਰੋਂ ਇਸ ਦਾ ਇਕ ਗੇੜਾ ਲਗਾ ਲੈਂਦੇ ਹਾਂ, ਫਿਰ ਅੰਦਰੋਂ ਆਰਾਮ ਨਾਲ ਘੁੰਮਾਂਗੇ। ਉੱਥੇ ਜਾਮਨ ਵੀ ਤੋੜਾਂਗੇ।”

ਕਚਹਿਰੀ ਬਹੁਤ ਵਿਸ਼ਾਲ ਸੀ। ਚਾਰੋਂ ਪਾਸੇ ਪੁਰਾਣੀ, ਪੀਲੇ ਰੰਗ ਦੀ ਛੋਟੀ ਚਾਰਦਵਾਰੀ ਨਾਲ ਘਿਰੀ ਹੋਈ ਸੀ। ਦੀਵਾਰ ਉੱਤੇ ਹੱਥ ਰੱਖ ਕੇ ਕੋਈ ਵੀ ਛਾਲ ਮਾਰ ਕੇ ਅੰਦਰ ਆ ਸਕਦਾ ਸੀ। ਦੀਵਾਰ ਦੇ ਚਾਰੋਂ ਪਾਸੇ ਸੜਕਾਂ ਸਨ। ਕਚਹਿਰੀ ਦੇ ਚਾਰ ਵੱਡੇ ਗੇਟ ਸਨ। ਇਕ ਉਸ ਸੜਕ ਵੱਲ ਸੀ, ਜੋ ਗੰਗਾ ਵੱਲ ਜਾਂਦੀ ਸੀ। ਦੂਸਰੇ ਗੇਟ ਦੇ ਸਾਹਮਣੇ ਜੇਲ੍ਹ ਤੇ ਪੁਲਿਸ ਲਾਈਨ ਸੀ। ਤੀਸਰੇ ਪਾਸੇ ਕਬਰਸਤਾਨ ਸੀ। ਚੌਥੇ ਪਾਸੇ ਉਹ ਇਮਾਰਤ ਸੀ, ਜਿਸ ਵਿਚ ਕਾਮਿਲ ਰਹਿੰਦਾ ਸੀ, ਅਸੀਂ ਇਸ ਵੇਲੇ ਗੰਗਾ ਵੱਲ ਜਾਣ ਵਾਲੀ ਸੜਕ ’ਤੇ ਸੀ।

ਗਰਮ ਦੁਪਹਿਰ ਵਿਚ ਕੁਝ ਭਿਖਾਰੀ ਦਰਖ਼ਤਾਂ ਹੇਠ ਸੁੰਗੜੇ ਬੈਠੇ ਸਨ। ਉਨ੍ਹਾਂ ਦੇ ਕੋਲ ਹੀ ਕੁਝ ਕੁੱਤੇ ਜੀਭਾਂ ਕੱਢ ਰਹੇ ਸਨ। ਪਥਰ ਦੇ ਬਣੇ ਰੈਣ-ਬਸੇਰੇ ਵਿਚ ਕੁਝ ਜੋਗੀ, ਕੁਝ ਕੀਤਰਨੀਏ, ਇੱਟਾਂ ਦਾ ਚੁੱਲ੍ਹਾ ਬਣਾ ਉਸ ਉੱਤੇ ਰੋਟੀ ਬਣਾ ਰਹੇ ਸਨ। ਇਕ ਮੱਕੂ ਵਾਲਾ ਬਰਫ਼ ਅਤੇ ਬੋਤਲਾਂ ਵਿਚ ਰੰਗੀਨ ਸ਼ਰਬਤ ਲਈ ਬੈਠਾ ਉਂਘਲਾ ਰਿਹਾ ਸੀ।

“ਸਵੇਰੇ ਇਸ ਸੜਕ ਉੱਤੇ ਭੀੜ ਹੁੰਦੀ ਹੈ। ਗੰਗਾ ਨਹਾਉਣ ਵਾਲੇ ਆਉਂਦੇ ਹਨ। ਪਰ ਜਿਸ ਦਿਨ ਕੋਈ ਮੇਲਾ ਹੁੰਦਾ ਹੈ, ਉਸ ਦਿਨ ਇਸ ਸੜਕ ਉੱਤੇ ਪੈਰ ਈ ਨਹੀਂ ਰੱਖ ਸਕਦੇ। ਘੋੜਿਆਂ ਉੱਤੇ ਪੁਲਿਸ ਵਾਲੇ ਥੋੜ੍ਹੀ-ਥੋੜ੍ਹੀ ਦੇਰ ਬਾਅਦ ਘਾਟ ਵਾਲੇ ਪਾਸਿਓਂ ਭੀੜ ਨੂੰ ਭਜਾਉਂਦੇ ਰਹਿੰਦੇ ਹਨ। ਹਟੋ...ਪਰੇ ਹਟੋ...ਟਪ... ਟਪ। ਕੀ ਵਰਦੀ ਹੁੰਦੀ ਹੈ...ਕੀ ਘੋੜੇ। ਚਿਕਨੇ, ਚਮਕਦਾਰ ਖੱਲ ਵਾਲੇ। ਤੂੰ ਗੰਗਾ ਮੇਲਾ ਦੇਖਿਆ ਹੈ ਕਦੇ ?” ਕਾਮਿਲ ਨੇ ਜੇਬ੍ਹ ਵਿਚੋਂ ਕੁਝ ਭੁੱਜੇ ਹੋਏ ਛੋਲੇ ਕੱਢੇ। ਥੋੜ੍ਹੇ ਮੈਨੂੰ ਦਿੱਤੇ।



“ਨਹੀਂ।”

“ਇਸ ਵਾਰ ਦੇ ਮੇਲੇ ਤੇ ਤੈਨੂੰ ਨਾਲ ਲੈ ਕੇ ਜਾਵਾਂਗਾ। ਸੱਜੇ ਹੋਏ ਮੰਦਰ ਵੀ ਵਿਖਾਵਾਂਗਾ।”

ਸੜਕ ਗੰਗਾ ਵੱਲ ਜਾ ਰਹੀ ਸੀ। ਉਸ ਦੇ ਇਕ ਪਾਸੇ ਕਚਿਹਿਰੀ ਦੀ ਦੀਵਾਰ ਸੀ। ਦੂਸਰੇ ਪਾਸੇ ਸਕੂਲ ਅਤੇ ਘਰ ਬਣੇ ਹੋਏ ਸਨ। ਦੀਵਾਰ ਦੇ ਅੰਦਰ ਇਮਾਰਤਾਂ ਵੱਖ-ਵੱਖ ਹਿੱਸਿਆਂ ਵਿਚ ਬਣੀਆਂ ਹੋਈਆਂ ਸਨ। ਪਰ ਸਾਰਿਆਂ ਦੀਆਂ ਛੱਤਾਂ ਲੱਗਭਗ ਇਕੋ ਜਿਹੀਆਂ ਸਨ—ਢਲਵੀਆਂ, ਖਪਰੈਲਾਂ ਨਾਲ ਢੱਕੀਆਂ।

ਅੱਗੇ ਚੌਰਾਹੇ ਤੋਂ ਉਹ ਸੜਕ ਗੰਗਾ ਵੱਲ ਚਲੀ ਜਾਂਦੀ ਸੀ। ਦੂਸਰੀ, ਕਚਹਿਰੀ ਦੇ ਸਾਹਮਣੇ ਆ ਗਈ ਸੀ। ਇਸ ਸੜਕ ਉੱਤੇ ਘੁੰਮਦੇ ਹੀ ਸਾਹਮਣੇ ਵੱਡੀ ਤੇ ਉੱਚੀ ਜੇਲ੍ਹ ਦਿਖਾਈ ਦਿੱਤੀ। ਉਹ ਕਚਹਿਰੀ ਦੇ ਦੂਸਰੇ ਦਰਵਾਜ਼ੇ ਦੇ ਸਾਹਮਣੇ ਸੀ। ਉਸ ਦੀ ਚਾਰਦਵਾਰੀ ਸਮਤਲ ਪੱਥਰਾਂ ਵਾਲੀ ਤੇ ਬਹੁਤ ਉੱਚੀ ਸੀ। ਸੜਕ ਤੋਂ ਉਸ ਦੀ ਦੀਵਾਰ ਦੇ ਪਾਰ ਦੂਜੀ ਮੰਜ਼ਿਲ ਦਿਸ ਰਹੀ ਸੀ। ਉਸ ਵਿਚ ਇਕ ਬਰਾਮਦੇ ਵਿਚ ਲੋਹੇ ਦੀਆਂ ਸੀਖਾਂ ਲੱਗੀਆਂ ਹੋਈਆਂ ਸਨ। ਬਰਾਮਦੇ ਵਿਚ ਕੁਝ ਆਦਮੀ ਸੀਖਾਂ ਨਾਲ ਚਿਪਕ ਕੇ ਖੜ੍ਹੇ ਸਨ।

“ਤੂੰ ਜੇਲ੍ਹ ਦੇਖੀ ਹੈ ਕਦੀ ?” ਕਾਮਿਲ ਨੇ ਪੁੱਛਿਆ।

“ਨਹੀਂ।”

“ਠੀਕ ਹੈ..., ਮੈਂ ਕਦੇ ਘੁੰਮਣ ਗਿਆ ਤਾਂ ਤੈਨੂੰ ਨਾਲ ਲੈ ਚਲਾਂਗਾ। ਪਹਿਲਾਂ ਇਕ ਵਾਰ ਗਿਆ ਸੀ। ਕਿੰਨੇ ਖ਼ੂੰਖਾਰ ਕੈਦੀ ਸਨ। ਵੱਡੇ-ਵੱਡੇ ਲੋਹੇ ਦੇ ਜੰਗਲਾਂ ਦੇ ਦਰਵਾਜ਼ੇ ਵਾਲੇ ਕਮਰੇ...ਹੰਟਰ ਚੁੱਕ ਕੇ ਖੜ੍ਹੀ ਪੁਲਿਸ...ਚਲ-ਚਲ ਫਟਕਾਰਦੀ ਹੋਈ। ਸਾਰਿਆਂ ਨੂੰ ਜੇਲ੍ਹ ਤੋਂ ਪਹਿਲਾਂ ਇਸ ਧਰਮਸਥਲ ਵਿਚ ਆਉਣਾ ਪੈਂਦਾ ਹੈ। ਇੱਥੇ ਇਨਸਾਫ਼ ਹੁੰਦਾ ਹੈ। ਦੰਡ ਦਿੱਤਾ ਜਾਂਦਾ ਹੈ। ਕੋਈ ਬਚਾ ਨਹੀਂ ਸਕਦਾ। ਮੈਂ ਬਹੁਤ ਵਾਰ ਦੇਖਿਆ ਹੈ। ਹੱਥਕੜੀਆਂ, ਬੇੜੀਆਂ ਵਿਚ ਜਕੜੇ ਕਤਲ ਕਰਨ ਵਾਲਿਆਂ ਨੂੰ। ਇਕ ਵੱਡੀ ਮੁੱਛ ਵਾਲਾ ਤਾਂ ਹੱਸਦੇ ਹੋਏ ਪੁਲਿਸ ਵਾਲਿਆਂ ਦੇ ਨਾਲ ਆਉਂਦਾ ਸੀ। ਜਦੋਂ ਉਹ ਆਉਂਦਾ ਤਾਂ ਉਸ ਨੂੰ ਦੇਖਣ ਲਈ ਭੀੜ ਲੱਗ ਜਾਂਦੀ।

ਇਕ ਵਾਰ ਮੈਨੂੰ ਘੂਰਨ ਲੱਗ ਪਿਆ, ਫਿਰ ਜ਼ੋਰ ਨਾਲ ਬੋਲਿਆ, “ਹੱਸ। ਮੈਂ ਤਾਂ ਡਰ ਕੇ ਭੱਜ ਗਿਆ। ਤੂੰ ਕਿਸੇ ਕਤਲ ਕਰਨ ਵਾਲੇ ਨੂੰ ਦੇਖਿਆ ਹੈ ਕਦੇ ?”

“ਨਹੀਂ।”

“ਹੁਣ ਕੋਈ ਆਇਆ ਨਾ ਧਰਮਸਥਲ ਵਿਚ, ਤਾਂ ਤੈਨੂੰ ਵਿਖਾਵਾਂਗਾ।” ਮੈਂ ਸਹਿਮਤੀ ਵਿਚ ਸਿਰ ਹਿਲਾ ਦਿੱਤਾ। ਮੈਂ ਸਾਹਮਣੀ ਜੇਲ੍ਹ ਦੀ ਉੱਚੀ ਖੁਰਦਰੀ ਦੀਵਾਰ ਵੇਖ ਰਿਹਾ ਸੀ। ਉਹ ਸਪਾਟ ਪੱਥਰਾਂ ਵਿਚ ਡਰਾਵਣੀ ਲੱਗ ਰਹੀ ਸੀ।

ਧੁੱਪ ਵਿਚ ਸੜਕ ਤਪ ਰਹੀ ਸੀ। ਪੈਰ ਸੜ ਰਹੇ ਸਨ। ਪਸੀਨੇ ਨਾਲ ਪਿੰਡਾ ਭਿੱਜ ਗਿਆ ਸੀ। ਕਾਮਿਲ ਨੇ ਮੇਰੀ ਹਾਲਤ ਦੇਖੀ।

“ਬਸ ਅੱਗੇ ਘੁੰਮਣ ਤੇ ਕਬਰਸਤਾਨ ਆ ਜਾਏਗਾ। ਉੱਥੇ ਦਰਖ਼ਤ ਹਨ। ਉੱਥੇ ਰੁਕਾਂਗੇ।”

ਕਾਮਿਲ ਤੇਜ਼ ਚੱਲਣ ਲੱਗਾ, “ਅੱਜ ਗਰਮੀ ਜ਼ਿਆਦਾ ਹੈ। ਹੁਣੇ ਪਾਣੀ ਛਿੜਕਣ ਵਾਲੀ ਗੱਡੀ ਆਏਗੀ ਤਾਂ ਸੜਕਾਂ ਠੰਡੀਆਂ ਹੋ ਜਾਣਗੀਆਂ।”

ਮੋੜ ਘੁੰਮਦੇ ਹੀ ਤੀਜੇ ਦਰਵਾਜ਼ੇ ਸਾਹਮਣੇ ਕਬਰਸਤਾਨ ਦਿੱਸਣ ਲੱਗ ਪਿਆ।

“ਕਦੇ ਕਬਰਾਂ ਵੇਖੀਆਂ ਨੀ।” ਕਾਮਿਲ ਨੇ ਪੁੱਛਿਆ।

“ਨਹੀਂ।”

"ਚਲ...ਅੰਦਰ ਬਹਿੰਦੇ ਹਾਂ। ਉੱਥੇ ਛਾਂ ਵੀ ਹੋਵੇਗੀ। ਦਰਵਾਜ਼ੇ ਦੇ ਬਾਹਰ ਇਕ ਪਿਆਊ ਹੈ। ਉੱਥੇ ਪਾਣੀ ਵੀ ਪੀ ਲਵਾਂਗੇ। ਤੂੰ ਕਬਰਾਂ ਵੇਖ ਲਵੀਂ। ਛੂੰਹ ਵੀ ਸਕਦਾ ਏਂ। ਕੁਝ ਨਹੀਂ ਹੋਏਗਾ। ਮੈਂ ਤਾਂ ਅਕਸਰ ਆਉਂਦਾ ਹਾਂ। ਮੈਂ ਸਾਰੀਆਂ ਦੇਖੀਆਂ ਹਨ। ਮੈਨੂੰ ਤਾਂ ਇਹ ਵੀ ਯਾਦ ਹੈ ਕਿ ਕਿਸ ਦੀ ਕਬਰ ਕਿੱਥੇ ਹੈ। ਹੁਣ ਇੱਥੇ ਕੋਈ ਨਹੀਂ ਆਉਂਦਾ। ਇਹ ਅੰਗਰੇਜ਼ਾਂ ਦੀਆਂ ਹਨ। ਉਨ੍ਹਾਂ ਦੇ ਰਿਸ਼ਤੇਦਾਰ ਸਾਰੇ ਚਲੇ ਗਏ ਹਨ। ਬਸ ਬੁੱਢਾ-ਬੁੱਢੀ ਜ਼ਰੂਰ ਕਦੇ ਕਬਰਾਂ ਉੱਤੇ ਆਉਂਦੇ ਹਨ।"

ਇਕ ਟੁੱਟੇ ਅਤੇ ਦੀਵਾਰ ਦੀ ਗੁੱਠ ਨਾਲ ਉਖਾੜ ਕੇ ਲਟਕੇ ਹੋਏ ਲੋਹੇ ਦੇ ਪੱਲੇ ਵਾਲੇ ਦਰਵਾਜ਼ੇ ਦੇ ਸਾਹਮਣੇ ਕਾਮਿਲ ਰੁੱਕ ਗਿਆ। ਕਬਰਸਤਾਨ ਦੀ ਚਾਰਦੀਵਾਰੀ ਟੁੱਟੀ ਹੋਈ ਸੀ। ਅੰਦਰ ਬਾਂਦਰੀਆਂ ਸਨ। ਰੱਸੀ ਉੱਤੇ ਕੱਪੜੇ ਸੁੱਕ ਰਹੇ ਸਨ। ਦਰਖ਼ਤਾਂ ਦੇ ਟੁੱਟੇ, ਸੁੱਕੇ ਪੱਤੇ ਪਏ ਸਨ। ਵੱਖ-ਵੱਖ ਤਰੀਕਿਆਂ ਨਾਲ ਕਬਰਾਂ ਉੱਤੇ ਪੱਥਰਾਂ ਦੇ ਢਾਂਚੇ ਬਣੇ ਹੋਏ ਸਨ। ਕੁਝ ਟੁੱਟ ਗਏ ਸਨ। ਕੁਝ ਬਚੇ ਹੋਏ ਸਨ।

ਧਰਮਸਥਲ ਦਾ ਤੀਜਾ ਦਰਵਾਜ਼ਾ ਕਬਰਸਤਾਨ ਦੇ ਸਾਹਮਣੇ ਸੀ। ਉਸ ਦੇ ਦਰਵਾਜ਼ੇ ਕੋਲ ਹੀ ਇਕ ਪਿਆਊ ਬਣਿਆ ਹੋਇਆ ਸੀ। ਕਾਨਿਆਂ ਦੀ ਬਣੀ ਝੌਂਪੜੀ ਅੰਦਰ ਪਏ ਘੜਿਆਂ ਵਿਚ ਪਾਣੀ ਭਰਿਆ ਹੋਇਆ ਸੀ। ਟੀਨ ਦੀ ਪਤਲੀ ਚਾਦਰ ਮੋੜ ਕੇ ਨਾਲੀ ਬਣਾ ਲਈ ਗਈ ਸੀ। ਜਦੋਂ ਕੋਈ ਪਾਣੀ ਪੀਣ ਆਉਂਦਾ ਤਾਂ ਅੰਦਰ ਬੈਠਾ ਆਦਮੀ ਗੱਡਵੇ ਨਾਲ ਨਾਲੀ ਵਿਚ ਪਾਣੀ ਪਾਉਂਦਾ। ਉੱਧਰੋਂ ਆਦਮੀ ਹੱਥ ਦੀ ਬੁੱਕ ਬਣਾ ਕੇ ਪਾਣੀ ਪੀ ਲੈਂਦਾ।

ਕਚਹਿਰੀ ਬੰਦ ਸੀ। ਪਿਆਊ ਉੱਤੇ ਭੀੜ ਨਹੀਂ ਸੀ।

"ਪਹਿਲੇ ਤੂੰ ਪੀ ਲੈ।" ਕਾਮਿਲ ਨੇ ਮੈਨੂੰ ਅੱਗੇ ਕਰ ਦਿੱਤਾ।

ਮੈਂ ਨਾਲੀ ਅੱਗੇ ਆਪਣੀਆਂ ਤਲੀਆਂ ਕਰ ਦਿੱਤੀਆਂ। ਮੇਰੀਆਂ ਤਲੀਆਂ ਉੱਤੇ ਠੰਡਾ ਪਾਣੀ ਪਿਆ। ਮੈਂ ਢੇਰ ਸਾਰਾ ਪਾਣੀ ਪੀਤਾ। ਮੂੰਹ ਉੱਤੇ ਪਾਣੀ ਦੇ ਛਿੱਟੇ ਮਾਰੇ। ਚੱਪਲਾਂ ਲਾਹ ਕੇ ਤਲੇ ਵੀ ਗਿਲ੍ਹੇ ਕਰ ਲਏ। ਕਾਮਿਲ ਨੇ ਵੀ ਪਾਣੀ ਪੀਤਾ।

"ਅੰਦਰ ਬੈਠਦੇ ਹਾਂ। ਇਕ ਕਬਰ ਦੇ ਉੱਪਰ ਬੜਾ ਘਣਾ ਦਰਖ਼ਤ ਹੈ। ਉੱਥੇ ਬੜੀ ਛਾਂ ਰਹਿੰਦੀ ਹੈ। ਤੋਤੇ ਵੀ ਰਾਤ ਵੇਲੇ ਉੱਥੇ ਹੀ ਸੌਂਦੇ ਹਨ।"

"ਨਹੀਂ।" ਮੈਂ ਕਾਮਿਲ ਦਾ ਹੱਥ ਫੜ ਲਿਆ। ਕਾਮਿਲ ਨੇ ਮੈਨੂੰ ਦੁਬਿਧਾ ਵਿਚ ਵੇਖਿਆ ਤਾਂ ਹੌਲੀ ਜਿਹੀ ਬੋਲਿਆ, "ਦਿਨ ਵੇਲੇ ਭੂਤ ਨਹੀਂ ਹੁੰਦੇ।"

"ਨਹੀਂ।"

"ਚਲ, ਠੀਕ ਹੈ।"

ਅਸੀਂ ਸੜਕ 'ਤੇ ਆ ਗਏ। ਕਚਹਿਰੀ ਦੀ ਦੀਵਾਰ ਦੇ ਨਾਲ ਅਸੀਂ ਕੁਝ ਦੇਰ ਤੱਕ ਇਕ ਛੋਟੀ ਚੜ੍ਹਾਈ ਚੜ੍ਹੇ। ਕਚਹਿਰੀ ਦੀਆਂ ਅੰਦਰਲੀਆਂ ਇਮਾਰਤਾਂ ਕੁਝ ਵੱਖਰੀਆਂ ਨਜ਼ਰ ਆਈਆਂ। ਇਹ ਨਵੀਆਂ ਬਣੀਆਂ ਇਮਾਰਤਾਂ ਸਨ। ਵਕੀਲਾਂ ਦੇ ਕੁਝ ਕਮਰੇ ਪੱਕੇ ਸਨ। ਫਿਰ ਇਕ 'ਪਾਰਕ' ਆਇਆ। ਫਿਰ ਘੁੰਮਦੇ-ਘੁੰਮਦੇ ਵੱਡੇ ਨਾਲੇ ਦੇ ਨਾਲ ਚਲਦੇ ਹੋਏ ਅਸੀਂ ਵਾਪਿਸ ਤੋਪ ਕੋਲ ਆ ਗਏ।

ਮੈਂ ਪਸੀਨੇ ਨਾਲ ਭਿੱਜ ਚੁੱਕਾ ਸੀ। ਪਿੰਡਾ ਭੱਖਣ ਲੱਗਾ ਸੀ। ਤੋਪ ਦੀ ਨਲੀ ਹੇਠ ਛਾਂ ਸੀ।

"ਆ ਜਾ।" ਕਾਮਿਲ ਮੇਰਾ ਹੱਥ ਫੜ ਕੇ ਨਲੀ ਹੇਠ ਲੈ ਗਿਆ।

"ਇਸ ਛਾਂ ਦਾ ਮਤਲਬ ਹੈ ਕਿ ਚੌਕੀਦਾਰ ਅਜੇ ਰਾਊਂਡ ਉੱਤੇ ਹੋਏਗਾ। ਜਾਮੁਨ ਨਹੀਂ ਤੋੜ ਸਕਾਂਗੇ।"

ਘਾਹ ਉੱਤੇ ਪੈਂਦੀ ਛਾਂ ਉੱਤੇ ਉਹ ਲੰਮਾ ਪੈ ਗਿਆ। ਦੂਜੇ ਪਾਸੇ ਦੀ ਜ਼ਮੀਨ ਨੂੰ ਥਪਥਪਾਉਂਦੇ ਹੋਏ



ਹੱਸਿਆ।

"ਨੈਪੋਲਿਅਨ ਇੰਝ ਹੀ ਤੋਪ ਦੀ ਨਲੀ ਹੇਠ ਸੌਂ ਜਾਂਦਾ ਸੀ।

ਨਲੀ ਹੇਠ ਬੈਠਣ ਤੱਕ ਮੈਂ ਕਾਮਿਲ ਤੋਂ ਪੂਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਚੁੱਕਾ ਸੀ। ਉਸ ਨੇ ਮੇਲਾ, ਜੇਲ੍ਹ, ਕਤਲ ਕਰਨ ਵਾਲੇ ਕੈਦੀ ਅਤੇ ਕਬਰਾਂ ਵੇਖੀਆਂ ਹੋਈਆਂ ਸਨ। ਉਹ ਤਾਂ ਨੈਪੋਲਿਅਨ ਦੇ ਬਾਰੇ ਵੀ ਜਾਣਦਾ ਹੈ।

ਨਲੀ ਹੇਠੋਂ ਜਦੋਂ ਛਾਂ ਪਰ੍ਹੇ ਚਲੀ ਗਈ ਤਾਂ ਕਾਮਿਲ ਉੱਠ ਗਿਆ।

"ਚਲ..., ਚੌਕੀਦਾਰ ਚਲਾ ਗਿਆ ਹੋਵੇਗਾ।"

ਵੱਡਾ ਦਰਵਾਜ਼ਾ ਬੰਦ ਸੀ। ਨਾਲ ਦਾ ਛੋਟਾ ਦਰਵਾਜ਼ਾ ਖੁੱਲ੍ਹਾ ਸੀ। ਅਸੀਂ ਉਸੇ ਤੋਂ ਅੰਦਰ ਲੰਘ ਗਏ।

"ਪੂਰੀ ਕਚਹਿਰੀ ਗੋਲ ਦਾਇਰੇ ਵਿਚ ਬਣੀ ਹੋਈ ਹੈ, ਜਿਵੇਂ ਸਾਡੀ ਧਰਤੀ। ਜੇ ਇਕ ਦਿਨ ਵਿਚ ਸਾਰਾ ਚੱਕਰ ਮਾਰੋਗੇ ਤਾਂ ਸਮਝੋ ਪੈਰ ਟੁੱਟਣ ਲੱਗ ਜਾਣਗੇ। ਤੈਨੂੰ ਇਕ ਪਾਸਿਓਂ ਵਿਖਾਉਂਦਾ ਹਾਂ।"

ਦੁਪਹਿਰ ਹੁਣ ਸ਼ਾਮ ਵਿਚ ਬਦਲਣ ਲੱਗ ਪਈ ਸੀ। ਦੂਰ ਤੱਕ ਘਣੇ ਦਰੱਖ਼ਤ ਸਨ। ਜਾਮੁਣ, ਇਮਲੀ, ਮੋਸੱਮੀ, ਕਟਹਿਲ। ਉਨ੍ਹਾਂ ਹੇਠ ਕੱਚੀ-ਪੱਕੀ ਸੜਕ ਸੀ। ਕਿੱਧਰੇ-ਕਿੱਧਰੇ ਲੱਕੜ ਦੇ ਛੋਟੇ ਤਖ਼ਤ ਪਏ ਸਨ, ਜਿਨ੍ਹਾਂ ਉੱਤੇ ਲੋਹੇ ਦੇ ਜੰਜ਼ੀਰ ਨਾਲ ਇਸ ਦੇ ਬਕਸੇ ਬੱਝੇ ਹੋਏ ਸਨ। ਪੂਰੀ ਕਚਹਿਰੀ ਵਿਚ ਇਸ ਵੇਲੇ ਇਕ ਵੀ ਬੰਦਾ ਨਹੀਂ ਸੀ। ਅੱਗੇ ਜਾਂਦੀਆਂ ਹੋਈਆਂ ਸੜਕਾਂ ਇੱਧਰ-ਉੱਧਰ ਜਾ ਕੇ ਗੁੰਮ ਹੋ ਗਈਆਂ ਸਨ। ਚਾਰੋਂ ਪਾਸੇ ਸੁੱਕੇ ਪੱਤੇ ਖਿੰਡਰੇ ਪਏ ਸਨ। ਪੀਲੇ-ਭੁਰਭੁਰੇ। ਮਸਜਿਦ ਦੇ ਬਾਹਰੀ ਬਰਾਮਦੇ ਵਿਚ ਮੂੰਹ ਉੱਤੇ ਗਿਲਾ ਪਰਨਾ ਪਾਏ ਮੌਲਵੀ ਸੌਂ ਰਿਹਾ ਸੀ। ਖੂਹ ਦੀ ਜਗਤ ਉੱਤੇ, ਪੌੜੀ ਕੋਲ ਡੁਲ੍ਹੇ ਹੋਏ ਪਾਣੀ ਵਿਚ ਚੀਖਦੀਆਂ ਹੋਈਆਂ ਕੁਝ ਚਿੜੀਆਂ ਚੁੰਝ ਡੁਬੋ ਰਹੀਆਂ ਸਨ। ਇਕ ਦਮ ਸੁੰਨਸਾਨ ਸੀ। ਇਮਾਰਤਾਂ ਦੀ ਧੁੱਪ-ਛਾਂ ਅਤੇ ਪੱਕੇ ਹੋਏ ਫਲਾਂ ਦੀ ਗੰਧ ਵਿਚਕਾਰ ਕਿੱਧਰੇ-ਕਿੱਧਰੇ ਆਸਮਾਨ ਦਾ ਨੀਲਾਪਨ ਵੀ ਸੀ।

ਕਾਮਿਲ ਮੈਨੂੰ ਘੁਮਾਉਂਦਾ ਰਿਹਾ। ਬੰਬ, ਪੁਲਿਸ...ਇੱਥੇ ਸਾਰੇ ਟੱਟੀ ਫਿਰਦੇ ਹਨ। ਸਵੇਰ ਵੇਲੇ ਲਾਈਨ ਲੱਗੀ ਹੁੰਦੀ ਹੈ। ਨੇੜੇ-ਤੇੜੇ ਦੇ ਭਿਖਾਰੀ, ਹੋਟਲਾਂ ਦੇ ਮੁੰਡੇ, ਰੇਹੜਿਆਂ ਵਾਲੇ, ਕੈਦੀਆਂ ਨੂੰ ਸਵੇਰੇ ਜਲਦੀ ਮਿਲਣ ਆਉਣ ਵਾਲੇ ਲੋਕ...ਸਾਰੇ ਹੀ ਇੱਥੇ ਆਉਂਦੇ ਹਨ। ਸਿਰਫ਼ 10 ਪੈਸੇ ਵਿਚ। ਇਹ ਤਿੰਨ ਕਮਰੇ ਕੈਦੀਆਂ ਲਈ ਹਨ। ਜਦੋਂ ਉਨ੍ਹਾਂ ਨੂੰ ਹੱਥਕੜੀ ਵਿਚ ਬੰਨ੍ਹ ਕੇ ਪੇਸ਼ੀ ਲਈ ਲਿਆਉਂਦੇ ਹਨ ਤਾਂ ਸਾਰਿਆਂ ਨੂੰ ਪਹਿਲਾਂ ਇੱਥੇ ਜਮ੍ਹਾਂ ਕਰਦੇ ਹਨ। ਇੱਥੇ ਘਰਵਾਲੇ ਛੁਪ ਕੇ ਮਿਲ ਜਾਂਦੇ ਲੈਂਦੇ ਹਨ। ਦੇਖ ਲੈਂਦੇ ਹਨ। ਉਨ੍ਹਾਂ ਨੂੰ ਖਾਣ ਦਾ ਸਾਮਾਨ, ਕੱਪੜੇ ਆਦਿ ਦੇਂਦੇ ਹਨ। ਅੱਗੇ ਖਜ਼ਾਨਾ। ਸਰਕਾਰ ਦਾ ਸਾਰਾ ਪੈਸਾ ਪਹਿਲਾਂ ਇੱਥੇ ਆਉਂਦਾ ਹੈ, ਫਿਰ ਇੱਥੋਂ ਸਾਰੇ ਪਾਸੇ ਵੰਡਣ ਹੁੰਦਾ ਹੈ। ਫਿਰ ਸਟੱਾਕ ਵੇਚਣ ਦਾ ਦਫ਼ਤਰ, ਫਿਰ ਲਾਇਸੈਂਸ ਦਫ਼ਤਰ, ਫਿਰ ਇਲੈਕਸ਼ਨ ਆਫ਼ਿਸ, ਫਿਰ ਪੁਰਾਣਾ ਸ਼ਾਨਦਾਰ ਬਾਰ ਐਸੋਸੀਏਸ਼ਨ, ਫਿਰ ਡੀ ਐੱਮ ਦਾ ਦਫ਼ਤਰ, ਫਿਰ ਮਸਜਿਦ। ਫਿਰ ਹਨੂਮਾਨ ਮੰਦਰ, ਨੀਲਾਮ ਘਰ। ਲਾਇਰਸ ਐਸੋਸੀਏਸ਼ਨ ਦੇ ਕਮਰੇ। ਫਿਰ ਜ਼ਮੀਨਾਂ ਦੀ ਰਜਿਸਟਰੀ ਦਾ ਦਫ਼ਤਰ...ਤਹਿਸੀਲ...ਫਿਰ ਫਜ਼ੂਲ ਰਿਕਾਰਡ ਆਫ਼ਿਸ, ਆਬਕਾਰੀ, ਮਨੋਰੰਜਨ ਵਿਭਾਗ, ਸੀਲਿੰਗ, ਅਸਲਾ ਵਿਭਾਗ...ਇੰਗਲਿਸ਼ ਦਫ਼ਤਰ, ਨਜ਼ਾਰਤ..ਸੰਗ੍ਰਹਿ, ਆਫ਼ਿਸ...। ਇਨ੍ਹਾਂ ਸਾਰਿਆਂ ਦੇ ਵਿਚਕਾਰ ਅਦਾਲਤਾਂ, ਜੱਜਾਂ ਦੇ ਚੈਂਬਰ, ਵਕੀਲਾਂ ਦੇ ਕੱਚੇ-ਪੱਕੇ ਬਸਤੇ। ਮੇਜ਼-ਕੁਰਸੀ 'ਤੇ ਬੈਠਣ ਵਾਲੇ ਟਾਈਪਿਸਟ, ਮੁਨਸ਼ੀ, ਸਾਈਕਲ ਸਟੈਂਡ, ਗਾਰਦਘਰ, ਪਾਣੀ ਦੇ ਤਿੰਨ ਖੂਹ...।

ਮੈਂ ਥੱਕ ਗਿਆ ਸੀ। ਹੈਂਡ ਪੰਪ ਤੋਂ ਪਾਣੀ ਪੀ ਅਸੀਂ ਇਕ ਤਖ਼ਤ ਉੱਤੇ ਬੈਠ ਗਏ। ਪੈਰ ਹਿਲਾਉਂਦੇ

ਹੋਏ ਕਾਮਿਲ ਬੋਲਣ ਲੱਗਾ...

"ਰਾਜਾ ਦਾ ਸਭ ਤੋਂ ਵੱਡਾ ਧਰਮ ਹੈ ਇਨਸਾਫ਼ ਕਰਨਾ...ਇਸ ਲਈ ਇਸ ਨੂੰ ਧਰਮਸਥਲ ਕਿਹਾ ਜਾਂਦਾ ਹੈ। ਇੱਥੇ ਦੰਡ ਦੇਣ ਵਾਲੇ, ਇਨਸਾਫ਼ ਕਰਨ ਵਾਲੇ ਧਰਮਾਧਿਕਾਰੀ ਹੁੰਦੇ ਹਨ। ਮੈਂ ਜਦੋਂ ਕਦੇ ਇੱਥੇ ਆ ਕੇ ਵੇਖਦਾ ਹਾਂ ਕਿ ਲਾਲ ਬੱਤੀ ਵਾਲੀ ਗੱਡੀ ਤੋਂ ਚਮਕਦਾਰ ਪੱਟੀ ਵਾਲਾ ਵਰਦੀ ਪਾਏ, ਸੁਰਖ਼ ਰੰਗ ਦੀ ਟੋਪੀ ਲਗਾਏ ਅਰਦਲੀ ਉੱਤਰ ਕੇ ਦਰਵਾਜ਼ਾ ਖੋਲ੍ਹਦਾ ਹੈ ਤੇ ਵੱਡੇ-ਵੱਡੇ ਜੱਜ ਗੱਡੀ ਤੋਂ ਉੱਤਰ ਕੇ ਅੰਦਰ ਚਲੇ ਜਾਂਦੇ ਹਨ। ਤੇ ਉਨ੍ਹਾਂ ਦਾ ਸਿਰ ਅਭਿਮਾਨ ਨਾਲ ਉੱਚਾ ਹੋ ਜਾਂਦਾ ਹੈ। ਉਹ ਸੋਚਦੇ ਹਨ ਕਿ ਅਸੀਂ ਦੂਜੇ ਜੀਆਂ ਤੋਂ ਅੱਗੇ ਨਿਕਲ ਗਏ, ਸਭ ਤੋਂ ਵੱਡੇ ਬਣ ਗਏ, ਕਿਉਂਕਿ ਅਸੀਂ ਇਨਸਾਫ਼ ਕੀਤਾ ਹੈ। ਗਲਤ ਕੰਮ ਕਰਨ ਵਾਲਿਆਂ ਨੂੰ ਦੰਡ ਦਿੱਤਾ ਅਤੇ ਇਹੀ ਉਹ ਜਗ੍ਹਾ ਜਿੱਥੇ ਇਨਸਾਫ਼ ਹੁੰਦਾ ਹੈ। ਕਲ੍ਹ ਆਏਂਗਾ ਤਾਂ ਤੈਨੂੰ ਅੰਦਰੋਂ ਵੀ ਕਚਹਿਰੀ ਵਿਖਾਵਾਂਗਾ। ਸੈਂਕੜੇ ਸਾਲ ਪੁਰਾਣੀਆਂ ਅਣਗਣਿਤ ਕਿਤਾਬਾਂ ਵਿਚ ਪਤਾ ਨਹੀਂ ਕੀ-ਕੀ ਲਿਖਿਆ ਹੋਇਆ ਹੈ। ਸੈਂਕੜੇ ਮੁਕੱਦਮਿਆਂ ਦੇ ਫ਼ੈਸਲੇ। ਸਾਰਿਆਂ ਨੂੰ ਪੜ੍ਹਿਆ ਜਾਂਦਾ ਹੈ। ਉਨ੍ਹਾਂ ਵਿਚੋਂ ਪੜ੍ਹ ਕੇ ਹਮੇਸ਼ਾ ਕੁਝ ਲਿਖਦੇ ਰਹਿੰਦੇ ਹਨ, ਬੋਲਦੇ ਹਨ, ਬਹਿਸ ਕਰਦੇ ਹਨ ਤਾਂ ਕਿ ਕੋਈ ਦੋਸ਼ੀ ਬਚ ਨਾ ਸਕੇ...ਕਿਸੇ ਨਿਰਦੋਸ਼ ਨੂੰ ਦੰਡ ਨਾ ਦਿੱਤਾ ਜਾਵੇ। ਤਾਕਤਵਰ ਮਨੁੱਖ ਇਸ ਲਈ ਛੋਟੇ ਕਮਜ਼ੋਰ ਮਨੁੱਖ ਨੂੰ ਮੱਛੀ ਵਾਂਗ ਨਿਗਲ ਨਹੀਂ ਸਕਦਾ, ਸਿਰਫ਼ ਤਾਕਤਵਰ ਹੀ ਜਿੱਤ ਨਹੀਂ ਸਕਦਾ, ਕਿਉਂਕਿ ਮਨੁੱਖੀ ਸਮਾਜ ਇਨਸਾਫ਼ ਉੱਤੇ ਟਿਕਿਆ ਹੋਇਆ ਹੈ ਤੇ ਇੱਥੇ ਉਹ ਇਨਸਾਫ਼ ਸਾਰਿਆਂ ਨੂੰ ਮਿਲਦਾ ਹੈ।

ਮੈਂ ਹੈਰਾਨੀ ਨਾਲ ਕਾਮਿਲ ਨੂੰ ਦੇਖ ਰਿਹਾ ਸੀ।

"...ਤੂੰ ਐਨਾ ਛੋਟਾ ਏਂ, ਪਰ ਤੈਨੂੰ ਇਹ ਸਭ ਕਿਵੇਂ ਪਤਾ ਹੈ ? ਕਿਵੇਂ ਬੋਲ ਲੈਂਦਾ ਹੈ ਐਨਾ ?"

"ਮੇਰੇ ਬਾਬੂ ਮੈਨੂੰ ਸਭ ਦੱਸਦੇ ਹਨ।"

"ਉਹ ਕੀ ਕਰਦੇ ਹਨ ?"

"ਕੁਝ ਵੀ...ਕਦੇ ਨਾਰੀਅਲ ਉੱਤੇ ਜਟਾਧਾਰੀ ਸ਼ੰਕਰ ਬਣਾਉਂਦੇ ਹਨ...ਕਦੇ ਕੋਈ ਮੂਰਤੀ, ਕਦੇ ਮੰਜਣ ਤੇ ਕਦੇ ਚੂਰਨ। ਕੁੜੀਆਂ ਦੇ ਸਕੂਲ ਵਿਚ ਡਾਂਸ ਸਿਖਾਉਣ ਚਲੇ ਜਾਂਦੇ ਹਨ, ਕਦੇ ਨਾਟਕ ਕਰਵਾ ਦਿੰਦੇ ਹਨ। ਹੁਣੇ ਉਨ੍ਹਾਂ ਨੇ ਇਕ ਨਵੇਂ ਤਰ੍ਹਾਂ ਦਾ ਮ੍ਰਿਦੰਗ ਬਣਾਇਆ ਹੈ। ਰਾਤ ਵੇਲੇ ਕੰਮ ਕਰਦੇ ਹਨ...ਦਿਨੇ ਸੌਂਦੇ ਹਨ। ਕਈ ਵਾਰ ਜਦੋਂ ਮੈਨੂੰ ਨੀਂਦ ਨਹੀਂ ਆਉਂਦੀ ਤਾਂ ਉਨ੍ਹਾਂ ਕੋਲ ਬੈਠ ਕੇ ਉਨ੍ਹਾਂ ਨੂੰ ਮੂਰਤੀ ਬਣਾਉਂਦੇ ਦੇਖਦਾ ਹਾਂ। ਵਿਚ-ਵਿਚ ਮੈਂ ਉਨ੍ਹਾਂ ਨੂੰ ਚਾਹ ਬਣਾ ਕੇ ਦੇਂਦਾ ਹਾਂ। ਉਨ੍ਹਾਂ ਦੇ ਹੱਥ ਮਿੱਟੀ ਨਾਲ ਲਿਬੜੇ ਹੋਣ ਤਾਂ ਤੰਬਾਕੂ ਵੀ ਬਣਾ ਦੇਂਦਾ ਹਾਂ। ਉਦੋਂ ਉਹ ਮੇਰੇ ਨਾਲ ਗੱਲਾਂ ਵੀ ਕਰਦੇ ਜਾਂਦੇ ਹਨ। ਨਹੀਂ ਤਾਂ ਉਂਝ ਮੈਨੂੰ ਕਿਵੇਂ ਪਤਾ ਲੱਗਦੀਆਂ, ਐਨੀਆਂ ਵੱਡੀਆਂ-ਵੱਡੀਆਂ ਗੱਲਾਂ...ਐਨੇ ਭਾਰੀ-ਭਰਕਮ ਸ਼ਬਦ...।" ਕਾਮਿਲ ਤਖ਼ਤ ਤੋਂ ਉੱਤਰ ਗਿਆ।

"ਮੈਂ ਜਾਮਣ ਦੇ ਦਰੱਖ਼ਤ ਉੱਤੇ ਚੜ੍ਹਦਾ ਹਾਂ। ਤੂੰ ਇੱਥੇ ਬੈਠ।"

"ਚੌਕੀਦਾਰ ਤਾਂ ਨਹੀਂ ਆ ਜਾਏਗਾ।"

"ਨਹੀਂ...ਪਰ ਤੈਨੂੰ ਦਿਸੇ ਤਾਂ ਭੱਜ ਜਾਈਂ। ਉਸ ਦੇ ਪੈਰ ਵਿਚ ਫੋੜਾ ਹੈ ਅੱਜਕਲ੍ਹ। ਉਹ ਭੱਜ ਨਹੀਂ ਸਕੇਗਾ।"

"ਤੇ ਤੂੰ ?"

"ਉਸ ਨੂੰ ਕੀ ਪਤਾ ਮੈਂ ਇੱਥੇ ਹਾਂ। ਬਸ ਤੂੰ ਇਸ ਪਾਸੇ ਨਾ ਦੇਖੀਂ।"

ਮੈਂ ਸਹਿਮਤੀ ਵਿਚ ਸਿਰ ਹਿਲਾ ਦਿੱਤਾ। ਕਾਮਿਲ ਥੋੜ੍ਹੀ ਦੂਰ ਜਾ ਕੇ ਦਰਖ਼ਤਾਂ ਵਿਚਕਾਰ ਜਾ ਕੇ ਇਕ ਦਰੱਖ਼ਤ ਉੱਤੇ ਚੜ੍ਹ ਗਿਆ। ਮੈਂ ਚੁੱਪਚਾਪ ਦੂਜੇ ਪਾਸੇ ਦੇਖਣ ਲਗ ਪਿਆ।



ਸ਼ਾਮ ਲਹਿਣ ਲੱਗ ਪਈ ਸੀ। ਕਚਹਿਰੀ ਦੀ ਢਲਵੀਂ ਛੱਤ, ਟੁੱਟੀਆਂ ਦੀਵਾਰਾਂ ਅਤੇ ਦਰਖ਼ਤਾਂ ਦੀਆਂ ਟਾਹਣਾਂ ਉੱਤੇ ਪਰਛਾਈਆਂ ਪੈਣ ਲੱਗੀਆਂ। ਦੂਸਰਾ ਦਰਵਾਜ਼ਾ ਮੇਰੇ ਸਾਹਮਣੇ ਸੀ, ਜਿਸ ਦੇ ਬਾਹਰ ਜੇਲ੍ਹ ਸੀ। ਜੇਲ੍ਹ ਦੀ ਉੱਪਰਲੀ ਮੰਜ਼ਿਲ ਦੀਆਂ ਸਲਾਖਾਂ ਹੇਠ ਖੜ੍ਹੇ ਕੁਝ ਲੋਕ ਖਾਲੀ ਅੱਖਾਂ ਨਾਲ ਡੁੱਬਦੇ ਹੋਏ ਸੂਰਜ ਨੂੰ ਦੇਖ ਰਹੇ ਸਨ। ਦੀਵਾਰਾਂ ਕੋਲ ਬਿਜਲੀ ਦੇ ਟ੍ਰਾਂਸਫਾਰਮਰ ਦੇ ਹੇਠਾਂ ਬੈਠੇ ਕੋਹੜੀ ਸਾਰੇ ਦਿਨ ਦੇ ਮਿਲੇ ਭਾਨ ਨੂੰ ਗਿਣ ਰਹੇ ਸਨ। ਘਾਟ ਦੇ ਮੰਦਰਾਂ ਵਿਚ ਆਰਤੀ ਦੀ ਤਿਆਰੀ ਵਿਚ ਘੰਟਿਆਂ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗ ਪਈਆਂ ਸਨ।

"ਚੱਲ ਚੱਲੀਏ।" ਕਾਮਿਲ ਦਰਖ਼ਤ ਤੋਂ ਹੇਠਾਂ ਉੱਤਰ ਆਇਆ। ਉਸ ਨੂੰ ਸਾਹ ਚੜ੍ਹਿਆ ਹੋਇਆ ਸੀ। ਉਹ ਤੇਜ਼ ਚਲ ਰਿਹਾ ਸੀ। ਉਸ ਨਾਲ ਲੱਗਭਗ ਭੱਜਦੇ ਹੋਏ ਅਸੀਂ ਉਸੇ ਦੂਸਰੇ ਦਰਵਾਜ਼ੇ ਤੋਂ ਬਾਹਰ ਆ ਗਏ। ਫਿਰ ਸੜਕ ਤੋਂ ਘੁੰਮ ਕੇ ਕਬਰਸਤਾਨ ਪਾਰ ਕਰਕੇ ਇਮਾਰਤ ਵੱਲ ਚੱਲ ਪਏ। ਕਾਮਿਲ ਨੇ ਦੋਵਾਂ ਜੇਬ੍ਹਾਂ ਵਿਚ ਤੁੰਨੇ ਹੋਏ ਜਾਮੁਣਾਂ ਦੇ ਗੁੱਛੇ ਕੱਢੇ।

"ਲੈ।" ਉਸ ਦੇ ਦੋ ਮੁੱਠੀ ਗੁੱਛੇ ਮੇਰੇ ਵੱਲ ਵਧਾ ਦਿੱਤੇ। ਜਾਮੁਣ ਬਹੁਤ ਛੋਟੇ ਸਨ। ਮੈਂ ਜਾਮੁਣ ਜੇਬ੍ਹ ਵਿਚ ਰੱਖ ਲਏ।

ਮੇਰੇ ਪੈਰਾਂ ਵਿਚ ਹੁਣ ਜ਼ੋਰ ਦਾ ਦਰਦ ਹੋਣ ਲੱਗ ਪਿਆ ਸੀ। ਅੰਗੂਠਾ ਦੁੱਖਣ ਲੱਗ ਪਿਆ ਸੀ। ਪਤਾ ਨਹੀਂ ਅਸੀਂ ਕਿੰਨੇ ਘੰਟੇ, ਕਿੰਨੀ ਦੂਰ ਤੱਕ ਚਲਦੇ ਰਹੇ ਸੀ। ਮੈਂ ਲੰਙਾਉਣ ਲੱਗ ਪਿਆ। ਅਸੀਂ ਤੋਪ ਕੋਲ ਆ ਕੇ ਰੁੱਕ ਗਏ। ਇੱਥੋਂ ਸਾਡੇ ਰਾਹ ਅਲੱਗ ਹੁੰਦੇ ਸਨ। ਮੈਂ ਪੈਰਾਂ ਨੂੰ ਇਕ ਝਟਕਾ ਦਿੱਤਾ।

"ਤੇਰੇ ਘਰ ਵਿਚ ਤਾਂ ਨੌਕਰ ਹੋਣਗੇ। ਗਰਮ ਪਾਣੀ ਵਿਚ ਲੂਣ ਪਾ ਕੇ ਪੈਰਾਂ ਨੂੰ ਕੁਝ ਦੇਰ ਡੁਬੋ ਕੇ ਰੱਖੀਂ। ਠੀਕ ਹੋ ਜਾਏਗਾ।" ਕਾਮਿਲ ਨੇ ਝੁਕ ਕੇ ਮੇਰਾ ਅੰਗੂਠਾ ਦੇਖਿਆ ਫਿਰ ਸਿੱਧਾ ਹੋ ਗਿਆ।

"ਤੇ ਤੂੰ ?" ਮੈਂ ਪੁੱਛਿਆ।

"ਮੈਂ ਅੱਜ ਚਾਰ ਬਾਲਟੀਆਂ ਪਾਣੀ ਉੱਪਰ ਚੜਾਉਣਾ ਏਂ। ਉਸ ਤੋਂ ਬਾਅਦ ਬਾਬੂ ਦੀਆਂ ਬਣਾਈਆਂ ਕੁਝ ਮੂਰਤੀਆਂ ਨੂੰ ਵੇਚਣ ਲਈ ਜਾਣਾ ਹੈ। ਪੁਰਾਣਾ ਹਿਸਾਬ ਵੀ ਕਰਨਾ ਹੈ।" ਕਾਮਿਲ ਮੁਸਕਰਾਇਆ।

ਮੈਂ ਸਿਰ ਹਿਲਾ ਦਿੱਤਾ। ਅਸੀਂ ਆਪਣੀ-ਆਪਣੀ ਰਾਹ ਤੁਰ ਪਏ। ਕੁਝ ਹੀ ਕਦਮ ਜਾਣ ਤੇ ਪਿੱਛੋਂ ਕਾਮਿਲ ਦੀ ਆਵਾਜ਼ ਸੁਣਾਈ ਦਿੱਤੀ, "ਜਾਮੁਣ ਰਸਤੇ ਵਿਚ ਹੀ ਖਾ ਲਵੀਂ। ਘਰ ਲੈ ਗਿਆ ਤਾਂ ਡਾਂਟ ਪਵੇਗੀ।"

ਸਾਡੀ ਦੋਸਤੀ ਗਹਿਰੀ ਹੁੰਦੀ ਗਈ

ਧਰਮਸਥਲ ਦੇ ਤੋਪ ਵਾਲੇ ਮੁੱਖ ਦਵਾਰ ਦੇ ਸਾਹਮਣੇ, ਸੜਕ ਪਾਰ ਸਿਰਫ਼ ਇਕ ਦੁਕਾਨ ਸੀ। ਸਾਈਕਲ ਟਿਊਬ ਦਾ ਪੰਚਰ ਬਣਾਉਣ ਵਾਲੇ ਦੀ। ਪਾਰਕ ਦੀ ਲੋਹੇ ਦੀ ਰੇਲਿੰਗ ਦੇ ਬਾਹਰ ਨਿਕਲਦਿਆਂ ਦਰਖ਼ਤ ਦੀਆਂ ਟਾਹਣਾਂ ਹੇਠ ਉਸ ਨੇ ਪਾਣੀ ਦਾ ਛੋਟਾ ਜਿਹਾ ਟੱਬ ਰੱਖਿਆ ਹੋਇਆ ਸੀ। ਲੱਕੜ ਦੀ ਪੇਟੀ ਵਿਚ ਕੁਝ ਸੰਦ ਸਨ। ਲੋਹੇ ਦੀ ਰੇਲਿੰਗ ਨਾਲ ਇਕ ਲੱਕੜ ਬੰਨ੍ਹ ਕੇ ਉਸ ਉੱਤੇ ਕੁਝ ਪੁਰਾਣੇ ਟਾਇਰ ਤੇ ਟਿਊਬ ਟੰਗੇ ਹੋਏ ਸਨ। ਪੰਚਰ ਲਗਾਉਣ ਵਾਲੇ ਦਾ ਇਕ ਪੁੱਤਰ ਸੀ। ਮੇਰੀ ਹੀ ਉਮਰ ਦਾ। ਰਾਸ਼ਨ ਦੀ ਦੁਕਾਨ ਦੀ ਛੱਤ ਤੋਂ ਉਹ ਪਤੰਗ ਉਡਾਉਂਦਾ ਰਹਿੰਦਾ। ਮੈਂ ਆਪਣੇ ਘਰ ਦੀ ਛੱਤ ਤੋਂ। ਪਤਾ ਨਹੀਂ ਕਦੋਂ ਉਸਨੇ ਮੇਰੀਆਂ ਅੱਖਾਂ ਦਾ ਰੰਗ ਦੇਖ ਲਿਆ ਤੇ ਮੈਨੂੰ 'ਭੂਰੀ' ਕਹਿਣ ਲੱਗ ਪਿਆ। ਛੱਤ ਤੋਂ ਉਹ ਚੀਖਦਾ।

"ਢਿੱਲ ਦੇ ਭੂਰੀ...ਕੋਤਵਾਲੀ ਤੱਕ। ਉੱਥੇ ਲੜਾਵਾਂਗੇ।"

ਕਦੇ ਉਹ ਮੈਨੂੰ ਕੱਟ ਦੇਂਦਾ ਤਾਂ 'ਭੂਰੀ ਬੋ ਕਾਟਾ' ਕਹਿ ਕੇ ਦੇਰ ਤੱਕ ਉੱਛਲਦਾ ਰਹਿੰਦਾ।

ਕਦੇ ਮੈਨੂੰ ਸੜਕ ਉੱਤੇ ਦੇਖ ਲੈਂਦਾ ਤਾਂ ਹੌਲੀ ਜਿਹੀ ਮੁਸਕਰਾ ਕੇ ਕਹਿੰਦਾ, "ਭੂਰੀ।" ਮੈਨੂੰ ਉਸ ਦਾ ਭੂਰੀ ਕਹਿ ਕੇ ਪੁਕਾਰਨਾ ਚੰਗਾ ਨਹੀਂ ਲੱਗਦਾ ਸੀ।

ਇਕ ਦੁਪਹਿਰ ਨੂੰ ਜਦੋਂ ਮੈਂ ਤੇ ਕਾਮਿਲ ਧਰਮਸਥਲ ਅੰਦਰ ਘੁੰਮਣ ਜਾ ਰਹੇ ਸੀ, ਮੈਂ ਉਸ ਨੂੰ ਦੁਕਾਨ ਉੱਤੇ ਬੈਠੇ ਦੇਖਿਆ। ਉਹ ਇਕੱਲਾ ਸੀ। ਮੈਂ ਕਾਮਿਲ ਨੂੰ ਰੋਕਿਆ, "ਇਹ ਮੈਨੂੰ ਭੂਰੀ ਕਹਿ ਕੇ ਚਿੜਾਉਂਦਾ ਹੈ।"

ਕਾਮਿਲ ਨੇ ਉਸ ਮੁੰਡੇ ਵੱਲ ਵੇਖਿਆ, ਫਿਰ ਮੇਰੇ ਵੱਲ ਵੇਖ ਕੇ ਹੱਸਿਆ, "ਠੀਕ ਹੀ ਕਹਿੰਦਾ ਹੈ। ਤੇਰੀਆਂ ਅੱਖਾਂ ਉੱਤੇ ਬਹੁਤ ਕੁੜੀਆਂ ਮਰਨਗੀਆਂ।"

"ਨਹੀਂ, ਮੈਨੂੰ ਚੰਗਾ ਨਹੀਂ ਲੱਗਦਾ।"

"ਆ...।" ਕਾਮਿਲ ਨੇ ਮੇਰਾ ਹੱਥ ਫੜ੍ਹਿਆ ਤੇ ਸੜਕ ਪਾਰ ਕਰ ਉਸ ਦੀ ਦੁਕਾਨ ਤੇ ਆ ਗਿਆ।

ਉਹ ਸਿਰ ਝੁਕਾਏ ਟੱਬ ਦਾ ਪੁਰਾਣਾ ਪਾਣੀ ਬਾਹਰ ਸੁੱਟ ਰਿਹਾ ਸੀ। ਸਾਨੂੰ ਦੇਖ ਉਹ ਮੁਸਕਰਾ ਪਿਆ।

"ਅੱਜ ਮੈਂ ਦੋ ਵੱਡੇ ਪਟਿਆਲੇ ਲੁੱਟੇ ਹਨ ਭੂਰੀ...ਸ਼ਾਮ ਨੂੰ ਲੜਾਵਾਂਗੇ।" ਉਸ ਮੈਨੂੰ ਕਿਹਾ।

ਕਾਮਿਲ ਨੇ ਮੇਰਾ ਹੱਥ ਛੱਡ ਉਸ ਦਾ ਹੱਥ ਫੜ੍ਹ ਲਿਆ।

"ਉੱਠ...।"

ਉਹ ਹੜਬੜਾ ਕੇ ਖੜ੍ਹਾ ਹੋ ਗਿਆ।

"ਕੀ ਨਾਂ ਏਂ ਤੇਰਾ ?"

"ਮੂਨ।"

"ਬੜਾ ਅੰਗਰੇਜ਼ੀ ਨਾਂ ਏਂ।"

"ਤੇਰੇ ਤੋਂ ਮਤਲਬ... ?" ਉਹ ਵੀ ਸਿੱਧਾ ਤਣ ਗਿਆ।

"ਇਸ ਨੂੰ ਭੂਰੀ ਕਿਉਂ ਕਹਿੰਦਾ ਏਂ ?"

"ਇਸ ਦੀਆਂ ਅੱਖਾਂ ਹੀ ਇਹੋ ਜਿਹੀਆਂ ਹਨ।"

"ਨਹੀਂ...ਹੁਣ ਅੱਗੋਂ ਤੋਂ ਨਹੀਂ ਕਹੇਗਾ।"

"ਕਹਾਂਗਾ।" ਉਸ ਨੇ ਕਾਮਿਲ ਦੀ ਖੋਪੜੀ ਨਾਲ ਆਪਣਾ ਸਿਰ ਭਿੜਾ ਦਿੱਤਾ। ਕਾਮਿਲ ਨੇ ਉਸ ਨੂੰ ਧੱਕਾ ਦਿੱਤਾ ਤੇ ਉਸ ਨਾਲ ਲਿਪਟਦੇ ਹੋਏ ਜ਼ਮੀਨ ਤੇ ਲਿਟ ਗਿਆ। ਉਹ ਵੀ ਕਾਮਿਲ ਨਾਲ ਗੁੱਥਮਗੁੱਥਾ ਹੋ ਗਿਆ। ਮੈਂ ਕੁਝ ਪਲ ਦੇਖਦਾ ਰਿਹਾ। ਫਿਰ ਮੈਂ ਪਿੱਛੋਂ ਉਸ ਦੇ ਵਾਲ ਫੜ੍ਹ ਲਏ। ਉਹ ਮੂਧਾ ਹੋ ਗਿਆ।

"ਇਕ ਨਾਲ ਦੋ-ਦੋ ਲੜਦੇ ਹੋ ਸਾਲਿਓ...ਦਮ ਹੋਵੇ ਤਾਂ ਇਕ-ਇਕ ਕਰਕੇ ਆਓ।" ਉਹ ਕਾਮਿਲ ਦੇ ਹੇਠਿਓਂ ਚੀਖਿਆ।

"ਬੋਲ...ਕਹੇਂਗਾ ?" ਕਾਮਿਲ ਨੇ ਉਸ ਦੀ ਗਰਦਨ ਦਬਾਈ।

"ਹਾਂ ਕਹਾਂਗਾ...ਭੂਰੀ...ਭੂਰੀ...ਭੂਰੀ।"

ਕਾਮਿਲ ਨੇ ਉਸ ਦੇ ਮੂੰਹ ਉੱਤੇ ਇਕ ਮੁੱਕਾ ਕੱਢ ਮਾਰਿਆ। ਉਸ ਦਾ ਬੁੱਲ੍ਹ ਕਿਨਾਰੇ ਤੋਂ ਫਟ ਗਿਆ। ਖ਼ੂਨ ਨਿਕਲਣ ਲੱਗ ਪਿਆ। ਮੈਂ ਘਬਰਾ ਗਿਆ। ਮੈਂ ਉਸ ਦੇ ਵਾਲ ਛੱਡ ਦਿੱਤੇ। ਕਾਮਿਲ ਵੀ ਉਸ ਤੋਂ ਪਰ੍ਹੇ ਹੋ ਗਿਆ। ਉਹ ਸੜਕ ਤੋਂ ਉੱਠ ਖੜਾ ਹੋਇਆ। ਉਸ ਨੇ ਆਪਣੇ ਫਟੇ ਹੋਏ ਬੁੱਲ੍ਹ ਉੱਤੇ ਉਂਗਲੀ ਫੇਰੀ। ਜਿਸ ਉੱਤੇ ਖ਼ੂਨ ਦੇ ਕੁਝ ਤੁਪਕੇ ਆ ਗਏ। ਉਸ ਨੇ ਟੱਬ ਭਰਨ ਲਈ ਰੱਖੀ ਬਾਲਟੀ ਵਿਚੋਂ



ਪਾਣੀ ਦੀ ਚੂਲੀ ਲੈ, ਮੂੰਹ ਧੋਤਾ ਤੇ ਸਿੱਧਾ ਖੜ੍ਹਾ ਹੋ ਗਿਆ।

ਹੁਣ ਮੇਰੇ ਵੱਲ ਵੇਖ ਰਿਹਾ ਸੀ। ਮੈਨੂੰ ਲੱਗਾ, ਉਹ ਮੇਰੇ ਉੱਤੇ ਝਪਟੇਗਾ। ਮੈਂ ਕਾਮਿਲ ਦੇ ਉਹਲੇ ਹੋ ਗਿਆ।

"ਨਹੀਂ ਕਹਾਂਗਾ..., ਪਰ ਤੇਰੀਆਂ ਅੱਖਾਂ ਸੁਹਣੀਆਂ ਹਨ।" ਉਹ ਹੱਸ ਪਿਆ।

"ਚਲ।" ਕਾਮਿਲ ਨੇ ਮੈਨੂੰ ਖਿੱਚਿਆ, "ਹੁਣ ਕਹੇ ਤਾਂ ਦੱਸੀ। ਇਸ ਨੂੰ ਚੱਕੂ ਘੋਪ ਦੇਵਾਂਗਾ।"

ਅਸੀਂ ਸੜਕ ਪਾਰ ਕਰ ਮੁੱਖ ਦਵਾਰ ਉੱਤੇ ਆ ਗਏ। ਧਰਮਸਥਲ ਜਾਣ ਤੋਂ ਪਹਿਲਾਂ ਮੈਨੂੰ ਲੱਗਾ, ਜਿਵੇਂ ਕਿਸੇ ਨੇ ਮੈਨੂੰ ਭੂਰੀ ਕਹਿ ਕੇ ਆਵਾਜ਼ ਮਾਰੀ ਏ। ਮੈਂ ਘੁੰਮ ਕੇ ਵੇਖਿਆ। ਉਹ ਆਪਣੇ ਖਾਲੀ ਟੱਬ ਵਿਚ ਚੁੱਪਚਾਪ ਬਾਲਟੀ ਨਾਲ ਪਾਣੀ ਉਲੱਦ ਰਿਹਾ ਸੀ।

ਰੱਖੜੀ, ਸੁਤੰਤਰਤਾ ਦਿਵਸ ਤੇ ਐਤਵਾਰ ਮਿਲਾ ਕੇ ਤਿੰਨ ਛੁੱਟੀਆਂ ਲਈ ਸਕੂਲ ਬੰਦ ਹੋ ਗਏ। ਮੈਂ ਘਰਦਿਆਂ ਨਾਲ ਰਿਸ਼ਤੇਦਾਰੀ ਵਿਚ ਇਕ ਮੁੰਡਨ ਸੰਸਕਾਰ ਕਾਰਣ ਬਾਹਰ ਚਲਾ ਗਿਆ। ਉੱਥੋਂ ਮੁੜ ਕੇ ਵਾਪਿਸ ਸਕੂਲ ਗਿਆ ਤਾਂ ਕਾਮਿਲ ਨਾ ਮਿਲਿਆ। ਉੱਥੇ ਪਤਾ ਲੱਗਾ ਕਿ ਉਸ ਦੀ ਮਾਂ ਲੋਹੇ ਦੇ ਜਾਲ ਤੇ ਖੜੇ ਹੋ ਕੇ ਕੱਪੜੇ ਸੁਕਾ ਰਹੀ ਸੀ ਕਿ ਪੂਰਾ ਜਾਲ ਹੀ ਹੇਠਾਂ ਢਹਿ ਪਿਆ। ਜਾਲ ਦੇ ਨਾਲ ਹਵਾ ਵਿਚ ਤੈਰਦੇ ਹੋਏ ਉਹ ਵੀ। ਉਸ ਦੀ ਮੌਤ ਹੋ ਗਈ। ਇਹ ਛੁੱਟੀ ਦੇ ਪਹਿਲੇ ਦਿਨ ਹੀ ਹੋ ਗਿਆ।

ਸ਼ਾਮ ਨੂੰ ਮੈਂ ਕਾਮਿਲ ਨੂੰ ਮਿਲਣ ਗਿਆ। ਉਸ ਦੇ ਘਰ ਮੈਂ ਪਹਿਲਾਂ ਕਦੇ ਨਹੀਂ ਗਿਆ ਸੀ। ਮੈਂ ਉਸ ਨਾਲ ਕਦੇ ਆਉਂਦਾ ਵੀ, ਤਾਂ ਉਹ ਲਾਲ ਬੈਂਚ ਕੋਲ ਰੁੱਕ ਕੇ ਮੈਨੂੰ ਵਿਦਾ ਕਰ ਦੇਂਦਾ। ਮੈਂ ਬੈਂਚ ਕੋਲ ਪਹੁੰਚ ਕੇ ਰੁੱਕ ਗਿਆ।

ਸੜਕ ਤੋਂ ਅੰਦਰੋਂ ਹੀ ਉਹੀ ਚੌਕੋਰ ਖੁੱਲ੍ਹੀ ਜਗ੍ਹਾ ਦਿਸ ਰਹੀ ਸੀ, ਜਿੱਧਰ ਕਾਮਿਲ ਨੇ ਇਸ਼ਾਰਾ ਕਰਕੇ ਦੱਸਿਆ ਸੀ। ਉਸ ਤੋਂ ਪਹਿਲਾਂ ਇਕ ਬਹੁਤ ਛੋਟੀ ਜਿਹੀ, ਹਨ੍ਹੇਰੇ ਵਿਚ ਡੁੱਬੀ ਹੋਈ ਗੈਲਰੀ ਸੀ। ਇਕ ਖੁੱਲ੍ਹੀ ਥਾਂ ਤੋਂ ਪੌੜੀ ਕਾਮਿਲ ਦੇ ਘਰ ਜਾ ਰਹੀ ਸੀ। ਮੈਂ ਲੰਮਾ ਬਰਾਮਦਾ ਪਾਰ ਕਰਕੇ ਉਸ ਚੌਕੋਰ ਥਾਂ ਤੇ ਆ ਗਿਆ। ਮੈਂ ਸਿਰ ਚੁੱਕ ਕੇ ਦੇਖਿਆ, ਉੱਧਰ ਚੁਬਾਰੇ ਤੋਂ ਪਾਰ ਆਸਮਾਨ ਦਾ ਇਕ ਛੋਟਾ ਜਿਹਾ ਮਟਮੈਲਾ ਜਿਹਾ ਟੋਟਾ ਦਿਸ ਰਿਹਾ ਸੀ। ਦੀਵਾਰਾਂ ਸਲ੍ਹਾਬੀਆਂ ਹੋਈਆਂ ਸਨ। ਇਕ ਜ਼ਨਾਨੀ ਜ਼ਮੀਨ ਉੱਤੇ ਗੋਡਿਆਂ ਭਾਰ ਬੈਠੀ ਸਿਲਵੱਟੇ ਉੱਤੇ ਕੁਝ ਪੱਤੀਆਂ ਪੀਹ ਰਹੀ ਸੀ। ਅਜੇ ਹਨ੍ਹੇਰਾ ਨਹੀਂ ਹੋਇਆ ਸੀ। ਅਜੇ ਦਿਨ ਵੀ ਪੂਰੀ ਤਰ੍ਹਾਂ ਨਾਲ ਖਤਮ ਨਹੀਂ ਹੋਇਆ ਸੀ। ਇਕ ਧੁੰਧਲਕਾ ਜਿਹਾ, ਉਸ ਚੌਕੋਰ ਥਾਂ 'ਤੇ ਸੀ, ਜਿੱਥੋਂ ਅੰਦਰੋਂ ਸੀਲਨ, ਮਸਾਲਿਆਂ ਦੀ ਹਵਾੜ ਤੇ ਕਿਸੇ ਦੇ ਕਰਾਹੁਣ ਦੀ ਆਵਾਜ਼ ਆ ਰਹੀ ਸੀ।

ਸਾਹਮਣੇ ਵਾਲੀ ਪੌੜੀ ਜੋ ਘੁੰਮਦੀ ਹੋਈ ਉੱਪਰ ਜਾ ਰਹੀ ਸੀ, ਉੱਥੇ ਹਨ੍ਹੇਰਾ ਸੀ, ਉਸ ਦੇ ਨਾਲ ਵਾਲੀ ਦੀਵਾਰ ਵਿਚ ਕੁਝ ਜਾਲੀਆਂ ਬਣੀਆਂ ਹੋਈਆਂ ਸਨ, ਜਿਨ੍ਹਾਂ ਤੋਂ ਹਵਾ ਤੇ ਰੋਸ਼ਨੀ ਆ ਸਕੇ। ਉਨ੍ਹਾਂ ਜਾਲੀਆਂ ਵਿਚ ਪੁਰਾਣੇ ਦੀਵੇ, ਅਖਬਾਰਾਂ, ਟੁੱਟੇ ਬਲਬ, ਕੱਪੜਿਆਂ ਦੇ ਟੋਟੇ ਤੁੰਨੇ ਪਏ ਸਨ। ਦੀਵਾਰ ਦਾ ਸਹਾਰਾ ਲੈ ਕੇ ਹੌਲੀ-ਹੌਲੀ ਟੋਲਦੇ ਹੋਏ ਮੈਂ ਪੌੜੀਆਂ ਚੜ੍ਹਨ ਲੱਗਾ।

ਤੀਸਰੀ ਮੰਜ਼ਿਲ ਤੇ ਪਹੁੰਚ ਕੇ ਇਕ ਦਮ ਰੋਸ਼ਨੀ ਆਈ। ਸੱਜੇ ਪਾਸਿਓਂ ਦੀਵਾਰ ਖ਼ਤਮ ਹੋ ਗਈ ਸੀ। ਇਕ ਲੱਕੜ ਦਾ ਬੂਹਾ ਸੀ, ਜੋ ਖੁੱਲ੍ਹਾ ਸੀ। ਇਕ ਪਖਾਨਾ ਘਰ ਬਣਿਆ ਹੋਇਆ ਸੀ। ਖੱਬੇ ਹੱਥ ਇਕ ਵੱਡਾ ਬੂਹਾ ਸੀ। ਉਸ ਬੂਹੇ ਤੋਂ ਸ਼ਾਮ ਦੀ ਆਖਰੀ ਰੋਸ਼ਨੀ ਆ ਰਹੀ ਸੀ। ਮੈਂ ਉਸ ਬੂਹੇ ਕੋਲ ਆ ਖੜਾ ਹੋਇਆ।

ਬੂਹੇ ਤੋਂ ਪਾਰ ਇਕ ਖੁੱਲ੍ਹੀ ਥਾਂ ਸੀ। ਉਸ ਵਿਚ ਇਕ ਪਾਸੇ ਚੌਕੋਰ ਬਨੇਰਾ ਬਣਿਆ ਹੋਇਆ ਸੀ। ਉਸ ਅੰਦਰ ਸਭ ਖਾਲੀ ਸੀ। ਉੱਧਰੋਂ ਝਾਕਣ ਤੇ ਤਿੰਨ ਮੰਜ਼ਿਲ ਹੇਠਾਂ ਕਿਸੇ ਦੇ ਘਰ ਦਾ

ਵਿਹੜਾ ਦਿੱਸਦਾ ਸੀ। ਮੈਂ ਥੋੜ੍ਹਾ ਹੋਰ ਅੱਗੇ ਆ ਗਿਆ। ਇਕ ਨੁੱਕਰ ਵਿਚ ਕੱਪੜਿਆਂ ਦਾ ਢੇਰ ਲੱਗਾ ਸੀ। ਪਾਣੀ ਦੀ ਬਾਲਟੀ ਭਰੀ ਪਈ ਸੀ। ਕੁਝ ਗਮਲੇ ਸਨ, ਜਿਨ੍ਹਾਂ ਵਿਚ ਛੋਟੇ-ਛੋਟੇ ਬੂਟੇ ਲੱਗੇ ਹੋਏ ਸਨ। ਉਨ੍ਹਾਂ ਨਾਲ ਸਟੇ ਹੋਏ ਕੁਝ ਹੋਰ ਬੂਹੇ ਸਨ, ਜਿਨ੍ਹਾਂ ਪਿੱਛੇ ਕੋਠੜੀਆਂ ਵਰਗੇ ਕਮਰੇ ਸਨ।

ਇਕ ਕਮਰੇ ਵਿਚ ਮੈਨੂੰ ਕਾਮਿਲ ਨਜ਼ਰ ਆਇਆ। ਕੰਧ ਨਾਲ ਪਿੱਠ ਟਿਕਾਏ, ਫਰਸ਼ ਤੇ ਬੈਠਾ ਉਹ ਕਮਰੇ ਦੇ ਇਕ ਪਾਸੇ ਦੇਖ ਰਿਹਾ ਸੀ। ਉਸ ਨਾਲ ਦੋ ਹੋਰ ਲੋਕ ਬੈਠੇ ਸਨ। ਮੈਂ ਥੋੜ੍ਹਾ ਜਿਹਾ ਅੱਗੇ ਲੰਘ ਆਇਆ। ਕਮਰੇ ਦੀ ਦਹਿਲੀਜ਼ ਤੇ ਹਨ੍ਹੇਰਾ ਕੁਝ ਵੱਧ ਗਿਆ ਸੀ। ਕਾਮਿਲ ਨੇ ਸਿਰ ਘੁੰਮਾ ਕੇ ਵੇਖਿਆ। ਮੈਂ ਚੁੱਪਚਾਪ ਵੇਖਦਾ ਰਿਹਾ। ਉਸ ਨੇ ਕੁਝ ਪਲ ਖਾਲੀ ਅੱਖਾਂ ਨਾਲ ਮੇਰੇ ਵੱਲ ਤੱਕਿਆ। ਫਿਰ ਮੈਨੂੰ ਅੰਦਰ ਆਉਣ ਦਾ ਇਸ਼ਾਰਾ ਕੀਤਾ। ਮੈਂ ਅੰਦਰ ਜਾ ਕੇ ਚੁੱਪਚਾਪ ਉਸ ਕੋਲ ਫਰਸ਼ ’ਤੇ ਜਾ ਕੇ ਬੈਠ ਗਿਆ। ਉਸੇ ਵਾਂਗ ਕੰਧ ਨਾਲ ਪਿੱਠ ਟਿਕਾ ਕੇ।

ਕਾਮਿਲ ਜਿਸ ਪਾਸੇ ਦੇਖ ਰਿਹਾ ਸੀ, ਮੈਂ ਉਸ ਪਾਸੇ ਵੱਲ ਦੇਖਿਆ। ਉਸ ਦੇ ਪਿਤਾ ਉਸ ਪਾਸੇ ਇਕ ਨੁੱਕਰ ਵਿਚ ਛੋਟੀ ਚਟਾਈ ਤੇ ਬੈਠੇ ਸਨ। ਉਨ੍ਹਾਂ ਦੇ ਕੋਲ ਪਈ ਚੌਂਕੀ ਉੱਤੇ ਇਕ ਇਸਤਰੀ ਦੀ ਤਸਵੀਰ ਸੀ। ਤਸਵੀਰ ਅੱਗੇ ਫੁੱਲ ਪਏ ਸਨ। ਦੋਵੇਂ ਪਾਸੇ ਦੋ ਧੂਫ਼ ਬੱਤੀਆਂ ਬਲ ਰਹੀਆਂ ਸਨ।

ਮੈਂ ਫਿਰ ਉਸ ਦੇ ਪਿਤਾ ਵੱਲ ਤੱਕਿਆ। ਮੈਂ ਉਨ੍ਹਾਂ ਨੂੰ ਪਹਿਲੀ ਵਾਰ ਦੇਖਿਆ ਸੀ। ਮੋਢਿਆਂ ਤੱਕ ਉਨ੍ਹਾਂ ਦੇ ਲੰਮੇ ਵਾਲ ਖਿੰਡਰੇ ਹੋਏ ਸਨ। ਵਿਚਕਾਰੋਂ ਚੀਰ ਨਿਕਲੀ ਹੋਈ ਸੀ। ਰੰਗ ਸਾਫ਼ ਚਿਹਰਾ ਭਾਰਾ ਤੇ ਗੋਲ ਸੀ। ਮੈਂ ਕਮਰੇ ਵਿਚ ਨਿਗਾਹ ਮਾਰੀ। ਬਹੁਤ ਛੋਟਾ ਜਿਹਾ ਕਮਰਾ ਸੀ। ਇਕ ਦੂਸਰੇ ਕੋਨੇ ਵਿਚ ਮ੍ਰਿਦੰਗ ਪਿਆ ਹੋਇਆ ਸੀ। ਦੀਵਾਰਾਂ ਵਿਚ ਬਣੇ ਆਲਿਆਂ ਵਿਚ ਕੁਝ ਬੁਰਸ਼, ਰੰਗ, ਛੈਣੀ, ਲੋਹੇ ਦੀਆਂ ਪਤਲੀਆਂ ਫਾਈਲਾਂ ਤੇ ਪਲਾਸਟਿਕ ਆਫ ਪੇਰਿਸ ਪਿਆ ਸੀ। ਹੇਠਾਂ ਦੇ ਖਾਨੇ ਵਿਚ ਕੁਝ ਅੱਧ ਬਣੀਆਂ ਆਕ੍ਰਿਤੀਆਂ ਸਨ। ਕਮਰੇ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਇਕ ਰੱਸੀ ਬੱਝੀ ਹੋਈ ਸੀ। ਉਸ ਉੱਤੇ ਕੱਪੜੇ ਲਟਕਦੇ ਪਏ ਸਨ। ਫਰਸ਼ ਉੱਤੇ ਇਕ ਟੇਬਿਲ ਫੈਨ ਪਿਆ ਸੀ, ਜੋ ਬੰਦ ਸੀ। ਦੋ ਦੀਵਾਰਾਂ ਉੱਤੇ ਸੀਪਿਆਂ ਨਾਲ ਬਣੀਆਂ ਦੋ ਤਸਵੀਰਾਂ ਲੱਗੀਆਂ ਹੋਈਆਂ ਸਨ। ਇਕ ਕੋਨੇ ਵਿਚ ਲੱਕੜੀ ਦੀ ਪਤਲੀ ਜਿਹੀ ਅਲਮਾਰੀ ਸੀ। ਉਸ ਵਿਚ ਕੁਝ ਕਿਤਾਬਾਂ ਸਨ। ਹੇਠਾਂ ਚੱਪਲਾਂ ਪਈਆਂ ਸਨ। ਕੱਪੜੇ ਦਾ ਇਕ ਝੋਲਾ ਸੀ। ਛੋਟਾ ਜਿਹਾ ਸੋਟਾ ਤੇ ਇਮਾਮਦਸਤਾ ਪਿਆ ਸੀ।

“ਕਦੋਂ ਆਇਆ ਏਂ ?” ਕਾਮਿਲ ਨੇ ਹੌਲੀ ਜਿਹੀ ਪੁੱਛਿਆ।

“ਅੱਜ ਹੀ।” ਮੈਂ ਵੀ ਫੁਸਫੁਸਾ ਕੇ ਦੱਸਿਆ।

ਕਾਮਿਲ ਫਿਰ ਚੁੱਪ ਹੋ ਗਿਆ। ਮੈਂ ਵੀ ਚੁੱਪ ਬੈਠਾ ਰਿਹਾ।

ਕਮਰੇ ਵਿਚ ਹੁਣ ਹਨ੍ਹੇਰਾ ਹੋ ਗਿਆ। ਕਾਮਿਲ ਉੱਠਿਆ। ਉਸ ਨੇ ਕੋਨੇ ਵਿਚ ਲੱਗੇ ਬੋਰਡ ਦਾ ਸਵਿੱਚ ਦਬਾਇਆ। ਮ੍ਰਿਦੰਗ ਉੱਪਰ ਲੱਗਾ ਛੋਟਾ ਜਿਹਾ ਬਲਬ ਜਗ ਪਿਆ। ਉਸ ਦੇ ਪਿਤਾ ਨੇ ਬੁੜਬੁੜਾਉਂਦੇ ਹੋਏ ਰੋਸ਼ਨੀ ਵੱਲ ਹੱਥ ਜੋੜ ਕੇ ਕੋਈ ਪ੍ਰਾਰਥਨਾ ਕੀਤੀ।

ਕਾਮਿਲ ਨੇ ਮੈਨੂੰ ਉੱਠਣ ਦਾ ਇਸ਼ਾਰਾ ਕੀਤਾ। ਮੈਂ ਖੜਾ ਹੋ ਗਿਆ। “ਮੈਂ ਇਸ ਨੂੰ ਛੱਡ ਕੇ ਆਉਂਦਾ ਹਾਂ।” ਕਾਮਿਲ ਨੇ ਪਿਤਾ ਨੂੰ ਕਿਹਾ। ਉਨ੍ਹਾਂ ਹੌਲੀ ਜਿਹੀ ਸਿਰ ਹਿਲਾ ਦਿੱਤਾ।

ਅਸੀਂ ਕਮਰੇ ਦੇ ਬਾਹਰ ਵਾਲੀ ਖੁੱਲ੍ਹੀ ਥਾਂ ਉੱਤੇ ਆ ਗਏ। ਨਾਲ ਦੇ ਕਮਰੇ ਵਿਚ ਕੁਝ ਔਰਤਾਂ ਤੇ ਬੱਚੇ ਸਨ। ਉਹ ਸਾਰੇ ਹੌਲੀ-ਹੌਲੀ ਬੋਲ ਰਹੇ ਸਨ। ਇੱਥੇ ਇਕ ਬਲਬ ਪਹਿਲੇ ਤੋਂ ਹੀ ਜਗ ਰਿਹਾ ਸੀ। ਮੈਂ



ਬਨ੍ਹੇਰੇ ਤੋਂ ਹੇਠਾਂ ਝਾਕਿਆ। ਕਾਮਿਲ ਉਦੋਂ ਤੱਕ ਬਾਹਰਲੇ ਦਰਵਾਜ਼ੇ ਤੱਕ ਪਹੁੰਚ ਗਿਆ ਸੀ। ਉੱਥੇ ਉਹ ਚੁੱਪਚਾਪ ਖੜ੍ਹਾ ਸੀ। ਮੈਂ ਕੁਝ ਪਲ ਹੇਠਾਂ ਦੇਖਦਾ ਰਿਹਾ। ਜਾਲ ਉੱਤੇ ਤੈਰਦੀ ਉਸ ਦੀ ਮਾਂ ਹੇਠਾਂ ਡਿੱਗ ਪਈ ਹੋਏਗੀ ? ਮੈਂ ਵੀ ਦਰਵਾਜ਼ੇ ਤੇ ਆ ਗਿਆ।

“ਤੈਨੂੰ ਹੇਠਾਂ ਛੱਡ ਆਵਾਂ ? ਪੌੜੀਆਂ ’ਚ ਹਨ੍ਹੇਰਾ ਹੋਏਗਾ।” ਕਾਮਿਲ ਬੋਲਿਆ।

“ਕੋਈ ਬਲਬ ਨਹੀਂ ਜਗਾਉਂਦਾ ?”

“ਸਾਰੇ ਚੋਰੀ ਹੋ ਜਾਂਦੇ ਹਨ।”

ਕਾਮਿਲ ਨੇ ਮੇਰਾ ਹੱਥ ਫੜ੍ਹ ਲਿਆ, “ਦੂਜਾ ਹੱਥ ਦੀਵਾਰ ਉੱਤੇ ਰੱਖਦੇ ਹੋਏ ਸਹਾਰਾ ਲੈ ਕੇ ਆ ਜਾ।”

ਮੈਂ ਕਾਮਿਲ ਦੇ ਪਿੱਛੇ-ਪਿੱਛੇ ਉਤਰਨ ਲੱਗ ਪਿਆ।

ਦੀਵਾਰ ਵਿਚ ਬਣੀਆਂ ਜਾਲੀਆਂ ਵਿਚੋਂ ਦੋ ਜਾਲੀਆਂ ਖੁੱਲ੍ਹੀਆਂ ਸਨ, ਉਨ੍ਹਾਂ ’ਚੋਂ ਕਿਤੇ-ਕਿਤੇ ਰੋਸ਼ਨੀ ਝਾਕ ਰਹੀ ਸੀ। ਉਸ ਕਾਰਣ ਕਦੇ-ਕਦੇ ਪੌੜੀ ਨਜ਼ਰ ਆਉਣ ਲੱਗਦੀ।

ਕਾਮਿਲ ਮੈਨੂੰ ਉਸੇ ਚੌਕੋਰ ਥਾਂ ਤੇ ਲੈ ਆਇਆ, ਫਿਰ ਬਾਹਰ ਸੜਕ ’ਤੇ। ਉਸ ਨੇ ਮੇਰਾ ਹੱਥ ਛੱਡ ਦਿੱਤਾ। ਕੁਝ ਦੇਰ ਚੁੱਪ ਰਿਹਾ।

“ਮੈਂ ਪਰਸੋਂ ਸਕੂਲ ਆਵਾਂਗਾ।” ਉਸ ਨੇ ਸਿਰ ਚੁੱਕ ਕੇ ਮੇਰੇ ਵੱਲ ਪਹਿਲੀ ਵਾਰ ਭਰਪੂਰ ਨਜ਼ਰ ਨਾਲ ਦੇਖਿਆ। ਉਸ ਦੀਆਂ ਅੱਖਾਂ ਭਰੀਆਂ ਹੋਈਆਂ ਸਨ। ਮੈਂ ਸਿਰ ਹਿਲਾਇਆ ਤੇ ਤੁਰਨ ਲੱਗਾ।

“ਉਸ ਨੇ ਫਿਰ ਤੈਨੂੰ ਭੂਰੀ ਤਾਂ ਨਹੀਂ ਕਿਹਾ ?” ਕਾਮਿਲ ਨੇ ਕਿਹਾ।

“ਨਹੀਂ।” ਕਾਮਿਲ ਨੇ ਸਿਰ ਝੁਕਾਇਆ, ਫਿਰ ਵਾਪਸ ਦੀਵਾਰ ਵੱਲੋਂ ਉਸੇ ਚੌਕੋਰ ਹਿੱਸੇ ’ਚ ਜਾ ਕੇ ਗੁੰਮ ਹੋ ਗਿਆ।

ਕਾਮਿਲ ਸਕੂਲ ਆਉਣ ਲੱਗ ਪਿਆ। ਹੌਲੀ-ਹੌਲੀ ਸਭ ਰੁਟੀਨ ਵਾਂਗ ਹੁੰਦਾ ਗਿਆ। ਕਾਮਿਲ ਹਿਸਾਬ ਵਿਚ ਕਮਜ਼ੋਰ ਸੀ। ਉਹ ਅਕਸਰ ਮੇਰੇ ਘਰ ਕੁਝ ਸਮਝਣ ਲਈ ਆ ਜਾਂਦਾ। ਉਹ ਕਦੇ ਸਿੱਧੇ ਮੇਰੇ ਘਰ ਅੰਦਰ ਨਾ ਆਉਂਦਾ। ਲੋਹੇ ਦਾ ਫਾਟਕ ਖੋਲ੍ਹ ਕੇ ਉੱਥੋਂ ਹੀ ਆਵਾਜ਼ ਮਾਰਦਾ। ਲਾਅਨ ਅਤੇ ਛੋਟੀ ਜਿਹੀ ਸੜਕ ਪਾਰ ਕਰਨ ਮਗਰੋਂ ਉਸ ਦੀ ਆਵਾਜ਼ ਜਦੋਂ ਕਿਸੇ ਨੂੰ ਸੁਣਾਈ ਦੇ ਜਾਂਦੀ, ਉਦੋਂ ਉਹ ਮੈਨੂੰ ਦੱਸ ਦੇਂਦਾ। ਮੈਂ ਬਾਹਰ ਆ ਕੇ ਉਸ ਨੂੰ ਅੰਦਰ ਲੈ ਆਉਂਦਾ।

“ਤੂੰ ਸਿੱਧੇ ਅੰਦਰ ਕਿਉਂ ਨਹੀਂ ਆਉਂਦਾ।” ਮੈਂ ਕਿਹਾ।

“ਨਹੀਂ...ਕਿਸੇ ਦੇ ਘਰ ਇੰਝ ਨਹੀਂ ਜਾਂਦੇ।”

ਉਹ ਸਿਰ ਨੀਵੇਂ ਪਾ ਕੇ ਸਹਿਮਿਆ ਖਲੋਤਾ ਰਹਿੰਦਾ। ਮੈਂ ਉਸ ਨੂੰ ਲੈ ਕੇ ਬਾਹਰ ਵਾਲੇ ਬਰਾਮਦੇ ਵਿਚ ਲੈ ਆਉਂਦਾ। ਉੱਥੇ ਮੇਜ਼-ਕੁਰਸੀਆਂ ਪਈਆਂ ਹੁੰਦੀਆਂ। ਕਾਮਿਲ ਇਸ ਤੋਂ ਅੱਗੇ ਕਦੇ ਮੇਰੇ ਘਰ ਅੰਦਰ ਨਾ ਜਾਂਦਾ। ਅਸੀਂ ਉੱਥੇ ਹੀ ਬਹਿ ਜਾਂਦੇ। ਮੈਂ ਕਾਮਿਲ ਨੂੰ ਹਿਸਾਬ ਪੜ੍ਹਾ ਦੇਂਦਾ।

ਅਸੀਂ ਧਰਮਸਥਲ ਅੰਦਰ ਘੁੰਮਣ ਜਾਂਦੇ ਰਹੇ। ਇਕ ਦਰੱਖ਼ਤ ਦੇ ਫ਼ਲ ਖਤਮ ਹੁੰਦੇ ਤਾਂ ਦੂਸਰਿਆਂ ਦੇ ਸ਼ੁਰੂ ਹੋ ਜਾਂਦੇ। ਅਨੇਕਾਂ ਵਾਰ ਸੰਨਾਟੇ ਭਰੀਆਂ ਸੜਕਾਂ, ਡੂੰਘਾ ਇਕਾਂਤ ਅਤੇ ਵਕੀਲਾਂ ਦੇ ਖ਼ਾਲੀ ਤਖ਼ਤਿਆਂ ਉੱਤੇ ਲੰਮੇ ਪੈ ਕੇ ਉੱਡਦੇ ਬੱਦਲਾਂ ਨੂੰ ਦੇਖਣ ਦਾ ਸੁਖ ਸਾਨੂੰ ਉੱਥੇ ਲੈ ਜਾਂਦਾ। ਧਰਮਸਥਲ ਸਾਡਾ ਦੂਜਾ ਘਰ ਬਣ ਗਿਆ ਸੀ।

ਬਾਰਿਸ਼ ਦੇ ਦਿਨਾਂ ਵਿਚ ਇਕ ਦੁਪਹਿਰ ਅਸੀਂ ਕਚਹਿਰੀ ਦੇ ਤੀਸਰੇ ਗੇਟ ਤੋਂ ਬਾਹਰ ਨਿਕਲੇ, ਜੋ ਕਬਰਸਤਾਨ ਵੱਲ ਖੁੱਲ੍ਹਦਾ ਸੀ। ਉਸ ਦਿਨ ਕਚਹਿਰੀ ਖੁੱਲ੍ਹੀ ਸੀ, ਭੀੜ ਨਹੀਂ ਸੀ। ਅਸੀਂ ਜਿਵੇਂ ਹੀ

ਸੜਕ 'ਤੇ ਪਹੁੰਚੇ, ਤੇਜ਼ ਵਰਖਾ ਆਰੰਭ ਹੋ ਗਈ। ਸਾਹਮਣੇ ਕੁਝ ਕਬਰਾਂ ਉੱਤੇ ਛੱਤ ਵਾਲੇ ਮਕਬਰੇ ਬਣੇ ਹੋਏ ਸਨ। ਅਸੀਂ ਇਕ ਮਕਬਰੇ ਅੰਦਰ ਜਾ ਬੈਠੇ।

"ਮੈਂ ਹੁਣ ਸ਼ਾਮ ਨੂੰ ਨਹੀਂ ਮਿਲਿਆ ਕਰਾਂਗਾ।" ਕਾਮਿਲ ਨੇ ਤਲੀ ਤੇ ਆਏ ਪਾਣੀ ਨੂੰ ਦੂਜੇ ਹੱਥ ਨਾਲ ਪੂੰਝਦੇ ਹੋਏ ਕਿਹਾ। ਮੈਂ ਉਸ ਵੱਲ ਦੇਖਿਆ। ਉਸ ਨੇ ਇਕ ਸੁੱਕੀ ਡੰਡੀ ਚੁੱਕੀ ਤੇ ਪੱਥਰਾਂ ਵਿਚਕਾਰਲੀ ਮਿੱਟੀ ਨੂੰ ਉਸ ਨਾਲ ਖੁਰਣ ਲੱਗ ਪਿਆ।

"ਕਿਉਂ।"

"ਸ਼ਾਮ ਨੂੰ ਮੈਂ ਟਾਈਪ ਸਿੱਖਣ ਜਾਵਾਂਗਾ।"

"ਕਿਉਂ ?" ਮੈਂ ਪੁੱਛਿਆ।

"ਵੱਡੇ ਭਰਾ ਨੇ ਦੂਜੇ ਸ਼ਹਿਰ ਵਿਚ ਟ੍ਰਾਂਸਫਰ ਕਰਾ ਲਿਆ ਏ। ਉਹ ਸਾਰੇ ਪੰਦਰਾਂ ਦਿਨ ਵਿਚ ਚਲੇ ਜਾਣਗੇ। ਛੋਟੇ ਭਰਾ ਨੇ ਕਹਿ ਦਿੱਤਾ ਹੈ ਕਿ ਉਹ ਇਕੱਲੇ ਪੂਰੇ ਘਰ ਦਾ ਖਰਚਾ ਨਹੀਂ ਚੁੱਕ ਸਕਦਾ। ਮੈਨੂੰ ਜਾਂ ਬਾਬੂ ਨੂੰ ਵੀ ਅੱਧਾ ਖਰਚਾ ਚੁੱਕਣਾ ਪਏਗਾ। ਬਾਬੂ ਦੀਆਂ ਬਣਾਈਆਂ ਚੀਜ਼ਾਂ ਕਦੇ ਬਹੁਤੀਆਂ ਨਹੀਂ ਵਿਕਦੀਆਂ। ਕਦੇ ਕਿਸੇ ਸਕੂਲ ਵਿਚ ਕੋਈ ਨਾਟਕ ਕਰਨ ਨੂੰ ਮਿਲ ਜਾਂਦਾ ਏ ਜਾਂ ਕਿਸੇ ਕਵੀ ਸੰਮੇਲਨ ਦਾ ਸੰਚਾਲਨ ਕਰਨ ਨੂੰ ਜਾਂ ਕੁਝ ਦਿਨਾਂ ਲਈ ਕੋਈ ਪੇਟਿੰਗ ਸਿੱਖਣ ਆ ਜਾਂਦੀ ਹੈ। ਪਰ ਇਸ ਨਾਲ ਖਰਚਾ ਪੂਰਾ ਨਹੀਂ ਪੈਂਦਾ। ਮੈਨੂੰ ਹੀ ਕੁਝ ਕਰਨਾ ਪਏਗਾ। ਟਾਈਪਿੰਗ ਸਿੱਖ ਲਵਾਂਗਾ ਤਾਂ ਇੱਥੇ ਕਿਸੇ ਵੱਡੇ ਵਕੀਲ ਜਾਂ ਟਾਈਪਿਸਟ ਕੋਲ ਕੰਮ ਮਿਲ ਜਾਏਗਾ। ਕੁਝ ਨਾ ਹੋਇਆ ਤਾਂ ਆਪਣੀ ਮਸ਼ੀਨ ਲੈ ਕੇ ਹੀ ਕਿਸੇ ਦਰੱਖ਼ਤ ਹੇਠ ਬੈਠ ਜਾਵਾਂਗਾ।"

ਮੈਂ ਕੁਝ ਨਾ ਕਿਹਾ। ਚੁੱਪਚਾਪ ਸਾਹਮਣੇ ਬਾਰਿਸ਼ ਵੱਲ ਦੇਖਦਾ ਰਿਹਾ।

"ਵੇਖ।" ਕਾਮਿਲ ਨੇ ਜੇਬ੍ਹ ਵਿਚ ਹੱਥ ਪਾ ਕੇ ਇਕ ਕਾਗਜ਼ ਕੱਢਿਆ।

"ਮੈਂ ਟਾਈਪਿੰਗ ਸਕੂਲ ਵਿਚ ਨਾਂ ਵੀ ਲਿਖਵਾ ਲਿਆ ਏ। ਇਹ ਲਾਈਨ ਸਭ ਤੋਂ ਪਹਿਲਾਂ ਕਰਨੀ ਹੁੰਦੀ ਹੈ। ਸੈਕੜੇ ਵਾਰ ਇਸ ਸਾਰੇ ਅੰਗਰੇਜ਼ੀ ਦੇ ਅੱਖਰ ਹਨ।" ਕਾਮਿਲ ਨੇ ਕਾਗਜ਼ ਮੇਰੇ ਵੱਲ ਵਧਾ ਦਿੱਤਾ। ਮੈਂ ਪੜ੍ਹਿਆ

"ਦਿ ਕਿਵਕ ਬ੍ਰਾਈਨ ਫਾਕਸ ਜਮਪਸ ਓਵਰ ਦਿ ਲੇਜ਼ੀ ਡਾੱਗ।"

ਮੈਂ ਕਾਗਜ਼ ਉਸ ਨੂੰ ਵਾਪਸ ਮੋੜ ਦਿੱਤਾ। ਕਾਮਿਲ ਨੇ ਕਾਗਜ਼ ਮੋੜ ਕੇ ਵਾਪਸ ਜੇਬ੍ਹ ਵਿਚ ਪਾ ਲਿਆ। ਉਹ ਵੀ ਚੁੱਪਚਾਪ ਬਾਰਿਸ਼ ਵੱਲ ਵੇਖਣ ਲੱਗ ਪਿਆ।

ਹੌਲੀ-ਹੌਲੀ ਬਾਰਿਸ਼ ਦੇ ਸ਼ੋਰ ਵਿਚ ਇਕ ਵੱਖਰੀ ਤਰ੍ਹਾਂ ਦਾ ਰੌਲਾ ਰਲਣ ਲੱਗ ਪਿਆ। ਇਹ ਰੌਲਾ ਗਹਿਰਾ ਹੁੰਦਾ ਜਾ ਰਿਹਾ ਸੀ। ਇਹ ਬਾਰਿਸ਼ ਅਤੇ ਹਵਾ ਵਿਚ ਲਹਿਰਾਉਂਦੇ ਪੱਤਿਆਂ ਦੇ ਸ਼ੋਰ ਉੱਤੇ ਹਾਵੀ ਹੋ ਰਿਹਾ ਸੀ। ਸੜਕ ਉੱਤੇ ਲੋਕ ਦਿਸੇ, ਫਿਰ ਹੌਲੀ-ਹੌਲੀ ਬਹੁਤ ਸਾਰੇ ਲੋਕ ਨਜ਼ਰ ਆਉਣ ਲੱਗ ਪਏ। ਉਹ ਬਾਰਿਸ਼ ਵਿਚ ਭਿੱਜਦੇ ਹੋਏ ਧਰਮਸਥਲ ਦੇ ਤੀਸਰੇ ਦਰਵਾਜ਼ੇ ਲਈ ਵਧਦੇ ਆ ਰਹੇ ਸਨ।

ਅਸੀਂ ਮਕਬਰੇ ਦੀ ਛੱਤ ਵਿਚੋਂ ਬਾਹਰ ਨਿਕਲ ਆਏ। ਟੁੱਟੀ ਚਾਰਦਵਾਰੀ ਪਿੱਛੋਂ ਅਸੀਂ ਦੇਖਿਆ। ਖੱਬੇ ਪਾਸੇ ਜੇਲ੍ਹ ਦੇ ਚੌਰਾਹੇ ਵਲੋਂ ਅਣਗਿਣਤ ਆਦਮੀਆਂ ਦਾ ਜਲੂਸ ਆ ਰਿਹਾ ਸੀ। ਉਨ੍ਹਾਂ ਦੇ ਹੱਥਾਂ ਵਿਚ ਲਾਲ ਝੰਡੇ, ਲਾਲ ਕੱਪੜਿਆਂ ਦੇ ਬੈਨਰ ਸਨ। ਉਹ ਸਾਰੇ ਉਤੇਜਨਾ ਤੇ ਉਤਸ਼ਾਹ ਨਾਲ ਚੀਖ ਰਹੇ ਸਨ। ਬਾਰਿਸ਼ ਵਿਚ ਭਿੱਜੇ ਉਨ੍ਹਾਂ ਦੇ ਚਿਹਰਿਆਂ ਉੱਤੇ ਫੁਲੀਆਂ ਨਸਾਂ ਅਤੇ ਮੱਥੇ ਉੱਤੇ ਤਿਓੜੀਆਂ ਸਨ। ਉਹ ਨਾਅਰੇ ਲਗਾ ਰਹੇ ਸਨ। ਉਨ੍ਹਾਂ ਦੇ ਪਿੰਡਿਆਂ ਨਾਲ ਭਿੱਜੇ ਕੱਪੜੇ ਚਿਪਕੇ ਹੋਏ ਸਨ। ਉਨ੍ਹਾਂ ਦੀਆਂ ਹੱਡੀਆਂ...ਸੁੱਕੇ ਚਿਹਰੇ ਪੈਰਾਂ ਦੀਆਂ ਫਟੀਆਂ ਅੱਡੀਆਂ ਦਿਸ ਰਹੀਆਂ ਸਨ। ਸਾਰਿਆਂ ਦੇ ਚਿਹਰੇ ਇਕੋ ਜਿਹੇ ਸਨ। ਸੁੱਕੇ, ਮੁਰਝਾਏ ਹੱਡੀਆਂ ਨਿਕਲੇ ਢਾਂਚੇ। ਉਨ੍ਹਾਂ ਦੀਆਂ ਅੱਖਾਂ ਵੀ ਨਿਸਤੇਜ ਸਨ। ਸਾਰੇ



ਹੀ ਬਾਰਿਸ਼ ਦੇ ਧੁੰਧਲਕੇ ਪਿੱਛੋਂ ਹੌਲੀ-ਹੌਲੀ ਨਿਕਲਦੇ ਆ ਰਹੇ ਸਨ।

ਜਲੂਸ ਵਿਚ ਅੱਗੇ-ਅੱਗੇ ਜੋ ਲੋਕ ਚਲ ਰਹੇ ਸਨ। ਪੈੜਚਾਲ, ਨਾਅਰਿਆਂ ਦੀ ਥਰਥਰਾਹਟ, ਨਗਾੜਿਆਂ, ਲਾਊਡ ਸਪੀਕਰ ਦੀਆਂ ਆਵਾਜ਼ਾਂ ਨਾਲ ਹੌਲੇ-ਹੌਲੇ ਅੱਗੇ ਵੱਧਦੇ ਹੋਏ ਜਲੂਸ ਧਰਮਸਥਲ ਅੰਦਰ ਜਾਣ ਲੱਗਾ। ਉਸ ਦਾ ਦੂਸਰਾ ਸਿਰਾ ਕਿੱਧਰੇ ਦਿਸ ਨਹੀਂ ਰਿਹਾ ਸੀ।

"ਇਹ ਕਿੱਥੇ ਜਾ ਰਹੇ ਹਨ।" ਮੈਂ ਪੁੱਛਿਆ।

"ਡੀ.ਐੱਮ. ਕੋਲ। ਇਨਸਾਫ਼ ਮੰਗਣ। ਉਹੀ ਇੱਥੋਂ ਦਾ ਸਭ ਤੋਂ ਵੱਡਾ ਧਰਮਧਿਕਾਰੀ ਹੈ। ਤੈਨੂੰ ਦੱਸਿਆ ਸੀ ਨਾ..., ਇਹ ਧਰਮਸਥਲ ਇਸੇ ਲਈ ਤਾਂ ਬਣਾਇਆ ਗਿਆ ਹੈ ਕਿ ਸਾਰਿਆਂ ਨੂੰ ਇਨਸਾਫ਼ ਮਿਲੇ।"

ਮੈਂ ਕੁਝ ਨਾ ਬੋਲਿਆ ਪਰ ਮੈਨੂੰ ਕਾਮਿਲ ਦੀ ਗੱਲ ਸਮਝ ਨਾ ਆਈ। ਜੇ ਸਾਰਿਆਂ ਨੂੰ ਇੱਥੇ ਇਨਸਾਫ਼ ਮਿਲ ਜਾਂਦਾ ਹੈ ਤਾਂ ਇਕੱਠੇ, ਐਨੇ ਲੋਕਾਂ ਨੂੰ ਇੱਥੇ ਜਲੂਸ ਬਣਾ ਕੇ ਇਨਸਾਫ਼ ਮੰਗਣ ਆਉਣ ਦੀ ਕੀ ਲੋੜ ਪੈ ਗਈ ?

ਮੈਂ ਕਾਮਿਲ ਨੂੰ ਦੇਖਿਆ। ਚਾਰਦੀਵਾਰੀ ਤੋਂ ਹੱਟ ਕੇ ਹੌਲੀ-ਹੌਲੀ ਉਹ ਟੁੱਟੇ ਦਰਵਾਜ਼ੇ ਤੱਕ ਆ ਗਿਆ। ਮੈਂ ਉਸ ਦੇ ਪਿੱਛੇ ਸੀ।

"ਚਲੇਂਗਾ ?" ਉਸ ਨੇ ਪੁੱਛਿਆ।

"ਕਿੱਥੇ ?"

"ਜਲੂਸ ਵਿਚ ?"

"ਨਹੀਂ।" ਮੈਂ ਨਾਂਹ ਵਿਚ ਸਿਰ ਹਿਲਾ ਦਿੱਤਾ। ਕਾਮਿਲ ਦਰਵਾਜ਼ੇ ਦੇ ਲੋਹੇ ਦੀਆਂ ਜੰਗ ਲੱਗੀਆਂ ਸਲਾਖਾਂ ਨਾਲ ਮੂੰਹ ਚਿਪਕਾਏ ਅੱਖਾਂ ਚੌੜੀਆਂ ਕਰ ਜਲੂਸ ਦੇਖ ਰਿਹਾ ਸੀ। ਸਲਾਖਾਂ ਤੋਂ ਚੌਂਦੀਆਂ ਪਾਣੀ ਦੀਆਂ ਬੂੰਦਾਂ ਨੂੰ ਪੀਂਦੇ ਹੋਏ ਉਹ ਬੋਲਿਆ, "ਅੱਜਕਲ੍ਹ ਗੰਗਾ ਵੀ ਇੰਝ ਹੀ ਉਬਲ ਰਹੀ ਹੈ। ਉਸ ਦਾ ਵੀ ਦੂਸਰਾ ਸਿਰਾ ਨਹੀਂ ਲੱਭਦਾ।"

ਦਿ ਕਿਵਕ ਬ੍ਰਾਊਨ ਫਾੱਕਸ...ਕਾਮਿਲ ਨੇ ਇਕ ਹਫ਼ਤੇ ਵਿਚ ਹੀ ਸਿੱਖ ਲਿਆ। ਦੋ ਮਹੀਨਿਆਂ ਵਿਚ ਹੀ ਉਸ ਨੇ ਇੰਗਲਿਸ਼ ਟਾਈਪਿੰਗ ਵਿਚ ਪ੍ਰਤੀ ਮਿੰਟ ਚਾਲੀ ਸ਼ਬਦ ਟਾਈਪ ਕਰਨ ਦੀ ਰਫ਼ਤਾਰ ਪਕੜ ਲਈ।

ਚੂੜੀ ਬਾਜ਼ਾਰ ਜਿੱਥੇ ਖ਼ਤਮ ਹੁੰਦਾ ਸੀ, ਉਸ ਦੇ ਅੱਗੇ ਇਕ ਪੁਰਾਣੇ ਗੈਰਾਜ ਵਿਚ ਟਾਈਪਿੰਗ ਸਕੂਲ ਸੀ। ਲੱਕੜ ਦੀਆਂ ਚਾਰ ਬੈਂਚਾਂ ਉੱਥੇ ਪਈਆਂ ਸਨ। ਉਨ੍ਹਾਂ ਵਿਚਕਾਰ ਛੋਟੀਆਂ ਮੇਜਾਂ ਉੱਤੇ ਬਾਰ੍ਹਾਂ ਪੁਰਾਣੇ, ਟਾਈਪਰਾਈਟਰ ਪਏ ਸਨ। ਤਿੰਨ ਸਿਫ਼ਟਾਂ ਵਿਚ ਮੁੰਡੇ-ਕੁੜੀਆਂ ਉੱਥੇ ਟਾਈਪਿੰਗ ਸਿੱਖਦੇ ਸਨ। ਸਰਕਾਰੀ ਨੌਕਰੀ ਵਿਚ ਟਾਈਪਿਸਟ ਲੱਗਣਾ ਉਦੋਂ ਸਨਮਾਨ ਅਤੇ ਆਰਥਿਕ ਸੁਰੱਖਿਆ ਦੀ ਗੱਲ ਸੀ।

ਬਹੁਤ ਸਾਰੇ ਲੋਕ ਉਸ ਸਕੂਲ ਵਿਚ ਟਾਈਪਿੰਗ ਦਾ ਕੰਮ ਵੀ ਕਰਾਉਂਦੇ ਰਹਿੰਦੇ ਸੀ। ਛੋਟੀਆਂ ਕੰਪਨੀਆਂ, ਥੀਸਿਸ ਲਿਖਣ ਵਾਲੇ ਮੁੰਡੇ, ਨੌਕਰੀਆਂ ਦੀ ਅਰਜ਼ੀ ਦੇਣ ਵਾਲੇ ਬੇਰੋਜ਼ਗਾਰ, ਲੇਖਕ ਅਤੇ ਕਚਹਿਰੀ ਦੇ ਵੱਡੇ ਟਾਈਪਿਸਟ, ਜਿਨ੍ਹਾਂ ਕੋਲ ਐਨਾ ਕੰਮ ਹੋ ਜਾਂਦਾ ਸੀ ਕਿ ਉਹ ਤੈਅ ਸਮੇਂ ਵਿਚ ਪੂਰਾ ਕਰਕੇ ਨਹੀਂ ਦੇ ਸਕਦੇ ਸਨ ਅਤੇ ਜਿਹੜੇ ਉਸ ਕੰਮ ਨੂੰ ਇਕੱਲੇ ਪੂਰਾ ਨਹੀਂ ਕਰ ਸਕਦੇ ਸਨ, ਉਹ ਟਾਈਪ ਸਕੂਲ ਦੇ ਕੁਝ ਮੁੰਡਿਆਂ ਨੂੰ ਪੈਸੇ ਦੇ ਕੇ ਇਹ ਕੰਮ ਕਰਵਾ ਲੈਂਦੇ ਸਨ। ਕਾਮਿਲ ਵੀ ਇਹੋ ਕੰਮ ਕਰਨ ਲੱਗਾ।

ਕਚਹਿਰੀ ਵਿਚ ਬਾਬੂ ਆਨੰਦ ਸਰੂਪ ਸਭ ਤੋਂ ਪੁਰਾਣੇ ਅਤੇ ਅਨੁਭਵੀ ਟਾਈਪਿਸਟ ਸਨ। ਉਨ੍ਹਾਂ ਕੋਲ ਬਹੁਤ ਕੰਮ ਰਹਿੰਦਾ। ਆਪ ਵੀ ਡਰਾਫਿੰਟਗ ਕਰ ਟਾਈਪ ਕਰ ਸਕਦੇ ਸਨ। ਉਨ੍ਹਾਂ ਦਾ ਕੋਈ ਨਾ ਕੋਈ

ਕੰਮ ਹਮੇਸ਼ਾ ਸਕੂਲ ਵਿਚ ਆਉਂਦਾ ਹੀ ਰਹਿੰਦਾ ਸੀ। ਕਾਮਿਲ ਦਾ ਘਰ ਕਚਹਿਰੀ ਕੋਲ ਸੀ। ਕਾਮਿਲ ਉਨ੍ਹਾਂ ਤੋਂ ਕਾਗਜ਼ ਲਿਆਉਣ ਅਤੇ ਟਾਈਪ ਕਰ ਵਾਪਸ ਦੇਣ ਜਾਂਦਾ। ਇਕ ਦਿਨ ਬਾਬੂ ਆਨੰਦ ਸਰੂਪ ਨੇ ਉਸ ਨੂੰ ਰੋਕ ਲਿਆ।

"ਤੂੰ ਕਿਵੇਂ ਰੋਜ਼ ਵੇਲੇ ਸਿਰ ਆ ਜਾਂਦਾ ਏਂ ?"

"ਮੈਂ ਇੱਥੇ ਹੀ ਰਹਿੰਦਾ ਹਾਂ।"

"ਕਿੱਥੇ ?"

"ਸਾਹਮਣੇ।"

"ਇਹ ਸਭ ਤੂੰ ਟਾਈਪ ਕਰਦਾ ਏਂ ?"

"ਜ਼ਿਆਦਾਤਰ..."

"ਕਿੰਨੀ ਸਪੀਡ ਹੈ ?"

"ਪੰਤਾਲੀ।"

"ਉੱਥੇ ਕੀ ਮਿਲਦਾ ਹੈ ?"

"ਤਿੰਨ ਰੁਪਏ ਘੰਟਾ।"

"ਮੇਰੇ ਨਾਲ ਕੰਮ ਕਰ। ਇਕ ਪੰਨੇ ਦੇ ਦੋ ਰੁਪਏ ਦੇਵਾਂਗਾ। ਜਿੰਨੇ ਪੰਨੇ ਕਰਨਾ ਚਾਹੇ। ਛੁੱਟੀ ਦੇ ਦਿਨ ਵੀ ਕਰ ਸਕਦਾ ਏਂ। ਤੇਰਾ ਕੰਮ ਸਾਰੇ ਵਕੀਲ ਪਸੰਦ ਕਰਦੇ ਹਨ।"

ਟਾਈਪ ਸਕੂਲ ਛੱਡ ਕੇ ਕਾਮਿਲ ਸ਼ਾਮ ਨੂੰ ਬਾਬੂ ਆਨੰਦ ਸਰੂਪ ਦੇ ਕਮਰੇ ਵਿਚ ਬੈਠਣ ਲੱਗ ਪਿਆ। ਮੈਂ ਆਪਣੀ ਕੋਚਿੰਗ ਤੋਂ ਪਰਤਦੇ ਹੋਏ ਅਕਸਰ ਸ਼ਾਮ ਨੂੰ ਕਾਮਿਲ ਕੋਲ ਰੁੱਕ ਜਾਂਦਾ।

ਲਾਇਰਸ ਐਸੋਸੀਏਸ਼ਨ ਤੇ ਤਿੰਨ ਕਮਰਿਆਂ ਵਿਚੋਂ ਇਕ ਕਮਰਾ ਬਾਬੂ ਆਨੰਦ ਸਰੂਪ ਕੋਲ ਸੀ। ਉਹ ਪਿੱਛਲੇ ਚਾਲ੍ਹੀ ਵਰ੍ਹਿਆਂ ਤੋਂ ਕਚਹਿਰੀ ਵਿਚ ਕੰਮ ਕਰ ਰਹੇ ਸਨ। ਸਾਰੀ ਕਚਹਿਰੀ ਉਨ੍ਹਾਂ ਨੂੰ ਜਾਣਦੀ ਸੀ। ਉਨ੍ਹਾਂ ਦੀ ਉਮਰ 65 ਦੇ ਆਸਪਾਸ ਸੀ। ਹੁਣ ਉਨ੍ਹਾਂ ਤੋਂ ਕੰਮ ਘੱਟ ਹੁੰਦਾ ਸੀ। ਐਸੋਸੀਏਸ਼ਨ ਦੀ ਸ਼ਤਰੰਜ ਲੈ ਕੇ ਇਕ ਕੋਨੇ ਵਿਚ ਬੈਠੇ ਰਹਿੰਦੇ। ਜੋ ਵੀ ਖਾਲੀ ਦਿੱਸਦਾ, ਉਸ ਨੂੰ ਆਵਾਜ਼ ਦੇ ਕੇ ਬੁਲਾ ਲੈਂਦੇ ਸਨ। ਕਈ ਵਾਰ ਖੂਹ ਦਾ ਪਾਣੀ ਵੇਚਣ ਵਾਲੇ ਮੁੰਡੇ ਨੂੰ ਬੁਲਾ ਕੇ ਕਹਿੰਦੇ, "ਵੇਖੀਂ ਜ਼ਰਾ ਉੱਪਰ...ਧੁੱਪ ਵਿਚ ਕੋਈ ਵਕੀਲ ਖਾਲੀ ਬੈਠਾ ਹੋਵੇ ਤਾਂ ਭੇਜੀਂ ਇੱਧਰ।" ਬੁਲਾਵੇ ਦੀ ਉਡੀਕ ਕਰਦੇ ਕਿਸੇ ਵੀ ਬੰਦੇ ਨੂੰ ਫੜ ਲੈਂਦੇ।

"ਇਕ ਬਾਜ਼ੀ ਹੋ ਜਾਏ ਜਨਾਬ।"

ਸੁਣਵਾਈ ਦੌਰਾਨ ਮਿਲਦੇ ਸਮੇਂ ਵਿਚ ਵਕੀਲ ਤੇ ਮੁਵਕਿੱਲ ਵੀ ਉਨ੍ਹਾਂ ਨਾਲ ਸ਼ਤਰੰਜ ਖੇਡਣ ਆ ਜਾਂਦੇ। ਉਦੋਂ ਕਮਰੇ ਦੇ ਉਸ ਕੋਨੇ ਵਿਚ ਮੇਜ਼ ਦੇ ਚਾਰੋਂ ਪਾਸੇ ਭੀੜ ਜੁੱਟ ਜਾਂਦੀ। ਝੁਕੇ ਹੋਏ ਸਿਰਾਂ ਵਿਚਕਾਰੋਂ ਸਿਗਰੇਟ ਦਾ ਧੂੰਆਂ ਉੱਡਦਾ ਰਹਿੰਦਾ। ਕਦੇ-ਕਦੇ ਕੋਈ ਕਹਿ ਦੇਂਦਾ, "ਘੋੜਾ ਉਡਾ ਦਿਓ ਬਾਬੂ ਜੀ...ਵਜ਼ੀਰ ਕਾਬੂ ਵਿਚ ਆ ਜਾਏਗਾ।"

ਚਾਲ ਗ਼ਲਤ ਹੋ ਜਾਂਦੀ ਤਾਂ ਬਾਬੂ ਆਨੰਦ ਸਰੂਪ ਦੇ ਚਿਹਰੇ ਉੱਤੇ ਕਦੇ ਝੁੰਜਲਾਹਟ ਨਾ ਆਉਂਦੀ। ਖੇਡਣਾ ਛੱਡ, ਸਿੱਧੇ ਹੋ ਕੇ ਕੁਰਸੀ ਦੀ ਪਿੱਠ ਨਾਲ ਟੇਕ ਲਾ ਲੈਂਦੇ। ਸਿਗਰੇਟ ਦਾ ਸੂਟਾ ਮਾਰਦੇ ਹੋਏ ਕੁਝ ਪਲ ਉਸ ਬੰਦੇ ਨੂੰ ਦੇਖਦੇ ਰਹਿੰਦੇ, ਫਿਰ ਅਤਿਅੰਤ ਸ਼ਾਂਤ ਅਤੇ ਸੰਜਮੀ ਆਵਾਜ਼ ਵਿਚ ਪੁੱਛਦੇ, "ਘੋੜਾ ਉੱਡੇਗਾ ਤਾਂ ਕੀ ਬਾਜ਼ੀ ਹੱਥ ਵਿਚ ਰਹੇਗੀ ਤੇਰੀ... ?"

ਉਹ ਆਦਮੀ ਹੜਬੜਾ ਕੇ ਫਿਰ ਮੋਹਰਿਆਂ ਉੱਤੇ ਝੁਕ ਜਾਂਦਾ।

ਸ਼ਾਮ ਨੂੰ ਕਚਹਿਰੀ ਬੰਦ ਹੋਣ ਤੋਂ ਬਾਅਦ ਵੀ ਲੋਕ ਬੈਠੇ ਰਹਿੰਦੇ...ਆਉਂਦੇ ਰਹਿੰਦੇ।



ਕਾਮਿਲ ਕੰਮ ਕਰਨ ਲੱਗ ਪਿਆ ਸੀ ਤੇ ਬਾਬੂ ਆਨੰਦ ਸਰੂਪ ਨੇ ਆਪ ਕੰਮ ਕਰਨਾ ਹੋਰ ਵੀ ਘੱਟ ਕਰ ਦਿੱਤਾ ਸੀ। ਮੈਂ ਆਉਂਦਾ ਤਾਂ ਕਾਮਿਲ ਮੁਸਕਰਾ ਕੇ ਮੈਨੂੰ ਆਪਣੇ ਨਾਲ ਵਾਲੀ ਕੁਰਸੀ ਉੱਤੇ ਬਿਠਾ ਲੈਂਦਾ। ਟਾਈਪ ਕਰਦੇ ਹੋਏ ਗੱਲਾਂ ਵੀ ਕਰਦਾ ਜਾਂਦਾ। ਕਦੇ ਚੁੱਪ ਵੀ ਹੋ ਜਾਂਦਾ। ਉਦੋਂ ਮੈਂ ਚਾਰੋਂ ਪਾਸੇ ਨਿਗਾਹ ਦੌੜਾਉਂਦਾ। ਵਕੀਲ ਚਲੇ ਗਏ ਹੁੰਦੇ। ਕਮਰੇ ਦੇ ਇਕ ਕੋਨੇ ਵਿਚ ਸਿਗਰੇਟ ਪੀਂਦੇ ਹੋਏ ਬਾਬੂ ਆਨੰਦ ਸਰੂਪ ਕਿਸੇ ਨਾਲ ਸ਼ਤਰੰਜ ਵਿਚ ਰੁੱਝੇ ਰਹਿੰਦੇ। ਹੌਲੀ-ਹੌਲੀ ਹਨ੍ਹੇਰਾ ਵਧਦਾ ਜਾਂਦਾ। ਕਾਮਿਲ ਉੱਠ ਕੇ ਬਲਬ ਜਗਾ ਦੇਂਦਾ।

"ਬਾਹਰ ਚਲੀਏ ?" ਕਾਮਿਲ ਪੁੱਛਦਾ।

"ਨਹੀਂ, ਤੂੰ ਕੰਮ ਕਰ। ਮੈਂ ਉੱਠ ਜਾਂਦਾ...ਮੈਂ ਤਾਂ ਐਵੇਂ ਹੀ ਆ ਗਿਆ ਸੀ।"

ਕਾਮਿਲ ਨੇ ਕਚਹਿਰੀ ਦੇ ਦੋ ਟਾਈਪਿਸਟਾਂ ਤੋਂ ਸ਼ਾਮ ਲਈ ਉਨ੍ਹਾਂ ਦੇ ਟਾਈਪਰਾਈਟਰ ਕਿਰਾਏ ਤੇ ਲੈ ਕੇ ਦੋ ਮੁੰਡੇ ਹੋਰ ਰੱਖ ਲਏ। ਬਾਬੂ ਆਨੰਦ ਸਰੂਪ ਨੂੰ ਕੋਈ ਇਤਰਾਜ਼ ਨਹੀਂ ਸੀ। ਉਨ੍ਹਾਂ ਨੂੰ ਕੰਮ ਜਲਦੀ ਤੇ ਪੈਸੇ ਜ਼ਿਆਦਾ ਮਿਲਣ ਲੱਗ ਪਏ ਸਨ। ਕਾਮਿਲ ਮੁੰਡਿਆਂ ਨੂੰ ਇਕ ਰੁਪਿਆ ਪੰਨੇ ਦਾ ਦੇਂਦਾ। ਕਈ ਵਾਰ ਇੰਝ ਵੀ ਹੁੰਦਾ ਕਿ ਮੈਂ ਜਾਂਦਾ ਤੇ ਬਾਬੂ ਆਨੰਦ ਸਰੂਪ ਸ਼ਤਰੰਜ ਉੱਤੇ ਇਕੱਲੇ ਹੁੰਦੇ। ਉਹ ਮੈਨੂੰ ਬੁਲਾ ਕੇ ਸ਼ਤਰੰਜ ਸਿਖਾਉਣ ਦੀ ਕੋਸ਼ਿਸ਼ ਕਰਨ ਲੱਗਦੇ।

"ਜੀਵਨ ਵੀ ਇਸੇ ਤਰ੍ਹਾਂ ਹੈ...ਇਕੱਠੇ ਚੌਂਹਠ ਖਾਨਿਆਂ ਉੱਤੇ ਨਜ਼ਰ ਰੱਖਣੀ ਪੈਂਦੀ ਹੈ, ਨਹੀਂ ਤਾਂ ਮਾਤ ਹੋ ਜਾਂਦੀ ਹੈ। ਆ, ਮੈਂ ਤੈਨੂੰ ਸਿਖਾਉਂਦਾ ਹਾਂ।"

ਕਾਮਿਲ ਦੂਰੋਂ ਹੀ ਇਸ਼ਾਰੇ ਨਾਲ ਮੈਨੂੰ ਮਨ੍ਹਾ ਕਰ ਦੇਂਦਾ। ਮੈਂ ਉਨ੍ਹਾਂ ਕੋਲ ਨਾ ਜਾਂਦਾ। ਬਾਬੂ ਆਨੰਦ ਸਰੂਪ ਇਕ ਵਾਰ ਕਾਮਿਲ ਵੱਲ ਦੇਖਦੇ, ਫਿਰ ਉਹ ਖੜੇ ਹੋ ਜਾਂਦੇ।

"ਚਲ ਛੱਡ..." ਉਹ ਕਾਮਿਲ ਨੂੰ ਟਾਈਪਰਾਈਟਰ ਤੋਂ ਉਠਾ ਦੇਂਦੇ, "ਫਿਰ ਕਰ ਲਵੀਂ ਦੋ ਦਿਨ ਤਾਂ ਛੁੱਟੀ ਹੈ।"

ਕਈ ਵਾਰ ਉਹ ਘਰ ਆ ਜਾਂਦੇ। ਉਦੋਂ ਮੈਨੂੰ ਬਾਬੂ ਆਨੰਦ ਸਰੂਪ ਦਾ ਇਕ ਨਵਾਂ ਰੂਪ ਦਿਖਾਈ ਦੇਂਦਾ। ਸੁੱਕੀਆਂ ਪਲਕਾਂ ਉੱਤੇ ਉਂਗਲਾਂ ਫੇਰਦੇ ਹੋਏ ਉਹ ਹੌਲੀ-ਹੌਲੀ ਬੋਲਦੇ...ਖ਼ਾਸ ਤੌਰ ਤੇ ਕਾਮਿਲ ਨਾਲ।

"ਬਹੁਤ ਛੋਟੀ ਉਮਰ ਵਿਚ ਤੂੰ ਇਕ ਅਜੀਬ ਦੁਨੀਆਂ ਵਿਚ ਆ ਗਿਆ ਏਂ। ਪਤਾ ਨਹੀਂ ਤੇਰੀ ਖੁਸ਼ਕਿਸਮਤੀ ਹੈ ਜਾਂ ਬਦਕਿਸਮਤੀ। ਬੰਦੇ ਨੂੰ, ਇੱਥੇ ਸਭ ਤੋਂ ਚੰਗੀ ਤਰ੍ਹਾਂ ਸਮਝ ਜਾਵੇਂਗਾ। ਬੰਦਿਆਂ ਤੋਂ ਵੱਧ ਸ਼ਾਂਤ ਅਤੇ ਨਿਯਮਬੱਧ ਭੇੜੀਆਂ ਦਾ ਝੁੰਡ ਹੈ ਇੱਥੇ। ਬੰਦਾ ਸੁਭਾਅ ਤੋਂ ਯੁੱਧ ਚਾਹੁੰਦਾ ਹੈ। ਸੁਭਾਅ ਤੋਂ ਮਾੜਾ ਹੁੰਦਾ ਹੈ। ਸਿਰਫ਼ ਦੰਡ ਦੇ ਭੈਅ ਨਾਲ ਹੀ ਉਹ ਸਿੱਧੇ ਰਸਤੇ 'ਤੇ ਚੱਲਦਾ ਹੈ। ਦੰਡ ਨਾ ਹੋਵੇ ਤਾਂ ਦੁਨੀਆਂ ਵਿਚ ਡਾਢੇ ਦਾ ਜ਼ੋਰ ਹੀ ਰਹਿ ਜਾਵੇ। ਯਾਨਿ ਹਰ ਵੱਡੀ ਮੱਛੀ ਆਪਣੇ ਤੋਂ ਛੋਟੀ ਮੱਛੀ ਨੂੰ ਨਿਗਲ ਜਾਵੇ। ਇਹ ਦੁਨੀਆਂ ਦੰਡ ਰਾਹੀਂ ਹੀ ਸਿੱਧੇ ਰਾਹ 'ਤੇ ਲਿਆਈ ਜਾ ਸਕਦੀ ਹੈ। ਸਾਰੇ ਇਹੀ ਕਹਿੰਦੇ ਹਨ। ਸਾਰੇ ਧਰਮ ਸ਼ਾਸ਼ਤਰਾਂ ਵਿਚ ਵੀ ਕਿਹਾ ਗਿਆ ਹੈ ਕਿ, "ਦੰਡੇਨ ਨੀਅਤੇ ਦੇਂਏ ਦੰਡ ਨਅਤਿ ਜਾਂ ਪੁਨ :।" ਹੋਰ ਵੀ ਕਿਹਾ ਗਿਆ ਹੈ, "ਸਰਵੋ ਦੰਡਿ ਜਿਤੋ ਲੋਕੋ ਦੁਰਲਭੈ ਹਿ ਸੁਚਿਨਰਰ :। ਦੰਡਿਸਅ ਹਿ ਭਆਦਿ ਭੀਤੈ ਭੋਗਾਐਵ ਪ੍ਰਵਤਰਤੇ।" ਉਹੀ ਸਭ ਲਿਖਿਆ ਹੋਇਆ ਹੈ। ਮੁਕੱਦਮੇ, ਵਕੀਲ, ਗਵਾਹ ਸਾਰਿਆਂ ਬਾਰੇ। ਧਰਮਾਧਿਕਾਰੀ ਦੇ ਕਰਤੱਵਾਂ ਬਾਰੇ। ਇਹ ਕਚਹਿਰੀ ਸਿਰਫ਼ ਪੱਥਰਾਂ ਦੀ ਇਮਾਰਤ ਨਹੀਂ ਹੈ। ਇਹ ਸਿਰਫ਼ ਕਾਨੂੰਨ ਦੇ ਦਾਵ-ਪੇਚਾਂ ਦਾ ਅਖਾੜਾ ਨਹੀਂ ਹੈ। ਇੱਥੇ ਬੰਦਿਆਂ ਨੂੰ ਉਨ੍ਹਾਂ ਦੇ ਸੁੱਖ-ਦੁੱਖ ਵੰਡੇ ਜਾਂਦੇ ਹਨ। ਬੰਦੇ ਲਈ ਪ੍ਰਮਾਤਮਾ ਤੋਂ ਬਾਅਦ ਉਸ ਦੀ ਆਸਥਾ ਦਾ ਕੇਂਦਰ ਇਹ ਧਰਮਸਥਲ, ਧਰਮਾਧਿਕਾਰੀ ਹਨ।" ਉਦੋਂ ਕੋਈ ਬੂਹੇ ਉੱਤੇ ਨਜ਼ਰ ਆ ਜਾਂਦਾ। ਬਾਬੂ ਆਨੰਦ ਸਰੂਪ ਚੌਂਕ ਕੇ ਉੱਠ ਜਾਂਦੇ,

ਜਿਵੇਂ ਨੀਂਦ ਤੋਂ ਜਾਗੇ ਹੋਣ। ਤੇਜ਼ੀ ਨਾਲ ਅਹੁਲਦੇ ਹੋਏ ਉਨ੍ਹਾਂ ਦੀ ਬਾਂਹ ਫੜ੍ਹ ਕੇ ਖਿੱਚਦੇ, "ਆਓ, ਆਓ ਜਨਾਬ...ਕਦੋਂ ਦਾ ਤੁਹਾਨੂੰ ਉਡੀਕਦਾ ਪਿਆ ਹਾਂ।" ਕੋਨੇ ਵਿਚ ਸ਼ਤਰੰਜ ਦੀ ਬਾਜ਼ੀ ਸਜ ਜਾਂਦੀ।

"ਮੈਂ ਬੰਦ ਕਰ ਦੇਵਾਂਗਾ ਸਭ। ਤੁਸੀਂ ਲੋਕ ਚਾਹੋ ਤਾਂ ਚਲੇ ਜਾਓ।" ਉਹ ਬਿਨਾਂ ਦੇਖੇ ਕਾਮਿਲ ਨੂੰ ਕਹਿੰਦੇ। ਕਾਮਿਲ ਇਸ਼ਾਰਾ ਕਰਦਾ। ਅਸੀਂ ਬਾਹਰ ਚਲੇ ਜਾਂਦੇ। ਮੁੜਦੇ ਹੋਏ ਰਸਤੇ ਵਿਚ ਮੈਂ ਬਾਬੂ ਆਨੰਦ ਸਰੂਪ ਦੀਆਂ ਗੱਲਾਂ ਸੋਚਦਾ ਜਾਂਦਾ।

ਸਾਡੇ ਦਸਵੀਂ ਜਮਾਤ ਦੇ ਇਮਤਿਹਾਨ ਖਤਮ ਹੋ ਗਏ ਸੀ। ਗਰਮੀ ਦੀਆਂ ਲੰਮੀਆਂ ਛੁੱਟੀਆਂ ਸਨ। ਕਚਹਿਰੀ ਇਕ ਮਹੀਨੇ ਲਈ ਬੰਦ ਹੋ ਗਈ ਸੀ। ਖਾਲੀ, ਅਕਾਊ, ਲੰਮੇਰੇ ਗਰਮ ਦਿਨ ਫਿਰ ਆ ਗਏ ਸਨ।

ਕਾਮਿਲ ਦੁਪਹਿਰ ਵੇਲੇ ਮੇਰੇ ਘਰ ਆਇਆ। ਸੜਕ ਦੇ ਗੇਟ ਤੋਂ ਹੀ ਉਸ ਨੇ ਆਵਾਜ਼ ਮਾਰੀ। ਥੋੜ੍ਹੀ ਦੇਰ ਬਾਅਦ ਮੈਂ ਆਵਾਜ਼ ਸੁਣੀ। ਮੈਂ ਬਾਹਰ ਆਇਆ। ਉਹ ਪਸੀਨੇ ਨਾਲ ਭਿੱਜਾ ਹੋਇਆ ਸੀ।

"ਪੁਲਿਸ ਲਾਈਨ ਵਿਚ ਹਾਥਰਸ ਦੀ ਨੌਟੰਕੀ ਬੁਲਾਈ ਗਈ ਹੈ।" ਉਸ ਨੇ ਦੋ ਪਾਸ ਦਿਖਾਏ।

"ਕਿੱਥੋਂ ਮਿਲੇ ?"

"ਬਾਬੂ ਆਨੰਦ ਸਰੂਪ ਦੇ ਨਾਓਂ ਆਏ ਸਨ। ਚਲ, ਚਲ ਕੇ ਦੇਖਦੇ ਹਾਂ। ਪਰ ਰਾਤ ਵੇਲੇ ਬਹੁਤ ਰਾਤ ਹੋ ਜਾਏਗੀ।"

"ਫਿਰ ?"

"ਮੇਰੇ ਘਰ ਰੁੱਕ ਜਾਵੀਂ।"

"ਕਹਾਂਗਾ ਕੀ ?"

"ਕਹਿ ਦੇਵੀਂ ਮੇਰੇ ਘਰ ਜਾਗਰਣ ਹੈ ਜਾਂ ਕਠਪੁਤਲੀ ਦਾ ਨਾਚ ਹੋਣਾ ਹੈ।"

ਅਸੀਂ ਰਾਤ ਨੂੰ ਤੋਪ ਕੋਲ ਮਿਲੇ। ਸੜਕ ਤੋਂ ਹੁੰਦੇ ਹੋਏ ਜੇਲ੍ਹ ਕੋਲ ਪੁਲਿਸ ਲਾਈਨ ਪਹੁੰਚ ਗਏ। ਮੈਨੂੰ ਹੈਰਾਨੀ ਹੋਈ ਕਿ ਕਾਮਿਲ ਨੂੰ ਪਾਸ ਦਿਖਾਉਣਾ ਨਾ ਪਿਆ। ਦਰੋਗਾ ਉਸ ਨੂੰ ਜਾਣਦਾ ਸੀ। ਅੰਦਰ ਵੀ ਕਈ ਪੁਲਿਸ ਵਾਲੇ ਉਸ ਨੂੰ ਜਾਣਦੇ ਸਨ।

ਵੱਡੇ ਮੈਦਾਨ ਦੇ ਇਕ ਹਿੱਸੇ ਵਿਚ ਦਰੀਆਂ ਵਿੱਛੀਆਂ ਹੋਈਆਂ ਸਨ। ਆਖਰੀ ਦੀਵਾਰ ਦੇ ਪਿੱਛੇ ਗੰਗਾ ਸੀ। ਮੈਂ ਇੰਝ ਪਹਿਲੀ ਵਾਰ ਘਰੋਂ ਰਾਤ ਵੇਲੇ ਝੂਠ ਬੋਲ ਕੇ ਨਿਕਲਿਆ ਸੀ। ਪਹਿਲੀ ਵਾਰ ਨੌਟੰਕੀ ਦੇਖ ਰਿਹਾ ਸੀ। ਕੁਝ ਹੀ ਦੇਰ ਵਿਚ ਸਟੇਜ ਉੱਤੇ ਨਗਾੜਾ ਵੱਜਣ ਲੱਗ ਪਿਆ। ਲੋਕ ਇੱਧਰ-ਉੱਧਰ ਆਉਂਦੇ ਗਏ ਤੇ ਦਰੀਆਂ ਉੱਤੇ ਬੈਠਦੇ ਗਏ। ਦਰੀਆਂ ਭਰ ਗਈਆਂ। ਰੋਸ਼ਨੀਆਂ ਘੱਟ ਕਰ ਦਿੱਤੀਆਂ ਗਈਆਂ।

ਹੀਰਸ਼ ਚੰਦਰ ਤਾਰਾਮਤੀ ਦੀ ਨੌਟੰਕੀ ਸੀ। ਅਸੀਂ ਸਭ ਤੋਂ ਅੱਗੇ ਬੈਠੇ ਸੀ। ਕਹਾਣੀ ਸ਼ੁਰੂ ਹੋ ਗਈ...। ਖੇਲ ਸ਼ੁਰੂ ਹੋ ਗਿਆ। ਤਾਰਾਮਤੀ ਦੇ ਬੇਟੇ ਦੀ ਮੌਤ ਦਾ ਦ੍ਰਿਸ਼ ਆਇਆ। 'ਦਿਲ ਕਾ ਖਿਲੌਨਾ ਹਾਏ ਟੂਟ ਗਿਆ।' ਗਾਣੇ ਉੱਤੇ ਤਾਰਾਮਤੀ ਬਣੀ ਔਰਤ ਨੇ ਵਿਰਲਾਪ ਕਰਨਾ ਸ਼ੁਰੂ ਕਰ ਦਿੱਤਾ। ਜਿਸ ਤਰ੍ਹਾਂ ਉਹ ਸਟੇਜ ਉੱਤੇ ਜ਼ੋਰ ਦੀ ਡਿੱਗ ਪਈ ਸੀ...ਦੇਖਣ ਵਾਲਿਆਂ ਦੇ ਕਲੇਜੇ ਫਟ ਗਏ। ਮੈਂ ਦੇਖਿਆ ਕਾਮਿਲ ਦੀਆਂ ਅੱਖਾਂ 'ਚੋਂ ਹੰਝੂ ਕਿਰ ਰਹੇ ਸਨ।

ਜਦੋਂ ਖੇਲ ਖਤਮ ਹੋਇਆ ਤਾਂ ਅੱਧੀ ਰਾਤ ਬੀਤ ਚੁੱਕੀ ਸੀ। ਮੁੜਦੇ ਹੋਏ ਅਸੀਂ ਚੁੱਪਚਾਪ ਸੜਕ ਦੇ ਇਕ ਪਾਸੇ ਚਲ ਰਹੇ ਸੀ। ਲੰਮੀ, ਖਾਲੀ ਸੜਕ ਉੱਤੇ ਚੰਨ ਦੀ ਚਾਨਣੀ ਸੀ। ਧਰਮਸਥਲ ਇਕ ਭੇਦਭਰੀ ਰੋਸ਼ਨੀ ਵਿਚ ਲਿਪਟਿਆ ਹੋਇਆ ਸੀ। ਉਸ ਦੀਆਂ ਢਾਲੂ ਛੱਤਾਂ ਉੱਤੇ ਖਿੱਲਰੇ ਪੱਤੇ, ਉੱਚੇ



ਦਰਖ਼ਤਾਂ ਉੱਤੇ ਉਂਘਲਾਉਂਦੇ ਪੰਛੀ ਸਨ। ਕੁਝ ਦੇਰ ਬਾਅਦ ਕਾਮਿਲ ਹੌਲੀ ਜਿਹੀ ਬੁੜਬੁੜਾਇਆ।

"ਮਾਂ ਜਦੋਂ ਨਹੀਂ ਹੁੰਦੀ...ਤਾਂ ਪਤਾ ਲੱਗਦਾ ਹੈ ਕਿ ਮਾਂ ਕੀ ਹੁੰਦੀ ਹੈ।" ਫਿਰ ਤੇਜ਼ੀ ਨਾਲ ਅੱਗੇ ਲੰਘ ਗਿਆ। ਮੈਂ ਉਸ ਤੋਂ ਥੋੜ੍ਹੀ ਦੂਰ ਉਸ ਦੇ ਪਿੱਛੇ-ਪਿੱਛੇ ਚੱਲਦਾ ਰਿਹਾ।

ਘਰ ਪਹੁੰਚ ਕੇ ਕਾਮਿਲ ਨੇ ਬੂਹਾ ਖੜਕਾਇਆ। ਮੈਂ ਕਾਮਿਲ ਦੇ ਪਿੱਛੇ ਸੀ। ਕੁਝ ਦੇਰ ਬਾਅਦ ਹੱਫਣ ਤੇ ਗਹਿਰੀ ਸਾਹ ਲੈਣ ਦੀ ਆਵਾਜ਼ ਆਈ, ਫਿਰ ਬੂਹਾ ਖੁੱਲ੍ਹਿਆ। ਸਾਹਮਣੇ ਉਸ ਦੇ ਪਿਤਾ ਖੜੇ ਸਨ। ਪਸੀਨੇ ਨਾਲ ਭਿੱਜੇ ਹੋਏ। ਤੇੜ ਇਕ ਪਰਨਾ ਲਪੇਟੇ। ਕੰਧ ਦਾ ਸਹਾਰਾ ਲੈ ਕੇ ਕੁਝ ਦੇਰ ਤੱਕ ਸਾਹ ਲੈਂਦੇ ਰਹੇ, ਫਿਰ ਪਾਸੇ ਹੋ ਗਏ।

'ਆਓ।"

ਅਸੀਂ ਅੰਦਰ ਆ ਗਏ। ਕਾਮਿਲ ਨੇ ਬੂਹਾ ਬੰਦ ਕਰ ਦਿੱਤਾ। ਉਸ ਦੇ ਪਿਤਾ ਉਸੇ ਛੋਟੇ ਕਮਰੇ ਵਿਚ ਆ ਗਏ।

"ਕਿੱਥੇ ਗਏ ਸੀ ?" ਉਨ੍ਹਾਂ ਨੇ ਕਾਮਿਲ ਤੋਂ ਪੁੱਛਿਆ। ਮੈਂ ਹੈਰਾਨੀ ਨਾਲ ਕਾਮਿਲ ਵੱਲ ਤੱਕਿਆ। ਮੈਨੂੰ ਲੱਗਾ, ਉਸ ਨੇ ਪਿਤਾ ਨੂੰ ਦੱਸਿਆ ਹੋਏਗਾ।

"ਪੁਲਿਸ ਲਾਈਨ ਵਿਚ ਨੌਟੰਕੀ ਦੇਖ ਰਹੇ ਸੀ।"

"ਕਿਹੜੀ ?"

"ਹਰੀਸ਼ ਚੰਦਰ ਤਾਰਾਮਤੀ।"

"ਹਾਥਰਸ ਵਾਲੀ ?"

"ਹਾਂ।"

"ਚੰਗਾ ਕੀਤਾ। ਮਸ਼ਹੂਰ ਨੌਟੰਕੀ ਹੈ। ਮੈਂ ਤੇਰਾ ਖਾਣਾ ਵੀ ਰਖਵਾ ਲਿਆ ਹੈ। ਤਿੰਨਾਂ ਲਈ ਆਰਾਮ ਨਾਲ ਪੂਰਾ ਹੋ ਜਾਏਗਾ। ਬੈਠੋ ਕੁਝ ਦੇਰ...ਬਸ ਦਖ਼ਸ਼ ਯੱਗ ਦੇ ਇਹ ਬੋਲ ਪੂਰੇ ਕਰ ਲਵਾਂ, ਫਿਰ ਖਾਂਦੇ ਹਾਂ।"

ਅਸੀਂ ਫਰਸ਼ ਉੱਤੇ ਕੰਧ ਨਾਲ ਟੇਕ ਲੱਗਾ ਕੇ ਬੈਠ ਗਏ। ਉਹ ਕਮਰੇ ਵਿਚਕਾਰ ਆਏ। ਉਨ੍ਹਾਂ ਨ੍ਰਿਤ ਦੀ ਇਕ ਮੁਦਰਾ ਬਣਾਈ ਤੇ ਫਿਰ ਮੂੰਹੋਂ ਬੋਲ ਕੱਢਦੇ ਹੋਏ ਹੌਲੀ-ਹੌਲੀ ਗਤੀ ਵਧਾਉਣ ਲੱਗੇ। ਮੂੰਹ 'ਚੋਂ ਨਿਕਲਦੇ ਬੋਲਾਂ ਨਾਲ ਉਨ੍ਹਾਂ ਦੇ ਪੈਰਾਂ ਦੀ ਗਤੀ ਤੇਜ਼ ਹੁੰਦੀ ਜਾ ਰਹੀ ਸੀ। ਪਸੀਨਾ ਨਿਕਲਣ ਲੱਗਾ। ਲੰਮੇ ਵਾਲ ਖਿੰਡਰ ਕੇ ਮੂੰਹ ਤੇ ਆ ਗਏ। ਸਾਹ ਫੁਲਣ ਲੱਗ ਪਿਆ। ਉਹ ਗੁੱਥਮਗੁੱਥਾ ਜਿਹੇ ਹੋ ਗਏ। ਕੁਝ ਹੀ ਪਲਾਂ ਵਿਚ ਉਨ੍ਹਾਂ ਦਾ ਸਾਹ ਟੁੱਟਣ ਲੱਗ ਪਿਆ। ਉਹ ਹੱਫਦੇ ਹੋਏ ਫਰਸ਼ ਤੇ ਬੈਠ ਗਏ। ਕੁਝ ਸਾਹ ਲਿਆ, ਫਿਰ ਪਿੱਛੇ ਖਿਸਕ ਕੇ ਦੀਵਾਰ ਨਾਲ ਟੇਕ ਲਗਾ ਲਈ।

"ਲੱਛੂ ਮਹਾਰਾਜ ਨੇ ਤਾਂਡਵ ਕਰਨਾ ਹੈ।"

ਕਿਸੇ ਨੇ ਬਾਹਰਲੀ ਖੁੱਲ੍ਹੀ ਛੱਤ ਦੀ ਨਾਲੀ ਤੇ ਆ ਕੇ ਪਿਸ਼ਾਬ ਕੀਤਾ। ਤੇਜ਼ ਮੁਸ਼ਕ ਅੰਦਰ ਆਇਆ। ਉਹ ਮੂੰਹ ਖੋਲ੍ਹ ਕੇ ਗਹਿਰਾ ਸਾਹ ਲੈ ਰਹੇ ਸਨ। ਕਾਮਿਲ ਉੱਠਿਆ। ਉਸ ਨੇ ਚੌਂਕੀ ਤੇ ਪਈ ਸੁਰਾਹੀ ਵਿਚੋਂ ਇਕ ਗਿਲਾਸ ਪਾਣੀ ਕੱਢ ਕੇ ਉਨ੍ਹਾਂ ਨੂੰ ਦਿੱਤਾ। ਉਨ੍ਹਾਂ ਪਾਣੀ ਪੀਤਾ। ਕੁਝ ਛਿੱਟਾਂ ਚਿਹਰੇ ਤੇ ਮਾਰੀਆਂ, ਫਿਰ ਗਿਲਾਸ ਵਾਪਸ ਕਰ ਦਿੱਤਾ। ਗਿਲਾਸ ਚੌਂਕੀ ਤੇ ਰੱਖ ਕੇ ਕਾਮਿਲ ਵਾਪਸ ਬੈਠ ਗਿਆ। ਉਹ ਕੁਝ ਸਹਿਜ ਹੋ ਗਏ ਸਨ।

"ਤੁਸੀਂ ਕਦੇ ਰਾਤ ਨੂੰ ਸੌਂਦੇ ਨਹੀਂ ?" ਮੈਂ ਪੁੱਛ ਲਿਆ।

"ਨਹੀਂ।" ਉਹ ਹੱਸ ਪਏ।

"ਕਿਉਂ ?"

"ਰਚਨਾ ਦੇ ਸੰਸਾਰ ਵਿਚ ਜਦੋਂ ਵੀ ਤੁਸੀਂ ਕੁਝ ਨਵਾਂ ਕਰਨਾ ਚਾਹੁੰਦੇ ਹੋ, ਤਾਂ ਸਭ ਤੋਂ ਪਹਿਲਾਂ ਸਵੈ ਨੂੰ ਨਸ਼ਟ ਕਰਨਾ ਪੈਂਦਾ ਹੈ।ਆਪਣੇ ਸਿਰਜਕ ਹੋਣ ਤੇ ਬੋਧ ਨੂੰ ਮਾਰਨਾ ਪੈਂਦਾ ਹੈ।ਖ਼ੁਦ ਨੂੰ ਛੋਟਾ ਕਰਦੇ ਜਾਓ, ਛੋਟੇ ਤੋਂ ਛੋਟਾ। ਐਨਾ ਨੀਵਾਂ ਕਿ ਹੋਣ ਦੇ ਅਹਿਸਾਸ ਨਾਲ ਹੰਝੂ ਨਿਕਲਣ ਲੱਗ ਪੈਣ...ਫਿਰ ਸਿਰਜਨਾ ਨੂੰ ਅੰਦਰ ਜਾਗਣ ਦਿਓ...ਉਸ ਨੂੰ ਨ੍ਰਿਤ ਕਰਨ ਦਿਓ। ਇਹੀ ਤਰੀਕਾ ਹੈ ਸਿਰਜਨਾ ਦਾ। ਰਾਤ ਵੇਲੇ ਇਹ ਸਭ ਬਹੁਤ ਆਸਾਨ ਹੁੰਦਾ ਹੈ। ਜੇ ਤੁਹਾਡੇ ਸਨਮੁਖ ਕੋਈ ਵਿਰਾਟ ਹੋਵੇ ਤਾਂ ਇਹ ਹੋਰ ਵੀ ਸਰਲ ਹੋ ਜਾਂਦਾ ਹੈ। ਰਾਤ ਨੂੰ ਇਸ ਵਿਰਾਟ ਦਾ ਸਪਰਸ਼ ਮਿਲਦਾ ਰਹਿੰਦਾ ਹੈ, ਇਸ ਲਈ ਮੈਂ ਸਾਰੀ ਉਮਰ ਰਾਤ ਵੇਲੇ ਹੀ ਕੰਮ ਕੀਤਾ ਹੈ।" ਉਨ੍ਹਾਂ ਤੌਲੀਏ ਨਾਲ ਛਾਤੀ ਦਾ ਪਸੀਨਾ ਪੂੰਝਿਆ, "ਚੰਗੀ ਗੱਲ ਪੁੱਛੀ ਤੂੰ। ਇਕ ਗੱਲ ਹੋਰ ਦੱਸਦਾ ਹਾਂ। ਅਜੇ ਛੋਟਾ ਏਂ, ਪਰ ਜਦੋਂ ਬਹੁਤ ਸਾਰਾ ਦੁੱਖ, ਬਹੁਤ ਸਾਰਾ ਇਕਾਂਤ, ਬਹੁਤ ਸਾਰਾ ਇਕੱਲਾਪਨ ਮਿਲੇਗਾ, ਉਦੋਂ ਕਿਸੇ ਵਿਰਾਟ ਦੀ ਸ਼ਰਣ ਵਿਚ ਜਾਈਂ। ਕਿਸੇ ਵਿਸ਼ਾਲ ਬਿਰਖ, ਵੱਡੀ ਨਦੀ, ਵਿਸ਼ਾਲ ਆਸਮਾਨ, ਵੱਡਾ ਪਰਬਤ, ਵਿਸ਼ਾਲ ਧਰਤੀ। ਤੂੰ ਦੇਖੀਂ ਤੇਰਾ ਦੁੱਖ ਇਕ ਦਮ ਨਸ਼ਟ ਹੋ ਜਾਏਗਾ। ਉਹ ਤੈਨੂੰ ਆਤਮਸਾਤ ਕਰ ਲਵੇਗਾ। ਆਪਣੀ ਸ਼ਰਣ ਵਿਚ ਲੈ ਲਵੇਗਾ। ਤੂੰ ਉਹੀ ਹੋ ਜਾਏਂਗਾ।"

ਗੋਡੇ 'ਤੇ ਚਿਹਰਾ ਟਿਕਾਏ ਮੈਂ ਮੰਤਰਮੁਗਧ ਜਿਹਾ ਸੁਣ ਰਿਹਾ ਸੀ। ਕਾਮਿਲ ਇਹ ਸਭ ਰੋਜ਼ ਸੁਣਦਾ ਹੋਏਗਾ। ਇਸ ਲਈ ਐਨਾ ਸਭ ਜਾਣਦਾ ਹੈ। ਇਸ ਤਰ੍ਹਾਂ ਦੀ ਭਾਸ਼ਾ, ਇੰਝ ਦੇ ਗੂੜ੍ਹ ਸ਼ਬਦ ਬੋਲ ਲੈਂਦਾ ਹੈ।

ਨ੍ਰਿਤ ਤੋਂ ਬਾਅਦ ਉਨ੍ਹਾਂ ਦੀ ਥਕਾਵਟ ਉੱਤਰ ਗਈ। ਪਸੀਨਾ ਵੀ ਸੁੱਕ ਗਿਆ ਸੀ। "ਰੋਟੀ ਖਾਈਏ।" ਉਨ੍ਹਾਂ ਨੇ ਕਾਮਿਲ ਨੂੰ ਕਿਹਾ। ਕਾਮਿਲ ਉੱਠ ਕੇ ਅੰਦਰ ਚਲਾ ਗਿਆ। ਆਇਆ ਤਾਂ ਹੱਥਾਂ ਵਿਚ ਇਕ ਵੱਡੀ ਸਾਰੀ ਟਰੇਅ ਸੀ। ਉਸ ਵਿਚ ਇਕ ਪਲੇਟ ਵਿਚ ਕੱਪੜੇ ਵਿਚ ਲਪੇਟੀਆਂ ਹੋਈਆਂ ਰੋਟੀਆਂ ਸਨ। ਇਕ ਵੱਡੇ ਸਾਰੇ ਡੂੰਗੇ ਵਿਚ ਦਾਲ ਸੀ। ਕੁਝ ਪਿਆਜ ਦੇ ਟੁਕੜੇ ਤੇ ਮਿਰਚਾਂ ਸਨ। ਟਰੇਅ ਫਰਸ਼ ਤੇ ਰੱਖ ਕੇ ਉਹ ਫਿਰ ਅੰਦਰ ਗਿਆ। ਇਸ ਵਾਰ ਹੱਥ ਵਿਚ ਤਿੰਨ ਥਾਲੀਆਂ ਸਨ। ਉਨ੍ਹਾਂ ਉੱਪਰ ਕਟੋਰੀਆਂ ਤੇ ਚਮਚੇ ਵੀ ਸਨ। ਉਨ੍ਹਾਂ ਨੂੰ ਵੀ ਫਰਸ਼ ਤੇ ਰੱਖ, ਉਸ ਨੇ ਚੌਕੀ ਤੋਂ ਸੁਰਾਹੀ, ਗਿਲਾਸ ਚੁੱਕ ਕੇ ਚੌਕੀ ਖਾਲੀ ਕੀਤੀ। ਚੌਕੀ ਨੂੰ ਵਿਚੋ ਵਿਚ ਰੱਖ ਦਿੱਤਾ। ਉਸ ਦੇ ਪਿਤਾ ਅੱਗੇ ਖਿਸਕ ਆਏ। ਕਾਮਿਲ ਵੀ ਬੈਠ ਗਿਆ। ਅਸੀਂ ਚੌਕੀ ਦੇ ਆਲੇ-ਦੁਆਲੇ ਬੈਠ ਗਏ।

ਰੋਟੀਆਂ ਸਖ਼ਤ ਹੋ ਗਈਆਂ ਸਨ। ਦਾਲ ਵਿਚ ਡੁਬੋ ਕੇ ਉਨ੍ਹਾਂ ਨੂੰ ਖਾਧਾ ਜਾ ਸਕਦਾ ਸੀ। ਪਿਆਜ਼ ਅਤੇ ਲੂਣ ਨਾਲ ਹੋਰ ਆਸਾਨ ਸੀ। ਅਸੀਂ ਚੁੱਪਚਾਪ ਖਾਂਦੇ ਰਹੇ। ਕੁਝ ਦੇਰ ਬਾਅਦ ਕਾਮਿਲ ਸਿਰ ਝੁਕਾਏ ਹੀ ਪਿਤਾ ਨੂੰ ਕਹਿਣ ਲੱਗਾ, "ਮੇਰੇ ਕੋਲ ਕੁਝ ਪੈਸੇ ਇਕੱਠੇ ਹੋ ਗਏ ਹਨ। ਅਸੀਂ ਜਾਲ ਫਿਰ ਲਗਵਾ ਸਕਦੇ ਹਾਂ।"

ਦਸਵੀਂ ਦੇ ਨਤੀਜੇ ਵਿਚ ਮੇਰੇ ਨੰਬਰ ਬਹੁਤ ਚੰਗੇ ਆਏ। ਕਾਮਿਲ ਦੇ ਨੰਬਰ ਸਾਧਰਣ ਹੀ ਸਨ। ਅਗਲੀ ਜਮਾਤ ਵਿਚ ਉਸ ਦਾ ਵੀ ਦਾਖਿਲਾ ਹੋ ਗਿਆ।

ਕਾਮਿਲ ਨੇ ਬਾਬੂ ਆਨੰਦ ਸਰੂਪ ਦਾ ਸਾਰਾ ਕੰਮ ਸੰਭਾਲ ਲਿਆ ਸੀ। ਵਕੀਲ ਹੁਣ ਸਿੱਧੇ ਉਸ ਨੂੰ ਕੰਮ ਦੇ ਜਾਂਦੇ। ਪੂਰਾ ਮਸੌਦਾ ਵੀ ਨਾ ਦਿੰਦੇ। ਜ਼ਰੂਰੀ ਬਿਓਰਾ ਦੇ ਜਾਂਦੇ। ਕਿਸੇ ਵੀ ਡੀਡ ਜਾਂ ਸਮਝੌਤੇ ਨੂੰ ਕਾਮਿਲ ਆਪ ਟਾਈਪ ਕਰ ਦੇਂਦਾ। ਟਾਈਪ ਕਰ ਸਾਰਿਆਂ ਦੇ ਬਸਤਿਆਂ ਤੱਕ ਪਹੁੰਚਾ ਦੇਂਦਾ। ਕਚਹਿਰੀ ਵਿਚ ਸਾਰੇ ਕਾਮਿਲ ਨੂੰ ਪਛਾਨਣ ਲੱਗ ਪਏ ਸਨ। ਬਾਬੂ ਆਨੰਦ ਸਰੂਪ ਦਾ ਮੁਨਸ਼ੀ ਜਾਂ ਟਾਈਪ ਬਾਬੂ। ਉਹ ਕਿਸੇ ਵੀ ਅਦਾਲਤ ਵਿਚ, ਕਿਸੇ ਵੀ ਵੱਡੇ ਵਕੀਲ ਦੇ ਚੈਂਬਰ ਵਿਚ, ਬਾਰ ਐਸੋਸੀਏਸ਼ਨ 'ਚ ਇੱਥੋਂ



ਤੱਕ ਕਿ ਬਮ ਪੁਲਿਸ ਕੋਲ ਕਮਰਿਆਂ ਵਿਚ ਬੰਦ ਕੈਦੀਆਂ ਕੋਲ ਸਿੱਧੇ ਹੀ ਪਹੁੰਚ ਜਾਂਦਾ ਸੀ। ਉਸ ਨੂੰ ਕਾਨੂੰਨ ਦੀਆਂ ਦਫਾਵਾਂ, ਉਨ੍ਹਾਂ ਦੀ ਸ਼ਜਾ, ਅਦਾਲਤਾਂ ਅਤੇ ਜੱਜਾਂ ਦੇ ਨਾਂ, ਸਟੈਂਪ ਡਿਊਟੀ ਦੀ ਦਰ, ਹਥਿਆਰਾਂ ਦੀ ਲਾਇਸੈਂਸ ਫੀਸ ਸਭ ਜ਼ਬਾਨੀ ਯਾਦ ਹੋ ਗਏ ਸਨ। ਉਸ ਨੇ ਟਾਈਪ ਸਕੂਲ ਤੋਂ ਦੋ ਟਾਈਪਰਾਈਟਰ ਹੋਰ ਕਿਰਾਏ ਤੇ ਲੈ ਲਏ। ਉਨ੍ਹਾਂ ਨੂੰ ਕਮਰੇ ਦੇ ਬਾਹਰ ਵੱਡੇ ਪਿੱਪਲ ਦੇ ਹੇਠਾਂ ਰਖਵਾ ਦਿੱਤਾ। ਦੋ ਮੁੰਡੇ ਰੱਖ ਲਏ। ਇਸ ਤਰ੍ਹਾਂ ਉਹ ਬਾਬੂ ਆਨੰਦ ਸਰੂਪ ਤੋਂ ਵੱਧ ਆਪਣਾ ਨਿਵੇਕਲਾ ਕੰਮ ਵੀ ਕਰਨ ਲੱਗ ਪਿਆ।

ਕਚਹਿਰੀ ਅੰਦਰ ਅਚਾਨਕ ਵਕੀਲ ਬਹੁਤ ਵਧ ਗਏ ਸਨ। ਉਨ੍ਹਾਂ ਦੇ ਲੱਕੜ ਜਾਂ ਟੀਨ ਦੀਆਂ ਛੱਤਾਂ ਵਾਲੇ ਖੋਖਿਆਂ ਨੇ ਕਚਹਿਰੀ ਅੰਦਰ ਦੀ ਖੁੱਲ੍ਹੀ, ਚੌੜੀ ਸੜਕ ਨੂੰ ਹੀ ਘੇਰ ਲਿਆ ਸੀ। ਜਾਮੁਣ, ਪਿੱਪਲ ਜਾਂ ਗੁਲਮੋਹਰ ਦੀ ਛਾਂ ਹੇਠ ਬਹੁਤ ਸਾਰੇ ਟਾਈਪਿਸਟ ਇਕ ਛੋਟੀ ਜਿਹੀ ਮੇਜ਼ ਤੇ ਕੁਰਸੀ ਲੈ ਕੇ ਬੈਠ ਗਏ। ਜਮਾਨਤਗੀਰਾਂ, ਗਵਾਹਾਂ, ਨੋਟਰੀ ਅਤੇ ਮੁਨਸ਼ੀਆਂ ਦੀ ਗਿਣਤੀ ਵੱਧਦੀ ਜਾ ਰਹੀ ਸੀ। ਸਿਗਰੇਟ ਦੀਆਂ ਦੁਕਾਨਾਂ, ਛੋਟੇ ਹੋਟਲ, ਸਾਈਕਲ ਸਟੈਂਡ, ਫੇਰੀ ਵਾਲੇ, ਪਾਣੀ ਵੇਚਣ ਵਾਲੇ, ਜੁੱਤੇ ਪਾਲਿਸ਼ ਕਰਨ ਵਾਲੇ ਮੁੰਡੇ, ਕਾਨੂੰਨ ਦੀਆਂ ਨਵੀਆਂ ਕਿਤਾਬਾਂ ਵੇਚਣ ਵਾਲੇ ਕਚਹਿਰੀ ਅੰਦਰ ਜਗ੍ਹਾ-ਜਗ੍ਹਾ ਦਿਸਣ ਲੱਗ ਪਏ ਸਨ। ਪਰਸ, ਛਤਰੀਆਂ, ਅਚਾਰ, ਪਹਾੜੀ ਬਿੱਛੂ ਦਾ ਤੇਲ...ਚੁੰਬਕ ਵਾਂਗ ਪਾਇਰਿਆ ਖਿੱਚ ਲੈਣ ਵਾਲਾ ਮੰਜਣ, ਕੰਦਮੂਲ, ਟੁੱਟੇ ਬਿਸਕੁਟ ਤੇ ਡਬਲਰੋਟੀ ਦੇ ਟੁਕੜੇ ਵੇਚਣ ਵਾਲੇ ਠੇਲੇ ਲਗਾਉਣ ਲੱਗ ਪਏ।

ਕਚਹਿਰੀ ਦੇ ਬਾਹਰ ਮੂਨ ਦੀ ਪੰਚਰ ਦੀ ਦੁਕਾਨ ਖਤਮ ਹੋ ਗਈ ਸੀ। ਮੂਨ ਨੇ ਉਸ ਦੀ ਥਾਂ ਪਾਨ ਦੀ ਦੁਕਾਨ ਖੋਲ੍ਹ ਲਈ ਸੀ। ਉਸ ਦੇ ਪਿਤਾ ਨੇ ਪਿੱਪਲ ਹੇਠਾਂ ਮੂਰਤੀ ਰੱਖ ਕੇ ਛੋਟਾ ਜਿਹਾ ਮੰਦਰ ਬਣਾ ਲਿਆ ਸੀ। ਮੰਦਰ ਦੀ ਚੋਰੀ ਦੀ ਬਿਜਲੀ ਤੋਂ ਹੀ ਬਿਜਲੀ ਨਾਲ ਚੱਲਣ ਵਾਲੀ ਮੋਟਰ ਲੱਗਾ ਕੇ ਗੰਨੇ ਦਾ ਰਸ ਵੇਚਣਾ ਸ਼ੁਰੂ ਕਰ ਦਿੱਤਾ ਸੀ। ਉੱਥੇ ਦੁਪਹਿਰ ਦਾ ਸਾਰਾ ਖਾਣਾ ਮਿਲਣ ਲੱਗ ਪਿਆ। ਸਟੇਸ਼ਨ ਤੋਂ ਭੱਜ ਕੇ ਆਏ ਜਾਂ ਚੁੱਕੇ ਗਏ ਮੁੰਡੇ ਇਨ੍ਹਾਂ ਹੋਟਲਾਂ ਵਿਚ ਵੀਹ ਰੁਪਿਆਂ ਵਿਚ ਵਿਕਣ ਲੱਗ ਪਏ। ਇਹ ਹੋਟਲ ਇਨ੍ਹਾਂ ਛੋਟੇ ਮੁੰਡਿਆਂ ਦੀ ਵੱਡੀ ਮੰਡੀ ਬਣ ਗਏ। ਦਿਨ ਵਿਚ ਅਠਾਰ੍ਹਾਂ ਘੰਟੇ ਕੰਮ, ਬਦਲੇ ਵਿਚ ਦੋ ਵਕਤ ਦਾ ਖਾਣਾ, ਸੌਣਾ। ਇਨ੍ਹਾਂ ਹੋਟਲਾਂ ਵਿਚ ਥਾਣਿਓਂ ਲਿਆਏ ਗਏ ਹੱਥਕੜੀ ਲੱਗੇ ਕੈਦੀ ਅਦਾਲਤ ਵਿਚ ਜਾਣ ਤੋਂ ਪਹਿਲਾਂ ਖਾਣਾ ਖਾਣ ਲੱਗੇ। ਕਚਹਿਰੀ ਦੀਆਂ ਚਾਰੋਂ ਪਾਸੇ ਦੀਆਂ ਸੜਕਾਂ, ਦੁਕਾਨਾਂ ਅਤੇ ਸਕੂਟਰ-ਸਾਈਕਲ ਸਟੈਂਡ ਨਾਲ ਭਰੀਆਂ ਰਹਿੰਦੀਆਂ।

ਇਸ ਭੀੜ ਵਿਚ ਮੈਨੂੰ ਅਕਸਰ ਹੀ ਕਾਮਿਲ ਨੂੰ ਲੱਭਣਾ ਪੈਂਦਾ। ਕਾਮਿਲ ਹੁਣ ਮੇਰੇ ਨਾਲ ਸਕੂਲ ਨਹੀਂ ਆਉਂਦਾ ਸੀ। ਉਸ ਨੇ ਸਾਡੇ ਸਕੂਲ ਵਿਚ ਸਵੇਰ ਦੀ ਸਿਫ਼ਟ ਵਿਚ ਦਾਖਿਲਾ ਲੈ ਲਿਆ ਸੀ। ਉਨ੍ਹਾਂ ਵਿਚ ਵੀ ਉਹ ਘੱਟ ਹੀ ਜਾਂਦਾ। ਹਾਜ਼ਿਰੀ ਉਸ ਨੂੰ ਮਿਲ ਜਾਂਦੀ ਸੀ। ਹੁਣ ਉਹ ਸਾਰਾ ਸਮਾਂ ਧਰਮਸਥਲ ਵਿਚ ਹੀ ਬਿਤਾਉਣ ਲੱਗ ਪਿਆ ਸੀ। ਬਾਬੂ ਆਨੰਦ ਸਰੂਪ ਨੇ ਸਭ ਕੁਝ ਉਸ ਉੱਤੇ ਛੱਡ ਦਿੱਤਾ ਸੀ। ਹੁਣ ਕਾਮਿਲ ਉਨ੍ਹਾਂ ਨੂੰ ਤਿੰਨ ਰੁਪਿਆ ਪੰਨਾ ਦੇਣ ਲੱਗ ਪਿਆ ਸੀ। ਉਸ ਨੇ ਕੰਮ ਐਨਾ ਵਧਾ ਲਿਆ ਸੀ ਕਿ ਆਨੰਦ ਸਰੂਪ ਨੂੰ ਹੁਣ ਸਾਰੇ ਦਿਨ ਵਿਚ ਐਨੇ ਰੁਪਏ ਮਿਲ ਜਾਂਦੇ ਸਨ, ਜਿੰਨਾਂ ਉਨ੍ਹਾਂ ਆਪ ਕੰਮ ਕਰਕੇ ਕਦੇ ਨਹੀਂ ਕਮਾਏ ਸਨ।

ਇੱਧਰ ਮੇਰੇ ਜੀਵਨ ਦਾ ਲਕਸ਼ ਇਕ ਦਮ ਸਪੱਸ਼ਟ ਸੀ। ਬਾਰ੍ਹਵੀਂ ਮਗਰੋਂ ਇੰਜੀਨੀਅਰ ਬਣਨ ਦੀ ਤਿਆਰੀ ਵਿਚ ਮੈਂ ਟਿਊਸ਼ਨ ਪੜ੍ਹਨੇ ਸ਼ੁਰੂ ਕਰ ਦਿੱਤੇ ਸਨ। ਮੇਰੀਆਂ ਸ਼ਾਮਾਂ ਹੁਣ ਪੜ੍ਹਨ ਵਿਚ ਬੀਤਣ ਲੱਗੀਆਂ। ਕਾਮਿਲ ਨੂੰ ਜਦੋਂ ਮਿਲਣਾ ਹੁੰਦਾ ਮੈਂ ਕਚਹਿਰੀ ਚਲਾ ਜਾਂਦਾ ਜਾਂ ਉਸ ਦੇ ਘਰ ਦੇ ਹੇਠਿਓਂ ਉਸ ਨੂੰ ਆਵਾਜ਼ ਮਾਰਦਾ। ਕਾਮਿਲ ਵੀ ਜਦੋਂ ਚਾਹੁੰਦਾ, ਮੇਰੇ ਘਰ ਆ, ਮੈਨੂੰ ਆਵਾਜ਼ ਮਾਰ ਲੈਂਦਾ। ਘਰ ਦੇ

ਅੰਦਰ ਉਹ ਅਜੇ ਵੀ ਨਹੀਂ ਆਉਂਦਾ ਸੀ। ਅਸੀਂ ਕਿੱਧਰੇ ਵੀ, ਆਪਣੀ ਕੋਈ ਵੀ ਸ਼ਾਮ ਬਿਤਾ ਲੈਂਦੇ।

ਜਦੋਂ ਸੂਰਜ ਡੁੱਬਣ ਲੱਗਦਾ ਤੇ ਆਸਮਾਨ ਸੁਨਹਿਰੀ ਹੋਣ ਲੱਗਦਾ, ਪਰਿੰਦੇ ਆਲ੍ਹਣਿਆਂ ਵੱਲ ਮੁੜਨ ਲੱਗਦੇ, ਉਦੋਂ ਸਟੇਸ਼ਨ ਦੇ ਟੀਨ ਸ਼ੇਡ ਨੂੰ ਜੋੜਨ ਵਾਲੇ ਬ੍ਰੈਕਟ ਉੱਤੇ, ਉਸ ਦੇ ਪੁਰਾਣੇ ਬੁਰਜਾਂ ਉੱਤੇ ਚੌੜੀਆਂ ਛੱਤਾਂ ਉੱਤੇ ਕਬੂਤਰਾਂ ਦੇ ਝੁੰਡ ਉੱਤਰਦੇ ਗਲੇ ਤੋਂ ਸੁਨਹਿਰੇ ਘੇਰੇ ਵਾਲੀਆਂ ਉਹ ਚਿੜੀਆਂ ਆਉਂਦੀਆਂ, ਜੋ ਸ਼ਹਿਰਾਂ ਵਿਚ ਲੁਕੀਆਂ ਰਹਿੰਦੀਆਂ। ਸ਼ੇਡ ਦੀਆਂ ਨਾਲੀਆਂ ਵਿਚ ਲੁਕੇ, ਰੀਂਗਦੇ ਜਾਂ ਊਂਘਦੇ ਹੋਏ ਛੋਟੇ ਕੀੜੇ ਪਟਰਿਆਂ ਉੱਤੇ ਸੁੱਟੇ ਖਾਣੇ ਦੇ ਟੁਕੜਿਆਂ ਨੂੰ ਚੁੰਝ ਵਿਚ ਦਬਾਏ, ਉਹ ਚੀਖਦੇ ਹੋਏ ਇੱਧਰ-ਉੱਧਰ ਉੱਡਦੀਆਂ ਰਹਿੰਦੀਆਂ। ਤੇਜ਼ ਹਵਾਵਾਂ, ਪੁਰਾਣੇ ਪਲੇਟਫਾਰਮ ਦੇ ਪੁਰਾਣੇ ਕਿੰਗਰਿਆਂ ਦੇ ਆਰ-ਪਾਰ ਜਦੋਂ ਸੀਟੀਆਂ ਵਜਾਉਂਦੀਆਂ ਨਿਕਲਦੀਆਂ, ਉਦੋਂ ਅੱਧੀ ਰੌਸ਼ਨੀ, ਅੱਧੇ ਹਨ੍ਹੇਰੇ ਵਿਚ ਡੁੱਬੇ ਰੇਲ ਦੇ ਡਿੱਬੇ ਪਟੜਿਆਂ ਉੱਤੇ ਦੂਰੋਂ ਚਮਕਣ ਲੱਗਦੇ। ਇੰਜਣ ਦੀਆਂ ਸੀਟੀਆਂ ਅਤੇ ਕਾਲੇ ਧੂੰਏਂ ਦੇ ਭਬਕਿਆਂ ਨਾਲ ਕੋਈ ਪਲੇਟਫਾਰਮ ਥਰਥਰਾਉਣ ਲੱਗਦਾ, ਸਟੇਸ਼ਨ ਬਣੇ ਪੁਰਾਣੇ ਘਰਾਂ ਦੀਆਂ ਛੱਤਾਂ ਤੋਂ ਜਵਾਨ ਕੁੜੀਆਂ ਕੱਪੜੇ ਉਤਾਰਨ ਲੱਗਦੀਆਂ...ਚੁਲ੍ਹਿਆਂ ਤੋਂ ਧੂੰਆਂ ਉੱਠਣਾ ਸ਼ੁਰੂ ਹੁੰਦਾ। ਕਮਰਿਆਂ ਵਿਚ ਸਿਕੁੜੇ ਬੁੱਢਿਆਂ ਦੀ ਖੰਘ ਵੱਧਣ ਲੱਗਦੀ। ਧਰਮਸ਼ਾਲਾਵਾਂ ਦੇ ਬਾਹਰ ਗਠੜੀਆਂ ਬੰਨ੍ਹੇ ਲੋਕ ਪਿੰਡੋਂ ਆਉਂਦੇ ਜਾਂ ਵਾਪਸ ਮੁੜਦੇ, ਮੰਦਰਾਂ ਵਿਚ ਆਰਤੀ ਦੀਆਂ ਤਿਆਰੀਆਂ ਵਿਚ ਗਰਭਗ੍ਰਹਿ ਨੂੰ ਧੋਣਾ ਸ਼ੁਰੂ ਹੁੰਦਾ, ਪਟੜਿਆਂ ਨਾਲ-ਨਾਲ ਸ਼ਹਿਰ ਹੌਲੀ-ਹੌਲੀ ਦੂਰ ਹੁੰਦਾ ਹੋਇਆ ਸੌਣ ਲੱਗਦਾ, ਉਦੋਂ ਸਟੇਸ਼ਨ ਦੇ ਪੁਲ ਤੇ ਅਕਸਰ ਮੈਂ ਤੇ ਕਾਮਿਲ ਘੰਟਿਆਂ ਬੱਧੀ ਚੁੱਪਚਾਪ ਹੋ ਕੇ ਸ਼ਾਮ ਨੂੰ ਗੁਜ਼ਰਦੇ ਹੋਏ ਦੇਖਦੇ।

ਉਸ ਦਿਨ ਬੈਰਿਸਟਰ ਮਹਿਤਾਬ ਜਹਾਂਗੀਰ ਦੀ ਮੌਤ ਦੇ ਕਾਰਣ ਕਚਹਿਰੀ ਬੰਦ ਸੀ। "ਤੂੰ ਕਦੇ ਕਿਸੇ ਦੀ ਮੌਤ ਨਹੀਂ ਦੇਖੀ ਨਾ ?" ਕਾਮਿਲ ਮੈਨੂੰ ਉਨ੍ਹਾਂ ਦੇ ਜਨਾਜ਼ੇ ਵਿਚ ਆਪਣੇ ਨਾਲ ਲੈ ਕੇ ਗਿਆ। ਬਾਬੂ ਆਨੰਦ ਸਰੂਪ ਵੀ ਸਨ। ਉਨ੍ਹਾਂ ਨਾਲ ਹੀ ਅਸੀਂ ਕਬਰਸਤਾਨ ਤੋਂ ਮੁੜੇ ਸੀ। ਉਨ੍ਹਾਂ ਨੇ ਕਚਹਿਰੀ ਵਿਚ ਆਪਣਾ ਕਮਰਾ ਖੋਲ੍ਹ ਲਿਆ ਸੀ। ਅਸੀਂ ਤਿੰਨੋਂ ਉੱਥੇ ਹੀ ਬੈਠ ਗਏ।

ਸਰਦੀਆਂ ਦੇ ਦਿਨ ਸਨ। ਹਨ੍ਹੇਰਾ ਜਲਦੀ ਹੋ ਗਿਆ ਸੀ। ਪੂਰੇ ਧਰਮਸਥਲ ਵਿਚ ਗਹਿਰਾ ਸੰਨਾਟਾ ਸੀ। ਇਕ ਵੀ ਦੁਕਾਨ ਖੁੱਲ੍ਹੀ ਨਹੀਂ ਸੀ। ਇਕ ਵੀ ਬੰਦਾ ਨਹੀਂ ਸੀ। ਤਲੀਆਂ ਨੂੰ ਫੂਕਾਂ ਮਾਰ ਕੇ ਗਰਮ ਕਰਦੇ ਹੋਏ ਬਾਬੂ ਆਨੰਦ ਸਰੂਪ ਚੁੱਪਚਾਪ ਕਮਰੇ ਦੇ ਉਸ ਕੋਨੇ ਨੂੰ ਘੂਰ ਰਹੇ ਸੀ, ਜਿੱਥੇ ਉਹ ਸ਼ਤਰੰਜ ਖੇਡਦੇ ਸਨ।

"ਕਚਹਿਰੀ ਹੁਣ ਰੰਡੀ ਹੋ ਗਈ।" ਕੁਝ ਦੇਰ ਬਾਅਦ ਉਨ੍ਹਾਂ ਹੌਲੀ ਜਿਹੀ ਬੁੜਬੁੜ ਕੀਤੀ। ਕਾਮਿਲ ਥੋੜ੍ਹਾ ਅੱਗੇ ਆਇਆ। ਬਾਬੂ ਆਨੰਦ ਸਰੂਪ ਨੇ ਐਨਕ ਦੇ ਮੋਟੇ ਸ਼ੀਸ਼ਿਆਂ ਪਿੱਛੋਂ ਦੇਖਿਆ ਉਸ ਨੂੰ। ਫਿਰ ਮੈਨੂੰ।

"ਲਾਈਟ ਜਗਾ ਦੇਨਾਂ ?" ਮੈਂ ਪੁੱਛਿਆ।

"ਨਹੀਂ, ਪਰ ਖਿੜਕੀ ਬੰਦ ਕਰ ਦੇ। ਠੰਡੀ ਹਵਾ ਆ ਰਹੀ ਹੈ।" ਉਨ੍ਹਾਂ ਨੇ ਪਿੱਛੇ ਵਾਲੀ ਖੁੱਲ੍ਹੀ ਵੱਡੀ ਖਿੜਕੀ ਵੱਲ ਇਸ਼ਾਰਾ ਕੀਤਾ। ਮੈਂ ਉੱਠ ਕੇ ਖਿੜਕੀ ਬੰਦ ਕਰ ਦਿੱਤੀ। ਮੈਂ ਵਾਪਿਸ ਆਪਣੀ ਜਗ੍ਹਾ ਤੇ ਬੈਠ ਗਿਆ। ਕਮਰੇ ਵਿਚ ਹੁਣ ਕੋਈ ਰੋਸ਼ਨੀ ਨਹੀਂ ਸੀ। ਮੈਂ ਹੱਥ ਆਪਣੀਆਂ ਕੱਛਾਂ ਵਿਚ ਦਬਾ ਲਏ।

" ...ਇਹ ਵੱਡੀ ਗੱਲ ਹੈ ਕਿ ਜਦੋਂ ਤੁਸੀਂ ਮਰੋ ਤਾਂ ਲੋਕ ਚਾਹੁੰਦੇ ਹੋਣ ਕਿ ਤੁਸੀਂ ਹੋਰ ਜਿਉਂਦੇ ਹੁੰਦੇ। ਇਹ ਅਕਸਰ ਨਹੀਂ ਹੁੰਦਾ। ਤੂੰ ਦੇਖਿਆ ਅੱਜ। ਇਸ ਕਚਹਿਰੀ ਦੀ ਇਕ ਪੂਰੀ ਉਮਰ, ਪੂਰੀ ਕਹਾਣੀ ਮਹਿਤਾਬ ਜਹਾਂਗੀਰ ਨਾਲ ਦਫਨ ਹੋ ਗਈ। ਜਦ ਕਿ ਕਿਸੇ ਵੀ ਕਹਾਣੀ ਦੇ ਹਰਫ਼ ਚਮਕਦੀ ਸਿਆਹੀ ਨਾਲ ਨਹੀਂ ਲਿਖੇ ਹੁੰਦੇ। ਉਨ੍ਹਾਂ ਦੇ ਆਖਰੀ ਦਿਨ ਬੜੇ ਮਾੜੇ ਬੀਤੇ ਸਨ।"



"ਸਾਨੂੰ ਦੱਸੋ ਕੁਝ," ਕਾਮਿਲ ਉਨ੍ਹਾਂ ਦੇ ਗੋਡਿਆਂ ਉੱਤੇ ਹੱਥ ਰੱਖ ਕੇ ਫੁਸਫੁਸਾਇਆ। ਬਾਬੂ ਆਨੰਦ ਸਰੂਪ ਨੇ ਬੰਦ ਗਲੇ ਦੇ ਕੋਟ ਅੰਦਰ ਪਏ ਮਫ਼ਲਰ ਨੂੰ ਗਲੇ ਦੇ ਚਾਰੋਂ ਪਾਸੇ ਲਪੇਟ ਲਿਆ, ਫਿਰ ਬੋਲਣ ਲੱਗੇ—

"ਮੈਂ ਉਨ੍ਹਾਂ ਦਾ ਪਹਿਲਾ ਟਾਈਪਿਸਟ ਸੀ। ਸੰਨ 35 ਦੀ ਗੱਲ ਹੋਏਗੀ। ਕਰੀਬ ਸੱਤ ਸਾਲ ਪਹਿਲਾਂ ਸਾਰੇ ਦੇਸ਼ ਵਿਚ ਕਮਿਊਨਿਸਟਾਂ ਦੀ ਧਰ-ਪਕੜ ਹੋਈ ਸੀ। ਉਨ੍ਹਾਂ ਉੱਤੇ ਮੁਕੱਦਮੇ ਚੱਲੇ। ਸਜਾਵਾਂ ਵੀ ਹੋਈਆਂ। ਉਨ੍ਹਾਂ ਲੋਕਾਂ ਵਿਚ ਇਕ ਮਹਿਤਾਬ ਜਹਾਂਗੀਰ ਵੀ ਸੀ। ਅੰਗਰੇਜ਼ੀ ਖੁਫੀਆ ਵਿਭਾਗ ਵਿਚ ਖ਼ਤਰਨਾਕ ਲੋਕਾਂ ਦੀ ਸੂਚੀ ਵਿਚ ਉਨ੍ਹਾਂ ਦਾ ਨਾਂ ਸਭ ਤੋਂ ਉੱਪਰ ਸੀ। ਪਹਿਲੀ ਵੱਡੀ ਲੜਾਈ ਵਿਚ ਵੀ ਉਨ੍ਹਾਂ ਨੇ ਅੰਗਰੇਜ਼ਾਂ ਦੇ ਖਿਲਾਫ਼ ਬਾਹਰੋਂ ਹਥਿਆਰ ਲਿਆਉਣ ਦੀ ਯੋਜਨਾ ਬਣਾਈ ਸੀ। ਪੁਲਿਸ ਨੂੰ ਇਸ ਦੀ ਸੂਹ ਲੱਗ ਗਈ। ਉਦੋਂ ਉਹ ਦੇਸ਼ ਤੋਂ ਬਾਹਰ ਨਿਕਲ ਗਏ। ਮੈਕਸੀਕੋ, ਅਮਰੀਕਾ ਫਿਰ ਰੂਸ ਪਹੁੰਚੇ। ਰੂਸ ਵਿਚ ਕ੍ਰਾਂਤੀ ਹੋ ਚੁੱਕੀ ਸੀ। ਲੈਨਿਨ ਦਾ ਜਾਦੂ ਦੁਨੀਆਂ ਵਿਚ ਫੈਲ ਰਿਹਾ ਸੀ, ਵਿਸ਼ੇਸ਼ ਕਰ ਨੌਜਵਾਨਾਂ ਵਿਚ। ਲੈਨਿਨ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ। ਦੋ ਸਾਲ ਬਾਅਦ ਉਨ੍ਹਾਂ ਨੂੰ ਇੱਥੇ ਕਮਿਊਨਿਸਟ ਪਾਰਟੀ ਦੀ ਬੁਨਿਆਦ ਰੱਖਣ ਲਈ ਭੇਜ ਦਿੱਤਾ ਗਿਆ। ਉਦੋਂ ਮਹਿਤਾਬ ਜਹਾਂਗੀਰ ਇਸ ਸ਼ਹਿਰ ਵਿਚ ਆਏ। ਇੱਥੇ ਉਨ੍ਹਾਂ ਨੇ ਬ੍ਰਿਟਿਸ਼ ਸਾਮਰਾਜ ਖਿਲਾਫ਼ ਸੰਗਠਨ ਬਣਾਉਣਾ ਸ਼ੁਰੂ ਕੀਤਾ। ਉਨ੍ਹਾਂ ਦੇ ਕੁਝ ਸਾਥੀ ਪਕੜੇ ਗਏ। ਉਹ ਭੱਜ ਨਿਕਲੇ। ਉਹ ਫਿਰ ਦੇਸ਼ੋਂ ਬਾਹਰ ਚਲੇ ਗਏ। ਫਿਰ ਵਾਪਸ ਆਏ। ਬਾਅਦ ਵਿਚ ਉਨ੍ਹਾਂ ਨੂੰ ਪਕੜ ਲਿਆ ਗਿਆ। ਸੰਨ 35 ਵਿਚ ਉਹ ਛੁੱਟੇ। ਜੇਲ੍ਹੋਂ ਨਿਕਲ ਕੇ ਮਹਿਤਾਬ ਇਸ ਸ਼ਹਿਰ ਵਿਚ ਆਏ ਤੇ ਇਸੇ ਕਚਹਿਰੀ ਵਿਚ ਆਪਣੀ ਵਕਾਲਤ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਵਕਾਲਤ ਵਿਚ ਬਹੁਤ ਨਾਂ, ਬਹੁਤ ਪੈਸਾ ਕਮਾਇਆ। ਘੱਟ ਲੋਕ ਹੀ ਕਿਸੇ ਪੇਸ਼ੇ ਵਿਚ ਐਨੇ ਕਾਮਯਾਬ ਹੁੰਦੇ ਹਨ, ਪਰ ਇਹ ਸਭ ਕਦੇ ਅਚਾਨਕ, ਇਕਦਮ ਨਹੀਂ ਹੁੰਦਾ। ਉਨ੍ਹਾਂ ਨੇ ਸ਼ੁਰੂ ਵਿਚ ਤਿੰਨ ਕਤਲ ਕਰਨ ਵਾਲੇ ਇਕ ਆਦਮੀ ਨੂੰ, ਕਤਲ ਦੇ ਇਕੱਲੇ ਗਵਾਹ ਤੋਂ ਸਿਰਫ਼ ਦੋ ਸਵਾਲ ਪੁੱਛ ਕੇ ਛੁਡਾ ਲਿਆ। ਉਹ ਰਾਤ ਵੇਲੇ ਕਾਤਿਲ ਨੂੰ ਦੇਖਣ ਦਾ ਦਾਅਵਾ ਕਰ ਰਿਹਾ ਸੀ। ਮਹਿਤਾਬ ਜਹਾਂਗੀਰ ਨੇ ਪੁੱਛਿਆ।

"ਹਨ੍ਹੇਰਾ ਪੱਖ ਸੀ ਕਿ ਉਜਾਲਾ ਪੱਖ ?"

ਉਸ ਨੇ ਕਿਹਾ, "ਹਨ੍ਹੇਰਾ ਪੱਖ।"

"ਉਨ੍ਹਾਂ ਕਚਹਿਰੀ ਦੀਆਂ ਬੱਤੀਆਂ ਤੇ ਖਿੜਕੀਆਂ ਬੰਦ ਕਰਵਾ ਦਿੱਤੀਆਂ। ਕਮਰੇ ਵਿਚ ਹਨੇਰਾ ਹੋ ਗਿਆ। ਉਨ੍ਹਾਂ ਨੇ ਉਸ ਆਦਮੀ ਨੂੰ ਆਪਣੇ ਵੱਲ ਪਿੱਠ ਕਰਨ ਲਈ ਕਿਹਾ। ਉਸ ਨੇ ਇੰਝ ਹੀ ਕੀਤਾ। ਉਹ ਆਪ ਦੂਸਰੇ ਚਾਰ ਵਕੀਲਾਂ ਵਿਚਕਾਰ ਜਾ ਕੇ ਖੜੇ ਹੋ ਗਏ।

"ਮੈਨੂੰ ਪਛਾਣੋ।" ਉਨ੍ਹਾਂ ਕਿਹਾ। ਉਹ ਆਦਮੀ ਮੁੜਿਆ। ਹਨੇਰੇ ਕਮਰੇ ਵਿਚ ਕਾਲਾ ਕੋਟ ਪਾਏ ਚਾਰ ਆਦਮੀਆਂ ਵਿਚਕਾਰ ਉਸ ਨੇ ਗਲਤ ਬੰਦੇ ਵੱਲ ਇਸ਼ਾਰਾ ਕਰ ਦਿੱਤਾ। ਉਹ ਦੂਰੀ ਸਿਰਫ਼ 20 ਫੀਟ ਦੀ ਸੀ, ਕਤਲ ਵੇਲੇ ਉਹ ਚਾਲ੍ਹੀ ਫੁੱਟ ਦੂਰੋਂ ਕਾਤਿਲ ਨੂੰ ਦੇਖਣ ਦਾ ਦਾਅਵਾ ਕਰ ਰਿਹਾ ਸੀ। ਮੁਕੱਦਮਾ ਛੁੱਟ ਗਿਆ, ਪਰੰਤੂ ਉਨ੍ਹਾਂ ਦਾ ਅਸਲੀ ਨਾਂ ਦੂਸਰੇ ਮੁਕੱਦਮੇ ਤੋਂ ਹੋਇਆ। ਅੱਜ ਵੀ ਫੈਸਲਿਆਂ ਦੇ ਪੁਰਾਣੇ ਦਸਤਾਵੇਜ਼ ਫਰੋਲੋ ਤਾਂ ਉਸ ਦਾ ਜ਼ਿਕਰ ਮਿਲ ਜਾਏਗਾ, ਪਰ ਉਸ ਮੁਕੱਦਮੇ ਦੀ ਕਦੇ ਮਿਸਾਲ ਨਹੀਂ ਦਿੱਤੀ ਜਾਂਦੀ। ਸਾਰੇ ਮੁਲਕ ਵਿਚ ਉਹ ਇਸ ਮੁਕੱਦਮੇ ਤੋਂ ਮਸ਼ਹੂਰ ਹੋ ਗਏ ਸਨ।" ਉਨ੍ਹਾਂ ਸਾਹ ਲਿਆ, ਫਿਰ ਚੁੱਪ ਹੋ ਕੇ ਸਾਨੂੰ ਦੋਵਾਂ ਨੂੰ ਦੇਖਿਆ। ਸ਼ਾਇਦ ਅੰਦਾਜ਼ਾ ਲਗਾ ਰਹੇ ਸਨ ਕਿ ਅਸੀਂ ਸੁਣਨਾ ਚਾਹੁੰਦੇ ਹਾਂ ਜਾਂ ਨਹੀਂ ਜਾਂ ਫਿਰ ਉਹ ਥੱਕ ਗਏ ਸਨ। ਕੁਝ ਪਲਾਂ ਬਾਅਦ ਫਿਰ ਬੋਲਣ ਲੱਗੇ,

" ...ਇੱਥੇ ਇਕ ਨੱਚਣ ਵਾਲੀ ਸੀ। ਨਾਂ ਭੁੱਲ ਰਿਹਾ ਹਾਂ, ਪਰ ਉਸ ਦਾ ਹੁਸਨ ਅਤੇ ਗਾਣਾ ਦੋਵੇਂ

ਮਸ਼ਹੂਰ ਸਨ। ਲੋਕ ਕਹਿੰਦੇ ਸਨ ਕਿ ਗਲੇ ਤੋਂ ਉੱਤਰਦਾ ਪਾਣੀ ਦਿੱਸਣ ਦੀ ਗੱਲ ਉਸ ਲਈ ਕਹੀ ਗਈ ਸੀ। ਉਸ ਨੇ ਘਰ ਬਣਾਉਣ ਲਈ ਇੱਥੋਂ ਦੇ ਇਕ ਸ਼ਾਹੂਕਾਰ ਤੋਂ ਰੁਪਏ ਲਏ ਜਾਂ ਸ਼ਾਇਦ ਨਾ ਲਏ ਜਾਂ ਮੋੜ ਦਿੱਤੇ, ਪਰ ਸ਼ਾਹੂਕਾਰ ਨੇ ਮੁਕੱਦਮਾ ਕਰ ਦਿੱਤਾ ਕਿ ਉਸ ਨੇ ਦਸ ਹਜ਼ਾਰ ਰੁਪਏ ਲਏ ਹਨ ਤੇ ਹੁਣ ਮਨ੍ਹਾ ਕਰ ਰਹੀ ਹੈ। ਉਹ ਕਹਿੰਦੀ ਸੀ, ਸ਼ਾਹੂਕਾਰ ਝੂਠ ਬੋਲਦਾ ਹੈ। ਮਹਿਤਾਬ ਜਹਾਂਗੀਰ ਨੇ ਨੱਚਣ ਵਾਲੀ ਦਾ ਮੁਕੱਦਮਾ ਲੈ ਲਿਆ। ਬਹਿਸ ਹੋਈ, ਗਵਾਹ ਆਏ, ਕੁਝ ਕਾਗਜ਼ ਪੇਸ਼ ਕੀਤੇ ਗਏ। ਮਹਿਤਾਬ ਜਹਾਂਗੀਰ ਉਸ ਨੱਚਣ ਵਾਲੀ ਦਾ ਕੇਸ ਮਜ਼ਬੂਤ ਨਾ ਬਣਾ ਸਕੇ। ਗਵਾਹਾਂ ਨੇ ਸਹੁੰ ਚੁੱਕ ਕੇ ਬਿਆਨ ਦਿੱਤੇ ਕਿ ਉਨ੍ਹਾਂ ਦੇ ਸਾਹਮਣੇ ਨੱਚਣ ਵਾਲੀ ਨੇ ਰੁਪਏ ਲਏ ਹਨ। ਆਖਰੀ ਜਿਰਹ ਦੇ ਪਹਿਲੇ ਵਾਲੀ ਸ਼ਾਮ ਉਹ ਉਨ੍ਹਾਂ ਦੇ ਬੰਗਲੇ ਤੇ ਆਈ। ਧਾਹਾਂ ਮਾਰ ਕੇ ਰੋਈ ਕਿ ਉਸ ਦਾ ਈਮਾਨ ਇਹੀ ਹੈ ਕਿ ਉਸ ਨੇ ਰੁਪਏ ਨਹੀਂ ਲਏ। ਉਸ ਨੇ ਸੰਗੀਤ ਦੇ ਸੁਰਾਂ ਦੀ ਸਹੁੰ ਖਾਧੀ ਕਿ ਜੇ ਉਹ ਝੂਠ ਬੋਲੇ ਤਾਂ ਗਲੇ ਤੋਂ ਕੋਈ ਸੁਰ ਨਾ ਕੱਢ ਸਕੇ। ਮਹਿਤਾਬ ਜਹਾਂਗੀਰ ਨੇ ਉਸ ਨੂੰ ਕਿਹਾ ਕਿ, ਕਲ੍ਹ ਉਹ ਅਦਾਲਤ ਆਏ ਤਾਂ ਸਾਹਮਣੇ ਕੋਈ ਪੁਰਾਣਾ ਕਮਜ਼ੋਰ ਕੱਪੜਾ ਪਾ ਕੇ ਆਏ। ਉਸ ਦੇ ਹੇਠਾਂ ਕੁਝ ਨਾ ਪਾ ਕੇ ਆਏ। ਉਹ ਅਦਾਲਤ ਵਿਚ ਜੋ ਵੀ ਕਰੇ, ਪਰ ਆਪਣੀ ਥਾਂ ਤੋਂ ਹਿੱਲੇ ਬਿਲਕੁਲ ਨਾ। ਉਸ ਨੇ ਇੰਝ ਹੀ ਕੀਤਾ। ਜਿਰਹ ਸ਼ੁਰੂ ਹੋਈ। ਮੁਕੱਦਮੇ ਵਿਚ ਅੰਗਰੇਜ਼ ਜੱਜ ਬਾਲਡਵਿਨ ਸੀ। ਮਹਿਤਾਬ ਜਹਾਂਗੀਰ ਦੀਆਂ ਦਲੀਲਾਂ ਦਾ ਉਸ ਉੱਤੇ ਕੋਈ ਅਸਰ ਨਹੀਂ ਹੋ ਰਿਹਾ ਸੀ। ਮਹਿਤਾਬ ਜਹਾਂਗੀਰ ਨੇ ਅਖੀਰ ਆਪਣੀ ਐਨਕ ਉਤਾਰ ਕੇ ਮੇਜ਼ ਤੇ ਰੱਖ ਦਿੱਤੀ ਤੇ ਜੱਜ ਨੂੰ ਕਿਹਾ, "ਹੁਣ ਮੈਂ ਆਪਣਾ ਆਖਰੀ ਗਵਾਹ ਪੇਸ਼ ਕਰਾਂਗਾ ਤੇ ਉਹ ਗਵਾਹ ਅਜਿਹਾ ਹੈ, ਜਿਸ ਦੀ ਸੱਚਾਈ ਨੂੰ ਤੁਸੀਂ ਕੀ, ਰੱਬ ਵੀ ਨਹੀਂ ਠੁਕਰਾ ਸਕਦਾ।" ਕਚਹਿਰੀ ਵਿਚ ਸਨਸਨੀ ਫੈਲ ਗਈ। ਮਹਿਤਾਬ ਜਹਾਂਗੀਰ ਨੇ ਨੱਚਣ ਵਾਲੀ ਨੂੰ ਕਟਹਿਰੇ ਵਿਚ ਬੁਲਾਇਆ। ਉਸ ਕੋਲ ਗਏ ਤੇ ਅਚਾਨਕ ਉਸ ਦੀਆਂ ਛਾਤੀ ਤੋਂ ਕੱਪੜਾ ਫਾੜ ਦਿੱਤਾ। ਉਸ ਦੀਆਂ ਦੋਵੇਂ ਛਾਤੀਆਂ ਨੰਗੀਆਂ ਹੋ ਗਈਆਂ।

"ਇਨ੍ਹਾਂ ਨੂੰ ਧਿਆਨ ਨਾਲ ਦੇਖੋ ਹਜ਼ੂਰ," ਮਹਿਤਾਬ ਜਹਾਂਗੀਰ ਨੇ ਬਾਲਡਵਿਨ ਨੂੰ ਕਿਹਾ," ਜਿਸ ਔਰਤ ਦੀਆਂ ਛਾਤੀਆਂ ਐਨੀਆਂ ਸੁਹਣੀਆਂ ਹੋਣ, ਕਿ ਉਹ ਕਦੇ ਝੂਠ ਬੋਲ ਸਕਦੀ ਹੈ ?"

ਬਲਡਵਿਨ ਨੇ ਫੈਸਲਾ ਦਿੱਤਾ ਕਿ ਔਰਤ ਸੱਚ ਬੋਲ ਰਹੀ ਹੈ ਅਤੇ ਆਪਣੇ ਚੈਂਬਰ ਵਿਚ ਜਾ ਕੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਬਾਬੂ ਆਨੰਦ ਸਰੂਪ ਨੇ ਇਕ ਡੂੰਘਾ ਸਾਹ ਭਰਿਆ, ਫਿਰ ਬੋਲੇ, ਅੱਜ ਵੀ ਤੁਸੀਂ ਲੋਕ ਬਾਰ ਐਸੋਸੀਏਸ਼ਨ ਦੀਆਂ ਪੁਰਾਣੀਆਂ ਫਾਇਲਾਂ ਫਰੋਲੋ ਤਾਂ ਉਸ ਵਿਚ ਕਿੱਧਰੇ ਦੱਬਿਆ ਹੋਇਆ ਇਹ ਮੁਕੱਦਮਾ ਵੀ ਮਿਲ ਜਾਏਗਾ। ਬਾਲਡਵਿਨ ਨੇ ਆਪਣੇ ਫੈਸਲੇ ਵਿਚ ਇਹ ਲਿਖ ਦਿੱਤਾ ਸੀ ਕਿ, ਉਸ ਦੇ ਇਸ ਫ਼ੈਸਲੇ ਨੂੰ ਕਦੇ ਕਾਨੂੰਨ ਦੀ ਕਿਸੇ ਕਿਤਾਬ ਵਿਚ ਨਾ ਲਿਖਿਆ ਜਾਏ, ਨਾ ਕਦੇ ਕਿਸੇ ਮੁਕੱਦਮੇ ਵਿਚ ਇਸ ਨੂੰ ਸਬੂਤ ਬਣਾ ਕੇ ਕੋਈ ਫੈਸਲਾ ਕੀਤਾ ਜਾਵੇ, ਇਸ ਲਈ ਉਹ ਹਮੇਸ਼ਾ ਲਈ ਫਾਇਲਾਂ ਵਿਚ ਦੱਬ ਗਿਆ। ਇਸ ਤੋਂ ਬਾਅਦ ਜਿਸ ਮੁਕੱਦਮੇ ਨੂੰ ਕੋਈ ਨਾ ਜਿੱਤ ਸਕੇ, ਉਸ ਨੂੰ ਮਹਿਤਾਬ ਜਹਾਂਗੀਰ ਲੈਂਦੇ ਸਨ। ਉਨ੍ਹਾਂ ਦੀ ਫੀਸ ਸਾਰੇ ਮੁਲਕ ਵਿਚ ਜਿਨਾਹ ਤੋਂ ਬਾਅਦ ਸੀ ਤੇ ਉਹ ਕਦੇ ਘੱਟ ਨਹੀਂ ਲੈਂਦੇ ਸਨ। ਉਨ੍ਹਾਂ ਨੇ ਬਹੁਤ ਵੱਡਾ ਬੰਗਲਾ ਬਣਵਾਇਆ ਸੀ। ਬੰਗਲੇ ਵਿਚ ਸ਼ਾਮ ਤੋਂ ਬਾਅਦ ਉਹ ਕਿਸੇ ਨੂੰ ਆਉਣ ਨਹੀਂ ਦੇਂਦੇ ਸਨ, ਸਿਵਾਏ ਮੇਰੇ। ਉਹ ਵੀ ਉਦੋਂ, ਜਦੋਂ ਉਹ ਮੈਨੂੰ ਕਹਿ ਦੇਂਦੇ ਕਿ ਤੂੰ ਸ਼ਾਮੀਂ ਆਵੀਂ। ਕਿਸੇ ਮੁਕੱਦਮੇ ਬਾਰੇ ਕੁਝ ਲਿਖਵਾਉਂਦੇ, ਕਦੇ ਐਵੇਂ ਹੀ ਕੋਲ ਬਿਠਾ ਕੇ ਕੋਨਿਆਕ ਪੀਂਦੇ ਹੋਏ ਪੁਰਾਣੇ ਕਿੱਸੇ, ਪੁਰਾਣੀਆਂ ਗੱਲਾਂ ਦੱਸਦੇ ਰਹਿੰਦੇ।

"ਮੈਂ ਤੁਹਾਨੂੰ ਧਰਮ ਸਾਸ਼ਤਰਾਂ ਦੀਆਂ ਗੱਲਾਂ ਦੱਸਦਾ ਹਾਂ। ਸੰਸਕ੍ਰਿਤ ਬੋਲਦਾ ਹਾਂ, ਮੈਨੂੰ ਇਹ ਸਾਰੀਆਂ ਗੱਲਾਂ ਮਹਿਤਾਬ ਜਹਾਂਗੀਰ ਨੇ ਸਿਖਾਈਆਂ ਹਨ। ਹੋਰ ਮੈਂ ਕਿੱਥੋਂ ਸਿੱਖਦਾ ? ਜਦੋਂ ਕਦੇ ਕਿਸੇ



ਮੁਕੱਦਮੇ ਵਿਚ, ਉਹ ਹਰ ਤਰ੍ਹਾਂ ਨਾਲ ਗਲਤ ਬੰਦੇ ਵਲੋਂ ਲੜਦੇ, ਤਾਂ ਮੈਂ ਉਨ੍ਹਾਂ ਨਾਲ ਲੜ ਪੈਂਦਾ, ਤੁਸੀਂ ਇੰਝ ਕਿਵੇਂ ਕਰ ਸਕਦੇ ਹੋ। ਇਹ ਜਾਣਦੇ ਹੋਏ ਕਿ ਉਹ ਇਕ ਖਤਰਨਾਕ ਹਤਿਆਰਾ ਹੈ, ਕਿਵੇਂ ਉਸ ਨੂੰ ਛੁਡਾਉਣ ਦੀ ਗੱਲ ਸੋਚ ਲੈਂਦੇ ਹੋ ? ਨੀਤੀ, ਨਿਯਮ, ਨੈਤਿਕਤਾ, ਪੁੰਨ, ਸਦਾਚਾਰ, ਧਰਮ ਦੀ ਤਾਂ ਹੁੰਦਾ ਹੀ ਹੈ ? ਆਖਿਰ ਇਨ੍ਹਾਂ ਦੀ ਰੱਖਿਆ ਲਈ ਹੀ ਅਦਾਲਤਾਂ ਬਣੀਆਂ ਹਨ। ਉਂਝ ਹੀ ਤਾਂ ਇਸ ਨੂੰ ਪੁਰਾਣੇ ਗ੍ਰੰਥਾਂ ਵਿਚ ਧਰਮ ਦਾ ਸਥਾਨ ਨਹੀਂ ਕਿਹਾ ਗਿਆ ? ਤੁਹਾਨੂੰ ਅਜਿਹੇ ਮੁਕੱਦਮੇ ਨਹੀਂ ਲੈਣੇ ਚਾਹੀਦੇ।" ਕੁਝ ਪਲ ਆਨੰਦ ਸਰੂਪ ਚੁੱਪ ਹੋ ਗਏ। ਇਕ ਸਿਗਰੇਟ ਬਾਲ ਕੇ, ਫਿਰ ਬੋਲੇ,

"ਉਸ ਦਿਨ ਸ਼ਾਮ ਤੋਂ ਹੀ ਬਾਰਿਸ਼ ਹੋ ਰਹੀ ਸੀ, ਜਦੋਂ ਮੈਂ ਉਨ੍ਹਾਂ ਨਾਲ ਇਸ ਤਰ੍ਹਾਂ ਲੜ ਰਿਹਾ ਸੀ। ਬਹੁਤ ਤੇਜ਼ ਬਾਰਿਸ਼ ਸੀ।"

"ਤੂੰ ਹੁਣ ਘਰ ਨਹੀਂ ਜਾ ਸਕੇਗਾ।" ਉਨ੍ਹਾਂ ਨੇ ਮੈਨੂੰ ਕਿਹਾ, ਫਿਰ ਮੇਰੀਆਂ ਗੱਲਾਂ ਦਾ ਜੋ ਜਵਾਬ ਉਨ੍ਹਾਂ ਦਿੱਤਾ, ਉਹ ਮੈਂ ਤੁਹਨੂੰ ਦੋਵਾਂ ਨੂੰ ਦੱਸਦਾ ਹਾਂ। ਤੁਹਾਡੀ ਜ਼ਿੰਦਗੀ ਵਿਚ ਕੰਮ ਆਵੇਗਾ। ਉਸ ਰਾਤ ਉਨ੍ਹਾਂ ਦਾ ਮਨ ਵਖਰੇ ਰੰਗ ਵਿਚ ਸੀ। ਉਨ੍ਹਾਂ ਕਿਹਾ, "ਮੈਂ ਉਹੀ ਕੰਮ ਕਰਦਾ ਹਾਂ ਜੋ ਇਕ ਦਾਰਸ਼ਨਿਕ ਕਰਦਾ ਹੈ। ਯਾਨਿ ਕਿ ਸੱਚ ਦੀ ਖੋਜ। ਤੇ ਸੱਚ ਕਿੱਥੇ ਹੁੰਦਾ ਹੈ ? ਅਨੇਕ ਸੰਸਿਆਂ, ਸੰਦੇਹਾਂ ਵਿਚਕਾਰ...ਇਸ ਮਾਇਆਵੀ ਜਗਤ ਵਿਚਕਾਰ, ਜਿੱਥੇ ਕੁਝ ਵੀ ਅੰਤਿਮ, ਸਦੀਵੀ, ਇਕਲੌਤਾ ਸੱਚ ਨਹੀਂ ਹੈ, ਸਿਵਾਏ ਮੌਤ ਦੇ। ਤਾਂ ਇਨ੍ਹਾਂ ਸੰਦੇਹਾਂ ਸੰਸਿਆਂ, ਮਾਇਆਜਾਲ ਵਿਚਕਾਰ ਉਸ ਸੱਚ ਦੀ ਤਲਾਸ਼ ਕਰਨੀ ਪੈਂਦੀ ਹੈ, ਜੋ ਜੇ ਹੈ ਤੇ ਜੋ ਸਾਨੂੰ ਲਗਾਤਾਰ ਸਿਖਾਇਆ ਜਾਂਦਾ ਹੈ ਕਿ ਹਾਂ ਹੈ। ਇਸ ਤਰ੍ਹਾਂ ਮੁਕੱਦਮਿਆਂ ਵਿਚ ਵੀ ਸੱਚ ਤੱਕ ਪਹੁੰਚਣ ਲਈ ਜ਼ਰੂਰੀ ਹੈ ਕਿ ਇਸ ਨੂੰ ਸੰਦੇਹਾਂ, ਸੰਸਿਆਂ, ਦੁਬਿਧਾਵਾਂ ਵਿਚਕਾਰ ਲੱਭਿਆ ਜਾਵੇ। ਇਸ ਲਈ ਮੈਂ ਸਭ ਤੋਂ ਪਹਿਲਾਂ ਇਨ੍ਹਾਂ ਸੰਦੇਹਾਂ ਨੂੰ ਜਨਮ ਦੇਂਦਾ ਹਾਂ। ਸ਼ੰਕੇ, ਪ੍ਰਸ਼ਨਾਂ ਨੂੰ ਜ਼ਿੰਦਾ ਕਰਦਾ ਹਾਂ, ਧੁੰਧਲਕੇ ਦਾ ਇਕ ਮਾਇਆਜਗਤ ਰਚਦਾ ਹਾਂ, ਤਾਂ ਕਿ ਸੱਚਾਈ ਤੱਕ ਪਹੁੰਚ ਸਕਾਂ। ਯਾਦ ਰੱਖਣਾ, ਤੁਹਾਨੂੰ ਉਹ ਦੱਸ ਰਿਹਾ ਹਾਂ, ਜੋ ਕੋਈ ਨਹੀਂ ਕਹਿੰਦਾ। ਇਨਸਾਫ਼ ਦੀ ਦੁਨੀਆਂ ਵਿਚ ਉਹ ਕਦੇ ਸੱਚ ਨਹੀਂ ਹੁੰਦਾ, ਜੋ ਤੁਸੀਂ ਨੰਗੀਆਂ ਅੱਖਾਂ ਨਾਲ ਦੇਖਿਆ ਹੋਵੇ। ਸੱਚਾਈ ਉਨ੍ਹਾਂ ਦੇ ਪਿੱਛੇ ਦਾ ਉਹ ਉਦੇਸ਼ ਹੈ, ਉਹ ਕਾਰਣ ਹਨ, ਜਿਨ੍ਹਾਂ ਨੇ ਉਸ ਦਿਸਣ ਵਾਲੇ ਸੱਚ ਨੂੰ ਜਨਮ ਦਿੱਤਾ ਹੈ ਅਤੇ ਇਹ ਕਾਰਣ ਕਦੇ ਮਨੁੱਖ ਦੀ ਆਤਮਾ ਹੁੰਦੇ ਹਨ, ਕਦੇ ਉਸ ਦੀ ਮੌਤ, ਕਦੇ ਉਸ ਦੀਆਂ ਅੱਖਾਂ, ਕਦੇ ਉਸ ਦੀ ਚੇਤਨਾ ਹੁੰਦੀ ਹੈ। ਇਨ੍ਹਾਂ ਤੋਂ ਹੀ ਉਹ ਸਾਰੀ ਉਮਰ ਸੇਧ ਲੈਂਦਾ ਹੈ। ਕਿਸੇ ਵੀ ਮੁਕੱਦਮੇ ਵਿਚ ਫ਼ੈਸਲਾ ਕਰਨ ਤੋਂ ਪਹਿਲਾਂ ਇਸ ਵੱਡੀ ਸੱਚਾਈ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ। ਤੁਹਾਨੂੰ ਪਤਾ ਨਹੀਂ ਹੋਵੇਗਾ ਕਿ ਧਰਮਸਾਸ਼ਤਰਾਂ ਵਿਚ ਇਨਸਾਫ਼ ਨੂੰ ਵਿਹਾਰ ਕਿਹਾ ਗਿਆ ਹੈ। ਮੈਂ ਤੁਹਾਨੂੰ ਕਿੰਨੇ ਹੀ ਪੁਰਾਣੇ ਧਰਮਗ੍ਰੰਥਾਂ ਦੇ ਨਾਂ ਦੱਸ ਸਕਦਾ ਹਾਂ। ਜਿਨ੍ਹਾਂ ਨੇ ਲਾੱਅ ਅਤੇ ਜੂਡੀਸ਼ਿਅਲ ਪ੍ਰੋਸੀਡਿਊਰ ਬਾਰੇ, ਲਾੱਅ ਸੂਟ ਬਾਰੇ ਵਿਹਾਰ ਸ਼ਬਦ ਵਰਤਿਆ ਹੈ। ਇਸ ਸ਼ਬਦ ਦੀਆਂ ਵੀ ਅਨੇਕ ਵਿਆਖਿਆਵਾਂ ਹਨ।

ਮੈਂ ਜੋ ਮੰਨਦਾ ਹਾਂ, ਉਹ ਸੁਣੋ। ਉਪਸਰਗ 'ਵਿ' ਬਹੁਤਿਆਂ ਦੇ ਅਰਥ ਵਿਚ, 'ਹੁਣ' ਦਾ 'ਸੰਦੇਹ' ਦਾ ਅਰਥ ਹੈ 'ਹਾਰ' ਦਾ 'ਹਟਾਉਣ' ਦੇ ਅਰਥ ਵਿਚ ਵਰਤਿਆ ਗਿਆ ਹੈ। ਯਾਨਿ 'ਵਿਹਾਰ' ਉਹ, ਜੋ ਬਹੁਤ ਸਾਰੇ ਸੰਦੇਹਿਆਂ/ਸੰਸਿਆਂ ਨੂੰ ਪਰ੍ਹੇ ਹਟਾਏ। ਇਹ ਪਰਿਭਾਸ਼ਾ ਇਨਸਾਫ਼ ਨੂੰ ਬਹੁਤ ਵੱਡਾ ਅਰਥ ਦੇ ਦੇਂਦੀ ਹੈ। ਦਰਸ਼ਨ ਸਾਸ਼ਤਰ ਦੀਆਂ ਸਾਰੀਆਂ ਸ਼ਾਖਾਵਾਂ ਦਾ ਕ੍ਰਿਏਟਿਵਿਟੀ ਦੇ ਕਿਸੇ ਵੀ ਰੂਪ ਦਾ ਉਦੇਸ਼ ਵੀ ਸੰਸਿਆਂ ਨੂੰ ਹਟਾ ਕੇ ਕਿਸੇ ਸੱਚ ਦੀ ਖੋਜ ਕਰਨਾ ਹੈ...। ਯਾਨਿ ਉਹ ਕੰਮ ਕਰਨਾ ਹੈ ਜੋ ਇਨਸਾਫ਼ ਦਾ, ਕਾਨੂੰਨ ਦਾ ਹੈ। ਅਦਾਲਤਾਂ ਦਾ, ਮੇਰਾ, ਜੱਜਾਂ ਦਾ ਕੰਮ ਹੈ। ਪਰ ਇਕ ਸੂਖਮ ਫ਼ਰਕ ਹੈ। ਸੱਚ ਦੀ ਖੋਜ ਵਿਚ ਦਾਰਸ਼ਨਿਕ ਜਾਂ ਰਚਨਾਕਾਰ ਭਾਵੇਂ ਕਿੰਨਾ ਵਕਤ ਲੈ ਸਕਦਾ ਹੈ, ਪੂਰੀ ਉਮਰ ਵੀ ਲੰਘਾ ਸਕਦਾ ਹੈ, ਪਰ ਇਨਸਾਫ਼ ਵਿਚ

ਤੁਸੀਂ ਇਹ ਨਹੀਂ ਕਰ ਸਕਦੇ। ਦਾਰਸ਼ਨਿਕ ਜਾਂ ਰਚਨਾਕਾਰ ਸੁਨਯ ਤੋਂ, ਆਪਣੀ ਸੋਝੀ ਨਾਲ, ਅਨੁਭਵ ਜਾਂ ਅੰਤਰਮਨ ਨਾਲ ਸਿਧਾਂਤ, ਤਰਕ ਘੜਦਾ ਹੈ, ਪਰ ਇਨਸਾਫ਼ ਗਵਾਹ, ਸਬੂਤਾਂ ਤੇ ਤੱਥਾਂ ਤੇ ਨਿਰਭਰ ਰਹਿੰਦਾ ਹੈ। ਇਸ ਲਈ ਮੈਂ ਹਮੇਸ਼ਾ ਉਸ ਪੱਖ ਨੂੰ ਲੈਂਦਾ ਹਾਂ ਜੋ ਸੰਦੇਹ ਨੂੰ, ਸੰਸੇ ਨੂੰ, ਪ੍ਰਤਿਪੱਖ ਨੂੰ ਜਨਮ ਦੇਵੇ। ਉਸ ਤੋਂ ਬਾਅਦ ਹੀ ਤਾਂ ਸੱਚ ਮਿਲੇਗਾ ਨਾ ? ਇਨ੍ਹਾਂ ਮੁਕੱਦਮਿਆਂ ਵਿਚ ਮੈਂ ਵੀ ਇਕ ਅਜਿਹਾ ਦਾਰਸ਼ਨਿਕ, ਅਜਿਹਾ ਰਚਨਾਕਾਰ ਹਾਂ ਜੋ ਨਿਰੰਤਰ ਸੱਚ ਦੀ ਖੋਜ ਵਿਚ ਲੱਗਾ ਰਹਿੰਦਾ ਹੈ। ਮੈਨੂੰ ਲੱਗਦਾ ਹੈ, ਤੈਨੂੰ ਤੇਰੇ ਸਵਾਲਾਂ ਦਾ ਜਵਾਬ ਮਿਲ ਗਿਆ ਹੋਏਗਾ।" ਉਹ ਚੁੱਪ ਹੋ ਗਏ।

"ਉਸ ਪੂਰੀ ਰਾਤ ਬਾਰਿਸ਼ ਹੁੰਦੀ ਰਹੀ। ਉਹ ਮੇਰੇ ਸਾਹਮਣੇ ਇਕ ਦੁਨੀਆਂ ਖੋਲ੍ਹਦੇ, ਫਿਰ ਦੂਸਰੀ, ਫਿਰ ਤੀਸਰੀ। ਦੇਸ਼, ਇਤਿਹਾਸ, ਰਾਜਨੀਤੀ, ਆਜ਼ਾਦੀ ਦੀ ਲੜਾਈ, ਵੱਡੇ ਲੋਕ, ਜੱਜਾਂ ਦੇ ਫੈਸਲੇ, ਮੁਕੱਦਮੇ ਸਭ ਉਨ੍ਹਾਂ ਦੇ ਕਿੱਸਿਆਂ ਵਿਚ ਆਉਂਦੇ-ਜਾਂਦੇ ਰਹੇ। ਰਾਤ ਖਤਮ ਹੋਣ ਲੱਗੀ। ਫਿਰ ਅਚਾਨਕ ਬਾਰਿਸ਼ ਬੰਦ ਹੋਈ। ਆਸਮਾਨ ਇਕਦਮ ਸਾਫ਼ ਹੋ ਗਿਆ। ਅਜੇ ਸਵੇਰ ਨਹੀਂ ਹੋਈ ਸੀ, ਪਰ ਅਚਾਨਕ ਖਿੜਕੀ ਤੋਂ ਰੋਸ਼ਨੀ ਦਾ ਇਕ ਟੋਟਾ ਟੇਢਾ ਹੋ ਕੇ ਅੰਦਰ ਲੰਘ ਆਇਆ। ਮੈਂ ਹੈਰਾਨ ਹੋ ਕੇ ਫਰਿਸ਼ਤੇ ਵਾਂਗ ਆਸਮਾਨ ਤੋਂ ਉੱਤਰੀ ਉਸ ਚਮਕ ਨੂੰ ਦੇਖਣ ਲੱਗਾ। ਉਹ ਸਮਝ ਗਏ। ਉਨ੍ਹਾਂ ਨੇ ਮੈਨੂੰ ਇਸ਼ਾਰਾ ਕੀਤਾ।

"ਖਿੜਕੀ ਤੋਂ ਬਾਹਰ ਦੇਖ।"

"ਮੈਂ ਉੱਠ ਕੇ ਦੇਖਿਆ। ਦੂਰ ਟਹਿਣੀਆਂ ਤੇ ਪੱਤਿਆਂ ਤੋਂ ਪਾਰ ਬਹੁਤ ਹਲਕੀ ਰੋਸ਼ਨੀ ਸੁੱਟਦਾ ਹੋਇਆ, ਦਾਤਰੀ ਦੀ ਸ਼ਕਲ ਦਾ ਸੁਹਣਾ ਚੰਨ ਨਿਕਲਿਆ ਹੋਇਆ ਸੀ। ਉਨ੍ਹਾਂ ਕਿਹਾ, "ਤੂੰ ਹਮੇਸ਼ਾ ਸੁਣਿਆ ਹੋਏਗਾ ਕਿ ਚੰਨ ਰਾਤੀਂ ਨਿਕਲਦਾ ਹੈ। ਇਹ ਸਵੇਰੇ ਨਿਕਲਣ ਵਾਲਾ ਚੰਨ ਹੈ। ਰਾਤ ਦੇ ਚੰਨ ਨਾਲੋਂ ਵੀ ਜ਼ਿਆਦਾ ਸੁਹਣਾ। ਸੰਸੇ ਅਤੇ ਸੱਚ ਦੀ ਦੁਨੀਆਂ ਨੂੰ ਤੂੰ ਹੁਣ ਆਪ ਹੀ ਸਮਝ ਸਕਦਾ ਏਂ।"

ਬਾਬੂ ਆਨੰਦ ਸਰੂਪ ਪਿੱਛੇ ਸਰਕ ਕੇ ਕੁਰਸੀ ਉੱਤੇ ਪਸਰ ਗਏ। ਬੋਲਦੇ ਹੋਏ ਉਨ੍ਹਾਂ ਦੇ ਮੂੰਹ 'ਚੋਂ ਧੂੰਆਂ ਨਿਕਲਣ ਲੱਗ ਪਿਆ ਸੀ। ਬੰਦ ਗਲੇ ਦੇ ਕੋਟ ਉੱਪਰ ਮਫ਼ਲਰ ਨੂੰ ਉਨ੍ਹਾਂ ਨੇ ਠੀਕ ਤਰ੍ਹਾਂ ਕੱਸਿਆ। ਸਰਦੀ ਵੱਧ ਗਈ ਸੀ। ਖਿੜਕੀਆਂ ਬੰਦ ਸਨ, ਪਰ ਟੁੱਟੀਆਂ ਲੱਕੜਾਂ ਦੀਆਂ ਚੌੜੀਆਂ ਝੀਥਾਂ 'ਚੋਂ ਠੰਡੀ ਹਵਾ ਅੰਦਰ ਆ ਰਹੀ ਸੀ।

"ਮਹਿਤਾਬ ਜਹਾਂਗੀਰ ਆਖ਼ਰੀ ਵਾਰ ਕਚਹਿਰੀ ਸੱਤ ਸਾਲ ਪਹਿਲਾਂ ਆਏ ਸਨ। ਦੋ ਘੰਟੇ ਅੰਦਰ ਚੌਦਾਂ ਲੋਕ ਨਕਲੀ ਗੁਲੂਕੋਜ਼ ਚੜਾਏ ਜਾਣ ਕਾਰਣ ਸਰਕਾਰੀ ਹਸਪਤਾਲਾਂ ਵਿਚ ਮਰ ਗਏ। ਸ਼ਹਿਰ ਵਿਚ ਹਾਹਾਕਾਰ ਮੱਚ ਗਿਆ। ਗੁਲੂਕੋਜ਼ ਸ਼ਹਿਰ ਦੇ ਇਕ ਵੱਡੇ ਪਰਿਵਾਰ ਦੀ ਕੰਪਨੀ ਦਾ ਸੀ। ਉਸ ਦੇ ਕਈ ਸਕੂਲ ਸਨ। ਵਿਧਾਨ ਸਭਾ ਵਿਚ ਵੀ ਦੋ ਵਾਰ ਜਿੱਤ ਕੇ ਜਾ ਚੁੱਕਾ ਸੀ। ਲੋਕਾਂ ਦਾ ਗੁੱਸਾ ਦੇਖ ਕੇ ਪੁਲਿਸ ਨੇ ਕੰਪਨੀ ਦੇ ਮੈਨੇਜਰ, ਸੁਪਰ ਵਾਈਜ਼ਰ ਅਤੇ ਹਸਪਤਾਲ ਦੇ ਸਟੋਰਕੀਪਰ ਨੂੰ ਗ੍ਰਿਫਤਾਰ ਕਰ ਲਿਆ। ਇਹ ਸਭ ਦੁਪਹਿਰ ਤੱਕ ਹੋ ਗਿਆ। ਜੋ ਅਸਲੀ ਮਾਲਕ ਸਨ, ਉਹ ਪੁਲਿਸ ਨੂੰ ਨਹੀਂ ਮਿਲ ਰਹੇ ਸਨ ਜਾਂ ਪੁਲਿਸ ਨੇ ਉਨ੍ਹਾਂ ਨੂੰ ਇਕ ਦਿਨ ਦੀ ਮੋਹਲਤ ਦੇ ਦਿੱਤੀ ਸੀ ਕਿ ਉਹ ਕਾਨੂੰਨੀ ਤਰੀਕੇ ਨਾਲ ਆਪਦਾ ਬਚਾਵ ਕਰ ਲੈਣ। ਸ਼ਾਮ ਤੱਕ ਕਈ ਰਾਜਨੀਤਕ ਦਲਾਂ ਦੇ ਲੀਡਰ ਅਤੇਂ ਸੰਗਠਨ ਜਨਤਾ ਨਾਲ ਪ੍ਰਸਾਸ਼ਨ ਦੇ ਵਿਰੋਧ ਲਈ ਆ ਗਏ। ਸਾਰਾ ਸ਼ਹਿਰ ਜਾਣਦਾ ਸੀ ਕਿ ਹੁਣ ਸਿਰਫ਼ ਇਕੋ ਆਦਮੀ ਹੀ ਉਨ੍ਹਾਂ ਨੂੰ ਜ਼ਮਾਨਤ ਦਿਵਾ ਸਕਦਾ ਹੈ...ਮਹਿਤਾਬ ਜਹਾਂਗੀਰ। ਲੋਕ ਕਹਿੰਦੇ ਕਿ ਮਹਿਤਾਬ ਜਹਾਂਗੀਰ ਦੇ ਬੰਗਲੇ ਵਿਚੋਂ ਜਦੋਂ ਉਸ ਘਰ ਦੀ ਨੂੰਹ ਇਕੱਲੀ ਪਹੁੰਚੀ ਤਾਂ ਉਨ੍ਹਾਂ ਕੇਸ ਲੈ ਲਿਆ। ਜੋ ਵੀ ਸੀ, ਉਸ ਸ਼ਾਮ ਉਨ੍ਹਾਂ ਦਾ ਆਦਮੀ ਮੇਰੇ ਘਰ ਆਇਆ। ਉਸ ਪੂਰੀ ਰਾਤ ਨੂੰ ਮੈਂ ਉਨ੍ਹਾਂ ਨਾਲ ਰਿਹਾ। ਆਪਣਾ ਟਾਈਪਰਾਈਟਰ



ਵੀ ਲੈ ਗਿਆ। ਇਕ ਉਨ੍ਹਾਂ ਕੋਲ ਸੀ। ਇਕ ਮੁੰਡੇ ਨੂੰ ਵੀ ਨਾਲ ਲੈ ਗਿਆ। ਸਾਰੇ ਸ਼ਹਿਰ ਵਿਚ ਖ਼ਬਰ ਫੈਲ ਗਈ ਕਿ ਉਨ੍ਹਾਂ ਨੇ ਕੇਸ ਲੈ ਲਿਆ ਹੈ। ਸਿਰਫ਼ ਮੈਂ ਜਾਣਦਾ ਸੀ ਕਿ ਉਨ੍ਹਾਂ ਨੇ ਕੇਸ ਕਿਉਂ ਲਿਆ ਹੈ।...

"ਸਵੇਰੇ ਸੈਂਕੜੇ ਲੋਕ ਕਚਹਿਰੀ ਨੂੰ ਘੇਰੇ ਖੜੇ ਸਨ। ਪੁਲਿਸ ਦੇ ਘੇਰੇ ਵਿਚ ਉਹ ਤਿੰਨੋਂ ਆਦਮੀ ਅਦਾਲਤ ਆਏ। ਪੁਲਿਸ ਦੇ ਘੇਰੇ ਵਿਚ ਹੀ ਮਹਿਤਾਬ ਜਹਾਂਗੀਰ ਅੰਦਰ ਗਏ। ਲੋਕ ਬਾਹਰ ਹਤਿਆਰਿਆਂ ਨੂੰ ਫਾਂਸੀ ਦੇਣ ਦੀ ਮੰਗ ਕਰ ਰਹੇ ਸਨ। ਵਿਚ-ਵਿਚ ਮਹਿਤਾਬ ਜਹਾਂਗੀਰ ਦਾ ਨਾਂ ਵੀ ਸੁਣਾਈ ਦੇ ਰਿਹਾ ਸੀ।

ਬਾਬੂ ਆਨੰਦ ਸਰੂਪ ਨੇ ਇਕ ਗਹਿਰਾ ਸਾਹ ਲਿਆ, ਫਿਰ ਬੋਲੇ, "ਕੋਈ ਨਹੀ ਜਾਣਦਾ, ਉਸ ਦਿਨ ਕੀ ਹੋਇਆ। ਮਹਿਤਾਬ ਜਹਾਂਗੀਰ ਸਿੱਧੇ ਜੱਜ ਦੇ ਚੈਂਬਰ ਵਿਚ ਗਏ। ਕੁਝ ਦੇਰ ਬਾਅਦ ਬਾਹਰ ਨਿਕਲ ਆਏ। ਕੇਸ ਦੀ ਸੁਣਵਾਈ ਸ਼ੁਰੂ ਹੋਈ। ਮਹਿਤਾਬ ਜਹਾਂਗੀਰ ਨੇ ਮਾਲਕਾਂ ਵਲੋਂ ਅਗਾਊਂ, ਜਮਾਨਤ ਦੀਆਂ ਅਰਜ਼ੀਆਂ ਦੇ ਦਿੱਤੀਆਂ। ਮਾਲਕਾਂ ਨੂੰ ਜ਼ਮਾਨਤ ਮਿਲ ਗਈ।

"ਪੁਲਿਸ ਦੇ ਘੇਰੇ ਵਿਚ ਹੀ ਮਹਿਤਾਬ ਜਹਾਂਗੀਰ ਬਾਹਰ ਆਏ। ਉਦੋਂ ਤੱਕ ਜ਼ਮਾਨਤ ਦੀ ਖ਼ਬਰ ਭੀੜ ਤੱਕ ਪਹੁੰਚ ਗਈ ਸੀ। ਲੋਕ ਰੌਲਾ ਪਾ ਰਹੇ ਸਨ। ਇਨਸਾਫ਼ ਨੂੰ, ਮਹਿਤਾਬ ਜਹਾਂਗੀਰ ਨੂੰ, ਸਰਕਾਰ ਨੂੰ ਧਿੱਕਾਰ ਰਹੇ ਸਨ। ਮਹਿਤਾਬ ਜਹਾਂਗੀਰ ਜਦੋਂ ਆਪਣੀ ਗੱਡੀ ਕੋਲ ਪਹੁੰਚੇ ਤਾਂ ਕਿਸੇ ਤਰ੍ਹਾਂ ਇਕ ਬੁੱਢੀ ਪੁਲਿਸ ਦਾ ਘੇਰਾ ਤੋੜ ਕੇ ਕੋਲ ਪਹੁੰਚ ਗਈ। ਉਸ ਨੇ ਮਹਿਤਾਬ ਜਹਾਂਗੀਰ ਦੇ ਮੂੰਹ ਉੱਤੇ ਥੁੱਕ ਦਿੱਤਾ।

"ਉਸ ਤੋਂ ਬਾਅਦ ਮਹਿਤਾਬ ਜਹਾਂਗੀਰ ਨੂੰ ਕਦੇ ਕਿਸੇ ਨੇ ਨਹੀਂ ਦੇਖਿਆ। ਕਲ੍ਹ ਉਹ ਆਪਣੇ ਕਮਰੇ ਵਿਚ ਮਰੇ ਹੋਏ ਮਿਲੇ। ਕੋਈ ਕਹਿੰਦਾ ਹੈ ਉਸ ਰਾਤ ਉਸ ਨੂੰਹ ਕੋਲੋਂ ਜੋ ਫੀਸ ਲਈ ਸੀ, ਉਸ ਦਾ ਬਦਲਾ ਉਸ ਨੇ ਲੈ ਲਿਆ, ਕੋਈ ਕਹਿੰਦਾ ਹੈ ਕਿ ਬੁੱਢੀ ਦਾ ਥੁੱਕ ਉਨ੍ਹਾਂ ਦੇ ਚਿਹਰੇ ਤੋਂ ਕਦੇ ਸਾਫ਼ ਨਹੀਂ ਹੋਇਆ। ਉਹ ਹਮੇਸ਼ਾ ਹੀ ਉਸ ਨੂੰ ਰਗੜਦੇ ਰਹਿੰਦੇ ਸਨ। ਕੋਈ ਕਹਿੰਦਾ ਹੈ, ਉਨ੍ਹਾਂ ਦੀ ਵੱਡੀ ਜਾਇਦਾਦ ਇਸ ਦਾ ਕਾਰਣ ਸੀ। ਉਸ ਦਿਨ ਜੱਜ ਦੇ ਚੈਂਬਰ ਵਿਚ ਕੀ ਹੋਇਆ, ਕੋਈ ਨਹੀਂ ਜਾਣਦਾ।" ਆਨੰਦ ਸਰੂਪ ਨੇ ਪਾਸਾ ਬਦਲਿਆ। ਕੁਝ ਦੇਰ ਚੁੱਪ ਰਹੇ, ਫਿਰ ਹੌਲੀ-ਹੌਲੀ ਬੋਲਣ ਲੱਗੇ, "ਸ਼ੁਕਰਾਚਾਰੀਏ ਨੇ ਲਿਖਿਆ ਕਿ ਜੱਜ \ਨਿਆਂਧੀਸ਼੍ਰ ਇਕਾਂਤ ਵਿਚ ਵਿਵਾਦ ਨਹੀਂ ਸੁਣਨਾ ਚਾਹੀਦਾ, ਕਿਉਂਕਿ ਪੱਖਪਾਤ ਦੇ ਪੰਜ ਕਾਰਣ ਹੋ ਸਕਦੇ ਹਨ—ਰਾਗ, ਲੋਭ, ਭੈਅ, ਦਵੇਖ ਅਤੇ ਇਕਾਂਤ ਵਿਚ ਵਾਦੀਆਂ ਦੀਆਂ ਗੱਲਾਂ ਸੁਣਨਾ। ਇਹੀ ਆਖਰੀ ਸੰਸਕ੍ਰਿਤ ਸ਼ਲੋਕ ਸੀ, ਜੋ ਉਸ ਦਿਨ ਕੋਰਟ ਜਾਣ ਤੋਂ ਪਹਿਲਾਂ ਮੈਨੂੰ ਮਹਿਤਾਬ ਜਹਾਂਗੀਰ ਨੇ ਸੁਣਾਇਆ ਸੀ।"

ਬਾਹਰ ਕਿਸੇ ਦਾ ਪਰਛਾਵਾਂ ਦਿੱਸਿਆ। ਫਿਰ ਊਨੀ ਚਾਦਰ ਲਪੇਟੇ, ਕੰਨਟੋਪ ਪਾਏ ਇਕ ਬੰਦਾ ਦਰਵਾਜ਼ੇ ਉੱਤੇ ਨਜ਼ਰ ਆਇਆ। ਬਾਬੂ ਆਨੰਦ ਸਰੂਪ ਨੇ ਐਨਕ ਦੇ ਪਿੱਛੋਂ ਇਕ ਪਲ ਅੱਖਾਂ ਸਿਕੋੜ ਕੇ ਉਸ ਨੂੰ ਦੇਖਿਆ। ਉਸ ਦਾ ਚਿਹਰਾ ਸਾਫ਼ ਨਹੀਂ ਸੀ, ਪਰ ਸ਼ਾਇਦ ਉਹ ਉਸ ਨੂੰ ਪਛਾਣ ਗਏ ਸਨ। ਕੁਰਸੀ ਉੱਤੇ ਪਿੱਛੇ ਵੱਲ ਪਸਰਦੇ ਹੋਏ ਉਹ ਹੌਲੀ ਜਿਹੇ ਬੋਲੇ, "ਨਹੀਂ ਭਈ...ਅੱਜ ਸ਼ਤਰੰਜ ਨਹੀਂ।"

ਮਹਿਤਾਬ ਜਹਾਂਗੀਰ ਦਾ ਕਿੱਸਾ ਸੁਣਨ ਮਗਰੋਂ ਮੈਂ ਕਾਮਿਲ ਨੂੰ ਕਰੀਬ ਦਸ ਦਿਨਾਂ ਬਾਅਦ ਮਿਲ ਰਿਹਾ ਸੀ।

ਅਸੀਂ ਕਾਮਿਲ ਦੇ ਘਰ ਦੇ ਹੇਠਾਂ ਪੱਥਰ ਦੀ ਬੈਂਚ ਉੱਤੇ ਬੈਠੇ ਸੀ। ਸਰੀਰ ਦੇ ਖੁੱਲ੍ਹੇ ਹਿੱਸਿਆ ਨੂੰ ਜਮ੍ਹਾ ਦੇਣ ਵਾਲੀ ਠੰਡੀ ਹਵਾ ਦੇ ਹਨੇਰੇ-ਉਜਾਲੇ ਵਿਚਕਾਰ, ਹੋਟਲਾਂ ਦੀਆਂ ਭੱਠੀਆਂ ਦੀ ਸੁਆਹ ਵਿਚ ਲਿਟਦੇ ਕੁੱਤੇ। ਸਾਹਮਣੇ ਸੜਕ ਉੱਤੇ ਬਾਂਸ ਦੇ ਟੁਕੜਿਆਂ ਉੱਤੇ ਗੁਬਾਰਿਆਂ ਦੇ ਢੇਰ ਲਟਕਾਏ, ਬਾਂਸੁਰੀ ਬਜਾਉਂਦਾ ਇਕ ਆਦਮੀ ਲੰਘਿਆ। ਮਸਾਲੇ ਦੀ ਤੇਜ਼ ਮਹਿਕ ਅੰਦਰੋਂ ਆਈ। ਇਕ ਪਰਿੰਦਾ ਖੰਭ

ਫੈਲਾਉਂਦਾ ਚੀਖ ਕੇ ਪਿੱਪਲ ਤੇ ਜਾ ਬੈਠਾ। ਹੋਟਲ ਦੇ ਕਿਚਨ ਦੇ ਪਿੱਛੇ ਕਿਸੇ ਨੇ ਨਾਲੀ ਵਿਚ ਉੱਬਲੇ ਚੌਲਾਂ ਦਾ ਪਾਣੀ ਸੁੱਟਿਆ। ਉੱਪਰੋਂ ਬਾਰੀ 'ਚੋਂ ਲਾਟਰੀ ਦੇ ਪੁਰਾਣੇ ਫਟੇ ਟਿਕਟ ਤੇ ਚੂੜੀਆਂ ਦੇ ਟੋਟੇ ਸੜਕ ਉੱਤੇ ਡਿੱਗੇ।

ਇਹ ਭੇਤ ਭਰਿਆ, ਪੁਰਾਣਾ ਸ਼ਹਿਰ ਸੀ। ਇਸ ਵਿਚ ਬਹੁਤ ਕੁਝ, ਇਕਦਮ ਠਹਿਰਿਆ ਹੋਇਆ ਸੀ। ਸਦੀਆਂ ਤੋਂ ਇਸ ਤਰ੍ਹਾਂ ਜੜ੍ਹ—ਨਿਰਜਿੰਦ। ਗਲੀਆਂ ਵਿਚ ਟਾਂਗੇ ਵਾਲਾ ਦਿੱਸ ਜਾਂਦਾ। ਨਾਲੀ ਵਿਚ ਮਸ਼ਕ ਨਾਲ ਪਾਣੀ ਪਾਉਂਦੇ ਭਿਸ਼ਤੀ ਸਨ। ਘਰਾਂ ਦੀਆਂ ਦੀਵਾਰਾਂ ਦੇ ਬਾਹਰ ਤੇਰ੍ਹਵੀਂ ਸਦੀ ਦੇ ਲੈਂਪ ਅਜੇ ਤੱਕ ਲੱਗੇ ਹੋਏ ਸਨ। ਉੱਚੀ ਚੜ੍ਹਾਈ ਵਾਲੀਆਂ ਗਲੀਆਂ ਸਨ। ਮੁਹੱਲੇ ਦੇ ਪੁਰਾਣੇ, ਅਜੀਬ ਜਿਹੇ ਨਾਂ ਸਨ। ਕਿੱਸੇ ਚਿਰਾਗਾਂ ਦੇ ਧੂੰਏਂ ਨਾਲ ਫੈਲਦੇ ਸਨ। ਇਤਿਹਾਸ ਸਿਰਫ਼ ਸਿਮਰਤੀਆਂ ਵਿਚ ਸੀ। ਜਦੋਂ ਕਦੇ ਮੈਂ ਕੁਝ ਅਜਿਹਾ ਦੇਖਦਾ ਤਾਂ ਅਚਾਨਕ ਆਪਣੇ ਵਰਤਮਾਨ ਤੋਂ ਇਕਦਮ ਪਰ੍ਹੇ ਹੋ ਜਾਂਦਾ। ਜਿਵੇਂ ਕਿਸੇ ਨੇ ਕੱਟ ਕੇ ਪਰ੍ਹੇ ਰੱਖ ਦਿੱਤਾ ਹੋਵੇ। ਇਕ ਦਰਸ਼ਕ ਵਾਂਗ ਮੈਂ ਆਪਣੇ ਸਾਹਮਣੇ ਸਭ ਕੁਝ ਲੰਘਦਾ ਹੋਇਆ ਦੇਖਦਾ ਰਹਿੰਦਾ, ਜਿਵੇਂ ਮੈਂ ਉਸ ਵਿਚ ਨਾ ਹੋਵਾਂ। ਉਸ ਤੋਂ ਪਰ੍ਹੇ ਇਕਦਮ ਨਿਰਲੇਪ ਸੁਤੰਤਰ ਸੱਤਾ ਹੋਵਾਂ। ਕਾਲ...ਜੀਵਨ...ਪ੍ਰਕਿਰਤੀ ਕਿਸੇ ਵਿਚ ਵੀ ਮੈਂ ਹਾਜ਼ਿਰ ਨਹੀਂ ਹਾਂ। ਇਕ ਦੂਸਰੇ ਜਗਤ, ਦੂਸਰੇ ਧਰਾਤਲ ਉੱਤੇ ਖੜਾ ਹਾਂ...ਇਸ ਤਰ੍ਹਾਂ ਕਿ ਜਦੋਂ ਚਾਹਾਂਗਾ ਇਹ ਸਭ ਕੁਝ ਛੱਡ ਕੇ ਤੁਰ ਜਾਵਾਂਗਾ, ਜਿਵੇਂ ਕਿਸੇ ਏਰੀਨਾ ਵਿਚ ਬੈਠ ਕੇ ਖੇਡ ਦੇਖਦੇ ਦਰਸ਼ਕ ਕਰਦੇ ਹਨ। ਪਰ ਇਹ ਵਿਚਾਰ, ਅਨੁਭਵ ਮੇਰੇ ਅੰਦਰ ਕੁਝ ਪਲਾਂ ਲਈ ਹੁੰਦੇ। ਫਿਰ ਓਨੀ ਹੀ ਤੇਜ਼ੀ ਨਾਲ ਮੈਂ ਇਸ ਸ਼ਹਿਰ, ਇਸ ਜਗਤ, ਪ੍ਰਕਿਰਤੀ, ਕਾਲ, ਸਿਮਰਤੀ 'ਚ...ਪੂਰੀ ਲਾਲਸਾ ਤੇ ਵਾਸਨਾਵਾਂ ਨਾਲ ਮੁੜ ਆਉਂਦਾ। ਮੈਂ ਜਿੰਨੀ ਵੀ ਦੇਰ ਵਰਤਮਾਨ ਤੋਂ, ਵਿਰਾਗ ਅਤੇ ਵਿਰੱਕਤੀ ਨਾਲ ਪਰ੍ਹੇ ਰਹਿੰਦਾ, ਉਹ ਐਨਾ ਛੋਟਾ ਜਿਹਾ ਸਮਾਂ ਹੁੰਦਾ ਕਿ ਅਨੁਭਵ ਤੇ ਸਿਮਰਤੀਆਂ ਤੋਂ ਤੁਰੰਤ ਹੀ ਪੂੰਝਿਆ ਜਾਂਦਾ। ਪਰ ਮੈਨੂੰ ਲੱਗਦਾ ਇਨ੍ਹਾਂ ਛੋਟੇ ਜਿਹੇ ਸੂਖਮ ਪਲਾਂ, ਇਨ੍ਹਾਂ ਬਰੀਕ ਛਿਣਾਂ ਦੀ ਉਮਰ ਬਹੁਤ ਲੰਮੀ ਹੋਵੇ ਤੇ ਮੈਂ ਆਪਣੇ ਆਪ ਤੋਂ ਪਰ੍ਹੇ ਹੋ ਕੇ ਇਸ ਅਵਸਥਾ ਤੇ ਸੌਝੀ ਨੂੰ ਸਿੱਧ ਕਰ ਸਕਦਾ ਹਾਂ। ਬਿਤਾਂਤ ਆਪਣੇ ਇਕਾਂਤ, ਆਪਣੀ ਸੁੰਞ ਤੇ ਉਨ੍ਹਾਂ ਸੰਘਣੀਆਂ ਤੇ ਆਜ਼ਾਦ ਅਨਭੂਤੀਆਂ ਦਾ ਜੀਵਨ, ਜੋ ਦੁੱਖਾਂ ਦੀਆਂ, ਪੀੜਾਂ ਦੀਆਂ ਨਵੀਆਂ ਪਰਿਭਾਸ਼ਾਵਾਂ ਸਿਰਜ ਸਕਦਾ ਹੈ। ਇਸ ਮਾਇਆ ਨੂੰ ਤਿਤਰ-ਬਿਤਰ ਕਰ ਸਕਦਾ ਹੈ।

ਉੱਪਰੋਂ ਕਾਮਿਲ ਦੇ ਪਿਤਾ ਉੱਤਰ ਕੇ ਆਏ। ਸਾਨੂੰ ਪੱਥਰ ਦੀ ਲਾਲ ਬੈਂਚ ਤੇ ਬੈਠੇ ਦੇਖ ਰੁੱਕ ਗਏ।

"ਮੈਂ ਤਾਂ ਤੁਹਾਨੂੰ ਹੀ ਲੱਭ ਰਿਹਾ ਸੀ। ਸੋਚਿਆ ਕਚਹਿਰੀ ਵਿਚ ਜਾ ਕੇ ਦੇਖ ਆਵਾਂ।" ਉਨ੍ਹਾਂ ਨੇ ਕਾਮਿਲ ਨੂੰ ਦੇਖ ਉਲ੍ਹਾਸ ਨਾਲ ਕਿਹਾ।

ਕਾਮਿਲ ਉੱਠਿਆ। ਉਸ ਨੇ ਆਪਣੇ ਗਲ੍ਹੇ ਦਾ ਮਫ਼ਲਰ ਲਾਹ ਕੇ ਉਨ੍ਹਾਂ ਦੇ ਗਲ੍ਹੇ ਵਿਚ ਚੰਗੀ ਤਰ੍ਹਾਂ ਲਪੇਟ ਦਿੱਤਾ। ਉਸ ਦੇ ਲਟਕੇ ਹੋਏ ਹਿੱਸੇ ਨੂੰ ਉਨ੍ਹਾਂ ਦੇ ਕੁੜਤੇ ਅੰਦਰ ਉੜੇਸ ਦਿੱਤਾ।

"ਇਹ ਚੰਗਾ ਕੀਤਾ ਤੂੰ ...ਮੈਂ ਤਾਂ ਸੋਚ ਰਿਹਾ ਸੀ ਕਿ, ਕੀ ਕਰਾਂ। ਬਾਹਰ ਤਾਂ ਬਹੁਤ ਸਰਦੀ ਹੈ।"

ਉਨ੍ਹਾਂ ਦੇ ਮੋਢੇ ਉੱਤੇ ਇਕ ਵੱਡਾ ਸਾਰਾ ਝੋਲਾ ਲਟਕ ਰਿਹਾ ਸੀ। ਕੰਨਟੋਪ ਦੇ ਹੇਠਾਂ ਉਨ੍ਹਾਂ ਦੇ ਲੰਮੇ ਵਾਲ ਲੁੱਕ ਗਏ ਸਨ। ਖੱਦਰ ਦੇ ਮੋਟੇ ਊਨੀ ਕੱਪੜੇ, ਮੌਜੇ ਪੈਰਾਂ ਵਿਚ ਸਨ। ਕੱਪੜੇ ਦੇ ਜੁੱਤੇ, ਊਨੀ ਕੁੜਤਾ-ਪਜਾਮਾ ਸੀ।

"ਰਾਤੀਂ ਮੈਂ ਇਕਦਮ ਅਦਭੁੱਤ ਚੀਜ਼ ਪੜ੍ਹੀ।" ਉਨ੍ਹਾਂ ਨੇ ਕਾਮਿਲ ਦੇ ਮੋਢੇ ਉੱਤੇ ਹੱਥ ਰੱਖ ਕੇ ਉਸ ਨੂੰ ਵਾਪਸ ਬੈਂਚ ਉੱਤੇ ਬਿਠਾ ਦਿੱਤਾ।

"ਦਖਸ਼ ਯੁੱਗ ਦੇ ਸਿਲਸਿਲੇ ਵਿਚ ਹੀ ਮੈਂ ਨ੍ਰਿਤ ਬਾਰੇ ਕੁਝ ਦੇਖ ਰਿਹਾ ਸੀ। ਇਕ ਪ੍ਰਸੰਗ ਮਿਲਿਆ। ਪਾਰਬਤੀ ਨ੍ਰਿਤ ਕਰ ਰਹੀ ਸੀ। ਨੱਚਦੇ-ਨੱਚਦੇ ਉਸ ਦੇ ਕੰਨ ਦਾ ਇਕ ਕੁੰਡਲ ਡਿੱਗ ਪਿਆ। ਹੁਣ ਕੀ



ਹੋਏਗਾ ? ਮੈਂ ਮੁਗਧ ਭਾਵ ਨਾਲ ਉਨ੍ਹਾਂ ਵੱਲ ਦੇਖ ਰਿਹਾ ਸੀ। ਅੱਖਾਂ ਫੈਲਾ ਕੇ, ਚਿਹਰੇ ਉੱਤੇ ਭਾਵ ਪੈਦਾ ਕਰਕੇ, ਹੱਥ ਦੀਆਂ ਮੁਦਰਾਵਾਂ ਬਣਾਉਂਦੇ ਹੋਏ ਉਹ ਬੋਲ ਰਹੇ ਸਨ, "ਵੱਡਾ ਸੰਕਟ ਆ ਗਿਆ। ਕਲਪਨਾ ਕਰੋ ਜ਼ਰਾ...ਨ੍ਰਿਤ ਆਪਣੇ ਸਿਖ਼ਰ 'ਤੇ ਹੈ। ਸਾਰੇ ਲੀਨ ਹੋ ਕੇ ਉਸ ਨੂੰ ਦੇਖ ਰਹੇ ਹਨ। ਕਲਾ ਦੀ ਵਿਰਾਟਤਾ, ਸਾਖਿਅਤ ਸੁੰਦਰਤਾ ਹੈ। ਪਰ ਦੋਸ਼ ਤਾਂ ਪੈਦਾ ਹੋ ਗਿਆ। ਇਕ ਕੰਨ ਵਿਚ ਕੁੰਡਲ ਨਹੀਂ। ਨ੍ਰਿਤ ਰੁੱਕ ਨਹੀਂ ਸਕਦਾ। ਪਰ ਕੁੰਡਲ ਇਕ ਕੰਨ ਵਿਚ ਨਹੀਂ ਤਾਂ ਰਸ ਭੰਗ ਹੁੰਦਾ ਹੈ। ਸੌਂਦਰਯਬੋਧ ਨਸ਼ਟ ਹੁੰਦਾ ਹੈ। ਕਲਾ ਦੀ ਨਿਰਦੋਸ਼ ਸੰਪੂਰਣਤਾ ਖੰਡਿਤ ਹੁੰਦੀ ਹੈ। ਹੁਣ ਕੀ ਕਰੇ ਮਾਂ ? ਨੱਚਦੇ-ਨੱਚਦੇ ਹੀ ਉਨ੍ਹਾਂ ਨੇ ਇਕ ਅਜਿਹੀ ਨ੍ਰਿਤ-ਮੁਦਰਾ ਬਣਾਈ ਕਿ ਇਕ ਪੈਰ ਦੇ ਅੰਗੂਠੇ ਨਾਲ ਕੰਨ ਵਿਚ ਕੁੰਡਲ ਪਾ ਲਿਆ। ਮੇਰੇ ਮਨ ਵਿਚ ਜਿਵੇਂ ਇਕ ਪ੍ਰਕਾਸ਼ ਫੈਲ ਗਿਆ ਹੁਣ ਇਕ ਅਜਿਹੀ ਮੂਰਤੀ ਬਣਾਵਾਂਗਾ। ਨ੍ਰਿਤਲੀਨ ਪਾਰਬਤੀ। ਜਾਣਦਾ ਏਂ, ਭਰਤਮੁੰਨੀ ਨੇ ਇਕ ਸੌ ਅੱਠ ਤਰ੍ਹਾਂ ਦੀਆਂ ਨ੍ਰਿਤ ਮੁਦਰਾਵਾਂ ਬਾਰੇ ਦੱਸਿਆ ਹੈ। ਚਿੰਦਬੰਮਾ ਦੇ ਨਟਰਾਜ ਮੰਦਰ ਵਿਚ ਜਾਓ ਤਾਂ ਉਸ ਦੇ ਗੋਪੁਰਮ ਵਿਚ ਸਾਰੀਆਂ ਇਕ ਸੌ ਅੱਠ ਨ੍ਰਿਤ ਮੁਦਰਾਵਾਂ ਦੇਖਣ ਨੂੰ ਮਿਲ ਜਾਣਗੀਆਂ। ਪਰ ਮੈਂ ਇਕਦਮ ਵੱਖਰੀ ਸਿਰਜਾਂਗਾ। ਅਜਿਹੀ ਮੁਦਰਾ ਜੋ ਭਰਤਮੁੰਨੀ ਨੇ ਵੀ ਨਹੀਂ ਲਿਖੀ। ਪੈਰ ਦੇ ਅੰਗੂਠੇ ਨਾਲ ਕੁੰਡਲ ਪਾਉਂਦੀ ਪਾਰਬਤੀ। ਆਹ! ਉਨ੍ਹਾਂ ਅੱਖਾਂ ਬੰਦ ਕਰ ਲਈਆਂ। ਕੁਝ ਦੇਰ ਬਾਅਦ ਅੱਖਾਂ ਖੋਲ੍ਹ ਕੇ ਮੇਰੇ ਵੱਲ ਦੇਖਿਆ, "ਤੂੰ ਤਾਂ ਬਹੁਤ ਪੜ੍ਹਿਆ ਹੋਏਗਾ। ਅੰਗਰੇਜ਼ੀ ਵਿਚ। ਕਿੱਧਰੇ ਹੋਰ ਮਿਲਦਾ ਹੈ ਅਜਿਹਾ ਕੋਈ ਪ੍ਰਸੰਗ ? ਮੈਨੂੰ ਦੱਸੀ ਜ਼ਰਾ।"

ਮੈਂ ਸਹਿਮਤੀ ਵਿਚ ਸਿਰ ਹਿਲਾ ਦਿੱਤਾ।

"ਫਿਰ ਕੀ ਹੋਇਆ, ਜਾਣਦਾ ਏਂ ?" ਉਨ੍ਹਾਂ ਨੇ ਕਾਮਿਲ ਨੂੰ ਅੱਗੇ ਦੱਸਿਆ, "ਹੁਣ ਮੈਂ ਸੌਂਦਾ ਕਿਵੇਂ ? ਨੀਂਦਰ ਆਉਣ ਦਾ ਤਾਂ ਸਵਾਲ ਹੀ ਨਹੀਂ ਸੀ। ਕਿੱਥੇ ਜਾਵਾਂ ? ਕੌਣ ਸੰਸਾ ਦੂਰ ਕਰੇਗਾ ? ਕੌਣ ਰੋਸ਼ਨੀ ਦਿਖਾਵੇਗਾ ? ਮੈਂ ਫਿਰ ਸਵੇਰੇ ਹੀ ਨਿਕਲ ਗਿਆ। ਇੰਝ, ਇਕੋ ਹੀ ਸ਼ਰਣ ਹੈ ਮੇਰੀ। ਤੈਨੂੰ ਤਾਂ ਪਤਾ ਹੀ ਹੈ। ਤੂੰ ਦੇਖੀ ਵੀ ਹੈ। ਗਿਲਿਸ ਬਾਜ਼ਾਰ ਦੀ ਇਕ ਛੋਟੀ ਜਿਹੀ ਕੋਠੜੀ ਵਿਚ ਫ਼ਕੀਰਾਂ ਵਾਂਗ ਰਹਿੰਦੇ ਹਨ। ਮੈਂ ਉੱਥੇ ਚਲਾ ਗਿਆ। ਲੱਕੜੀ ਦੇ ਟਾਲ ਦੇ ਪਿੱਛੇ ਵਾਲੀ ਉਹ ਗਲੀ ਹੁਣ ਬਹੁਤ ਹੀ ਸੌੜੀ ਹੋ ਗਈ ਹੈ। ਲੋਕਾਂ ਦੇ ਡੰਗਰ ਬੰਨ੍ਹੇ ਹੁੰਦੇ ਹਨ। ਉਨ੍ਹਾਂ ਦਾ ਗੋਹਾ ਪਿਆ ਰਹਿੰਦਾ ਹੈ। ਹਮੇਸ਼ਾ ਪਾਣੀ ਭਰਿਆ ਰਹਿੰਦਾ ਹੈ। ਮੈਂ ਇਹ ਸਭ ਪਾਰ ਕਰਦੇ ਹੋਏ ਪਹੁੰਚਿਆ, ਤਾਂ ਦੇਖਿਆ ਹਨ੍ਹੇਰੀ ਕੋਠੜੀ ਦੇ ਕੋਨੇ ਵਾਲੀ ਦੀਵਾਰ ਉੱਤੇ ਚੂਨਾ ਪੋਤ ਰਹੇ ਹਨ। ਕੋਲ ਬਾਲਟੀ ਵਿਚ ਘੁਲਿਆ ਹੋਇਆ ਚੂਨਾ ਪਿਆ ਸੀ। ਹੱਥਾਂ ਵਿਚ ਮੋਟਾ, ਨਾਰੀਅਲ ਦੀਆਂ ਜਟਾਵਾਂ ਵਾਲਾ ਬੁਰਸ਼ ਸੀ। ਪਿੰਡੇ ਉੱਤੇ ਇਕ ਊਨੀ ਚੱਦਰ ਜਿਹੀ ਸੀ ਬਸ। ਲੱਕ ਤੇੜ ਪਰਨਾ। ਬੂਹੇ ਤੇ ਮੈਂ ਪਹੁੰਚਿਆ ਤਾਂ ਉਨ੍ਹਾਂ ਨੇ ਮੁੜ ਕੇ ਦੇਖਿਆ। ਪਛਾਣਦੇ ਕਿਵੇਂ ? ਮੈਂ ਗਿਆ ਹੀ ਬਹੁਤ ਦਿਨਾਂ ਬਾਅਦ ਸੀ। ਉਨ੍ਹਾਂ ਦੀਆਂ ਅੱਖਾਂ ਵੀ ਕਮਜ਼ੋਰ ਹੋ ਗਈਆਂ ਹਨ। ਮੈਂ ਹੋਰ ਕੀ ਕਰਦਾ ? ਬਸ ਚਰਨਾਂ ਤੇ ਸਿਰ ਰੱਖ ਦਿੱਤਾ।

"ਮੈਨੂੰ ਪਤਾ ਸੀ, ਤੂੰ ਆਏਂਗਾ।" ਉਨ੍ਹਾਂ ਨੇ ਚੂਨੇ ਨਾਲ ਭਿੱਜਾ ਬੁਰਸ਼ ਇਕ ਪਾਸੇ ਰੱਖ ਦਿੱਤਾ। ਮੇਰੇ ਸਿਰ ਉੱਤੇ ਹੱਥ ਫੇਰਿਆ..." ਬੈਠ, ਮੈਂ ਜ਼ਰਾ ਹੱਥ ਧੋ ਲਵਾਂ।"

"ਮੈਂ ਉੱਠਿਆ। ਉਹ ਵੀ ਉੱਠੇ। ਹੁਣ ਉਨ੍ਹਾਂ ਨੂੰ ਗੋਡੇ ਪਰੇਸ਼ਾਨ ਕਰਦੇ ਹਨ। ਕੋਨੇ ਵਿਚ ਪਈ ਪਾਣੀ ਦੀ ਬਾਲਟੀ ਤੋਂ ਉਨ੍ਹਾਂ ਨੇ ਹੱਥ ਮੂੰਹ ਧੋਤੇ। ਉਹ ਕੋਠੜੀ ਵਿਚਕਾਰ ਜ਼ਮੀਨ ਤੇ ਬੈਠ ਗਏ। ਮੈਂ ਸਾਹਮਣੇ ਬੈਠ ਗਿਆ।

"ਜ਼ਮੀਨ ਤੇ ਇਸ ਲਈ ਬੈਠਾ ਹਾਂ, ਕਿਉਂਕਿ ਰਚਨਾਕਾਰ ਨੂੰ ਕਦੇ ਮਿੱਟੀ ਦੇ ਸੱਚ ਨੂੰ ਭੁੱਲਣਾ ਨਹੀਂ ਚਾਹੀਦਾ। ਇਹੀ ਤਾਂ ਮਿਲਦਾ ਹੈ ਅੰਤ ਵਿਚ।" ਮੈਂ ਜ਼ਮੀਨ ਦੀ ਧੂੜ ਮੱਥੇ ਤੇ ਲਗਾਈ, ਫਿਰ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਮੂਰਤੀ ਬਾਰੇ ਦੱਸਿਆ, ਇਹ ਵੀ ਕਿ..." ਮੇਰੇ ਕੋਲ ਕੋਈ ਦ੍ਰਿਸ਼ਟੀ ਨਹੀਂ, ਸਪੱਸ਼ਟਤਾ

ਨਹੀਂ...ਸਿਰਫ਼ ਸੰਦੇਹ ਹੈ...ਸੰਸੇ ਹਨ...ਸ਼ੰਕਾਵਾਂ ਹਨ।"

"ਉਹ ਸੁਣਦੇ ਰਹੇ, ਫਿਰ ਹੌਲੀ-ਹੌਲੀ ਬੋਲੇ, "ਇਹੀ ਤਾਂ ਰਚਨਾਤਮਕਤਾ ਦੀ ਜਾਨ ਹੈ। ਸੰਦੇਹਾਂ ਵਿਚਕਾਰ ਕਿਸੇ ਸੱਚ ਨੂੰ ਲੱਭਦੇ ਰਹਿਣਾ, ਉਸ ਦਾ ਉਦਘਾਟਨ ਕਰਨਾ ਹੀ ਰਚਨਾਕਾਰ ਦਾ ਕੰਮ ਹੈ। ਇਹੀ ਦਾਰਸ਼ਨਿਕ ਵੀ ਕਰਦਾ ਹੈ। ਦੁਨੀਆਂ ਦਾ ਹਰ ਵੱਡਾ ਆਦਮੀ ਵੀ ਹਮੇਸ਼ਾ ਸੰਸਿਆਂ ਵਿਚ ਰਿਹਾ ਹੈ। ਜਿੱਥੇ ਵੀ ਸੰਸੇ ਖਤਮ ਹੋ ਜਾਣ, ਉੱਥੇ ਕੁਝ ਨਵਾਂ ਨਹੀਂ ਰਚਿਆ ਜਾ ਸਕਦਾ। ਨਾ ਕ੍ਰਿਤੀ, ਨਾ ਸਮਾਜ, ਨਾ ਮਨੁੱਖ।" ਫਿਰ ਉਨ੍ਹਾਂ ਨੇ ਜੋ ਦੱਸਿਆ, ਉਹ ਮੈਨੂੰ ਜਿਵੇਂ ਸਭ ਅਲੌਕਿਤ ਹੋ ਕੇ ਦਿਸਣ ਲੱਗ ਪਿਆ। ਉਨ੍ਹਾਂ ਦੇ ਰਿਗਵੇਦ ਦਾ ਨਾਸਤੀਏ ਸੂਕਤ ਸੁਣਾਇਆ। ਸ੍ਰਿਸਟੀ ਸਿਰਫ਼ ਅਨਿਸ਼ਚਿੱਤਤਾ ਤੇ ਸੰਦੇਹਾਂ ਵਿਚਕਾਰ ਜੰਮੀ ਹੈ। ਕੁਝ ਵੀ ਨਿਸ਼ਚਿਤ ਨਹੀਂ ਸੀ, ਕੁਝ ਵੀ ਸਪੱਸ਼ਟ ਨਹੀਂ ਸੀ, ਉਦੋਂ ਇਹ ਵਿਰਾਟ ਸ੍ਰਿਸਟੀ ਵਿਚਰਨੀ ਆਰੰਭ ਹੋਈ। ਇਹ ਸ੍ਰਿਸਟੀ ਕਿਉਂ ਬਣੀ, ਕਿਸ ਨੇ ਬਣਾਈ, ਕੋਈ ਨਹੀਂ ਜਾਣਦਾ। ਸਾਰੇ ਸੰਦੇਹ ਹਨ, ਧੁੰਧਲਕੇ ਹਨ। ਇਸ ਲਈ ਇਕ ਅਜਿਹੀ ਮੂਰਤੀ ਬਣਾਓ ਕਿ ਜਿਸ ਵਿਚ ਸਭ ਕੁਝ ਅਵਿਅਕਤ ਹੋਵੇ, ਅਸਪੱਸ਼ਟ ਹੋਵੇ, ਧੁੰਧਲਕੇ ਵਿਚ ਹੋਵੇ। ਪਤਾ ਹੀ ਨਾ ਲੱਗੇ ਕਿ ਇਸਤਰੀ ਹੈ ਜਾਂ ਪੁਰਖ। ਕਿਹੜਾ ਅੰਗ ਕਿੱਥੇ ਹੈ ? ਮਿੱਟੀ ਨਾਲ ਕੀ-ਕੀ ਮਿਲਿਆ ਹੋਇਆ ਹੈ। ਕੁਝ ਵੀ ਸਪੱਸ਼ਟ ਨਹੀਂ, ਸਿਵਾਏ ਇਕ ਚੀਜ਼ ਦੇ। ਕੰਨ ਤੱਕ ਉੱਠਿਆ ਹੋਇਆ ਪੈਰ ਦਾ ਉਹ ਅੰਗੂਠਾ। ਸਿਰਫ਼ ਉਹ ਛੋਟਾ ਜਿਹਾ ਅੰਗੂਠਾ ਹੀ ਮੂਰਤੀ ਵਿਚ ਸਾਫ਼ ਦਿਸੇ, ਪ੍ਰਤਿਸ਼ਠਿਤ ਹੋਵੇ, ਦ੍ਰਿਸ਼ਟੀਗੋਚਰ ਹੋਵੇ, ਕਿਉਂਕਿ ਉਹੀ ਰਚਨਾਤਮਕਤਾ ਦਾ ਮਰਮ ਹੈ, ਪ੍ਰਾਣ ਹੈ, ਪ੍ਰਤੀਕ ਹੈ। ਨਿਰੰਤਰ, ਚਿਰੰਤਨ, ਸਦੀਵੀ ਸੰਦੇਹਾਂ ਵਿਚਕਾਰ ਸਿਰਫ਼ ਸਿਰਜਣਾ ਪ੍ਰਤੀ ਨਿਸ਼ਠਾ ਤੇ ਸਮਰਪਣ ਨੂੰ ਦਰਸਾਉਂਦਾ ਉਹ ਅੰਗੂਠਾ। ਮੈਂ ਹੋਰ ਕੀ ਕਰਦਾ, ਤੂੰ ਦੱਸ। ਮੈਂ ਪੈਰਾਂ ਤੇ ਸਿਰ ਨਿਵਾਇਆ ਤੇ ਉਠ ਗਿਆ।

ਦਰਵਾਜ਼ੇ ਤੱਕ ਉਹ ਮੈਨੂੰ ਛੱਡਣ ਆਏ, ਫਿਰ ਚਲੇ ਗਏ। ਮੈਂ ਕੁਝ ਪਲ ਉੱਥੇ ਖੜਾ ਰਿਹਾ। ਕੋਠੜੀ ਦੇ ਉਸੇ ਹਨੇਰੇ ਕੋਨੇ ਦੀ ਦੀਵਾਰ ਨੂੰ ਉਹ ਚੂਨੇ ਨਾਲ ਲਿਪ ਰਹੇ ਸਨ। ਮੁੜ ਕੇ ਆਇਆ ਤਾਂ ਮੈਂ ਇਕ ਹੋਰ ਗੱਲ ਤੈਅ ਕਰ ਲਈ ਸੀ। ਸਾਰੀ ਮੂਰਤੀ ਮਿੱਟੀ ਦੀ ਬਣਾਵਾਂਗਾ, ਪਰ ਪੈਰ ਦਾ ਉਹ ਅੰਗੂਠਾ ਸੋਨੇ ਦਾ। ਚਮਕਦਾ ਹੋਇਟਾ। ਇਕ ਗਰਭ ਤੋਂ ਜਨਮ ਲੈਂਦਾ ਇਕ ਮਹਾਵਿਰਾਟ, ਸਿਰਜਣਾ ਦਾ ਜਗਤ। ਵੇਖੋ..."ਉਨ੍ਹਾਂ ਨੂੰ ਮੋਢੇ ਉੱਤੇ ਲਟਕਿਆ ਝੋਲਾ ਕਾਮਿਲ ਨੂੰ ਦਿਖਾਇਆ," ਇਹ ਸਭ ਮੈਂ ਵੇਚਣ ਜਾ ਰਿਹਾ ਹਾਂ। ਨਾਰੀਅਲ ਦੇ ਜਟਾ ਜੂਟਧਾਰੀ, ਤਿੰਨ ਪੇਂਟਿੰਗਸ, ਕਵਿਤਾ ਦੀ ਕਿਤਾਬ, ਸਾਰੇ ਮੰਜਣ...ਭੰਗ ਦੇ ਚੂਰਨ ਦੀਆਂ ਸ਼ੀਸ਼ੀਆਂ। ਸਭ ਵੇਚ ਕੇ ਮੂਰਤੀ ਦਾ ਸਾਮਾਨ ਲਿਆਵਾਂਗਾ। ਹੋ ਸਕਦਾ ਹੈ, ਕੁਝ ਦੇਰ ਵੀ ਹੋ ਜਾਏ ਮੁੜਨ ਵਿਚ, ਇਸ ਲਈ ਉਡੀਕ ਨਾ ਕਰੀ। ਜ਼ਰਾ ਸਰਾਫ਼ਾ ਬਾਜ਼ਾਰ ਵੀ ਜਾਵਾਂਗਾ। ਪਤਾ ਕਰਾਂ, ਸੋਨੇ ਦਾ ਕੀ ਭਾਅ ਚਲ ਰਿਹਾ ਹੈ ?" ...ਉਨ੍ਹਾਂ ਨੇ ਝੋਲੇ ਨੂੰ ਮੋਢੇ ਤੇ ਠੀਕ ਕੀਤਾ। ਮਫ਼ਲਰ ਗਲੇ ਵਿਚ ਕੱਸਿਆ ਤੇ ਬਾਹਰ ਸੜਕ ਤੇ ਨਿਕਲ ਗਏ। ਧੁੰਦ, ਠੰਡ, ਹਲਕੇ ਹਨੇਰੇ-ਉਜਾਲੇ ਵਿਚਕਾਰ ਸੜਕ ਦੇ ਇਕ ਪਾਸੇ ਥੋੜ੍ਹਾ ਜਿਹਾ ਝੁਕੇ, ਜਾਂਦੇ ਹੋਏ ਉਹ ਕੁਝ ਦੂਰੀ ਤੱਕ ਦਿੱਸਦੇ ਰਹੇ, ਫਿਰ ਧੁੰਦ ਵਿਚ ਗਵਾਚ ਗਏ।

ਕਾਮਿਲ ਉਸੇ ਪਾਸੇ ਵੱਲ ਦੇਖ ਰਿਹਾ ਸੀ, ਜਿੱਧਰ ਉਹ ਗਏ ਸਨ। "ਮੇਰਾ ਬਾਪ ਬਹੁਤ ਵੱਡਾ ਆਦਮੀ ਹੈ।" ਕਾਮਿਲ ਕੁਝ ਦੇਰ ਬਾਅਦ ਫੁਸਫੁਸਾਇਆ ਮੇਰੇ ਵੱਲ ਮੂੰਹ ਕਰ ਲਿਆ ਉਸ ਨੇ। ਮੈਂ ਦੇਖਿਆ, ਉਸ ਦੀਆਂ ਅੱਖਾਂ ਭਰੀਆਂ ਹੋਈਆਂ ਸਨ। ਮੈਂ ਕੁਝ ਨਾ ਬੋਲਿਆ। ਸੰਸਿਆਂ ਵਿਚਕਾਰ ਸੱਚ ਦੀ ਖੋਜ ਕਰਨਾ ਹੀ ਦਰਸ਼ਨ ਹੈ, ਰਚਨਾ ਹੈ, ਇਨਸਾਫ਼ ਹੈ। ਸੰਦੇਹ ਸਦੀਵੀ ਹੈ, ਜ਼ਰੂਰੀ ਹੈ। ਸੰਦੇਹ ਨਹੀਂ ਤਾਂ ਪੈਦਾ ਕਰੋ, ਉਸ ਨੂੰ ਚੁਣੋ। ਸੰਦੇਹ ਵਿਚ ਜੀਓ, ਸੰਦੇਹ ਵਿਚ ਮਰੋ। ਨਹੀਂ...ਨਹੀਂ। ਇਹ ਵੀ ਨਹੀਂ...ਇਹ



ਵੀ ਨਹੀਂ। ਇਹੀ ਸੱਚ ਹੈ ਬਸ। ਜੀਵਨ ਦਾ ਮਰਹਮ ਕੀ ਇਹੀ ਹੈ ? ਕੀ ਜੀਵਨ ਦਾ ਅਰਥ ਇਹੀ ਹੈ ? ਉਦੇਸ਼, ਗਤੀ ਇਹੀ ਹੈ ? ਕੀ ਇਸੇ ਨੂੰ ਜੀਵਨ ਕਹਿੰਦੇ ਹਨ। ਹਾਂ ! ਧਰਮਸਾਸ਼ਤਰ ਇਹੀ ਕਹਿੰਦੇ ਹਨ। ਮਹਿਤਾਬ ਜਹਾਂਗੀਰ ਇਹੀ ਕਹਿੰਦੇ ਹਨ। ਕਾਮਿਲ ਦੇ ਪਿਤਾ, ਉਨ੍ਹਾਂ ਦੇ ਗੁਰੂ ਇਹੀ ਕਹਿੰਦੇ ਹਨ। ਇਨਸਾਫ਼ ਦੀਆਂ ਮਹਾਨ ਪੁਸਤਕਾਂ, ਦਰਸ਼ਨ ਸ਼ਾਸਤਰ ਦੇ ਮਹਾਨ ਵਿਦਵਾਨ ਇਹੀ ਕਹਿੰਦੇ ਹਨ। ਮਨੁੱਖਾਂ ਨੂੰ, ਸਮਾਜ ਨੂੰ ਸਿਰਜਣ ਵਾਲੇ, ਅੰਦੋਲਨ ਕਰਨ ਵਾਲੇ ਮਹਾਨ ਵਿਅਕਤੀ ਇਹੀ ਕਹਿੰਦੇ ਹਨ। ਸਵੇਰੇ ਨਿਲਕਣ ਵਾਲਾ ਚੰਨ, ਔਰਤ ਦੀ ਛਾਤੀ ਦੀ ਗਵਾਹੀ, ਨੱਚਦੇ ਹੋਏ ਪੈਰ ਦੇ ਅੰਗੂਠੇ ਨਾਲ ਕੁੰਡਲ ਪਾਉਣ ਵਾਲੇ ਵਿਚਿੱਤਰ ਸੱਚ ਵੀ ਇਹੀ ਕਹਿੰਦੇ ਹਨ।

ਮੈਂ ਸਾਹਮਣੇ ਦੇਖਿਆ। ਸੰਦੇਹਾਂ ਵਿਚਕਾਰ ਨਿਰੰਤਰ ਸੱਚ ਨੂੰ ਤਲਾਸ਼ਣ ਵਾਲਾ ਧਰਮਸਥਲ ਧੁੰਦ ਵਿਚ ਡੁੱਬਿਆ ਹੋਇਆ ਸੀ। ਕੁਝ ਗਿਰਝ ਉਸ ਦੀ ਛੱਤ ਉੱਤੇ ਆ ਗਏ ਸਨ। ਠੰਡ ਵਿਚ ਕਿੱਧਰੇ ਕੋਈ ਚਿੜੀ ਮਰੀ ਹੋਏਗੀ। ਕੋਈ ਬਿੱਲੀ ਦਾ ਬੱਚਾ ਮਰਿਆ ਹੋਏਗਾ।

ਇਕ ਸੰਢਾ ਡਕਾਰਦਾ ਹੋਇਆ ਨਿਕਲਿਆ। ਗੰਦ ਦੀ ਇਕ ਗੱਡੀ ਨਿਕਲੀ। ਮੈਨੂੰ ਕਾਮਿਲ ਦੀ ਠਹਿਰੀ ਹੋਈ, ਹੌਲੀ ਪਰ ਬਹੁਤ ਮਜ਼ਬੂਤ ਆਵਾਜ਼ ਸੁਣਾਈ ਦਿੱਤੀ, "ਅੰਗੂਠਾ ਹੁਣ ਸੋਨੇ ਦਾ ਹੀ ਬਣੇਗਾ।"

ਦਸ ਦਿਨਾਂ ਤੋਂ ਬਾਬੂ ਆਨੰਦ ਸਰੂਪ ਧਰਮਸਥਲ ਨਹੀਂ ਆਏ। ਉਨ੍ਹਾਂ ਨੂੰ 'ਕਾਲਾ ਬੁਖਾਰ' ਹੋ ਗਿਆ ਹੈ। ਕਾਮਿਲ ਦੋ ਵਾਰ ਉਨ੍ਹਾਂ ਦੇ ਘਰ ਜਾ ਚੁੱਕਾ ਸੀ। ਉਨ੍ਹਾਂ ਨੂੰ ਕੰਮ ਬਾਰੇ ਦੱਸ ਆਉਂਦਾ। ਰੁਪਏ ਦੇ ਆਉਂਦਾ। ਤਬੀਅਤ ਬਾਰੇ ਪੁੱਛ-ਗਿੱਛ ਕਰ ਆਉਂਦਾ ਸੀ। ਕੁਝ ਸਾਮਾਨ ਚਾਹੀਦਾ ਹੁੰਦਾ ਤਾਂ ਬਜ਼ਾਰ ਤੋਂ ਲਿਆ ਦੇਂਦਾ ਸੀ।

"ਹੁਣ ਜਾਏਂਗਾ ਤਾਂ ਮੈਂ ਵੀ ਨਾਲ ਚੱਲਾਂਗਾ।" ਮੈਂ ਕਾਮਿਲ ਨੂੰ ਕਿਹਾ, "ਇਕ ਵਾਰ ਦੇਖਣ ਜਾਣਾ ਚਾਹੀਦਾ ਹੈ।"

ਸਵੇਰੇ ਕਾਮਿਲ ਨੇ ਮੈਨੂੰ ਆਵਾਜ਼ ਮਾਰੀ। ਉਹ ਸਾਈਕਲ ਤੇ ਸੀ।

"ਮੈਂ ਜਾ ਰਿਹਾ ਹਾਂ।" ਉਸ ਨੇ ਕਿਹਾ, "ਚਲਣਾ ਏਂ ?"

ਮੈਂ ਕਾਮਿਲ ਨਾਲ ਤੁਰ ਪਿਆ। ਕਾਮਿਲ ਸਾਈਕਲ ਚਲਾ ਰਿਹਾ ਸੀ। ਮੈਂ ਅੱਗੇ ਬੈਠਾ ਹੋਇਆ ਸੀ।

ਸ਼ਹਿਰ ਤੋਂ ਬਾਹਰ ਗੰਗਾ ਕਿਨਾਰੇ ਆਜ਼ਾਦ ਨਗਰ ਵਿਚ ਬਾਬੂ ਆਨੰਦ ਸਰੂਪ ਦਾ ਘਰ ਸੀ। ਮਹਾਪਾਲਿਕਾ ਨੇ ਜਦੋਂ ਉੱਥੇ ਪਲਾਟ ਕੱਟੇ ਕੇ ਨੀਲਾਮ ਕੀਤੇ, ਉਦੋਂ ਆਨੰਦ ਸਰੂਪ ਨੇ ਇਕ ਛੋਟਾ ਜਿਹਾ ਪਲਾਟ ਲੈ ਲਿਆ ਸੀ। ਕੁਝ ਸਾਲ ਪਹਿਲਾਂ ਉਨ੍ਹਾਂ ਨੇ ਇੱਥੇ ਘਰ ਬਣਵਾ ਲਿਆ ਸੀ। ਕਿਰਾਏ ਦਾ ਮਕਾਨ ਛੱਡ ਕੇ ਉੱਥੇ ਰਹਿਣ ਲੱਗ ਪਏ ਸਨ। ਉਨ੍ਹਾਂ ਨਾਲ ਉਨ੍ਹਾਂ ਦੀ ਧੀ ਤੇ ਦੋਹਤਰੀ ਰਹਿੰਦੀ ਸੀ। ਉਨ੍ਹਾਂ ਦੀ ਧੀ ਆਪਣੇ ਪਤੀ ਤੋਂ ਅਲੱਗ ਹੋ ਕੇ ਬਾਰ੍ਹਾਂ ਸਾਲ ਪਹਿਲਾਂ ਉਨ੍ਹਾਂ ਕੋਲ ਰਹਿਣ ਆ ਗਈ ਸੀ। ਉਹ ਛੋਟਾ ਜਿਹਾ ਸਿਲਾਈ ਸਕੂਲ ਚਲਾਉਂਦੀ ਸੀ। ਪਤੀ-ਪਤਨੀ ਵਿਚਕਾਰ ਸੁਲਹ ਹੋ ਜਾਏ ਬਾਬੂ ਆਨੰਦ ਸਰੂਪ ਇਸ ਕੋਸ਼ਿਸ਼ ਵਿਚ ਲੱਗੇ ਹੀ ਰਹਿੰਦੇ ਸਨ। ਇਸ ਕੋਸ਼ਿਸ਼ ਵਿਚ ਹੀ ਕਦੇ ਉਹ ਇਕ-ਦੋ ਦਿਨ ਇਨ੍ਹਾਂ ਦੇ ਘਰ ਆ ਜਾਂਦਾ, ਕਦੇ ਉਹ ਉਸ ਕੋਲ ਚਲੀ ਜਾਂਦੀ ਸੀ। ਪਰ ਧੀ ਦੀ ਧੀ ਦੇ ਵੱਡੇ ਤੇ ਸਮਝਦਾਰ ਹੋ ਜਾਣ 'ਤੇ ਇਸ ਕੋਸ਼ਿਸ਼ ਨੂੰ ਰੋਕ ਦਿੱਤਾ ਗਿਆ ਸੀ। ਉਸ ਨੂੰ ਉਹ ਆਦਮੀ ਚੰਗਾ ਨਹੀਂ ਲੱਗਦਾ। ਪਿੱਛਲੇ ਚਾਰ ਸਾਲਾਂ ਤੋਂ ਉਨ੍ਹਾਂ ਵਿਚ ਕੋਈ ਆਪਸੀ ਸੰਪਰਕ ਨਹੀਂ ਸੀ। ਇਹ ਸਭ ਕਾਮਿਲ ਨੇ ਮੈਨੂੰ ਉਦੋਂ ਦੱਸਿਆ ਸੀ, ਜਦੋਂ ਉਸ ਨੇ ਬਾਬੂ ਆਨੰਦ ਸਰੂਪ ਨਾਲ ਬੈਠਣਾ ਸ਼ੁਰੂ ਕੀਤਾ ਸੀ।

ਛੁੱਟੀਆਂ ਵਾਲੀ ਸਰਦੀਆਂ ਦੀ ਫ਼ੁਰਸਤ ਦੀ ਸਵੇਰ ਸੀ। ਖੁਸ਼ਨੁਮਾ...ਚਮਕਦਾਰ। ਸੜਕਾਂ ਖਾਲੀ

ਸਨ। ਵੱਡੇ-ਵੱਡੇ ਬੰਗਲਿਆਂ ਵਿਚਕਾਰੋਂ, ਨਿਕਲਦੀ ਸੜਕ ਦੇ ਦੋਵੇਂ ਪਾਸੇ ਦੀਆਂ ਦੀਵਾਰਾਂ ਉੱਤੇ ਬੈਂਗਨੀ ਫੁੱਲਾਂ ਦੀਆਂ ਵੇਲਾਂ ਲਟਕ ਰਹੀਆਂ ਸਨ। ਉੱਚੇ ਘਣੇ ਦਰੱਖ਼ਤਾਂ ਹੇਠਾਂ ਕਿਆਰੀਆਂ ਵਿਚ ਵੱਡੇ ਤੇ ਚਮਕਦਾਰ ਫੁੱਲ ਖਿੜੇ ਹੋਏ ਸਨ।

ਮੈਂ ਪਹਿਲੀ ਵਾਰ ਇਸ ਪਾਸੇ ਆਇਆ ਸੀ। ਅਸੀਂ ਕੁਝ ਹੀ ਦੇਰ ਵਿਚ ਪਹੁੰਚ ਗਏ। ਸ਼ਹਿਰ ਤੋਂ ਦੂਰ ਉਹ ਇਕ ਸ਼ਾਂਤ ਇਲਾਕਾ ਸੀ। ਚਾਰੋਂ ਪਾਸੇ ਨਵੇਂ ਮਕਾਨ ਬਣੇ ਹੋਏ ਸਨ। ਕੋਈ-ਕੋਈ ਹੀ ਦੋ ਮੰਜ਼ਿਲਾ ਸੀ। ਜ਼ਿਆਦਾਤਰ ਮਕਾਨ ਘੱਟ ਲਾਗਤ ਨਾਲ ਬਣੇ ਹੋਏ ਸਨ। ਆਨੰਦ ਸਰੂਪ ਦਾ ਮਕਾਨ ਦੂਰੋਂ ਦਿੱਸਦਾ ਸੀ। ਛੋਟਾ ਤੇ ਨਾਰੰਗੀ ਫੁੱਲਾਂ ਦੀ ਵੇਲ ਨਾਲ ਢੱਕਿਆ ਹੋਇਆ। ਹਰੇ ਰੰਗ ਦਾ ਛੋਟਾ ਲੋਹੇ ਦਾ ਦਰਵਾਜ਼ਾ ਸੀ। ਦਰਵਾਜ਼ੇ ਉੱਪਰ ਕੜਾ ਲੱਗਾ ਹੋਇਆ ਸੀ। ਕੜਾ ਹਟਾ ਕੇ ਅਸੀਂ ਅੰਦਰ ਆ ਗਏ। ਅੰਦਰ ਸ਼ਾਂਤੀ ਸੀ। ਕਾਮਿਲ ਨੇ ਸਾਈਕਲ ਇਕ ਪਾਸੇ ਚਾਰਦੀਵਾਰੀ ਨਾਲ ਖੜੀ ਕਰ ਦਿੱਤੀ। ਇਕ ਸੌੜਾ, ਇੱਟਾਂ ਦਾ ਬਣਿਆ ਹੋਇਆ ਰਾਹ ਅੰਦਰ ਜਾ ਰਿਹਾ ਸੀ। ਉਸ ਰਸਤੇ ਦੇ ਦੋਵੇਂ ਪਾਸੇ ਫੁੱਲ ਲੱਗੇ ਹੋਏ ਸਨ। ਥੋੜ੍ਹੀ ਜਿਹੀ ਜਗ੍ਹਾ ਉੱਤੇ ਪਪੀਤੇ, ਕੇਲੇ ਅਤੇ ਅਮਰੂਦ ਦੇ ਦਰੱਖ਼ਤ ਸਨ।

ਮੈਂ ਕਾਮਿਲ ਦੇ ਪਿੱਛੇ ਸੀ। ਅੰਦਰ ਸੱਜੇ ਹੱਥ ਘੁੰਮਣ ਤੋਂ ਬਾਅਦ ਦੋ ਛੋਟੀਆਂ ਪੌੜੀਆਂ ਉੱਪਰ ਜਾ ਰਹੀਆਂ ਸਨ। ਪੌੜੀਆਂ ਚੜ੍ਹ ਕੇ ਕਾਮਿਲ ਨੇ ਲੱਕੜੀ ਦਾ ਛੋਟਾ ਜਿਹਾ ਦਰਵਾਜ਼ਾ ਖੋਲ੍ਹਿਆ। ਇਕ ਖੁੱਲ੍ਹੀ ਜਗ੍ਹਾ ਨਜ਼ਰ ਆਈ। ਇੱਥੇ ਕੁਝ ਗਮਲੇ ਪਏ ਸਨ। ਇਕ ਕੁਰਸੀ ਉੱਤੇ ਅਖ਼ਬਾਰ ਪਿਆ ਸੀ। ਛੋਟੀ ਮੇਜ਼ ਉੱਤੇ ਚਾਹ ਦੇ ਦੋ ਖਾਲੀ ਗਿਲਾਸ ਪਏ ਸਨ।

ਇੱਥੋਂ ਹੀ ਅੰਦਰ ਇਕ ਹੋਰ ਕਮਰਾ ਸੀ। ਕਮਰੇ ਦਾ ਬੂਹਾ ਖੁੱਲ੍ਹਾ ਸੀ। ਕਾਮਿਲ ਬੂਹੇ ਉੱਤੇ ਰੁੱਕ ਗਿਆ। ਮੈਂ ਉਸ ਦੇ ਪਿੱਛੇ ਸੀ। ਅਸੀਂ ਬਾਹਰ ਦੀ ਤੇਜ਼ ਰੋਸ਼ਨੀ ਤੋਂ ਇਕਦਮ ਕਮਰੇ ਵਿਚ ਆ ਗਏ ਸੀ। ਕੁਝ ਪਲ ਮਗਰੋਂ ਅੱਖਾਂ ਸਥਿਰ ਹੋਣ ਤੇ ਮੈਂ ਦੇਖਿਆ ਬਾਬੂ ਆਨੰਦ ਸਰੂਪ ਇਕ ਪਲੰਘ ਉੱਤੇ ਸਿਰ੍ਹਾਣੇ ਦੇ ਸਹਾਰੇ ਥੋੜ੍ਹਾ ਉੱਠ ਕੇ ਬੈਠੇ ਹੋਏ ਸਨ। ਛਾਤੀ ਤੱਕ ਕੰਬਲ ਸੀ। ਸਿਰ ਉੱਤੇ ਊਨੀ ਟੋਪੀ ਸੀ। ਉਨ੍ਹਾਂ ਦੇ ਸਿਰ੍ਹਾਣੇ ਇਕ ਕੁੜੀ ਬੈਠੀ ਸੀ। ਉਸ ਦੇ ਹੱਥ ਵਿਚ ਇਕ ਪਲੇਟ ਵਿਚ ਬਿਸਕੁਟ ਪਏ ਸਨ। ਬਾਬੂ ਆਨੰਦ ਸਰੂਪ ਦੇ ਹੱਥ ਵਿਚ ਦੁੱਧ ਦਾ ਗਿਲਾਸ ਸੀ। ਦੂਜੇ ਹੱਥ ਵਿਚ ਅੱਧਾ ਖਾਧਾ ਬਿਸਕੁਟ ਸੀ।

ਬਿੜਕ ਸੁਣ ਉਨ੍ਹਾਂ ਸਿਰ ਚੁੱਕਿਆ ਕਾਮਿਲ ਨੂੰ ਅੰਦਰ ਆਉਣ ਦਾ ਇਸ਼ਾਰਾ ਕੀਤਾ, ਮੈਨੂੰ ਵੀ।

"ਕੀ ਹਾਲ ਏ ?" ਕਾਮਿਲ ਨੇ ਪਲੰਘ ਨੇੜੇ ਜਾ ਕੇ ਪੁੱਛਿਆ।" ਪਤਾ ਨਹੀਂ, ਬਾਬੂ ਆਨੰਦ ਸਰੂਪ ਤੋਂ ਜਾਂ ਕੁੜੀ ਤੋਂ।

" ...ਠੀਕ ਹਾਂ..., ਜੇ ਹੁਣ ਬੁਖਾਰ ਨਾ ਹੋਵੇ ਤਾਂ।" ਆਨੰਦ ਸਰੂਪ ਨੇ ਕਿਹਾ। "ਕਮਜ਼ੋਰੀ ਬਹੁਤ ਹੈ।" ਕੁੜੀ ਬੋਲੀ। ਉਹ ਉਸੇ ਤਰ੍ਹਾਂ ਹੱਥ ਵਿਚ ਪਲੇਟ ਚੁੱਕੇ ਬੈਠੀ ਸੀ। ਉਸ ਦੀ ਆਵਾਜ਼ ਬਹੁਤ ਡੂੰਘੀ ਸੀ। ਉਸ ਦੀ ਆਵਾਜ਼ ਵਿਚ ਐਨਾ ਡੂੰਘਾਪਨ ਸੀ, ਜੋ ਆਮ ਤੌਰ ਤੇ ਕੁੜੀਆਂ ਦੀ ਆਵਾਜ਼ ਵਿਚ ਨਹੀਂ ਹੁੰਦਾ। ਮੈਂ ਪਿੱਛਿਓਂ ਉਸ ਨੂੰ ਦੇਖ ਰਿਹਾ ਸੀ। ਉਹ ਥੋੜ੍ਹਾ ਅੱਗੇ ਵੱਲ ਝੁਕੀ ਹੋਈ ਸੀ। ਉਸ ਦੀ ਗਰਦਨ ਦੀ ਪਿੱਛਲੇ ਹਿੱਸੇ ਉੱਤੇ ਸੁਨਹਿਰੀ ਰੋਮ ਸਨ, ਜੋ ਉਸ ਦੇ ਮੁਸ਼ਕੀ ਪਿੰਡੇ ਉੱਤੇ ਚਮਕ ਰਹੇ ਸਨ। ਉਸ ਦੀ ਰੀੜ੍ਹ ਦੀ ਹੱਡੀ ਉੱਤੇ ਚਿਕਨੇ ਮਾਸ ਦੀ ਮੋਟੀ ਪਰਤ ਸੀ। ਚੌੜੀ ਪਿੱਠ ਉੱਤੇ ਕੱਪੜਾ ਫਸਿਆ ਹੋਇਆ ਸੀ। ਮੈਨੂੰ ਉਸ ਦਾ ਪੂਰਾ ਚਿਹਰਾ ਨਜ਼ਰ ਨਹੀਂ ਸੀ ਆ ਰਿਹਾ।

"ਤੂੰ ਕਿਵੇਂ ਏਂ ?" ਬਾਬੂ ਆਨੰਦ ਸਰੂਪ ਨੇ ਮੇਰੇ ਤੋਂ ਪੁੱਛਿਆ।

"ਠੀਕ ਹਾਂ।" ਮੈਂ ਥੋੜ੍ਹਾ ਅੱਗੇ ਹੋਇਆ। ਹੁਣ ਮੈਂ ਤੇ ਕੁੜੀ ਨੇ ਇਕ-ਦੂਜੇ ਵੱਲ ਤੱਕਿਆ। ਉਸ ਦੇ ਚਿਹਰੇ ਉੱਤੇ ਚਮਕ ਸੀ। ਚਿਹਰਾ ਭਰਿਆ ਹੋਇਆ ਸੀ। ਅੱਖਾਂ ਸਾਫ਼ ਸਨ। ਉਸ ਦੇ ਵਾਲ ਖੁੱਲ੍ਹੇ ਸਨ। ਉਹ ਘਣੇ ਸਨ ਤੇ ਮੋਢਿਆਂ ਉੱਤੇ ਪੈ ਰਹੇ ਸਨ। ਉਸ ਦੇ ਚਿਹਰੇ ਉੱਤੇ ਇਕ ਦ੍ਰਿੜਤਾ ਸੀ ਜੋ ਉਸ ਦੇ ਮੁਸ਼ਕੀ



ਰੰਗ-ਕਾਲੀਆਂ ਅੱਖਾਂ ਤੇ ਘਣੇ ਵਾਲਾਂ ਕਾਰਣ ਸੀ।

"ਇਹ ਦਾਖਸ਼ਇਣੀ ਹੈ।" ਕਾਮਿਲ ਨੇ ਉਸ ਦਾ ਪਰਿਚੈ ਕਰਵਾਇਆ।

ਮੈਂ ਕੁਝ ਕਹਿੰਦਾ, ਉਸ ਤੋਂ ਪਹਿਲਾਂ ਉਹ ਬੋਲੀ,

"ਮੈਂ ਇਨ੍ਹਾਂ ਨੂੰ ਜਾਣਦੀ ਹਾਂ।" ਹੁਣ ਉਹ ਸਿੱਧੀ ਹੋ ਕੇ ਬੈਠ ਗਈ, "ਨਾਨਾ, ਹਮੇਸ਼ਾ ਤੁਹਾਡੀ ਤਾਰੀਫ਼ ਕਰਦੇ ਹਨ।" ਉਹ ਮੁਸਕਰਾਈ, "ਤੁਸੀਂ ਪੜ੍ਹਨ ਵਿਚ ਬਹੁਤ ਹੁਸ਼ਿਆਰ ਹੋ ਨਾ।"

ਮੇਰਾ ਚਿਹਰਾ ਸੁਰਖ਼ ਹੋ ਗਿਆ। ਕੰਨ ਗਰਮ ਹੋ ਗਏ। ਮੈਂ ਝੇਂਪ ਗਿਆ। ਗਿਲਾਸ ਵਾਲਾ ਦੁੱਧ ਖਤਮ ਹੋ ਗਿਆ ਸੀ। ਆਨੰਦ ਸਰੂਪ ਨੇ ਗਿਲਾਸ ਉਸ ਨੂੰ ਦੇ ਦਿੱਤਾ।

"ਬਿਸਕੁਟ ਹੋਰ ਲਵੋਗੇ ?" ਉਸ ਨੇ ਪੁੱਛਿਆ।

"ਨਹੀਂ।" ਉਹ ਹੌਲੀ ਜਿਹੀ ਬੋਲੇ। ਉਹ ਪਲੰਘ ਤੋਂ ਉੱਠ ਗਈ।

"ਐਨਾ ਖਾਣ ਵਿਚ ਹੀ ਥੱਕ ਜਾਂਦੇ ਹਨ।" ਉਸ ਨੇ ਕਾਮਿਲ ਨੂੰ ਕਿਹਾ।

"ਡਾਕਟਰ ਹੁਣ ਕੀ ਕਹਿੰਦਾ ਹੈ ?"

"ਕਹਿੰਦਾ ਹੈ, ਅਫ਼ਰੀਕਾ ਤੋਂ ਕੋਈ ਨਵਾਂ ਬੁਖਾਰ ਆਇਆ ਹੈ। ਬਾਅਦ ਵਿਚ ਬਹੁਤ ਦਿਨਾਂ ਤੱਕ ਕਮਜ਼ੋਰੀ ਰਹਿੰਦੀ ਹੈ। ਸ਼ਾਇਦ ਅਜੇ ਪੰਦਰਾਂ ਦਿਨ ਹੋਰ ਲੱਗ ਜਾਣ।"

ਉਹ ਕਾਮਿਲ ਵੱਲ ਦੇਖਦੇ ਹੋਏ ਹੌਲੀ-ਹੌਲੀ ਬੋਲ ਰਹੀ ਸੀ।

"ਮੈਂ ਲੇਟਾਂਗਾ ਹੁਣ।" ਆਨੰਦ ਸਰੂਪ ਨੇ ਹੌਲੀ ਜਿਹੀ ਕਿਹਾ।

ਉਸ ਨੇ ਹੱਥ ਦੀ ਪਲੇਟ ਕਾਮਿਲ ਨੂੰ ਫੜਾਈ। ਝੁਕ ਕੇ ਉਨ੍ਹਾਂ ਨੂੰ ਸਹਾਰਾ ਦਿੱਤਾ। ਆਨੰਦ ਸਰੂਪ ਥੋੜ੍ਹਾ ਹੇਠਾਂ ਖਿਸਕ ਕੇ ਪਲੰਘ ਉੱਤੇ ਪਸਰ ਗਏ। ਉਸ ਨੇ ਉਨ੍ਹਾਂ ਦੇ ਗਲੇ ਤੱਕ ਕੰਬਲ ਲਪੇਟ ਦਿੱਤਾ। ਸਿਰ ਦਾ ਟੋਪ ਠੀਕ ਕੀਤਾ। ਇਕ ਕੰਧ ਵਾਲੇ ਪਾਸੇ ਜਾ ਕੇ ਉਸ ਨੇ ਕਮਰੇ ਦੀ ਬੱਤੀ ਬੰਦ ਕਰ ਦਿੱਤੀ।

"ਤੁਸੀਂ ਸੌਂ ਜਾਓ। ਅਸੀਂ ਅੰਦਰ ਹੈਗੇ ਹਾਂ।"

"ਆ ਜਾ।" ਕਾਮਿਲ ਨੇ ਮੈਨੂੰ ਕਿਹਾ, "ਅੰਦਰ ਬੈਠਦੇ ਹਾਂ।"

ਅੰਦਰ ਦੋ ਕਮਰੇ ਹੋਰ ਸਨ। ਉਸ ਕਮਰੇ ਤੋਂ ਥੋੜ੍ਹੇ ਵੱਡੇ। ਪਹਿਲੇ ਕਮਰੇ ਵਿਚ ਰੱਸੀ ਉੱਤੇ ਕੱਪੜੇ ਲਟਕ ਰਹੇ ਸਨ। ਦੋ ਮੰਜੀਆਂ ਪਈਆਂ ਸਨ। ਇਕ ਮੰਜੀ ਉੱਤੇ ਬਿਸਤਰੇ ਇਕੱਠੇ ਕੀਤੇ ਪਏ ਸਨ। ਦੂਜੀ ਮੰਜੀ ਉੱਤੇ ਕੁਝ ਕੱਪੜੇ ਪਏ ਸਨ। ਕੋਨੇ ਵਿਚ ਪੁਰਾਣੇ ਜ਼ਮਾਨੇ ਦੀ ਇਕ ਅਲਮਾਰੀ ਸੀ। ਦੋ ਚੌਕੀਆਂ ਸਨ। ਇਕ ਉੱਤੇ ਦੇਵਤਾਵਾਂ ਦੀਆਂ ਮੂਰਤਾਂ ਸਨ। ਦੂਜੀ ਥੋੜ੍ਹੀ ਨੀਵੀਂ ਸੀ ਤੇ ਬੈਠਣ ਲਈ ਬਣੀ ਸੀ। ਉਸ ਉੱਤੇ ਕੱਟੀਆਂ ਹੋਈਆਂ ਸਬਜ਼ੀਆਂ ਪਈਆਂ ਸਨ। ਉਸ ਦੇ ਨਾਲ ਵਾਲੇ ਕਮਰੇ ਦੀ ਸਿਰਫ਼ ਇਕ ਝਲਕ ਹੀ ਦਿੱਸ ਰਹੀ ਸੀ। ਉਸ ਵਿਚ ਕੱਪੜਿਆਂ ਦੇ ਵੱਖ-ਵੱਖ ਢੇਰ ਪਏ ਸਨ। ਪੈਰਾਂ ਨਾਲ ਚਲਣ ਵਾਲੀਆਂ ਦੋ ਮਸ਼ੀਨਾਂ ਪਈਆਂ ਸਨ। ਕੋਨੇ ਵਿਚ ਮੇਜ਼ ਕੁਰਸੀ ਸੀ। ਮੇਜ਼ ਉੱਤੇ ਲੈਂਪ ਪਿਆ ਸੀ। ਕੁਝ ਕਿਤਾਬਾਂ ਸਨ। ਜਿਸ ਕਮਰੇ ਵਿਚ ਅਸੀਂ ਸੀ, ਉਸ ਦੇ ਬਾਹਰ ਖੁੱਲ੍ਹੀ ਥਾਂ ਨੂੰ ਟੀਨ ਨਾਲ ਢੱਕ ਕੇ ਰਸੋਈ ਬਣਾਇਆ ਗਿਆ ਸੀ। ਇਕ ਵੱਡੀ ਮੇਜ਼ ਉੱਤੇ ਸਟੋਵ ਪਿਆ ਸੀ। ਕੋਨੇ ਵਿਚ ਫਰਸ਼ ਉੱਤੇ ਮਿੱਟੀ ਦਾ ਚੁੱਲ੍ਹਾ ਵੀ ਬਣਿਆ ਹੋਇਆ ਸੀ। ਪੱਥਰ ਦੇ ਪਲੇਟਫਾਰਮ ਉੱਤੇ ਭਾਂਡੇ ਪਏ ਸਨ। ਉਸ ਤੋਂ ਬਾਹਰ ਛੋਟਾ ਜਿਹਾ ਵਿਹੜਾ ਸੀ। ਉਸ ਵਿਚ ਪਏ ਤਖ਼ਤ ਉੱਤੇ ਕਣਕ ਸੁੱਕਣੇ ਪਈ ਸੀ। ਪਿੰਜਰੇ ਵਿਚ ਤੋਤਾ ਸੀ। ਬੂਟਿਆਂ ਨੂੰ ਪਾਣੀ ਦੇਣ ਵਾਲਾ ਹੁਜਾਰਾ ਸੀ। ਉੱਥੇ ਰੱਸੀ ਉੱਤੇ ਧੁੱਪੇ ਕੁਝ ਕੱਪੜੇ ਸੁੱਕ ਰਹੇ ਸਨ।

"ਬੈਠੋ।" ਉਸ ਨੇ ਮੰਜੀ ਤੇ ਪਏ ਕੱਪੜੇ ਇਕ ਪਾਸੇ ਕਰ ਦਿੱਤੇ। ਕੰਧ ਕੋਲ ਪਿਆ ਮੂੜ੍ਹਾ ਚੁੱਕ ਕੇ ਮੰਜੀ ਕੋਲ ਰੱਖ ਦਿੱਤਾ। ਕਾਮਿਲ ਮੰਜੀ ਉੱਤੇ ਬੈਠ ਗਿਆ। ਮੈਂ ਮੂੜ੍ਹੇ ਉੱਤੇ। ਉਹ ਸਾਹਮਣੇ ਦੀਵਾਰ ਦਾ ਸਹਾਰਾ ਲੈ ਕੇ ਖੜੀ ਹੋ ਗਈ।

"ਤੁਹਾਡਾ ਨਾਂ ਬੜਾ ਸੁਹਣਾ ਹੈ ?" ਮੈਂ ਕਿਹਾ।

"ਮਾਂ ਨੇ ਰੱਖਿਆ ਹੈ।"

"ਕਿੱਥੇ ਹਨ ਉਹ ?"

"ਸਿਲਾਈ ਸਕੂਲ ਗਈ ਹੈ। ਸ਼ਾਮ ਤੱਕ ਆਉਂਦੀ ਹੈ।"

"ਇਸ ਦਾ ਇਕ ਛੋਟਾ ਤੇ ਸੌਖਾ ਨਾਂ ਵੀ ਹੈ, ਮੁੰਨਿਆ।" ਕਾਮਿਲ ਹੱਸਿਆ। ਉਹ ਮੁਸਕਰਾ ਪਈ।

"ਤੁਸੀਂ ਚਾਹੋ ਤਾਂ ਛੋਟੇ ਨਾਂ ਤੋਂ ਹੀ ਪੁਕਾਰੋ...।"

"ਨਹੀਂ, ਮੈਂ ਦਾਖਸ਼ਇਣੀ ਹੀ ਕਹਾਂਗਾ।" ਮੈਂ ਕਿਹਾ।

ਵਿਹੜੇ ਵਿਚ ਧੁੱਪ ਕਾਰਣ ਸਾਰੇ ਕਮਰੇ ਵਿਚ ਰੋਸ਼ਨੀ ਸੀ। ਕਾਮਿਲ ਨੇ ਜੇਬ੍ਹ, ਵਿਚ ਹੱਥ ਪਾ ਕੇ ਇਕ ਲਿਫ਼ਾਫ਼ਾ ਕੱਢਿਆ। ਉਸ ਵਿਚ ਰੁਪਏ ਸਨ। ਲਿਫ਼ਾਫ਼ਾ ਉਸ ਨੇ ਦਾਖਸ਼ਇਣੀ ਨੂੰ ਫੜਾ ਦਿੱਤਾ।

"ਮਿੱਟੀ ਦਾ ਤੇਲ ਖਤਮ ਏ। ਦਵਾਈਆਂ ਵੀ ਲੈਣੀਆਂ ਹਨ। ਕੰਪਾਊਂਡਰ ਹੁਣੇ ਇੰਜ਼ੈਕਸ਼ਨ ਲਗਾਉਣ ਆਏਗਾ।" ਲਿਫ਼ਾਫ਼ਾ ਲੈਂਦੇ ਹੋਏ ਉਹ ਬੋਲੀ। ਉਹ ਪੈਰ ਦੇ ਅੰਗੂਠੇ ਨਾਲ ਫਰਸ਼ ਖੁਰਚ ਰਹੀ ਸੀ। ਮੈਂ ਦੇਖਿਆ ਉਸ ਦੇ ਅੰਗੂਠੇ ਵਿਚ ਨਹੁੰ ਕੋਲ ਇਕ ਤਿਲ ਸੀ।

ਮੈਨੂੰ ਲੱਗਾ ਉਹ ਮੇਰੇ ਕਾਰਣ ਥੋੜ੍ਹਾ ਸੰਕੋਚ ਕਰ ਰਹੀ ਹੈ, ਸ਼ਾਇਦ ਉਹ ਕਾਮਿਲ ਨਾਲ ਪੂਰੇ ਅਧਿਕਾਰ ਨਾਲ ਬੋਲਦੀ।

"ਮੈਂ ਲਿਆ ਦੇਂਦਾ ਹਾਂ। ਮੈਨੂੰ ਤੇਲ ਦਾ ਡਿੱਬਾ ਤੇ ਦਵਾਈਆਂ ਦਾ ਪਰਚਾ ਦੇ ਦੇ।" ਕਾਮਿਲ ਉੱਠ ਖੜਾ ਹੋਇਆ। ਉਹ ਅੰਦਰ ਵਿਹੜੇ ਵੱਲ ਚਲੀ ਗਈ। ਕੁਝ ਦੇਰ ਬਾਅਦ ਆਈ। ਉਸ ਦੇ ਹੱਥ ਵਿਚ ਪੰਜ ਲੀਟਰ ਦਾ ਪਲਾਸਟਿਕ ਦਾ ਡਿੱਬਾ ਸੀ। ਉਸ ਨੇ ਉਹ ਕਾਮਿਲ ਨੂੰ ਫੜ੍ਹਾ ਦਿੱਤਾ। ਨਾਲ ਵਾਲੇ ਕਮਰੇ ਵਿਚੋਂ ਦਵਾਈਆਂ ਦਾ ਪਰਚਾ ਵੀ ਦੇ ਦਿੱਤਾ।

ਕਾਮਿਲ ਨੇ ਮੇਰੇ ਮੋਢੇ ਉੱਤੇ ਹੱਥ ਰੱਖਿਆ," ਤੂੰ ਚਾਹ ਪੀ, ਉਦੋਂ ਤੱਕ...।"

"ਇਨ੍ਹਾਂ ਨੂੰ ਖਾਲੀ ਚਾਹ ਨਹੀਂ ਪਿਲਾਵਾਂਗੀ। ਜਦੋਂ ਆਵੇਂਗਾ ਤਾਂ ਜੋ ਖਾਣ ਦਾ ਮਨ ਹੋਵੇ, ਲੈਂਦਾ ਆਵੀਂ। ਫਿਰ ਇਕੱਠੇ ਚਾਹ ਪੀਵਾਂਗੇ।"

ਕਾਮਿਲ ਮੈਨੂੰ ਦੇਖ ਕੇ ਮੁਸਕਰਾਇਆ।

"ਜੇ ਤੂੰ ਇਸ ਨੂੰ ਤਿਆਰ ਕਰ ਸਕੇ ਤਾਂ ਤੈਨੂੰ ਕੁਝ ਚੰਗੀਆਂ ਕਵਿਤਾਵਾਂ ਸੁਣਨ ਨੂੰ ਮਿਲ ਸਕਦੀਆਂ ਹਨ।"

ਮੈਂ ਹੈਰਾਨੀ ਨਾਲ ਦਾਖਸ਼ਇਣੀ ਵੱਲ ਦੇਖਿਆ। ਉਸ ਨੇ ਸਿਰ ਹਿਲਾਇਆ। ਕਾਮਿਲ ਚਲਾ ਗਿਆ।

ਉਹ ਖੜੀ ਸੀ। ਮੈਂ ਮੂੜ੍ਹੇ ਤੋਂ ਖੜਾ ਹੋ ਗਿਆ।

"ਵਿਹੜੇ ਵਿਚ ਚਲਦੇ ਹਾਂ। ਉੱਥੇ ਧੁੱਪ ਹੈ।"

ਉਸ ਨੇ ਇਕ ਵਾਰ ਵਿਹੜੇ ਦੀ ਧੁੱਪ ਵੱਲ ਦੇਖਿਆ।

"ਪਰ ਜੇ ਨਾਨਾ ਨੇ ਆਵਾਜ਼ ਮਾਰੀ...ਕੁਝ ਚਾਹੀਦਾ ਹੋਇਆ ਤਾਂ ਸੁਣਾਈ ਨਹੀਂ ਦਏਗਾ।"

ਮੈਂ ਫਿਰ ਬੈਠ ਗਿਆ। ਹੁਣ ਉਹ ਵੀ ਮੰਜੀ ਉੱਤੇ ਬੈਠ ਗਈ। ਉਸ ਦੇ ਪੈਰ ਹਵਾ ਵਿਚ ਸਨ। ਉਹ ਪੈਰ ਹਿਲਾਉਣ ਲੱਗੀ। ਮੈਂ ਉਸ ਦੇ ਪੰਜਿਆਂ ਵੱਲ ਦੇਖਿਆ। ਉਸ ਦੀਆਂ ਉਂਗਲਾਂ ਲੰਮੀਆਂ ਤੇ ਇਕ-ਦੂਜੇ ਨਾਲ ਚਿਪਕੀਆਂ ਹੋਈਆਂ ਸਨ। ਪੰਜੇ ਦਾ ਮਾਸ ਗੱਦੇ ਵਾਂਗ ਮੁਲਾਇਮ ਤੇ ਫੁੱਲਿਆ ਹੋਇਆ ਸੀ।

ਅਚਾਨਕ ਉਸ ਨੇ ਪੈਰ ਹਿਲਾਉਣੇ ਰੋਕ ਦਿੱਤੇ। ਉਸ ਨੇ ਮੈਨੂੰ ਉਸ ਦੇ ਪੰਜਿਆਂ ਨੂੰ ਦੇਖਦੇ ਹੋਏ ਦੇਖ ਲਿਆ ਸੀ। ਮੈਂ ਸਿਰ ਚੁੱਕ ਕੇ ਉਸ ਵੱਲ ਤੱਕਿਆ। ਮੈਂ ਕਵਿਤਾ ਦੀ ਗੱਲ ਕਰਨੀ ਚਾਹੁੰਦਾ ਸੀ।



"ਤੁਸੀਂ ਤਾਂ ਦੇਖਿਆ ਹੀ ਹੋਏਗਾ। ਕੀ ਕਾਮਿਲ ਦਾ ਘਰ ਬਹੁਤ ਛੋਟਾ ਹੈ ?" ਉਸ ਨੇ ਪੁੱਛਿਆ।

"ਹਾਂ।"

"ਸਿਰਫ਼ ਦੋ ਕਮਰੇ ਹਨ...ਇਸ ਤੋਂ ਵੀ ਛੋਟੇ। ਇਕ ਵਿਚ ਭਰਾ ਦਾ ਪਰਿਵਾਰ ਨਾਲ ਰਹਿੰਦਾ ਹੈ ਤੇ ਇਕ ਵਿਚ ਕਾਮਿਲ ਤੇ ਉਸ ਦੇ ਪਿਤਾ ?"

"ਹਾਂ।"

ਉਹ ਚੁੱਪ ਹੋ ਗਈ। ਮੈਨੂੰ ਲੱਗਾ, ਉਹ ਫਿਰ ਪੈਰ ਹਿਲਾਏਗੀ। ਪਰ ਉਹ ਕੁਝ ਸੋਚ ਰਹੀ ਸੀ। ਸ਼ਾਇਦ ਜਦੋਂ ਸੋਚਦੀ ਸੀ, ਉਦੋਂ ਹੀ ਪੈਰ ਹਿਲਾਉਂਦੀ ਸੀ।

"ਉਨ੍ਹਾਂ ਦਾ ਬਣਾਇਆ ਹੋਇਆ ਕੁਝ ਵਿਕਦਾ ਹੈ ?"

"ਕਦੇ-ਕਦੇ।"

"ਭਰਾ ਹੈ...ਕਾਮਿਲ ਹੈ...ਕਦੇ ਪਿਤਾ ਨੂੰ ਕਿਸੇ ਸਕੂਲ ਦੇ ਸਾਲਾਨ ਜਲਸੇ ਵਿਚ ਨਾਟਕ ਤਿਆਰ ਕਰਨ ਦਾ ਕੰਮ ਮਿਲ ਜਾਂਦਾ ਹੈ...ਕਦੇ ਸਮਾਰਿਕਾ ਕੱਢਣਾ। ਕਦੇ ਘਰ ਵਿਚ ਕੋਈ ਕੁੜੀ ਨ੍ਰਿਤ ਸਿੱਖਣ ਆ ਜਾਂਦੀ ਹੈ ਤੇ ਕਦੇ ਪੇਟਿੰਗ ਦੀ ਕੋਈ ਟਿਊਸ਼ਨ ਲੈ ਲੈਂਦੇ ਹਨ।"

"ਕਾਮਿਲ ਆਪਣੇ ਪਿਤਾ ਨੂੰ ਬਹੁਤ ਮੰਨਦਾ ਹੈ ਨਾ ?"

"ਹਾਂ।"

"ਹੱਛਾ...ਤੁਸੀਂ ਤਾਂ ਉੱਥੇ ਵੀ ਜਾਂਦੇ ਹੋਵੋਗੇ ਜਿੱਥੇ ਟਾਈਪ ਦਾ ਕੰਮ ਹੁੰਦਾ ਹੈ। ਚਾਰ ਹੀ ਟਾਈਪਰਾਈਟਰ ਹੈ ਨਾ ?"

"ਹਾਂ।"

"ਹੋਰ ਨਹੀਂ ਵੱਧ ਸਕਦੇ ?"

"ਮਤਲਬ ?"

"ਮਤਲਬ ਜੇ ਹੋਰ ਟਾਈਪਰਾਈਟਰ ਉੱਥੇ ਵਧਾ ਲਏ ਜਾਣ ?"

"ਉੱਥੇ ਹੋਰ ਜਗ੍ਹਾ ਨਹੀਂ ਹੈ। ਉਹ ਤਾਂ ਲਾਇਰਸ ਐਸੋਸੀਏਸ਼ਨ ਦਾ ਕਮਰਾ ਹੈ, ਜਿੱਥੇ ਉਹ ਬੈਠਦਾ ਹੈ। ਕਿਸੇ ਤਰ੍ਹਾਂ ਦੋ ਟਾਈਪਰਾਈਟਰ ਰੱਖਣ ਦੀ ਥਾਂ ਮਿਲ ਗਈ ਹੈ, ਕਿਉਂਕਿ ਕੰਮ ਹੋਣ ਕਾਰਣ ਵਕੀਲਾਂ ਨੂੰ ਬਹੁਤ ਆਸਾਨੀ ਹੁੰਦੀ ਹੈ। ਦੋ ਟਾਈਪਰਾਈਟਰ ਦਾ ਕੰਮ ਰੁਖ਼ ਹੇਠਾਂ ਮੇਜ਼ ਕੁਰਸੀ ਰੱਖ ਕੇ ਹੁੰਦਾ ਹੈ।"

"ਪਰ ਸਿਰਫ਼ ਚਾਰ ਟਾਈਪਰਾਈਟਰ ਰੱਖ ਕੇ ਹੀ ਸਾਰਾ ਜੀਵਨ ਤਾਂ ਨਹੀਂ ਕੱਟਿਆ ਜਾ ਸਕਦਾ, ਹੈ ਨਾ ?"

ਮੈਂ ਕੁਝ ਨਾ ਬੋਲਿਆ।

"ਕਚਹਿਰੀ ਵਿਚ ਬਹੁਤ ਵੱਡੀ ਜਗ੍ਹਾ ਹੁੰਦੀ ਹੈ। ਬਹੁਤ ਸਾਰੇ ਦੂਸਰੇ ਕੰਮ ਵੀ ਹੁੰਦੇ ਹਨ।"

"ਹਾਂ...ਬਹੁਤ...ਹਰ ਵੇਲੇ ਬੰਦੇ ਆਉਂਦੇ-ਜਾਂਦੇ ਰਹਿੰਦੇ ਹਨ। ਪਤਾ ਨਹੀਂ ਕਿੰਨੇ ਦਫ਼ਤਰ, ਕਾਨੂੰਨ ਅਧਿਕਾਰੀ।"

"ਕਾਮਿਲ ਹੋਰ ਵੀ ਕੁਝ ਕਰ ਸਕਦਾ ਹੈ ?"

"ਕੀ ?"

"ਕੁਝ ਵੀ, ਜਿਸ ਨਾਲ ਉਹ ਹੋਰ ਜ਼ਿਆਦਾ ਕਮਾ ਸਕੇ।"

ਮੈਂ ਚੁੱਪ ਰਿਹਾ। ਉਹ ਸ਼ਾਇਦ ਸਮਝ ਗਈ।

"ਦੇਖੋ, ਮੈਨੂੰ ਇਹ ਸਭ ਪੁੱਛਣਾ ਨਹੀਂ ਚਾਹੀਦਾ। ਪਰ ਤੁਸੀਂ ਤਾਂ ਉਸ ਦੇ ਦੋਸਤ ਹੋ। ਦੋ ਘਰਾਂ ਦਾ ਖਰਚਾ ਇਸ ਨਾਲ ਨਹੀਂ ਚੱਲ ਸਕਦਾ।"

ਮੈਂ ਫਿਰ ਚੁੱਪ ਹੀ ਰਿਹਾ। ਉਹ ਹੌਲੀ ਜਿਹੀ ਹੱਸੀ।

"ਮੈਨੂੰ ਇਹ ਸਭ ਨਹੀਂ ਕਹਿਣਾ ਚਾਹੀਦਾ ਸੀ। ਸੱਚ ਪੁੱਛੋ ਤਾਂ ਮੈਨੂੰ ਗੱਲ ਕਰਨਾ ਹੀ ਨਹੀਂ ਆਉਂਦਾ। ਇਸ ਲਈ ਮੈਨੂੰ ਸਾਰੇ ਮੂਰਖ ਕਹਿੰਦੇ ਹਨ। ਦਿਮਾਗ ਅਤੇ ਜ਼ਬਾਨ ਵਿਚ ਕੋਈ ਤਾਲਮੇਲ ਹੀ ਨਹੀਂ ਹੈ। ਤੁਸੀਂ ਪਹਿਲੀ ਵਾਰ ਮੇਰੇ ਘਰ ਆਏ ਹੋ ਤੇ ਮੈਂ ਇਹ ਸਾਰੀਆਂ ਗੱਲਾਂ ਕਰਨ ਤੇ ਪੁੱਛਣ ਲੱਗ ਪਈ।" ਉਸ ਦੇ ਚਿਹਰੇ ਦਾ ਸਾਂਵਲਾਪਨ, ਉਸ ਦੀਆਂ ਅੱਖਾਂ ਦਾ ਕਾਲਾਪਣ ਭਾਰੀ ਪੈ ਰਿਹਾ ਸੀ। ਉਨ੍ਹਾਂ ਵਿਚ ਚੌਕੰਨੀ ਤੇ ਧਾਰਦਾਰ ਚਮਕ ਸੀ।

ਮੈਂ ਚੁੱਪ ਸੀ। ਉਹ ਵੀ ਚੁੱਪ ਹੋ ਗਈ। ਮੇਰਾ ਮਨ ਕਵਿਤਾ ਦੀ ਗੱਲ ਤੋਂ ਪੂਰੀ ਤਰ੍ਹਾਂ ਹਟ ਗਿਆ ਸੀ। ਅਚਾਨਕ ਮੈਨੂੰ ਲੱਗਾ ਕਿ ਕਾਮਿਲ ਛੇਤੀ ਆ ਜਾਵੇ ਤੇ ਮੈਂ ਉੱਠ ਜਾਵਾਂ।

"ਤੁਹਾਡੇ ਨਾਂ ਦਾ ਕੀ ਮਤਲਬ ਹੈ ?" ਮੈਂ ਗੱਲ ਬਦਲਣ ਲਈ ਪੁੱਛਿਆ।

"ਪਾਰਬਤੀ ਦਾ ਨਾਂ ਹੈ।"

ਉਦੋਂ ਅਚਾਨਕ ਆਨੰਦ ਸਰੂਪ ਨੇ ਆਵਾਜ਼ ਦਿੱਤੀ ਜਾਂ ਸ਼ਾਇਦ ਉਹ ਔਖੇ ਹੋ ਰਹੇ ਸਨ। ਉਹ ਇਕ ਝਟਕੇ ਨਾਲ ਉੱਠੀ ਤੇ ਦੌੜਦੀ ਹੋਈ ਕਮਰੇ ਤੋਂ ਬਾਹਰ ਚਲੀ ਗਈ।

ਕਮਰੇ ਦੇ ਅੰਦਰ ਮੈਨੂੰ ਬੇਚੈਨੀ ਹੋਣ ਲੱਗੀ। ਤਾਜ਼ੀ ਹਵਾ ਵਿਚ ਸਾਹ ਲੈਣ ਦਾ ਮਨ ਕੀਤਾ। ਮੈਂ ਉੱਠਿਆ ਤੇ ਟੀਨ ਦੀ ਛੱਤ ਹੇਠਿਓਂ ਹੁੰਦੇ ਹੋਏ ਵਿਹੜੇ ਵਿਚ ਆ ਗਿਆ। ਵਿਹੜੇ ਦੀ ਖਿੜੀ ਧੁੱਪ ਵਿਚ ਸਭ ਤੋਂ ਪਹਿਲਾਂ ਮੈਂ ਡੂੰਘਾ ਸਾਹ ਲਿਆ ਤੇ ਫਿਰ ਚਾਰੋਂ ਪਾਸੇ ਦੇਖਿਆ। ਦੋ ਪਾਸੇ ਨਿੰਮ ਦੇ ਉੱਚੇ ਘਣੇ ਦਰੱਖ਼ਤ ਸਨ। ਉਨ੍ਹਾਂ ਦੀਆਂ ਟਾਹਣਾਂ ਉੱਤੇ ਬਾਂਦਰ ਬੈਠੇ ਉਂਘਲਾ ਰਹੇ ਸਨ। ਦੂਜੇ ਪਾਸੇ ਨੀਲੇ ਸਾਫ਼ ਆਸਮਾਨ ਵੱਲ ਉੱਠੀਆਂ ਕੁਝ ਚਿਮਨੀਆਂ ਸਨ। ਵਿਹੜੇ ਦੇ ਫਰਸ਼ ਦੇ ਇਕ ਕੋਨੇ ਵਿਚ ਉੱਬਲੀ ਹੋਈ ਦਾਲ ਪਈ ਸੀ। ਉਸ ਉੱਤੇ ਚਿੜੀਆਂ ਦਾ ਝੁੰਡ ਸ਼ੋਰ ਮਚਾਉਂਦੇ ਹੋਏ ਚੁਹਲ ਕਰ ਰਿਹਾ ਸੀ। ਬਨ੍ਹੇਰੇ ਉੱਤੇ ਬੈਠੀ ਗਾਲੜ੍ਹ ਮੈਨੂੰ ਹੈਰਾਨੀ ਨਾਲ ਦੇਖ ਰਹੀ ਸੀ। ਪਿੰਜਰੇ ਵਿਚਲੇ ਤੋਤੇ ਨੇ ਮੈਨੂੰ ਦੇਖ ਕੇ ਖੰਭ ਫੜਫੜਾਏ। ਮੈਂ ਕੁਝ ਦੇਰ ਤੱਕ ਗਹਿਰੇ ਸਾਹ ਲੈਂਦਾ ਰਿਹਾ।

"ਮੈਂ ਤੁਹਾਨੂੰ ਅੰਦਰ ਦੇਖ ਰਹੀ ਸੀ।" ਦਾਖਸ਼ਇਣੀ ਵਿਹੜੇ ਵਿਚ ਆ ਗਈ। ਰੱਸੀ ਉੱਤੇ ਸੁੱਕਦੇ ਕੱਪੜਿਆਂ ਨੂੰ ਉਸ ਨੇ ਮੇਰੀ ਨਿਗਾਹ ਤੋਂ ਬਚਾਉਣ ਲਈ ਚੁੱਕ ਲਏ।

"ਮੈਂ ਇਨ੍ਹਾਂ ਨੂੰ ਅੰਦਰ ਰੱਖ ਆਵਾਂ।" ਉਹ ਕੱਪੜੇ ਲੈ ਕੇ ਅੰਦਰ ਚਲੀ ਗਈ। ਮੁੜੀ ਤਾਂ ਉਸ ਦੇ ਹੱਥ ਵਿਚ ਉਹੀ ਮੂੜ੍ਹਾ ਸੀ, ਜਿਸ ਤੇ ਮੈਂ ਬੈਠਾ ਹੋਇਆ ਸੀ।

"ਤੁਸੀਂ ਬੈਠੋ...ਕਾਮਿਲ, ਬਸ ਆਉਂਦਾ ਹੀ ਹੋਏਗਾ। ਕਵਿਤਾ ਦੀ ਗੱਲ ਕਾਮਿਲ ਨੇ ਐਵੇਂ ਹੀ ਕਹਿ ਦਿੱਤੀ ਸੀ। ਮੈਂ ਕੀ ਲਿਖਾਂਗੀ।" ਉਹ ਬੋਲੀ।

"ਤੁਸੀਂ ਅੰਦਰ ਗਏ ਸੀ ? ਕੋਈ ਤਕਲੀਫ਼ ਸੀ ਉਨ੍ਹਾਂ ਨੂੰ ?"

"ਨਹੀਂ ਬਸ ਥੋੜ੍ਹਾ ਜਿਹਾ ਥੁੱਕ ਬਾਹਰ ਗਲੇ ਤੇ ਡਿੱਗ ਪਿਆ ਸੀ। ਉਸੇ ਨੂੰ ਸਾਫ਼ ਕਰਨ ਲਈ ਬੁਲਾਇਆ ਸੀ।

"ਜੇ ਬੁਖ਼ਾਰ ਨਾ ਉੱਤਰੇ ਤਾਂ ਮੈਡੀਕਲ ਕਾਲਜ ਦੇ ਕਿਸੇ ਵੱਡੇ ਡਾਕਟਰ ਨੂੰ ਵਿਖਾਉਣਾ ਚਾਹੀਦਾ ਹੈ।" ਮੈਂ ਖੜ੍ਹਾ ਹੀ ਸੀ। ਕਵਿਤਾ ਦੀ ਕਿਸੇ ਵੀ ਗੱਲ ਤੋਂ ਬਚਣ ਲਈ ਮੈਂ ਬੋਲਦਾ ਜਾ ਰਿਹਾ ਸੀ।

"ਹਾਂ...ਤਿੰਨ ਦਿਨ ਹੋਰ ਦੇਖਦੇ ਹਾਂ।" ਉਸ ਨੇ ਝੁਕ ਕੇ ਤਖ਼ਤ ਉੱਤੇ ਪਈ ਕਣਕ ਨੂੰ ਹੱਥ ਨਾਲ ਛੂਹਿਆ। ਉਹ ਸੁੱਕ ਗਈ ਸੀ। ਉਹ ਉਸੇ ਤਰ੍ਹਾਂ ਝੁਕੇ ਹੋਏ ਕਣਕ ਇਕ ਪਾਸੇ ਸਮੇਟਣ ਲੱਗੀ। ਮੈਂ ਦੇਖਿਆ, ਉਸ ਦੇ ਕੁੜਤੇ ਦਾ ਕੱਪੜਾ ਉਸ ਦੇ ਗਿਰੇਬਾਨ ਤੋਂ ਹੇਠਾਂ ਝੂਲ ਕੇ ਉਸ ਦੀ ਦੇਹ ਤੋਂ ਇਕਦਮ ਪਰ੍ਹੇ ਹੋ ਗਿਆ ਸੀ। ਦੋ ਕੱਚੇ ਅਮਰੂਦ ਵਰਗੀਆਂ ਛਾਤੀਆਂ ਉਸ ਦੇ ਅੰਦਰ ਚਮਕ ਰਹੀਆਂ ਸਨ। ਮੈਂ ਪਹਿਲੀ ਵਾਰ ਕਿਸੇ



ਕੁੜੀ ਦੀ ਨੰਗੀ ਛਾਤੀ ਦੇਖੀ ਸੀ। ਮੈਂ ਹੈਰਾਨੀ ਨਾਲ ਉਧਰ ਹੀ ਦੇਖਦਾ ਰਿਹਾ। ਮੇਰੇ ਸਾਰੇ ਪਿੰਡੇ ਵਿਚ ਸਨਸਨੀ ਦੌੜਨ ਲੱਗੀ। ਤੇਜ਼ੀ ਨਾਲ ਮੈਂ ਉੱਥੋਂ ਹਟ ਕੇ ਤੋਤੇ ਕੋਲ ਚਲਾ ਗਿਆ।

ਕਣਕ ਇਕ ਪਾਸੇ ਸਮੇਟ ਕੇ ਉਹ ਸਿੱਧੀ ਹੋ ਗਈ।

ਉਦੋਂ ਤੱਕ ਕਾਮਿਲ ਆ ਗਿਆ। ਉਸ ਦੇ ਹੱਥ ਵਿਚ ਮਿੱਟੀ ਦੇ ਤੇਲ ਦਾ ਡਿੱਬਾ ਸੀ। ਦੂਸਰੇ 'ਚ ਕਾਗਜ਼ ਦਾ ਵੱਡਾ ਲਿਫ਼ਾਫ਼ਾ ਸੀ। ਜਿਸ ਅੰਦਰ ਖਾਣ ਦਾ ਕੁਝ ਸਾਮਾਨ ਸੀ। ਉਸ ਦੀ ਬਿੰਦਾਈ ਲਿਫ਼ਾਫ਼ੇ ਦੇ ਬਾਹਰ ਤੱਕ ਦਿਸ ਰਹੀ ਸੀ। ਕਾਮਿਲ ਉੱਥੇ ਟੀਨ ਦੀ ਛੱਤ ਹੇਠਾਂ ਹੀ ਰੁੱਕ ਗਿਆ। ਉਹ ਕਾਮਿਲ ਕੋਲ ਆ ਗਈ।

ਉਸ ਨੇ ਕਾਮਿਲ ਦੇ ਹੱਥੋਂ ਦੋਵਾਂ ਚੀਜ਼ਾਂ ਲੈ ਲਈਆਂ।

"ਦਵਾਈਆਂ ਉੱਥੇ ਰੱਖ ਦਿੱਤੀਆਂ ਹਨ।" ਕਾਮਿਲ ਨੇ ਕਿਹਾ।

"ਬੈਠੋ..., ਮੈਂ ਚਾਹ ਬਣਾਉਂਦੀ ਹਾਂ।" ਉਹ ਅੰਦਰ ਚਲੀ ਗਈ।

ਕਾਮਿਲ ਵੀ ਵਿਹੜੇ ਵਿਚ ਆ ਗਿਆ। ਉਸ ਨੇ ਚਾਰੋਂ ਪਾਸੇ ਇਕ ਵਾਰ ਦੇਖਿਆ, ਫਿਰ ਮੇਰੇ ਮੋਢਿਆਂ ਉੱਤੇ ਹੱਥ ਰੱਖ ਕੇ ਮੁਸਕਰਾਇਆ।

"ਕਵਿਤਾ ਸੁਣੀ ?"

ਮੈਂ ਕੁਝ ਨਾ ਬੋਲਿਆ। ਮੈਂ ਸਿਰ ਘੁੰਮਾ ਕੇ ਦੇਖਿਆ। ਚਿੜੀਆਂ ਦੇ ਝੁੰਡ ਵਿਚਕਾਰ ਬਨ੍ਹੇਰੇ ਉੱਤੇ ਬੈਠੀ ਗਾਲੜ੍ਹ ਆ ਗਈ ਸੀ। ਚੀਖਦੇ ਹੋਏ ਉਹ ਇੱਧਰ-ਉੱਧਰ ਉੱਡ ਰਹੀਆਂ ਸਨ।

ਜਦੋਂ ਅਸੀਂ ਮੁੜਨ ਲੱਗੇ ਤਾਂ ਫਿਰ ਬਾਬੂ ਆਨੰਦ ਸਰੂਪ ਕੋਲ ਰੁਕੇ। ਦਾਖਸ਼ਇਣੀ ਸਾਡੇ ਪਿੱਛੇ ਸੀ। ਉਹ ਸੌਂ ਰਹੇ ਸਨ। ਹੌਲੀ ਜਿਹੀ, ਬਗੈਰ ਕਿਸੇ ਆਵਾਜ਼ ਦੇ ਅਸੀਂ ਬਾਹਰ ਨਿਕਲ ਆਏ। ਦਾਖਸ਼ਇਣੀ ਸਾਨੂੰ ਬਾਹਰ ਹਰੇ ਦਰਵਾਜ਼ੇ ਤੱਕ ਛੱਡਣ ਆਈ। ਦਰਵਾਜ਼ੇ ਤੇ ਆ ਕੇ ਉਸ ਨੇ ਆਪਣੇ ਕੁੜਤੇ ਦੀ ਜੇਬ ਵਿਚ ਹੱਥ ਪਾ ਕੇ ਇਕ ਕਾਗਜ਼ ਦਾ ਟੁਕੜਾ ਕੱਢਿਆ। ਕਾਗਜ਼ ਉਸ ਨੇ ਕਾਮਿਲ ਨੂੰ ਦੇ ਦਿੱਤਾ।

"ਕੋਈ ਆਇਆ ਸੀ ਨਾਨਾ ਨੂੰ ਮਿਲਣ। ਕਚਹਿਰੀ ਵਿਚ ਉਸ ਦਾ ਕੁਝ ਕੰਮ ਸੀ। ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕਿ ਤੁਸੀਂ ਉੱਥੇ ਹੀ ਹੋ ਤੇ ਸ਼ਾਇਦ ਉਸ ਦਾ ਇਹ ਕੰਮ ਕਰ ਦਿਓਗੇ। ਉਸ ਨੇ ਆਪਣਾ ਪਤਾ ਦਿੱਤਾ ਹੈ। ਤੁਸੀਂ ਕਲ੍ਹ ਤੱਕ ਉਸ ਨੂੰ ਮਿਲ ਲੈਣਾ, ਪੈਸਿਆਂ ਦੀ ਗੱਲ ਸਾਫ਼-ਸਾਫ਼ ਕਰ ਲੈਣਾ।"

ਕਾਮਿਲ ਨੇ ਕਾਗਜ਼ ਹੱਥ ਵਿਚ ਲੈ ਕੇ ਦੇਖਿਆ। ਉਸ ਉੱਤੇ ਕਿਸੇ ਕਰਬਲਾ ਦਾ ਪਤਾ ਲਿਖਿਆ ਸੀ। ਹੇਠਾਂ ਕੋਈ ਨਾਂ ਵੀ ਸੀ। ਕਾਮਿਲ ਨੇ ਕਾਗਜ਼ ਜੇਬ੍ਹ ਵਿਚ ਰੱਖ ਲਿਆ।

ਅਸੀਂ ਦਰਵਾਜ਼ੇ ਤੋਂ ਬਾਹਰ ਨਿਕਲੇ। ਦਾਖਸ਼ਇਣੀ ਦਰਵਾਜ਼ੇ ਤੋਂ ਬਾਹਰ ਨਾ ਆਈ। ਅੱਧੇ ਦਰਵਾਜ਼ੇ ਪਿੱਛੇ ਉਹ ਥੋੜ੍ਹਾ ਝੁਕੀ ਖੜੀ ਰਹੀ। ਉਸ ਦਾ ਸਾਰਾ ਸਰੀਰ ਅੱਧਾ ਦਿਸ ਰਿਹਾ ਸੀ। ਅੱਧੇ ਵਾਲ...ਅੱਧਾ ਸਾਂਵਲਾ ਚਿਹਰਾ...ਅੱਧੀ ਦੇਹ।

ਮੁੜਦੇ ਹੋਏ ਮੈਂ ਸਾਈਕਲ ਚਲਾ ਰਿਹਾ ਸੀ। ਕਾਮਿਲ ਅੱਗੇ ਬੈਠਾ ਸੀ। ਅਸੀਂ ਚੁੱਪ ਸੀ। ਕਾਗਜ਼ ਉਹ ਕਾਮਿਲ ਨੂੰ ਅੰਦਰ ਵੀ ਦੇ ਸਕਦੀ ਸੀ। ਮੈਂ ਸੋਚ ਰਿਹਾ ਸੀ।

ਕਾਮਿਲ ਦੂਸਰੇ ਦਿਨ ਕਰਬਲਾ ਗਿਆ। ਉੱਥੇ ਕੀ ਹੋਇਆ, ਕੀ ਕੰਮ ਸੀ...ਉਸ ਨੇ ਮੈਨੂੰ ਨਾ ਦੱਸਿਆ। ਮੈਂ ਵੀ ਨਾ ਪੁੱਛਿਆ।

ਇਸ ਦੇ ਇਕ ਹਫ਼ਤੇ ਬਾਅਦ ਹੀ ਕਾਮਿਲ ਦੇ ਘਰ ਵਿਚ ਲੋਹੇ ਦਾ ਨਵਾਂ ਜਾਲ ਲੱਗਣਾ ਸੀ।

ਦੋ ਹਫ਼ਤਿਆਂ ਬਾਅਦ ਆਨੰਦ ਸਰੂਪ ਕਚਹਿਰੀ ਆਏ। ਚਾਰ ਦਿਨਾਂ ਬਾਅਦ ਫਿਰ ਉਨ੍ਹਾਂ ਨੂੰ ਬੁਖਾਰ ਹੋ ਗਿਆ। ਦੋ ਮਹੀਨੇ ਤੋਂ ਉਹ ਘਰ ਹੀ ਸਨ।

ਦੁਪਹਿਰ ਨੂੰ ਮੈਂ ਸਕੂਲੋਂ ਮੁੜਿਆ ਹੀ ਸੀ ਕਿ ਮਾਲੀ ਦੇ ਮੁੰਡੇ ਨੇ ਦੱਸਿਆ, ਕੋਈ ਮਿਲਣ ਆਇਆ ਹੈ। ਕਮਰੇ ਵਿਚ ਆ ਕੇ ਦੇਖਿਆ। ਬਾਹਰਲੇ ਦਰਵਾਜ਼ੇ ਤੇ ਦਾਖਸ਼ਇਣੀ ਖੜ੍ਹੀ ਸੀ।

"ਓਏ, ਤੁਸੀਂ...ਅੰਦਰ ਆਓ ਜੀ...ਉੱਥੇ ਕਿਉਂ ਖੜੇ ਹੋ।" ਮੈਂ ਤੇਜ਼ੀ ਨਾਲ ਉਸ ਕੋਲ ਗਿਆ।

"ਨਹੀਂ, ਮੈਂ ਜਲਦੀ ਵਿਚ ਹਾਂ।" ਉਹ ਪ੍ਰੇਸ਼ਾਨ ਲੱਗ ਰਹੀ ਸੀ, "ਮੇਰੀ ਸਮਝ ਵਿਚ ਨਹੀਂ ਸੀ ਆ ਰਿਹਾ, ਕੀ ਕਰਾਂ। ਡਾਕਖਾਨੇ ਤੇ ਟੈਪੋਂ ਤੋਂ ਉੱਤਰ ਕੇ ਕਚਹਿਰੀ ਜਾ ਰਹੀ ਸੀ ਤਾਂ ਰਸਤੇ ਵਿਚ ਇਸ ਦਰਵਾਜ਼ੇ ਤੇ ਤੁਹਾਡੇ ਪਿਤਾ ਦਾ ਨਾਂ ਦੇਖਿਆ। ਕਾਮਿਲ ਨੇ ਵੀ ਦੱਸਿਆ ਸੀ, ਇਸ ਲਈ ਆ ਗਈ। ਕਾਮਿਲ ਨੂੰ ਮਿਲਣਾ ਜ਼ਰੂਰੀ ਹੈ...ਉਸਨੇ ਮੈਨੂੰ ਕਚਹਿਰੀ ਅੰਦਰ ਆਉਣ ਤੋਂ ਮਨ੍ਹਾਂ ਕੀਤਾ ਹੋਇਆ ਹੈ। ਕੀ ਤੁਸੀਂ ਮੈਨੂੰ ਉਸ ਨਾਲ ਮਿਲਵਾ ਦਿਓਗੇ ?"

"ਹਾਂ..., ਮੈਂ ਚਲਦਾ ਹਾਂ।" ਮੈਂ ਕਿਹਾ, "ਪਰ ਤੁਸੀਂ ਅੰਦਰ ਤਾਂ ਆਓ, ਕੁਝ ਖਾ-ਪੀ ਤਾਂ ਲਓ।"

"ਨਹੀਂ।" ਉਹ ਸਚਮੁੱਚ ਬੇਚੈਨ ਸੀ। ਬੋਲਦੇ ਹੋਏ ਉਹ ਹਿੱਲ ਰਹੀ ਸੀ। ਆਪਣੇ ਵਾਲਾਂ ਉੱਤੇ ਹੱਥ ਫੇਰ ਰਹੀ ਸੀ। ਉਸ ਦੇ ਚਿਹਰੇ ਉੱਤੇ ਤਣਾਓ, ਉਦਾਸੀ ਤੇ ਥਕਾਵਟ ਸੀ।

"ਚਲੋ।" ਮੈਂ ਬਾਹਰ ਨਿਕਲ ਆਇਆ।

"ਬਾਬੂ ਜੀ ਕਿਸ ਤਰ੍ਹਾਂ ਹਨ ?" ਮੈਂ ਪੁੱਛਿਆ।

"ਠੀਕ ਨਹੀਂ ਹਨ।" ਉਹ ਮੇਰੇ ਨਾਲ-ਨਾਲ ਚਲ ਰਹੀ ਸੀ, "ਬੁਖਾਰ ਆਉਂਦਾ-ਜਾਂਦਾ ਰਹਿੰਦਾ ਹੈ। ਮੈਡੀਕਲ ਕਾਲਜ ਦੇ ਵੱਡੇ ਡਾਕਟਰ ਨੂੰ ਵੀ ਦਿਖਾਇਆ। ਵੈਦ-ਹਕੀਮ ਵੀ ਦੇਖ ਗਏ, ਪਰ ਠੀਕ ਨਹੀਂ ਹੁੰਦਾ। ਉਨ੍ਹਾਂ ਨੇ ਵੀ ਹੁਣ ਜਿਵੇਂ ਜੀਣ ਦੀ ਇੱਛਾ ਤੇ ਆਸਾ ਦੋਵੇਂ ਛੱਡ ਦਿੱਤੀਆਂ ਹਨ। ਬਹੁਤ ਘੱਟ ਬੋਲਦੇ ਹਨ। ਮੈਂ ਉਨ੍ਹਾਂ ਨੂੰ ਕਹਿ ਦਿੱਤਾ ਹੈ ਕਿ ਹੁਣ ਉਨ੍ਹਾਂ ਨੂੰ ਕਚਹਿਰੀ ਜਾਣ ਦੀ ਲੋੜ ਨਹੀਂ। ਕਾਮਿਲ ਸਭ ਦੇਖ ਰਿਹਾ ਹੈ। ਰੋਜ਼ ਐਨੀ ਦੂਰ ਟੈਂਪੋ ਤੋਂ ਆਉਣਾ ਜਾਣਾ, ਫਿਰ ਇੱਥੇ ਕੰਮ ਵੀ ਕੀ ਹੈ ? ਸ਼ਤਰੰਜ ਹੀ ਤਾਂ ਖੇਡਦੇ ਹਨ। ਮੈਂ ਘਰ ਹੀ ਇਕ ਸ਼ਤਰੰਜ ਲਿਆ ਕੇ ਦਿੱਤੀ ਹੈ। ਹੁਣ ਉੱਥੇ ਹੀ ਕੁਝ ਲੋਕ ਆ ਜਾਂਦੇ ਹਨ। ਇਹ ਉਨ੍ਹਾਂ ਲਈ ਚੰਗਾ ਹੀ ਹੈ। ਆਰਾਮ ਕਰਦੇ ਹਨ, ਖੇਡਦੇ ਹਨ। ਉਨ੍ਹਾਂ ਨੂੰ ਵੀ ਮੇਰੀ ਗੱਲ ਸਮਝ ਵਿਚ ਆ ਗਈ ਹੈ। ਪੂਰੇ ਦੋ ਮਹੀਨਿਆਂ ਤੋਂ ਕਾਮਿਲ ਨੇ ਹੀ ਸਾਰਾ ਕੁਝ ਸੰਭਾਲਿਆ ਹੋਇਆ ਹੈ।

ਤੁਸੀਂ ਇੱਥੇ ਹੀ ਰੁਕੋ।" ਮੈਂ ਇਕ ਨਿੰਮ ਹੇਠ ਇਸ਼ਾਰਾ ਕੀਤਾ, "ਮੈਂ ਬੁਲਾ ਕੇ ਲਿਆਉਂਦਾ ਹਾਂ ਉਸ ਨੂੰ।" ਉਸ ਨੇ ਸਿਰ ਹਿਲਾ ਦਿੱਤਾ।

ਕਾਮਿਲ ਅੰਦਰ ਹੀ ਸੀ। ਮੈਨੂੰ ਦੇਖ ਕੇ ਮੁਸਕਰਾਇਆ।

"ਆ ਜਾ...ਹੁਣੇ ਵਿਹਲਾ ਹੁੰਦਾ ਹਾਂ।"

"ਦਾਖਸ਼ਇਣੀ ਆਈ ਹੈ। ਬਾਹਰ ਹੈ।" ਮੈਂ ਕਿਹਾ।

ਕਾਮਿਲ ਦੇ ਚਿਹਰੇ ਤੇ ਇਕ ਪਲ ਲਈ ਤਣਾਓ ਆਇਆ, ਫਿਰ ਸਹਿਜ ਹੋ ਗਿਆ।

"ਮੈਂ ਆਉਂਦਾ ਹਾਂ।" ਉਸ ਨੇ ਟਾਈਪ ਕਰਦੇ ਹੋਏ ਇਕ ਮੁੰਡੇ ਨੂੰ ਕਿਹਾ ਤੇ ਮੇਰੇ ਨਾਲ ਬਾਹਰ ਆ ਗਿਆ।

ਦਾਖਸ਼ਇਣੀ ਨਿੰਮ ਹੇਠਾਂ ਖੜ੍ਹੀ ਨਹੁੰ ਚਬਾ ਰਹੀ ਸੀ। ਉਸ ਦੀਆਂ ਨਜ਼ਰਾਂ ਕਚਹਿਰੀ ਦੇ ਫਾਟਕ ਉੱਤੇ ਹੀ ਸਨ। ਸਾਨੂੰ ਦੇਖ ਸਾਡੇ ਵੱਲ ਵਧੀ। ਕਾਮਿਲ ਉਸ ਦਾ ਹੱਥ ਫੜ ਉਸ ਨੂੰ ਨਿੰਮ ਹੇਠ ਹੀ ਲੈ ਆਇਆ।

"ਮੈਂ ਚਲਦਾ ਹਾਂ।" ਮੈਂ ਦਾਖਸ਼ਇਣੀ ਨੂੰ ਕਿਹਾ।

"ਰੁੱਕ।" ਕਾਮਿਲ ਨੇ ਮੇਰੇ ਮੋਢੇ ਉੱਤੇ ਹੱਥ ਰੱਖਿਆ। ਮੈਂ ਰੁੱਕ ਗਿਆ। ਦਾਖਸ਼ਇਣੀ ਦੇ ਚਿਹਰੇ ਉੱਤੇ



ਜਕੋ-ਤੱਕੀ ਦਾ ਭਾਵ ਉੱਤਰ ਆਇਆ। ਮੇਰੀ ਮੌਜੂਦਗੀ ਦੀ ਸ਼ਾਇਦ ਉਸ ਨੂੰ ਕਲਪਨਾ ਨਹੀਂ ਸੀ। ਪਰ ਜਿਸ ਤਰ੍ਹਾਂ ਕਾਮਿਲ ਨੇ ਮੈਨੂੰ ਰੋਕਿਆ, ਮੈਨੂੰ ਰੁੱਕਣਾ ਹੀ ਪਿਆ।

"ਮੈਨੂੰ ਆਉਣਾ ਹੀ ਪਿਆ।" ਬੇਚੈਨੀ ਨਾਲ ਹਿੱਲਦੇ ਹੋਏ ਉਹ ਬੋਲ ਰਹੀ ਸੀ, "ਕਲ੍ਹ ਮੈਂ ਬਨਾਰਸ ਦੇ ਇਕ ਪੰਡਿਤ ਨੂੰ ਨਾਨਾ ਦੀ ਜਨਮਪੱਤਰੀ ਦਿਖਾਈ ਸੀ। ਉਸ ਨੇ ਦੱਸਿਆ ਕਿ ਇਹ ਕਾਲਾ ਬੁਖਾਰ ਬਿਨ੍ਹਾਂ ਪੂਜਾ-ਹਵਨ ਕਰਵਾਏ ਨਹੀਂ ਉੱਤਰ ਸਕਦਾ। ਇਹ ਸਰੀਰਕ ਬਿਮਾਰੀ ਨਹੀਂ, ਗ੍ਰਹਿਆਂ ਦੀ ਸਮੱਸਿਆ ਹੈ। ਪਤਾ ਨਹੀਂ ਕਿਉਂ, ਪਰ ਉਹ ਅਸ਼ਾਂਤ ਅਤੇ ਕ੍ਰੋਧਿਤ ਹਨ। ਹਵਨ ਵੀ ਪੂਰਨਮਾਸ਼ੀ ਨੂੰ ਹੋਣਾ ਚਾਹੀਦਾ ਹੈ। ਪੂਰਨਮਾਸ਼ੀ ਕੱਲ੍ਹ ਹੈ। ਪੰਡਿਤ ਜੀ ਦੋ ਦਿਨਾਂ ਬਾਅਦ ਬਨਾਰਸ ਮੁੜ ਜਾਣਗੇ ਤੇ ਫਿਰ ਹਮੇਸ਼ਾ ਲਈ ਅਗਿਆਤਵਾਸ 'ਤੇ ਚਲੇ ਜਾਣਗੇ। ਮੈਂ ਕਲ੍ਹ ਹਵਨ ਕਰਵਾਉਣਾ ਹੈ। ਉਸ ਦਾ ਸਾਰਾ ਸਾਮਾਨ ਖਰੀਦਣਾ ਹੈ।" ਉਸ ਨੇ ਪਰਸ ਦੇ ਅੰਦਰ ਹੱਥ ਪਾ ਕੇ ਇਕ ਕਾਗਜ਼ ਕੱਢਿਆ, "ਸਾਰਾ ਸਾਮਾਨ ਉਸ ਨੇ ਲਿਖ ਦਿੱਤਾ ਹੈ। ਮੈਂ ਸੋਚ ਰਹੀ ਸੀ ਕਿ ਮੈਂ ਹੀ ਸਾਰਾ ਸਾਮਾਨ ਲੈ ਕੇ ਘਰ ਚਲੀ ਜਾਵਾਂ। ਤੈਨੂੰ ਤਾਂ ਅਜੇ ਟਾਈਮ ਲੱਗੇਗਾ।"

ਕਾਮਿਲ ਨੇ ਜੇਬ੍ਹ ਵਿਚ ਹੱਥ ਪਾਇਆ। ਜਿੰਨੇ ਰੁਪਏ ਸਨ, ਸਾਰੇ ਹੀ ਦਾਖਸ਼ਇਣੀ ਨੂੰ ਦੇ ਦਿੱਤੇ। ਉਸ ਨੇ ਰੁਪਏ ਲੈ ਕੇ ਪਰਸ ਵਿਚ ਰੱਖ ਲਏ।

"ਤੂੰ ਸ਼ਾਮ ਨੂੰ ਲਾ ਜਾਈਂ। ਜੋ ਸਾਮਾਨ ਮੈਨੂੰ ਨਹੀਂ ਮਿਲੇਗਾ, ਉਹ ਦੇਖ ਲਵੀਂ। ਕਿੱਥੇ, ਕਿਸ ਜਗ੍ਹਾ ਤੇ ਹਵਨ ਕਰਵਾਉਣਾ ਹੈ, ਸਭ ਸਮਝ ਲਵੀਂ। ਪੰਜ ਬ੍ਰਾਹਮਣਾਂ ਨੂੰ ਭੋਜਨ ਵੀ ਖੁਆਉਣਾ ਹੋਏਗਾ।"

ਕਾਮਿਲ ਕੁਝ ਨਾ ਬੋਲਿਆ। ਕੁਝ ਪਲ ਦਾਖਸ਼ਇਣੀ ਚੁੱਪ ਰਹੀ, ਫਿਰ ਬੋਲੀ, "ਤੇਰਾ ਘਰ ਤਾਂ ਨੇੜੇ ਹੀ ਹੈ। ਜੇ ਕਹੇ ਤਾਂ ਤੇਰੇ ਪਿਤਾ ਜੀ ਦੇ ਦਰਸ਼ਨ ਕਰਦੀ ਜਾਵਾਂ। ਵੱਡਿਆਂ ਦਾ ਅਸ਼ੀਰਵਾਦ ਲੈਣ ਨਾਲ ਜ਼ਿੰਦਗੀ ਵਿਚ ਸੁਖ ਮਿਲਦਾ ਹੈ।"

ਕਾਮਿਲ ਨੇ ਉਸ ਵੱਲ ਦੇਖਿਆ।

"ਤੂੰ ਆਪਣਾ ਕੰਮ ਕਰਨਾ ਹੈ ਤਾਂ ਕਰ ਲੈ। ਮੈਨੂੰ ਇਹ ਲੈ ਜਾਣਗੇ।" ਉਸ ਨੇ ਮੇਰੇ ਵੱਲ ਇਸ਼ਾਰਾ ਕੀਤਾ।

"ਉਹ ਅਜੇ ਸੌਂ ਰਹੇ ਹੋਣਗੇ।" ਕਾਮਿਲ ਨੇ ਕਿਹਾ।

ਮੈਂ ਨਿਰਲੇਪਤਾ ਨਾਲ ਇੱਧਰ-ਉੱਧਰ ਦੇਖ ਰਿਹਾ ਸੀ। ਦਾਖਸ਼ਇਣੀ ਨੇ ਇਕ ਪਲ ਮੇਰੇ ਵੱਲ ਦੇਖਿਆ, ਫਿਰ ਇਕ ਕਾਗਜ਼ ਕੱਢਿਆ।

"ਇਹ ਘਰ ਆਏ ਸਨ। ਕੋਈ ਕੰਮ ਹੈ। ਮੈਂ ਕਹਿ ਦਿੱਤਾ ਕਿ ਤੁਸੀਂ ਕਰ ਦਿਓਗੇ। ਇਨ੍ਹਾਂ ਨੂੰ ਵੀ ਕਲ੍ਹ ਤੱਕ ਮਿਲ ਲੈ।"

ਕਾਮਿਲ ਨੇ ਕਾਗਜ਼ ਲੈ ਲਿਆ। ਕੋਈ ਸਿਰਨਾਵਾਂ ਤੇ ਨਾਂ ਲਿਖਿਆ ਹੋਇਆ ਸੀ। ਇਕ ਖਾਲੀ ਰਿਕਸ਼ੇ ਨੂੰ ਦਾਖਸ਼ਇਣੀ ਨੇ ਰੋਕਿਆ।

"ਮੈਂ ਚਲਦੀ ਹਾਂ।" ਉਸ ਨੇ ਕਾਮਿਲ ਨੂੰ ਕਿਹਾ। ਫਿਰ ਮੇਰੇ ਵੱਲ ਦੇਖਿਆ।

"ਮੈਨੂੰ ਮਾਫ਼ ਕਰਨਾ, ਤੁਹਾਨੂੰ ਐਵੇਂ ਹੀ ਕਸ਼ਟ ਦਿੱਤਾ। ਪਰ ਤੁਸੀਂ ਦੇਖ ਹੀ ਰਹੇ ਹੋ ਕਿੰਨਾ ਜ਼ਰੂਰੀ ਸੀ। ਤੁਸੀਂ ਵੀ ਕਲ੍ਹ ਹਵਨ ਵਿਚ ਆਉਣਾ। ਮੇਰੇ ਘਰ ਹੀ ਭੋਜਨ ਵੀ ਕਰਨਾ।"

ਮੈਂ ਮੁਸਕਰਾਇਆ, "ਤੁਹਾਡਾ ਘਰ ਹੈ। ਜਦੋਂ ਮਰਜ਼ੀ ਆ ਜਾਵਾਂਗੇ।"

ਉਹ ਰਿਕਸ਼ੇ ਤੇ ਬੈਠੀ ਤੇ ਚਲੀ ਗਈ। ਕਾਮਿਲ ਕੁਝ ਪਲ ਰਿਕਸ਼ੇ ਵੱਲ ਦੇਖਦਾ ਰਿਹਾ ਫਿਰ ਉਸ ਵੱਲ ਦੇਖਿਆ।

"ਅਜੇ ਸਕੂਲੋਂ ਆ ਰਿਹਾ ਏਂ।"

"ਹਾਂ, ਬਸ ਜਾ ਕੇ ਕੁਝ ਖਾਵਾਂਗਾ। ਚਲਦਾ ਏਂ ?"

"ਨਹੀਂ, ਬਹੁਤ ਕੰਮ ਹੈ...ਸੁਣਿਆ ਹੀ ਹੈ ਤੂੰ। ਸ਼ਾਮ ਨੂੰ ਉੱਥੇ ਵੀ ਜਾਣਾ ਹੈ।"

ਉਸ ਦੇ ਚਿਹਰੇ ਉੱਤੇ ਥਕਾਵਟ ਤੇ ਉਦਾਸੀ ਸੀ। ਉਸ ਕਾਗਜ਼ ਵਿਚ ਕੀ ਸੀ, ਕਾਮਿਲ ਨੇ ਮੈਨੂੰ ਨਾ ਦੱਸਿਆ। ਮੈਂ ਵੀ ਨਾ ਪੁੱਛਿਆ। ਪਰ ਦਸ ਦਿਨਾਂ ਬਾਅਦ ਹੀ ਕਾਮਿਲ ਇਕ ਦਿਨ ਰਿਕਸ਼ੇ ਵਿਚ ਢੇਰ ਸਾਰੀ ਮਿੱਟੀ, ਲੋਹੇ ਦੇ ਪਤਲੇ ਤਾਰ, ਖਾਸ ਤਰ੍ਹਾਂ ਦੀ ਪਲਾਸਟਰ ਆਫ ਪੇਰਿਸ, ਬੁਰਸ਼, ਲੋਹੇ ਦੀ ਪਤਲੀ ਜਿਹੀ ਪਤਰੀ, ਛੈਣੀਆਂ ਤੇ ਮੂਰਤੀ ਬਣਾਉਣ ਦੀਆਂ ਕੁਝ ਹੋਰ ਚੀਜ਼ਾਂ ਲੈ ਆਇਆ।

ਹੋਲੀ ਦੇ ਚਾਰ ਦਿਨਾਂ ਬਾਅਦ ਪਰੀਖਿਆਵਾਂ ਸਨ। ਇਸ ਦੌਰਾਨ ਮੈਂ ਕਾਮਿਲ ਨੂੰ ਨਾ ਮਿਲਿਆ। ਕਾਮਿਲ ਵੀ ਧਰਮਸਥਲ, ਬਾਬੂ ਆਨੰਦ ਸਰੂਪ, ਪਿਤਾ ਅਤੇ ਪਰੀਖਿਆ ਵਿਚਕਾਰ ਹੀ ਫਸਿਆ ਰਿਹਾ।

ਹੋਲੀ ਦੇ ਦਿਨ ਦੁਪਹਿਰ ਨੂੰ ਕਾਮਿਲ ਨੇ ਦਰਵਾਜ਼ੇ ਤੇ ਆਵਾਜ਼ ਦਿੱਤੀ। ਉਦੋਂ ਤੱਕ ਸੜਕਾਂ ਉੱਤੇ ਰੰਗ ਚਲਣਾ ਬੰਦ ਹੋ ਚੁੱਕਾ ਸੀ।

"ਚਲੋ, ਆਨੰਦ ਸਰੂਪ ਜੀ ਨੂੰ ਹੋਲੀ ਦੀ ਵਧਾਈ ਦੇ ਕੇ ਆਉਂਦੇ ਹਾਂ।" ਕਾਮਿਲ ਸਾਈਕਲ ਤੇ ਸੀ।

ਮੈਂ ਸਵੇਰੇ ਘਰ ਵਿਚ ਹੋਲੀ ਖੇਡ ਚੁੱਕਾ ਸੀ, ਸਗੋਂ ਉਸ ਤੋਂ ਬਾਅਦ ਨਹਾ ਵੀ ਬੈਠਾ ਸੀ। ਮੇਰੇ ਚਿਹਰੇ, ਹੱਥਾਂ ਉੱਤੇ ਵੈਂਗਣੀ ਤੇ ਪੀਲਾ ਰੰਗ ਅਜੇ ਤੱਕ ਲੱਗਾ ਹੋਇਆ ਸੀ।

"ਜਲਦੀ ਆ ਜਾਵਾਂਗੇ।" ਮੇਰੀ ਝਿਜਕ ਦੇਖ ਕਾਮਿਲ ਨੇ ਕਿਹਾ।

"ਆਪਣੀ ਸਾਈਕਲ ਲੈ ਲੈ। ਇਕੱਠੇ ਚਲਦੇ ਹਾਂ।"

ਮੈਂ ਅੰਦਰੋਂ ਆਪਣੀ ਸਾਈਕਲ ਲੈ ਆਇਆ। ਹਵਾ ਥੋੜ੍ਹੀ ਘੱਟ ਸੀ। ਮੈਂ ਪੰਪ ਤੋਂ ਕੁਝ ਹਵਾ ਪਹੀਆਂ ਵਿਚ ਭਰ ਲਈ।

"ਤੂੰ ਹੋਲੀ ਨਹੀਂ ਖੇਡੀ ?" ਮੈਂ ਪੁੱਛਿਆ।

"ਨਹੀਂ।" ਕਾਮਿਲ ਨੇ ਕਿਹਾ। ਫਿਰ ਉਸ ਨੇ ਕਮੀਜ਼ ਦੀ ਉਪਰਲੀ ਜੇਬ੍ਹ ਦਿਖਾਈ। ਉਸ ਵਿਚ ਰੰਗ ਦੀਆਂ ਪੁੜੀਆਂ ਸਨ।

"ਉੱਥੇ ਖੇਡਾਂਗਾ। ਤੈਨੂੰ ਵੀ ਖੇਡਣਾ ਪਵੇਗਾ।"

"ਜ਼ਿਆਦਾ ਭਿੱਜ ਨਾ ਜਾਵੀਂ। ਹਲਕੀ ਠੰਡ ਦੇ ਇਸ ਮੌਸਮ ਵਿਚ ਧੁੱਪ ਵਿਚ ਭਿੱਜਣ ਤੇ ਬੁਖਾਰ ਸਭ ਤੋਂ ਪਹਿਲਾਂ ਫੜਦਾ ਹੈ। ਜੇ ਪਰੀਖਿਆ ਵਿਚ ਪਹਿਲਾਂ ਬੀਮਾਰ ਪੈ ਗਿਆ ਤਾਂ ਸਾਰਾ ਸਾਲ ਬੇਕਾਰ ਹੋ ਜਾਏਗਾ। ਵੈਸੇ ਕੀ ਆਨੰਦ ਸਰੂਪ ਕਚਹਿਰੀ ਆਏ ਫਿਰ ?" ਮੈਂ ਸਾਈਕਲ ਉਸ ਦੇ ਨਾਲ ਕਰਦੇ ਕਿਹਾ।

"ਨਹੀਂ, ਫਿਰ ਨਹੀਂ ਆਏ।"

ਕਾਮਿਲ ਖੁਸ਼ ਸੀ। ਮੈਂ ਉਸ ਨੂੰ ਖੁਸ਼ ਹੁੰਦੇ ਘੱਟ ਹੀ ਦੇਖਿਆ ਸੀ। ਵਿਚ-ਵਿਚ ਉਹ ਹੈਂਡਲ ਤੋਂ ਦੋਵੇਂ ਹੱਥ ਹਟਾ ਕੇ ਸਾਈਕਲ ਚਲਾਉਣ ਲੱਗ ਪਿਆ। ਜਦੋਂ ਇੰਝ ਕਰਦਾ ਤਾਂ ਦੋਵੇਂ ਹੱਥਾਂ ਨੂੰ ਵਾਲਾ ਵਿਚ ਫਿਰਾਉਂਦਾ। ਇਹ ਖੁਸ਼ੀ ਹੋਲੀ ਦੀ ਸੀ, ਮੌਸਮ ਦੀ, ਬਾਬੂ ਆਨੰਦ ਸਰੂਪ ਦੀ ਸੱਤਾ ਤੋਂ ਮੁਕਤੀ ਦੀ, ਰੰਗ ਖੇਡਣ ਦੀ ਜਾਂ ਦਾਖਸ਼ਇਣੀ ਨੂੰ ਮਿਲਣ ਦੀ...ਮੈਨੂੰ ਸਮਝ ਨਾ ਆਇਆ।

ਤਿਕੌਣੇ ਪਾਰਕ ਦੇ ਪਹਿਲੇ ਮਿਠਾਈ ਦੀ ਵੱਡੀ ਦੁਕਾਨ ਉੱਤੇ ਕਾਮਿਲ ਰੁੱਕ ਗਿਆ। ਮੈਂ ਵੀ। "ਮਿਠਾਈ ਲੈ ਲੈਂਦੇ ਹਾਂ ਥੋੜ੍ਹੀ। ਖ਼ਾਲੀ ਹੱਥ ਚੰਗਾ ਨਹੀਂ ਲੱਗੇਗਾ।"

ਕਾਮਿਲ ਸਾਈਕਲ ਤੋਂ ਉੱਤਰ ਗਿਆ। ਦੁਕਾਨ ਤੇ ਜਾ ਕੇ ਉਸ ਨੇ ਮਿਠਾਈ ਦੇ ਦੋ ਡਿੱਬੇ ਲਏ।



ਉਨ੍ਹਾਂ ਨੂੰ ਸਾਈਕਲ ਦੇ ਕੈਰੀਅਰ ਹੇਠ ਦਬਾ ਕੇ, ਫਿਰ ਸਾਈਕਲ ਤੇ ਬੈਠ ਗਿਆ।

ਅਸੀਂ ਕੁਝ ਹੀ ਦੇਰ ਵਿਚ ਬਾਬੂ ਆਨੰਦ ਸਰੂਪ ਦੇ ਘਰ ਪਹੁੰਚ ਗਏ। ਘਰ ਦੇ ਚਾਰੋਂ ਪਾਸੇ ਸੜਕਾਂ ਖਾਲੀ ਸਨ। ਧੁੱਪ ਵਿਚ ਦਰਵਾਜ਼ੇ ਦਾ ਰੰਗ ਚਮਕ ਰਿਹਾ ਸੀ। ਅੰਦਰ ਗਹਿਰਾ ਸੰਨਾਟਾ ਸੀ।

ਅਸੀਂ ਸਾਈਕਲਾਂ ਦੀਵਾਰ ਨਾਲ ਖੜੀਆਂ ਕੀਤੀਆਂ। ਕਾਮਿਲ ਨੇ ਡਿੱਬੇ ਹੱਥ ਵਿਚ ਲਏ। ਅਸੀਂ ਕਮਰੇ ਵਿਚ ਆਏ।

ਬਾਬੂ ਆਨੰਦ ਸਰੂਪ ਪਲੰਘ ਉੱਤੇ ਅੱਧਲੇਟੇ ਜਿਹੇ ਪਏ ਸਨ। ਦਾਖਸ਼ਇਣੀ ਉਨ੍ਹਾਂ ਦੇ ਵਾਲਾਂ ਵਿਚ ਤੇਲ ਲੱਗਾ ਰਹੀ ਸੀ।

ਮੈਂ ਕਾਮਿਲ ਦੇ ਪਿੱਛੇ ਸੀ। ਕਾਮਿਲ ਨੂੰ ਦੇਖ ਕੇ ਉਸ ਦੇ ਚਿਹਰੇ ਉੱਤੇ ਖੁਸ਼ੀ ਦੀ ਝਲਕ ਤੇਜ਼ ਹੋ ਗਈ ਸੀ। ਬਾਬੂ ਆਨੰਦ ਸਰੂਪ ਵੀ ਮੁਸਕਰਾਏ। ਕਾਮਿਲ ਨੇ ਦੋਵੇਂ ਡੱਬੇ ਕੋਲ ਪਏ ਸਟੂਲ ਤੇ ਰੱਖ ਦਿੱਤੇ। ਇਕ ਜੇਬ੍ਹ ਵਿਚੋਂ ਉਸ ਨੇ ਸੁਨਹਿਰੀ ਰੰਗ ਦਾ ਗੁਲਾਲ ਕੱਢਿਆ। ਇਕ ਚੂੰਢੀ ਗੁਲਾਲ ਉਸ ਨੇ ਬਾਬੂ ਆਨੰਦ ਸਰੂਪ ਦੇ ਮੱਥੇ ਉੱਤੇ ਲਗਾਇਆ, ਫਿਰ ਉਨ੍ਹਾਂ ਦੇ ਪੈਰ ਛੂਹ ਲਏ। ਮੈਨੂੰ ਵੀ ਇਹੀ ਕੁਝ ਕਰਨਾ ਸੀ। ਮੈਂ ਵੀ ਇਹੀ ਕੀਤਾ।

ਅਸੀਂ ਪਲੰਘ ਕੋਲ ਪਈਆਂ ਕੁਰਸੀਆਂ ਤੇ ਬੈਠ ਗਏ। ਦਾਖਸ਼ਇਣੀ ਨੇ ਉਨ੍ਹਾਂ ਦੇ ਵਾਲਾਂ ਵਿਚ ਕੰਘੀ ਕਰ ਤਲੀਆਂ ਦੇ ਤੇਲ ਨੂੰ ਆਪਣੇ ਵਾਲਾਂ ਨਾਲ ਪੂੰਝ ਦਿੱਤਾ।

"ਲੇਟੋਗੇ ?" ਉਸ ਨੇ ਆਨੰਦ ਸਰੂਪ ਤੋਂ ਪੁੱਛਿਆ।

"ਹਾਂ।"

ਉਸ ਨੇ ਸਹਾਰਾ ਦਿੱਤਾ। ਬਾਬੂ ਆਨੰਦ ਸਰੂਪ ਲੰਮੇ ਪੈ ਗਏ।

"ਮੈਂ ਹੱਥ ਧੋ ਲਵਾਂ।" ਉਸ ਨੇ ਕਾਮਿਲ ਨੂੰ ਕਿਹਾ।

ਕਾਮਿਲ ਨੇ ਡਿੱਬਿਆਂ ਵੱਲ ਇਸ਼ਾਰਾ ਕੀਤਾ। ਉਸ ਨੇ ਦੋਵੇਂ ਡਿੱਬੇ ਚੁੱਕ ਲਏ।

"ਅੱਜ ਤੁਸੀਂ ਰੋਟੀ ਖਾ ਕੇ ਜਾਓਗੇ।" ਉਸ ਨੇ ਮੈਨੂੰ ਕਿਹਾ।

ਮੈਂ ਸਹਿਮਤੀ ਵਿਚ ਸਿਰ ਹਿਲਾ ਦਿੱਤਾ। ਉਹ ਅੰਦਰ ਚਲੀ ਗਈ।

ਕਾਮਿਲ ਨੇ ਇੱਧਰ-ਉੱਧਰ ਦੇਖਿਆ, ਫਿਰ ਆਨੰਦ ਸਰੂਪ ਤੋਂ ਦਾਖਸ਼ਇਣੀ ਦੀ ਮਾਂ ਬਾਰੇ ਪੁੱਛਿਆ।

ਉਹ ਇੱਥੇ ਨਹੀਂ ਸੀ। ਇਕ ਵਾਰ ਫਿਰ ਪਤੀ ਨਾਲ ਰਹਿਣ ਦੀ ਕੋਸ਼ਿਸ਼ ਕਰਨ ਗਈ ਹੋਈ ਸੀ। ਮੈਂ ਉਸ ਨੀਮ ਹਨ੍ਹੇਰੇ ਵਿਚ ਵੀ ਕਾਮਿਲ ਦੇ ਚਿਹਰੇ ਉੱਤੇ ਤਸੱਲੀ ਅਤੇ ਸਕੂਨ ਮਹਿਸੂਸ ਕੀਤਾ। ਬਾਬੂ ਆਨੰਦ ਸਰੂਪ ਕਚਹਿਰੀ ਬਾਰੇ ਗੱਲਾਂ ਕਰਨ ਲੱਗੇ। ਕੁਝ ਵਕੀਲਾਂ ਬਾਰੇ ਉਨ੍ਹਾਂ ਨੇ ਪੁੱਛਿਆ। ਕੁਝ ਮੁਕੱਦਮਿਆਂ ਬਾਰੇ ਵੀ। ਪੁਰਾਣੀਆਂ ਇਮਾਰਤਾਂ ਨੂੰ ਹਟਾ ਕੇ ਵੱਡੀਆਂ ਤੇ ਨਵੀਆਂ ਇਮਾਰਤਾਂ ਬਣਾਉਣ ਦਾ ਨਕਸ਼ਾ ਸਵੀਕ੍ਰਿਤ ਹੋ ਗਿਆ। ਉਨ੍ਹਾਂ ਬਾਰੇ ਪੁੱਛਿਆ।

ਗੱਲਾਂ ਦੌਰਾਨ ਸਾਨੂੰ ਅੰਦਰੋਂ ਦਾਖਸ਼ਇਣੀ ਦੇ ਗੁਣਗੁਣਾਉਣ ਅਤੇ ਨਲਕੇ ਤੋਂ ਡਿੱਗਦੀ ਪਾਣੀ ਦੀ ਧਾਰ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ। ਫਿਰ ਉਹ ਬੰਦ ਹੋ ਗਈ। ਕੁਝ ਹੀ ਪਲ ਮਗਰੋਂ ਦਾਖਸ਼ਇਣੀ ਨੇ ਅੰਦਰੋਂ ਕਾਮਿਲ ਨੂੰ ਆਵਾਜ਼ ਦਿੱਤੀ।

ਕਾਮਿਲ ਉੱਠਿਆ ਤੇ ਅੰਦਰ ਚਲਾ ਗਿਆ।

ਬਾਬੂ ਆਨੰਦ ਸਰੂਪ ਮੇਰੇ ਨਾਲ ਗੱਲਾਂ ਕਰਨ ਲੱਗ ਪਏ। ਉਨ੍ਹਾਂ ਨੇ ਪਹਿਲੇ ਮੇਰੇ ਪਿਤਾ ਬਾਰੇ ਪੁੱਛਿਆ, ਫਿਰ ਲੇਬਰ ਕੋਰਟ ਅਤੇ ਟਰੇਡ ਯੂਨੀਅਨ ਦੇ ਕੁਝ ਮਸ਼ਹੂਰ ਮੁਕੱਦਮਿਆਂ ਦੀਆਂ ਗੱਲਾਂ ਕਰਦੇ ਹੋਏ ਉਹ ਅਚਾਨਕ ਚੁੱਪ ਹੋ ਗਏ।

ਅੰਦਰੋਂ ਕਾਮਿਲ ਤੇ ਦਾਖਸ਼ਇਣੀ ਦੇ ਹੱਸਣ ਤੇ ਕੁਝ ਖੋਹਣ-ਝੱਪਟਣ ਦੀਆਂ ਆਵਾਜ਼ਾਂ ਆ

ਰਹੀਆਂ ਸਨ। ਕਦੇ ਚੁੱਪੀ, ਕਦੇ ਦਬੀਆਂ ਆਵਾਜ਼ਾਂ ਤੇ ਕਦੇ ਹੌਲੀ ਜਿਹੀ ਹੱਸਣ ਦੀ ਆਵਾਜ਼ਾਂ। ਜਿਵੇਂ ਕੋਈ ਕਿਸੇ ਨੂੰ ਗੁਦਗੁਦੀ ਕਰਦਾ ਹੈ। ਕੋਈ ਮੂੰਹੋਂ ਜਿਵੇਂ ਨਿਕਲਦੀਆਂ ਆਵਾਜਾਂ ਰੋਕਣ ਦੀ ਕੋਸ਼ਿਸ਼ ਕਰਦਾ ਹੋਵੇ। ਮੈਂ ਅੰਦਰਲੇ ਕਮਰੇ ਵੱਲ ਦੇਖਿਆ। ਉੱਥੇ ਕੁਝ ਦਿੱਸ ਨਹੀਂ ਰਿਹਾ ਸੀ। ਉਹ ਸ਼ਾਇਦ ਅੰਦਰਲੇ ਕਮਰੇ ਵਿਚ ਸਨ। ਸ਼ਾਇਦ ਅੰਦਰ ਹੋਲੀ ਖੇਡ ਰਹੇ ਸਨ। ਮੈਂ ਵਾਪਿਸ ਸਿਰ ਘੁੰਮਾ ਕੇ ਦੇਖਿਆ। ਬਾਬੂ ਆਨੰਦ ਸਰੂਪ ਕਾਲੇ ਚਿਹਰੇ ਨਾਲ, ਫਟੀਆਂ ਨਿਗਾਹਾਂ ਨਾਲ ਮੈਨੂੰ ਦੇਖ ਰਹੇ ਸਨ। ਮੈਂ ਚੁੱਪਚਾਪ ਉਨ੍ਹਾਂ ਨੂੰ ਦੇਖਦਾ ਰਿਹਾ। ਮੈਨੂੰ ਲੱਗਾ ਸ਼ਾਇਦ ਉਹ ਸੰਸਕ੍ਰਿਤ ਦਾ ਕੋਈ ਸ਼ਲੋਕ ਬੋਲਣਾ ਚਾਹੁੰਦੇ ਹਨ, ਪਰ ਉਨ੍ਹਾਂ ਦੇ ਹੋਠਾਂ ਦੇ ਕੋਨਿਆਂ ਤੋਂ ਅਚਾਨਕ ਥੁੱਕ ਡਿੱਗਣ ਲੱਗ ਪਿਆ। ਮੈਂ ਸੋਚਿਆ, ਦਾਖਸ਼ਇਣੀ ਨੂੰ ਆਵਾਜ਼ ਦੇਵਾਂ, ਪਰ ਅੰਦਰ ਹੁਣ ਗਹਿਰਾ ਸੰਨਾਟਾ ਸੀ। ਪਲੰਘ ਦੇ ਸਿਰ੍ਹਾਣੇ ਛੋਟਾ ਤੌਲੀਆ ਪਿਆ ਸੀ। ਸ਼ਾਇਦ ਉਹ ਉਸ ਨਾਲ ਹੀ ਥੁੱਕ ਪੂੰਝਦੇ ਸਨ। ਮੈਂ ਉੱਠਿਆ ਤੇ ਉਨ੍ਹਾਂ ਦੇ ਹੋਠਾਂ ਨੂੰ ਸਾਫ਼ ਕਰ ਦਿੱਤਾ। ਫਿਰ ਮੈਂ ਬੈਠ ਗਿਆ। ਉਹ ਉਸ ਤਰ੍ਹਾਂ ਮੈਨੂੰ ਦੇਖ ਰਹੇ ਸਨ। ਮੈਂ ਇਕ-ਦੋ ਵਾਰ ਇੱਧਰ-ਉੱਧਰ ਦੇਖਿਆ, ਫਿਰ ਮੈਂ ਝਟਕੇ ਨਾਲ ਉੱਠ ਖੜਾ ਹੋਇਆ।

ਮੈਂ ਦਰਵਾਜ਼ਾ ਖੋਲਿਆ ਤੇ ਬਾਹਰ ਆ ਗਿਆ। ਬਾਹਰ ਆ ਕੇ ਮੈਂ ਗਹਿਰਾ ਸਾਹ ਲਿਆ। ਫਿਰ ਸਾਈਕਲ ਚੁੱਕ ਘਰ ਆ ਗਿਆ। ਰਸਤੇ ਵਿਚ ਮੈਨੂੰ ਯਾਦ ਆਇਆ ਕਿ ਦਾਖਸ਼ਇਣੀ ਨੂੰ ਕਿਹਾ ਸੀ ਕਿ ਮੈਂ ਰੋਟੀ ਖਾਵਾਂਗਾ। ਪਰ ਇਸ ਤੋਂ ਬਾਅਦ ਮੈਨੂੰ ਆਨੰਦ ਸਰੂਪ ਦਾ ਕਾਲਾ ਚਿਹਰਾ ਤੇ ਫਟੀਆਂ ਅੱਖਾਂ ਯਾਦ ਆ ਗਈਆਂ। ਮੈਂ ਰੋਟੀ ਦੀ ਗੱਲ ਭੁੱਲ ਹੀ ਗਿਆ।

ਜਿਵੇਂ ਕੀ ਪਤਾ ਸੀ, ਪਰੀਖਿਆ ਵਿਚ ਮੇਰੇ ਚੰਗੇ ਨੰਬਰ ਆਏ। ਕਾਮਿਲ ਵੀ ਪਾਸ ਹੋ ਗਿਆ। ਉਸ ਦਿਨ ਆਨੰਦ ਸਰੂਪ ਦੇ ਘਰੋਂ ਮੁੜਨ ਤੋਂ ਬਾਅਦ ਮੈਂ ਕਾਮਿਲ ਨੂੰ ਨਹੀਂ ਮਿਲਿਆ ਸੀ। ਪਰੀਖਿਆ ਵਿਚ ਹੀ ਲੱਗਾ ਰਿਹਾ। ਕਾਮਿਲ ਵੀ ਰੁੱਝਿਆ ਹੋਇਆ ਸੀ। ਇਕ ਵਾਰ ਜੁੱਤੇ ਦੀ ਪਾਲਿਸ਼ ਅਤੇ ਇਕ ਵਾਰ ਸਿਆਹੀ ਦੀ ਦਵਾਤ ਲੈਣ ਲਈ ਮੈਂ ਉਸ ਇਮਾਰਤ ਦੀਆਂ ਦੁਕਾਨਾਂ ਉੱਤੇ ਵੀ ਗਿਆ, ਪਰ ਕਾਮਿਲ ਨੂੰ ਨਹੀਂ ਮਿਲਿਆ।

ਪਰੀਖਿਆ ਖਤਮ ਹੀ ਮੈਂ ਅੱਗੇ ਦੇ ਕੰਪੀਟੀਸ਼ਨ ਦੀਆਂ ਤਿਆਰੀਆਂ ਵਿਚ ਲੱਗ ਗਿਆ। ਸਵੇਰੇ-ਸ਼ਾਮ ਦੋਵੇਂ ਵੇਲੇ ਟਿਊਸ਼ਨਾਂ ਅਤੇ ਕੋਚਿੰਗ ਲਈ ਜਾਂਦਾ। ਮੇਰੀ ਮਿਹਨਤ ਦਾ ਚੰਗਾ ਨਤੀਜਾ ਨਿਕਲਿਆ। ਮੈਨੂੰ ਦੇਸ਼ ਦੇ ਦੱਖਣੀ ਇਲਾਕੇ ਦੇ ਸਭ ਤੋਂ ਪ੍ਰਸਿੱਧ ਇੰਜੀਨੀਅਰ ਕਾਲਜ ਵਿਚ ਦਾਖਿਆ ਮਿਲ ਗਿਆ।

ਮੇਰੇ ਜਾਣ ਤੋਂ ਇਕ ਦਿਨ ਪਹਿਲੇ ਵਾਲੀ ਰਾਤ ਕਾਮਿਲ ਨੇ ਮੈਨੂੰ ਆਵਾਜ਼ ਦਿੱਤੀ। ਮੈਂ ਬਾਹਰ ਆਇਆ।

"ਚਲੇਂਗਾ ਕੁਝ ਦੇਰ ਲਈ।" ਕਾਮਿਲ ਬੋਲਿਆ, "ਕੁਝ ਦੇਰ ਧਰਮਸਥਲ ਦੇ ਸਾਹਮਣੇ ਬੈਠਦੇ ਹਾਂ।"

ਮੈਂ ਕਾਮਿਲ ਨਾਲ ਆ ਗਿਆ। ਤੁਰਦੇ ਹੋਏ ਅਸੀਂ ਮੇਨ ਗੇਟ ਦੀ ਤੋਪ ਕੋਲ ਆ ਗਏ।

ਸਾਹਮਣੇ ਦੀਆਂ ਦੁਕਾਨਾਂ ਬੰਦ ਹੋ ਗਈਆਂ ਹਨ। ਉਨ੍ਹਾਂ ਸਾਹਮਣੇ ਪਈਆਂ ਲੱਕੜੀ ਦੀਆਂ ਬੈਂਚਾਂ ਦੁਕਾਨਾਂ ਦੇ ਮੋਟੇ ਲਠਾਂ ਜਾਂ ਸ਼ਟਰ ਦੇ ਹੁੱਕ ਨਾਲ ਜੰਜ਼ੀਰਾਂ ਨਾਲ ਬੰਨ੍ਹੀਆਂ ਹੋਈਆਂ ਸਨ। ਅਸੀਂ ਇਕ ਬੈਂਚ ਤੇ ਬੈਠ ਗਏ।

ਸਾਹਮਣੇ ਚਾਨਣੀ ਵਿਚ ਨਹਾਤਾ ਹੋਇਆ ਧਰਮਸਥਲ ਸੀ। ਤਾਰਿਆਂ ਨਾਲ ਭਰਿਆ ਸਾਫ਼, ਸਵੱਛ ਆਕਾਸ਼ ਸੀ। ਤੋਪ ਦੀ ਨਲੀ ਉੱਤੇ ਇਕ ਚਿੜੀ ਬੈਠੀ ਸੀ। ਕਾਮਿਲ ਹੌਲੀ-ਹੌਲੀ ਬੋਲ ਰਿਹਾ ਸੀ।

"ਉਸ ਦਿਨ ਮੈਂ ਜਦੋਂ ਕਮਰੇ ਵਿਚ ਆਇਆ ਤਾਂ ਤੂੰ ਉੱਥੋਂ ਆ ਗਿਆ ਸੀ। ਮੈਂ ਮੁੜ ਕੇ ਤੇਰੇ ਘਰ



ਆਇਆ। ਦੋ ਵਾਰ ਦਰਵਾਜ਼ੇ ਉੱਤੇ ਹੌਲੀ ਜਿਹੀ ਆਵਾਜ਼ ਵੀ ਦਿੱਤੀ, ਫਿਰ ਵਾਪਸ ਆ ਗਿਆ। ਮੈਨੂੰ ਪਤਾ ਨਹੀਂ ਉਸ ਦਿਨ ਕੀ ਹੋਇਆ ਸੀ ? ਤੂੰ ਕਿਉਂ ਵਾਪਸ ਆ ਗਿਆ ਸੀ ? ਮੈ ਤੈਨੂੰ ਦੋ ਵਾਰ ਰਸਤੇ ਤੇ ਵੀ ਦੇਖਿਆ। ਫਿਰ ਮੂਨ ਨੇ ਦੱਸਿਆ ਕਿ ਤੂੰ ਕਲ੍ਹ ਬਾਹਰ ਜਾ ਰਿਹਾ ਏਂ। ਅੱਜ ਮਿਲਣਾ ਜ਼ਰੂਰੀ ਸੀ। ਤੇਰੇ ਨਾਲ ਬਹੁਤ ਸਾਰੀਆਂ ਗੱਲਾਂ ਕਰਨੀਆਂ ਸਨ। ਵਕਤ ਨਿਕਲਦਾ ਗਿਆ। ਤੈਨੂੰ ਬਹੁਤ ਕੁਝ ਦੱਸਣਾ ਵੀ ਸੀ, ਪੁੱਛਣਾ ਵੀ ਸੀ। ਆਪਣੇ ਬਾਰੇ, ਦਾਖਸ਼ਇਣੀ ਬਾਰੇ, ਇਸ ਧਰਮਸਥਲ ਬਾਰੇ।"

ਕਾਮਿਲ ਨੇ ਸਾਹਮਣੇ ਧਰਮਸਥਲ ਦੀ ਹਨੇਰੇ-ਉਜਾਲੇ ਵਿਚ ਡੁੱਬੀਆਂ ਇਮਾਰਤਾਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ,

"ਜਾਣਦੇ ਏ ਬਿਜਨ...8 ਜੂਨ, 1775 ਦੀ ਤਾਰੀਕ ਇਸ ਦੇਸ਼ ਵਿਚ ਕੋਈ ਨਹੀਂ ਜਾਣਦਾ। ਕਿਸੇ ਨੂੰ ਪੁੱਛੋ ਕਿ, ਕੀ ਹੋਇਆ ਤਾਂ ਉਹ ਦੱਸ ਨਹੀਂ ਸਕੇਗਾ। ਤੂੰ ਵੀ ਦੱਸ ਨਹੀਂ ਸਕੇਗਾ, ਪਰ ਉਸ ਦਿਨ ਦੇਸ਼ ਦਾ ਇਤਿਹਾਸ, ਇਸ ਦੀ ਕਿਸਮਤ, ਇਸ ਦਾ ਚਰਿੱਤਰ ਸਭ ਬਦਲ ਗਿਆ। ਉਸ ਦਿਨ ਦੋ ਸਾਲ ਪਹਿਲਾਂ ਬਣੇ ਦੇਸ਼ ਦੇ ਪਹਿਲੇ ਸੁਪਰੀਮ ਕੋਰਟ ਵਿਚ ਸਭ ਤੋਂ ਵੱਡਾ ਕ੍ਰਿਮਿਨਲ ਮੁਕੱਦਮਾ ਸ਼ੁਰੂ ਹੋਇਆ। ਕਿੰਗ ਵਰਸੇਜ਼ ਮਹਾਰਾਜਾ ਨੰਦ ਕੁਮਾਰ। ਜਾਲੀ ਕਾਗਜ਼ਾਤ ਬਣਾਉਣ ਅਤੇ ਧੋਖਾਧੜੀ ਦਾ। ਚੀਫ਼ ਜਸਟਿਸ ਇੱਥੇ ਸੀ। ਤਿੰਨ ਜੱਜ ਹੋਰ ਵੀ ਸਨ। ਸਟੀਫਨ ਸੀਜਰ ਲੀਮੇਸਟਰ, ਚੈਂਬਰਸ ਅਤੇ ਹਾਈਡ। 20 ਲੋਕਾਂ ਦੀ ਜਿਊਰੀ ਬਣੀ ਸੀ। ਰਾਜਾ ਵਲੋਂ ਵਕੀਲ ਡਰਹਿਮ ਅਤੇ ਨੰਦ ਕੁਮਾਰ ਦਾ ਫ਼ੇਰਰ। ਅੱਠ ਦਿਨਾਂ ਦੇ ਅੰਦਰ ਸਾਰਾ ਮੁਕੱਦਮਾ ਸੁਣ ਲਿਆ ਗਿਆ। ਨੰਦ ਕੁਮਾਰ ਨੂੰ ਫਾਂਸੀ ਦੀ ਸ਼ਜਾ ਸੁਣਾਈ ਗਈ। 5 ਅਗਸਤ ਨੂੰ ਉਸ ਨੂੰ ਫਾਂਸੀ ਹੋ ਗਈ। ਦੇਸ਼ ਵਿਚ ਪਹਿਲਾ ਬ੍ਰਾਹਮਣ ਫਾਂਸੀ ਤੇ ਚੜਾਇਆ ਗਿਆ। ਦੇਸ਼ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਸੀ। ਉਸ ਦੀ ਫਾਂਸੀ ਦੇਖਣ ਹਜ਼ਾਰਾਂ ਲੋਕ ਇਕੱਠੇ ਹੋਏ। ਜਦੋਂ ਫਾਂਸੀ ਦਿੱਤੀ ਗਈ ਤਾਂ ਬਹੁਤਿਆਂ ਨੇ 'ਓ...ਬਾਪ ਰੇ...' ਕਹਿੰਦੇ ਹੋਏ ਨਦੀ ਵਿਚ ਛਾਲ ਮਾਰ ਜਾਨ ਦੇ ਦਿੱਤੀ।

ਉਸੇ ਦਿਨ ਅੰਗਰੇਜ਼ ਸਰਕਾਰ ਨੇ ਆਪਣੀ ਨਵੀਂ ਨਿਆਂ ਵਿਵਸਥਾ ਤੋਂ ਪਹਿਲਾਂ ਧਰਮਸਥਲ ਦੀ ਮਜ਼ਬੂਤ ਨੀਂਹ ਰੱਖ ਦਿੱਤੀ ਸੀ। ਪਰ ਇਹ ਮੁਕੱਦਮਾ ਝੂਠੇ ਗਵਾਹਾਂ, ਪੱਖਪਾਤ, ਜਾਲਸਾਜ਼ੀ ਅਤੇ ਖੜਯੰਤਰਾਂ ਦਾ ਸੀ। ਬਾਅਦ ਵਿਚ ਇੰਪੇ ਅਤੇ ਵਾਰੇਨ ਹੇਸਟਿੰਗਟਨ ਦੋਵਾਂ ਉੱਤੇ ਮੁਕੱਦਮਾ ਚਲਿਆ। ਪਰ 1775 ਵਿਚ ਨਵੇਂ ਧਰਮਸਥਲ ਅਤੇ ਨਵੇਂ ਧਰਮਾਧਿਕਾਰੀਆਂ ਨੇ ਜੋ ਰਚਿਆ ਅਤੇ ਨੰਦ ਕੁਮਾਰ ਦੀ ਫਾਂਸੀ ਨਾਲ ਹਜ਼ਾਰਾਂ ਲੋਕਾਂ ਨੇ ਜੋ ਦੇਖਿਆ, ਉਹੀ ਫਿਰ ਸਾਡਾ ਭਵਿੱਖ ਬਣ ਗਿਆ। ਉਦੋਂ ਤੋਂ ਧਰਮਸਥਲ ਇਹੀ ਕੰਮ ਕਰ ਰਹੇ ਹਨ। ਤੈਨੂੰ ਯਾਦ ਹੈ ਨਾ ਮਹਿਤਾਬ ਜਹਾਂਗੀਰ ਕੀ ਕਹਿੰਦੇ ਸਨ, ਮੇਰੇ ਬਾਬੂ ਕੀ ਕਹਿੰਦੇ ਹਨ, ਧਰਮ ਸਾਸ਼ਤਰ ਕੀ ਕਹਿੰਦੇ ਹਨ। ਸੰਦੇਹਾਂ ਵਿਚਕਾਰ ਸੱਚ ਦੀ ਖੋਜ ਕਰਨਾ ਹੀ ਵਿਹਾਰ ਹੈ, ਇਨਸਾਫ਼ ਹੈ, ਜੀਵਨ ਹੈ। ਇਹ ਬਹੁਤ ਵੱਡਾ ਸੱਚ ਹੈ ਬਿਜਨ। ਕੁਝ ਵੀ ਚੰਗਾ-ਮਾੜਾ, ਨੈਤਿਕ-ਅਨੈਤਿਕ ਨਹੀਂ ਹੈ। ਕੁਝ ਵੀ ਨਿਆਂ ਜਾਂ ਅਨਿਆਂ ਨਹੀਂ। ਇਹ ਸਭ ਸੰਦੇਹ ਦੀ ਡੋਰ ਉੱਤੇ ਚਲਦੇ ਰਹਿੰਦੇ ਹਨ ਅਤੇ ਜਦੋਂ, ਜਿਸ ਨੂੰ, ਕੁਝ ਬਹੁਤ ਥੋੜ੍ਹੇ ਲੋਕ ਕਹਿ ਦੇਂਦੇ ਹਨ, ਉਹੀ ਨਿਆਂ ਹੋ ਜਾਂਦਾ ਹੈ ਜਾਂ ਫਿਰ ਕੋਈ ਹੋਛਾ, ਵਿਕ੍ਰਿਤ, ਬਹੁਤ ਘੱਟ ਉਮਰ ਦਾ ਕੁਝ ਸੱਚ ਹੋ ਜਾਂਦਾ ਹੈ।"

ਕਾਮਿਲ ਨੇ ਸਾਹ ਲਿਆ। ਕੁਝ ਦੇਰ ਚੁੱਪ ਰਿਹਾ, ਫਿਰ ਬੋਲਿਆ, "ਤੂੰ ਸ਼ਾਇਦ ਸੋਚ ਰਿਹਾ ਹੋਏਗਾ ਕਿ ਦੋ ਵਾਰ ਮੈਨੂੰ ਦਾਖਸ਼ਇਣੀ ਨੇ ਕਾਗਜ਼ ਦੇ ਕੇ ਕਿਸੇ ਨੂੰ ਮਿਲਣ ਨੂੰ ਕਿਹਾ...ਮੈਂ ਤੈਨੂੰ ਕੁਝ ਨਹੀਂ ਦੱਸਿਆ। ਮੈਂ ਸੋਚਿਆ, ਪਹਿਲਾ ਆਪ ਆਪਣਾ ਰਸਤਾ ਤੈਅ ਕਰ ਲਵਾਂ। ਤੈਅ ਕਰ ਲਵਾਂ ਕਿ ਮੈਂ ਜੋ ਕਰ ਰਿਹਾ ਹਾਂ, ਉਹ ਕੀ ਹੈ। ਉਦੋਂ ਮੈਂ ਇਸ ਧਰਮਸਥਲ ਦੇ ਜਨਮ ਬਾਰੇ ਪੜ੍ਹਿਆ। ਇਸ ਦੇ ਇਤਿਹਾਸ ਬਾਰੇ ਪੜ੍ਹਿਆ ਉਦੋਂ ਦੇਖਿਆ ਕਿ ਇਸ ਦੀ ਨੀਂਹ ਹੀ ਝੂਠ, ਮੱਕਾਰੀ ਅਤੇ ਜਾਲਸਾਜ਼ੀ ਉੱਤੇ ਰੱਖੀ ਗਈ ਹੈ।

ਇਸ ਦਾ ਜਨਮ ਹੀ ਇਨ੍ਹਾਂ ਸਾਰਿਆਂ ਨੂੰ ਕਿਸੇ ਛਲਾਵੇ ਵਿਚ ਲਪੇਟ ਕੇ ਮਹੱਤਵ ਅਤੇ ਸੱਤਾ ਦਿਵਾਉਣ ਲਈ ਹੋਇਆ ਹੈ। ਤੂੰ ਜ਼ਰਾ ਲਾਰਡ ਨਾਰਥ ਦਾ 1773 ਦਾ ਉਹ ਐਕਟ ਪੜ੍ਹ, ਜਿਸ ਨੇ ਇਨ੍ਹਾਂ ਧਰਮਸਥਲਾਂ ਨੂੰ ਜਨਮ ਦਿੱਤਾ। ਉਸ ਵਿਚ ਹੀ ਭੇਦਭਾਵ ਹੈ। ਦੋ ਤਰ੍ਹਾਂ ਦੇ ਇਨਸਾਨਾਂ ਵਿਚਕਾਰ ਫ਼ਰਕ ਕੀਤਾ ਗਿਆ ਹੈ। ਨੰਦ ਕੁਮਾਰ ਨੂੰ ਵੀ ਇਕ ਸਾਜਿਸ਼ ਨਾਲ ਫਾਂਸੀ ਦੀ ਸਜ਼ਾ ਦਿੱਤੀ ਗਈ। ਇਸ ਵਿਚ ਗਵਰਨਰ ਜਰਨਲ ਵਾਰੇਨ ਹੇਸਟਿੰਗਨ ਨਾਲ ਸੁਪਰੀਮ ਕੋਰਟ ਦਾ ਚੀਫ਼ ਜਸਟਿਸ ਇੰਪੇ ਸ਼ਾਮਿਲ ਸੀ। ਇਸ ਵਿਚ ਸਭ ਤੋਂ ਵੱਡੇ ਪਹਿਲੇ ਧਰਮਸਥਲ ਦੇ ਸਭ ਤੋਂ ਵੱਡੇ ਧਰਮਾਧਿਕਾਰੀ ਨੇ ਹੀ ਉਸ ਨਾਲ ਅਨਿਆਂ ਕੀਤਾ। ਤੇ ਉਹ ਅਨਿਆਂ ਕਰਨ ਲਈ ਵੀ ਰਸਤੇ ਪਹਿਲੇ ਬਣਾਏ ਗਏ। ਨੀਤੀ, ਧਰਮ ਅਤੇ ਕਾਨੂੰਨ ਨਾਲ। ਉਦੋਂ ਹੀ ਮੈਂ ਆਪਣਾ ਰਸਤਾ ਚੁਣ ਲਿਆ।"

ਕਾਮਿਲ ਨੇ ਡੂੰਘਾ ਸਾਹ ਲਿਆ, "ਦਾਖਸ਼ਇਣੀ ਨੇ ਜਦੋਂ ਪਹਿਲਾ ਕਾਗਜ਼ ਦਿੱਤਾ ਸੀ, ਮੈਂ ਉਸੇ ਦਿਨ ਕਰਬਲਾ ਗਿਆ ਸੀ। ਉੱਥੇ ਮੈਂ ਅਜ਼ੀਮ ਬੇਗ ਨੂੰ ਮਿਲਿਆ। ਉਨ੍ਹਾਂ ਦੇ ਪੁਰਖਿਆਂ ਦਾ ਕਰਬਲਾ ਹੈ। 1857 ਦੀ ਬਗਾਵਤ ਵਿਚ ਅੰਗਰੇਜ਼ ਮੇਜਰ ਬਰੂਸ ਨੇ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਬੇਗ ਨੂੰ ਫਾਂਸੀ ਦੇ ਕੇ ਸਾਰੀ ਜਾਇਦਾਦ ਨੀਲਾਮ ਕਰ ਦਿੱਤੀ। ਗਿਲਿਸ ਬਾਜ਼ਾਰ ਅਤੇ ਨਵਾਂ ਜਰਨਲਗੰਜ ਵਿਚ ਉਨ੍ਹਾਂ ਦੀਆਂ ਦੋ ਕੋਠੀਆਂ ਸਨ। ਉਹ ਦਸਤਾਵੇਜ਼ ਅਜ਼ੀਮ ਬੇਗ ਕੋਲ ਹਨ। ਪਰ ਉਸ ਵਿਚ ਇਕ ਪੇਚ ਰਹਿ ਗਿਆ। ਕਰਬਲਾ ਨੂੰ ਵੀ ਸਰਕਾਰੀ ਕਬਜ਼ੇ ਵਿਚ ਵਿਖਾਇਆ ਗਿਆ, ਪਰ ਉਸ ਨਾਲ ਛੇੜਛਾੜ ਨਹੀਂ ਕੀਤੀ ਗਈ। ਹੁਣੇ ਜਦੋਂ ਅਜ਼ੀਮ ਬੇਗ ਕਰਬਲਾ ਦੀਆਂ ਟੁੱਟੀਆਂ ਦੀਵਾਰਾਂ ਦੀ ਮੁਰੰਮਤ ਕਰਵਾਉਣ ਲੱਗੇ ਤਾਂ, ਸਰਕਾਰੀ ਮਹਿਕਮਿਆਂ ਨੇ ਉਨ੍ਹਾਂ ਨੂੰ ਰੋਕਿਆ, ਉਹ ਅਜਿਹਾ ਨਹੀਂ ਕਰ ਸਕਦੇ, ਕਿਉਂਕਿ ਕਰਬਲਾ ਸਰਕਾਰੀ ਮਲਕੀਅਤ ਵਿਚ ਹੈ। ਕਰਬਲਾ ਦੇ ਦਸਤਾਵੇਜ਼ ਇੱਥੇ ਰਿਕਾਰਡ ਰੂਮ ਵਿਚ ਹਨ। ਉਨ੍ਹਾਂ ਜਾਇਦਾਦਾਂ ਦੇ ਦਸਤਾਵੇਜ਼ਾਂ ਨਾਲ ਹੀ। ਉਨ੍ਹਾਂ ਨੇ ਕਈ ਅਰਜ਼ੀਆਂ ਰਿਕਾਰਡ ਰੂਮ ਵਿਚ ਦਿੱਤੀਆਂ, ਪਰ ਉਨ੍ਹਾਂ ਦੀ ਨਕਲ ਨਹੀਂ ਦਿੱਤੀ ਜਾ ਰਹੀ ਸੀ। ਉਹ ਚਾਹੁੰਦੇ ਸਨ ਕਿ ਮੈਂ ਕਿਸੇ ਤਰ੍ਹਾਂ, ਭਾਵੇਂ ਚੋਰੀ ਹੀ, ਉਨ੍ਹਾਂ ਦਸਤਾਵੇਜ਼ਾਂ ਦੀ ਨਕਲ ਲੈ ਆਵਾਂ, ਉਸ ਦੀ ਫਾਈਲ ਨੰਬਰ, ਤਾਰੀਖ ਆਦਿ ਲੈ ਲਵਾਂ, ਜਿਸ ਨਾਲ ਉਹ ਇਸ ਕਰਬਲਾ ਉੱਤੇ ਆਪਣਾ ਪੁਸ਼ਤੈਨੀ ਹੱਕ ਵਿਖਾ ਸਕਣ।

"ਮੈਂ ਅਜ਼ੀਮ ਬੇਗ ਦਾ ਕੰਮ ਕਰ ਦਿੱਤਾ। ਰਿਕਾਰਡ ਕੀਪਰ ਦੀਆਂ ਚਾਬੀਆਂ ਸਾਬਣ ਉੱਤੇ ਨਿਸ਼ਾਨ ਲੈਣ ਦਾ ਬੰਦੋਬਸਤ ਕੀਤਾ, ਫਿਰ ਉਸ ਦੀ ਚਾਬੀ ਬਣਾਉਣ ਦਾ। ਉਥੋਂ ਦੇ ਚੌਕੀਦਾਰ ਤੇ ਹੇਠਲੇ ਕਲਰਕ ਨਾਲ ਗੱਲ ਕੀਤੀ। ਉਹ ਅਕਸਰ ਰਾਤ ਨੂੰ ਦਸਤਾਵੇਜ਼ਾਂ ਦੀ ਨਕਲ ਕਰਨ ਲਈ ਰੁੱਕਦਾ ਸੀ। ਉਸ ਨੂੰ ਚਾਬੀ ਦੇ ਕੇ ਮੈਂ ਰਿਕਾਰਡ ਦੀ ਨਕਲ ਕਰਵਾਈ। ਉਸ ਵਿਚੋਂ ਇਕ ਅਰਜ਼ੀ ਮਿਲੀ, ਜਿਸ ਵਿਚ ਫਾਂਸੀ ਦੇ ਇਕ ਸਾਲ ਬਾਅਦ ਇਨ੍ਹਾਂ ਦੇ ਖ਼ਾਨਦਾਨ ਦੇ ਕਿਸੇ ਆਦਮੀ ਨੇ ਕਰਬਲਾ ਦਾ ਸਟੇਟਸ ਪੁੱਛਿਆ ਸੀ। ਉਦੋਂ ਉਸ ਨੂੰ ਕਲੀਨ ਚਿੱਟ ਦਿੱਤੀ ਗਈ ਸੀ ਕਿ ਕਰਬਲਾ ਉੱਤੇ ਕੋਈ ਸਰਕਾਰੀ ਮਲਕੀਅਤ ਨਹੀਂ। ਉਹ ਜੋ ਚਾਹੇ, ਕਰੇ।" ਕਾਮਿਲ ਰੁਕਿਆ, "ਮੈਨੂੰ ਅਜ਼ੀਮ ਬੇਗ ਨੇ ਚੰਗੀ ਰਕਮ ਦਿੱਤੀ। ਮੈਂ ਉਸ ਨਾਲ ਘਰ ਵਿਚ ਜਾਲ ਪੁਆ ਲਿਆ।"

"ਦੂਸਰੀ ਵਾਰ ਵੀ ਕੁਝ ਇਹੋ ਜਿਹਾ ਹੀ ਸੀ। ਮੈਨੂੰ ਦੋ ਝੂਠੇ ਗਵਾਹ ਤਿਆਰ ਕਰਨੇ ਪਏ। ਸਰਕਾਰੀ ਠੇਕਿਆਂ ਵਿਚ ਖਰਾਬ ਲਾਲਟੇਨਾਂ ਉੱਤੇ 'ਪਾਸ' ਦੀ ਮੋਹਰ ਲਗਾਵਾਉਣ ਦਾ ਮਾਮਲਾ ਸੀ। ਪਾਸ ਕਰਨ ਵਾਲਾ ਇੰਸਪੈਕਟਰ ਕਹਿ ਰਿਹਾ ਸੀ ਕਿ ਮੋਹਰ ਉਸ ਕੋਲ ਹੈ ਹੀ ਨਹੀਂ। ਨਕਲੀ ਹੈ। ਮੇਰੇ ਦੋ ਗਵਾਹ ਸਨ, ਜੋ ਕਹਿ ਰਹੇ ਸਨ ਮੇਰੇ ਸਾਹਮਣੇ ਉਸ ਨੇ ਕਾਗਜ਼ ਉੱਤੇ ਚੜ੍ਹਾ ਕੇ ਮੋਹਰ ਸਾਨੂੰ ਦਿੱਤੀ ਅਤੇ ਅਸੀਂ ਆਪਣੇ ਹੱਥੀਂ ਮੋਹਰ ਲਗਾਈ। ਉਹ ਲਾਲਟੇਨ ਫਿਰ ਦੁਬਾਰਾ ਦੇਖੀ ਗਈ ਤੇ ਫਿਰ ਪਾਸ ਕੀਤੀ ਗਈ। ਮੈਨੂੰ ਫਿਰ ਰੁਪਏ ਮਿਲੇ। ਮੈਂ ਉਸ ਦਿਨ ਬਾਬੂ ਦੀ ਮੂਰਤੀ ਦਾ ਸਾਮਾਨ ਅਤੇ ਅੰਗੂਠੇ



ਲਈ ਥੋੜ੍ਹਾ ਸੋਨਾ ਖਰੀਦਿਆ। ਉਦੋਂ ਮੈਂ ਪੜ੍ਹਿਆ ਸੀ, ਨੰਦ ਕੁਮਾਰ ਦੇ ਕੇਸ ਵਿਚ ਵੀ ਇਹੀ ਸਭ ਕੁਝ ਹੋਇਆ ਸੀ, ਮੈਂ ਧਰਮ ਸਾਸ਼ਤਰ ਫਰੋਲੇ, ਉੱਥੇ ਵੀ ਝੂਠੀ ਗਵਾਹੀ, ਨਕਲੀ ਦਸਤਾਵੇਜ਼ਾਂ ਦਾ ਜ਼ਿਕਰ ਹੈ। ਮੈਨੂੰ ਇਕ ਛਿਣ ਲਈ ਵੀ ਇਹ ਨਹੀਂ ਮਹਿਸੂਸ ਹੋਇਆ ਕਿ ਮੈਂ ਗ਼ਲਤ ਕੰਮ ਕੀਤਾ ਹੈ। ਇਹੀ ਤਾਂ ਹੁੰਦਾ ਆਇਆ ਸੀ।

"ਜਾਣਣਾ ਏਂ ਬਿਜਨ...ਇਸ ਧਰਮਸਥਲ ਦੀ ਆਤਮਾ, ਪ੍ਰਾਣ ਸੰਸਦ ਹੈ...ਸੰਵਿਧਾਨ ਹੈ, ਕਾਨੂੰਨ ਦੀਆਂ ਹਜ਼ਾਰਾਂ ਕਿਤਾਬਾਂ ਹਨ। ਵਿਦਵਾਨ ਜੱਜਾਂ ਦੇ ਨਿਰਣੇ ਹਨ, ਜਿਨ੍ਹਾਂ ਵਿਚ ਅਪਰਾਧ ਵਿਰੁੱਧ ਨਿਆਂ ਕਰਨ ਦੀ, ਦੰਡ ਦੇਣ ਦੇ ਸਪੱਸ਼ਟ ਆਦੇਸ਼ ਹਨ। ਪਰ ਇਹ ਸਭ ਇਕ ਕੌੜਾ ਧੂੰਆਂ ਹੈ, ਸੰਦੇਹ ਹੈ। ਧਰਮਸਥਲ ਦੇ ਆਕਾਸ਼ ਨੂੰ ਕਦੇ ਦੇਖੀ, ਬਿਲਕੁਲ ਨਿਰਭੈਅ, ਚਮਕਦਾਰ ਰਾਤਾਂ ਵਿਚ ਵੀ, ਤੈਨੂੰ ਇਸ ਦੇ ਉੱਪਰ ਇਕ ਚਿੱਟੀ ਚਾਦਰ ਦਿੱਸੇਗੀ। ਇਹ ਹੋਰ ਕੁਝ ਨਹੀਂ, ਉਹੀ ਸਦੀਵੀ ਸੰਦੇਹ ਹੈ, ਜਿਸ ਦੇ ਹੇਠਾਂ ਇਹ ਧਰਮਸਥਲ ਕਿਸੇ ਸੱਚ ਦੀ ਖੋਜ ਕਰਨ ਦੀ ਇਕ ਅਜਿਹੀ ਨਾਟਸ਼ਾਲਾ ਚਲਾਉਂਦਾ ਰਹਿੰਦਾ ਹੈ ਜਿੱਥੇ ਚਮਕੀਲੇ, ਵਿਦੂਸ਼ਕਾਂ ਜਿਹੇ ਕੱਪੜੇ ਪਾ ਕੇ ਪਾਤਰ ਆਉਂਦੇ-ਜਾਂਦੇ ਹਨ। ਜਿੱਥੇ ਰਟੇ-ਰਟਾਏ ਸੰਵਾਦ ਬੋਲੇ ਜਾਂਦੇ ਹਨ। ਜਿੱਥੇ ਰੋਜ਼ ਪਰਦਾ ਉੱਠਦਾ ਤੇ ਡਿੱਗਦਾ ਹੈ, ਜਿੱਥੇ ਹਨੇਰੇ-ਉਜਾਲੇ ਵਿਚ, ਪਰਛਾਵੇਂ ਤੇ ਸਰੀਰ ਰਲਗੱਡ ਹੁੰਦੇ ਰਹਿੰਦੇ ਹਨ। ਮੈਂ ਇਸ ਨਾਟਸ਼ਾਲਾ ਦਾ ਸੂਤਰਧਾਰ ਬਣਾਂਗਾ ਬਿਜਨ। ਮੈਂ ਆਪ ਇਸ ਦੇ ਪਾਤਰਾਂ ਦੀ ਭੂਮਿਕਾ ਤੈਅ ਕਰਾਂਗਾ। ਸੰਵਾਦ ਵੀ ਮੈਂ ਹੀ ਲਿਖਾਂਗਾ। ਮੈਂ ਇਨ੍ਹਾਂ ਸੰਦੇਹਾਂ ਨੂੰ ਐਨਾ ਡੂੰਘਾ ਤੇ ਪੀਡਾ ਕਰ ਦੇਵਾਂਗਾ ਕਿ ਕੋਈ ਵਿਕ੍ਰਿਤ, ਅਧੂਰਾ ਸੱਚ ਇਸ ਨੂੰ ਭੇਦ ਨਾ ਸਕੇ।"

ਕਿਸੇ ਮਿਲ ਦਾ ਹੂਟਰ ਵੱਜਿਆ। ਰਾਤ ਦੀ ਪਾਲੀ ਸ਼ੁਰੂ ਹੋ ਰਹੀ ਸੀ। ਮੈਂ ਬਹੁਤ ਸਾਮਾਨ ਬੰਨ੍ਹਣਾ ਸੀ।

"ਚਲ।" ਕਾਮਿਲ ਨੇ ਮੇਰੇ ਮੋਢੇ 'ਤੇ ਹੱਥ ਰੱਖ ਰੱਖਿਆ," ਤੇਰੇ ਨਾਲ ਗੱਲ ਕਰਕੇ ਮਨ ਬਹੁਤ ਹਲਕਾ ਹੋ ਗਿਆ।

ਮੈਂ ਕਾਮਿਲ ਦਾ ਹੱਥ ਫੜ ਲਿਆ। ਉਸ ਦਾ ਹੱਥ ਦਬਾਇਆ। ਉਸ ਦਾ ਹੱਥ ਪਕੜੇ ਹੀ ਮੈਂ ਆਪਣੇ ਘਰ ਤੱਕ ਆਇਆ।

"ਕਲ੍ਹ ਸਟੇਸ਼ਨ ਵੀ ਆਉਣਾ ਚਾਹੁੰਦਾ ਹਾਂ, ਪਰ ਉੱਥੇ ਤੇਰੇ ਪਰਿਵਾਰ ਦੇ ਸਾਰੇ ਲੋਕ ਹੋਣਗੇ, ਇਸ ਲਈ ਨਹੀਂ ਆਵਾਂਗਾ। ਤੈਨੂੰ ਇੱਥੋਂ ਹੀ ਵਿਦਾ ਕਰਦਾ ਹਾਂ।" ਕਾਮਿਲ ਨੇ ਮੈਨੂੰ ਗਲ੍ਹੇ ਨਾਲ ਲਗਾਇਆ। ਫਿਰ ਵੱਖ ਹੋ ਗਿਆ।

"ਹੁਣ ਇਸ ਤੋਂ ਬਾਅਦ ?"

"ਬਸ ਇਸ ਕਾਲਜ ਵਿਚ ਪੰਜ ਸਾਲ ਅਤੇ ਸ਼ਾਇਦ ਫਿਰ ਵਿਦੇਸ਼ ਵਿਚ ਕੁਝ ਸਾਲ...ਤੇ ਤੂੰ। ਤੂੰ ਕੀ ਕਰੇਂਗਾ ?"

"ਮੈਂ..., ਕਾਮਿਲ ਹੌਲੀ ਜਿਹੀ ਹੱਸਿਆ, "ਮੇਰੀ ਤਾਂ ਜ਼ਿੰਦਗੀ ਹੁਣ ਇਹੀ ਹੈ।" ਉਸ ਨੇ ਧਰਮਸਥਲ ਵੱਲ ਇਸ਼ਾਰਾ ਕੀਤਾ। ਫਿਰ ਮੇਰਾ ਹੱਥ ਦਬਾਇਆ। ਉਸ ਦੀਆਂ ਅੱਖਾਂ ਵਿਚ ਨਮੀ ਸੀ, "ਜੇ ਚਿੱਠੀ ਲਿਖਾਂ ਤਾਂ ਜਵਾਬ ਦੇਵੇਂਗਾ ਨਾ ? ਵੈਸੇ ਚਾਹੇ ਤਾਂ ਨਾ ਵੀ ਦੇਵੀਂ।"

"ਹੋਸਟਲ ਵਿਚ ਕਮਰਾ ਮਿਲ ਜਾਏ, ਫਿਰ ਪਤਾ ਇੱਥੋਂ ਕਿਸੇ ਤੋਂ ਪੁੱਛ ਲਵੀਂ। ਵੈਸੇ ਛੇਤੀ ਹੀ ਮੈਨੂੰ ਇਕ ਵਾਰ ਆਉਣਾ ਪਏਗਾ। ਪੂਰਾ ਸਾਮਾਨ ਨਹੀਂ ਲੈ ਕੇ ਜਾ ਰਿਹਾ ਹਾਂ।"

ਕਾਮਿਲ ਕੁਝ ਕਹਿਣਾ ਚਾਹੁੰਦਾ ਸੀ, ਪਰ ਚੁੱਪ ਹੀ ਰਿਹਾ। ਮੈਨੂੰ ਲੱਗਾ, ਉਹ ਦਾਖਸ਼ਇਣੀ ਬਾਰੇ ਕੋਈ ਗੱਲ ਦੱਸਣਾ ਚਾਹੁੰਦਾ ਹੈ। ਸ਼ਾਇਦ ਉਸ ਹੋਲੀ ਦੇ ਦਿਨ ਬਾਰੇ, ਜਦੋਂ ਮੈਂ ਵਾਪਸ ਆ ਗਿਆ ਸੀ। ਪਰ

ਉਹ ਇਕ ਝਟਕੇ ਨਾਲ ਪਲਟਿਆ ਤੇ ਚਲਾ ਗਿਆ।

ਗੇਟ ਤੇ ਖੜ੍ਹਾ ਮੈਂ ਉਸ ਨੂੰ ਦੇਖਦਾ ਹੀ ਰਿਹਾ। ਧਰਮਸਥਲ ਦੇ ਠੀਕ ਉੱਪਰ ਪੂਰਾ ਚੰਨ ਆ ਗਿਆ ਸੀ। ਉਸ ਦੀ ਰੋਸ਼ਨੀ ਵਿਚ ਢਲਵੀਆਂ ਛੱਤਾਂ, ਭੁਰਭੁਰੀਆਂ ਦੀਵਾਰਾਂ...ਤੋਪ ਅਤੇ ਦਰਖਤਾਂ ਉੱਤੇ ਉਂਘਲਾਉਂਦੇ ਬਾਂਦਰ ਦਿੱਸ ਰਹੇ ਸਨ। ਸਫੇਦੀ ਵਿਚ ਡੁੱਬੀ ਖਾਲੀ, ਲੰਮੀ ਸੜਕ ਉੱਤੇ ਕਾਮਿਲ ਹੌਲੀ-ਹੌਲੀ ਜਾਂਦਾ ਨਜ਼ਰ ਆ ਰਿਹਾ ਸੀ। ਇਕਦਮ ਇਕਾਂਕੀ...ਜਿਵੇਂ ਸੱਚ ਦੀ ਖੋਜ ਕਰਨ ਵਾਲੇ ਹੁੰਦੇ ਹਨ।

— 2 —

ਉਸ ਦਿਨ ਕਾਮਿਲ ਨੇ ਵਿਦਾ ਲੈਂਦੇ ਹੋਏ ਮੇਰੇ ਤੋਂ ਪੁੱਛਿਆ ਸੀ, "ਜੇ ਪੱਤਰ ਲਿਖਾਂ ਤਾਂ ਜਵਾਬ ਦੇਵੇਗਾ ?"

ਮੈਂ ਵਾਪਿਸ ਸ਼ਹਿਰ ਆ ਹੀ ਨਾ ਸਕਿਆ। ਪਹਿਲੀ ਵਾਰ ਇਕ ਆਲੀਸ਼ਾਨ ਤੇ ਵਿਸ਼ਾਲ ਵਿੱਦਿਆ ਸੰਸਥਾਨ ਦੇਖਿਆ। ਹੋਸਟਲ ਦਾ ਜੀਵਨ ਦੇਖਿਆ। ਅਨੁਸਾਸ਼ਨ ਅਤੇ ਗਿਆਨ ਦਾ ਅਥਾਹ ਭੰਡਾਰ ਦੇਖਿਆ। ਗੁਰੂ ਗੰਭੀਰ, ਵਿਦਵਾਨ ਅਧਿਆਪਕ ਦੇਖੇ। ਅਣਗਿਣਤ ਪੁਸਤਕਾਂ ਵਾਲੀ ਲਾਇਬ੍ਰੇਰੀ ਦੇਖੀ। ਉਸ ਛੋਟੇ ਜਿਹੇ ਸ਼ਹਿਰ ਦੇ ਸਰਕਾਰੀ ਸਕੂਲ ਤੋਂ ਉਸ ਦੀਆਂ ਤੰਗ ਗਲੀਆਂ, ਧਰਮਸਥਲ ਦੇ ਚਾਰੋਂ ਪਾਸੇ ਜੜ੍ਹ ਅਤੇ ਸੌੜੀ ਜ਼ਿੰਦਗੀ ਤੋਂ ਨਿਕਲ ਕੇ, ਅਚਾਨਕ ਮੈਂ ਇਕ ਵਿਰਾਟ ਜਗਤ ਵਿਚ ਆ ਗਿਆ ਸੀ।

ਆਰੰਭ ਦੇ ਕੁਝ ਮਹੀਨੇ ਮੈਨੂੰ ਸਥਿਰ ਹੋਣ ਵਿਚ ਲੱਗੇ। ਫਿਰ ਅਚਾਨਕ ਪਿਤਾ ਦਾ ਤਬਾਦਲਾ ਹੋ ਗਿਆ। ਸ਼ਾਇਦ ਉਨ੍ਹਾਂ ਨੇ ਆਪ ਕੋਸ਼ਿਸ਼ ਕਰਕੇ ਕਾਲਜ ਦੇ ਨੇੜਲੇ ਸ਼ਹਿਰ ਵਿਚ ਕਰਵਾ ਲਿਆ ਸੀ। ਉਸ ਸ਼ਹਿਰ ਨਾਲ ਮੇਰਾ ਕੋਈ ਸੰਪਰਕ ਨਹੀਂ ਰਿਹਾ ਸਿਵਾਏ ਕਾਮਿਲ ਦੇ।

ਕਾਮਿਲ ਮੈਨੂੰ ਪੱਤਰ ਲਿਖਦਾ ਰਿਹਾ। ਮੈਂ ਵੀ। ਕਾਮਿਲ ਦੇ ਪੱਤਰ ਮੈਨੂੰ ਕਦੇ ਵੀ, ਕਿੱਧਰੇ ਵੀ ਮਿਲ ਜਾਂਦੇ। ਗਰਮੀਆਂ ਵਿਚ, ਸਰਦੀਆਂ ਵਿਚ, ਬਾਰਿਸ਼ਾਂ ਵਿਚ। ਗਰਮੀਆਂ ਵਿਚ ਮੈਂ ਹੋਸਟਲ ਦੀ ਖੁਲ੍ਹੀ ਛੱਤ ਉੱਤੇ ਚੰਨ ਦੀ ਰੋਸ਼ਨੀ ਵਿਚ ਉਨ੍ਹਾਂ ਨੂੰ ਪੜ੍ਹਦਾ, ਸਰਦੀਆਂ ਵਿਚ ਖਾਲੀ ਦੁਪਹਿਰ ਦੀ ਇਕਾਂਤ ਵਿਚ ਕਿਸੇ ਚਮਕਦਾਰ ਧੁੱਪ ਦੇ ਟੁਕੜੇ ਵਿਚ ਬੈਠ ਕੇ ਪੜ੍ਹਦਾ। ਬਾਰਿਸ਼ਾਂ ਵਿਚ ਆਪਣੇ ਕਮਰੇ ਦੀ ਖਿੜਕੀ ਦੀਆਂ ਸੀਖਾਂ ਤੋਂ ਬਾਰਿਸ਼ ਦੇਖਦੇ ਹੋਏ ਪੜ੍ਹਦਾ। ਜਦੋਂ ਵੀ ਉਸ ਦਾ ਪੱਤਰ ਆਉਂਦਾ, ਮੈਂ ਕਈ ਵਾਰ ਉਸ ਨੂੰ ਪੜ੍ਹਦਾ। ਮੈਂ ਕਦੇ ਨਹੀਂ ਚਾਹੁੰਦਾ ਸੀ ਕਿ ਉਸ ਵੇਲੇ ਮੇਰੇ ਕੋਲ ਕੋਈ ਵੀ ਹੋਵੇ। ਮੈਂ ਕਦੇ ਨਹੀਂ ਚਾਹੁੰਦਾ ਸੀ ਕਿ ਮੇਰੇ ਤੇ ਕਾਮਿਲ ਵਿਚਕਾਰ ਕਦੇ ਕੋਈ ਆਏ। ਉਸ ਦਿਨ ਆਨੰਦ ਸਰੂਪ ਦੇ ਘਰ ਸ਼ਾਇਦ ਇਹੀ ਹੋਇਆ ਸੀ। ਮੈਂ ਸਮਝ ਲਿਆ ਸੀ ਕਿ ਮੇਰੇ ਤੇ ਕਾਮਿਲ ਵਿਚਕਾਰ ਦਾਖਸ਼ਇਣੀ ਆ ਗਈ ਹੈ। ਮੈਂ ਵਾਪਸ ਆ ਗਿਆ ਸੀ।

ਕਾਮਿਲ ਪੱਤਰਾਂ ਵਿਚ ਆਪਣੇ ਜੀਵਨ ਬਾਰੇ ਲਿਖਦਾ ਰਹਿੰਦਾ। ਧਰਮਸਥਲ ਦੇ ਜੀਵਨ ਬਾਰੇ ਲਿਖਦਾ ਰਹਿੰਦਾ। ਪਿਤਾ ਬਾਰੇ, ਮੂਰਤੀ ਬਾਰੇ, ਮੂਨ ਬਾਰੇ ਲਿਖਦਾ ਰਹਿੰਦਾ। ਉਸ ਦੇ ਪੱਤਰਾਂ ਵਿਚ ਕਦੇ ਮਨੁੱਖ ਦੇ ਦੁਖ-ਸੁਖ ਦੇ ਕਾਰਣਾਂ ਦੀ ਤਲਾਸ਼ ਹੁੰਦੀ, ਕਦੇ ਕੋਈ ਔਖਾ ਸਵਾਲ, ਕਦੇ ਦਾਰਸ਼ਨਿਕ ਜਟਿਲ ਵਿਸ਼ਲੇਸ਼ਣ ਹੁੰਦਾ। ਕਾਮਿਲ ਉਸ ਜੀਵਨ ਵਿਚ ਧੱਸਦਾ ਜਾ ਰਿਹਾ ਸੀ ਜੋ ਸਮਾਜ, ਰਾਜ, ਕਾਨੂੰਨ ਤਿਆਰ ਕਰਕੇ ਮਨੁੱਖ ਨੂੰ ਦੇਂਦੇ ਹਨ। ਜਿਸ ਦੇ ਗੂੜ੍ਹ ਰਹੱਸਾਂ ਨੂੰ ਦਾਰਸ਼ਨਿਕ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਜਿਸ ਦਾ ਸਾਰ, ਇਤਿਹਾਸ ਲਿਖਦਾ ਹੈ, ਜਿਸ ਦੀ ਵਿਆਖਿਆਵਾਂ ਸਾਹਿਤ ਕਰਦਾ ਹੈ। ਕਾਮਿਲ ਮੈਨੂੰ ਪੁੱਛਦਾ, "ਤੂੰ ਦੱਸ ਬਿਜਨ ਸੰਦੇਹਾਂ ਵਿਚਕਾਰ ਜੋ ਸੱਚ ਹੈ, ਉਸ ਨੂੰ ਨਿਰੰਤਰ ਲੱਭਣਾ ਹੋਏਗਾ ਜਾਂ ਉਹ ਆਪ ਹੀ ਕਿਸੇ ਦਿਨ ਆਪਣੀ ਤਾਕਤ ਅਤੇ ਸੱਤਾ ਨਾਲ ਪ੍ਰਗਟ ਹੋ ਜਾਏਗਾ ? ਸੰਦੇਹ ਨਾ ਹੋਵੇ ਤਾਂ ਕੀ



ਕੋਈ ਇਸ ਤਰ੍ਹਾਂ, ਇਕਦਮ ਸਿੱਧਾ, ਸਰਲ ਸੱਚ ਹੋ ਸਕਦਾ ਹੈ ? ਦੱਸ ਭਲਾ, ਮੌਤ ਦੇ ਇਲਾਵਾ ਸਾਰੀ ਦੁਨੀਆਂ ਕੋਲ ਹੋਰ ਕੋਈ ਅਜਿਹਾ ਸੱਚ ਹੁੰਦਾ ਹੈ ਜੋ ਹਰ ਦੇਸ਼, ਧਰਮ, ਜਾਤੀ, ਭੂਗੋਲ ਦਾ ਵੀ ਸੱਚ ਹੋਵੇ ? ਨਹੀਂ ਨਾ। ਤਾਂ ਫਿਰ ਕੀ ਸੱਚਮੁਚ ਕੋਈ ਸਰਬਕਾਲਿਕ, ਸਦੀਵੀ ਸੱਚ ਵੀ ਹੁੰਦਾ ਹੈ ? ਕੀ ਸੱਚ ਨੂੰ ਲੱਭਣ ਦੀ ਮਨੁੱਖ ਦੀ ਇਹ ਯਾਤਰਾ ਕਦੇ ਖਤਮ ਵੀ ਹੁੰਦੀ ਹੈ।"

ਮੈਂ ਕਾਮਿਲ ਨੂੰ ਕੋਈ ਜਵਾਬ ਨਾ ਦੇ ਸਕਦਾ। ਮੈਂ ਅਜਿਹੀ ਦੁਨੀਆਂ ਵਿਚ ਸੀ। ਜਿੱਥੇ ਕਿਧਰੇ ਕੋਈ ਸੰਦੇਹ ਨਹੀਂ ਸੀ। ਵਿਗਿਆਨ ਦੀਆਂ ਸਾਬਿਤ ਕੀਤੀਆਂ ਹੋਈਆਂ ਧਾਰਨਾਵਾਂ ਸੀ, ਬ੍ਰਹਿਮੰਡ ਦੇ ਹਰ ਪਲ ਦਾ ਹਿਸਾਬ ਸੀ। ਸਭ ਕੁਝ ਸਿੱਧੇ, ਸੁਨਿਸ਼ਚਿਤ, ਪ੍ਰਯੋਗਸ਼ਾਲਾਵਾਂ ਵਿਚ ਤੱਥਾਂ ਨਾਲ, ਅੰਕੜਿਆਂ ਨਾਲ ਸਿੱਧਾ ਕੀਤਾ ਜਾ ਚੁੱਕਾ ਸੀ। ਇਕ ਸੱਚ ਦੇ ਆਧਾਰ ਤੇ ਦੂਸਰਾ, ਉਸ ਦੇ ਆਧਾਰ ਤੇ ਤੀਸਰਾ ਵੱਡਾ ਸੱਚ। ਮਨੁੱਖ ਲਗਾਤਾਰ ਇਕ ਤੋਂ ਵੱਧ ਵੱਡੀਆਂ ਸਚਾਈਆਂ ਨੂੰ ਮੁੱਠੀ ਵਿਚ ਕਰਦਾ ਜਾ ਰਿਹਾ ਸੀ। ਕਿੱਥੇ ਕੀ ਫਰਕ ਸੀ ਕਾਮਿਲ ਦੇ ਪ੍ਰਸ਼ਨਾਂ ਤੇ ਮੇਰੇ ਜੀਵਨ ਵਿਚ ? ਉੱਥੇ ਸਭ ਕੁਝ ਸੰਦੇਹ ਵਿਚ ਸੀ। ਇੱਥੇ ਸਭ ਕੁਝ ਨਿਰੰਸਦੇਹ ਸੀ। ਸ਼ਾਇਦ ਇਸ ਲਈ ਕਿ ਕਾਮਿਲ ਮਨੁੱਖ ਦੇ ਅੰਤਰਮਨ ਦੀ ਗੱਲ ਕਰਦਾ ਸੀ, ਉਸ ਵਿਚ ਜੀਉਂਦਾ ਸੀ ਅਤੇ ਮੈਂ ਮਨੁੱਖ ਦੇ ਭੌਤਿਕ ਜਗਤ ਦੀ, ਗ੍ਰਹਿਆਂ ਦੀ, ਰਸਾਇਣ, ਦਰਖ਼ਤ ਬੂਟਿਆਂ ਜੀਵ-ਜੰਤੂਆਂ ਦੀ।"

ਵਿਦੇਸ਼ ਜਾਣ ਤੋਂ ਪਹਿਲਾਂ 72 ਤੋਂ 77 ਤੱਕ ਦੇ ਪੰਜ ਵਰ੍ਹਿਆਂ ਵਿਚ ਮੈਨੂੰ ਕਾਮਿਲ ਦੇ ਕੁਲ ਤੇਈ ਪੱਤਰ ਮਿਲੇ। ਮੈਂ ਜਦੋਂ ਵੀ ਇਕੱਲਾ ਹੁੰਦਾ, ਉਨ੍ਹਾਂ ਪੱਤਰਾਂ ਨੂੰ ਪੜ੍ਹਦਾ ਰਹਿੰਦਾ। ਕਾਮਿਲ ਨੇ ਇਕ ਪੱਤਰ ਵਿਚ ਲਿਖਿਆ ਸੀ :—

> "ਹਨੇਰਾ ਹੋਣ ਤੋਂ ਪਹਿਲਾਂ ਇਕ ਸਲੇਟੀ ਰੰਗ ਉੱਤਰਦਾ ਹੈ। ਦੁੱਖ ਅਤੇ ਉਦਾਸੀ ਵਿਚਕਾਰ ਜੀਵਨ ਦੀ ਨਿਰਲੇਪਤਾ ਅਤੇ ਨਿਰਅਰਥਤਾ ਦਾ ਆਲਾਪ ਲੈਂਦੇ ਹੋਏ। ਇਸ ਰੰਗ ਵਿਚ ਸੜਕਾਂ ਦੇ ਮੋੜ, ਉੱਚੀਆਂ ਛੱਤਾਂ ਦੇ ਬਨ੍ਹੇਰੇ, ਘਰਾਂ ਦੀ ਬਗੈਰ ਪਲਾਸਟਰ ਦੀਆਂ ਖਲੱਪੜ ਉੱਤਰਦੀਆ ਕੰਧਾਂ ਅਤੇ ਛੱਜਿਆਂ ਉੱਤੇ ਲਟਕੇ ਉਦਾਸ ਜਿਸਮ ਹੁੰਦੇ ਹਨ। ਇਹ ਰੰਗ ਕੁਝ ਹੀ ਦੇਰ ਰਹਿੰਦਾ ਹੈ। ਓਨੀ ਹੀ ਦੇਰ ਜਿੰਨੀ ਪਲਕ ਝਪਕਣ ਵਿਚ ਲੱਗਦੀ ਹੈ। ਫਿਰ ਇਹ ਰੰਗ ਹੌਲੀ-ਹੌਲੀ ਇਕ ਕਾਲਿਖ ਵਿਚ ਉੱਤਰਦਾ ਜਾਂਦਾ ਹੈ। ਰੰਗਾਂ ਦਾ ਇਹ ਸੰਧਿਸਥਲ ਅਸਲ ਵਿਚ ਚੇਤਨਾ ਅਤੇ ਵਿਸਿਮਰਤੀ ਦਾ ਸੰਧਿ-ਸਥਲ ਹੁੰਦਾ ਹੈ। ਬੋਧ ਅਤੇ ਅਗਿਆਨ ਦਾ ਹੁੰਦਾ ਹੈ। ਜੀਵਨ ਅਤੇ ਮੌਤ ਦਾ ਹੁੰਦਾ ਹੈ। ਮੈਂ ਤੈਨੂੰ ਇਸ ਸਲੇਟੀ ਰੰਗ ਵਿਚ ਬੈਠ ਕੇ ਰੋਜ਼ ਯਾਦ ਕਰਦਾ ਹਾਂ। ਤੇਰੇ ਕਮਰੇ ਵਿਚ ਵੀ ਇਹ ਰੰਗ ਉੱਤਰਦਾ ਹੋਏਗਾ। ਨਾ ਉੱਤਰਦਾ ਹੋਵੇ ਤਾਂ ਦੱਸੀ। ਮੈਂ ਕਿਸੇ ਦੂਸਰੇ ਰੰਗ ਦੀ ਗੱਲ ਕਰਾਂਗਾ, ਉਸ ਦੀ, ਜੋ ਤੇਰੇ ਕਮਰੇ ਵਿਚ ਹੁੰਦਾ ਹੋਵੇ।"

ਇਕ ਹੋਰ ਪੱਤਰ ਵਿਚ ਕਾਮਿਲ ਨੇ ਲਿਖਿਆ,

"ਤੂੰ ਜੀਵਨ ਵਿਚ ਕਦੇ ਸਾਰਥਕਤਾ ਦਾ ਅਨੁਭਵ ਨਹੀਂ ਕਰੇਗਾ ਬਿਜਨ ਜੇ ਕਿਸੇ ਨਾਲ ਘ੍ਰਿਣਾ ਨਹੀਂ ਕਰੇਗਾ। ਘ੍ਰਿਣਾ ਦਾ ਅਰਥ ਹੈ, ਕਿਸੇ ਨਾ ਕਿਸੇ ਪ੍ਰਤੀ ਕਠੋਰ ਪੱਖਪਾਤ, ਪ੍ਰਤੀਬੱਧਤਾ। ਤੂੰ ਸੱਚਮੁਚ ਕਦੇ ਕਿਸੇ ਪੱਖ ਨਾਲ ਦ੍ਰਿੜਤਾ ਨਾਲ ਦਿੱਸ ਸਕਦਾ ਹੈ, ਤੂੰ ਸੱਚਮੁਚ ਕਿਸੇ ਨਿਸ਼ਠਾ ਤੋਂ ਆਪਣੀ ਆਤਮਾ ਨੂੰ ਸਿੰਜਦਾ ਏਂ, ਤੂੰ ਸੱਚਮੁਚ ਕਿਸੇ ਸੁਫਨੇ ਨਾਲ ਜ਼ਿੰਦਾ ਏਂ, ਇਸ ਦਾ ਪ੍ਰਤੱਖ ਅਤੇ ਨਿਸ਼ਚਿਤ ਸਬੂਤ ਹੈ ਕਿ ਤੂੰ ਕਿਸੇ ਹੋਰ ਨਾਲ ਕਿੰਨੀ ਘ੍ਰਿਣਾ ਕਰਦਾ ਏਂ। ਨਿਸ਼ਟੰਕ, ਨਿਰਲੇਪ ਜਾਂ ਸਹਿਜ ਦਿੱਸਣ ਵਾਲੇ ਆਦਮੀ ਨੂੰ ਹਨੇਰਾ, ਪੂਜਾ ਘਰਾਂ ਦੀਆਂ ਬਲਦੀਆਂ ਮੋਮਬੱਤੀਆਂ ਦੀ ਲੋੜ ਹੈ, ਜੀਉਂਦੇ, ਅਸੰਤੋਸ਼ ਨਾਲ ਧਧਕਦੀ

ਕਿਸੇ ਆਤਮਾ ਦੀ ਨਹੀਂ।"

ਇਨ੍ਹਾਂ ਪੱਤਰਾਂ ਵਿਚ ਕਾਮਿਲ ਦੀ ਜ਼ਿੰਦਗੀ ਸਮਾਈ ਹੁੰਦੀ। ਉਸ ਦੀ ਹੀ ਕਿਉਂ, ਬਾਬੂ ਆਨੰਦ ਸਰੂਪ ਦੀ, ਦਾਖਸ਼ਇਣੀ ਦੀ, ਉਸ ਦੇ ਪਿਤਾ ਦੀ, ਧਰਮਸਥਲ ਦੀ ਜ਼ਿੰਦਗੀ ਵੀ ਮੇਰੇ ਸਾਹਮਣੇ ਆ ਜਾਂਦੀ। ਮੈਂ ਜਿਵੇਂ ਸਭ ਕੁਝ ਸਾਖ਼ਆਤ, ਸਾਹਮਣੇ ਵਾਪਰਦਾ ਦੇਖਣ ਲੱਗਦਾ। ਜਿਵੇਂ ਕਦੇ ਉਸ ਤੋਂ ਅਲੱਗ ਹੋਇਆ ਹੀ ਨਾ ਹੋਵਾਂ, ਕਦੇ ਕਿੱਧਰੇ ਦੂਰ ਗਿਆ ਹੀ ਨਾ ਹੋਵਾਂ।

ਹੋਲੀ ਦੀ ਦੁਪਹਿਰ ਤੋਂ ਬਾਅਦ ਆਨੰਦ ਸਰੂਪ ਨੇ ਕਾਮਿਲ ਨਾਲ ਗੱਲ ਕਰਨਾ ਬੰਦ ਕਰ ਦਿੱਤਾ ਸੀ। ਜਦੋਂ ਵੀ ਉਸ ਨੂੰ ਦੇਖਦੇ ਤਾਂ ਜਾਂ ਅੱਖਾਂ ਬੰਦ ਕਰ ਲੈਂਦੇ ਜਾਂ ਮੂੰਹ ਘੁਮਾ ਲੈਂਦੇ। ਕਾਮਿਲ ਨੇ ਦਾਖਸ਼ਇਣੀ ਨੂੰ ਦੱਸਿਆ ਵੀ। "ਇੰਝ ਹੀ ਹੋਏਗਾ ਹੁਣ। ਮਾਂ ਨਹੀਂ ਰਹਿੰਦੀ ਇੱਥੇ ਇਸ ਲਈ।"

ਦਾਖਸ਼ਇਣੀ ਦੀ ਮਾਂ ਵਾਪਸ ਆਪਣੇ ਪਤੀ ਨਾਲ ਰਹਿਣ ਲੱਗ ਪਈ ਸੀ। ਦਾਖਸ਼ਇਣੀ ਨੇ ਉਸ ਦਾ ਸਿਲਾਈ ਸਕੂਲ ਸੰਭਾਲ ਲਿਆ ਸੀ। ਆਪਣੀ ਪੜ੍ਹਾਈ ਵੀ ਕਰਦੀ ਸੀ। ਬਾਬੂ ਆਨੰਦ ਸਰੂਪ ਦੀ ਸਾਰੀ ਦੇਖਭਾਲ ਕਰਦੀ ਸੀ। ਕਚਹਿਰੀ ਦੇ ਕੰਮ ਦਾ ਪੂਰਾ ਹਿਸਾਬ ਰੱਖਦੀ ਸੀ।

ਇਕ ਦਿਨ ਜਦੋਂ ਕਾਮਿਲ, ਆਨੰਦ ਸਰੂਪ ਕੋਲੋਂ ਲੰਘ ਰਿਹਾ ਸੀ, ਉਨ੍ਹਾਂ ਨੇ ਅਹੁਲ ਕੇ ਉਸ ਦਾ ਹੱਥ ਫੜ ਲਿਆ। ਕਾਮਿਲ ਇਕ ਝਟਕੇ ਨਾਲ ਰੁੱਕ ਗਿਆ। ਉਸ ਨੂੰ ਲੱਗਾ ਜਿਵੇਂ ਲੋਹੇ ਦੀ ਜਕੜ ਵਿਚ ਉਸ ਦੀਆਂ ਉਂਗਲਾਂ ਆ ਗਈਆਂ ਹੋਣ। ਉਸ ਨੇ ਦੇਖਿਆ, ਬਾਬੂ ਆਨੰਦ ਸਰੂਪ ਉਸ ਨੂੰ ਘੂਰ ਰਹੇ ਸਨ। ਉਨ੍ਹਾਂ ਦੀਆਂ ਬੁੱਢੀਆਂ ਕਮਜ਼ੋਰ ਉਂਗਲਾਂ ਉਸ ਦੀ ਤਲੀ ਨੂੰ ਜ਼ੋਰ ਨਾਲ ਕੱਸਦੀਆਂ ਜਾ ਰਹੀਆਂ ਸਨ। ਜਿਵੇਂ ਪੀਹ ਦੇਣਗੀਆਂ ਉਸ ਨੂੰ। ਕਾਮਿਲ ਉਨ੍ਹਾਂ ਕੋਲ ਪਲੰਘ ਉੱਤੇ ਬੈਠ ਗਿਆ। ਉਨ੍ਹਾਂ ਨੇ ਉਸ ਦਾ ਹੱਥ ਨਾ ਛੱਡਿਆ।

"ਤੂੰ ਸ਼ਾਂਤੀਪਰਵ ਪੜ੍ਹਿਆ ਹੈ ?" ਉਨ੍ਹਾਂ ਨੇ ਕੰਬਦੀ ਆਵਾਜ਼ ਵਿਚ ਪੁੱਛਿਆ।

ਕਾਮਿਲ ਭੌਂਚੱਕਾ ਜਿਹਾ ਉਨ੍ਹਾਂ ਨੂੰ ਦੇਖਦਾ ਰਿਹਾ।

"ਦੱਸ...ਪੜ੍ਹਿਆ ਹੈ ?"

"ਕਿਉਂ ?"

"ਉਸੇ ਵਿਚ ਤਾਂ ਸਭ ਲਿਖਿਆ ਹੈ, ਜੋ ਤੂੰ ਕਰ ਰਿਹਾ ਏਂ।"

"ਮੈਂ ਕੀ ਕਰ ਰਿਹਾ ਹਾਂ ? ਉਸ ਵਿਚ ਕੀ ਲਿਖਿਆ ਹੈ ?" ਕਾਮਿਲ ਨੇ ਉਂਗਲਾਂ ਛੁਡਾਉਣ ਦੀ ਕੋਸ਼ਿਸ਼ ਕੀਤੀ।

"ਪਹਿਲਾਂ ਦੱਸ, ਪੜ੍ਹਿਆ ਹੈ ਕਿ ਨਹੀਂ ?"

"ਹਾਂ।"

ਉਹ ਹੱਸੇ, "ਮੈਂ ਬਹੁਤ ਸੋਚਦਾ ਰਿਹਾਂ ਕਿ ਇੰਝ ਕਿਉਂ ਹੋਇਆ ? ਫਿਰ ਯਾਦ ਆਈ ਉਸ ਦੀ ਗੱਲ। ਮੈਂ ਸਮਝ ਗਿਆ, ਤੂੰ ਉੱਥੋਂ ਹੀ ਸਿੱਖਿਆ ਹੈ। ਤੂੰ ਇਹੋ ਜਿਹਾ ਨਹੀਂ ਸੀ। ਕਿਉਂ ਤੂੰ ਮੇਰੇ ਕੰਮ ਨੂੰ, ਫਿਰ ਇਸ ਕੁੜੀ ਨੂੰ, ਇਸ ਘਰ ਨੂੰ ਹੜੱਪ ਰਿਹਾ ਏਂ ?"

"ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ ਤੁਸੀਂ ?"

"ਮਹਿਤਾਬ ਜਹਾਂਗੀਰ ਦੱਸਦੇ ਹਨ, ਸ਼ਾਂਤੀਪਰਵ ਵਿਚ ਲਿਖਿਆ ਹੈ ਕਿ ਇਕ ਆਦਮੀ ਨੂੰ ਆਪਣੇ ਦੁਸ਼ਮਣ ਨੂੰ ਮੋਢੇ ਤੇ ਢੋਣਾ ਚਾਹੀਦਾ ਹੈ, ਪਰ ਕੰਮ ਹੋ ਜਾਣ ਤੇ ਮਿੱਟੀ ਦੇ ਭਾਂਡੇ ਵਾਂਗ ਉਸ ਨੂੰ ਪੱਥਰ ਉੱਤੇ ਪਟਕ ਕੇ ਮਾਰ ਦੇਣਾ ਚਾਹੀਦਾ ਹੈ। ਦੇਖੀਂ ਜ਼ਰਾ ਇਕ ਸੌ ਚਾਲ੍ਹੀਵਾਂ ਸਰਗ, ਸਤਰਵਾਂ-ਅਠਾਰਵਾਂ ਸ਼ਲੋਕ। ਭਾਰਦਵਾਜ ਨੇ ਤਾਂ ਰਾਜਧਰਮ ਵਿਚ ਦੱਸਿਆ ਹੈ ਕੇਕੜਾ ਆਪਣੇ ਮਾਂ-ਬਾਪ ਨੂੰ ਖਾ



ਜਾਂਦਾ ਹੈ, ਇਸ ਲਈ ਜੇ ਰਾਜਕੁਮਾਰ ਆਪਣੇ ਪਿਤਾ ਨੂੰ ਪਿਆਰ ਨਾ ਕਰੇ ਤਾਂ ਰਾਜਾ ਨੂੰ ਉਸ ਨੂੰ ਮਾਰ ਦੇਣਾ ਚਾਹੀਦਾ ਹੈ। ਮੈਂ ਤੈਨੂੰ ਸਮਝ ਨਹੀਂ ਸਕਿਆ। ਮਹਿਤਾਬ ਜਹਾਂਗੀਰ ਹੁੰਦੇ ਤਾਂ ਤੈਨੂੰ ਦੇਖਦੇ ਹੀ ਸਮਝ ਜਾਂਦੇ। ਉਦੋਂ ਹੀ ਤੈਨੂੰ ਖਤਮ ਕਰ ਦੇਂਦੇ। ਤੂੰ ਉਸ ਨੂੰ ਛੱਡ ਦੇ।" ਅਚਾਨਕ ਕਾਮਿਲ ਦੀਆਂ ਉਂਗਲਾਂ ਛੱਡ ਕੇ ਆਨੰਦ ਸਰੂਪ ਨੇ ਦੋਵੇਂ ਹੱਥ ਜੋੜ ਲਏ।

"ਕਿਸ ਨੂੰ ?"

"ਮੇਰੀ ਬੱਚੀ ਨੂੰ ?"

"ਫਿਰ ਕੌਣ ਦੇਖਗਾ ਤੁਹਾਡਾ ਕੰਮ, ਇਹ ਘਰ, ਤੁਹਾਨੂੰ ਤੇ ਉਸ ਨੂੰ ਵੀ ?"

"ਮੈਂ ਆਪਣੀ ਧੀ ਨੂੰ ਵਾਪਸ ਬੁਲਾ ਲਵਾਂਗਾ। ਜਵਾਈ ਦੇ ਵੀ ਹੱਥ ਜੋੜ ਲਵਾਂਗਾ ਕਿ ਉਹ ਦੋਵੇਂ ਇੱਥੇ, ਆਪਣੀ ਧੀ ਕੋਲ ਆ ਕੇ ਰਹਿਣ। ਤੂੰ ਬਦਲੇ ਵਿਚ ਕਚਹਿਰੀ ਦਾ ਸਾਰਾ ਕੰਮ ਲੈ ਲੈ। ਕੋਈ ਪੈਸਾ ਵੀ ਨਾ ਦੇ। ਸਾਰੇ ਟਾਈਪਰਾਈਟਰ ਤੇਰੇ...ਸਭ ਤੇਰਾ।"

ਉਦੋਂ ਅੰਦਰਲੇ ਕਮਰੇ ਵਿਚੋਂ ਤੇਜ਼ੀ ਨਾਲ ਦਾਖਸ਼ਇਣੀ ਆਈ।

"ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ ਤੁਸੀਂ ?" ਉਸ ਨੇ ਕਾਮਿਲ ਦਾ ਹੱਥ ਫੜ੍ਹ ਕੇ ਉਸ ਨੂੰ ਪਲੰਘ ਤੋਂ ਉਠਾ ਲਿਆ, "ਇਹ ਨਾ ਹੋਵੇ ਤਾਂ ਮੈਂ ਇਕ ਦਿਨ ਵੀ ਜੀ ਨਾ ਸਕਾਂ। ਸ਼ਾਇਦ ਤੁਸੀਂ ਵੀ।"

"ਫਿਰ ਤੁਸੀਂ ਦੋਵੇਂ ਵਿਆਹ ਕਰ ਲਓ।" ਆਨੰਦ ਸਰੂਪ ਨੇ ਫਿਰ ਹੱਥ ਜੋੜੇ। ਇਸ ਵਾਰ ਉਹ ਦਾਖਸ਼ਇਣੀ ਤੇ ਕਾਮਿਲ ਦੋਵਾਂ ਅੱਗੇ ਹੱਥ ਜੋੜ ਰਹੇ ਸਨ, "ਮੈਂ ਨਿਸ਼ਚਿੰਤ ਹੋ ਜਾਵਾਂ। ਉਸ ਤੋਂ ਬਾਅਦ ਤੇਰਾ ਕਰਮ, ਤੇਰੀ ਕਿਸਮਤ।"

"ਤੁਸੀਂ ਬੰਦ ਕਰੋ ਇਹ ਸਭ। ਨਾਲੇ ਸੁਣ ਲਓ ਧਿਆਨ ਨਾਲ। ਮੈਂ ਨਹੀਂ ਰਹਿਣਾ ਉਸ ਆਦਮੀ ਨਾਲ। ਜਾਣਦੇ ਵੀ ਹੋ ਤੁਸੀਂ ਕੁਝ ? ਯਾਦ ਹੈ ਤੁਹਾਨੂੰ ਜਦੋਂ ਮੈਂ ਛੋਟੀ ਸੀ ਤੇ ਉਹ ਆਉਂਦਾ ਸੀ ਤਾਂ ਮੈਨੂੰ ਸਿਨੇਮਾ ਵਿਖਾਉਣ ਲਈ ਲੈ ਜਾਂਦਾ ਸੀ। ਤੁਸੀਂ ਦੋਵੇਂ ਖ਼ੁਸ਼ੀ ਨਾਲ ਮੈਨੂੰ ਉਸ ਨਾਲ ਭੇਜਦੇ ਸੀ ਕਿ ਸ਼ਾਇਦ ਧੀ ਦੇ ਪਿਆਰ ਕਾਰਣ ਉਹ ਆਦਮੀ ਬੀਵੀ ਨਾਲ ਸੰਬੰਧ ਸੁਧਾਰ ਲਏਗਾ...ਇਕ ਚੰਗਾ ਇਨਸਾਨ ਬਣ ਜਾਏਗਾ। ਪਰ ਅਜਿਹਾ ਕੁਝ ਨਹੀਂ ਸੀ। ਉਹ ਇਕੋ ਹੀ ਟਿਕਟ ਖਰੀਦਦਾ ਸੀ। ਸੀਟ ਉੱਤੇ ਮੈਨੂੰ ਆਪਣੀ ਗੋਦੀ ਵਿਚ ਬਿਠਾਉਂਦਾ ਸੀ।" ਦਾਖਸ਼ਇਣੀ ਹਫ਼ਣ ਲੱਗੀ। ਕੁਝ ਦੇਰ ਉਸ ਨੇ ਚੁੱਪ ਰਹਿ ਕੇ ਫਿਰ ਸਾਹ ਲਿਆ। ਫਿਰ ਥੱਕੀ ਹੋਈ ਹੌਲੀ ਜਿਹੀ ਬੋਲੀ, "ਤੇ ਇਹ ਵੀ ਸੁਣ ਲਓ। ਆਖਰੀ ਵੇਲੇ ਮੈਂ ਤੁਹਾਨੂੰ ਛੱਡ ਕੇ ਕਿੱਧਰੇ ਨਹੀਂ ਜਾਣ ਵਾਲੀ। ਮੈਂ ਤੁਹਾਡੇ ਲਈ ਆਪ ਨਵਾਂ ਕੁੜ੍ਹਤਾ ਪਜਾਮਾ ਸੀਉਂਤਾ ਹੈ। ਹੁਣੇ ਤੁਹਾਡਾ ਪਿੰਡਾ ਪੂੰਝ ਕੇ ਤੁਹਾਨੂੰ ਪੁਆ ਦੇਵਾਂਗੀ।" ਫਿਰ ਉਹ ਝੁਕੀ। ਆਨੰਦ ਸਰੂਪ ਦੇ ਮੱਥੇ ਉੱਤੇ ਹੱਥ ਰੱਖ ਕੇ ਬਹੁਤ ਹੌਲੀ ਜਿਹੀ ਫੁਸਫੁਸਾਈ, "ਸਭ ਚੰਗਾ ਹੈ, ਸਭ ਠੀਕ ਹੈ। ਕੁਝ ਹੋਰ ਨਾ ਸੋਚੋ।"

ਬਾਬੂ ਆਨੰਦ ਸਰੂਪ ਕੁਝ ਦੇਰ ਬਿਲਕੁਲ ਆਪਣੇ ਨੇੜੇ ਉਸ ਦੇ ਚਿਹਰੇ ਨੂੰ ਦੇਖਦੇ ਰਹੇ, ਫਿਰ ਹੌਲੀ ਜਿਹੀ ਉਨ੍ਹਾਂ ਨੇ ਅੱਖਾਂ ਬੰਦ ਕਰ ਲਈਆਂ।

ਕਾਮਿਲ ਦੇ ਦੂਜੇ ਭਰਾ ਨੇ ਵੀ ਘਰ ਛੱਡ ਦਿੱਤਾ। ਕਾਮਿਲ ਹੁਣ ਇਕੱਲਾ ਆਪਣੇ ਪਿਤਾ ਨਾਲ ਉੱਥੇ ਰਹਿ ਗਿਆ ਸੀ।

ਬਿਜਲੀ ਵਿਭਾਗ ਨੇ ਆਪਣੀ ਇਕ ਕਾਲੋਨੀ ਬਣਾਈ। ਉਸ ਦੇ ਭਰਾ ਨੂੰ ਵੀ ਉਸ ਵਿਚ ਘਰ ਮਿਲ ਗਿਆ। ਉਹ ਉੱਥੇ ਚਲਾ ਗਿਆ। ਪਰ ਆਪਣੇ ਕਮਰੇ ਵਿਚ ਉਸ ਨੇ ਤਾਲਾ ਲੱਗਾ ਦਿੱਤਾ। ਕਦੇ-ਕਦੇ ਉਹ ਘਰ ਆਉਂਦਾ। ਆਪਣੇ ਕਮਰੇ ਦਾ ਤਾਲਾ ਖੋਲ੍ਹ ਕੇ ਉੱਥੇ ਕੁਝ ਦੇਰ ਤੱਕ ਬੈਠਦਾ। ਇੱਧਰ-ਉੱਧਰ ਦੀਆਂ ਚੀਜ਼ਾਂ ਪਲਟਦਾ ਤੇ ਚਲਾ ਜਾਂਦਾ। ਕਈ ਵਾਰ ਉਹ ਕੋਈ ਥੈਲਾ ਜਾਂ ਝੋਲਾ ਜਿਹਾ ਲਿਆਉਂਦਾ।

ਉਸ ਵਿਚ ਕੁਝ ਭਰਿਆ ਹੁੰਦਾ। ਮੁੜਦੇ ਹੋਏ ਉਸ ਦਾ ਉਹ ਥੈਲਾ ਖਾਲੀ ਹੁੰਦਾ। ਕਦੇ ਉਹ ਪਿਤਾ ਲਈ ਖੁਰਚਣ ਜਾਂ ਕੋਈ ਕੱਪੜਾ ਲੈ ਆਉਂਦਾ। ਕਦੇ ਜਾਂਦੇ-ਜਾਂਦੇ ਉਨ੍ਹਾਂ ਦੇ ਕਮਰੇ ਵਿਚ ਚੁੱਪਚਾਪ ਝਾਤੀ ਮਾਰ ਲੈਂਦਾ। ਜੇ ਉਹ ਨਜ਼ਰ ਆ ਜਾਂਦੇ ਤਾਂ 'ਦਹਿਲੀਜ਼' ਚੋਂ ਹੀ ਪੁੱਛਦਾ।

"ਕੀ ਹਾਲ ਏ ?"

"ਠੀਕ ਹਾਂ।"

"ਫਿਰ ਆਵਾਂਗਾ।"

ਐਨੀ ਗੱਲ ਕਰ ਉਹ ਚਲਾ ਜਾਂਦਾ।

ਪਿਤਾ ਦੇ ਇਕੱਲੇ ਰਹਿ ਜਾਣ ਕਾਰਣ ਕਾਮਿਲ ਨੂੰ ਹੁਣ ਘਰ ਜਲਦੀ ਮੁੜਨਾ ਪੈਂਦਾ। ਘਰ ਦੇ ਕੰਮ ਲਈ ਉਸ ਨੇ ਇਕ ਵਿਧਵਾ ਔਰਤ ਨੂੰ ਰੱਖ ਲਿਆ ਸੀ। ਉਹ ਦੋਵੇਂ ਵੇਲੇ ਦਾ ਖਾਣਾ ਬਣਾ ਦੇਂਦੀ। ਪਾਣੀ ਭਰ ਦੇਂਦੀ। ਭਾਂਡੇ ਸਾਫ਼ ਕਰਦੀ। ਕੱਪੜੇ ਧੋ ਲੈਂਦੀ। ਕਦੇ ਉਹ ਨਾ ਆਉਂਦੀ ਤਾਂ ਕਾਮਿਲ ਹੇਠਾਂ ਕਿਸੇ ਹਲਵਾਈ ਦੀ ਦੁਕਾਨ ਤੋਂ ਕਚੌਰੀ ਜਾਂ ਖਾਣੇ ਦੀ ਪੂਰੀ ਥਾਲੀ ਲੈ ਆਉਂਦਾ। ਕਦੇ ਆਪੇ ਹੀ ਕੁਝ ਬਣਾ ਲੈਂਦਾ। ਸੌਣ ਤੋਂ ਪਹਿਲਾਂ ਪਿਤਾ ਨੂੰ ਚਾਹ ਬਣਾ ਕੇ ਦੇਂਦਾ। ਕੁਝ ਚਾਹ ਥਰਮਸ ਵਿਚ ਭਰ ਕੇ ਰਾਤ ਲਈ ਰੱਖ ਦੇਂਦਾ। ਠੰਡੀ ਹੋ ਜਾਣ ਤੇ ਉਹ ਆਪ ਹੀ ਚਾਹ ਗਰਮ ਕਰ ਲੈਂਦੇ। ਕਦੇ ਉਹ ਕਹਿੰਦੇ ਜਾਂ ਕਾਮਿਲ ਆਪ ਹੀ ਜ਼ਿੱਦ ਕਰਕੇ ਉਨ੍ਹਾਂ ਦੇ ਲੰਮੇ, ਸੁੱਕੇ ਵਾਲਾਂ ਵਿਚ ਤੇਲ ਲਗਾ ਕੇ ਕੰਘੀ ਕਰ ਦੇਂਦਾ। ਸਰਦੀਆਂ ਵਿਚ ਲਿਟਾ ਕੇ, ਪਿੰਡੇ ਤੇ ਤੇਲ ਦੀ ਮਾਲਿਸ਼ ਕਰ ਦੇਂਦਾ।

ਰਾਤ ਨੂੰ ਕਾਮਿਲ ਹੁਣ ਘਰ ਵਿਚ ਹੀ ਰਹਿੰਦਾ। ਪਿਤਾ ਕੋਲ ਉਸ ਦਾ ਬੈਠਣਾ ਵਧ ਗਿਆ ਸੀ। ਉਨ੍ਹਾਂ ਨੂੰ ਮੂਰਤੀ ਦਾ ਕੰਮ ਕਰਦੇ ਹੋਏ ਦੇਖਦਾ। ਉਹ ਮਿੱਟੀ ਲਿੱਬੜੇ ਹੱਥਾਂ ਨਾਲ ਕੁਝ ਘੜਦੇ ਰਹਿੰਦੇ। ਮੂਰਤੀ ਦੀ ਅਜੇ ਕੋਈ ਸ਼ਕਲ ਨਹੀਂ ਬਣੀ ਸੀ। ਬਸ ਅਜੇ ਮਿੱਟੀ ਦੇ ਢੇਲੇ ਵਰਗਾ ਹੀ ਸੀ। ਨਾ ਇਸਤਰੀ ਨਾ ਮਰਦ। ਕਦੇ ਬੁਰੀ ਤਰ੍ਹਾਂ ਥੱਕ ਜਾਂਦੇ ਤਾਂ ਦੀਵਾਰ ਉੱਤੇ ਉਸੇ ਤਰ੍ਹਾਂ ਹੀ ਸਿਰ ਟਿਕਾ ਕੇ ਸੌਂ ਜਾਂਦੇ। ਕਦੇ ਕਾਮਿਲ ਦੇਖਦਾ ਉਹ ਪੂਰੀ ਰਾਤ ਗਾਇਬ ਰਹਿੰਦੇ। ਸਵੇਰੇ ਪੁੱਛਦਾ ਤਾਂ ਉਹ ਹੌਲੀ ਜਿਹੇ ਕਹਿੰਦੇ, ਵਿਰਾਟ ਦੀ ਸ਼ਰਣ ਵਿਚ ਗਿਆ ਸੀ। ਕਦੇ ਉਹ ਇਕਦਮ ਪਸੀਨੇ ਨਾਲ ਭਿੱਜ ਜਾਂਦੇ। ਉਹ ਉਨ੍ਹਾਂ ਦੇ ਤਲਵੇ ਮਲਦਾ। ਕੁਝ ਦੇਰ ਉਹ ਡੂੰਘਾ ਸਾਹ ਲੈਂਦੇ, ਫਿਰ ਉਹ ਉੱਠ ਕੇ ਬੈਠ ਜਾਂਦੇ। ਉਨ੍ਹਾਂ ਦੇ ਚਿਹਰੇ ਦੀ ਚਮਕ ਪਰਤਣ ਲੱਗਦੀ।

"ਜ਼ਰਾ ਇਕ ਤੰਬਾਕੂ ਤਾਂ ਬਣਾ।"

ਕਾਮਿਲ ਚੌਕੀ ਤੇ ਰੱਖਿਆ ਤੰਬਾਕੂ ਦਾ ਸਾਮਾਨ ਮਿਲਾ ਕੇ ਤਲੀ ਉੱਤੇ ਚੂਨਾ, ਤੰਬਾਕੂ ਦੀ ਪੱਤੀ, ਪਿਸੀ ਲੌਂਗ ਤੇ ਇਲੈਚੀ ਰਗੜ ਕੇ ਇਕ ਚੂੰਢੀ ਬਣਾਉਂਦਾ ਤੇ ਉਨ੍ਹਾਂ ਨੂੰ ਦੇਂਦਾ।

"ਇਕ ਚੂੰਢੀ ਤੂੰ ਵੀ ਖਾ ਕੇ ਵੇਖ ਨਾ।" ਉਹ ਚਮਕਦੀਆਂ ਅੱਖਾਂ ਨਾਲ ਕਹਿੰਦੇ। ਕਾਮਿਲ ਹੱਸ ਪੈਂਦਾ, "ਦੁਨੀਆਂ ਵਿਚ ਕਿਹੜਾ ਬਾਪ ਅਜਿਹਾ ਹੋਏਗਾ ਜੋ ਪੁੱਤਰਾਂ ਨੂੰ ਇਹ ਸਿਖਾਉਂਦਾ ਏ।"

"ਅਸੀਂ ਹਾਂ। ਸਾਡੇ ਬਾਪ ਨੇ ਵੀ ਸਿਖਾਇਆ ਸੀ।"

"ਜ਼ਿਆਦਾ ਖਾਣ ਲੱਗ ਪਏ ਹੋ। ਡਾਕਟਰ ਕਹਿੰਦੇ ਹਨ, ਜ਼ਹਿਰ ਹੈ।"

"ਇਕ ਦਿਨ ਦਿਮਾਗ ਦੀ ਨਸ ਤੜਕੇਗੀ, ਫਿਰ ਪਤਾ ਲੱਗੇਗਾ ਕੌਣ ਕੀ ਏ।" ਇਕ ਰਾਤ ਰੋਟੀ ਖਾਂਦੇ ਹੋਏ ਕਾਮਿਲ ਨੂੰ ਕਹਿਣ ਲੱਗੇ,

"ਘਰ ਵਿਚ ਪਿਓ-ਪੁੱਤਰ ਇਕੱਲੇ ਹਾਂ। ਚੰਗਾ ਨਹੀਂ ਲੱਗਦਾ। ਵਿਆਹ ਕਰ ਲੈ।"

"ਕਿਸ ਨਾਲ ?"

"ਕਿਸੇ ਨਾਲ ਵੀ।"



"ਫਿਰ ਤਾਂ ਰਹਿਣ ਹੀ ਦਿਓ।"

"ਤੇਰੀ ਕਿਸੇ ਨਾਲ ਮੁਲਾਕਾਤ ਨਹੀਂ ਹੈ ?"

"ਹੈ ਤਾਂ ਸਹੀ।" ਕਾਮਿਲ ਕੁਝ ਪਲ ਰੁੱਕ ਕੇ ਬੋਲਿਆ। ਮੂੰਹ ਵਿਚ ਬੁਰਕੀ ਪਾਉਂਦੇ ਰੋਕ ਉਨ੍ਹਾਂ ਕਾਮਿਲ ਵੱਲ ਤੱਕਿਆ। ਉਹ ਚੁੱਪਚਾਪ ਸਿਰ ਝੁਕਾਏ ਰੋਟੀ ਖਾ ਰਿਹਾ ਸੀ।

"ਖਾ ਮੇਰੀ ਸਹੁੰ।"

"ਇਸ ਵਿਚ ਸਹੁੰ ਖਾਣ ਵਾਲੀ ਕਿਹੜੀ ਗੱਲ ਹੈ ?"

"ਕੀ ਨਾਂ ਏ ?"

"ਦਾਖਸ਼ਇਣੀ।"

"ਕੀ...? ਫਿਰ ਬੋਲ।"

"ਦਾਖਸ਼ਇਣੀ।"

"ਓਏ, ਇਹ ਤਾ ਸਾਖਿਆਤ ਮਾਂ ਦਾ ਨਾਂ ਹੈ। ਜਗਤ ਜਨਨੀ ਦਾ। ਉਨ੍ਹਾਂ ਨੇ ਹੱਥ ਦੀ ਬੁਰਕੀ ਥਾਲੀ ਵਿਚ ਛੱਡ ਦੋਵੇਂ ਹੱਥ ਜੋੜੇ। ਸਿਰ ਝੁਕਾਇਆ, "ਮੈਂ ਵੀ ਕਿੰਨਾ ਮੂਰਖ ਹਾਂ। ਐਨੇ ਮਹੀਨਿਆਂ ਤੋਂ ਮਾਂ ਦੀ ਮੂਰਤੀ ਬਣਾਉਣ ਵਿਚ ਲੱਗਾ ਹੋਇਆ ਹਾਂ। ਕੁਝ ਵੀ ਸਪੱਸ਼ਟ ਨਹੀਂ ਹੁੰਦਾ। ਕੁਝ ਵੀ ਨਹੀਂ ਦਿੱਸਦਾ। ਕਿਵੇਂ ਦਿੱਸਦਾ। ਕਿਵੇਂ ਰਚਦਾ ? ਸਾਖਿਆਤ ਮਾਂ ਹੀ ਜਦੋਂ ਸਾਹਮਣੇ ਹੋਵੇ ਤਾਂ ਉਸ ਦੇ ਚਰਨਾਂ ਵਿਚ ਨਾ ਜਾ ਕੇ ਕਲਪਨਾ ਵਿਚ ਜੀਅ ਰਿਹਾ ਹਾਂ। ਫਿਰ ਮਾਂ ਤਾਂ ਨਾਰਾਜ਼ ਹੋਏਗੀ ਹੀ। ਚਲੋ।" ਖਾਣਾ ਛੱਡ ਕੇ ਉਹ ਉੱਠ ਗਏ। ਕਾਮਿਲ ਨੇ ਉਨ੍ਹਾਂ ਨੂੰ ਦੇਖਿਆ। ਉਨ੍ਹਾਂ ਦੇ ਚਿਹਰੇ ਉੱਤੇ ਗਹਿਰੀ ਕਰੁਣਾ ਅਤੇ ਦੀਨਤਾ ਸੀ।

"ਕਿੱਥੇ ?"

"ਮਾਂ ਕੋਲ। ਹੁਣ ਕਿਸ ਗੱਲ ਦੀ ਦੇਰ ਕਰਨੀ।"

"ਅਜੇ ਅੱਧੀ ਰਾਤ ਹੈ।" ਕਾਮਿਲ ਨੇ ਉਨ੍ਹਾਂ ਦਾ ਹੱਥ ਫੜ ਲਿਆ, "ਰੋਟੀ ਖਾ ਲਓ, ਫਿਰ ਮਿਲਵਾਂਗਾ।"

"ਸੱਚ ?" ਉਨ੍ਹਾਂ ਨੇ ਬੇਯਕੀਨੀ ਨਾਲ ਪੁੱਛਿਆ।

"ਹਾਂ।"

ਉਹ ਫਿਰ ਬੈਠ ਗਏ। ਚੁੱਪਚਾਪ ਰੱਖੀ ਹੋਈ ਬੁਰਕੀ ਚੁੱਕ ਕੇ ਚਿੱਥਣ ਲੱਗੇ। ਕੁਝ ਦੇਰ ਤੱਕ ਖਾਂਦੇ ਰਹੇ, ਫਿਰ ਰੁੱਕ ਕੇ ਕਾਮਿਲ ਵੱਲ ਦੇਖਿਆ, ਉਨ੍ਹਾਂ ਨੂੰ "ਇਹ ਸਮਝ ਵਿਚ ਨਹੀਂ ਆ ਰਿਹਾ ਕਿ ਕੁੰਡਲ ਡਿੱਗ ਪਿਆ ਤਾਂ ਪਾਰਵਤੀ ਨੂੰ ਪਤਾ ਕਿਵੇਂ ਲੱਗਾ ? ਸੋਚੋ ਜ਼ਰਾ, ਉਹ ਤਾਂ ਆਪਣੇ ਵਿਚ ਲੀਨ ਹੈ। ਨ੍ਰਿਤ ਵਿਚ ਮਸਤ ਹੈ। ਦੋਵੇਂ ਅੱਖਾਂ ਜਗਤ ਤੋਂ ਪਰ੍ਹੇ ਇਹ ਪਰਮਾਨੰਦ ਵਿਚ ਅੱਧਮੁੰਦੀਆਂ ਪਈਆਂ ਹਨ। ਦੇਹੀ ਕੀ, ਹਰ ਅੰਗ ਸਮਾਧੀ ਵਿਚ ਹੈ। ਫਿਰ ਕਿਵੇਂ ਐਨੀ ਛੋਟੀ ਜਿਹੀ ਗੱਲ ਉਸ ਨੂੰ ਪਤਾ ਲੱਗੀ ?" ਫਿਰ ਉਹ ਇਕਦਮ ਉੱਛਲ ਕੇ ਖੜ੍ਹੇ ਹੋ ਗਏ, "ਔਹ ਹੈ! ਸੋਚਿਆ ਹੀ ਨਹੀਂ। ਜੇ ਪਾਰਵਤੀ ਦਾ ਤੀਸਰਾ ਨੇਤਰ ਬਣਾਵਾਂ ਤਾਂ ? ਉਸੇ ਤੋਂ ਡਿੱਗਾ ਹੋਇਆ ਕੁੰਡਲ ਦੇਖਦੀ ਹੈ...ਉਸੇ ਕਾਰਣ ਨ੍ਰਿਤ ਲੀਨ ਰਹਿੰਦੇ ਹੋਏ ਵੀ ਪੈਰ ਨਾਲ ਕੁੰਡਲ ਪਾਉਂਦੀ ਹੈ ਤੇ ਇਹ ਤੀਸਰਾ ਨੇਤਰ ਵੀ ਉਲਟਾ ਹੋਏਗਾ। ਸਾਰੇ ਜਗਤ ਦੀ ਪ੍ਰਤੱਖਤਾ ਨੂੰ ਅਸਵੀਕਾਰ ਕਰਨ ਵਾਲਾ ਰਚਨਾਤਮਕਤਾ ਦੀ ਨਵੀਂ ਸੱਤਾ, ਨਵੀਂ ਪਰਿਭਾਸ਼ਾ ਘੜਦਾ ਹੋਇਆ, ਮੂਰਤੀਕਲਾ ਵਿਚ ਨਵਾਂ ਫਾਰਮ, ਨਵਾਂ ਪ੍ਰਯੋਗ।" ਉਹ ਰੋਟੀ ਛੱਡ ਤੇਜ਼ੀ ਨਾਲ ਕਮਰੇ 'ਚੋਂ ਬਾਹਰ ਨਿਕਲ ਗਏ। ਬਾਹਰ ਖੁੱਲ੍ਹੀ ਥਾਂ ਤੇ ਰੱਖੀ ਬਾਲਟੀ ਦੇ ਪਾਣੀ ਨਾਲ ਹੱਥ ਧੋਤੇ ਉਨ੍ਹਾਂ ਨੇ। ਫਿਰ ਕਮਰੇ ਦੇ ਕੋਨੇ ਵਿਚ ਪਏ ਮਿੱਟੀ ਦੇ ਢੇਰ ਵਿਚ ਦੋਵੇਂ ਹੱਥ ਪਾ ਕੇ ਉਂਗਲਾਂ ਨਾਲ ਮਿੱਟੀ ਰਲਾਉਣ ਲੱਗੇ।

"ਦੇਖਿਆ ਤੂੰ ..ਮਾਂ ਦਾ ਨਾਂ ਲਿਆ ਤੇ ਹਨ੍ਹੇਰਾ ਨਸ਼ਟ ਹੋ ਗਿਆ।"

ਕਾਮਿਲ ਚੁੱਪਚਾਪ ਉਦਾਸ ਨਜ਼ਰਾਂ ਨਾਲ ਉਨ੍ਹਾਂ ਨੂੰ ਦੇਖ ਰਿਹਾ ਸੀ। ਉਨ੍ਹਾਂ ਦੇ ਗਲ੍ਹੇ ਦੀਆਂ ਹੱਡੀਆਂ ਨਿਕਲ ਆਈਆਂ ਸਨ। ਦੋਵੇਂ ਮੋਢੇ ਇਕਦਮ ਝੁਕ ਗਏ ਸਨ। ਤੰਬਾਕੂ ਖਾਣ ਕਾਰਣ ਹਰ ਵੇਲੇ ਲਾਰ ਵਹਿੰਦੀ ਰਹਿੰਦੀ ਸੀ। ਦੰਦ ਕਾਲੇ ਹੋ ਗਏ ਸਨ। ਇਕ ਲੰਮੀ ਗਹਿਰੀ ਨੀਂਦ ਦੀ ਉਡੀਕ ਵਿਚ ਅੱਖਾਂ ਵਿਚ ਗਹਿਰੀ ਥਕਾਵਟ, ਉਨੀਂਦਰਾ ਬਣਿਆ ਰਹਿੰਦਾ ਸੀ। ਕਈ ਵਾਰ ਬਾਹਰ ਨੰਗੇ ਪੈਰ ਚੱਲਦੇ ਰਹਿਣ ਕਾਰਨ ਅੱਡੀਆਂ ਦੀ ਚਮੜੀ ਫੱਟ ਗਈ ਸੀ।

ਅਚਾਨਕ ਮਿੱਟੀ ਰਲਾਉਣਾ ਛੱਡ ਉਹ ਝੁਕੇ। ਕਾਮਿਲ ਵੱਲ ਤੱਕਿਆ।

ਕਦੋਂ ਲੈ ਚੱਲੇਗਾ ?" ਉਨ੍ਹਾਂ ਨੇ ਕਾਮਿਲ ਤੋਂ ਪੁੱਛਿਆ।

"ਕਿੱਥੇ ?"

"ਮਾਂ ਦੇ ਦਰਸ਼ਨ ਕਰਵਾਉਣ।"

ਕਾਮਿਲ ਨੇ ਇਕ ਪਲ ਉਨ੍ਹਾਂ ਵੱਲ ਤੱਕਿਆ, ਫਿਰ ਹੌਲੀ ਜਿਹੀ ਹੱਸਿਆ, "ਪਹਿਲਾਂ ਮਾਂ ਤੋਂ ਤਾਂ ਪੁੱਛ ਲਵਾਂ।"

ਕਾਮਿਲ ਦਾ ਜੀਵਨ ਧਰਮਸਥਲ, ਅਨੰਤ ਸਰੂਪ ਅਤੇ ਆਪਣੇ ਪਿਤਾ ਵਿਚਕਾਰ ਸੀਮਤ ਹੋ ਗਿਆ। ਉਸ ਨੇ ਬੀ.ਏ. ਤੋਂ ਬਾਅਦ ਹੁਣ ਐੱਮ.ਏ. ਵਿਚ ਦਾਖ਼ਲਾ ਲੈ ਲਿਆ ਸੀ।

ਬਾਬੂ ਆਨੰਦ ਸਰੂਪ ਨੂੰ ਮਿਲਣ ਕਚਹਿਰੀ ਦੇ ਲੋਕ ਆਉਂਦੇ ਰਹਿੰਦੇ। ਕੁਝ ਪੁਰਾਣੇ ਵਕੀਲ, ਕੁਝ ਸਾਥੀ ਟਾਈਪਿਸਟ, ਕੁਝ ਮੁਨਸ਼ੀ, ਪੇਸ਼ਕਾਰ ਦਫ਼ਤਰਾਂ ਦੇ ਵੱਡੇ ਬਾਬੂ।

ਦਾਖਸ਼ਇਣੀ ਉਨ੍ਹਾਂ ਨੂੰ ਚਾਹ ਪਿਲਾਉਂਦੀ, ਫਿਰ ਪੁੱਛਦੀ।

"ਕਚਹਿਰੀ ਵਿਚ ਤਾਂ ਬਹੁਤ ਤਰ੍ਹਾਂ ਦੇ ਕੰਮ ਹੁੰਦੇ ਹੋਣਗੇ। ਕੁਝ ਦੱਸੋ ਨਾ। ਚਾਰ ਟਾਈਪਰਾਈਟਰ ਰੱਖ ਕੇ ਸਾਰੀ ਜ਼ਿੰਦਗੀ ਟਾਈਪ ਤਾਂ ਨਹੀਂ ਕਰਨੀ ਨਾ।"

ਮੁਹੱਲੇ ਦੇ ਜਾਂ ਦੂਰ ਦੇ ਰਿਸ਼ਤੇਦਾਰਾਂ ਨੂੰ ਵੀ ਕਹਿੰਦੀ,"ਕਚਹਿਰੀ ਦਾ ਕੋਈ ਵੀ ਕੰਮ ਹੋਵੇ ਤਾਂ ਦੱਸਣਾ। ਹੋ ਜਾਏਗਾ।"

ਧਰਮਸਥਲ ਵਿਚ ਹੁਣ ਬਹੁਤ ਭੀੜ ਹੋਣ ਲੱਗ ਪਈ ਸੀ। ਹੱਥਾਂ ਦੀ ਪੋਟਲੀ ਵਿਚ ਰੋਟੀ ਚੁੱਕੇ, ਮੋਢਿਆਂ ਤੇ ਛੋਟੇ ਬੱਚਿਆਂ ਨੂੰ ਬਿਠਾਏ, ਮੀਲਾਂ ਦੂਰੋਂ ਆਦਮੀ-ਔਰਤਾਂ ਮੁਕੱਦਮਿਆਂ ਲਈ ਆਉਂਦੇ। ਉਨ੍ਹਾਂ ਦੀ ਅੱਖਾਂ ਦੇ ਕੋਨਿਆਂ ਵਿਚ ਕੀਚ ਭਰੀ ਹੁੰਦੀ। ਚਿਹਰੇ ਉੱਤੇ ਗਹਿਰੀ ਥਕਾਵਟ ਨਾਲ ਪਿੰਡੇ ਨੂੰ ਘਸੀਟਦੇ ਹੋਏ ਉਹ ਇਸ ਇਮਾਰਤ ਤੋਂ ਉਸ ਇਮਾਰਤ ਵੱਲ ਦੌੜਦੇ ਰਹਿੰਦੇ। ਕਾਲੇ ਕੋਟ ਵਾਲਿਆਂ ਦੇ ਪੈਰ ਛੂੰਹਦੇ। ਅਦਾਲਤਾਂ ਦੇ ਦਰਵਾਜ਼ਿਆਂ ਦੇ ਬਾਹਰ ਬੈਠੇ, ਭੈਅ ਅਤੇ ਅਚਰਜ ਨਾਲ ਅੰਦਰ ਝਾਕਦੇ ਰਹਿੰਦੇ। ਅਰਦਲੀ ਦੀ ਪੁਕਾਰ, ਪੇਸ਼ਕਾਰ ਦੇ ਕਾਗਜ਼ਾਂ ਤਾਰੀਕਾਂ ਸੁਣਵਾਈ ਵਿਚਕਾਰ ਹੱਥਾਂ ਵਿਚ ਕਾਗਜ਼ਾਤ ਲਏ, ਬਸਤਿਆਂ ਵਿਚਕਾਰ ਸੌੜੀਆਂ ਤੰਗ ਗਲੀਆਂ ਉੱਤੇ, ਪਸੀਨਾ ਪੂੰਝਦੇ, ਬਦਬੂਦਾਰ ਪਾਣੀ ਦੇ ਢੇਰ, ਥੁੱਕ, ਪੀਕ, ਕੂੜੇ ਦੇ ਢੇਰਾਂ ਉੱਤੇ ਲਿੱਟਦੇ ਕੁੱਤਿਆਂ ਵਿਚਕਾਰ, ਉਹ ਇਕ ਅਦਾਲਤ ਤੋਂ ਦੂਸਰੀ ਅਦਾਲਤ, ਇਕ ਦਫ਼ਤਰ ਤੋਂ ਦੂਜੇ ਦਫ਼ਤਰ, ਇਨਸਾਫ਼ ਨੂੰ ਲੱਭਦੇ ਫਿਰਦੇ ਰਹਿੰਦੇ। ਕਿੱਥੇ ਹੈ ਇਨਸਾਫ਼ ? ਕਦੋਂ ਮਿਲੇਗਾ ? ਕਿਸ ਦੀਆਂ ਮੁੱਠੀਆਂ ਵਿਚ ਬੰਦ ਹੈ ? ਇਨਸਾਫ਼ ਦੀ ਉਡੀਕ ਕਰਦੇ ਹੋਏ ਧਰਮਸਥਲ ਦੀਆਂ ਚੌਕੋਰ ਛੱਤਾਂ ਵਾਲੀਆਂ ਇਮਾਰਤਾਂ ਦੇ ਗਲਿਆਰਿਆਂ ਉੱਤੇ ਪਏ ਤਖ਼ਤਿਆਂ ਉੱਤੇ ਲੰਮੇ ਪਏ, ਉਨ੍ਹਾਂ ਦੇ ਸਰੀਰ ਹੌਲੀ-ਹੌਲੀ ਸੁੱਕਦੇ ਜਾਂਦੇ। ਲੋਅਰ ਕੋਰਟ, ਸੈਸ਼ਨ ਕੋਰਟ, ਹਾਈਕੋਰਟ...ਕਾਨੂੰਨ ਦੀ ਇਕ ਧਾਰਾ ਤੋਂ ਦੂਸਰੀ ਧਾਰਾ, ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ, ਇਕ ਜਨਮ ਤੋਂ ਦੂਜਾ ਜਨਮ। ਜਨਮ-ਮ੍ਰਿਤੂ ਦੇ ਅੰਤਰੀਵ ਚੱਕਰ ਵਾਂਗ ਚਲਦਾ



ਨਿਆਂ ਚੱਕਰ। ਸ਼ਾਂਤ...ਹੌਲੀ-ਹੌਲੀ ਰੌਂਦਦਾ ਹੋਇਆ, ਇਹ ਇਕ ਕਰੂਰ ਮਾਇਆ ਜਗਤ ਸੀ, ਜਿਸ ਵਿਚ ਮਹਾਨੇਤਾਵਾਂ, ਨੈਤਿਕਤਾ, ਧਰਮ, ਰਾਜਾ, ਰਾਜ, ਦੰਡ, ਕਾਨੂੰਨ ਅਤੇ ਇਨਸਾਫ਼ ਦੀਆਂ ਟੀਸੀਆਂ ਉੱਤੇ, ਪੁੱਠੇ ਟੰਗੇ ਚਮਗਾਦੜਾਂ ਵਾਂਗ ਝੂਲਦੀਆਂ ਮ੍ਰਿਗ ਤ੍ਰਿਸ਼ਨਾਵਾਂ ਲਈ ਧਰਮਸਥਲ ਛੋਟਾ ਪੈਣ ਲੱਗ ਪਿਆ ਸੀ। ਪੁਰਾਣੀਆਂ ਇਮਾਰਤਾਂ ਦੀ ਥਾਂ ਕਈ ਮੰਜ਼ਿਲਾਂ ਉੱਚੀਆਂ ਇਮਾਰਤਾਂ ਬਣਾਉਣ ਦੀ ਗੱਲ ਸ਼ੁਰੂ ਹੋ ਚੁੱਕੀ ਸੀ।

ਇਕ ਦਿਨ ਬਾਬੂ ਆਨੰਦ ਸਰੂਪ ਨੂੰ ਮਿਲਣ ਆਏ। ਇਕ ਬੁੱਢੇ ਵਕੀਲ ਨੇ ਦਾਖਸ਼ਇਣੀ ਨੂੰ ਕਿਹਾ, "ਹੁਣ ਟਾਈਪਿੰਗ ਵਿਚ ਕੁਝ ਨਹੀਂ ਬਚਿਆ। ਬਹੁਤ ਲੋਕ ਹਨ। ਸੈਂਕੜੇ ਬੇਰੋਜ਼ਗਾਰ ਮੁੰਡੇ ਹੁਣ ਇਹੀ ਕੰਮ ਕਰਨ ਲੱਗ ਪਏ ਹਨ। ਕਾਮਿਲ ਨੂੰ ਕੋਈ ਦੂਜਾ ਕੰਮ ਕਰਨਾ ਚਾਹੀਦਾ ਹੈ।"

"ਹੋਰ ਕੀ,...ਦੱਸੋ, ਕੁਝ ?" ਦਾਖਸ਼ਇਣੀ ਨੇ ਪੁੱਛਿਆ।

"ਇਕ ਕੰਮ ਹੈ।" ਉਸ ਨੇ ਦਾਖਸ਼ਇਣੀ ਨੂੰ ਪਰ੍ਹੇ ਲਿਜਾ ਕੇ ਦੇਰ ਤੱਕ ਕੁਝ ਦੱਸਿਆ।

ਰਾਤ ਨੂੰ ਕਾਮਿਲ ਆਇਆ ਤਾਂ ਦਾਖਸ਼ਇਣੀ ਨੇ ਉਸ ਨੂੰ ਚਾਹ ਦਾ ਗਿਲਾਸ ਦੇ ਕੇ ਕਿਹਾ,

"ਕਚਹਿਰੀ ਵਿਚ ਰੋਜ਼ ਕੈਦੀਆਂ ਨਾਲ ਭਰੀਆਂ ਗੱਡੀਆਂ ਆਉਂਦੀਆਂ ਹਨ। ਉਨ੍ਹਾਂ ਸਾਰਿਆਂ ਦੇ ਘਰ ਵਾਲੇ ਕਚਹਿਰੀ ਆਉਂਦੇ ਹਨ। ਉਨ੍ਹਾਂ ਨੂੰ ਸਿਗਰੇਟ, ਰੋਟੀ, ਕੱਪੜੇ, ਰੁਪਏ ਆਦਿ ਦੇਂਦੇ ਹਨ। ਕੈਦੀਆਂ ਨੂੰ ਜੇਲ੍ਹ ਅੰਦਰ ਵੀ ਰੁਪਏ ਚਾਹੀਦੇ ਹੁੰਦੇ ਹਨ। ਉੱਥੇ ਵੀ ਉਨ੍ਹਾਂ ਨੂੰ ਸਭ ਕੁਝ ਮਿਲ ਜਾਂਦਾ ਹੈ। ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ। ਤੂੰ ਇਹ ਸਭ ਕਿਉਂ ਨਹੀਂ ਕਰਦਾ ?"

"ਕੀ ?" ਕਾਮਿਲ ਨੇ ਦਾਖਸ਼ਇਣੀ ਨੂੰ ਹੈਰਾਨੀ ਨਾਲ ਤੱਕਿਆ।

ਦਾਖਸ਼ਇਣੀ, ਕਾਮਿਲ ਕੋਲ ਬੈਠ ਗਈ। ਉਸ ਦੇ ਹੱਥ ਨੂੰ ਆਪਣੇ ਹੱਥਾਂ ਵਿਚ ਲੈ ਲਿਆ।

"ਮੈਂ ਪਤਾ ਕੀਤਾ ਹੈ। ਬਹੁਤ ਆਸਾਨ ਹੈ। ਤੂੰ ਕੈਦੀਆਂ ਨੂੰ, ਉਨ੍ਹਾਂ ਦੇ ਘਰਦਿਆਂ ਨੂੰ ਸੂਦ ਉੱਤੇ ਰੁਪਏ ਦਿਓ। ਸੈਂਕੜੇ ਕੈਦੀ ਹਨ। ਉਨ੍ਹਾਂ ਦੇ ਘਰ ਦੇ ਸੂਦ ਚੁਕਾਉਣ ਲਈ ਤਿਆਰ ਹਨ। ਬਾਜ਼ਾਰ ਤੋਂ ਵੀਹ ਗੁਣਾ ਜ਼ਿਆਦਾ ਵਿਆਜ ਵੀ। ਦਸ ਰੁਪਏ ਉੱਤੇ ਦੋ ਰੁਪਏ ਮਹੀਨਾ ਵਿਆਜ। ਤੂੰ ਤਾਂ ਜਾਣਦਾ ਹੀ ਹੈ ਸਾਰਿਆਂ ਨੂੰ। ਪੁਲਿਸ, ਵਕੀਲ, ਦਰੋਗਾ, ਜੇਲ੍ਹ। ਜ਼ਿਆਦਾ ਕੁਝ ਨਹੀਂ ਕਰਨਾ। ਸ਼ੁਰੂ ਵਿਚ ਬਸ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਤੂੰ ਇਹ ਸਭ ਕਰਦਾ ਏਂ। ਸਾਰੇ ਆਪਣੇ ਆਪ ਤੇਰੇ ਕੋਲ ਆਉਣ ਲੱਗਣਗੇ। ਮੈਂ ਪਤਾ ਕੀਤਾ ਹੈ। ਜ਼ਿਆਦਾ ਕੈਦੀ ਪਿੰਡਾਂ ਦੇ ਝਗੜਿਆਂ ਦੇ ਹੁੰਦੇ ਹਨ। ਉਨ੍ਹਾਂ ਕੋਲ ਜ਼ਮੀਨ ਹੁੰਦੀ ਹੈ। ਉਹ ਸਾਰੇ ਤੈਨੂੰ ਵਿਆਜ ਦੇ ਸਕਦੇ ਹਨ। ਕਰਜ਼ ਚੁੱਕਾ ਸਕਦੇ ਹਨ।"

"ਸਾਨੂੰ ਕੀ ਲੋੜ ਹੈ ?" ਕਾਮਿਲ ਬੋਲਿਆ, "ਸਿਲਾਈ ਸਕੂਲ ਵੀ ਹੈ। ਮੈਂ ਹੋਰ ਟਾਈਪਰਾਈਟਰ ਵਧਾ ਸਕਦਾ ਹਾਂ। ਫਿਰ ਐਨੇ ਪੈਸੇ ਦਾ ਕੀ ਕਰੇਂਗੀ ?"

"ਉਹ ਤੂੰ ਮੇਰੇ ਉੱਤੇ ਛੱਡ ਦੇ।" ਦਾਖਸ਼ਇਣੀ ਨੇ ਕਾਮਿਲ ਦੇ ਹੱਥੋਂ ਖਾਲੀ ਗਿਲਾਸ ਲੈ ਲਿਆ। "ਹੁਣ ਤੈਨੂੰ ਵੀ ਟਾਈਪਰਾਈਟਰ ਤੇ ਬੈਠਣ ਦੀ ਕੀ ਲੋੜ ਹੈ ? ਕੀ ਅਸੀਂ ਸਾਰੀ ਜ਼ਿੰਦਗੀ ਇੰਝ ਹੀ ਬਿਤਾਵਾਂਗੇ। ਫਿਰ ਕੋਈ ਵੀ ਮੁੰਡਾ ਇਹ ਕੰਮ ਕਰ ਸਕਦਾ ਹੈ, ਜਿਵੇਂ ਤੂੰ ਸ਼ੁਰੂ ਕੀਤਾ ਸੀ ਨਾਨਾ ਨਾਲ। ਹੁਣ ਤੂੰ ਕਿਸੇ ਹੋਰ ਨੂੰ ਰੱਖ ਲੈ। ਉਹ ਕੰਮ ਵੀ ਨਾਲ ਚੱਲਦਾ ਰਹੇਗਾ। ਪਹੀਆ ਇਕ ਵਾਰ ਘੁੰਮ ਜਾਏ ਤਾਂ ਆਪਣੀ ਗਤੀ ਨਾਲ ਘੁੰਮਦਾ ਰਹਿੰਦਾ ਹੈ।

ਕਾਮਿਲ ਕੁਝ ਨਾ ਬੋਲਿਆ।

"ਮੇਰੇ ਕੋਲ ਕੁਝ ਰੁਪਏ ਹਨ। ਕਰੀਬ ਦੋ ਹਜ਼ਾਰ। ਤੂੰ ਇਨ੍ਹਾਂ ਨਾਲ ਕੰਮ ਸ਼ੁਰੂ ਕਰ ਸਕਦਾ ਏਂ। ਕੈਦੀਆਂ ਦੇ ਵਕੀਲਾਂ ਤੱਕ ਇਹ ਗੱਲ ਪਹੁੰਚਾਉਣੀ ਏ ਬਸ। ਉਨ੍ਹਾਂ ਦੇ ਘਰਵਾਲੇ ਆਪੇ ਤੇਰੇ ਕੋਲ ਆਉਣਗੇ। ਮੈਂ ਸਾਰਾ ਹਿਸਾਬ ਰੱਖਾਂਗੀ। ਕਿਸ ਨੂੰ ਕਿੰਨਾ ਦਿੱਤਾ, ਕੀ ਵਿਆਜ ਏ, ਕਦੋਂ ਕੀ ਮਿਲਿਆ।"

ਦਾਖਸ਼ਇਣੀ, ਕਾਮਿਲ ਨਾਲ ਇਕਦਮ ਚਿਪਕ ਕੇ ਬੈਠ ਗਈ। "ਅਸੀਂ ਅਜੇ ਬਹੁਤ ਕੁਝ ਕਰਨਾ ਹੈ। ਆਉਣ ਵਾਲਾ ਸਮਾਂ ਕਿਸ ਨੇ ਦੇਖਿਆ ਹੈ ਤੇ ਪੈਸੇ ਤੋਂ ਵੱਧ ਚੰਚਲ ਕੌਣ ਹੈ ? ਤੈਨੂੰ ਨਹੀਂ ਪਤਾ, ਸਾਰੀ ਕਚਹਿਰੀ ਵਿਚ ਲੋਕ ਤੇਰਾ ਨਾਂ ਜਾਣਦੇ ਹਨ। ਪਛਾਣਦੇ ਹਨ। ਲੋਕ ਕਹਿੰਦੇ ਹਨ, ਕਾਮਿਲ ਕੁਝ ਵੀ ਕਰ ਸਕਦਾ ਏ। ਕਚਹਿਰੀ ਦੇ ਇਕ-ਇਕ ਕੋਨੇ, ਇਕ-ਇਕ ਪੱਥਰ ਨੂੰ ਪਛਾਣਦਾ ਏ। ਮੈਂ ਇੱਥੇ ਸਾਰਿਆਂ ਨੂੰ ਕਹਿੰਦੀ ਹਾਂ, ਕੋਈ ਕੰਮ ਕਚਹਿਰੀ ਦਾ ਹੋਵੇ ਤਾਂ ਦੱਸਣਾ। ਕਿੰਨਾ ਵੀ ਔਖਾ ਕਿਉਂ ਨਾ ਹੋਵੇ, ਹੋ ਜਾਏਗਾ। ਤੂੰ ਉਨ੍ਹਾਂ ਚਾਰ ਟਾਈਪਰਾਈਟਰਾਂ ਵਿਚ ਆਪਣੀ ਜ਼ਿੰਦਗੀ ਬਰਬਾਦ ਨਾ ਕਰ।"

ਦਾਖਸ਼ਇਣੀ ਨੇ ਕਾਮਿਲ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਉਸ ਦਾ ਚਿਹਰਾ ਇਕਦਮ ਕਾਮਿਲ ਦੇ ਸਾਹਮਣੇ ਸੀ। ਖੁੱਲ੍ਹੇ ਵਾਲ, ਗਹਿਰੀਆਂ ਕਾਲੀਆਂ ਅੱਖਾਂ...ਚਮਕਦਾਰ ਮੁਸ਼ਕੀ ਰੰਗ। ਉਸ ਨੇ ਆਪਣੀਆਂ ਬਾਹਾਂ ਨੂੰ ਹੋਰ ਕਸ ਲਿਆ ਅਤੇ ਮੁਸਕਰਾ ਪਈ।

"ਮੈਂ ਇੰਝ ਹੀ ਮਰਨ ਲਈ ਨਹੀਂ ਜੰਮੀ।" ਉਸ ਨੇ ਕਾਮਿਲ ਦੇ ਬੁੱਲ੍ਹ ਚੁੰਮ ਲਏ। ਕਾਮਿਲ ਨੇ ਉਸ ਦੀਆਂ ਅੱਖਾਂ 'ਚ ਦੇਖਿਆ ਅਨੰਦ ਭਰਪੂਰ। ਬਾਪੂ ਇਹੀ ਦੋ ਅੱਖਾਂ ਬਣਾਉਣਾ ਚਾਹੁੰਦੇ ਹਨ ਤੇ ਤੀਸਰੀ ਵੀ, ਜੋ ਸ੍ਰਿਸ਼ਟੀ ਚੱਕਰ ਦਾ ਨ੍ਰਿਤ ਕਰਦੇ ਹੋਏ ਵੀ, ਡਿੱਗੇ ਹੋਏ ਕੁੰਡਲ ਨੂੰ ਦੇਖ ਲੈਂਦੀ ਹੈ। ਉਸ ਨੂੰ ਪੈਰ ਦੇ ਅੰਗੂਠੇ ਨਾਲ ਵਾਪਿਸ ਪਾ ਲੈਂਦੀ ਹੈ। ਕਾਮਿਲ ਨੇ ਦਾਖਸ਼ਇਣੀ ਦੇ ਮੱਥੇ ਵਿਚਕਾਰ ਆਪਣਾ ਅੰਗੂਠਾ ਰੱਖ ਦਿੱਤਾ। ਉਸ ਨੂੰ ਦਬਾਉਂਦਾ ਗਿਆ। ਦਾਖਸ਼ਇਣੀ ਨੇ ਝਟਕੇ ਨਾਲ ਆਪਣਾ ਸਿਰ ਪਰ੍ਹੇ ਕਰ ਲਿਆ। ਉਸ ਨੇ ਹੈਰਾਨੀ ਨਾਲ ਕਾਮਿਲ ਨੂੰ ਤੱਕਿਆ।

"ਜੋ ਮੈਂ ਨਹੀਂ ਦੇਖ ਸਕਦਾ, ਉਹ ਤੂੰ ਦੇਖ ਲੈਂਦੀ ਏਂ। ਇੱਥੇ ਸ਼ਾਇਦ ਇਕ ਤੀਸਰੀ ਅੱਖ ਵੀ ਹੈ।" ਕਾਮਿਲ ਨੇ ਉਸ ਦੇ ਮੱਥੇ ਨੂੰ ਚੁੰਮ ਲਿਆ।

"ਹਾਂ।" ਦਾਖਸ਼ਇਣੀ ਖਿੜ ਗਈ, "ਤਾਂ ਹੀ ਤੈਨੂੰ ਇਸ ਜਨਮ ਵਿਚ ਲੱਭ ਲਿਆ।" ਉਸ ਨੇ ਆਪਣਾ ਸਿਰ ਕਾਮਿਲ ਦੇ ਸੀਨੇ ਤੇ ਟਿਕਾ ਦਿੱਤਾ। ਕਾਮਿਲ ਨੇ ਆਪਣਾ ਚਿਹਰਾ ਉਸ ਦੇ ਵਾਲਾਂ ਤੇ ਰੱਖ ਦਿੱਤਾ। ਉਹ ਸ਼ਾਮ ਦੀ ਆਰਤੀ ਕਰਕੇ ਆਈ ਸੀ। ਉਸ ਦੇ ਵਾਲਾਂ 'ਚੋਂ ਕਪੂਰ ਤੇ ਅਗਰਬੱਤੀ ਦੀ ਗੰਧ ਸੀ। ਕੇਸਾਂ ਵਿਚ ਰੁੱਖਾਪਣ ਵੀ ਸੀ। ਦੇਹ ਵਿਚ ਕੱਚੇ ਆਟੇ ਦੇ ਪੇੜੇ ਜਿਹੀ ਮਹਿਕ ਸੀ। ਕਾਫ਼ੀ ਦੇਰ ਤੱਕ ਉਹ ਇੰਝ ਹੀ ਬੈਠੇ ਰਹੇ। ਫਿਰ ਦਾਖਸ਼ਇਣੀ ਨੇ ਚਿਹਰਾ ਚੁੱਕਿਆ।

"ਮੇਰੇ ਸਕੂਲ ਵਿਚ ਇਕ ਔਰਤ ਮੇਰੇ ਨਾਲ ਸਿਲਾਈ ਸਿਖਾਉਂਦੀ ਹੈ। ਉਸ ਦਾ ਛੋਟਾ ਭਰਾ ਕੰਮ ਲੱਭ ਰਿਹਾ ਹੈ। ਮੈਂ ਕਿਹਾ, ਮੈਂ ਤੇਰੇ ਨਾਲ ਗੱਲ ਕਰਾਂਗੀ। ਮੈਂ ਦੇਖਿਆ ਹੈ ਉਸ ਨੂੰ। ਉਹ ਹੁਸ਼ਿਆਰ ਤੇ ਤੇਜ਼ ਹੈ। ਤੂੰ ਉਸ ਨੂੰ ਆਪਣੇ ਨਾਲ ਰੱਖ ਲੈ। ਟਾਈਪ ਮਸ਼ੀਨਾਂ ਦਾ ਕੰਮ ਉਹ ਸਮਝ ਲਵੇਗਾ। ਤੂੰ ਹੋਰ ਕਈ ਵੱਡੇ ਕੰਮ ਕਰ ਸਕਦਾ ਏਂ।"

"ਕੀ ਨਾਂ ਹੈ ?" ਕਾਮਿਲ ਨੇ ਪੁੱਛਿਆ।

"ਮਾਦਲ...।"

ਮੂਨ ਨੇ ਕਚਹਿਰੀ ਦੀ ਨੀਲਾਮੀ ਵਿਚ ਜੇਲ੍ਹ ਦੇ ਸਾਹਮਣੇ ਵਾਲੇ ਦਰਵਾਜ਼ੇ ਦੇ ਢਾਬੇ/ ਕੰਟੀਨ ਦਾ ਠੇਕਾ ਲੈ ਲਿਆ ਸੀ। ਲਾਇਰਸ ਐਸੋਸੀਏਸ਼ਨ ਵਾਲੇ ਕਮਰਿਆਂ ਦੇ ਟਾਈਪਰਾਈਟਰਾਂ ਉੱਤੇ ਲਗਾਤਾਰ ਟਾਈਪ ਹੋਣ ਵਾਲੀ ਡੀਡ, ਹਲਫ਼ਨਾਮੇ, ਮੁਕੱਦਮਿਆਂ ਦੀ ਅਪੀਲ ਵਗੈਰਾ ਦੇ ਸਾਫ਼-ਸੁਥਰੇ ਕਾਨੂੰਨੀ ਕੰਮ ਅਤੇ ਵਕੀਲਾਂ, ਨਿਆਂਧੀਸ਼ਾਂ ਵਿਚਕਾਰ ਉੱਠਣ-ਬੈਠਣ ਤੋਂ ਅਲੱਗ ਅਤੇ ਦੂਰ, ਕਾਮਿਲ ਨੇ ਆਪਣਾ ਨਵਾਂ ਕੰਮ ਉਸੇ ਢਾਬੇ ਦੇ ਅੰਦਰ ਵਾਲੇ ਉਸ ਛੋਟੇ ਕਮਰੇ ਵਿਚ ਸ਼ੁਰੂ ਕੀਤਾ, ਜਿਸ ਨੂੰ ਸਬਜ਼ੀਆਂ, ਆਟਾ, ਭਾਂਡਿਆਂ ਆਦਿ ਦਾ ਸਟੋਰ ਬਣਾਇਆ ਗਿਆ ਸੀ।



ਧਰਮਸਥਲ ਵਿਚ ਤਿੰਨ ਤਰ੍ਹਾਂ ਦੇ ਕੈਦੀ ਆਉਂਦੇ ਸਨ।

ਪਹਿਲੇ ਕੈਦੀ ਉਹ ਹੁੰਦੇ ਸਨ ਜੋ ਪੁਲਿਸ ਥਾਣਿਆਂ ਤੋਂ ਅਦਾਲਤ 'ਚ ਲਿਆਏ ਜਾਂਦੇ ਸਨ। ਇੱਥੇ ਉਨ੍ਹਾਂ ਦੀ ਜਮਾਨਤ ਹੁੰਦੀ ਤੇ ਉਹ ਛੱਡ ਦਿੱਤੇ ਜਾਂਦੇ ਜਾਂ ਫਿਰ ਜੇਲ੍ਹ ਭੇਜ ਦਿੱਤੇ ਜਾਂਦੇ। ਹੱਥਕੜੀ ਪਾਏ ਇਹ ਦੋ ਪੁਲਿਸ ਵਾਲਿਆਂ ਨਾਲ ਸ਼ਹਿਰ ਦੇ ਅਲੱਗ-ਅਲੱਗ ਹਿੱਸਿਆਂ ਤੋਂ ਅਤੇ ਕਦੇ ਬਾਹਰੋਂ ਵੀ ਆਉਂਦੇ। ਇਹ ਪੈਦਲ ਹੁੰਦੇ ਜਾਂ ਕਦੇ ਰਿਕਸ਼ੇ ਉੱਤੇ ਆ ਜਾਂਦੇ। ਇਹ ਉਹ ਹੁੰਦੇ, ਜਿਨ੍ਹਾਂ ਨੂੰ ਪੁਲਿਸ ਗੁਨਾਹ ਵਿਚ ਪਕੜ ਲੈਂਦੀ, ਫਿਰ ਧਰਮਸਥਲ ਵਿਚ ਪੇਸ਼ੀ ਮਗਰੋਂ ਉਨ੍ਹਾਂ ਦਾ ਫੈਸਲਾ ਆਉਂਦਾ।

ਦੂਸਰੇ ਕੈਦੀ ਉਹ ਹੁੰਦੇ ਜੋ ਜੇਲ੍ਹ ਵਿਚ ਬੰਦ ਹੁੰਦੇ ਅਤੇ ਜਿਨ੍ਹਾਂ ਦੇ ਮੁਕੱਦਮੇ ਚਲ ਰਹੇ ਹੁੰਦੇ। ਇਕ ਤਾਰੀਕ ਨੂੰ ਇਸ ਤਰ੍ਹਾਂ ਦੇ ਸਾਰੇ ਕੈਦੀਆਂ ਨੂੰ ਪੁਲਿਸ ਦੀਆਂ ਵੱਡੀਆਂ ਗੱਡੀਆਂ ਵਿਚ ਲਿਆਇਆ ਜਾਂਦਾ। ਇਹ ਗੱਡੀ ਚਾਰੋਂ ਪਾਸਿਆਂ ਚੌਕੋਰ ਖਾਨਿਆਂ ਵਾਲੀ ਜਾਲੀ ਨਾਲ ਬੰਦ ਹੁੰਦੀ, ਜਿਸ ਵਿਚ ਦੋ ਉਂਗਲਾਂ ਜਾ ਸਕਦੀਆਂ ਸਨ। ਗੱਡੀ ਅੰਦਰ ਉਹ ਸਾਰੇ ਕੈਦੀ ਤੁੰਨ ਦਿੱਤੇ ਜਾਂਦੇ। ਕੁਝ ਸੀਟ ਤੇ ਬੈਠ ਜਾਂਦੇ...ਕੁਝ ਗੋਡੇ ਮੋੜ ਕੇ ਬਸ ਦੇ ਫਰਸ਼ ਉੱਤੇ ਹੇਠਾਂ ਬੈਠ ਜਾਂਦੇ, ਕੁਝ ਜਾਲੀ ਨਾਲ ਮੂੰਹ ਜੋੜ ਖੜੇ ਰਹਿੰਦੇ। ਇਨ੍ਹਾਂ ਦੀ ਸੁਣਵਾਈ ਦੀ ਤਾਰੀਕ ਤੈਅ ਹੁੰਦੀ ਇਸ ਲਈ ਇਨ੍ਹਾਂ ਦੇ ਜਾਣਕਾਰ ਉਸ ਦਿਨ ਧਰਮਸਥਲ ਦੇ ਦਰਵਾਜ਼ੇ ਉੱਤੇ ਇੱਧਰ-ਉੱਧਰ ਖੜ੍ਹੇ, ਗੱਡੀ ਦੇ ਆਉਣ ਦਾ ਇੰਤਜ਼ਾਰ ਕਰਦੇ। ਜਿਉਂ ਹੀ ਗੱਡੀ ਆਉਂਦੀ, ਉਹ ਲੋਕ ਚਾਰੋਂ ਪਾਸਿਓਂ ਨਿਕਲ ਕੇ ਗੱਡੀ ਨੂੰ ਘੇਰ ਲੈਂਦੇ। ਬੇਚੈਨ, ਥੱਕੀਆਂ ਅੱਖਾਂ ਨਾਲ ਬੱਸ ਦੀ ਜਾਲੀ ਨਾਲ ਚਿਪਕ ਕੇ ਚਿਹਰਿਆਂ ਵਿਚ ਆਪਣੇ ਬੰਦੇ ਨੂੰ ਲੱਭਦੇ। ਸਾਰੇ ਕੈਦੀ ਇਕ-ਇਕ ਕਰਕੇ ਬੱਸ ਤੋਂ ਉੱਤਰਦੇ। ਉਨ੍ਹਾਂ ਸਾਰਿਆਂ ਦੇ ਹੱਥਾਂ ਵਿਚ ਰੱਸੀ ਜਾਂ ਹੱਥਕੜੀ ਬੱਝੀ ਹੁੰਦੀ। ਉਨ੍ਹਾਂ ਨੂੰ ਦੇਖਦੇ ਹੀ ਉਨ੍ਹਾਂ ਦੇ ਘਰਵਾਲੇ ਪੁਲਿਸ ਦੇ ਘੇਰੇ ਤੋਂ ਬਾਹਰ ਚੀਖ-ਚੀਖ ਕੇ ਉਨ੍ਹਾਂ ਨਾਲ ਗੱਲਾਂ ਕਰਨ ਲੱਗਦੇ। ਉਨ੍ਹਾਂ ਦੇ ਹੱਥਾਂ ਵਿਚ ਖਾਣ ਦਾ ਕੋਈ ਸਾਮਾਨ ਦੇਣ ਦੀ ਕੋਸ਼ਿਸ਼ ਕਰਦੇ। ਪੁਲਿਸ ਵਾਲਿਆਂ ਦੀ ਮਿੰਨਤ ਕਰਦੇ। ਆਸ-ਪਾਸ ਦੀਆਂ ਰੇਹੜੀਆਂ ਤੋਂ ਕੁਝ ਖਰੀਦ ਕੇ ਉਨ੍ਹਾਂ ਦੀਆਂ ਜੇਬ੍ਹਾਂ ਵਿਚ ਪਾਉਂਦੇ, ਹੱਥਾਂ ਵਿਚ ਫੜਾ ਦੇਂਦੇ। ਸਰਦੀਆਂ ਵਿਚ ਮੂੰਗਫਲੀ, ਗਰਮੀਆਂ ਵਿਚ ਖੀਰਾ, ਕਕੜੀ ਜਾਂ ਬੇਲ ਦਾ ਸ਼ਰਬਤ, ਬਾਰਿਸ਼ਾਂ ਵਿਚ ਛੱਲੀ ਆਦਿ ਹੁੰਦੀ। ਬਦਲੇ ਵਿਚ ਪੁਲਿਸ ਵਾਲੇ ਚਾਲ ਹੌਲੀ ਕਰ ਦੇਂਦੇ। ਰੁੱਕ ਕੇ ਉੱਪਰ ਆਸਮਾਨ ਉੱਤੇ ਉੱਡਦੇ ਹੋਏ ਕਾਵਾਂ ਵੱਲ ਦੇਖਣ ਲੱਗਦੇ।

ਕੈਦੀਆਂ ਨੂੰ ਮਿਲਣ ਆਏ ਇਹ ਲੋਕ ਰਿਸ਼ਤਿਆਂ ਵਿਚ ਵੱਖ-ਵੱਖ ਹੁੰਦੇ ਸਨ। ਕੋਈ ਔਰਤ ਗੋਦੀ ਵਿਚ ਛੋਟੇ ਬੱਚੇ ਨੂੰ ਹਵਾ ਵਿਚ ਚੁੱਕ ਕੇ ਕੈਦੀ ਨੂੰ ਵਿਖਾਉਂਦੀ। ਕਦੇ ਬੁੱਢੀ ਮਾਂ ਦਰਖ਼ਤ ਹੇਠਾਂ ਬੈਠੀ ਕੈਦੀਆਂ ਵਿਚ ਆਪਣੇ ਪੁੱਤਰ ਨੂੰ ਦੂਰੋਂ ਦੇਖਦੀ ਰਹਿੰਦੀ। ਕਦੇ ਜਵਾਨ ਭਰਾ ਭੱਜ ਕੇ ਵਕੀਲ ਕੋਲ ਦੌੜ ਜਾਂਦੇ। ਗੱਡੀ ਦੇ ਆਉਣ ਦੀ ਸੂਚਨਾ ਦੇਂਦੇ। ਇਨ੍ਹਾਂ ਕੈਦੀਆਂ ਵਿਚ ਹਰ ਉਮਰ ਦੇ ਲੋਕ ਹੁੰਦੇ। ਕੁਝ ਲੋਕਾਂ ਦੀਆਂ ਅੱਖਾਂ ਵਿਚ ਗਹਿਰਾ ਪਸ਼ਚਾਤਾਪ, ਪਛਤਾਵਾ ਹੁੰਦਾ, ਕੁਝ ਸਿਰ ਝੁਕਾਏ ਚੁੱਪਚਾਪ ਲੰਘਦੇ, ਕੁਝ ਹੱਸਦੇ ਹੋਏ ਉੱਤਰਦੇ। ਇਨ੍ਹਾਂ ਸਾਰਿਆਂ ਨੂੰ ਕਤਾਰ ਵਿਚ ਖੜ੍ਹਾ ਕਰਕੇ ਪੁਲਿਸ ਧਰਮਸਥਲ ਅੰਦਰ ਲੈ ਜਾਂਦੀ। ਬੰਬ ਪੁਲਿਸ ਕੋਲ ਚਾਰ ਕਮਰੇ ਇਸ ਲਈ ਬਣੇ ਹੋਏ ਸਨ। ਉਨ੍ਹਾਂ ਵਿਚ ਲੋਹੇ ਦੀਆਂ ਸੀਖਾਂ ਵਾਲੇ ਦਰਵਾਜ਼ੇ ਸਨ। ਕੈਦੀਆਂ ਦੀ ਇਹ ਕਤਾਰ ਜਦੋਂ ਤੱਕ ਉਨ੍ਹਾਂ ਦੇ ਕਮਰਿਆਂ ਵਿਚ ਪਹੁੰਚਦੀ, ਉਨ੍ਹਾਂ ਦੇ ਘਰਵਾਲੇ ਉਨ੍ਹਾਂ ਨਾਲ ਹੀ ਕਤਾਰ ਵਿਚ ਚੱਲਦੇ। ਉਨ੍ਹਾਂ ਨੂੰ ਛੂਹਣ ਦੀ ਕੋਸ਼ਿਸ਼ ਕਰਦੇ। ਉਨ੍ਹਾਂ ਦੀਆਂ ਲੋੜਾਂ ਪੁੱਛਦੇ। ਉਨ੍ਹਾਂ ਨੂੰ ਦੂਰ ਕਰਨ ਦੀ ਤਸੱਲੀ ਦੇਂਦੇ। ਧੀਰਜ ਤੇ ਹੌਂਸਲਾ ਦੇਂਦੇ। ਇਨ੍ਹਾਂ ਕੈਦੀਆਂ ਨੂੰ ਉਨ੍ਹਾਂ ਕਮਰਿਆਂ ਵਿਚ ਲਿਜਾ ਕੇ ਬੰਦ ਕਰ ਦਿੱਤਾ ਜਾਂਦਾ। ਸੀਖਾਂ ਵਾਲੇ ਬੂਹੇ ਬਾਹਰ ਖੁੱਲ੍ਹੀ ਥਾਂ ਤੇ ਦਰਖ਼ਤ ਹੇਠਾਂ ਜਾਂ ਕਿਸੇ ਦੂਜੀ ਇਮਾਰਤ ਦੇ ਗਲਿਆਰੇ ਵਿਚ ਉਨ੍ਹਾਂ ਦੇ ਘਰਵਾਲੇ ਬੈਠ ਜਾਂਦੇ। ਸੀਖਾਂ ਤੋਂ ਪਾਰ ਉਹ ਆਪਣੇ ਆਦਮੀ ਨੂੰ ਦੇਖ ਸਕਦੇ ਸਨ। ਸੀਖਾਂ ਅੰਦਰੋਂ ਉਹ ਆਪਣੇ ਘਰਦਿਆਂ ਨੂੰ।

ਇਨ੍ਹਾਂ ਕੈਦੀਆਂ ਨੂੰ ਬਹੁਤ ਕੁਝ ਚਾਹੀਦਾ ਹੁੰਦਾ ਸੀ। ਉਨ੍ਹਾਂ ਦੇ ਕੱਪੜੇ ਫਟੇ-ਪੁਰਾਣੇ ਹੁੰਦੇ। ਵਾਲਾਂ ਵਿਚ ਧੂੜ, ਮਿੱਟੀ ਜਮਾ ਹੁੰਦੀ। ਉਨ੍ਹਾਂ ਨੂੰ ਸਰਦੀਆਂ 'ਚ ਮੋਟਾ ਕੰਬਲ, ਗਰਮੀਆਂ ਵਿਚ ਕੋਈ ਪੰਖਾ ਚਾਹੀਦਾ ਹੁੰਦਾ। ਸਾਬੁਣ, ਤੇਲ ਤੇ ਧੋਤੇ ਕੱਪੜੇ ਚਾਹੀਦੇ ਹੁੰਦੇ, ਚੰਗਾ ਖਾਣਾ ਚਾਹੀਦਾ ਹੁੰਦਾ। ਘਰ ਵਾਲਿਆਂ ਦੇ ਪੱਤਰ ਚਾਹੀਦੇ ਹੁੰਦੇ। ਘਰ ਵਾਲਿਆਂ ਨੂੰ ਜ਼ਮੀਨਾਂ ਜਾਇਦਾਦਾਂ, ਕਾਨੂੰਨੀ ਲੜਾਈ ਅਤੇ ਪੈਸਿਆਂ ਦੇ ਇੰਤਜ਼ਾਮ ਬਾਰੇ ਲਿਖਣਾ ਹੁੰਦਾ। ਇਨ੍ਹਾਂ ਨੂੰ ਵਿਸ਼ਵਾਸ ਹੁੰਦਾ ਕਿ ਉਹ ਅਜੇ ਇਸ ਦੁਨੀਆਂ ਵਿਚ ਹਨ। ਅਜੇ ਸਭ ਕੁਝ ਖਤਮ ਨਹੀਂ ਹੋਇਆ। ਅਜੇ ਇਨਸਾਫ਼ ਹੋਏਗਾ। ਅਜੇ ਉਨ੍ਹਾਂ ਨੂੰ ਬਚਾ ਕੇ, ਛੁਡਾ ਕੇ ਬਾਹਰ ਕੱਢ ਦਿੱਤਾ ਜਾਏਗਾ। ਉਹ ਕੈਦੀ ਹੀ ਇਨ੍ਹਾਂ ਕਮਰਿਆਂ ਵਿਚ ਬੰਦ ਕੀਤੇ ਜਾਂਦੇ ਜਿਨ੍ਹਾਂ ਦੇ ਮੁਕੱਦਮੇ ਹੇਠਲੀਆਂ ਅਦਾਲਤਾਂ ਵਿਚ ਚੱਲ ਰਹੇ ਹੁੰਦੇ।

ਤੀਸਰੇ ਤਰ੍ਹਾਂ ਦੇ ਕੈਦੀ ਉਹ ਹੁੰਦੇ, ਜਿਨ੍ਹਾਂ ਦੇ ਮੁਕੱਦਮੇ ਉੱਪਰਲੀ ਅਦਾਲਤ ਵਿਚ ਹੁੰਦੇ। ਉਨ੍ਹਾਂ ਨੂੰ ਵੀ ਇਸੇ ਤਰ੍ਹਾਂ ਲਿਆਇਆ ਜਾਂਦਾ। ਸੁਣਵਾਈ ਤੱਕ ਉਨ੍ਹਾਂ ਨੂੰ ਬੰਦ ਰੱਖਣ ਦੀ ਜਗ੍ਹਾ ਦੂਸਰੀ ਹੁੰਦੀ। ਇਹ ਪੌੜੀਆਂ ਉੱਤਰ ਕੇ, ਤਹਿਖਾਨੇ ਵਿਚ ਬਣਿਆ ਇਕ ਲੰਮਾ ਕਮਰਾ ਸੀ। ਪੌੜੀਆਂ ਉੱਤੇ ਲੋਹੇ ਦੇ ਫਾਟਕ ਉੱਤੇ ਇਕ ਸਿਪਾਹੀ ਖਲੋਤਾ ਰਹਿੰਦਾ। ਕੈਦੀਆਂ ਦੇ ਹੇਠਾਂ ਉੱਤਰਨ ਮਗਰੋਂ ਉਹ ਫਾਟਕ ਬੰਦ ਹੋ ਜਾਂਦਾ। ਫਿਰ ਉਹ ਕੈਦੀ ਹੇਠਾਂ ਇਕ ਵੱਡੇ ਕਮਰੇ ਵਿਚ ਬੰਦ ਹੋ ਜਾਂਦੇ। ਇਨ੍ਹਾਂ ਦੇ ਘਰਵਾਲੇ ਇਨ੍ਹਾਂ ਨੂੰ ਸੀਖਾਂ ਪਿੱਛੇ ਨਾ ਦੇਖ ਪਾਉਂਦੇ। ਉਹ ਸਿਰਫ਼ ਪੌੜੀ ਦੇ ਲੋਹੇ ਦੇ ਗੇਟ ਤੱਕ ਉਨ੍ਹਾਂ ਨਾਲ ਆਉਂਦੇ, ਫਿਰ ਪਿੱਛੇ ਰਹਿ ਜਾਂਦੇ।

ਪੁਲਿਸ ਦੇ ਨਾਲ ਵਾਲੇ ਕਮਰਿਆਂ ਵਿਚ ਉਹ ਕਦੇ ਸਾਰੇ, ਕਦੇ ਵੱਖ-ਵੱਖ ਤੇ ਕਦੇ ਇਕੱਠੇ ਅਦਾਲਤਾਂ ਵਿਚ ਲਿਜਾਏ ਜਾਂਦੇ। ਉਨ੍ਹਾਂ ਦੇ ਲੋਕ ਫਿਰ ਦਰਖ਼ਤਾਂ ਹੇਠਿਓਂ ਹੜਬੜਾ ਕੇ ਉੱਠਦੇ ਤੇ ਉਨ੍ਹਾਂ ਦੇ ਪਿੱਛੇ ਭੱਜਦੇ। ਆਪਣੇ ਵਕੀਲ ਨੂੰ ਫੜ ਕੇ ਲਿਆਉਂਦੇ। ਹੱਥਕੜੀ ਵਿਚ ਜਕੜੇ ਉਹ ਸਾਰੇ ਜਾਨਵਰਾਂ ਦੇ ਝੁੰਡ ਵਾਂਗ ਘਸੀਟ ਕੇ, ਦੁਤਕਾਰਦੇ ਹੋਏ ਅਦਾਲਤ ਦੇ ਹਨ੍ਹੇਰੇ ਕੋਨੇ ਵਿਚ ਇਕ ਪਾਸੇ ਖੜੇ ਕਰ ਦਿੱਤੇ ਜਾਂਦੇ। ਘਰ ਵਾਲੇ ਦਰਵਾਜ਼ੇ ਦੇ ਬਾਹਰ ਜਾਂ ਅੰਦਰ ਕੁਝ ਦੂਰ ਆ ਕੇ ਖੜੇ ਹੋ ਜਾਂਦੇ। ਕਾਲਾ ਕੋਟ ਪਾ ਕੇ, ਹੜਬੜਾਉਂਦੇ ਹੋਏ, ਕਿਸੇ ਦੂਜੀ ਅਦਾਲਤ ਤੋਂ ਭੱਜਦਾ ਹੋਇਆ ਵਕੀਲ ਆਉਂਦਾ। ਅੰਦਰ ਆਪਣੇ ਚੈਂਬਰ ਤੋਂ ਨਿਕਲ ਕੇ ਧਰਮਾਧਿਕਾਰੀ ਆਉਂਦਾ। ਉਸ ਦੀ ਮੇਜ਼ ਕੋਲ ਕੁਝ ਦੂਸਰੇ ਮੁਕੱਦਮਿਆਂ ਦੇ ਵਕੀਲ ਵੀ ਖੜੇ ਹੁੰਦੇ। ਉਸ ਦਾ ਪੇਸ਼ਕਾਰ ਉਸ ਦੇ ਸਾਹਮਣੇ ਫਾਈਲ ਖਿਸਕਾ ਦੇਂਦਾ। ਝੁਕ ਕੇ ਕੰਨ ਵਿਚ ਹੌਲੀ ਜਿਹੀ ਕੁਝ ਕਹਿੰਦਾ। ਉਹ ਵਕੀਲਾਂ ਦੀ ਗੱਲ ਸੁਣਦਾ। ਉੱਡਦੀ ਨਿਗਾਹ ਨਾਲ ਝੁੰਡ ਵਿਚ ਖੜੇ ਲੋਕਾਂ ਵੱਲ ਤੱਕਦਾ। ਉਹ ਵਕੀਲਾਂ ਨਾਲ ਵੀ ਕੁਝ ਫੁਸਫੁਸਾ ਕੇ ਕਹਿੰਦਾ। ਫਿਰ ਉਨ੍ਹਾਂ ਸਾਰਿਆਂ ਨੂੰ ਅਗਲੀ ਤਾਰੀਖ ਦੇ ਦਿੱਤੀ ਜਾਂਦੀ। ਰਾਹਤ ਦਾ ਗਹਿਰੀ ਸਾਹ ਲੈਂਦੇ ਹੋਏ ਪੁਲਿਸ ਵਾਲੇ ਉਨ੍ਹਾਂ ਸਾਰਿਆਂ ਨੂੰ ਉਸੇ ਤਰ੍ਹਾਂ ਘਸੀਟ ਕੇ ਕਮਰੇ ਤੋਂ ਬਾਹਰ ਕੱਢਦੇ। ਘਰ ਵਾਲੇ ਸੁੰਨੀਆਂ ਤੇ ਬੇਬਸ ਨਿਗਾਹਾਂ ਨਾਲ ਹੱਥਕੜੀ ਵਿਚ ਜਕੜੇ ਆਪਣੇ ਆਦਮੀ ਨੂੰ ਜਾਂਦੇ ਹੋਏ ਦੇਖਦੇ। ਕਾਲੇ ਕੋਟ ਵਾਲੇ ਵਕੀਲ ਭੱਜਦੇ ਹੋਏ ਕਿਸੇ ਦੂਸਰੀ ਅਦਾਲਤ ਦੇ, ਦੂਸਰੇ ਮੁਕੱਦਮੇ ਦੀ ਪੈਰਵੀ ਵਿਚ ਚਲੇ ਜਾਂਦੇ। ਧਰਮਾਧਿਕਾਰੀ ਵਾਪਸ ਅੰਦਰ ਆਪਣੇ ਚੈਂਬਰ ਵਿਚ ਪਰਤ ਜਾਂਦੇ। ਪੇਸ਼ਕਾਰ ਤਾਰੀਕਾਂ ਵਧਾ ਕੇ ਅਗਲੀ ਤਾਰੀਕ ਦਾ ਐਲਾਨ ਕਰਦਾ, ਫਿਰ ਸਿਰ ਝੁਕਾ ਕੇ ਹਿਸਾਬ ਲਗਾਉਣ ਲੱਗਦਾ ਕਿ ਤਾਰੀਕ ਦੇਣ ਦੇ ਕਿਸ ਤੋਂ ਕਿੰਨੇ ਰੁਪਏ ਲੈਣੇ ਹਨ। ਸ਼ਾਮ ਤੱਕ ਉਸ ਦੀ ਇਹ ਗਿਣਤੀ ਸੈਂਕੜੇ ਰੁਪਿਆਂ ਤੱਕ ਪਹੁੰਚ ਜਾਂਦੀ। ਇਸ ਦੇ ਹਿੱਸੇ ਕਿਸ ਨੂੰ ਕਿੱਥੇ ਪਹੁੰਚਾਉਣੇ ਹਨ, ਉਹ ਇਹ ਹਿਸਾਬ ਵੀ ਜੇਬ੍ਹ ਵਿਚ ਕਾਗਜ਼ ਉੱਤੇ ਲਿਖ ਲੈਂਦਾ। ਜਿੰਨੀਆਂ ਜ਼ਿਆਦਾ ਤਾਰੀਕਾਂ, ਜਿੰਨੇ ਲੰਮੇ ਖਿੱਚਦੇ ਮੁਕੱਦਮੇ, ਓਨੇ ਰੁਪਏ। ਧਰਮਸਥਲ ਦੇ ਹਰ ਕਮਰੇ ਵਿਚ, ਹਰ ਕੋਨੇ ਵਿਚ ਇਹ ਹਿਸਾਬ ਪੋਟਿਆਂ ਉੱਤੇ ਨਿਰੰਤਰ ਚਲਦਾ ਰਹਿੰਦਾ। ਇਹ



ਹਿਸਾਬ ਕੈਦੀਆਂ ਦੇ ਪਿੱਛੇ ਅਹੁਲਦੇ, ਹੱਫਦੇ ਘਰਵਾਲੇ ਨਹੀਂ ਜਾਣਦੇ ਸਨ। ਉਹ ਦੂਜਾ ਹਿਸਾਬ ਲਗਾਉਂਦੇ ਕਿ ਅਗਲੇ ਤਾਰੀਕ ਵਿਚ ਕਿਵੇਂ, ਕਿੱਥੋਂ, ਕਿੰਨਾ ਰੁਪਿਆ ਲੈ ਕੇ ਆਉਣਾ ਪਏਗਾ।

ਅਦਾਲਤ ਵਿਚ ਸੁਣਵਾਈ ਤੋਂ ਬਾਅਦ, ਸਾਰੇ ਉਸ ਤਰ੍ਹਾਂ ਜੇਲ੍ਹ ਜਾਣ ਲਈ ਮੁੜਦੇ। ਬੱਸ ਵਿਚ ਚੜ੍ਹਨ ਤੋਂ ਪਹਿਲਾਂ ਉਹ ਕੁਝ ਦੇਰ ਤੱਕ ਆਪਣੇ ਘਰਵਾਲਿਆਂ ਨੂੰ ਦੇਖਦੇ ਰਹਿੰਦੇ। ਬੱਸ ਵਿਚ ਚੜ੍ਹਨ ਤੋਂ ਬਾਅਦ ਵੀ ਉਹ ਕੋਸ਼ਿਸ਼ ਕਰਦੇ ਕਿ ਜਾਲੀ ਕੋਲ ਬੈਠਣ ਤਾਂ ਕਿ ਉਨ੍ਹਾਂ ਨੂੰ ਦੇਖ ਸਕਣ। ਬੱਸ ਵਿਚ ਸਾਰਿਆਂ ਨੂੰ ਚੜ੍ਹਾਉਣ ਤੋਂ ਬਾਅਦ ਬੱਸ ਦਾ ਦਰਵਾਜ਼ਾ ਬੰਦ ਕਰਕੇ ਤਾਲਾ ਲੱਗਾ ਦਿੱਤਾ ਜਾਂਦਾ। ਉਦੋਂ ਬੱਸ ਕੁਝ ਦੇਰ ਲਈ ਰੋਕ ਦਿੱਤੀ ਜਾਂਦੀ। ਇਹੀ ਉਹ ਸਮਾਂ ਹੁੰਦਾ, ਜਦੋਂ ਘਰ ਦੇ ਲੋਕ ਪੰਜਿਆਂ ਦੇ ਬਲ ਉਚਕ ਕੇ ਜਾਲੀਆਂ ਅੰਦਰ ਦੋ ਉਂਗਲਾਂ ਪਾ ਕੇ ਉਨ੍ਹਾਂ ਨੂੰ ਛੂਹ ਲੈਂਦੇ। ਉਨ੍ਹਾਂ ਨਾਲ ਗੱਲ ਕਰ ਲੈਂਦੇ। ਐਨੇ ਨੇੜਿਓਂ ਉਹ ਇਕ-ਦੂਜੇ ਦੀਆਂ ਭਰੀਆਂ ਅੱਖਾਂ ਦੇਖ ਲੈਂਦੇ। ਇਕ-ਦੂਜੇ ਦਾ ਪਿੰਡੇ ਦੇ ਰੰਗ ਨੂੰ ਪਛਾਣ ਲੈਂਦੇ। ਕੁਝ ਦੇਰ ਉਂਗਲਾਂ ਛੂੰਹਣ ਮਗਰੋਂ ਔਰਤਾਂ ਪੱਲੇ ਵਿਚ ਮੂੰਹ ਲੁਕਾ ਕੇ ਰੋ ਪੈਂਦੀਆਂ। ਆਦਮੀ ਮੱਥੇ 'ਤੇ ਹੱਥ ਰੱਖ ਕੇ ਈਸ਼ਵਰ ਦੇ ਨਿਆਂ ਉੱਤੇ ਭਰੋਸਾ ਰੱਖਣ ਦਾ ਭਰੋਸਾ ਦੇਂਦੇ।

ਬੱਸ ਸਟਾਰਟ ਕਰਨ ਤੋਂ ਪਹਿਲਾਂ ਪੁਲਿਸ ਵਾਲੇ ਸਾਰਿਆਂ ਨੂੰ ਜਾਲੀਆਂ ਤੋਂ ਦੂਰ ਕਰ ਦੇਂਦੇ। ਬੱਸ ਸਟਾਰਟ ਹੋ ਕੇ ਕਾਲਾ ਧੂੰਆਂ ਛੱਡਦੀ, ਫਿਰ ਉਨ੍ਹਾਂ ਸਾਰਿਆਂ ਨੂੰ ਵਾਪਸ ਜੇਲ੍ਹ ਦੀਆਂ ਕੋਠੜੀਆਂ ਵਿਚ ਲੈ ਜਾਂਦੀ। ਸਾਰੇ ਫਿਰ ਖਿੰਡਰ ਕੇ, ਇੱਧਰ-ਉੱਧਰ ਝੁੰਡ ਵਿਚ ਖੜ੍ਹੇ, ਉਦੋਂ ਤੱਕ ਬੱਸ ਨੂੰ ਦੇਖਦੇ, ਜਦੋਂ ਤੱਕ ਉਹ ਢਾਲਾਨ ਤੋਂ ਉੱਤਰ ਕੇ ਗਵਾਚ ਨਾ ਜਾਂਦੀ।

ਇਹ ਸਾਰੇ ਗਰੀਬ, ਮਜ਼ਬੂਰ ਵਾਂਝੇ ਲੋਕ ਹੁੰਦੇ ਸਨ। ਜੋ ਸੰਪੰਨ ਸਨ, ਜੋ ਸ਼ਕਤੀਸ਼ਾਲੀ ਸਨ, ਉਹ ਜਾਣਦੇ ਸਨ ਕਿ ਧਰਮਸਥਲ ਵਿਚ ਜਿਸ ਕਾਨੂੰਨ ਦੀ ਪ੍ਰਾਣ-ਪ੍ਰਤਿਸ਼ਠਾ ਹੁੰਦੀ ਹੈ, ਉਸ ਨੂੰ ਕਿਵੇਂ ਚੀਰ-ਫਾੜ ਦਿੱਤਾ ਜਾਂਦਾ ਹੈ, ਜੋ ਅਪਰਾਧ ਜਗਤ ਵਿਚ ਲਿਪਤ ਸਨ, ਉਹ ਜਦੋਂ ਚਾਹੁੰਦੇ ਜੇਲ੍ਹ ਵਿਚ ਆਪਣੇ ਪਰਿਚਿਤਾਂ ਨੂੰ ਮਿਲ ਲੈਂਦੇ। ਜੋ ਸਾਮਾਨ ਚਾਹੁੰਦੇ, ਉਨ੍ਹਾਂ ਨੂੰ ਪਹੁੰਚਾ ਦੇਂਦੇ। ਉਹ ਇਸ ਤਰ੍ਹਾਂ ਇਨ੍ਹਾਂ ਗੱਡੀਆਂ ਦੀ ਉਡੀਕ ਨਾ ਕਰਦੇ। ਉਹ ਇਸ ਤਰ੍ਹਾਂ ਨਾ ਰੋਂਦੇ। ਉਨ੍ਹਾਂ ਦੇ ਪਰਿਚਿਤ ਇਸ ਤਰ੍ਹਾਂ ਜੇਲ੍ਹ ਵਿਚ ਮੁਕੱਦਮਿਆਂ ਦੌਰਾਨ ਕਦੇ ਬੰਦ ਨਾ ਹੁੰਦੇ। ਧਰਮਸਥਲ ਦੇ ਕਾਨੂੰਨਾਂ ਨੂੰ, ਧਾਰਾਵਾਂ ਨੂੰ ਉਹ ਖਰੀਦ ਸਕਦੇ ਸਨ, ਉਸ ਲਈ ਲੜ ਸਕਦੇ ਸਨ। ਉਨ੍ਹਾਂ ਦੀਆਂ ਅੱਖਾਂ ਉੱਤੇ ਕਾਲੀ ਐਨਕ, ਹੱਥਾਂ ਵਿਚ 555 ਸਿਗਰੇਟ ਦੀ ਡਿੱਬੀ ਅਤੇ ਜਿਸਮ ਉੱਤੇ ਸਫ਼ਾਰੀ ਸੂਟ ਹੁੰਦਾ। ਉਹ ਜਦੋਂ ਗੱਡੀਆਂ ਤੋਂ ਉੱਤਰਦੇ ਤਾਂ ਪੁਲਿਸ ਉਨ੍ਹਾਂ ਦੇ ਪਿੱਛੇ ਹੁੰਦੀ। ਕਾਨੂੰਨ ਦੀ ਵਿਆਖਿਆ ਉਹ ਆਪ ਤੈਅ ਕਰਦੇ। ਧਾਰਾਵਾਂ ਨੂੰ ਤਹਿਖਾਨਿਆਂ ਦੇ ਹਨੇਰਿਆਂ ਵਿਚੋਂ ਵੀ ਲੱਭ ਲਿਆਉਣ ਦੀ ਸਮਰੱਥਾ ਰੱਖਦੇ ਸਨ। ਗੱਡੀਆਂ ਦੀ ਉਡੀਕ ਕਰਨ ਵਾਲੇ ਲੋਕ ਇਨ੍ਹਾਂ ਪ੍ਰਾਵਧਾਨਾਂ ਨੂੰ ਜਾਣਨ ਤੋਂ ਬਾਅਦ ਹੀ ਅਸਮਰੱਥ ਸਨ। ਜਦੋਂ ਉਨ੍ਹਾਂ ਦਾ ਵਕੀਲ ਉਨ੍ਹਾਂ ਨੂੰ ਇਨ੍ਹਾਂ ਬਾਰੇ ਦੱਸਦਾ, ਇਸ ਦਾ ਖਰਚਾ ਵੀ ਦੱਸਦਾ, ਤਾਂ ਉਹ ਫਟੀਆਂ ਅੱਖਾਂ ਨਾਲ ਉਸ ਨੂੰ ਦੇਖਦੇ, ਫਿਰ ਹੱਥ ਉੱਪਰ ਚੁੱਕ ਕੇ ਪ੍ਰਮਾਤਮਾ ਤੋਂ ਇਨਸਾਫ਼ ਦੀ ਮੰਗ ਕਰਨ ਲੱਗਦੇ। ਉਸ ਦੇ ਸਹਾਰੇ ਦੀ ਉਮੀਦ ਵਿਚ ਗਰਮ ਸਾਹ ਛੱਡਦੇ।

ਪਰ ਧਰਮਸਥਲ ਇਸੇ ਧਰਤੀ ਉੱਤੇ ਸੀ। ਇੱਥੇ ਉਸੇ ਦਾ ਇਨਸਾਫ਼ ਸੀ ਤੇ ਇੱਥੇ ਕਿਸੇ ਵੀ ਸਹਾਰੇ ਲਈ ਉਨ੍ਹਾਂ ਕੋਲ ਇਕੋ ਹੀ ਆਦਮੀ ਸੀ...ਕਾਮਿਲ।

ਮੂਨ ਦਾ ਢਾਬਾ ਜੇਲ੍ਹ ਦੇ ਸਾਹਮਣੇ ਹੋਣ ਕਾਰਨ ਕਾਮਿਲ ਦਾ ਕੈਦੀਆਂ ਵਾਲਾ ਨਵਾਂ ਕੰਮ ਆਸਾਨ ਹੋ ਗਿਆ।

ਦਾਖਸ਼ਇਣੀ ਨੇ ਉਸ ਨੂੰ ਜੋੜ ਕੇ ਰੱਖੇ ਰੁਪਏ ਦੇ ਦਿੱਤੇ ਸਨ। ਇਹ ਸਾਰੇ ਨੋਟ, ਸਿੱਕੇ ਉਸ ਨੇ ਕਾਮਿਲ ਸਾਹਮਣੇ ਹੀ ਕੱਢੇ। ਉਹ ਅਲੱਗ-ਅਲੱਗ ਥਾਵਾਂ ਉੱਤੇ ਰੱਖੇ ਹੋਏ ਸਨ। ਨੋਟ ਬੁਰੀ ਤਰ੍ਹਾਂ ਕੁਚਲੇ

ਹੋਏ ਸਨ। ਉਹ ਜਿੱਥੋਂ ਵੀ ਕੱਢੇ ਗਏ ਸਨ, ਉੱਥੇ ਉਹ ਬਹੁਤ ਦੇਰ ਦੇ ਦਬਾ ਕੇ ਰੱਖੇ ਗਏ ਸਨ। ਉਹ ਪੱਲੇ ਨਾਲ ਬੱਝੇ, ਤਾਬੀਜ਼ ਵਿਚ ਸਨ, ਮਿੱਟੀ ਦੀ ਗੋਲਕ ਵਿਚ ਸਨ, ਕੱਪੜਿਆਂ ਦੀਆਂ ਤਹਿਆਂ ਵਿਚ ਸਨ। ਉਹ ਭਾਂਡਿਆਂ ਵਿਚ ਸਨ, ਪਸੀਨੇ ਨਾਲ ਭਿੱਜੀਆਂ ਜੇਬ੍ਹਾਂ ਵਿਚ ਸਨ। ਉਨ੍ਹਾਂ ਉੱਤੇ ਧੱਬੇ ਸਨ, ਕਾਲਿਖ ਸੀ, ਸਿੰਦੂਰ ਦੇ, ਕਾਜਲ ਦੇ ਰੰਗ ਸਨ, ਉਨ੍ਹਾਂ ਵਿਚ ਪੁਰਾਣੇ ਕਾਗਜ਼ਾਂ ਦੀ ਗੰਧ ਸੀ, ਮਸਾਲਿਆਂ ਦੀ, ਅੰਨ ਦੀ, ਸਿਲ੍ਹੇਪਨ ਦੀ ਮਹਿਕ ਸੀ। ਉਨ੍ਹਾਂ ਸਾਰਿਆਂ ਦੀ ਇਕ ਗੱਡੀ ਬਣਾ ਕੇ ਉਸ ਨੇ ਚੌਕੀ ਉੱਤੇ ਰੱਖੀ। ਮੂਰਤੀ ਦੇ ਚਰਣਾਂ ਨਾਲ ਛੂਹਾ ਕੇ ਕਾਮਿਲ ਨੂੰ ਦੇ ਦਿੱਤੀ ਸੀ।

ਮੂਨ ਦੇ ਢਾਬੇ ਵਿਚ ਬੈਠ ਕੇ ਕਾਮਿਲ ਨੇ ਸਾਰੀ ਯੋਜਨਾ ਬਣਾਈ ਸੀ। ਜੇਲ੍ਹ ਨਾਲ ਸਟੀ ਪੁਲਿਸ ਲਾਈਨ ਅਤੇ ਬੈਰਕਾਂ ਵਿਚ ਰਹਿਣ ਵਾਲੇ ਸਿਪਾਹੀ ਵੀ ਮੂਨ ਦੇ ਢਾਬੇ ਵਿਚ ਖਾਂਦੇ ਸਨ। ਧਰਮਸਥਲ ਬੰਦ ਹੋਣ ਤੋਂ ਬਾਅਦ ਮੂਨ ਢਾਬੇ ਦਾ ਸੜਕ ਵਾਲੇ ਪਾਸੇ ਦਾ ਹਿੱਸਾ ਵੀ ਪੂਰਾ ਖੋਲ੍ਹ ਦੇਂਦਾ। ਉਸ ਪਾਸੇ ਸਿਰਫ਼ ਸਿਪਾਹੀ ਸਨ। ਪਰੇਡ ਗਰਾਊਂਡ, ਪੁਲਿਸ ਲਾਈਨ, ਜੇਲ੍ਹ ਅਤੇ ਸਿਪਾਹੀਆਂ ਦੇ ਰਹਿਣ ਦੀਆਂ ਪੁਰਾਣੀਆਂ ਬੈਰਕਾਂ ਸਨ। ਮੂਨ ਨੂੰ ਹਰ ਸਿਪਾਹੀ ਜਾਣਦਾ ਸੀ, ਮੂਨ ਹਰ ਸਿਪਾਹੀ ਨੂੰ। ਸਾਰਿਆਂ ਦੇ ਉਧਾਰ ਖਾਤੇ ਮੂਨ ਦੀ ਦੁਕਾਨ ਉੱਤੇ ਚਲਦੇ ਸਨ। ਮੂਨ ਕੁਝ ਨੂੰ ਰਾਤ ਨੂੰ ਅੰਦਰਲੇ ਕਮਰੇ ਵਿਚ ਬੈਠਾ ਕੇ ਸ਼ਰਾਬ ਪੀਣ ਦੀ ਛੋਟ ਵੀ ਦੇ ਦੇਂਦਾ ਸੀ।

ਮੂਨ ਨੇ ਜੇਲ੍ਹ ਦੇ ਕੁਝ ਸਿਪਾਹੀਆਂ ਨਾਲ ਕਾਮਿਲ ਨੂੰ ਮਿਲਵਾਇਆ। ਇਸ ਵਿਚ ਗੱਡੀ ਦੇ ਤਿੰਨ ਡਰਾਈਵਰ ਅਤੇ ਰਿਕਾਰਡ ਰੂਮ ਦੇ ਮੁਨਸ਼ੀ ਵੀ ਸਨ। ਜਿਨ੍ਹਾਂ ਕੈਦੀਆਂ ਦੀ ਤਾਰੀਕ ਪੈਂਦੀ ਸੀ, ਉਨ੍ਹਾਂ ਨਾਲ ਇਕ ਦਿਨ ਪਹਿਲਾਂ ਹੀ ਉਹ ਸਿਪਾਹੀ ਗੱਲ ਕਰ ਲੈਂਦੇ ਸਨ। ਬਾਹਰੋਂ ਕੀ ਚਾਹੀਦਾ ਹੈ ? ਖਾਣ ਦੇ ਪੈਕੇਟ, ਰੇਜਰ, ਬਲੇਡ, ਚਾਰ ਡੱਬੀਆਂ ਕੈਵੇਂਡਰਸ, ਖੁਸ਼ਬੂ ਵਾਲਾ ਤੇਲ, ਨਵੇਂ ਕੱਪੜੇ, ਬੀਵੀ ਨਾਲ ਮੁਲਾਕਾਤ, ਰੁਪਏ। ਇਹ ਲਿਸਟ ਕਾਮਿਲ ਕੋਲ ਪਹੁੰਚ ਜਾਂਦੀ। ਹਰ ਕੈਦੀ ਦੇ ਨਾਂ ਅੱਗੇ ਉਸ ਦੀ ਜ਼ਰੂਰਤ ਲਿਖੀ ਹੁੰਦੀ।

ਗੱਡੀਆਂ ਤੋਂ ਉੱਤਰਨ ਮਗਰੋਂ ਇਹ ਕੈਦੀ ਬੰਮ ਪੁਲਿਸ ਦੇ ਨਾਲ ਵਾਲੇ ਕਮਰਿਆਂ ਵਿਚ ਬੰਦ ਕਰ ਦਿੱਤੇ ਜਾਂਦੇ। ਖਾਣ ਦੇ ਪੈਕੇਟ ਉੱਥੇ ਹੀ ਉਨ੍ਹਾਂ ਨੂੰ ਦੇ ਦਿੱਤੇ ਜਾਂਦੇ। ਸੀਖਾਂ ਕੋਲ ਸੰਤਰੀ ਉਨ੍ਹਾਂ ਦੇ ਘਰਦਿਆਂ ਨੂੰ ਥੋੜ੍ਹੀ-ਥੋੜ੍ਹੀ ਦੇਰ ਬਾਅਦ ਭਜਾਉਂਦੇ ਰਹਿੰਦੇ, ਪਰ ਖਾਣ ਦੇ ਪੈਕੇਟ ਅੰਦਰ ਪਹੁੰਚਾ ਦੇਂਦੇ। ਉਨ੍ਹਾਂ ਦੀ ਮਾਂ, ਬੀਵੀ ਜਾਂ ਪਿਤਾ ਬਾਹਰ ਦਰਖ਼ਤ ਹੇਠਾਂ ਜਾਂ ਗਲਿਆਰੇ ਵਿਚ ਜਾਂ ਸਲਾਖਾਂ ਸਾਹਮਣੇ ਬੰਮ ਪੁਲਿਸ ਦੀ ਦੀਵਾਰ ਨਾਲ ਚਿਪਕੇ ਉਨ੍ਹਾਂ ਨੂੰ ਖਾਣਾ ਖਾਂਦੇ ਦੇਖਦੇ ਰਹਿੰਦੇ। ਉਹ ਕੈਦੀ ਜਦੋਂ ਵਾਪਸ ਜਾਂਦੇ ਤਾਂ ਗੱਡੀ ਵਿਚ ਚੜ੍ਹਾਏ ਜਾਣ ਤੋਂ ਪਹਿਲਾਂ ਉਨ੍ਹਾਂ ਦਾ ਸਾਮਾਨ ਸਿਪਾਹੀਆਂ ਨੂੰ ਦੇ ਦਿੱਤਾ ਜਾਂਦਾ, ਜੋ ਬਾਅਦ ਵਿਚ ਉਨ੍ਹਾਂ ਦੀ ਕੋਠੜੀ ਵਿਚ ਪਹੁੰਚ ਜਾਂਦਾ।

ਕਾਮਿਲ ਪੂਰਾ ਹਿਸਾਬ ਰੱਖਦਾ। ਛੋਟੀ ਲੇਜਰ ਬੁੱਕ ਵਿਚ ਕੈਦੀਆਂ ਦੇ ਨਾਂ ਦਾ ਖਾਤਾ ਖੁੱਲ੍ਹਾਂ ਰਹਿੰਦਾ। ਉਸ ਵਿਚ ਖਰਚ ਦਾ ਬਿਉਰਾ ਲਿਖਿਆ ਹੁੰਦਾ। ਸੂਦ ਉੱਤੇ ਦਿੱਤੀ ਜਾਣ ਵਾਲੀ ਰਕਮ ਚੜ੍ਹੀ ਹੁੰਦੀ, ਵਿਆਜ ਚੜ੍ਹਿਆ ਹੁੰਦਾ। ਇਸ ਪੈਸੇ ਦੇ ਭੁਗਤਾਨ ਦੀ ਜ਼ਿੰਮੇਵਾਰੀ ਜਾਂ ਤਾਂ ਵਕੀਲ ਰਾਹੀਂ ਤੈਅ ਹੁੰਦੀ ਜਾਂ ਜੇਲ੍ਹ ਦੇ ਸਿਪਾਹੀਆਂ ਰਾਹੀਂ। ਕੈਦੀਆਂ ਦੀ ਪਿੱਛਲੀ ਪੇਸ਼ੀ ਦਾ ਹਿਸਾਬ ਅਗਲੀ ਪੇਸ਼ੀ ਵਿਚ ਸਾਫ਼ ਹੋਣਾ ਜ਼ਰੂਰੀ ਸੀ। ਇੰਝ ਨਾ ਹੋਣ ਤੇ ਉਸ ਤੋਂ ਬਾਅਦ ਵਾਲੀ ਪੇਸ਼ੀ ਵਿਚ ਕੈਦੀ ਨੂੰ ਕੁਝ ਨਾ ਮਿਲਦਾ। ਉਸ ਦੇ ਘਰਵਾਲੇ ਵਕੀਲ ਦੀ ਫੀਸ ਨਾਲ ਕਾਮਿਲ ਦੇ ਰੁਪਏ ਵੀ ਨਾਲ ਲੈ ਕੇ ਆਉਂਦੇ।

ਕਾਮਿਲ ਦੇ ਕੈਦੀਆਂ ਦਾ ਦਾਇਰਾ ਵੀ ਵੱਧ ਗਿਆ ਸੀ। ਸ਼ਹਿਰੋਂ ਬਾਹਰੋਂ ਜੋ ਕੈਦੀ ਧਰਮਸਥਲ ਵਿਚ ਆਉਂਦੇ, ਜਿਨ੍ਹਾਂ ਨੇ ਸ਼ਾਮ ਨੂੰ ਵਾਪਸ ਮੁੜਨਾ ਹੁੰਦਾ, ਉਹ ਵੀ ਕਾਮਿਲ ਨੂੰ ਲੱਭਣ ਲੱਗ ਪਏ ਸਨ। ਸ਼ਾਮ ਨੂੰ ਜੇ ਗੱਡੀ ਨਾ ਜਾਂਦੀ ਤਾਂ ਉਹ ਵਾਪਸ ਮੁੜ ਨਾ ਸਕਦੇ। ਉਨ੍ਹਾਂ ਨੂੰ ਥਾਣੇ ਵਿਚ ਜਮਾਂ ਹੋਣਾ ਹੁੰਦਾ



ਸੀ, ਪਰ ਕਾਮਿਲ ਦੋ-ਤਿੰਨ ਘੰਟੇ ਉਨ੍ਹਾਂ ਦੇ ਘੁੰਮਣ ਦਾ ਇੰਤਜ਼ਾਮ ਕਰ ਦੇਂਦਾ। ਇਸ ਵਿਚ ਉਹ ਬਾਜ਼ਾਰ ਵੀ ਹੋ ਆਉਂਦੇ, ਸ਼ਰਾਬ ਵੀ ਪੀ ਲੈਂਦੇ ਅਤੇ ਪਤਲੀ ਗਲੀ ਵਿਚ ਦਰਵਾਜ਼ਿਆਂ ਉੱਤੇ ਬੈਠੀਆਂ ਔਰਤਾਂ ਕੋਲ ਵੀ ਹੋ ਆਉਂਦੇ। ਉਨ੍ਹਾਂ ਦੇ ਆਉਣ ਦਾ ਸਮਾਂ, ਜਾਣ ਦਾ ਸਮਾਂ, ਸਭ ਕਾਮਿਲ ਠੀਕ ਕਰਵਾ ਦੇਂਦਾ।

ਹਰ ਕੈਦੀ ਇਹ ਸੁਵਿਧਾਵਾਂ ਚਾਹੁੰਦਾ ਸੀ। ਹਰ ਕੈਦੀ ਦੇ ਘਰਵਾਲੇ ਉਸ ਨੂੰ ਇਹ ਸੁਵਿਧਾਵਾਂ ਦੇਣਾ ਚਾਹੁੰਦੇ ਸਨ। ਕਾਮਿਲ ਜੇਲ੍ਹ ਵਿਚ ਸਜ਼ਾ ਕੱਟ ਰਹੇ ਕੈਦੀਆਂ ਦਾ ਵੀ ਪੂਰਾ ਬੰਦੋਬਸਤ ਕਰਨ ਲੱਗ ਪਿਆ ਸੀ। ਚਿੱਠੀਆਂ ਲਿਆਉਣਾ-ਲਿਜਾਣਾ, ਸਰਦੀਆਂ ਦੇ ਕੱਪੜੇ, ਹਰ ਵੇਲੇ ਘਰ ਦਾ ਖਾਣਾ, ਟਰਾਂਜਿਸਟਰ, ਤਾਸ਼...ਜੂਏ ਲਈ ਜ਼ਿਆਦਾ ਰੁਪਏ, ਸਭ ਪਹੁੰਚਾਉਣ ਲੱਗ ਪਿਆ ਸੀ। ਸਿਪਾਹੀਆਂ ਤੋਂ ਹੁੰਦੇ ਹੋਏ ਹੁਣ ਜੇਲਰ ਤੱਕ ਨਾਲ ਉਸ ਨੇ ਸੰਬੰਧ ਬਣਾ ਲਏ ਸਨ।

ਕਾਮਿਲ ਦੇ ਉਧਾਰ ਦਾ ਦਾਇਰਾ ਵੀ ਬਹੁਤ ਵੱਡਾ ਹੋ ਗਿਆ ਸੀ। ਧਰਮਸਥਲ ਦੇ ਟਾਈਪਿਸਟਾਂ, ਵਕੀਲਾਂ ਦੇ ਮੁਨਸ਼ੀ, ਈਮਾਨਦਾਰ ਪੇਸ਼ਕਾਰ, ਸਿਪਾਹੀ, ਬੇਰੋਜ਼ਗਾਰ ਵਕੀਲ, ਸਾਈਕਲ-ਸਟੈਂਡ, ਮਸਜਿਦ ਦਾ ਮੌਲਵੀ, ਉੱਪਰੀ ਕਮਾਈ ਤੋਂ ਵਾਂਝੇ ਰਹਿੰਦੇ ਦਫ਼ਤਰਾਂ ਦੇ ਬਾਬੂ, ਰੋਜ਼ ਨਸ਼ਾ ਕਰਨ ਵਾਲੇ ਵਕੀਲ, ਪਕੜੀਆਂ ਗਈਆਂ ਵੇਸਵਾਵਾਂ ਵੀ ਉਸ ਤੋਂ ਕਰਜ਼ ਉੱਤੇ ਰੁਪਏ ਲੈਣ ਲੱਗ ਪਏ ਸਨ।

ਕਾਮਿਲ ਦਾ ਖਾਤਾ ਬਹੁਤ ਮੋਟਾ ਹੋ ਗਿਆ ਸੀ। ਉਸ ਵਿਚ ਅਨੇਕਾਂ ਲੋਕਾਂ ਦੇ ਨਾਂ ਸਨ, ਉਨ੍ਹਾਂ ਦੇ ਪੇਸ਼ੇ ਸਨ, ਉਨ੍ਹਾਂ ਉੱਪਰ ਚੜ੍ਹੀ ਰਕਮ ਅਤੇ ਮਿਲਣ ਵਾਲੀ ਰਕਮ ਸੀ, ਵਿਆਜ ਦਾ ਜੋੜ ਸੀ, ਖਰਚ ਦੇ ਬਿਓਰੇ ਸਨ। ਸ਼ਾਮ ਨੂੰ ਧਰਮਸਥਲ ਬੰਦ ਹੋਣ ਤੋਂ ਬਾਅਦ ਮੂਨ ਦੇ ਢਾਬੇ ਤੇ ਬੈਠ ਕੇ ਕਾਮਿਲ ਰੋਜ਼ ਹਿਸਾਬ ਲਿਖਦਾ। ਕਦੇ ਉਨ੍ਹਾਂ ਵਕੀਲਾਂ ਦੇ ਬਸਤਿਆਂ ਤੇ ਹਿਸਾਬ ਕਰਨ ਚਲਾ ਜਾਂਦਾ, ਜਿੱਥੇ ਜ਼ਿਆਦਾ ਹਨੇਰਾ ਹੋਣ ਤੋਂ ਬਾਅਦ ਜੂਏ ਦੀ ਫੜ ਜੰਮਦੀ, ਸ਼ਰਾਬ ਚਲਦੀ ਅਤੇ ਬਹੁਤ ਰਾਤ ਵੇਲੇ ਕਿਸੇ ਮੁਵੱਕਿਲ ਔਰਤ ਨੂੰ ਰੁੱਕਣਾ ਪੈਂਦਾ।

ਫਿਰ ਕਾਮਿਲ ਨੇ ਇਕ ਦਿਨ ਉਹ ਪੂਰਾ ਖਾਤਾ ਦਾਖਸ਼ਇਣੀ ਨੂੰ ਦੇ ਦਿੱਤਾ। ਦਾਖਸ਼ਇਣੀ ਹਿਸਾਬ ਰੱਖਣ ਲੱਗੀ। ਕੁਝ ਹੀ ਦਿਨਾਂ ਵਿਚ ਦਾਖਸ਼ਇਣੀ ਨੂੰ ਬਹੁਤ ਕੁਝ ਜ਼ਬਾਨੀ ਯਾਦ ਹੋ ਗਿਆ। ਕਿਹੜਾ ਕੈਦੀ ਕਿਸ ਦਫ਼ਾ ਵਿਚ, ਕਿੰਨੇ ਸਾਲ ਦੀ ਸਜ਼ਾ ਕੱਟ ਰਿਹਾ ਹੈ। ਕਿੰਨਿਆਂ ਉੱਤੇ ਮੁਕੱਦਮਾ ਚਲ ਰਿਹਾ ਹੈ, ਕਿਸ ਦੀ ਤਾਰੀਕ ਕਦੋਂ ਪੈਣ ਵਾਲੀ ਹੈ। ਕਿਸ ਦੇ ਘਰ ਵਿਚ ਕਿੰਨੀ ਜ਼ਮੀਨ ਤੇ ਡੋਰ-ਡੰਗਰ ਹਨ। ਉਸ ਨੂੰ ਕੈਦੀਆਂ ਦੇ ਨਾਂ ਯਾਦ ਹੋਣ ਲੱਗੇ। ਉਸ ਨੂੰ ਅਪਰਾਧ ਕਰਨ ਦੇ ਤਰੀਕੇ, ਕਾਨੂੰਨ, ਉਸ ਦੀਆਂ ਦਫ਼ਾਵਾਂ, ਉਨ੍ਹਾਂ ਦੀਆਂ ਸਜ਼ਾਵਾਂ ਬਾਰੇ ਜਾਣਕਾਰੀ ਹੋਣ ਲੱਗੀ। ਦੇਵਤਾਵਾਂ ਦੇ ਨਾਲ ਹੀ ਉਹ ਇਕੋ ਸਾਹ ਵਿਚ ਯਾਸੀਨ ਲੰਗੜਾ, ਕਾਲਾ ਪਹਾੜ, ਝਬਰੈਲਾ ਟਾਈਗਰ ਦੇ ਇਤਿਹਾਸ ਅਤੇ ਜੀਵਨ ਬਾਰੇ ਵੀ ਜਾਣਨ ਲੱਗੀ ਸੀ।

ਕਾਮਿਲ ਹੁਣ ਟਾਈਪਿੰਗ ਦਾ ਕੰਮ ਨਹੀਂ ਦੇਖ ਪਾਉਂਦਾ ਸੀ। ਵਕੀਲਾਂ ਦਾ ਕੰਮ ਸਮੇਂ ਉੱਤੇ ਵਾਪਿਸ ਨਾ ਕਰ ਪਾਉਂਦਾ। ਉਹ ਕਾਮਿਲ ਨਾਲ ਝਗੜਦੇ। ਮੁਵੱਕਿਲ ਨੂੰ ਵਕਤ ਉੱਤੇ ਕੰਮ ਨਾ ਮਿਲੇ ਤਾਂ ਉਹ ਫੌਰਨ ਵਕੀਲ ਬਦਲਦੇ। ਡੀਡ ਵਿਚ ਗਲਤੀਆਂ ਹੋਣ ਲੱਗੀਆਂ। ਕਾਮਿਲ ਨੇ ਦਾਖਸ਼ਇਣੀ ਨੂੰ ਦੱਸਿਆ।

ਦੂਸਰੇ ਦਿਨ ਕਾਮਿਲ ਮੂਨ ਦੇ ਢਾਬੇ ਵਿਚ ਬੈਠਾ ਸੀ, ਜਦੋਂ ਇਕ ਮੁੰਡਾ ਉਸ ਨੂੰ ਪੁੱਛਦੇ ਹੋਏ ਆਇਆ। ਉਸ ਦੀ ਉਮਰ ਕੋਈ ਵੀਹ ਸਾਲਾਂ ਦੀ ਸੀ। ਚਿਹਰੇ ਉੱਤੇ ਸੱਜਣਤਾ ਸੀ। ਜਿਸਮ ਵਿਚ ਫੁਰਤੀ ਅਤੇ ਅੱਖਾਂ ਵਿਚ ਗਹਿਰਾ ਆਤਮ-ਵਿਸ਼ਵਾਸ ਸੀ। ਉਸ ਦੇ ਕੱਪੜਿਆਂ ਦੇ ਰੰਗਾਂ ਵਿਚ ਤਾਲਮੇਲ ਸੀ। ਕੋਟ ਅਤਿ-ਆਧੁਨਿਕ ਡਿਜ਼ਾਇਨ ਦਾ ਸੀ। ਪੈਰਾਂ ਵਿਚ ਭੇਡ ਦੀ ਖੱਲ ਦਾ ਜੁੱਤਾ ਸੀ। ਮੂਨ ਨੇ ਕਾਮਿਲ ਵੱਲ ਇਸ਼ਾਰਾ ਕੀਤਾ। ਉਹ ਕਾਮਿਲ ਕੋਲ ਆਇਆ। ਉਸ ਨੇ ਹੱਥ ਜੋੜ ਕੇ ਸਿਰ ਨਿਵਾਂ ਕੇ

ਹੌਲੀ ਜਿਹੀ ਬੋਲਿਆ,

"ਮੇਰਾ ਨਾਂ ਮਾਦਲ ਏ।"

ਕਾਮਿਲ ਸਵੇਰੇ ਜਲਦੀ ਹੀ ਮੂਨ ਦੇ ਢਾਬੇ 'ਤੇ ਪਹੁੰਚ ਗਿਆ। ਜ਼ਰਾ-ਜ਼ਰਾ ਫੁਹਾਰ ਪੈ ਰਹੀ ਸੀ। ਢਾਬੇ ਅੰਦਰ ਖਾਣ ਦੀਆਂ ਮੇਜ਼ਾਂ ਉੱਤੇ ਚੱਦਰ ਲਪੇਟ ਕੇ ਟੇਡੇ-ਮੇਢੇ ਮੁੰਡੇ ਸੁੱਤੇ ਪਏ ਸਨ। ਗੋਡੇ ਮੋੜੇ, ਉਨ੍ਹਾਂ ਦੀਆਂ ਅੱਧਖੁਲ੍ਹੀਆਂ ਅੱਖਾਂ ਵਿਚ ਗਹਿਰੀ ਨੀਂਦਰ ਸੀ। ਲਗਾਤਾਰ ਪਾਣੀ ਵਿਚ ਕੰਮ ਕਰਨ ਕਾਰਣ ਸੁੱਜੀਆਂ ਉਂਗਲਾਂ, ਫਟੀਆਂ ਅੱਡੀਆਂ ਦਿੱਸ ਰਹੀਆਂ ਸਨ। ਤੇੜ ਪਏ ਕੱਪੜੇ ਇੱਧਰ-ਉੱਧਰ ਹੋ ਰਹੇ ਸਨ। ਕੁਝ ਦਾ ਅੰਦਰਲਾ ਹਿੱਸਾ ਵੀ ਦਿੱਸ ਰਿਹਾ ਸੀ।

ਇਕ ਮੁੰਡਾ ਰਾਤ ਦੇ ਉੱਬਲੇ ਹੋਏ ਆਲੂ ਛਿੱਲ ਰਿਹਾ ਸੀ। ਕਾਮਿਲ ਨੂੰ ਦੇਖ ਕੇ ਉਹ ਮੁਸਕਰਾਇਆ। ਕਾਮਿਲ ਇਕ ਕੁਰਸੀ ਤੇ ਬੈਠ ਗਿਆ।

"ਚਾਹ ਬਣਾਵਾਂ ?" ਆਲੂ ਛਿੱਲਣਾ ਰੋਕ ਉਸ ਨੇ ਪੁੱਛਿਆ।

"ਨਹੀਂ।" ਕਾਮਿਲ ਨੇ ਨਾਂਹ ਵਿਚ ਸਿਰ ਹਿਲਾਇਆ।

ਉਹ ਫਿਰ ਸਿਰ ਝੁਕਾ ਕੇ ਆਲੂ ਛਿੱਲਣ ਲੱਗ ਪਿਆ। ਕਾਮਿਲ ਨੇ ਸਿਰ ਘੁੰਮਾ ਕੇ ਚਾਰੋਂ ਪਾਸੇ ਦੇਖਿਆ। ਮੂਨ ਨੇ ਢਾਬਾ ਵੱਡਾ ਕਰ ਲਿਆ ਸੀ। ਰਸੋਈ ਵੱਖਰੀ ਬਣਾ ਦਿੱਤੀ ਗਈ ਸੀ। ਇਕ ਛੋਟੇ ਦੂਸਰੇ ਕਮਰੇ ਵਿਚ ਸਟੋਵ ਬਣਾ ਦਿੱਤਾ ਗਿਆ ਸੀ। ਹਰੇ ਰੰਗ ਦੀਆਂ ਦੀਵਾਰਾਂ ਉੱਤੇ ਕਈ ਤਰ੍ਹਾਂ ਦੇ ਦੇਵਤਾਵਾਂ ਦੇ ਕਲੈਂਡਰ ਲਟਕ ਰਹੇ ਸਨ। ਦਰਵਾਜ਼ੇ ਕੋਲ ਹੀ ਸ਼ੀਸ਼ੇ ਦਾ ਕਾਊਂਟਰ ਬਣਿਆ ਹੋਇਆ ਸੀ। ਇਸ ਅੰਦਰ ਕੁਝ ਮਿਠਾਈਆਂ ਪਈਆਂ ਸਨ। ਉੱਪਰ ਜ਼ਾਰ ਵਿਚ ਬਿਸਕੁਟ ਪਏ ਸਨ। ਸਾਰੇ ਢਾਬੇ ਵਿਚ ਦਸ ਵੱਡੀਆਂ ਮੇਜ਼ਾਂ ਤੇ ਸੱਠ ਕੁਰਸੀਆਂ ਸਨ।

ਕਾਮਿਲ ਨੇ ਬਾਹਰ ਬੱਦਲਾਂ ਨੂੰ ਦੇਖਿਆ। ਉਨ੍ਹਾਂ ਦਾ ਰੰਗ ਕਾਲਾ ਸੀ, ਪਰ ਬਹੁਤ ਗਾੜ੍ਹਾ ਨਹੀਂ ਸੀ। ਸਾਰੀ ਰਾਤ ਤੇਜ਼ ਬਾਰਿਸ਼ ਹੁੰਦੀ ਰਹੀ ਸੀ। ਬਾਹਰ ਦੇ ਗੱਡਿਆਂ ਵਿਚ ਪਾਣੀ ਅਜੇ ਜਮ੍ਹਾ ਸੀ। ਢਾਬੇ ਦੇ ਅੰਦਰ ਵੀ ਟੁੱਟੀ ਛੱਤ ਤੋਂ ਵਹਿ ਕੇ ਪਾਣੀ ਅੰਦਰ ਆ ਰਿਹਾ ਸੀ। ਹਰੇ ਰੰਗ ਦੀ ਦੀਵਾਰ ਉੱਤੇ ਪਾਣੀ ਦੀ ਬਦਰੰਗ ਲਕੀਰ ਬਣੀ ਹੋਈ ਸੀ। ਉਸ ਦੇ ਹੇਠਾਂ ਫਰਸ਼ ਉੱਤੇ ਪਾਣੀ ਅਜੇ ਜਮ੍ਹਾ ਸੀ।

ਕਾਮਿਲ ਨੇ ਮੂੰਹ ਖੋਲ੍ਹ ਕੇ ਇਕ ਉਬਾਸੀ ਲਈ। ਰਾਤ ਨੂੰ ਉਹ ਸੌਂ ਨਹੀਂ ਸਕਿਆ ਸੀ। ਜਿਸ ਵੇਲੇ ਤੇਜ਼ ਬਾਰਿਸ਼ ਹੋਈ, ਬਾਬੂ ਨੇ ਉਸ ਨੂੰ ਨੀਂਦਰ ਤੋਂ ਉਠਾ ਦਿੱਤਾ।

"ਜੀਵਨ ਬਰਬਾਦ ਨਾ ਕਰ, ਸੌਂ ਕੇ। ਇਹੋ ਜਿਹੀ ਬਾਰਿਸ਼ ਹਮੇਸ਼ਾ ਨਹੀਂ ਹੁੰਦੀ।"

ਅੱਧੀ ਨੀਂਦਰ ਤੋਂ ਉੱਠ ਕੇ ਕਾਮਿਲ ਨੇ ਦੇਖਿਆ, ਉਹ ਕਮਰੇ ਦੀ ਦਹਿਲੀਜ਼ ਤੇ ਬੈਠੇ ਸਨ। ਸਾਹਮਣੇ ਖੁੱਲ੍ਹੀ ਜਗ੍ਹਾ ਤੇ ਮੋਟੀਆਂ ਬੂੰਦਾਂ ਪੈ ਰਹੀਆਂ ਸਨ। ਟੀਨ ਉੱਤੇ ਡਿੱਗਦੇ ਪਾਣੀ ਦਾ ਤੇਜ਼ ਸ਼ੋਰ ਹੋ ਰਿਹਾ ਸੀ। ਫਰਸ਼ ਉੱਤੇ ਪਾਣੀ ਭਰ ਗਿਆ ਸੀ।

"ਤੁਸੀਂ ਦੇਖੋ...ਮੇਰੀ ਅਜੇ ਸਾਰੀ ਜ਼ਿੰਦਗੀ ਪਈ ਏ।" ਕਾਮਿਲ ਨੇ ਲੰਮੇ ਪੈਂਦੇ ਹੋਏ ਕਿਹਾ। ਕਾਮਿਲ ਨੂੰ ਵਾਪਿਸ ਪੈਂਦੇ ਦੇਖ ਕੇ ਉਨ੍ਹਾਂ ਨੇ ਫਿਰ ਉਸ ਦਾ ਪੈਰ ਹਿਲਾਇਆ "ਉੱਠ ਯਾਰ...ਇਕ ਚਾਹ ਪਿਲਾ ਨਾ। ਫਿਰ ਤੈਨੂੰ ਉਸ ਐਕਟ੍ਰੇਸ ਦਾ ਕਿੱਸਾ ਸੁਣਾਉਂਦਾ ਹਾਂ, ਜਿਸ ਨੇ ਅਜਿਹੀ ਬਾਰਿਸ਼ ਦੀ ਰਾਤ ਆਪਣੇ ਪ੍ਰੇਮੀ ਨੂੰ ਮਿਲਣ ਜਾਣਾ ਸੀ।"

ਕਾਮਿਲ ਉੱਠ ਗਿਆ। ਉਹ ਜਾਣਦਾ ਸੀ ਕਿ ਹੁਣ ਸੌਂ ਨਹੀਂ ਸਕੇਗਾ। ਉਸ ਨੇ ਉਂਗਲਾਂ ਨਾਲ ਅੱਖਾਂ ਨੂੰ ਮਲਿਆ, ਫਿਰ ਠੀਕ ਤਰ੍ਹਾਂ ਦੇਖਿਆ। ਦਹਿਲੀਜ਼ ਤੇ ਬੈਠੇ ਉਹ ਬੱਚਿਆਂ ਵਾਂਗ ਹੱਥ ਬਾਹਰ ਕੱਢ ਕੇ ਤਲੀ ਉੱਤੇ ਬੂੰਦਾਂ ਡਿੱਗਦੀਆਂ ਦੇਖ ਰਹੇ ਸਨ। ਮੁੱਠੀ ਬੰਦ ਕਰ ਰਹੇ ਸਨ, ਖੋਲ੍ਹ ਰਹੇ ਸਨ।



"ਕਿੰਨੀ ਚਾਹ ਪੀਓਗੇ ?" ਕਾਮਿਲ ਉੱਠ ਖੜ੍ਹਾ ਹੋਇਆ।

"ਤਿੰਨ।" ਉਨ੍ਹਾਂ ਨੇ ਹੱਥ ਚੁੱਕ ਕੇ ਦੂਜੀ ਤਲੀ ਦੀਆਂ ਤਿੰਨ ਉਂਗਲਾਂ ਦਿਖਾਈਆਂ।

ਕਾਮਿਲ ਆਪਣੇ ਨਿਰਬਲ ਪਿਤਾ ਨੂੰ ਦੇਖ ਕੇ ਮੁਸਕਰਾਇਆ।

ਬਾਹਰ ਦੀ ਜਗ੍ਹਾ ਪਾਰ ਉਹ ਰਸੋਈ ਵਿਚ ਚਲਾ ਗਿਆ। ਰਾਤ ਨੂੰ ਦੁੱਧ ਉਬਾਲ ਕੇ ਰੱਖ ਦਿੱਤਾ ਸੀ। ਉਸ ਨੇ ਸਟੋਵ ਉੱਤੇ ਚਾਹ ਦਾ ਪਾਣੀ ਚੜ੍ਹਾ ਦਿੱਤਾ। ਅਲਮਾਰੀ ਤੋਂ ਲੱਭ ਕੇ ਵੱਡਾ ਫਲਾਸਕ ਕੱਢਿਆ, ਫਿਰ ਉਹ ਵੀ ਬਾਹਰ ਬਾਰਿਸ਼ ਦੇਖਣ ਲੱਗਾ।

ਜਦੋਂ ਦਾ ਦੂਸਰਾ ਭਰਾ ਵੀ ਗਿਆ ਸੀ, ਕਾਮਿਲ ਦਾਖਸ਼ਇਣੀ ਕੋਲ ਰਾਤੀਂ ਨਹੀਂ ਰੁੱਕਦਾ ਸੀ। ਬਾਬੂ ਇਕੱਲੇ ਹੁੰਦੇ ਸਨ। ਸਾਰੀ ਰਾਤ ਜਾਗਦੇ ਸਨ। ਕੁਝ ਵੀ ਚਾਹੀਦਾ ਹੁੰਦਾ ਸੀ ਉਨ੍ਹਾਂ ਨੂੰ। ਬਾਰਿਸ਼ ਦੀਆਂ ਬੂੰਦਾਂ ਪਿੱਛੇ ਉਹ ਉਸ ਨੂੰ ਦਿੱਸ ਰਹੇ ਸਨ। ਮੁਗਧ ਭਾਵ ਨਾਲ ਬਾਰਿਸ਼ ਨੂੰ ਦੇਖਦੇ ਹੋਏ ਹੋ ਸਕਦਾ ਸੀ, ਹੁਣੇ ਉੱਠ ਕੇ ਭਿੱਜਣ ਲੱਗ ਪੈਣ। ਕਾਮਿਲ ਨੂੰ ਵੀ ਖਿੱਚ ਲੈਣ। ਫਿਰ ਕਾਮਿਲ ਨੂੰ ਉਨ੍ਹਾਂ ਨਾਲ ਭਿੱਜਣਾ ਵੀ ਪੈਂਦਾ। ਤੌਲੀਏ ਨਾਲ ਸਾਰਾ ਪਿੰਡਾ ਪੂੰਝਣਾ ਪੈਂਦਾ। ਨਵੇਂ ਕੱਪੜੇ ਦੇਣੇ ਹੁੰਦੇ। ਕਾਮਿਲ ਨਾ ਹੋਵੇ, ਤਾਂ ਹੋ ਸਕਦਾ ਸੀ ਭਿੱਜਣ ਤੋਂ ਬਾਅਦ ਭਿੱਜੇ ਕੱਪੜਿਆਂ ਵਿਚ ਹੀ ਬੈਠੇ ਰਹਿੰਦੇ, ਹੋ ਸਕਦਾ ਸੀ ਕਿ ਚਾਹ ਦੀ ਭਾਲ ਵਿਚ ਭਿੱਜਦੇ ਹੋਏ ਬਾਹਰ ਸੜਕ ਤੇ ਨਿਕਲ ਜਾਂਦੇ।

ਕੁਝ ਦੇਰ ਵਿਚ ਚਾਹ ਦੀ ਪੂਰੀ ਥਰਮਸ ਭਰ ਕਾਮਿਲ ਬਾਹਰ ਲੈ ਗਿਆ। ਉਸ ਦੇ ਹੱਥ ਵਿਚ ਦੋ ਚਾਹ ਦੇ ਗਿਲਾਸ ਸਨ। ਇਕ ਦੇ ਅੰਦਰ ਦੂਜਾ ਗਿਲਾਸ ਪਿਆ ਸੀ। ਉਹ ਵੀ ਆ ਕੇ ਕਮਰੇ ਦੀ ਦਹਿਲੀਜ਼ ਤੇ ਫਰਸ਼ ਉੱਤੇ ਹੀ ਬੈਠ ਗਿਆ। ਗਿਲਾਸ ਅਲੱਗ ਕੀਤੇ। ਚਾਹ ਉਲੱਦੀ। ਇਕ ਉਨ੍ਹਾਂ ਨੂੰ ਦੇ ਦਿੱਤਾ। ਚਾਹ ਲੈ ਉਨ੍ਹਾਂ ਨੇ ਚਾਹ ਦੀ ਉੱਠਦੀ ਭਾਫ ਨੂੰ ਸੁੰਘਿਆ, ਫਿਰ ਪ੍ਰਸੰਨਤਾ ਨਾਲ ਅੱਖਾਂ ਬੰਦ ਕਰ ਲਈਆਂ। ਕੁਝ ਦੇਰ ਬਾਅਦ ਖੋਲ੍ਹੀਆਂ, ਫਿਰ ਘੁੱਟ ਭਰਦੇ ਹੋਏ ਬਾਰਿਸ਼ ਦੇਖਣ ਲੱਗ ਪਏ।

ਚਾਹ ਦੇ ਘੁੱਟ ਭਰ ਲੈਣ ਬਾਅਦ ਕਾਮਿਲ ਨੇ ਪੁੱਛਿਆ, "ਕੀ ਕੀਤਾ ਉਸ ਨੇ।"

"ਕਿਸ ਨੇ ?"

"ਐਕਟ੍ਰੇਸ ਨੇ ?"

"ਔਹ ਹਾਂ,...ਉਹ ਤਾਂ ਮੈਂ ਭੁੱਲ ਹੀ ਗਿਆ। ਤਾਂ...ਉਸ ਨੇ ਉਸ ਰਾਤ ਪ੍ਰੇਮੀ ਨੂੰ ਮਿਲਣ ਜਾਣ ਲਈ ਗਹਿਣਿਆਂ ਦਾ ਨਹੀਂ ਫੁੱਲਾਂ ਦਾ ਸ਼ਿੰਗਾਰ ਕੀਤਾ। ਫੁੱਲਾਂ ਨਾਲ ਜੂੜਾ ਸਜਾਇਆ। ਕੰਗਣ, ਕੰਨਾਂ ਦੇ ਕੁੰਡਲ, ਕਨਪੱਟੀ ਆਦਿ ਸਾਰੇ ਫੁੱਲਾਂ ਦੇ। ਆਪ ਹੀ ਉਹ ਪੂਰੀ ਬਸੰਤ ਬਣ ਗਈ। ਹੁਣ ਉਹ ਜਾਵੇ ਕਿਵੇਂ ? ਅਚਾਨਕ ਭਿਆਨਕ ਬਾਰਿਸ਼। ਰਸਤੇ ਚਿੱਕੜ ਨਾਲ ਲੱਥਪੱਥ। ਇਸ ਸ਼ਿੰਗਾਰ ਨਾਲ ਬਾਰਿਸ਼ ਵਿਚੋਂ ਲੰਘ ਕੇ ਜਾਏ ਤਾਂ ਖੇਤਾਂ ਵਿਚ ਪਹੁੰਚਦੇ-ਪਹੁੰਚਦੇ ਉਹ ਭੂਤਣੀ ਦਿੱਸਣ ਲੱਗਦੀ।" ਚਮਕਦੀਆਂ ਅੱਖਾਂ ਨਾਲ ਉਨ੍ਹਾਂ ਨੇ ਕਾਮਿਲ ਵੱਲ ਦੇਖਿਆ। ਉਸ ਵਿਚ ਸ਼ਰਾਰਤ ਸੀ, ਕੌਤਕ ਸੀ।

"ਫਿਰ... ?" ਉਤਸੁੱਕਤਾ ਨਾਲ ਕਾਮਿਲ ਨੇ ਪੁੱਛਿਆ। ਉਨ੍ਹਾਂ ਨੇ ਗਿਲਾਸ ਖਾਲੀ ਕਰ ਦਿੱਤਾ।

"ਪਹਿਲੇ ਹੋਰ ਚਾਹ ਪਾ।"

"ਹਾਂ...ਫਿਰ ਕੀ...ਉਹ ਜਾ ਨਾ ਸਕੀ। ਗਹਿਣੇ ਉਤਾਰਦੀ ਜਾਂਦੀ ਤੇ ਰੋਂਦੀ ਜਾਂਦੀ। ਐਨਾ ਰੋਈ, ਐਨਾ ਰੋਈ ਕਿ ਜਿਹੜਾ ਪਿੰਡ ਬਾਰਿਸ਼ ਦੇ ਪਾਣੀ ਵਿਚ ਨਹੀਂ ਵਹਿ ਸਕਿਆ ਸੀ, ਉਸ ਦੇ ਹੰਝੂਆਂ ਦੇ ਹੜ੍ਹ ਵਿਚ ਵਹਿ ਗਿਆ। ਸਾਲਾ ਪ੍ਰੇਮੀ ਵੀ ਉਸ ਵਿਚ ਵਹਿ ਗਿਆ। ਕਿੱਸਾ ਖਤਮ।" ਉਨ੍ਹਾਂ ਨੇ ਇਕ ਸਾਹ ਲੈ ਕੇ ਮੂੰਹ ਘੁੰਮਾ ਲਿਆ। ਫਿਰ ਬਾਰਿਸ਼ ਦੇਖਣ ਲੱਗ ਪਏ।

"ਪਤਾ ਨਹੀਂ ਅੰਮਾਂ ਨੇ ਕਿਵੇਂ ਤੁਹਾਡੇ ਨਾਲ ਜੀਵਨ ਕੱਟਿਆ ਹੋਏਗਾ।" ਕਾਮਿਲ ਹੌਲੀ ਜਿਹੀ ਹੱਸਿਆ। ਉਹ ਕੁਝ ਨਾ ਬੋਲੇ। ਚੁੱਪਚਾਪ ਬਾਹਰ ਦੇਖਦੇ ਰਹੇ। ਕੁਝ ਦੇਰ ਬਾਅਦ ਸਿਰ ਘੁੰਮਾਏ ਬਗੈਰ ਉਨ੍ਹਾਂ

ਪੁੱਛਿਆ।

"ਵੱਡੇ ਨਾਲ ਗੱਲ ਹੋਈ ਕੋਈ ?"

"ਨਹੀਂ...ਦੋ ਵਾਰ ਦਫ਼ਤਰ ਫੋਨ ਮਿਲਾਇਆ ਸੀ, ਪਰ ਮਿਲੇ ਨਹੀਂ।"

"ਉਸ ਨਾਲ ਹੁਣ ਮੈਨੂੰ ਮਤਲਬ ਨਹੀਂ...ਤੇ ਇਕ ਇਹ ਹੈ।" ਉਨ੍ਹਾਂ ਨੇ ਖੁਲ੍ਹੀ ਥਾਂ ਕੋਲ ਬਣੇ ਕਮਰੇ ਦੇ ਬੰਦ ਤਾਲੇ ਵੱਲ ਇਸ਼ਾਰਾ ਕੀਤਾ, "ਕਮਰਾ ਬੰਦ ਕਰਕੇ ਰੱਖਿਆ ਹੋਇਆ ਹੈ।ਅਸੀਂ ਦੋਵੇਂ ਇਸ ਕੋਠੜੀ ਵਿਚ ਪਏ ਹਾਂ।ਆਉਂਦਾ ਵੀ ਹੈ ਤਾਂ ਨਜ਼ਰ ਬਚਾ ਕੇ ਨਿਕਲਣ ਦੀ ਕੋਸ਼ਿਸ਼ ਕਰਦਾ ਹੈ...ਕਿੱਧਰੇ ਮੈਂ ਕਮਰਾ ਨਾ ਮੰਗ ਲਵਾਂ।"

"ਤੁਸੀਂ ਆਪਣਾ ਕਮਰਾ ਦਿੱਤਾ ਹੀ ਕਿਉਂ ਸੀ ?"

"ਨਵਾਂ ਵਿਆਹ ਹੋਇਆ ਸੀ...ਸੋਚਿਆ ਜ਼ਰੂਰਤ ਪਏਗੀ। ਤੇਰੀ ਮਾਂ ਨੇ ਵੀ ਜ਼ਿੱਦ ਕੀਤੀ। ਸਾਡਾ ਕੀ ਸੀ...ਅਸੀਂ ਦੋਵੇਂ ਇਸ ਕਮਰੇ ਵਿਚ ਰਹਿਣ ਲੱਗੇ।"

"ਤੁਸੀਂ ਮਨ੍ਹਾਂ ਕਰਦੇ ਹੋ, ਨਹੀਂ ਤਾਂ ਹੁਣੇ ਤਾਲਾ ਤੋੜ ਦੇਂਦਾ ਹਾਂ।"

"ਨਹੀਂ ਬਹੁਤ ਦਵੇਖ ਤੇ ਹੋਛਾਪਣ ਹੈ ਉਸ ਦੇ ਮਨ ਵਿਚ।ਜਦੋਂ ਇੱਥੇ ਰਹਿੰਦਾ ਸੀ ਤਾਂ ਆਪਣੇ ਬੱਚਿਆਂ ਲਈ ਕੱਪੜਿਆਂ ਵਿਚ ਲੁਕਾ ਕੇ ਮਿਠਾਈ ਲਿਆਉਂਦਾ ਹੁੰਦਾ ਸੀ, ਕਿੱਧਰੇ ਮੈਂ ਦੇਖ ਨਾ ਲਵਾਂ...ਦੇਣੀ ਪੈਂਦੀ ਨਾ ਫਿਰ। ਤਾਲਾ ਤੋੜਾਂਗੇ ਤਾਂ ਝਗੜਾ ਕਰੇਗਾ...।"

"ਉਹ ਸਭ ਮੈਂ ਦੇਖ ਲਵਾਂਗਾ...ਤੋੜਾਂ ?"

ਉਹ ਕੁਝ ਨਾ ਬੋਲੇ।ਖਾਲੀ ਗਿਲਾਸ ਉਨ੍ਹਾਂ ਨੇ ਕਾਮਿਲ ਵੱਲ ਵਧਾਇਆ।

ਕਾਮਿਲ ਨੇ ਥਰਮਸ ਦੀ ਸਾਰੀ ਚਾਹ ਉਸ ਵਿਚ ਪਾ ਦਿੱਤੀ।ਉਨ੍ਹਾਂ ਨੇ ਗਿਲਾਸ ਮੂੰਹ ਨਾਲ ਲੱਗਾ ਲਿਆ, ਇਸ ਤਰ੍ਹਾਂ ਕਿ ਚਿਹਰਾ ਨਾ ਦਿਸੇ।ਕੁਝ ਦੇਰ ਇਸੇ ਤਰ੍ਹਾਂ ਚਾਹ ਪੀਂਦੇ ਰਹੇ, ਫਿਰ ਹੌਲੀ ਜਿਹੀ ਬੋਲੇ, "ਉਸ ਸੱਪ ਨੂੰ ਹਰ ਕੋਈ ਪੱਥਰ ਨਾਲ ਮਾਰਦਾ ਹੈ ਜੋ ਫੁੰਕਾਰਨਾ ਛੱਡ ਦੇਂਦਾ ਹੈ।" ਗਿਲਾਸ ਉਨ੍ਹਾਂ ਨੇ ਚਿਹਰੇ ਤੋਂ ਨਾ ਹਟਾਇਆ।ਕੁਝ ਪਲ ਮਗਰੋਂ ਉਹ ਸਹਿਜ ਹੋ ਗਏ।

"ਇਸ ਲਈ ਕਹਿੰਦਾ ਹਾਂ ਤੈਨੂੰ, ਵਿਆਹ ਕਰ ਲੈ।ਮੇਰੀ ਦੇਖਭਾਲ ਤਾਂ ਤੂੰ ਕਰ ਲੈਨਾ ਏਂ ਪਰ ਤੈਨੂੰ ਵੀ ਚਾਹੀਦਾ ਹੈ ਕੋਈ ਆਪਣੀ ਦੇਖਭਾਲ ਲਈ।" ਉਨ੍ਹਾਂ ਦੀਆਂ ਅੱਖਾਂ ਫਿਰ ਚਮਕਣ ਲੱਗ ਪਈਆਂ।

"ਤੇ ਜਦੋਂ ਸਵੇਰੇ ਤਿੰਨ ਵਜੇ ਚਾਹ ਪੀਣੀ ਹੋਏਗੀ ਤਾਂ ਕਿਸ ਨੂੰ ਜਗਾਓਗੇ ?"

"ਹਾਂ, ਇਹ ਤਾਂ ਸੋਚਿਆ ਹੀ ਨਹੀਂ।" ਫਿਰ ਜਿਵੇਂ ਅਚਾਨਕ ਉਨ੍ਹਾਂ ਨੂੰ ਕੁਝ ਯਾਦ ਆ ਗਿਆ..."ਓਏ।" ਉਹ ਕੁਝ ਹੋਰ ਬੋਲਦੇ, ਇਸ ਤੋਂ ਪਹਿਲਾਂ ਹੀ ਕਾਮਿਲ ਨੇ ਉਨ੍ਹਾਂ ਨੂੰ ਰੋਕ ਦਿੱਤਾ।

"ਤੇ ਮਾਂ-ਮਾਂ ਨਾ ਕਰਨਾ। ਮੈਂ ਮਾਂ ਨੂੰ ਕਿਹਾ ਸੀ ਤੁਹਾਨੂੰ ਦਰਸ਼ਨ ਦੇਣ ਲਈ। ਉਸ ਨੇ ਕਿਹਾ, ਪਹਿਲੇ ਇਹ ਦੱਸ ਤੇਰੇ ਪਿਤਾ ਜੇ ਮੇਰੇ ਪੁੱਤਰ ਹੋਏ ਤਾਂ ਤੂੰ ਮੇਰਾ ਕੀ ਹੋਇਆ।" ਕਾਮਿਲ ਖੜ੍ਹਾ ਹੋ ਗਿਆ, "ਹੁਣ ਸੌਣ ਦੀ ਤਿਆਰੀ ਕਰੋ।ਕੁਝ ਦੇਰ ਵਿਚ ਸਵੇਰ ਹੋ ਜਾਏਗੀ।" ਕੁਝ ਪਲ ਉਹ ਕਾਮਿਲ ਦੀ ਗੱਲ ਉੱਤੇ ਸੋਚਦੇ ਰਹੇ।

"ਇਹ ਠੀਕ ਹੈ।" ਉਨ੍ਹਾਂ ਨੇ ਫਿਰ ਗਿਲਾਸ ਖਾਲੀ ਕਰ ਦਿੱਤਾ।ਉਸ ਨੂੰ ਫਰਸ਼ ਉੱਤੇ ਪੁੱਠਾ ਰੱਖ ਕੇ ਕੋਨੇ ਦੀ ਅਲਮਾਰੀ ਵੱਲ ਇਸ਼ਾਰਾ ਕੀਤਾ।

"ਜ਼ਰਾ ਉਹ ਤਾਂ ਚੁੱਕ ਲਿਆ। ਤੈਨੂੰ ਦਿਖਾਉਂਦਾ ਹਾਂ। ਕਲ੍ਹ ਰਾਤੀਂ ਹੀ ਬਣਾਇਆ ਹੈ।"

ਕਾਮਿਲ ਸਿਰ ਘੁੰਮਾ ਕੇ ਤੱਕਿਆ।ਕੱਚ ਦੀ ਵੱਡੀ ਗੋਲ ਸ਼ੀਸ਼ੀ ਵਿਚ ਕਾਲੇ ਰੰਗ ਦਾ ਚੂਰਨ ਸੀ। ਕਾਮਿਲ ਨੇ ਸ਼ੀਸ਼ੀ ਲਿਆ ਕੇ ਉਨ੍ਹਾਂ ਨੂੰ ਦੇ ਦਿੱਤੀ।ਉਨ੍ਹਾਂ ਨੇ ਸ਼ੀਸ਼ੀ ਦਾ ਢੱਕਣ ਖੋਲ੍ਹ ਕੇ ਚੂਰਨ ਆਪਣੀ ਤਲੀ 'ਤੇ ਉਲੱਦਿਆ ਤੇ ਫੱਕੀ ਮਾਰ ਲਈ।



"ਲੈ।" ਉਨ੍ਹਾਂ ਨੇ ਕਾਮਿਲ ਵੱਲ ਇਸ਼ਾਰਾ ਕੀਤਾ, "ਦੱਸ, ਕਿਵੇਂ ਬਣਿਆ ਹੈ ?" ਕਾਮਿਲ ਨੇ ਤਲੀ ਫੈਲਾ ਦਿੱਤੀ।

"ਹੈ ਕੀ ?"

"ਸ਼ਿਵ ਜੀ ਦਾ ਪ੍ਰਸਾਦ ਹੈ...ਹੋਰ ਕੀ ਹੋਏਗਾ ?"

"ਤਾਂ ਸਿੱਧੀ ਤਰ੍ਹਾਂ ਕਹੋ ਨਾ ਕਿ ਭੰਗ ਦਾ ਚੂਰਨ ਹੈ।" ਕਾਮਿਲ ਨੇ ਫੱਕੀ ਮਾਰ ਲਈ।

"ਕੀ ਬੋਲਾਂ ? ਦੋਵਾਂ ਵਿਚ ਕੋਈ ਫ਼ਰਕ ਨਹੀਂ ਦਿੱਸਦਾ ਤੈਨੂੰ। ਤੇਰਾ ਸੌਂਦਰਯ ਬੋਧ, ਭਾਸ਼ਾ, ਸੰਸਕਾਰ ਸਭ ਮਰਦਾ ਜਾ ਰਿਹਾ ਹੈ।ਕਿਵੇਂ ਬਣਿਆ ਹੈ, ਇਹ ਤਾਂ ਦੱਸ।"

"ਬਚਪਨ ਤੋਂ ਬਣਾ ਰਹੇ ਹੋ।ਤੁਹਾਡੇ ਜੋੜ ਦਾ ਭਲਾ ਦੇਸ਼ ਵਿਚ ਹੋਰ ਕੋਈ ਹੋਏਗਾ ?"

"ਲੱਛੂ ਮਹਾਰਾਜ ਵੀ ਇਹੀ ਕਹਿੰਦੇ ਹਨ।ਜਦੋਂ ਮੇਰੇ ਬੋਲਾਂ ਉੱਤੇ ਤਾਂਡਵ ਕਰਨ ਜਾ ਰਹੇ ਸੀ ਤਾਂ ਮੈਂ ਕਿਹਾ ਸੀ, ਮਹਾਰਾਜ ਥੋੜ੍ਹਾ ਜਿਹਾ ਮੂੰਹ ਵਿਚ ਦਬਾ ਲਓ।ਸ਼ੰਕਰ ਪ੍ਰਸੰਨ ਹੋ ਜਾਣਗੇ। ਤੁਸੀਂ ਨਹੀਂ ਸਾਖਿਆਤ ਉਹੀ ਤਾਂਡਵ ਕਰਨਗੇ ਫਿਰ...।"

ਕਾਮਿਲ ਨੇ ਦੋਵੇਂ ਖਾਲੀ ਗਿਲਾਸ ਚੁੱਕ ਲਏ।ਉਨ੍ਹਾਂ ਨੂੰ ਵਾਪਸ ਰਸੋਈ ਵਿਚ ਰੱਖ ਆਇਆ।ਹੱਥ ਪਕੜ ਕੇ ਉਨ੍ਹਾਂ ਨੂੰ ਸਹਾਰਾ ਦਿੱਤਾ।

"ਸਵੇਰ ਹੋ ਰਹੀ ਹੈ।ਸੌਂ ਜਾਓ ਹੁਣ।"

ਉਹ ਉੱਠੇ।ਚੂਰਨ ਨੂੰ ਉਨ੍ਹਾਂ ਨੇ ਕੁਝ ਦੇਰ ਤੱਕ ਮੂੰਹ ਵਿਚ ਜੀਭ ਸਹਾਰੇ ਫਿਰਾਇਆ ਫਿਰ ਪਾਣੀ ਨਿਗਲ ਕੇ ਬਿਸਤਰੇ ਵਿਚ ਪੈ ਗਏ।ਕੁਝ ਦੇਰ ਹੱਥ-ਪੈਰ ਹਿਲਾਉਣ ਤੋਂ ਬਾਅਦ ਖੱਬੇ ਪਾਸੇ ਵੱਲ ਲੇਟ ਗਏ। ਅੱਖਾਂ ਬੰਦ ਹੋ ਗਈਆਂ।ਗੋਡੇ ਥੋੜ੍ਹੇ ਮੁੜ ਰਹੇ ਸਨ।ਮੂੰਹ ਖੁੱਲ੍ਹਾ ਹੋਇਆ ਸੀ।ਕਾਮਿਲ ਨੇ ਦੇਖਿਆ।ਸਾਹ ਲੈਣ ਨਾਲ ਉਨ੍ਹਾਂ ਦਾ ਪਸਲੀਆਂ ਵਾਲਾ ਢਿੱਡ ਉੱਪਰ-ਹੇਠਾਂ ਹਿੱਲ ਰਿਹਾ ਸੀ।ਮੂੰਹੋਂ ਆਵਾਜ਼ ਨਿਕਲ ਰਹੀ ਸੀ।ਲਗਾਤਾਰ ਤੇਜ਼ ਬਾਰਿਸ਼ ਕਾਰਣ ਮੌਸਮ ਠੰਡਾ ਹੋ ਗਿਆ ਸੀ।ਉਹ ਥੋੜ੍ਹੇ ਕੰਬ ਰਹੇ ਸਨ।ਉਨ੍ਹਾਂ ਦੇ ਇਕ ਕੰਨ ਹੇਠਾਂ ਦੀ ਨਾੜ ਫੁੱਲੀ ਹੋਈ ਸੀ। ਚਿਹਰੇ ਉੱਤੇ ਪਿਲੱਤਣ ਦਿੱਸ ਰਹੀ ਸੀ। ਹੱਥ ਦੀਆਂ ਉਂਗਲਾਂ ਉੱਤੇ ਖੱਲ ਸਿਕੁੜਦੀ ਜਾ ਰਹੀ ਸੀ।ਪੂਰਾ ਸਰੀਰ ਦੇਖਣ ਵਿਚ ਕਾਫੀ ਕਮਜ਼ੋਰ ਤੇ ਛੋਟਾ ਦਿੱਸ ਰਿਹਾ ਸੀ।ਕਾਮਿਲ ਨੇ ਉਨ੍ਹਾਂ ਦੇ ਪੈਰਾਂ ਹੇਠ ਦੱਬੀ ਚੱਦਰ ਹੌਲੀ ਜਿਹੀ ਖਿੱਚ ਕੇ ਉਨ੍ਹਾਂ ਉੱਤੇ ਪਾ ਦਿੱਤੀ।

ਚੱਦਰ ਚੁੱਕ ਕੇ ਉਹ ਉੱਠਿਆ ਤਾਂ ਉਸ ਦੀ ਨਿਗਾਹ ਮੂਰਤੀ ਤੇ ਜਾ ਪਈ। ਮਿੱਟੀ ਦੇ ਕੁਝ ਹਿੱਸਿਆਂ ਉੱਤੇ ਗਹਿਰਾ ਰੰਗ ਚੜ੍ਹਿਆ ਹੋਇਆ ਸੀ। ਸੁਰਖ਼...ਹਰਾ ਅਤੇ ਨੀਲਾ। ਕੋਲ ਬਹੁਤ ਸਾਰੇ ਕਾਗਜ਼ ਪਏ ਸਨ।ਝੁਕ ਕੇ ਉਸ ਨੇ ਉਹ ਕਾਗਜ਼ ਚੁੱਕ ਲਏ।ਉਨ੍ਹਾਂ ਵਿਚ ਮੂਰਤੀ ਨਾਲ ਜੁੜੀਆਂ ਕਈ ਗੱਲਾਂ ਲਿਖੀਆਂ ਹੋਈਆਂ ਸਨ।ਇਕ ਵਿਚ ਗਹਿਣਿਆਂ ਦੇ ਨਾਂ ਸਨ।ਕਰਣਵਲੀ, ਲੰਬਕ, ਕਰਣਪੂਰ, ਕਲਸ਼, ਮਣੀ ਕੁੰਡਲ, ਮੇਰਵਲਾ। ਇਕ ਵਿਚ ਅਸ਼ਟਤਾਲ ਵਿਚ ਮੂਰਤੀ ਦੇ ਅੰਗਾਂ ਦਾ ਅਨੁਪਾਤ ਲਿਖਿਆ ਹੋਇਆ ਸੀ।

| | |
|---|---|
| ਚਿਹਰਾ — | 12 ਉਂਗਲ |
| ਗਰਦਨ — | 4 ਉਂਗਲ |
| ਗਰਦਨ ਤੋਂ ਛਾਤੀ — | 10 ਉਂਗਲ |
| ਛਾਤੀ ਤੋਂ ਧੁੰਨੀ — | 10 ਉਂਗਲ |
| ਧੁੰਨੀ ਤੋਂ ਯੋਨਿ — | 10 ਉਂਗਲ |
| ਪੱਟ — | 21 ਉਂਗਲ |
| ਗੋਡਾ — | 4 ਉਂਗਲ |

ਗੋਡਾ ਤੋਂ ਪਿੰਡਲੀ — 21 ਉਂਗਲ

ਪੈਰ — 4 ਉਂਗਲ

ਪੈਰਾਂ ਦੀਆਂ ਨ੍ਰਿਤ ਮੁਦਰਾਵਾਂ ਬਣੀਆਂ ਹੋਈਆਂ ਸਨ। ਜ਼ਿਆਦਾਤਰ ਉਸ ਦੂਸਰੇ ਪੈਰ ਦੀ ਜੋ ਕੰਨ ਤੱਕ ਜਾ ਰਿਹਾ ਸੀ। ਕਈ ਰੇਖਾ ਚਿੱਤਰਾਂ ਦੇ ਬਾਅਦ ਵਿਚ ਲਾਲ ਗੋਲਾ ਬਣਿਆ ਹੋਇਆ ਸੀ। ਇਸ ਵਿਚ ਪੂਰਾ ਪੈਰ ਬਾਂਹ ਦੀ ਤਰ੍ਹਾਂ ਗੋਲਾਈ ਵਿਚ ਉੱਠਿਆ ਹੋਇਆ ਸੀ। ਉਸ ਦਾ ਅੰਗੂਠਾ ਕੰਨ ਨੂੰ ਛੂਹ ਰਿਹਾ ਸੀ। ਕਾਮਿਲ ਨੇ ਕਾਗਜ਼ਾਂ ਨੂੰ ਇੱਟ ਦੇ ਟੁਕੜੇ ਹੇਠ ਦਬਾ ਕੇ ਰੱਖ ਦਿੱਤਾ।

ਨੀਂਦ ਹੁਣ ਖਤਮ ਹੋ ਗਈ ਸੀ। ਬਾਰਿਸ਼ ਹੌਲੀ ਸੀ। ਕਾਮਿਲ ਨੇ ਇਕ ਛੋਟੀ ਅਲਮਾਰੀ ਖੋਲ੍ਹ ਕੇ ਕਾਗਜ਼ ਦਾ ਪੈਕੇਟ ਕੱਢਿਆ। ਬਾਹਰ ਆ ਕੇ ਦਰਵਾਜ਼ਾ ਖਿੱਚਿਆ, ਫਿਰ ਮੂਨ ਦੇ ਢਾਬੇ ਵਿਚ ਆ ਗਿਆ।

ਮੂਨ ਜਦੋਂ ਆਇਆ, ਬਾਰਿਸ਼ ਬੰਦ ਹੋ ਗਈ ਸੀ।

"ਐਡੀ ਸਵੇਰੇ ?" ਕਾਮਿਲ ਨੂੰ ਉੱਥੇ ਬੈਠੇ ਦੇਖ ਉਸ ਪੁੱਛਿਆ।

"ਬਸ, ਛੇਤੀ ਉੱਠ ਗਿਆ ਸੀ, ਇਸ ਲਈ ਇੱਧਰ ਜਲਦੀ ਆ ਗਿਆ।" ਸਾਈਕਲ ਨੂੰ ਅੰਦਰ ਕਮਰੇ ਵਿਚ ਖੜ੍ਹਾ ਕਰ ਉਹ ਕਾਮਿਲ ਕੋਲ ਆ ਗਿਆ।

"ਉੱਠੋ ਸਾਰੇ।" ਉਹ ਚੀਖਿਆ। ਮੇਜ਼ ਤੇ ਲੰਮੇ ਪਏ ਮੁੰਡੇ ਸਾਰੇ ਹੜਬੜਾ ਕੇ ਉੱਠ ਗਏ।

"ਤੂੰ ਇਨ੍ਹਾਂ ਸਾਰਿਆਂ ਨੂੰ ਉਠਾਇਆ ਕਿਉਂ ਨਹੀਂ ?" ਉਸ ਨੇ ਆਲੂ ਛਿੱਲਦੇ ਮੁੰਡੇ ਨੂੰ ਪੁੱਛਿਆ। ਉਹ ਕੁਝ ਨਾ ਬੋਲਿਆ।

ਉਹ ਮੁੰਡੇ ਚੱਦਰ ਲਪੇਟ ਕੇ ਮੇਜ਼ ਤੋਂ ਉੱਤਰ ਗਏ। ਸਟੋਰ ਵਿਚ ਜਾ ਕੇ ਉਨ੍ਹਾਂ ਚੱਦਰਾਂ ਰੱਖ ਦਿੱਤੀਆਂ। ਉੱਥੋਂ ਆਪਣੇ ਤੌਲੀਏ ਚੁੱਕੇ ਤੇ ਬਾਹਰ ਨਿਕਲ ਬੱਸ ਪੁਲਿਸ ਵੱਲ ਚਲੇ ਗਏ।

"ਅੱਜ ਸੈਂਤੀ ਪੈਕੇਟ ਹਨ। ਕਾਮਿਲ ਨੇ ਜੇਬ੍ਹ ਵਿਚੋਂ ਇਕ ਕੱਢ ਕੇ ਮੂਨ ਨੂੰ ਦੇ ਦਿੱਤਾ। "ਪਹਿਲੀ ਗੱਡੀ ਗਿਆਰਾਂ ਵਜੇ ਆਏਗੀ। ਉਸ ਵਿਚ ਬਾਈ ਪੈਕੇਟ ਤੇ ਦੂਜੀ ਇਕ ਵਜੇ, ਉਸ ਵਿਚ ਪੰਦਰਾਂ ਪੈਕੇਟ।"

ਮੂਨ ਨੇ ਕਾਗਜ਼ ਦੇਖਿਆ। ਉਸ ਵਿਚ ਕੈਦੀਆਂ ਦੇ ਨਾਂ ਲਿਖੇ ਸਨ।

"ਇਹ ਕਾਗਜ਼ ਰੱਖਣਾ ਏ ?" ਉਸ ਨੇ ਪੁੱਛਿਆ।

"ਹਾਂ,...ਸ਼ਾਮ ਨੂੰ ਸਾਰਿਆਂ ਦੇ ਖਾਤੇ ਵਿਚ ਚੜ੍ਹਾ ਦੇਵਾਂਗਾ ਤੇ ਹਾਂ ਸੱਤ ਡਿੱਬੇ ਪੁਲਿਸ ਵਾਲਿਆਂ ਦੇ ਅਲੱਗ ਹਨ।"

"ਤੂੰ ਬੈਠ ਅਜੇ...ਮੈਂ ਜ਼ਰਾ ਥੋੜ੍ਹਾ...ਬਹੁਤ ਸਾਮਾਨ ਲੈ ਆਵਾਂ।" ਮੂਨ ਨੇ ਫਿਰ ਸਾਈਕਲ ਚੁੱਕੀ।

"ਮਿਠਾਈ ਵੀ ਰੱਖ ਦੇਵਾਂ ?"

"ਹਾਂ।"

ਮੂਨ ਬਾਜ਼ਾਰ ਨਿਕਲ ਗਿਆ।

ਕੋਨੇ ਵਿਚ ਇਕ ਮੰਜੀ ਪਈ ਸੀ। ਉਸ ਦੀ ਵਾਣ ਢਿੱਲੀ ਹੋ ਕੇ ਲਟਕੀ ਪਈ ਸੀ। ਕਾਮਿਲ ਨੂੰ ਲੱਗਾ ਕਿ, ਉਹ ਥੋੜ੍ਹੀ ਦੇਰ ਸੌਂ ਸਕਦਾ ਹੈ।

"ਮੂਨ ਆਏ ਤਾਂ ਮੈਨੂੰ ਜਗਾ ਦੇਣਾ।" ਉਸ ਨੇ ਆਲੂ ਛਿੱਲਣ ਵਾਲੇ ਮੁੰਡੇ ਤੋਂ ਇਕ ਆਲੂ ਲਿਆ। ਕਾਊਂਟਰ ਤੇ ਪਏ ਲੂਣ ਨੂੰ ਆਪਣੀ ਤਲੀ ਤੇ ਛਿੜਕਿਆ। ਲੂਣ ਲਗਾ ਕੇ ਆਲੂ ਖਾਣ ਲੱਗ ਪਿਆ। ਫਿਰ ਮੰਜੀ ਤੇ ਪੈ ਗਿਆ।

ਸੰਨ 80 ਵਿਚ ਮੈਨੂੰ ਵਿਦੇਸ਼ ਵਿਚ ਕਾਮਿਲ ਦਾ ਪਹਿਲਾ ਪੱਤਰ ਮਿਲਿਆ। ਉਸ ਤੋਂ ਪਤਾ ਲੱਗਾ ਕਿ ਬਾਬੂ ਆਨੰਦ ਸਰੂਪ ਗੁਜ਼ਰ ਗਏ ਹਨ। ਮੌਤ ਤੋਂ ਇਕ ਦਿਨ ਪਹਿਲਾਂ ਮਾਦਲ ਉਨ੍ਹਾਂ ਦੇ ਘਰ ਗਿਆ



ਤਾਂ ਉਨ੍ਹਾਂ ਨੇ ਉਸ ਨੂੰ ਬਾਹਰ ਵਾਲੇ ਕਮਰੇ ਵਿਚ ਹੀ ਰੋਕ ਲਿਆ।

"ਮੈਂ ਵੀ ਕਚਹਿਰੀ ਤੇਰੇ ਨਾਲ ਚੱਲਾਂਗਾ...।" ਉਨ੍ਹਾਂ ਕਿਹਾ।

ਮਾਦਲ ਨੇ ਦੇਖਿਆ। ਉਹ ਕੱਪੜੇ ਪਾਏ ਤਿਆਰ ਬੈਠੇ ਸਨ। ਮਾਦਲ ਨੇ ਅੰਦਰ ਜਾ ਕੇ ਦਾਖਸ਼ਇਣੀ ਨੂੰ ਕਿਹਾ। ਉਹ ਬਾਹਰਲੇ ਕਮਰੇ ਵਿਚ ਆਈ।

"ਕਿੱਥੇ ਜਾਣਾ ਏ ਤੁਸੀਂ ?" ਉਸ ਨੇ ਤੇਜ਼ ਆਵਾਜ਼ ਵਿਚ ਪੁੱਛਿਆ।

"ਕਚਹਿਰੀ।" ਆਨੰਦ ਸਰੂਪ ਨੇ ਸਿਰ ਨੀਵਾਂ ਕੀਤੇ ਹੀ ਜਵਾਬ ਦਿੱਤਾ।

"ਕਿਉਂ ਜਾਣਾ ਹੈ...ਕੀ ਪਿਆ ਹੈ ਉੱਥੇ ? ਠੰਡ ਹੈ...ਟੈਂਪੋ ਤੇ ਜਾਣਾ ਪਏਗਾ ? ਕੀ ਕਰਨ ਜਾਣਾ ਜੇ ? ਕੀ ਕੰਮ ਹੈ ਤੁਹਾਨੂੰ ?" ਉਹ ਉਨ੍ਹਾਂ ਦੇ ਨੇੜੇ ਆ ਗਈ।

"ਮੈਨੂੰ ਦੱਸੋ...ਜੇ ਕੁਝ ਚਾਹੀਦਾ ਹੈ ਤਾਂ...ਮੈਂ ਮੰਗਵਾਂ ਦੇਂਦੀ ਹਾਂ।"

"ਜ਼ਿੰਦਗੀ ਮੁੱਕ ਜਾਏ, ਉਸ ਤੋਂ ਪਹਿਲਾਂ ਮੈਂ ਇਕ ਵਾਰ ਉਹ ਜਗ੍ਹਾ ਦੇਖਣਾ ਚਾਹੁੰਦਾ ਹਾਂ, ਜਿੱਥੇ ਪੂਰਾ ਜੀਵਨ ਬਿਤਾਇਆ ਹੈ।"

ਬਾਬੂ ਆਨੰਦ ਸਰੂਪ ਨੇ ਸਿਰ ਚੁੱਕ ਕੇ ਦਾਖਸ਼ਇਣੀ ਵੱਲ ਤੱਕਿਆ। ਉਹ ਚੁੱਪ ਹੋ ਗਈ।

"ਮਨ ਕਰ ਰਿਹਾ ਏ। ਇਕ ਵਾਰ ਦੇਖ ਆਵਾਂ। ਫਿਰ ਪਤਾ ਨਹੀਂ, ਜਾ ਸਕੇਗਾ ਕਿ ਨਹੀਂ।"

ਦਾਖਸ਼ਇਣੀ ਨੇ ਕੁਝ ਨਾ ਕਿਹਾ। ਉਹ ਝਟਕੇ ਨਾਲ ਅੰਦਰ ਚਲੀ ਗਈ। ਅੰਦਰੋਂ ਉਸ ਨੇ ਮਾਦਲ ਨੂੰ ਵਾਜ਼ ਮਾਰੀ। ਉਸ ਨੂੰ ਕੁਝ ਰੁਪਏ ਦਿੱਤੇ।

"ਰਿਕਸ਼ਾ ਕਰ ਕੇ ਲੈ ਆ। ਉੱਥੇ ਕਿਧਰੇ ਬਿਠਾ ਦੇਈਂ। ਜ਼ਿਅਦਾ ਘੁੰਮਣ ਨਾ ਦੇਈਂ। ਨਾਲ ਹੀ ਰਹੀ ਤੇ ਨਾਲ ਹੀ ਲੈ ਕੇ ਆਈਂ। ਰਿਕਸ਼ੇ ਵਾਲੇ ਨੂੰ ਰੋਕ ਕੇ ਰੱਖੀਂ।"

ਆਨੰਦ ਸਰੂਪ ਉਸ ਦਿਨ ਧਰਮਸਥਲ ਗਏ। ਉਨ੍ਹਾਂ ਨੂੰ ਕੁਝ ਸਮਝ 'ਚ ਨਾ ਆਇਆ। ਚਾਰੋਂ ਪਾਸੇ ਦੁਕਾਨਾਂ, ਭੀੜ, ਠੇਲੇ, ਸ਼ੋਰ ਸੀ। ਵੱਡੇ-ਵੱਡੇ ਬੋਰਡ ਸਨ। ਬੈਨਰ ਸਨ। ਜਾਨਵਰਾਂ ਦੇ ਝੁੰਡ ਸਨ। ਗੱਡੀਆਂ ਸਨ। ਸਾਰੇ ਦਰਵਾਜ਼ੇ ਛੁਪ ਗਏ ਸਨ। ਉੱਥੋਂ ਮੁੱਖ ਦਰਵਾਜ਼ੇ ਤੋਂ ਤੋਪ ਹਟਾ ਕੇ ਮਿਊਜ਼ੀਅਮ ਵਿਚ ਭੇਜ ਦਿੱਤੀ ਗਈ ਸੀ।

ਅੰਦਰ ਟੀਨ ਦੇ ਪਟਰਿਆਂ ਤੇ ਵਕੀਲਾਂ ਦੇ ਛੋਟੇ-ਛੋਟੇ ਬਸਤੇ ਪਏ ਸਨ। ਹਰ ਖਾਲੀ ਥਾਂ ਨੂੰ ਉਨ੍ਹਾਂ ਨੇ ਦਬੋਚ ਲਿਆ ਸੀ।

ਮਾਦਲ ਉਨ੍ਹਾਂ ਨੂੰ ਆਪਣੀ ਜਗ੍ਹਾ ਤੇ ਲੈ ਗਿਆ। ਲਾਇਆਰਸ ਐਸੋਸੀਏਸ਼ਨ ਦੇ ਕਮਰੇ ਦੇ ਇਕ ਕੋਨੇ ਵਿਚ ਉਹ ਬੈਠ ਗਏ। ਉਨ੍ਹਾਂ ਦੇ ਸ਼ਤਰੰਜ ਖੇਡਣ ਵਾਲੀ ਥਾਂ ਤੇ ਠੰਡੇ ਪਾਣੀ ਦੀ ਮਸ਼ੀਨ ਰੱਖ ਦਿੱਤੀ ਗਈ ਸੀ।

"ਕਾਮਿਲ ਨੂੰ ਬੁਲਾਵਾਂ ?" ਉਨ੍ਹਾਂ ਨੂੰ ਬਿਠਾ ਕੇ ਮਾਦਲ ਨੇ ਪੁੱਛਿਆ।

"ਨਹੀਂ...ਬਸ ਥੋੜ੍ਹੀ ਦੇਰ ਬਾਅਦ ਵਾਪਸ ਆ ਜਾਵਾਂਗਾ। ਤੂੰ ਜਿਹੜਾ ਜ਼ਰੂਰੀ ਕੰਮ ਹੋਵੇ ਕਰ ਲੈ।" .

ਮਾਦਲ ਟਾਈਪਰਾਈਟਰਸ ਤੇ ਬੈਠੇ ਮੁੰਡਿਆਂ ਕੋਲ ਚਲਾ ਗਿਆ।

ਬਾਰ ਐਸੋਸੀਏਸ਼ਨ ਦੇ ਲਾਅਨ ਤੇ ਧੁੱਪ ਸੀ। ਕੁਝ ਵਕੀਲ ਕੁਰਸੀਆਂ ਤੇ ਬੈਠੇ ਮੂੰਗਫਲੀਆਂ ਖਾ ਰਹੇ ਸਨ। ਕੁਝ ਅਖ਼ਬਾਰ ਪੜ੍ਹ ਰਹੇ ਸਨ। ਧਰਮਸਥਲ ਦੇ ਅੰਦਰ ਚਾਰੋਂ ਪਾਸੇ ਭੱਜਦੌੜ ਮੱਚੀ ਹੋਈ ਸੀ। ਬੰਦਿਆਂ ਦਾ ਹਜੂਮ ਸੀ, ਅਰਥਹੀਣ ਸ਼ਬਦ ਸਨ। ਆਕਾਸ਼ ਛੋਟਾ ਹੋ ਗਿਆ ਸੀ। ਧਰਤੀ ਸੁੰਗੜ ਗਈ ਸੀ। ਅਚਾਨਕ ਉਨ੍ਹਾਂ ਦਾ ਦਿਲ ਘਬਰਾਉਣ ਲੱਗ ਪਿਆ। ਉਨ੍ਹਾਂ ਨੇ ਗਹਿਰੇ ਸਾਹ ਲਏ। ਸਿਰ ਫਿਰਾ ਕੇ ਤੱਕਿਆ। ਮਾਦਲ ਦਰੱਖ਼ਤ ਹੇਠਾਂ ਇਕ ਮੁੰਡੇ ਕੋਲ ਖੜ੍ਹਾ ਟਾਈਪ ਕੀਤੇ ਕੁਝ

ਕਾਗਜ਼ ਦੇਖ ਰਿਹਾ ਸੀ। ਉਨ੍ਹਾਂ ਨੇ ਉਸ ਨੂੰ ਆਵਾਜ਼ ਮਾਰੀ। ਆਵਾਜ਼ ਉਸ ਤੱਕ ਨਾ ਪਹੁੰਚੀ। ਉਨ੍ਹਾਂ ਨੇੜਿਓਂ ਲੰਘਦੇ ਇਕ ਵਕੀਲ ਨੂੰ ਕਿਹਾ। ਉਸ ਨੇ ਮਾਦਲ ਕੋਲ ਜਾ ਕੇ ਉਨ੍ਹਾਂ ਵੱਲ ਇਸ਼ਾਰਾ ਕੀਤਾ। ਮਾਦਲ ਨੇ ਮੁੜ ਕੇ ਉਨ੍ਹਾਂ ਵੱਲ ਤੱਕਿਆ। ਉਨ੍ਹਾਂ ਨੇ ਉਸ ਨੂੰ ਕੋਲ ਬੁਲਾਇਆ।

"ਮੈਨੂੰ ਲੈ ਚੱਲ।" ਉਨ੍ਹਾਂ ਕਿਹਾ। ਉਨ੍ਹਾਂ ਦਾ ਚਿਹਰਾ ਪੀਲਾ ਪੈ ਗਿਆ ਸੀ। ਸਰਦੀ ਵਿਚ ਵੀ ਮੱਥੇ ਤੇ ਪਸੀਨਾ ਆ ਗਿਆ ਸੀ। ਨਿੰਮ ਹੇਠਾਂ ਮਾਦਲ ਨੇ ਸਹਾਰਾ ਦੇ ਕੇ ਰਿਕਸ਼ਾ ਉੱਤੇ ਬਿਠਾਇਆ। ਫਿਰ ਆਪ ਵੀ ਨਾਲ ਬੈਠ ਗਿਆ।

"ਜਲਦੀ ਚਲੋ।" ਮਾਦਲ ਨੇ ਰਿਕਸ਼ੇ ਵਾਲੇ ਨੂੰ ਕਿਹਾ। ਉਹ ਪੂਰੀ ਤਾਕਤ ਨਾਲ ਪੈਂਡਲ ਮਾਰਨ ਲੱਗ ਪਿਆ।

ਜਦੋਂ ਰਿਕਸ਼ਾ ਘਰ ਪਹੁੰਚਿਆ, ਉਦੋਂ ਤੱਕ ਆਨੰਦ ਸਰੂਪ ਨੀਮ ਬੇਹੋਸ਼ ਹੋ ਚੁੱਕੇ ਸਨ। ਥੋੜ੍ਹੀ-ਥੋੜ੍ਹੀ ਦੇਰ ਬਾਅਦ ਉਨ੍ਹਾਂ ਦਾ ਪਿੰਡਾ ਕੰਬਣ ਲੱਗਦਾ ਸੀ। ਫਿਰ ਢਿੱਲਾ ਪੈ ਜਾਂਦਾ ਸੀ। ਦਰਵਾਜ਼ੇ ਤੋਂ ਹੀ ਮਾਦਲ ਨੇ ਚੀਖ ਕੇ ਦਾਖਸ਼ਇਣੀ ਨੂੰ ਆਵਾਜ਼ ਮਾਰੀ। ਦਾਖਸ਼ਇਣੀ ਭੱਜਦੀ ਹੋਈ ਬਾਹਰ ਆਈ। ਦੋਵੇਂ ਸਹਾਰਾ ਦੇ ਕੇ ਉਨ੍ਹਾਂ ਨੂੰ ਅੰਦਰ ਲੈ ਗਏ। ਬਿਸਤਰੇ ਤੇ ਲਿਟਾ ਦਿੱਤਾ। ਮਾਦਲ ਦੌੜ ਕੇ ਡਾਕਟਰ ਨੂੰ ਬੁਲਾਉਣ ਚਲਾ ਗਿਆ। ਦਾਖਸ਼ਇਣੀ ਨੇ ਉਨ੍ਹਾਂ ਦੇ ਕੋਟ ਦੇ ਬਟਨ ਖੋਲ੍ਹ ਦਿੱਤੇ। ਮੱਥੇ ਦਾ ਪਸੀਨਾ ਪੂੰਝਿਆ। ਉਨ੍ਹਾਂ ਦਾ ਸੀਨਾ ਰਗੜਦੇ ਹੋਏ ਉਨ੍ਹਾਂ ਨੂੰ ਪੁਕਾਰਨ ਲੱਗੀ। ਉਨ੍ਹਾਂ ਅੱਖਾਂ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਫਿਰ ਕੁਝ ਕੁਝ ਬੁੜਬੁੜ ਕਰ ਚੁੱਪ ਹੋ ਗਏ। ਕੁਝ ਹੀ ਦੇਰ ਵਿਚ ਡਾਕਟਰ ਆ ਗਿਆ। ਉਸ ਨੇ ਉਨ੍ਹਾਂ ਦਾ ਪਿੰਡਾ ਛੂਹਿਆ, ਫਿਰ ਚੁੱਪਚਾਪ ਬਾਹਰ ਚਲਾ ਗਿਆ।

ਸ਼ਾਮ ਨੂੰ ਤਾਜਘਰ ਤੋਂ ਕਾਮਿਲ ਨੇ ਦਾਖਸ਼ਇਣੀ ਦੀ ਮਾਂ ਦੇ ਗਵਾਂਢ ਵਿਚ ਫ਼ੋਨ ਕਰਕੇ ਉਨ੍ਹਾਂ ਨੂੰ ਸੂਚਨਾ ਦਿੱਤੀ। ਉਨ੍ਹਾਂ ਨੂੰ ਆਉਣ ਵਿਚ 20 ਘੰਟੇ ਲੱਗਦੇ ਸਨ। ਦਾਖਸ਼ਇਣੀ ਨੇ ਉਨ੍ਹਾਂ ਦੀ ਉਡੀਕ ਵਿਚ ਲੋਥ ਰੱਖਣ ਤੋਂ ਇਨਕਾਰ ਕਰ ਦਿੱਤਾ। ਕਾਮਿਲ ਨੇ ਸਵੇਰ ਤੱਕ ਸਾਰਾ ਬੰਦੋਬਸਤ ਕਰ ਦਿੱਤਾ। ਮੁਨ ਅਤੇ ਦੂਜੇ ਮੁੰਡਿਆਂ ਨੂੰ ਬੁਲਾ ਲਿਆ। ਕੁਝ ਗਵਾਂਢੀ ਸਨ। ਕੁਝ ਸਾਥੀ ਵਕੀਲ ਤੇ ਸ਼ਤਰੰਜ ਖੇਡਣ ਵਾਲੇ ਵੀ ਸਨ।

ਜਦੋਂ ਸਾਰੀ ਤਿਆਰੀ ਹੋ ਗਈ ਉਦੋਂ ਦਾਖਸ਼ਾਇਣੀ ਨੇ ਕਾਮਿਲ ਨੂੰ ਇਕ ਪਾਸੇ ਵੱਲ ਬੁਲਾਇਆ।

"ਮੈਂ ਅਗਨੀ ਦੇਵਾਂਗੀ। ਸਾਰੇ ਦਾਹ-ਸੰਸਕਾਰ ਮੈਂ ਹੀ ਕਰਾਂਗੀ।" ਦਾਖਸ਼ਇਣੀ ਨੇ ਕਿਹਾ।

ਸਨਾਤਨ ਸਭਾ ਦੀ ਗੱਡੀ ਬੁਲਾ ਲਈ ਗਈ। ਉਸ ਉੱਤੇ ਦੇਹ ਨੂੰ ਰੱਖ ਦਿੱਤਾ ਗਿਆ। ਉਸੇ ਤੇ ਦਾਖਸ਼ਇਣੀ, ਕਾਮਿਲ, ਮਾਦਲ ਤੇ ਕੁਝ ਲੋਕ ਬੈਠ ਗਏ। ਕੁਝ ਆਪਣੀਆਂ ਗੱਡੀਆਂ ਤੇ ਘਾਟ ਉੱਤੇ ਪਹੁੰਚ ਗਏ।

ਚਿਤਾ ਨੂੰ ਸਜਾਇਆ ਗਿਆ। ਮੰਤਰ ਉਚਾਰਣ ਵਿਚਕਾਰ ਦਾਖਸ਼ਇਣੀ ਨੇ ਅਗਨੀ ਦਿੱਤੀ। ਜੋ ਸੰਸਕਾਰ ਵੇਲੇ ਆਏ ਸਨ, ਉਹ ਸਾਰੇ ਇੱਧਰ-ਉੱਧਰ ਪੌੜੀਆਂ ਉੱਤੇ ਦਰਖ਼ਤ ਹੇਠਾਂ ਬੈਠ ਗਏ। ਦਾਖਸ਼ਇਣੀ ਇਕ ਕੋਨੇ ਵਿਚ ਚੁੱਪਚਾਪ ਸਿਮਟੀ ਬੈਠੀ ਸੀ। ਉਸ ਨਾਲ ਮਾਦਲ ਸੀ। ਦੋ ਮੁੰਡੇ ਹੋਰ ਸਨ। ਧੂੰਏਂ ਤੋਂ ਬਚਣ ਲਈ ਕਾਮਿਲ ਥੋੜ੍ਹੀ ਦੂਰ ਜਾ ਕੇ ਪੌੜੀਆਂ ਤੇ ਬੈਠ ਗਿਆ। ਚੁੱਪਚਾਪ ਉਹ ਉੱਪਰ ਜਾਂਦੇ ਧੂੰਏਂ ਨੂੰ ਦੇਖ ਰਿਹਾ ਸੀ। ਉਸ ਦੇ ਪਿੱਛੇ ਵੀ ਕੁਝ ਲੋਕ ਬੈਠੇ ਸਨ। ਕਾਮਿਲ ਨੇ ਉਨ੍ਹਾਂ ਦੀਆਂ ਗੱਲਾਂ ਸੁਣੀਆਂ। ਕੋਈ ਕਹਿ ਰਿਹਾ ਸੀ,

"ਬਾਬੂ ਆਨੰਦ ਸਰੂਪ ਨੇ ਸਾਰੀ ਜ਼ਿੰਦਗੀ ਹੋਰ ਕੁਝ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਪਰ ਇਕ ਮਾਮੂਲੀ ਪਿਆਦੇ ਨੂੰ ਫਰਜ਼ੀ ਜ਼ਰੂਰ ਬਣਾ ਗਏ। ਅੱਜ ਉਹੀ ਕਚਹਿਰੀ ਦਾ ਸਭ ਤੋਂ ਵੱਡਾ 'ਭੜੂਆ' (ਦਲਾਲ) ਹੈ।"



ਸ਼ਮਸ਼ਾਨ ਘਾਟ ਤੋਂ ਉਹ ਸਾਰੇ ਇਕ ਟੈਂਪੋ ਵਿਚ ਮੁੜੇ। ਕਾਮਿਲ ਤੇ ਦਾਖਸ਼ਇਣੀ ਘਰ ਅੰਦਰ ਚਲੇ ਗਏ। ਮੁਨ ਤੇ ਬਾਕੀ ਮੁੰਡੇ ਬੂਹੇ ਤੋਂ ਹੀ ਮੁੜ ਗਏ।

ਅੰਦਰ ਕਮਰੇ ਵਿਚ ਕੁਰਸੀ ਉੱਤੇ ਦਾਖਸ਼ਇਣੀ ਦੀ ਮਾਂ ਬੈਠੀ ਸੀ। ਨਾਲ ਇਕ ਆਦਮੀ ਸੀ। ਉਸ ਦੇ ਪੈਰਾਂ ਕੋਲ ਸੂਟ ਕੇਸ ਪਿਆ ਸੀ।

ਦਾਖਸ਼ਇਣੀ ਮਾਂ ਨਾਲ ਲਿਪਟ ਗਈ। ਧਾਹਾਂ ਮਾਰ ਕੇ ਰੋ ਪਈ। ਉਸ ਦੀ ਮਾਂ ਵੀ। ਕਾਮਿਲ ਇਕ ਕੋਨੇ ਵਿਚ ਖੜਾ ਸੀ। ਉਹ ਆਦਮੀ ਸਿਰ ਝੁਕਾਏ ਬੈਠਾ ਸੀ।

ਦਾਖਸ਼ਇਣੀ ਮਾਂ ਤੋਂ ਪਰ੍ਹੇ ਬੈਠ ਗਈ। ਚਿਹਰਾ ਪੂੰਝਿਆ, ਫਿਰ ਮਾਂ ਦਾ ਹੱਥ ਫੜ ਕੇ ਅੰਦਰ ਲੈ ਗਈ।

"ਇਹ ਇੱਥੇ ਕਿਉਂ ਆਇਆ ਹੈ ?" ਦਾਖਸ਼ਇਣੀ ਨੇ ਮਾਂ ਨੂੰ ਪੁੱਛਿਆ।

"ਮਤਲਬ ?" ਮਾਂ ਨੇ ਦਾਖਸ਼ਇਣੀ ਨੂੰ ਦੇਖਿਆ।

"ਨਹੀਂ...ਨਹੀਂ, ਇਹ ਇੱਥੇ ਨਹੀਂ ਰਹੇਗਾ। ਇਕ ਪਲ ਵੀ ਨਹੀਂ। ਮੈਂ ਤੇਰੇ ਹੱਥ ਜੋੜਦੀ ਹਾਂ।" ਦਾਖਸ਼ਇਣੀ ਨੇ ਮਾਂ ਅੱਗੇ ਹੱਥ ਜੋੜ ਦਿੱਤੇ, "ਤੂੰ ਰਹਿ। ਤੇਰੀ ਮੈਂ ਤਨ-ਮਨ ਨਾਲ ਸੇਵਾ ਕਰਾਂਗੀ। ਜੋ ਕਹੇਂਗੀ, ਕਰਾਂਗੀ। ਪਰ ਇਸ ਬੰਦੇ ਨੂੰ ਇੱਥੋਂ ਜਾਣਾ ਪਵੇਗਾ, ਹੁਣੇ ਹੀ।"

"ਤੂੰ ਇਹ ਗੱਲਾਂ ਦੋ ਦਿਨਾਂ ਬਾਅਦ ਵੀ ਕਰ ਸਕਦੀ ਏਂ। ਵੀਹ ਘੰਟਿਆਂ ਦਾ ਸਫ਼ਰ ਕਰਕੇ ਅਸੀਂ ਆਏ ਹਾਂ।"

"ਨਹੀਂ, ਉਦੋਂ ਤੱਕ ਬਹੁਤ ਦੇਰ ਹੋ ਜਾਏਗੀ। ਅਜੇ ਮੈਂ ਉਨ੍ਹਾਂ ਦਾ ਦਾਹ-ਸੰਸਕਾਰ ਕਰਕੇ ਇਸ਼ਨਾਨ ਵੀ ਨਹੀਂ ਕੀਤਾ। ਕਲ੍ਹ ਦਾ ਮੂੰਹ ਵਿਚ ਅੰਨ ਦਾ ਇਕ ਦਾਣਾ ਵੀ ਨਹੀਂ ਪਾਇਆ। ਪੂਰੀ ਰਾਤ ਮੈਂ ਉਨ੍ਹਾਂ ਦੀ ਲੋਥ ਕੋਲ ਬੈਠੀ ਰਹੀ। ਸਾਰਾ ਪ੍ਰਬੰਧ ਕੀਤਾ। ਅਜੇ ਮੈਂ ਕੁਝ ਸਹਿ ਸਕਦੀ ਹਾਂ। ਕਰ ਸਕਦੀ ਹਾਂ। ਦੋ ਦਿਨਾਂ ਬਾਅਦ ਨਹੀਂ। ਉਦੋਂ ਤੱਕ ਮੇਰੇ ਅੰਦਰ ਹਿੰਮਤ ਨਹੀਂ ਰਹੇਗੀ। ਮੈਂ ਥੱਕ ਗਈ ਹੋਵਾਂਗੀ। ਹੋ ਸਕਦਾ ਏ, ਵਿਰੋਧ ਵੀ ਨਾ ਕਰ ਸਕਾਂ। ਇਸ ਲਈ ਹੁਣੇ, ਇਸੇ ਵੇਲੇ ਉਸ ਨੂੰ ਕਹਿ ਦੇ ਕਿ ਉਹ ਇੱਥੋਂ ਚਲਾ ਜਾਵੇ।"

"ਇਹ ਨਹੀਂ ਹੋਏਗਾ।" ਮਾਂ ਨੇ ਕਿਹਾ, "ਮੈਂ ਬਹੁਤ ਮੁਸ਼ਕਿਲ ਨਾਲ ਦੁਬਾਰਾ ਉਨ੍ਹਾਂ ਨਾਲ ਜ਼ਿੰਦਗੀ ਦੀ ਸ਼ੁਰੂਆਤ ਕੀਤੀ ਏ। ਮੈਂ ਆਪਣੀ ਜ਼ਿੰਦਗੀ ਕਿਸ ਦੇ ਸਹਾਰੇ ਕੱਟਾਂਗੀ। ਕੌਣ ਕਰੇਗਾ ਮੇਰਾ... ?"

"ਮੈਂ ਕਰਾਂਗੀ ਤੇਰਾ ਖਿਆਲ। ਤੇਰੇ ਚਰਨ ਧੋ ਕੇ ਪੀਵਾਂਗੀ। ਸਾਰੀ ਜ਼ਿੰਦਗੀ।" ਦਾਖਸ਼ਇਣੀ ਨੇ ਮਾਂ ਦਾ ਹੱਥ ਫੜ ਲਿਆ।

"ਨਹੀਂ, ਮੈਂ ਨਹੀਂ ਚਾਹੁੰਦੀ ਤੇਰੇ ਤੇ ਜੋ ਬਾਹਰ ਖੜਾ ਹੈ, ਮੈਂ ਉਸ ਦੇ ਟੁਕੜਿਆਂ ਤੇ ਪਲਾਂ। ਤੇਰੀਆਂ ਰੰਗਰਲੀਆਂ ਸਵੇਰੇ-ਸ਼ਾਮ ਦੇਖਾਂ। ਜਿਹੋ ਜਿਹਾ ਵੀ ਹੈ। ਉਹ ਮੇਰਾ ਪਤੀ ਹੈ। ਮੇਰਾ ਆਪਣਾ ਘਰ ਹੈ ਉੱਥੇ। ਜੋ ਵੀ ਹੋਵੇ, ਉਹ ਤੇਰਾ ਪਿਤਾ ਹੈ।"

ਦਾਖਸ਼ਇਣੀ ਨੇ ਮਾਂ ਦਾ ਹੱਥ ਛੱਡ ਦਿੱਤਾ। ਮਾਂ ਨੇ ਦਾਖਸ਼ਇਣੀ ਵੱਲ ਤੱਕਿਆ। ਦਾਖਸ਼ਇਣੀ ਨੇ ਮੂੰਹ ਫੇਰ ਲਿਆ। ਉਸ ਨੇ ਮਾਂ ਵੱਲ ਪਿੱਠ ਕਰ ਲਈ। ਮਾਂ ਕੁਝ ਪਲ ਖੜੀ ਦਾਖਸ਼ਇਣੀ ਵੱਲ ਦੇਖਦੀ ਰਹੀ, ਫਿਰ ਕਮਰੇ ਤੋਂ ਬਾਹਰ ਨਿਕਲ, ਉਸ ਆਦਮੀ ਕੋਲ ਚਲੀ ਗਈ।

"ਚਲੋ, ਅਸੀਂ ਅਗਲੀ ਗੱਡੀ ਫੜਨੀ ਏ।"

ਉਹ ਕੁਝ ਨਾ ਬੋਲਿਆ। ਉਸ ਨੇ ਸੂਟਕੇਸ ਚੁੱਕ ਲਿਆ। ਮਾਂ ਦਰਵਾਜ਼ੇ ਤੋਂ ਬਾਹਰ ਨਿਕਲ ਗਈ। ਪਿੱਛੇ-ਪਿੱਛੇ ਉਹ ਆਦਮੀ ਵੀ।

ਕੁਝ ਦੇਰ ਬਾਅਦ ਦਾਖਸ਼ਇਣੀ ਕਮਰੇ ਵਿਚ ਆਈ। ਕਾਮਿਲ ਚੁੱਪਚਾਪ ਦੀਵਾਰ ਨਾਲ ਖਲੋਤਾ ਸੀ। ਉਸ ਨੇ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ। ਉਹ ਕਾਮਿਲ ਕੋਲ ਆਈ, "ਅੱਜ ਰਾਤ ਤੈਨੂੰ ਇੱਥੇ ਹੀ ਰੁੱਕਣਾ ਪਏਗਾ, ਸਾਰੀ ਜ਼ਿੰਦਗੀ ਦੀ ਗੱਲ ਹੁਣ ਤੈਅ ਕਰਨੀ ਏ, ਹੈ ਨਾ।"

ਕਾਮਿਲ ਨੇ ਉਸ ਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਸੀਨੇ ਨਾਲ ਲਗਾ ਲਿਆ। ਦਾਖਸ਼ਇਣੀ ਚੀਖੀ, ਫਿਰ ਉਹ ਉਸ ਦੇ ਸੀਨੇ ਉੱਤੇ ਸਿਰ ਪਟਕਦੇ ਹੋਏ ਧਾਹਾਂ ਮਾਰ-ਮਾਰ ਕੇ ਰੋ ਪਈ।

ਦਾਖਸ਼ਇਣੀ ਨਹਾਉਣ ਚਲੀ ਗਈ। ਹੱਥ-ਮੂੰਹ ਧੋ ਕੇ ਕਾਮਿਲ ਬਾਹਰੋਂ ਖਾਣ ਦਾ ਸਾਮਾਨ ਲੈ ਆਇਆ। ਸਵੇਰੇ ਗਵਾਂਢੀ ਵੀ ਕੁਝ ਦੇ ਗਏ ਸਨ।

ਸਰਦੀਆਂ ਦੇ ਦਿਨ ਸਨ। ਸ਼ਾਮੀਂ ਛੇ ਵਜੇ ਤੱਕ ਹਨ੍ਹੇਰਾ ਹੋ ਗਿਆ ਸੀ। ਜੋ ਥੋੜ੍ਹੇ ਬਹੁਤ ਅਫ਼ਸੋਸ ਕਰਨ ਲਈ ਆਏ ਸਨ, ਸਾਰੇ ਚਲੇ ਗਏ ਸਨ।

ਘਰ ਦੇ ਬਾਹਰ ਸਾਰੀਆਂ ਬੱਤੀਆਂ ਬੁਝਾ ਕੇ ਦਾਖਸ਼ਇਣੀ ਨੇ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ। ਕਮਰੇ ਦੀ ਬੱਤੀ ਵੀ ਬੁਝਾ ਦਿੱਤੀ। ਬਾਹਰੋਂ ਸਾਰਾ ਘਰ ਹੁਣ ਹਨ੍ਹੇਰੇ ਵਿਚ ਡੁੱਬ ਚੁੱਕਾ ਸੀ।

ਅੰਦਰਲੇ ਕਮਰੇ ਵਿਚ ਕਾਮਿਲ ਤੇ ਦਾਖਸ਼ਇਣੀ ਬੈਠ ਕੇ ਰੋਟੀ ਖਾਧੀ। ਖਾਣੇ ਤੋਂ ਬਾਅਦ ਦਾਖਸ਼ਇਣੀ, ਕਾਮਿਲ ਨੂੰ ਅੰਦਰਲੇ ਕਮਰੇ ਵਿਚ ਲੈ ਗਈ। ਕਾਮਿਲ ਕਾਫ਼ੀ ਥੱਕਿਆ ਹੋਇਆ ਸੀ। ਉਹ ਲੰਮਾ ਪੈ ਗਿਆ। ਦਾਖਸ਼ਇਣੀ ਵੀ ਉਸ ਕੋਲ ਲੇਟ ਗਈ। ਕੁਝ ਪਲਾਂ ਮਗਰੋਂ ਉਸ ਨੇ ਆਪਣੀ ਠੋਡੀ ਕਾਮਿਲ ਦੇ ਸੀਨੇ ਤੇ ਰੱਖ ਦਿੱਤੀ। ਹੁਣ ਉਸ ਦਾ ਚਿਹਰਾ ਕਾਮਿਲ ਦੇ ਚਿਹਰੇ ਦੇ ਨੇੜੇ ਸੀ। ਉਸ ਨੇ ਕੁਝ ਦੇਰ ਦੋ ਦਿਨ ਬਾਅਦ ਹੋਣ ਵਾਲੇ ਹਵਨ ਬਾਰੇ ਗੱਲਾਂ ਕੀਤੀਆਂ। ਇਹ ਵੀ ਕਿ ਕਿਸ ਨੂੰ ਬੁਲਾਉਣਾ ਏਂ, ਤੇ ਇਹ ਵੀ ਕਿ ਹਵਨ ਉਹ ਆਪ ਕਰੇਗੀ। ਉਸ ਨੇ ਮਾਂ ਦੀ ਕੋਈ ਗੱਲ ਨਾ ਕੀਤੀ। ਬਾਬੂ ਆਨੰਦ ਸਰੂਪ ਬਾਰੇ ਵੀ ਕੋਈ ਗੱਲ ਨਾ ਕੀਤੀ।

ਕੁਝ ਦੇਰ ਬਾਅਦ ਉਹ ਕਾਮਿਲ ਉੱਪਰ ਥੋੜ੍ਹਾ ਹੋਰ ਸਰਕ ਆਈ। ਉਸ ਦੇ ਘਣੇ ਕਾਲੇ ਵਾਲ ਖੁੱਲ੍ਹੇ ਸਨ। ਫਿਰ ਉਸ ਨੇ ਕਾਮਿਲ ਦੇ ਹੋਂਠਾਂ ਤੇ ਉਂਗਲ ਰੱਖਦੇ ਹੋਏ ਉਸ ਦੇ ਪਿਤਾ ਦੀ ਮੂਰਤੀ ਬਾਰੇ ਪੁੱਛਿਆ, ਫਿਰ ਉਸ ਦੇ ਭਰਾ ਬਾਰੇ। ਫਿਰ ਇਹ ਪੁੱਛਿਆ ਕਿ ਜੇ ਉਹ ਦੋਵੇਂ ਇਕੱਠੇ ਰਹਿਣਾ ਚਾਹੁੰਦੇ ਹਨ ਤਾਂ ਕੀ ਇੰਝ ਨਹੀਂ ਹੋ ਸਕਦਾ ਕਿ ਕਾਮਿਲ, ਇੱਥੇ ਇਸ ਘਰ ਵਿਚ ਆ ਕੇ ਰਹਿਣ ਲੱਗ ਪਏ।

ਕਾਮਿਲ ਨੇ ਕੋਈ ਜਵਾਬ ਨਾ ਦਿੱਤਾ। ਕਾਮਿਲ ਚੁੱਪ ਸੀ, ਕਿਉਂਕਿ ਉਹ ਇਹ ਨਹੀਂ ਸੀ ਕਹਿ ਸਕਦਾ ਕਿ ਤੂੰ ਮੇਰੇ ਘਰ ਆ ਕੇ ਰਹਿ, ਜਿਵੇਂ ਕਿ ਰਿਵਾਜ ਹੈ। ਕਾਮਿਲ ਕੋਲ ਕੋਈ ਘਰ ਨਹੀਂ ਸੀ। ਕੋਠੜੀ ਸੀ। ਉਸ ਵਿਚ ਵੀ ਦੋ ਇਸ ਲਈ ਰਹਿ ਪਾਉਂਦੇ ਸਨ, ਕਿਉਂਕਿ ਇਕ ਜਦੋਂ ਸੌਂਦਾ ਸੀ ਤਾਂ ਦੂਸਰਾ ਜਾਗਦਾ ਸੀ। ਉੱਥੇ ਦਾਖਸ਼ਇਣੀ ਲਈ ਕੋਈ ਥਾਂ ਨਹੀਂ ਸੀ। ਵੱਡਾ ਤਿੰਨ ਕਮਰਿਆਂ ਵਾਲਾ ਘਰ ਛੱਡ ਕੇ, ਪੌੜੀ ਉੱਪਰ ਬਣੀ ਟੱਟੀ ਵਿਚ, ਜਿੱਥੇ ਚਾਰ ਘਰਾਂ ਦੇ ਲੋਕ ਇਕੱਠੇ ਜਾਂਦੇ ਸਨ, ਉੱਥੇ ਦਾਖਸ਼ਇਣੀ ਨੂੰ ਉਹ ਨਹੀਂ ਲਿਆ ਸਕਦਾ ਸੀ। ਦਾਖਸ਼ਇਣੀ, ਕਾਮਿਲ ਨੂੰ ਇਸ ਘਰ ਵਿਚ ਆਉਣ ਦੇ ਫਾਇਦੇ ਸਮਝਾਉਂਦੀ ਰਹੀ। ਸਿਲਾਈ ਸਕੂਲ ਜਾ ਸਕੇਗੀ, ਕਚਹਿਰੀ ਦੇ ਸਾਰੇ ਕੰਮ ਹੁੰਦੇ ਰਹਿਣਗੇ। ਉਸ ਦੇ ਪਿਤਾ ਦੀ ਉਹ ਪੂਰੀ ਦੇਖਭਾਲ ਕਰੇਗੀ। ਉਹ ਹੋਰ ਵੀ ਨਿਸ਼ਚਿੰਤ ਹੋ ਕੇ ਆਪਣਾ ਕੰਮ ਕਰ ਸਕਣਗੇ। ਇੱਥੇ ਉਨ੍ਹਾਂ ਨੂੰ ਸਾਫ਼, ਤਾਜ਼ਾ ਹਵਾ ਮਿਲੇਗੀ। ਕੰਮ ਕਰਨ ਲਈ ਵੱਖਰਾ, ਵੱਡਾ ਕਮਰਾ ਮਿਲੇਗਾ। ਕਾਮਿਲ ਵੀ ਹਰ ਪਾਸਿਓਂ ਮੁਕਤ ਹੋ ਕੇ ਆਪਣਾ ਕੰਮ ਹੋਰ ਵਧਾ ਸਕੇਗਾ। ਦੂਸਰੇ ਸ਼ਹਿਰਾਂ ਦੀਆਂ ਜੇਲ੍ਹਾਂ ਦੇ ਕੈਦੀਆਂ ਨਾਲ ਵੀ ਸੰਪਰਕ ਕਰ ਸਕੇਗਾ ਉਹ ਸਾਰੇ ਮਿਲ ਕੇ, ਇਕ ਛੋਟੇ ਸੁਖੀ ਪਰਿਵਾਰ ਵਾਂਗ ਰਹਿਣਗੇ।

ਕਾਮਿਲ ਨੇ ਨੀਂਦ ਦੇ ਝੌਂਕੇ ਵਿਚ ਕੁਝ ਸੁਣਿਆ, ਕੁਝ ਨਾ। ਬਾਹਰ ਚੌਕੀਦਾਰ ਦੀ ਸੀਟੀ ਗੂੰਜ ਰਹੀ



ਸੀ। ਰਾਤ ਦੇ ਦਸ ਵੱਜ ਰਹੇ ਸਨ।

"ਸਵੇਰੇ ਗੱਲ ਕਰੀਏ ?" ਕਾਮਿਲ ਨੇ ਦਾਖਸ਼ਇਣੀ ਦੀਆਂ ਅੱਖਾਂ ਚੁੰਮ ਕੇ ਕਿਹਾ," ਤੂੰ ਵੀ ਥੱਕੀ ਹੋਈ ਏਂ...ਹੁਣ ਸੌਂ ਜਾ।"

"ਠੀਕ ਏ।" ਕਹਿ ਦਾਖਸ਼ਇਣੀ ਉੱਠ ਖੜ੍ਹੀ ਹੋਈ, "ਮੈਂ ਬਾਹਰ ਵਾਲੇ ਕਮਰੇ ਵਿਚ ਜਾ ਕੇ ਸੌਂਦੀ ਹਾਂ।" ਉਸ ਨੇ ਕਾਮਿਲ ਨੂੰ ਚੰਗ ਤਰ੍ਹਾਂ ਰਜਾਈ ਕਰਵਾ ਦਿੱਤੀ ਤੇ ਕਮਰੇ 'ਚੋਂ ਚਲੀ ਗਈ।

ਦਾਖਸ਼ਇਣੀ ਨੂੰ ਨੀਂਦ ਨਾ ਆਈ। ਕਦੇ ਝਪਕੀ ਲੈ ਕੇ, ਪਾਸੇ ਮਾਰਦੇ, ਉਹ ਸੁੱਤੀ ਜਾਗਦੀ ਰਹੀ। ਉਸ ਨੇ ਤਿੰਨ-ਚਾਰ ਵਾਰ ਘੜੀ ਦੇਖੀ। ਸਰਦੀਆਂ 'ਚ ਰੋਸ਼ਨੀ ਵੀ ਦੇਰ ਨਾਲ ਹੁੰਦੀ ਹੈ। ਅਜੇ ਤਾਂ ਸਵੇਰ ਦੇ ਪੰਜ ਹੀ ਵੱਜੇ ਸਨ। ਜਿਵੇਂ ਕੋਈ ਕਿਸੇ ਨੂੰ ਪੁਕਾਰ ਰਿਹਾ ਹੋਵੇ। ਦਾਖਸ਼ਇਣੀ ਨੂੰ ਬਾਹਰ ਕਮਰੇ ਦੇ ਦਰਵਾਜ਼ੇ ਉੱਤੇ ਕੋਈ ਖਟਖਟ ਸੁਣਾਈ ਦਿੱਤੀ। ਸ਼ਾਇਦ ਕੋਈ ਚਿੜੀ ਏ ਜਾਂ ਤੇਜ਼ ਹਵਾ। ਫਿਰ ਖਟਖਟ ਹੋਈ। ਦਾਖਸ਼ਇਣੀ ਉੱਠ ਖਲੋਤੀ। ਉਸ ਨੇ ਬੂਹੇ ਦੇ ਓਹਲਿਓਂ ਦੇਖਿਆ। ਕੋਈ ਧੁੰਧਲਾਏ ਸ਼ੀਸ਼ੇ ਨਾਲ ਆਪਣਾ ਚਿਹਰਾ ਚਿਪਕਾਏ ਖੜਾ ਸੀ। ਫਿਰ ਖਟਖਟ ਹੋਈ ਤੇ ਉਸ ਨੇ ਸ਼ੀਸ਼ੇ ਦੇ ਪਾਣੀ ਨੂੰ ਹੱਥ ਨਾਲ ਸਾਫ਼ ਕੀਤਾ। ਦਾਖਸ਼ਇਣੀ ਨੂੰ ਸ਼ੀਸ਼ੇ ਤੋਂ ਪਾਰ ਇਕ ਚਿਹਰਾ ਨਜ਼ਰ ਆਇਆ। ਉਹ ਕੁਝ ਪਲ ਦੇਖਦੀ ਰਹੀ, ਫਿਰ ਭੱਜ ਕੇ ਅੰਦਰਲੇ ਕਮਰੇ ਵਿਚ ਸੁੱਤੇ ਪਏ ਕਾਮਿਲ ਨੂੰ ਜਗਾਉਣ ਲੱਗੀ।

"ਉਠੋ...ਦੇਖ ਤਾਂ ਸਹੀ ਕੌਣ ਹੈ ?"

ਕਾਮਿਲ ਹੜਬੜਾ ਕੇ ਉੱਠ ਗਿਆ।

"ਕੌਣ ਏ ?"

"ਮੈਨੂੰ ਲੱਗਦਾ ਏ, ਤੇਰੇ ਬਾਪੂ ਹਨ।"

"ਉਹ ਕਿਵੇਂ ਹੋਣਗੇ...ਉਨ੍ਹਾਂ ਨੂੰ ਕਿਵੇਂ ਪਤਾ ?"

"ਉਂਝ ਹੀ ਲੰਮੇ ਘੁੰਘਰਾਲੇ ਵਾਲ। ਵਿਚਕਾਰੋਂ ਚੀਰ, ਜਿਵੇਂ ਤੂੰ ਦੱਸਦਾ ਏਂ...ਉੱਠ ਛੇਤੀ।"

ਕਾਮਿਲ ਪਲੰਘ ਤੋਂ ਉੱਤਰ ਤੇਜ਼ੀ ਨਾਲ ਬਾਹਰਲੇ ਕਮਰੇ ਵਿਚ ਆਇਆ। ਦਰਵਾਜ਼ੇ ਦੇ ਸ਼ੀਸ਼ੇ ਨਾਲ ਮੂੰਹ ਚਿਪਕਾਏ ਕੋਈ ਅੰਦਰ ਝਾਕ ਰਿਹਾ ਸੀ। ਉਹੀ ਸਨ। ਕਾਮਿਲ ਨੇ ਦਰਵਾਜ਼ਾ ਖੋਲਿਆ।

ਕਾਮਿਲ ਨੇ ਹੱਥ ਵਧਾ ਕੇ ਉਨ੍ਹਾਂ ਨੂੰ ਅੰਦਰ ਖਿੱਚ ਲਿਆ, "ਐਨੀ ਠੰਡ ਵਿਚ...ਕਿਉਂ ?"

"ਹੱਛਾ ਹੋਇਆ, ਤੂੰ ਮਿਲ ਗਿਆ।" ਉਨ੍ਹਾਂ ਨੇ ਕਾਮਿਲ ਦੇ ਚਿਹਰੇ ਨੂੰ ਛੂਹਿਆ, "ਮੈਂ ਤਾਂ ਬਹੁਤ ਦੇਰ ਤੋਂ ਖੜਾ ਸਾਂ...ਸੋਚਿਆ ਸਵੇਰ ਹੋ ਜਾਏ, ਫਿਰ ਉਠਾਵਾਂ ਕਿਸੇ ਨੂੰ।"

"ਹੋਇਆ ਕੀ ?" ਕਾਮਿਲ ਨੇ ਉਨ੍ਹਾਂ ਨੂੰ ਕਮਰੇ ਵਿਚ ਲਿਆ ਕੁਰਸੀ ਤੇ ਬਿਠਾ ਦਿੱਤਾ।

"ਕੁਝ ਨਹੀਂ ਹੋਇਆ। ਕੁਝ ਵੀ ਨਹੀਂ। ਬਸ ਬੈਠਾ ਹੋਇਆ ਕੰਮ ਕਰ ਰਿਹਾ ਸੀ। ਅੱਜ ਪਾਰਵਤੀ ਦੇ ਕੇਸਾਂ ਦੀ ਰਚਨਾ ਕੀਤੀ। ਬਹੁਤ ਦੇਰ ਤੱਕ ਸੋਚਦਾ ਰਿਹਾ ਪਹਿਲਾਂ ਕੀ ਬਣਾਵਾਂ ? ਜੂੜਾ, ਇਕ ਵੇਣੀ ਜਾਂ ਦੋ ਵੇਣੀ। ਕੇਸਾਂ ਵਿਚ ਕੋਈ ਰਤਨ-ਜੜਿਤ ਆਭੂਸ਼ਣ ਜੜ ਦੇਵਾਂ ? ਫਿਰ ਕੋਈ ਨਵੀਂ ਚੀਜ਼ ਹੀ ਬਣਾ ਦਿੱਤੀ। ਆਲ੍ਹਣੇ ਤੇ ਬੈਠੀ ਕੋਇਲ ਦਾ ਆਭਾਸ ਦੇਂਦੀ ਕੇਸ-ਸੱਜਾ। ਉਦੋਂ ਤੱਕ ਰਾਤ ਅੱਧੀ ਤੋਂ ਵੱਧ ਲੰਘ ਚੁੱਕੀ ਸੀ। ਕੋਤਵਾਲੀ ਦਾ ਦੂਜਾ ਘੰਟਾ ਵੱਜਿਆ ਸ਼ਾਇਦ। ਉਦੋਂ ਹੀ ਅਚਾਨਕ ਲੱਗਾ ਕਿ ਤੂੰ ਕਿਸੇ ਸੰਕਟ ਵਿਚ ਪਿਆ ਏਂ ਤੇ ਮੈਨੂੰ ਬੁਲਾ ਰਿਹਾ ਏਂ। ਬਸ ਮੈਂ ਬੇਚੈਨ ਹੋ ਗਿਆ। ਮੈਂ ਉੱਠ ਗਿਆ। ਹੱਥ ਧੋਤੇ। ਕਮਰੇ ਵਿਚ ਕਾਫ਼ੀ ਦੇਰ ਤੱਕ ਘੁੰਮਦਾ ਰਿਹਾ। ਪਰ ਬੇਚੈਨੀ ਘੱਟ ਨਾ ਹੋਈ। ਤੂੰ ਜ਼ਰੂਰ ਕਿਸੇ ਮੁਸ਼ਕਿਲ ਵਿਚ ਪੈ ਗਿਆ ਏਂ। ਤੂੰ ਮੈਨੂੰ ਬੁਲਾ ਰਿਹਾ ਏਂ। ਮੈਂ ਕੱਪੜੇ ਪਾਏ ਤੇ ਬਾਹਰ ਨਿਕਲ ਆਇਆ। ਕਿੱਥੋਂ ਲੱਭਦਾ ਤੈਨੂੰ ? ਯਾਦ ਆਇਆ, ਤੂੰ ਮੂਨ ਦੇ ਢਾਬੇ ਬਾਰੇ ਦੱਸਿਆ ਸੀ। ਉੱਥੇ ਚਲਾ ਗਿਆ। ਜੇਲ੍ਹ ਦੇ ਸਾਹਮਣੇ ਰੋਸ਼ਨੀ ਸੀ। ਕੁਝ ਲੋਕ ਵੀ ਸਨ। ਉਸ ਰਸਤੇ ਤੋਂ ਅਦੰਰ ਗਿਆ। ਉੱਥੇ ਕੋਈ ਮੁੰਡਾ ਸੌਂ ਰਿਹਾ ਸੀ। ਉਸ ਨੂੰ

ਜਗਾਇਆ ਤਾਂ ਉਸ ਨੇ ਇੱਥੇ ਦਾ ਪਤਾ ਦੱਸਿਆ। ਫਿਰ ਹਸਪਤਾਲ ਦੇ ਬਾਹਰੋਂ ਇਕ ਰਿਕਸ਼ਾ ਲਿਆ, ਫਿਰ ਇੱਥੇ ਆਇਆ। ਕੀ ਹੋਇਆ ਸੀ ? ਕਿਉਂ ਪੁਕਾਰ ਰਿਹਾ ਸੀ ਮੈਨੂੰ ?"

ਕਾਮਿਲ ਕੁਝ ਨਾ ਬੋਲਿਆ। ਉਨ੍ਹਾਂ ਨੂੰ ਦੇਖਦੇ ਹੋਏ ਉੱਠ ਖੜ੍ਹਾ ਹੋਇਆ।

"ਚਲੋ...ਘਰ ਚੱਲਦੇ ਹਾਂ।" ਕਾਮਿਲ ਨੇ ਉਨ੍ਹਾਂ ਦੇ ਮੋਢੇ ਤੇ ਹੱਥ ਰੱਖਿਆ।

"ਹਾਂ...ਹਾਂ ਚਲੋ।" ਉਹ ਖੜ੍ਹੇ ਹੋ ਗਏ। ਬਾਹਰ ਦਰਵਾਜ਼ੇ ਤੱਕ ਆ ਗਏ।

"ਤੁਸੀਂ ਰੁਕੋ, ਮੈਂ ਆਉਂਦਾ ਹਾਂ।" ਕਾਮਿਲ ਨੇ ਕਿਹਾ, ਫਿਰ ਅੰਦਰ ਕਮਰੇ ਵਿਚ ਗਿਆ।

ਦਾਖਸ਼ਇਣੀ ਦਰਵਾਜ਼ੇ ਦੀ ਓਟ ਵਿਚ ਖੜੀ ਸਭ ਸੁਣ ਰਹੀ ਸੀ। "ਹੁਣੇ ਜਾਣਾ ਪਏਗਾ।" ਕਾਮਿਲ ਨੇ ਉਸ ਨੂੰ ਕਿਹਾ।

ਦਾਖਸ਼ਇਣੀ ਕੁਝ ਨਾ ਬੋਲੀ। ਚੁੱਪਚਾਪ ਕਾਮਿਲ ਨੂੰ ਦੇਖਦੀ ਰਹੀ।

ਕਾਮਿਲ ਨੇ ਇੱਧਰ-ਉੱਧਰ ਦੇਖਿਆ, ਫਿਰ ਦਾਖਸ਼ਇਣੀ ਜੋ ਗਰਮ ਚੱਦਰ ਲਪੇਟੇ ਸੌਂ ਰਹੀ ਸੀ, ਉਹ ਚੁੱਕ ਲਈ। ਦਾਖਸ਼ਇਣੀ ਵੱਲ ਉਸ ਨੇ ਦੇਖਿਆ।

ਉਹ ਪਥਰਾਈਆਂ ਨਜ਼ਰਾਂ ਨਾਲ ਉਸ ਨੂੰ ਦੇਖ ਰਹੀ ਸੀ। ਕਾਮਿਲ ਵਾਪਿਸ ਬਾਹਰ ਵਾਲੇ ਕਮਰੇ ਵਿਚ ਆ ਗਿਆ।

ਬਾਪੂ ਦੇ ਪਿੰਡੇ ਨੂੰ ਗਰਮ ਚੱਦਰ ਨਾਲ ਲਪੇਟ ਆਪਣੀਆਂ ਬਾਹਾਂ ਵਿਚ ਲੈ ਲਿਆ। ਫਿਰ ਸਹਾਰਾ ਦੇ ਕੇ ਕਮਰੇ ਤੋਂ ਬਾਹਰ ਨਿਕਲ ਗਿਆ।

ਧੁੰਦ ਵਿਚ ਉਹ ਜ਼ਰਾ-ਜ਼ਰਾ ਕੰਬ ਰਹੇ ਸਨ। ਕਾਮਿਲ ਨੇ ਆਪਣਾ ਕੋਟ ਵੀ ਉਤਾਰ ਕੇ ਉਨ੍ਹਾਂ ਨੂੰ ਪੁਵਾ ਦਿੱਤਾ। ਕੋਟ ਪਹਿਨ, ਉਹ ਰੁੱਕ ਗਏ।

ਹੁਣ ਦੋਵੇਂ ਬਾਹਰ ਸੜਕ ਤੇ ਆ ਗਏ ਸਨ।

"ਕਿਸ ਦਾ ਘਰ ਹੈ ਇਹ ? ਕੌਣ ਰਹਿੰਦਾ ਹੈ ਇੱਥੇ ? ਤੇ ਤੂੰ ਇੱਥੇ ਕੀ ਕਰ ਰਿਹਾ ਸੀ ?" ਬਹੁਤ ਮਾਯੂਸ ਆਵਾਜ਼ ਨਾਲ ਉਨ੍ਹਾਂ ਪੁੱਛਿਆ। ਕਾਮਿਲ ਚੁੱਪ ਰਿਹਾ। ਫਿਰ ਉਹ ਚੱਲ ਪਏ। ਕਾਮਿਲ ਨਾਲ ਸੀ। ਅਚਾਨਕ ਉਨ੍ਹਾਂ ਨੇ ਕਾਮਿਲ ਦਾ ਹੱਥ ਆਪਣੇ ਹੱਥ ਵਿਚ ਫੜ੍ਹ ਲਿਆ। ਐਨੀ ਤਾਕਤ ਨਾਲ ਕਿ ਕਾਮਿਲ ਨੂੰ ਲੱਗਾ ਕਿ ਉਹ ਸਾਰੀ ਤਾਕਤ ਵੀ ਲੱਗਾ ਦੇਵੇ, ਤਾਂ ਵੀ ਸ਼ਾਇਦ ਉਨ੍ਹਾਂ ਦੀ ਪਕੜ ਤੋਂ ਆਪਣੇ ਆਪ ਨੂੰ ਛੁੱਡਾ ਨਹੀਂ ਸਕੇਗਾ।

— 3 —

"ਮੈਂ ਭੜ੍ਹਵਾ (ਦੱਲਾ) ਨਹੀਂ ਹਾਂ ਬਿਜਨ। ਤੈਨੂੰ ਯਾਦ ਹੈ, ਅਸੀਂ ਇਕ ਜਲੂਸ ਦੇਖਿਆ ਸੀ ਲਾਲ...ਦਹਿਕਦਾ ਹੋਇਆ। ਉਹ ਚਿਹਰੇ, ਉਹ ਭਿੱਚੀਆਂ ਮੁੱਠੀਆਂ, ਹੱਕ ਮੰਗਣ ਦੀ ਲੜ੍ਹਾਈ ਤੇ ਆਪਣੇ ਸੁਫ਼ਨਿਆਂ ਵੱਲ ਚੱਲਣ ਦਾ ਇਕ ਨਿਸ਼ਚਿਤ ਰਾਹ। ਉਨ੍ਹਾਂ ਨੂੰ ਕਿਸੇ ਗੱਲ ਵਿਚ ਕੋਈ ਸੰਦੇਹ ਨਹੀਂ ਸੀ। ਇਹੀ ਉਹ ਸਮਾਂ ਸੀ, ਜਦੋਂ ਸਾਡੇ ਅੰਦਰ ਵੀ ਕੋਈ ਸੰਸਾ ਨਹੀਂ ਸੀ। ਮੈ ਤੈਨੂੰ ਕਿਹਾ ਸੀ ਚੱਲ, ਇਸ ਵਿਚ ਸ਼ਾਮਿਲ ਹੁੰਦੇ ਹਾਂ। ਤੂੰ ਤਿਆਰ ਨਹੀਂ ਹੋਇਆ ਸੀ। ਅਸੀਂ ਰੁੱਕ ਗਏ ਸਾਂ। ਫਿਰ ਜਦੋ ਤੱਕ ਧਰਮਸਥਲ ਨਾ ਗਏ, ਉਦੋਂ ਤੱਕ ਜ਼ਿੰਦਗੀ ਵਿਚ ਕਿੱਧਰੇ ਕੋਈ ਸੰਸਾ ਨਹੀਂ ਸੀ। ਸਾਨੂੰ ਹਰ ਪਾਸਿਓਂ, ਜ਼ਿੰਦਗੀ ਦੇ ਹਰ ਪੱਖ ਲਈ, ਇਕ ਨਿਸ਼ਚਿਤ, ਸ਼ੱਕਣਿਹੀਣ, ਸਥਾਪਿਤ ਸੱਚ ਦਿੱਤਾ ਗਿਆ ਹੋਇਆ ਸੀ, ਜਿਸਦਾ ਅਨੁਕਰਣ ਅਸੀਂ ਕਰਨਾ ਸੀ। ਧਰਮਸਥਲ ਵਿਚ ਪਹਿਲੀ ਵਾਰ ਸਿਖਾਇਆ ਗਿਆ ਕਿ ਸੰਦੇਹ ਮਹੱਤਵਪੂਰਨ ਹੁੰਦੇ ਹਨ, ਕਿਉਂਕਿ ਸੱਚ ਉਨ੍ਹਾਂ ਵਿਚਕਾਰ ਹੀ ਕਿੱਧਰੇ ਲੁਕਿਆ ਹੁੰਦਾ ਹੈ। ਸੱਚ ਨੂੰ ਪਾਉਣ ਲਈ ਸੰਦੇਹ ਪਹਿਲੀ ਪੌੜੀ ਹੈ। ਜੇ ਸੰਦੇਹ ਨਹੀਂ ਵੀ ਤਾਂ ਉਨ੍ਹਾਂ ਨੂੰ ਪੈਦਾ ਕਰੋ, ਉਨ੍ਹਾਂ ਨੂੰ ਅਪਣਾਓ।



ਉਨ੍ਹਾਂ ਨੂੰ ਲੱਭੋ, ਜਨਮ ਦਿਓ। ਬਾਬੂ ਆਨੰਦ ਸਰੂਪ ਨੇ ਇਹੀ ਸਿਖਾਇਆ ਸੀ। ਉਨ੍ਹਾਂ ਨੂੰ ਮਹਿਤਾਬ ਜਹਾਂਗੀਰ ਨੇ ਸਿਖਾਇਆ ਸੀ। ਉਨ੍ਹਾਂ ਨੂੰ ਧਰਮਸਾਸ਼ਤਰਾਂ ਨੇ ਸਿਖਾਇਆ ਸੀ। ਬਾਪੂ ਨੇ ਵੀ ਇਹੀ ਕਿਹਾ। ਰਚਨਾ ਸੰਸੇ ਵਿਚੋਂ ਹੀ ਜਨਮ ਲੈਂਦੀ ਹੈ, ਪਰਪੱਕ ਹੁੰਦੀ ਹੈ। ਅਰਜੁਨ ਸੰਦੇਹ ਕਰਦਾ ਹੈ, ਸਿਰਫ਼ ਸ਼ੰਕਾ ਰੱਖਦਾ ਹੈ ਤੇ ਫਿਰ ਕ੍ਰਿਸ਼ਨ ਕਿਵੇਂ ਉਨ੍ਹਾਂ ਸਾਰਿਆਂ ਵਿਚਕਾਰੋਂ ਲੱਭ ਕੇ ਸੱਚ ਉਸ ਨੂੰ ਦੇ ਦੇਂਦੇ ਹਨ। ਬੁੱਧ ਨੂੰ ਗਿਆਨ, ਸੰਦੇਹ ਤੋਂ ਬਾਅਦ ਪ੍ਰਾਪਤ ਹੋਇਆ। ਬਾਅਦ ਵਿਚ ਵੀ ਬੁੱਧ ਨੂੰ ਜਦੋਂ ਅਨੰਦ ਨੇ ਪੁੱਛਿਆ, ਸੱਚ ਕੀ ਹੈ, ਤਾਂ ਬੁੱਧ ਨੇ ਉਸ ਨੂੰ ਸੰਦੇਹ ਵੱਲ ਧਕੇਲ ਦਿੱਤਾ। ਪੱਤਝੜ ਦੀਆਂ ਸੁੱਕੀਆਂ ਪੱਤੀਆਂ ਵਾਂਗ ਚਾਰੋਂ ਪਾਸੇ ਬਿੱਖਰੇ ਹਨ ਸੱਚ। ਸਾਰਿਆਂ ਨੇ ਸਿਖਾਇਆ ਕਿ ਜੀਵਨ ਵਿਚ, ਸ਼੍ਰਿਸਟੀ ਵਿਚ, ਅੰਤਿਮ ਕੁਝ ਨਹੀਂ ਹੋ ਸਕਦਾ ਸਿਵਾਏ ਮੌਤ ਦੇ। ਕੋਈ ਸੱਚ ਆਖਰੀ ਨਹੀਂ। ਫਿਰ ਧਰਮਸਥਲ ਵਿਚ ਹਰ ਪਲ ਮੈਂ ਇਹੀ ਦੇਖਿਆ। ਇਹ ਵੀ ਦੇਖਿਆ ਕਿ ਸੰਦੇਹ ਦੀ ਉਸ ਦੁਨੀਆਂ ਵਿਚ ਸੱਚ ਲੱਭਦੇ ਨਹੀਂ, ਜ਼ਰੂਰਤ ਮੁਤਾਬਿਕ ਸਿਰਜਿਤ ਵੀ ਕੀਤੇ ਜਾਂਦੇ ਹਨ। ਕਾਨੂੰਨ ਦੀਆਂ ਕਿਤਾਬਾਂ ਤੋਂ, ਧਰਮਾਧਿਕਾਰੀਆਂ ਦੇ ਗਿਆਨ ਅਤੇ ਵਿਵੇਕ, ਨਿਆਂ ਨੂੰ ਸੰਚਾਲਿਤ ਕਰਨ ਵਾਲੇ ਸੂਤਰਾਂ ਤੋਂ, ਸਾਡੀ ਸੰਸਦ ਤੋਂ, ਸੰਵਿਧਾਨ ਤੋਂ।"

"ਮੈਂ ਵੀ ਉਨ੍ਹਾਂ ਦਿਨਾਂ ਵਿਚ ਹਰ ਪਲ ਸੰਦੇਹ ਵਿਚ ਰਹਿਣ ਲੱਗ ਪਿਆ। ਕਈ ਤਰ੍ਹਾਂ ਦੇ ਸੰਸੇ। ਜੀਵਨ ਨੇ ਕਿੱਧਰ ਜਾਣਾ ਹੈ ? ਕਿਹੜਾ ਰਸਤਾ ਚੁਣਾਂ ? ਸੁੱਖ, ਤਸੱਲੀ ਤੇ ਮਨੁੱਖ ਹੋਣ ਦੇ ਅਹਿਸਾਸ ਬੋਧ ਨਾਲ ਕਿਵੇਂ ਜੀਵਾਂ ? ਤੂੰ ਤਾਂ ਜਾਣਦਾ ਹੀ ਹੈ ਕਿ ਤੇਰੇ ਵਾਂਗ ਮੇਰੇ ਕੋਲ ਪਹਿਲਾਂ ਤੋਂ ਨਿਸ਼ਚਿਤ, ਸੁਰੱਖਿਅਤ, ਚਮਕਦਾਰ ਤਿਆਰ ਕਰਕੇ ਰੱਖਿਆ ਗਿਆ ਭਵਿੱਖ ਨਹੀਂ ਸੀ। ਆਪਣੇ ਭਵਿੱਖ ਦੀ ਚੋਣ ਮੈਂ ਆਪ ਹੀ ਕਰਨੀ ਸੀ। ਮੈਂ ਉਨ੍ਹਾਂ ਦਿਨਾਂ ਵਿਚ ਕਾਫ਼ੀ ਪੜ੍ਹਦਾ ਰਿਹਾ ਬਿਜਨ। ਮੈਂ ਧਰਮਸਥਲ ਦੇ ਸਰੂਪ ਅਤੇ ਆਤਮਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਲਾਰਡ ਨਾਰਥ ਦਾ ਪੂਰਾ ਐਕਟ ਪੜ੍ਹਿਆ। ਸੁਪਰੀਪ ਕੋਰਟ ਦੀ ਸਥਾਪਨਾ ਪੜ੍ਹੀ। ਉਸ ਤੋਂ ਪਹਿਲਾਂ ਦੀਆਂ ਆਪਣੀਆਂ ਵਿਵਸਥਾਵਾਂ ਪੜ੍ਹੀਆਂ ਜਿੱਥੇ ਹਿੰਦੂਆਂ ਦੇ ਪੰਡਿਤ ਅਤੇ ਮੁਸਲਮਾਨਾਂ ਦੇ ਮੌਲਵੀ ਆਪਣੀ-ਆਪਣੀ ਧਰਮ ਪੁਸਤਕ 'ਚੋਂ ਵਿਵਸਥਾ ਅਤੇ 'ਫਤਵਾ' ਦੇਂਦੇ ਸਨ ਤੇ ਵਾਰੇਨ ਹੇਸਟਿੰਗਸ ਨੇ ਇਸ ਵਿਵਸਥਾ ਨੂੰ ਨਸ਼ਟ ਨਾ ਕੀਤੇ ਜਾਣ ਬਾਰੇ ਇੰਗਲੈਂਡ ਦੀ ਸਰਕਾਰ ਨੂੰ ਕਿਹਾ ਵੀ ਸੀ। ਪਰ ਉਸ ਦੀ ਗੱਲ ਨਾ ਸੁਣੀ ਗਈ।

ਸੁਪਰੀਮ ਕੋਰਟ ਬਣਿਆ। ਮੈਂ ਇਸ ਦੇ ਪਹਿਲੇ ਚਾਰ ਜੱਜਾਂ ਬਾਰੇ ਪੜ੍ਹਿਆ। ਉਨ੍ਹਾਂ ਦਾ ਜੀਵਨ ਚਰਿੱਤਰ ਪੜ੍ਹਿਆ। ਨੰਦ ਕੁਮਾਰ ਦਾ ਪੂਰਾ ਮੁਕੱਦਮਾ ਪੜ੍ਹਿਆ। ਫ਼ਾਂਸੀ ਪੜ੍ਹੀ। ਦਰਸ਼ਨ ਸਾਸ਼ਤਰ ਪੜ੍ਹਿਆ, ਰਚਨਾਤਮਕਤਾ ਦੇ ਦਵੰਦਾਂ, ਸੰਦੇਹਾਂ ਨੂੰ ਪੜ੍ਹਿਆ। ਉਦੋਂ ਮੈਨੂੰ ਸਮਝ ਵਿਚ ਆਇਆ ਕਿ ਇਸ ਦੁਨੀਆਂ ਵਿਚ ਸੰਦੇਹਾਂ ਵਿਚਕਾਰ ਕੋਈ ਸੱਚ ਨਹੀਂ ਹੁੰਦਾ। ਸੰਦੇਹਾਂ ਦਾ ਝੁੰਗਲਮਾਟਾ ਸੱਚ ਤਲਾਸ਼ਣ ਲਈ, ਉਸ ਨੂੰ ਛੁਪਾਉਣ ਲਈ ਰਚਿਆ ਜਾਂਦਾ ਹੈ। ਤੇ ਇਸ ਨੂੰ ਰਚਦਾ ਕੌਣ ਹੈ ? ਉਦੋਂ ਮਨੁੱਖ ਦਾ, ਧਰਮਸਥਲ ਦਾ, ਸਮਾਜ ਦਾ, ਇਸ ਦੁਨੀਆਂ ਦਾ ਇਕੋ-ਇਕ ਤੇ ਸਭ ਤੋਂ ਵੱਡਾ ਸੱਚ ਸਮਝ ਵਿਚ ਆਇਆ ਕਿ ਇਹ ਸਾਰਾ ਹੀ ਜਗਤ ਸਪੱਸ਼ਟ ਤੌਰ ਤੇ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਕ ਅਖਾੜੇ ਦੇ ਅੰਦਰ ਆਪਸ ਵਿਚ ਲੜਦੇ-ਮਰਦੇ ਗੁਲਾਮਾਂ ਦਾ ਅਤੇ ਦੂਜਾ ਅਖਾੜੇ ਦੇ ਬਾਹਰ ਦਰਸ਼ਕ ਗੈਲਰੀਆਂ ਵਿਚ ਜਵਾਨ ਕੁੜੀਆਂ ਦੀਆਂ ਛਾਤੀਆਂ ਤੋਂ ਵਹਿੰਦੀ ਸ਼ਰਾਬ ਪੀਂਦੇ, ਉਨਮਾਦ ਅਤੇ ਉਲ੍ਹਾਸ ਨਾਲ ਹੁੰਕਾਰਦੇ ਹੋਏ, ਮਰਦੇ ਹੋਏ ਗੁਲਾਮਾਂ ਨੂੰ ਦੇਖਣ ਵਾਲਿਆਂ ਦਾ। ਇਕ ਦੁਨੀਆਂ ਉਨ੍ਹਾਂ ਦੀ ਹੈ ਜਿਨ੍ਹਾਂ ਦੇ ਹੱਥ ਵਿਚ ਕੁਹਾੜੇ ਹਨ ਤੇ ਇਕ ਦੁਨੀਆਂ ਉਨ੍ਹਾਂ ਦੀ ਹੈ, ਜਿਨ੍ਹਾਂ ਨੇ ਚੁੱਪਚਾਪ ਆਪਣੀਆਂ ਗਰਦਨਾਂ ਇਨ੍ਹਾਂ ਕੁਹੜਿਆਂ ਹੇਠ ਰੱਖ ਦਿੱਤੀਆਂ ਹਨ। ਸੰਦੇਹ ਉਨ੍ਹਾਂ ਨੂੰ ਹੈ ਜੋ ਅਖਾੜਿਆਂ ਅੰਦਰ ਹਨ, ਉਨ੍ਹਾਂ ਨੂੰ ਕਿਸੇ ਗੱਲ ਦਾ ਸੰਸਾ ਨਹੀਂ, ਜਿਨ੍ਹਾਂ ਦੇ ਹੱਥ ਵਿਚ ਕੁਹਾੜੇ ਹਨ। ਅਖਾੜੇ ਅੰਦਰ ਲੜਨ ਵਾਲਿਆਂ ਵਿਚ ਇਕ ਦੀ ਮੌਤ ਦੂਜੇ ਦੀ ਜ਼ਿੰਦਗੀ ਹੈ। ਇਕ ਦੀ ਹੱਤਿਆ ਕਰਨਾ, ਦੂਸਰੇ ਦੀ ਆਪਣੀ ਮੁਕਤੀ ਹੈ। ਇਸੇ ਕਾਰਣ

ਉਹ ਹਰੇਕ ਨੂੰ ਆਪਣਾ ਹੱਤਿਆਰਾ ਹੋਣ ਦੇ ਸੰਦੇਹ ਨਾਲ, ਸੰਸੇ ਨਾਲ, ਭੈਅ ਨਾਲ ਦੇਖਦੇ ਹਨ। ਉਨ੍ਹਾਂ ਦਾ ਪੂਰਾ ਜੀਵਨ ਮਰੁਹਮ, ਅਰਥ, ਸੱਚ ਸਭ ਸੰਦੇਹਾਂ ਵਿਚਕਾਰ ਹੀ ਲੁਕਿਆ ਹੋਇਆ ਹੈ।

ਹਰ ਸਵੇਰ ਕਿਸੇ ਦੂਸਰੇ ਦੀ ਹੱਤਿਆ ਕਰਨ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਜ਼ਿੰਦਾ ਹੋਣ ਦਾ ਬੋਧ ਹੁੰਦਾ ਹੈ, ਇਸ ਲਈ ਇਨ੍ਹਾਂ ਦੇ ਭੈਅ, ਇਨ੍ਹਾਂ ਦੇ ਦੁੱਖ ਕਦੇ ਖਤਮ ਨਹੀਂ ਹੁੰਦੇ। ਇਹ ਸਾਰੀ ਜ਼ਿੰਦਗੀ ਕਿਸੇ ਕੰਡਿਆਲੀ ਵਾੜ ਨੂੰ ਉਲੰਘ ਕੇ ਦੂਜੇ ਪਾਸੇ ਜਾਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਸ ਕੋਸ਼ਿਸ਼ ਵਿਚ ਇਨ੍ਹਾਂ ਦਾ ਲਹੂ ਲਾਲ ਤੋਂ ਪੀਲਾ ਹੋਣ ਲੱਗਦਾ ਹੈ। ਇਨ੍ਹਾਂ ਦੀਆਂ ਨਸਾਂ ਚਿਕਨੀ ਖੱਲ ਦੇ ਅੰਦਰ ਨਾ ਹੋ ਕੇ, ਬਾਹਰ ਦਿੱਸਣ ਲੱਗਦੀਆਂ ਹਨ। ਇਨ੍ਹਾਂ ਦੀਆਂ ਅੱਖਾਂ ਵਿਚ ਮੱਕੜਿਆਂ ਦੇ ਜਾਲੇ ਉੱਤਰ ਆਉਂਦੇ ਹਨ। ਆਪਣੀ ਰਹਿੰਦੀ-ਖੂੰਹਦੀ ਆਤਮਾ ਦਾ ਅਹਿਸਾਸ ਇਨ੍ਹਾਂ ਨੂੰ ਉਦੋਂ ਹੁੰਦਾ ਹੈ, ਜਦੋਂ ਕਦੇ ਇਹ ਦਰਦ ਯਾਤਨਾ ਜਾਂ ਮਜ਼ਬੂਰੀ ਨਾਲ ਚੀਖਦੇ ਹਨ। ਜਾਣਦਾ ਏਂ ਬਿਜਨ, ਮਨੁੱਖ ਅਹਿਸਾਨ ਨਹੀਂ ਜਖ਼ਮ ਮੋੜਣਾ ਚਾਹੁੰਦਾ ਹੈ। ਉਹ ਵੀ ਛੇਤੀ ਤੋਂ ਛੇਤੀ। ਇਕ ਬੰਦ ਜਗਤ ਵਿਚ ਬਹੁਤ ਸਾਰੇ ਇਨਸਾਨਾਂ ਨੂੰ ਰੱਖ ਦਿਓ ਤਾਂ ਉਹ ਹੌਲੀ-ਹੌਲੀ ਇਕ-ਦੂਜੇ ਤੋਂ ਘ੍ਰਿਣਾ ਕਰਨ ਲੱਗਦੇ ਹਨ। ਮੁੱਕਦੇ ਜਾਂਦੇ ਹਨ। ਉਨ੍ਹਾਂ ਦੇ ਮਨੋਵੇਗ, ਵਿਚਾਰ ਬਦਲ ਜਾਂਦੇ ਹਨ। ਉਹ ਇਕ-ਦੂਸਰੇ ਨੂੰ ਹਿਕਾਰਤ, ਘ੍ਰਿਣਾ ਤੇ ਕ੍ਰੋਧ ਨਾਲ ਦੇਖਣ ਲੱਗਦੇ ਹਨ। ਦੂਸਰੇ ਦੇ ਜੀਉਂਦੇ ਰਹਿਣ ‘ਤੇ ਮਾਯੂਸ ਹੁੰਦੇ ਹਨ। ਉਹ ਬੀਮਾਰ ਆਤਮਾਵਾਂ ਵਾਲੇ ਅਜਿਹੇ ਲੋਕਾਂ ਵਿਚ ਬਦਲ ਜਾਂਦੇ ਹਨ, ਜੋ ਹਰ ਦਿਨ ਦੇ ਆਪਣੇ ਜੀਵਨ ਮੁੱਲ, ਨੈਤਿਕਤਾ ਆਪ ਘੜਦੇ ਹਨ ਤੇ ਇਹ ਸਿਰਫ਼ ਕਿਸੇ ਦੂਸਰੇ ਦਾ ਲਹੂ ਪੀ ਕੇ ਜੀਉਂਦੇ ਰਹਿਣ ਨਾਲ ਹੀ ਸੰਭਵ ਹੁੰਦੀ ਹੈ। ਤੁਸੀਂ ਪਰਿਸਥਿਤੀਆਂ ਪੈਦਾ ਕਰਦੇ ਜਾਓ, ਲੋਕ ਕੀੜਿਆਂ ਵਿਚ ਬਦਲਣ ਲਈ ਤਿਆਰ ਹਨ।

ਅਖਾੜਿਆਂ ਦੇ ਬਾਹਰ ਬੈਠੇ ਲੋਕ ਇਸ ਸੱਚ ਨੂੰ ਜਾਣਦੇ ਹਨ। ਉਹ ਇਕ ਤੰਗ ਪਿੰਜਰੇ ਵਿਚ ਇਨ੍ਹਾਂ ਗੁਲਾਮਾਂ ਨੂੰ ਬੰਦ ਰੱਖਦੇ ਹਨ। ਗਿਣੀਆਂ ਹੋਈਆਂ ਰੋਟੀਆਂ ਸੁੱਟਦੇ ਹਨ, ਜੋ ਹਮੇਸ਼ਾ ਘੱਟ ਹੁੰਦੀਆਂ ਹਨ। ਰੋਟੀਆਂ ਦੀ ਉਡੀਕ ਵਿਚ ਫਿਰ ਕਿਸੇ ਦੀ ਹੱਤਿਆ ਕਰਨਾ ਤੇ ਫਿਰ ਰੋਟੀਆਂ ਦੀ ਉਡੀਕ ਕਰਨਾ। ਅਖਾੜੇ ਅੰਦਰ ਜੀਉਣ ਵਾਲਿਆਂ ਦੇ ਚੇਤਿਆਂ ਵਿਚ ਸਿਰਫ਼ ਇਹੀ ਰਹਿ ਜਾਂਦਾ ਹੈ। ਪਿੰਜਰੇ ਤੋਂ ਮੁਕਤ ਹੋਣ ਦਾ ਸੁਫ਼ਨਾ ਵੀ ਉਨ੍ਹਾਂ ਨੂੰ ਨਹੀਂ ਆਉਂਦਾ। ਉਨ੍ਹਾਂ ਦੀ ਚੇਤਨਾ, ਤਰਕ, ਬੁੱਧੀ, ਸੰਘਰਸ਼-ਸਮਰੱਥਾ, ਸਮੂਹਿਕ ਸ਼ਕਤੀ ਉਨ੍ਹਾਂ ਖਸਤੇ ਹਾਲ ਆਤਮਾਵਾਂ ਅੰਦਰ ਸੁੱਕ ਚੁੱਕੇ ਬੀਜਾਂ ਵਾਂਗ ਰਹਿੰਦੀਆਂ ਹਨ। ਇਹ ਧਰਮਸਥਲ ਵੀ ਇਕ ਇਹੋ ਜਿਹਾ ਹੀ ਪਿੰਜਰਾ ਹੈ ਬਿਜਨ। ਮੈਂ ਇਸ ਵਿਚ ਆਪਣਾ ਭਵਿੱਖ ਚੁਣ ਲਿਆ ਹੈ। ਮੈਂ ਅਖਾੜੇ ਦੇ ਅੰਦਰ ਨਹੀਂ ਬਾਹਰ ਰਹਿਣਾ ਹੈ। ਦਰਸ਼ਕ-ਗੈਲਰੀ ਵਿਚ ਛਾਤੀਆਂ ਤੋਂ ਵਹਿੰਦੀ ਸ਼ਰਾਬ ਪੀਣ ਵਾਲਿਆਂ ਵਿਚਕਾਰ ਕਿਸੇ ਵੀ ਸੰਦੇਹ, ਸੰਸੇ ਤੋਂ ਪਰ੍ਹੇ। ਮੈਨੂੰ ਆਨੰਦ ਸਰੂਪ, ਮਹਿਤਾਬ ਜਹਾਂਗੀਰ ਜਾਂ ਕਲ੍ਹ ਬਾਪੂ ਦਾ ਜੀਵਨ ਅਤੇ ਮੌਤ ਨਹੀਂ ਚਾਹੀਦੀ। ਮੈਨੂੰ ਉਹ ਜੀਵਨ ਤੇ ਉਹ ਸੱਚ ਚਾਹੀਦਾ ਹੈ, ਜੋ ਵਿਸ਼ਾਲ ਖੰਭ ਫੈਲਾਏ ਘਾਟਿਆਂ ਤੋਂ ਉੱਡਦੇ ਗਿਰਝ ਦਾ ਹੁੰਦਾ ਹੈ। ਜੋ ਹਿੰਸਾ, ਲਹੂ, ਸ਼ਕਤੀ, ਕਰੂਰਤਾ, ਅਸਤਿੱਤਵ, ਕਾਮੁਕਤਾ ਅਤੇ ਵੈਭਵ ਦੀਆਂ ਵਾਸਤਵਿਕ ਆਦਿਕ ਲਾਲਸਾਵਾਂ ਦਾ ਹੁੰਦਾ ਹੈ। ਜੋ ਬਰੂਟਸ ਦੀਆਂ ਸੰਤਾਨਾਂ ਨੂੰ ਕਤਲ ਕਰਦੇ ਰਹਿਣ ਦਾ ਹੁੰਦਾ ਹੈ। ਜਿੱਥੇ ਮਿਲੇ, ਜਿਹੋ ਜਿਹਾ ਮਿਲੇ।

ਮੈਂ ਭੜੂਵਾ (ਦੱਲਾ) ਨਹੀਂ ਹਾ ਬਿਜਨ...ਬਸ ਅਖਾੜੇ ਦੇ ਦੂਜੇ ਪਾਸੇ ਚਲਾ ਗਿਆ ਹਾਂ।

ਮੁੰਨੀ ਦਾ ਨਾਂ ਕਮਲੇਸ਼ ਕੁਮਾਰੀ ਕੌਸ਼ਿਕ ਸੀ। ਬਾਅਦ ਵਿਚ ਧਰਮਸਥਲ ਵਿਚ ਉਹ ‘ਥਰੀ ਕੇ’ ਨਾਲ ਜਾਣੀ ਜਾਣ ਲੱਗ ਪਈ।



ਸ਼ਿਬਲਾਏ ਦੀ ਜਿਸ ਚੱਕੀ ਤੇ ਕਾਮਿਲ ਆਟਾ ਪਿਸਵਾਉਂਦਾ ਸੀ, ਉਹ ਗੰਗੂ ਦੇ ਪਿਤਾ ਸ਼ਿਵ ਕੁਮਾਰ ਦੀ ਸੀ। ਕਈ ਤਰ੍ਹਾਂ ਦੇ ਕੰਮ ਕਰਨ ਤੇ ਛੱਡਣ ਮਗਰੋਂ, ਉਨ੍ਹਾਂ ਨੇ ਅਖੀਰ ਬੈਂਕ ਤੋਂ ਕਰਜ਼ਾ ਲੈ ਕੇ ਚੱਕੀ ਲੱਗਾ ਲਈ ਸੀ। ਕਾਮਿਲ ਨੂੰ ਕਈ ਵਾਰ ਗੰਗੂ ਹੀ ਚੱਕੀ ਉੱਤੇ ਬੈਠੇ ਹੋਏ ਮਿਲਦਾ। ਉਹੀ ਕਣਕ ਲਿਆਉਂਦਾ, ਆਟਾ ਦੇਂਦਾ ਤੇ ਪੈਸੇ ਲੈਂਦਾ। ਗੰਗੂ ਜਦੋਂ ਕੰਮ ਕਰਦਾ, ਕਾਮਿਲ ਚੁੱਪਚਾਪ ਉਸ ਨੂੰ ਦੇਖਦਾ ਰਹਿੰਦਾ। ਉਹ ਕਮਜ਼ੋਰ-ਪਤਲਾ, ਕੁੜੀਆਂ ਜਿਹੀ ਸ਼ਕਲ ਵਾਲਾ ਸੀ। ਉਸ ਦਾ ਰੰਗ ਸਾਫ਼ ਸੀ ਤੇ ਉਹ ਹਰ ਵੇਲੇ ਹੱਸਦਾ ਰਹਿੰਦਾ ਸੀ।

ਸੱਤਰ ਦਾ ਦਹਾਕਾ ਵਿਦਿਆਰਥੀਆਂ ਸੰਘਾਂ ਲਈ ਸੁਨਹਿਰੀ ਦੌਰ ਦਾ ਸਮਾਂ ਸੀ। ਵਿਦਿਆਰਥੀ ਨੇਤਾ ਤੋਂ ਹੁੰਦਾ ਹੋਇਆ ਰਸਤਾ ਦੇਸ਼ ਦੀ ਰਾਜਨੀਤੀ ਤੱਕ ਜਾਂਦਾ ਸੀ। ਰਾਜਨੀਤਕ ਦਲ ਆਪਣੇ-ਅਪਣੇ ਮੁੰਡੇ ਯੂਨੀਅਨ ਦੀਆਂ ਚੋਣਾਂ ਵਿਚ ਤਿਆਰ ਕਰਦੇ ਸਨ। ਵੱਡੇ ਕਾਲਜ ਦੀ ਯੂਨੀਅਨ ਦੇ ਪ੍ਰੈਜੀਡੈਂਟ ਜਾਂ ਸੈਕੇਟਰੀ ਦਾ ਦਬਦਬਾ ਸ਼ਹਿਰ ਦੇ ਵੱਡੇ ਅਧਿਕਾਰੀਆਂ ਵਰਗਾ ਹੁੰਦਾ ਸੀ। ਇਕ ਪਲ ਵਿਚ ਉਹ ਸੈਂਕੜੇ ਵਿਦਿਆਰਥੀ ਇਕੱਠੇ ਕਰਨ ਦੀ ਤਾਕਤ ਰੱਖਦਾ ਸੀ। ਵਿਦਿਆਰਥੀ ਚੋਣਾਂ ਵਿਚ ਹਿੰਸਾ ਹੋਣਾ ਆਮ ਗੱਲ ਸੀ। ਅਸਿਤੱਤਵ ਦੀ ਇਸ ਲੜਾਈ ਵਿਚ ਹਿੰਸਾ ਦੀ ਮਹੱਤਵਪੂਰਣ ਭੂਮਿਕਾ ਹੁੰਦੀ ਸੀ। ਅਪ੍ਰਤੱਖ ਤਰੀਕੇ ਨਾਲ ਇਹ ਗੱਲ ਵੀ ਕੰਮ ਕਰਦੀ ਸੀ ਕਿ ਕਿਸ ਵਿਦਿਆਰਥੀ ਲੀਡਰ ਨਾਲ, ਸ਼ਹਿਰ ਦਾ ਕਿਹੜਾ ਵੱਡਾ ਗੁੰਡਾ ਦਿੱਸਦਾ ਹੈ ਤੇ ਕੌਣ ਆਪਣੇ ਸਾਥੀਆਂ ਵਿਚਕਾਰ ਸਭ ਤੋਂ ਜ਼ਿਆਦਾ ਹਥਿਆਰ ਰੱਖਦਾ ਹੈ।

ਸੰਨ ਚੌਹੱਤਰ ਵਿਚ ਡਿਗਰੀ ਕਾਲਜ ਵਿਚ ਕਾਮਿਲ ਦਾ ਇਕ ਦੋਸਤ ਪ੍ਰੈਜੀਡੈਂਟ ਪਦ ਲਈ ਖੜਾ ਹੋਇਆ। ਵਕਤ ਮਿਲਣ ਦੇ ਕਾਮਿਲ ਉਸ ਨਾਲ ਪ੍ਰਚਾਰ ਵਿਚ ਘੁੰਮਦਾ ਸੀ। ਉਸ ਦੇ ਮੁੱਖ ਪ੍ਰਤੀਦਵੰਦੀ ਨਾਲ ਕਾਮਿਲ ਨੇ ਉਦੋਂ ਗੰਗੂ ਨੂੰ ਕਈ ਵਾਰ ਦੇਖਿਆ ਸੀ। ਗੰਗੂ ਕਾਲਜ ਦਾ ਵਿਦਿਆਰਥੀ ਨਹੀਂ ਸੀ। ਪੁੱਛਣ ਤੇ ਕਾਮਿਲ ਦੇ ਦੋਸਤ ਨੇ ਦੱਸਿਆ ਕਿ ਇਹ ਸ਼ਹਿਰ ਦਾ ਨਵਾਂ ਉੱਭਰਦਾ ਗੁੰਡਾ ਹੈ। ਸ਼ੰਕਰਿਆ ਦਾ ਹੱਥ ਉਸ ਦੀ ਪਿੱਠ ਤੇ ਹੈ। ਦੋ ਵੱਡੇ ਕਤਲਾਂ ਵਿਚ ਇਸ ਦਾ ਨਾਂ ਆਇਆ ਹੈ। ਇਸ ਦੇ ਕਲੇਜੇ, ਗੁਰਦੇ ਅਤੇ ਦਲੇਰੀ ਦੀ ਚਰਚਾ ਹੁੰਦੀ ਰਹਿੰਦੀ ਹੈ। ਪ੍ਰਚਾਰ ਦੇ ਦੌਰਾਨ ਗੰਗੂ ਜਦੋਂ ਕਾਮਿਲ ਨੂੰ ਮਿਲਿਆ ਤਾਂ ਦੋਵੇਂ ਇਕ-ਦੂਜੇ ਨੂੰ ਦੇਖ ਕੇ ਮੁਸਕਰਾਏ। ਹੱਥ ਵੀ ਮਿਲਾਇਆ।

ਪੰਡਤ ਸ਼ਿਵਕੁਮਾਰ ਨੇ ਚੱਕੀ ਲਈ ਜੋ ਕਰਜ਼ਾ ਬੈਂਕ ਤੋਂ ਲਿਆ ਸੀ, ਉਸ ਦੀ ਉਹ ਇਕ ਵੀ ਕਿਸ਼ਤ ਨਾ ਚੁੱਕਾ ਸਕੇ। ਬੈਂਕ ਨੇ ਉਨ੍ਹਾਂ ਦੀ ਵਸੂਲੀ ਦਾ ਨੋਟਿਸ ਭੇਜ ਦਿੱਤਾ। ਧਰਮਸਥਲ ਵਿਚ ਉਹ ਨੋਟਿਸ ਚੁੱਕੇ ਵਕੀਲ ਦੀ ਤਲਾਸ਼ ਵਿਚ ਘੁੰਮ ਰਹੇ ਸਨ, ਉਦੋਂ ਹੀ ਕਾਮਿਲ ਉਨ੍ਹਾਂ ਨੂੰ ਨਜ਼ਰ ਆਇਆ। ਉਨ੍ਹਾਂ ਕਾਮਿਲ ਨੂੰ ਆਪਣੀ ਪ੍ਰੇਸ਼ਾਨੀ ਦੱਸੀ। ਕਾਮਿਲ ਨੇ ਉਨ੍ਹਾਂ ਨੂੰ ਇਕ ਵਕੀਲ ਕਰਵਾ ਦਿੱਤਾ। ਮੁਕੱਦਮੇ ਦੌਰਾਨ ਅਕਸਰ ਹੀ ਉਨ੍ਹਾਂ ਦੀ ਤੇ ਕਾਮਿਲ ਦੀ ਮੁਲਕਾਤ ਹੋਣ ਲੱਗੀ। ਪੰਡਰ ਸ਼ਿਵਕੁਮਾਰ ਛੇਤੀ ਹੀ ਚੱਕੀ ਦੇ ਮੁਕੱਦਮੇ ਤੋਂ ਉਕਤਾ ਗਏ।

ਚੱਕੀ ਵਿਚ ਰੋਜ਼ ਦੀ ਟੁੱਟ-ਭੱਜ ਹੁੰਦੀ ਸੀ। ਆਟਾ ਗਾਇਬ ਹੋ ਜਾਂਦਾ ਸੀ। ਘਰ ਵਿਚ ਹੀ ਜ਼ਿਆਦਾ ਖੱਪਣ ਲੱਗ ਪਿਆ ਸੀ। ਹੌਲੀ-ਹੌਲੀ ਚੱਕੀ ਵਿਚ ਪੀਹਣ ਦਾ ਕੰਮ ਘਾਟੇ ਵਿਚ ਜਾਣ ਲੱਗਾ। ਚੱਕੀ ਉਨ੍ਹਾਂ ਨੇ ਗੰਗੂ ਤੇ ਆਪਣੇ ਦੂਸਰੇ ਦੋ ਪੁੱਤਰਾਂ ਜ਼ਿੰਮੇ ਛੱਡ ਦਿੱਤੀ। ਦੋ ਪੁੱਤਰਾਂ ਵਿਚੋਂ ਇਕ ਸ਼ਹਿਰ ਦੇ ਪੁਰਾਣੇ ਮਕਾਨ ਦੀ ਪਰਛੱਤੀ ਉੱਤੇ ਥੈਲੀਆਂ ਬਣਾ ਕੇ ਪੰਸਾਰੀਆਂ ਦੀ ਦੁਕਾਨ ਤੇ ਦੇਂਦਾ ਸੀ। ਦੂਸਰਾ ਸ਼ਹਿਰ ਤੋਂ ਥੋੜ੍ਹੀ ਦੂਰ ਚਾਰ ਕੋਹਲੂ ਵਾਲੇ ਤੇਲ ਮਿੱਲ ਵਿਚ ਨੌਕਰੀ ਕਰਦਾ ਸੀ ਤੇ ਛੁੱਟੀਆਂ ਵਿਚ ਘਰ ਆਉਂਦਾ ਸੀ। ਚੱਕੀ ਦਾ ਕੰਮ ਮੁੱਖ ਤੌਰ ਤੇ ਗੰਗੂ ਦੇ ਜ਼ਿੰਮੇ ਆ ਪਿਆ। ਉਸ ਦੇ ਮੁਕੱਦਮੇ ਵਿਚ ਕਚਹਿਰੀ ਜਾਣ ਦਾ ਕੰਮ ਵੀ ਉਸ ਦੇ ਹਿੱਸੇ ਆਇਆ। ਇਸੇ ਸਿਲਸਿਲੇ ਵਿਚ ਹੁਣ ਗੰਗੂ ਦੀਆਂ ਕਾਮਿਲ ਨਾਲ

ਮੁਲਾਕਾਤਾਂ ਛੇਤੀ-ਛੇਤੀ ਹੋਣ ਲੱਗੀਆਂ। ਉਨ੍ਹਾਂ ਦਾ ਪਰਿਚੈ ਗਹਿਰਾਈ ਫੜਦਾ ਗਿਆ। ਕਾਮਿਲ ਨੂੰ ਗੰਗੂ ਇਸ ਤੋਂ ਇਲਾਵਾ ਵੀ ਕਚਹਿਰੀ ਵਿਚ ਨਜ਼ਰ ਆਉਂਦਾ ਰਿਹਾ। ਕਦੇ ਕਿਸੇ ਅਪਰਾਧ ਦੇ ਸਿਲਸਿਲੇ ਵਿਚ ਹੱਥਕੜੀ ਵਿਚ ਜਕੜੇ ਕਿਸੇ ਮੁੰਡੇ ਦੀ ਮਦਦ ਕਰਦੇ। ਕਦੇ ਕਿਸੇ ਮੁਕੱਦਮੇ ਵਿਚ ਸ਼ੰਕਰੀਆਂ ਨਾਲ।

ਇਕ ਦਿਨ ਗੰਗੂ ਮੂਨ ਦੇ ਢਾਬੇ ਵਿਚ ਕਾਮਿਲ ਨੂੰ ਦੱਸਣ ਲੱਗਾ ਕਿ ਉਸ ਦੀ ਸਗਾਈ ਇਕ ਸਾਲ ਪਹਿਲਾਂ ਹੋ ਚੁੱਕੀ ਹੈ। ਉਹ ਅਗਲੇ ਮਹੀਨੇ ਵਿਆਹ ਕਰ ਰਿਹਾ ਹੈ। ਉਹ ਤਾਂ ਜ਼ਿਆਦਾ ਪੜ੍ਹ ਨਹੀਂ ਸਕਿਆ, ਪਰ ਉਸ ਦੀ ਮੰਗੇਤਰ ਪੜ੍ਹੀ-ਲਿਖੀ ਹੈ। ਉਸ ਨੂੰ ਅੰਗਰੇਜ਼ੀ ਵਿਚ ਇਕ ਪ੍ਰੇਮ-ਪੱਤਰ ਵੀ ਲਿਖ ਚੁੱਕੀ ਹੈ। ਜੋ ਗੰਗੂ ਨੂੰ ਸਮਝ ਵਿਚ ਨਹੀਂ ਆਇਆ ਸੀ। ਉਸ ਨੇ ਉਸ ਨੂੰ ਉਂਝ ਹੀ ਕੋਲ ਰੱਖ ਲਿਆ ਹੈ ਤੇ ਸੁਹਾਗਰਾਤ ਉਹ ਉਸੇ ਤੋਂ ਪੜ੍ਹਵਾ ਕੇ ਉਸ ਦਾ ਅਰਥ ਪੁੱਛੇਗਾ। ਉਸ ਵੇਲੇ ਗੱਲਬਾਤ ਦੇ ਦੌਰਾਨ ਕਾਮਿਲ ਨੇ ਆਪਣੇ ਦੋਵੇਂ ਭਰਾਵਾਂ ਬਾਰੇ ਦੱਸਿਆ। ਭਰਾ ਦੇ ਕਮਰੇ ਨੂੰ ਮਾਰੇ ਤਾਲੇ ਬਾਰੇ ਵੀ ਦੱਸਿਆ। ਗੰਗੂ ਨੇ ਕਾਮਿਲ ਤੋਂ ਉਸ ਦੇ ਭਰਾ ਦਾ ਪਤਾ ਪੁੱਛਿਆ। ਕਾਮਿਲ ਨੇ ਨਾ ਦਿੱਤਾ। ਗੰਗੂ ਨੇ ਕਾਮਿਲ ਨੂੰ ਕਿਹਾ, ਜਿਸ ਦਿਨ ਉਸ ਦਾ ਮਨ ਕਰੇ, ਗੰਗੂ ਨੂੰ ਪਤਾ ਦੱਸ ਦੇਵੇ। ਉਸ ਦਾ ਭਰਾ ਆਪ ਆ ਕੇ ਤਾਲਾ ਖੋਲ੍ਹ ਕੇ ਜਾਏਗਾ। ਮੂਨ ਦੇ ਢਾਬੇ ਵਿਚ ਉਸ ਦਿਨ ਅਚਾਨਕ ਹੀ ਕਾਮਿਲ ਤੇ ਗੰਗੂ ਵਿਚਕਾਰ ਨੇੜਤਾ ਦਾ ਇਕ ਮਜ਼ਬੂਤ ਤਾਰ ਜੁੜ ਗਿਆ।

ਇਸ ਗੱਲ ਦੇ ਠੀਕ ਛੇ ਦਿਨਾਂ ਬਾਅਦ ਸ਼ਹਿਰ ਦੇ ਦੋ ਗਿਰਾਹਾਂ ਵਿਚਕਾਰ ਲੜਾਈ ਹੋਈ। ਆਪਸ ਵਿਚ ਬੰਬ ਵੀ ਚੱਲੇ। ਉਸ ਬੰਬਬਾਜ਼ੀ ਵਿਚ ਗੰਗੂ ਦਾ ਇਕ ਪੈਰ ਉੱਡ ਗਿਆ। ਪੰਜ ਮਹੀਨੇ ਗੰਗੂ ਹਸਪਤਾਲ ਵਿਚ ਰਿਹਾ। ਉਸ ਦਾ ਇਕ ਪੈਰ ਗੋਡੇ ਤੋਂ ਉੱਪਰੋਂ ਦੀ ਕੱਟ ਦਿੱਤਾ ਗਿਆ। ਜਿਸ ਕੁੜੀ ਨਾਲ ਗੰਗੂ ਦਾ ਵਿਆਹ ਹੋਣਾ ਸੀ, ਉਸ ਕੁੜੀ ਨੇ ਹਸਪਤਾਲ ਵਿਚ ਗੰਗੂ ਦੀ ਪੂਰੀ ਦੇਖਭਾਲ ਕੀਤੀ। ਉਸ ਦੇ ਘਰਦਿਆਂ ਨੇ ਉਸ ਨੂੰ ਬਹੁਤ ਸਮਝਾਇਆ ਕਿ ਉਹ ਹੁਣ ਇਹ ਵਿਆਹ ਨਾ ਕਰੇ। ਪਰ ਉਹ ਮੰਨੀ। ਉਸ ਦਾ ਇਕੋ ਹੀ ਤਰਕ ਸੀ ਜੇ ਇਹ ਵਿਆਹ ਤੋਂ ਬਾਅਦ ਹੁੰਦਾ ਤਾਂ ਉਹ ਕੀ ਕਹਿੰਦੀ। ਇਸ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਸੀ। ਗੰਗੂ ਦੇ ਹਸਪਤਾਲ ਤੋਂ ਘਰ ਆਉਣ ਦੇ ਤਿੰਨ ਹਫ਼ਤਿਆਂ ਬਾਅਦ ਉਸ ਕੁੜੀ ਨੇ ਗੰਗੂ ਨਾਲ ਵਿਆਹ ਕਰ ਲਿਆ। ਕੁੜੀ ਦਾ ਨਾਂ ਕਮਲੇਸ਼ ਕੁਮਾਰੀ ਕੌਸ਼ਿਕ ਉਰਫ਼ ਮੁੰਨੀ ਸੀ। ਉਹ ਲੰਮੀ, ਪਤਲੀ, ਬਹੁਤ ਸਾਫ਼ ਰੰਗ ਤੇ ਸੁੰਦਰ ਨੈਣ-ਨਕਸ਼ ਵਾਲੀ ਸੁਹਣੀ ਕੁੜੀ ਸੀ।

ਕਾਮਿਲ ਗੰਗੂ ਨੂੰ ਮਿਲਣ ਤਿੰਨ ਵਾਰ ਹਸਪਤਾਲ ਗਿਆ। ਗੰਗੂ ਉਸ ਨੂੰ ਦੇਖ ਕੇ ਮੁਸਕਰਾ ਪੈਂਦਾ। ਉਸ ਦੇ ਚਿਹਰੇ ਉੱਤੇ ਕੋਈ ਦੁੱਖ, ਕੋਈ ਪਛਤਾਵਾਂ ਨਾ ਹੁੰਦਾ। ਪੰਜ ਮਹੀਨਿਆਂ ਵਿਚ ਕਾਮਿਲ ਨੇ ਕਚਹਿਰੀ ਵਿਚ ਚੱਕੀ ਦੇ ਮੁਕੱਦਮੇ ਦੀ ਪੂਰੀ ਖ਼ੈਰ-ਖਬਰ ਰੱਖੀ। ਗੰਗੂ ਦੇ ਵਿਆਹ ਵਿਚ ਕਾਮਿਲ ਵੀ ਗਿਆ। ਗੰਗੂ ਨੇ ਇਕ ਲੱਤ ਤੇ ਫੌਹੜੀ ਦੇ ਸਹਾਰੇ ਸੱਤੋਂ ਫੇਰੇ ਪੂਰੇ ਕੀਤੇ।

ਵਿਆਹ ਮਗਰੋਂ ਗੰਗੂ ਚੱਕੀ ਉੱਤੇ ਬੈਠਣ ਲੱਗਾ। ਪੰਡਤ ਸ਼ਿਵ ਕੁਮਾਰ ਨੇ ਚੱਕੀ ਨੂੰ ਲੱਗਭਗ ਛੱਡ ਹੀ ਦਿੱਤਾ ਸੀ। ਹੁਣ ਉਹ ਪਿੰਡੋਂ ਦੇਸੀ ਘਿਓ ਲਿਆ ਕੇ ਸ਼ਹਿਰ ਦੇ ਕੁਝ ਵੱਡੇ ਘਰਾਂ ਵਿਚ ਦੇਂਦੇ ਸਨ। ਦੂਸਰੇ ਦੋਵੇਂ ਮੁੰਡੇ ਵੀ ਚੱਕੀ ਤੋਂ ਆਪਣਾ ਨਾਤਾ ਪੂਰੀ ਤਰ੍ਹਾਂ ਖਤਮ ਕਰ ਚੁੱਕੇ ਸਨ। ਮੁਕੱਦਮੇ ਦਾ ਖ਼ਰਚ, ਚੱਕੀ ਦਾ ਘਾਟਾ ਤੇ ਪੀਹਣ ਦੀ ਕਿਚਕਿਚ ਤੋਂ ਪਰ੍ਹੇ, ਪਰਛੱਤੀ ਵਾਲੇ ਭਰਾ ਨੇ ਹੁਣ ਮਸਾਲੇ ਪੀਹਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਸੀ। ਨੌਕਰੀ ਵਾਲਾ ਮੁੰਡਾ ਰੋਡਵੇਜ਼ ਦੀ ਬੱਸ ਵਿਚ ਕੰਡਕਟਰ ਹੋ ਕੇ ਅਕਸਰ ਲੰਮੀ ਡਿਊਟੀ ਦੇ ਬਹਾਨੇ ਘਰੋਂ ਦੂਰ ਰਹਿਣ ਲੱਗ ਪਿਆ। ਚੱਕੀ ਹੁਣ ਗੰਗੂ ਤੇ ਮੁੰਨੀ ਕੋਲ ਸੀ। ਦੋਵਾਂ ਨੇ ਉਸ ਨੂੰ ਆਪਣੇ ਤਰੀਕੇ ਨਾਲ ਚਲਾਉਣਾ ਸ਼ੁਰੂ ਕਰ ਦਿੱਤਾ ਸੀ।

ਚੱਕੀ ਵਿਚ ਗੰਗੂ ਨੂੰ ਬਾਹਰ ਦੇ ਵੀ ਬਹੁਤ ਸਾਰੇ ਕੰਮ ਕਰਨੇ ਪੈਂਦੇ ਸਨ। ਹੌਲੀ-ਹੌਲੀ ਉਸ ਨੇ ਇਕ ਲੱਤ ਨਾਲ ਸਾਈਕਲ ਚਲਾਉਣ ਵਿਚ ਮੁਹਾਰਤ ਹਾਸਿਲ ਕਰ ਲਈ। ਫੌਹੜੀ ਜਾਂ ਬਗੈਰ ਫੌਹੜੀ ਦੇ,



ਉਹ ਚੱਕੀ ਵਿਚ ਘੁੰਮ-ਘੁੰਮ ਕੇ ਇਕ ਪੈਰ ਉੱਤੇ ਕੁੱਦਦੇ ਹੋਏ ਕੰਮ ਕਰਦਾ ਰਹਿੰਦਾ। ਜੋ ਕਣਕ ਆਉਂਦੀ, ਉਸ ਨੂੰ ਤੋਲਦਾ, ਪੀਹ ਕੇ ਆਪ, ਤੋਲ ਕੇ ਦੇਂਦਾ। ਚੱਕੀ ਚਲਾਉਂਦਾ, ਕਣਕ ਪੀਂਹਦਾ। ਘਰੋਂ ਸਾਈਕਲ ਤੇ ਬੰਨ੍ਹ ਕੇ ਕਣਕ ਦੀ ਬੋਰੀ ਲੈ ਆਉਂਦਾ, ਪੀਹੇ ਹੋਏ ਆਟੇ ਨੂੰ ਪਿੱਠ ਉੱਤੇ ਲੱਦ ਕੇ ਪੌੜੀਆਂ ਤੇ ਬੈਠਦੇ ਹੋਏ ਤੀਸਰੀ ਮੰਜ਼ਿਲ ਤੱਕ ਪਹੁੰਚਾ ਦੇਂਦਾ। ਮੁੰਨੀ ਨੂੰ ਸਾਈਕਲ ਪਿੱਛੇ ਬਿਠਾ ਘੁੰਮਾਉਂਦਾ, ਸਿਨੇਮਾ ਵਿਖਾਉਣ ਲੈ ਜਾਂਦਾ। ਮੁੰਨੀ ਵੀ ਚੱਕੀ ਤੇ ਬੈਠਦੀ ਸੀ, ਪਰ ਉਸ ਦਾ ਮਨ ਚੱਕੀ ਤੇ ਨਹੀਂ ਲੱਗਦਾ ਸੀ।

ਗੰਗੂ ਨੂੰ ਇਕ ਦਿਨ ਕਾਮਿਲ ਨੇ ਦੱਸਿਆ ਕਿ ਮੁੰਨੀ ਬੀ.ਏ. ਪਾਸ ਹੈ ਤੇ ਅੱਗੇ ਪੜ੍ਹ ਕੇ ਕੋਈ ਵੱਡਾ ਕੰਮ ਕਰਨਾ ਚਾਹੁੰਦੀ ਹੈ। ਕਾਮਿਲ ਨੇ ਗੰਗੂ ਨੂੰ ਸਲਾਹ ਦਿੱਤੀ ਕਿ ਮੁੰਨੀ ਨੂੰ ਕਾਨੂੰਨ ਦੀ ਡਿਗਰੀ ਦਿਵਾ ਦੇਂਦੇ ਹਾਂ। ਇਸ ਪਰੀਖਿਆ ਨੂੰ ਪਾਸ ਕਰ ਡਿਗਰੀ ਪ੍ਰਾਪਤ ਕਰਨਾ ਆਸਾਨ ਕੰਮ ਹੈ। ਫਿਰ ਉਹ ਵੀ ਇੱਥੇ ਦੂਸਰੇ ਵਕੀਲਾਂ ਵਾਂਗ ਬਸਤਾ ਖੋਲ੍ਹ ਲਵੇਗੀ। ਉਸ ਦਾ ਕੰਮ ਸ਼ੁਰੂ ਕਰਨ ਤੇ ਜਮਾਉਣ ਵਿਚ ਕਾਮਿਲ ਪੂਰੀ ਮਦਦ ਕਰੇਗਾ। ਬੰਦ ਹੁੰਦੀ ਚੱਕੀ ਤੇ ਲੱਗਭਗ ਹਾਰੇ ਹੋਏ ਮੁਕੱਦਮੇ ਬਾਅਦ, ਗੰਗੂ ਵੀ ਮੁੰਨੀ ਦੇ ਬਸਤੇ ਤੇ ਬੈਠ ਕੇ ਉਸ ਦੀ ਮਦਦ ਕਰ ਸਕੇਗਾ। ਪੈਸੇ ਵੀ ਮਿਲਣ ਲੱਗਣਗੇ। ਇੱਜ਼ਤ ਵੀ ਵਧੇਗੀ। ਕਾਮਿਲ ਨੇ ਇਸ ਕੰਮ ਦੀ ਪੂਰੀ ਜ਼ਿੰਮੇਵਾਰੀ ਲਈ। ਮੁੰਨੀ ਨੇ ਸ਼ਹਿਰ ਦੇ ਲਾੱਅ ਕਾਲਜ ਵਿਚ ਦਾਖ਼ਿਆ ਲੈ ਲਿਆ। ਉੱਥੇ ਸ਼ਾਮ ਦੀਆਂ ਕਲਾਸਾਂ ਹੁੰਦੀਆਂ ਸਨ। ਸਵੇਰੇ ਮੁੰਨੀ ਘਰ ਤੇ ਚੱਕੀ ਦਾ ਕੰਮ ਦੇਖਦੀ, ਸ਼ਾਮ ਨੂੰ ਕਾਲਜ ਜਾਂਦੀ।

ਇਕ ਦਿਨ ਗੰਗੂ, ਮੁੰਨੀ ਨੂੰ ਸਾਈਕਲ ਪਿੱਛੇ ਬਿਠਾ ਕੇ ਧਰਮਸਥਲ ਲੈ ਆਇਆ। ਉਸ ਨੇ ਕਾਮਿਲ ਨੂੰ ਦੱਸਿਆ ਕਿ ਉਹ ਇਕੱਲੇ ਸਾਈਕਲ ਤੇ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਜਾ ਰਿਹਾ ਹੈ। ਮੁੰਨੀ ਉਸ ਨੂੰ ਰੋਕ ਰਹੀ ਸੀ। ਕਾਮਿਲ ਨੇ ਵੀ ਸਮਝਾਇਆ ਪਰ ਗੰਗੂ ਸੰਕਲਪ ਕਰ ਚੁੱਕਾ ਸੀ। ਬਿਨਾਂ ਕਿਸੇ ਨੂੰ ਦੱਸੇ ਉਸ ਨੇ ਇਸ ਯੋਜਨਾ ਉੱਤੇ ਬਹੁਤ ਅੱਗੇ ਤੱਕ ਕੰਮ ਵੀ ਕਰ ਲਿਆ ਸੀ। ਸਰਕਾਰੀ ਅਮਲੇ ਤੋਂ ਉਹ ਵਿਕਲਾਂਗ ਹੋਣ ਦਾ ਪ੍ਰਮਾਣ-ਪੱਤਰ ਵੀ ਲੈ ਆਇਆ ਸੀ। ਉਹ ਸ਼ਹਿਰ ਦੇ ਡੀ.ਐੱਮ. ਨੂੰ ਵੀ ਮਿਲ ਚੁੱਕਾ ਸੀ। ਉਸ ਨੇ ਉਨ੍ਹਾਂ ਨੂੰ ਆਪਣਾ ਨਿਸ਼ਚਾ ਦੱਸਿਆ। ਗੰਗੂ ਨੇ ਇਕ ਪੈਰ ਨਾਲ ਸਾਈਕਲ ਚਲਾ ਕੇ ਵੈਸ਼ਨੋ ਦੇਵੀ ਜਾਣ ਦੇ ਸੰਕਲਪ, ਸਾਹਸ ਅਤੇ ਦ੍ਰਿੜਤਾ ਤੋਂ ਡੀ.ਐੱਮ. ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਗੰਗੂ ਦੀ ਬੜੀ ਸ਼ਲਾਘਾ ਕੀਤੀ ਤੇ ਆਪਣੀ ਮੁਹਰ ਤੇ ਦਸਤਖ਼ਤ ਨਾਲ ਇਕ ਪਰਿਚੈ-ਪੱਤਰ ਉਸ ਨੂੰ ਦੇ ਦਿੱਤਾ। ਉਸ ਉੱਤੇ ਇਹ ਵਿਸ਼ੇਸ਼ ਟਿੱਪਣੀ ਤੇ ਨਿਰਦੇਸ਼ ਸੀ ਕਿ ਉਹ ਕਿਸੇ ਵੀ ਸ਼ਹਿਰ, ਕਸਬੇ ਜਾਂ ਪਿੰਡ ਵਿਚ, ਕਿੱਧਰੇ ਵੀ ਰੁੱਕਣਾ ਚਾਹੇ, ਉੱਥੋਂ ਦੇ ਡੀ.ਐੱਮ. ਥਾਣਾ ਇੰਚਾਰਜ, ਪੰਚਾਇਤ ਪ੍ਰਮੁੱਖ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਗੰਗੂ ਦੇ ਰਾਤ ਰੁੱਕਣ ਤੇ ਭੋਜਨ ਦੀ ਪੂਰੀ ਵਿਵਸਥਾ ਕਰਨਗੇ। ਡੀ.ਐੱਮ. ਨੇ ਇਹ ਵੀ ਲਿਖਿਆ ਕਿ ਇਕ ਵਿਕਲਾਂਗ ਦੇ ਇਸ ਦ੍ਰਿੜ ਸੰਕਲਪ ਤੇ ਅਤੁੱਲ ਸਾਹਸ ਦੇ ਕੰਮ ਵਿਚ ਸਹਿਯੋਗ ਨਾ ਕਰਨ ਵਾਲੇ ਦਾ ਗੰਭੀਰਤਾ ਨਾਲ ਨੋਟਿਸ ਲਿਆ ਜਾਵੇਗਾ ਤੇ ਨਿਸ਼ਚਿਤ ਤੌਰ ਤੇ ਮਾਨਵਤਾ ਅਤੇ ਮਾਨਵਧਿਕਾਰ ਦੇ ਕਾਨੂੰਨਾਂ ਅਤੇ ਨੈਤਿਕਤਾ ਦੇ ਅੰਤਰਗਤ, ਉਸ ਨੂੰ ਕੁਝ ਮੁਸ਼ਕਿਲ ਪ੍ਰਸ਼ਨਾਂ ਤੇ ਪਰਿਸਥਿਤੀਆਂ ਦਾ ਸਾਮ੍ਹਣਾ ਵੀ ਕਰਨਾ ਪੈ ਸਕਦਾ ਹੈ।

ਇਕ ਹਵਾ ਭਰਨ ਦਾ ਪੰਪ, ਗਲ੍ਹੇ ਵਿਚ ਇਕ ਝੋਲਾ ਤੇ ਫੌਹੜੀ ਨੂੰ ਸਾਈਕਲ ਤੇ ਬੰਨ੍ਹ, ਇਕ ਪੈਰ ਨਾਲ ਹੀ ਗੰਗੂ ਵੈਸ਼ਨੋ ਦੇਵੀ ਚਲਾ ਗਿਆ। ਮੁਕੱਦਮੇ ਦੀਆਂ ਦੋ ਤਰੀਕਾਂ ਵਿਚ ਮੁੰਨੀ ਇਕੱਲੀ ਆਈ। ਕਾਮਿਲ ਨੇ ਦੋਵੇਂ ਤਾਰੀਕਾਂ ਵਧਵਾ ਦਿੱਤੀਆਂ।

ਇਕ ਮਹੀਨਾ ਤੇ ਬਾਈ ਦਿਨ ਲੰਘਾ ਕੇ ਗੰਗੂ ਵਾਪਸ ਆ ਗਿਆ। ਉਹ ਮੁੰਨੀ ਨੂੰ ਨਾਲ ਲੈ ਕੇ ਧਰਮਸਥਲ ਆਇਆ। ਕਾਮਿਲ ਲਈ ਉਹ ਵੈਸ਼ਨੋ ਦੇਵੀ ਦਾ ਪ੍ਰਸ਼ਾਦ ਲਿਆਇਆ ਸੀ। ਉਸ

ਨੇ ਦੱਸਿਆ ਕਿ ਪੂਰੀ ਯਾਤਰਾ ਵਿਚ ਉਸ ਨੂੰ ਹਰ ਥਾਂ ਤੇ ਹਰ ਤਰ੍ਹਾਂ ਦੀ ਸੁਵਿਧਾ ਦਿੱਤੀ ਗਈ। ਪਿੰਡ ਵਾਲਿਆਂ ਨੇ ਉਸ ਨੂੰ ਆਪਣੇ ਘਰਾਂ ਵਿਚ ਠਹਿਰਾਇਆ। ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਅਗਲੇ ਪਿੰਡ ਵਿਚ ਸੂਚਨਾ ਪਹੁੰਚਾ ਦਿੱਤੀ ਜਾਂਦੀ ਕਿ ਇਕ ਪੈਰ ਨਾਲ ਸਾਈਕਲ ਚਲਾ ਕੇ ਮਾਂ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਵਾਲਾ ਆ ਰਿਹਾ ਹੈ। ਅਧਿਕਾਰੀ ਹਲਕਿਆਂ ਵਿਚ ਉਸ ਨੂੰ ਹਰ ਤਰ੍ਹਾਂ ਦਾ ਸਹਿਯੋਗ ਮਿਲਿਆ। ਅੱਗੇ ਲਈ ਪਰਿਚੈ-ਪੱਤਰ ਮਿਲਦੇ ਰਹੇ। ਗੰਗੂ ਨੇ ਕਾਮਿਲ ਨੂੰ ਦੱਸਿਆ ਕਿ ਉਹ ਵਿਵਸਥਾ ਦੇਖਣ ਤੋਂ ਬਾਅਦ ਹੁਣ ਉਹ ਸੋਚ ਰਿਹਾ ਹੈ ਕਿ ਮੁੰਨੀ ਦੀ ਵਕਾਲਤ ਸ਼ੁਰੂ ਹੋ ਜਾਣ ਤੋਂ ਬਾਅਦ ਉਹ ਇਸੇ ਤਰ੍ਹਾਂ ਇਕ ਦਿਨ ਭਾਰਤ-ਭ੍ਰਮਣ ਤੇ ਨਿਕਲ ਜਾਏਗਾ।

ਕੁਝ ਦਿਨਾਂ ਬਾਅਦ ਚੱਕੀ ਦਾ ਮੁਕੱਦਮਾ ਗੰਗੂ ਹਾਰ ਗਿਆ। ਬੈਂਕ ਨੇ ਆਪਣੀ ਮੋਹਰ ਲੱਗ ਕੇ ਚੱਕੀ ਸੀਲ ਕਰ ਦਿੱਤੀ। ਮੁੰਨੀ ਕੋਲ ਹੁਣ ਵਕੀਲ ਬਣ ਕੇ ਵਕਾਲਤ ਕਰਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਾ ਰਿਹਾ। ਉਸ ਨੇ ਮਿਹਨਤ ਤੇ ਲਗਨ ਨਾਲ ਪੜ੍ਹਾਈ ਕੀਤੀ। ਇਕ ਵੱਡੇ ਮੰਦਰ ਦੇ ਉਸ ਦੇ ਪੁਜਾਰੀ ਪਿਤਾ ਨੇ ਉਸ ਦੀ ਪੜ੍ਹਾਈ ਤੇ ਘਰ ਦੋਵਾਂ ਦਾ ਖਰਚ ਚੁੱਕਿਆ। ਤਿੰਨ ਸਾਲਾਂ ਮਗਰੋਂ ਮੁੰਨੀ ਨੂੰ ਵਕੀਲ ਦੀ ਡਿਗਰੀ ਮਿਲ ਗਈ।

ਇਕ ਰਾਤ ਧਰਮਸਥਲ ਦੇ ਅਣਗਿਣਤ ਬਸਤਿਆਂ ਵਿਚਕਾਰ, ਕੂੜੇ ਦੇ ਢੇਰ ਪਿੱਛੇ ਇਕ ਖਾਲੀ ਸੌੜੀ ਥਾਂ ਉੱਤੇ ਕੁਝ ਇੱਟਾਂ ਚੁਣਵਾ ਕੇ ਦਸ ਬਾਈ ਛੇ ਫੁੱਟ ਦੀ ਇਕ ਥਾਂ ਘੇਰ ਲਈ ਗਈ। ਉਸ ਅੰਦਰ ਇਕ ਕੁਰਸੀ, ਇਕ ਛੋਟੀ ਮੇਜ਼, ਦੋ ਪਲਾਸਟਿਕ ਦੇ ਸਟੂਲ ਕਿਸੇ ਤਰ੍ਹਾਂ ਰੱਖ ਦਿੱਤੇ ਗਏ। ਉੱਥੇ ਬਿਨਾਂ ਪਲਸਤਰ ਦੀ ਇੱਟਾਂ ਵਾਲੀ ਦੀਵਾਰ ਉੱਤੇ ਇਕ ਬੋਰਡ ਲਟਕਾ ਦਿੱਤਾ ਗਿਆ—ਕਮਲੇਸ਼ ਕੁਮਾਰੀ ਕੌਸ਼ਿਕ, ਬੀ.ਏ. ਐੱਲ.ਐੱਲ.ਬੀ.।

ਕਾਮਿਲ ਨੇ ਸ਼ੁਰੂ ਤੋਂ ਹੀ ਇਹੀ ਕੋਸ਼ਿਸ਼ ਕੀਤੀ ਸੀ ਕਿ ਮੁੰਨੀ ਨੂੰ ਕਿਸੇ ਵੱਡੇ ਅਤੇ ਅਨੁਭਵੀ ਵਕੀਲ ਨਾਲ ਸਹਾਇਕ ਦੇ ਤੌਰ ਤੇ ਰੱਖਵਾ ਦੇਵੇ। ਉਹ ਕੁਝ ਕੰਮ ਸਿੱਖ ਜਾਏਗੀ। ਕੁਝ ਲੋਕਾਂ ਨਾਲ ਉਸ ਦੀ ਜਾਣ-ਪਛਾਣ ਹੋ ਜਾਏਗੀ। ਪਰ ਗੰਗੂ ਦਾ ਬੰਬ ਕਾਂਡ ਅਤੇ ਉਸ ਵਿਚ ਇਕ ਪੈਰ ਉੱਡਣ ਮਗਰੋਂ ਇਕ ਪੈਰ ਨਾਲ ਸਾਈਕਲ ਚਲਾਂਦੇ ਤੇ ਘੁੰਮਣ ਕਾਰਣ ਉਹ ਸ਼ਹਿਰ ਵਿਚ ਮਸ਼ਹੂਰ ਸੀ। ਬੰਬ ਕੇਸ ਅਜੇ ਅਦਾਲਤ ਵਿਚ ਚੱਲ ਰਿਹਾ ਸੀ। ਸ਼ੰਕਰਿਆ, ਗੰਗੂ ਤੇ ਕੁਝ ਹੋਰ ਲੋਕ ਅਜੇ ਵੀ ਤਾਰੀਕ ਭੁਗਤਣ ਆਉਂਦੇ ਸਨ। ਕੋਈ ਵੱਡਾ ਵਕੀਲ ਮੁੰਨੀ ਨੂੰ ਸਹਾਇਕ ਰੱਖਣ ਵਿਚ ਇਛੁੱਕ ਨਹੀਂ ਸੀ। ਅਲੱਗ ਵਕਾਲਤ ਸ਼ੁਰੂ ਕਰਨ ਨੂੰ ਵੀ ਮੁੰਨੀ ਦਾ ਕੰਮ ਨਾ ਚੱਲਿਆ। ਮੁਵਕਿੱਲ ਮੁੰਨੀ ਨਾਲ ਗੱਲ ਕਰਨ ਵਿਚ ਅਸਹਿਜਤਾ ਮਹਿਸੂਸ ਕਰਦਾ। ਜੱਜਾਂ ਨਾਲ ਰੁਪਏ ਦੀ ਗੱਲ ਕਰ ਸਕੇਗੀ, ਉਹ ਇਹ ਮੰਨਣ ਲਈ ਤਿਆਰ ਨਹੀਂ ਹੁੰਦੇ ਸਨ।

ਮੁੰਨੀ ਦੇ ਬਸਤੇ, ਉੱਤੇ ਮੁਵਕਿੱਲ ਨਾ ਆਏ। ਧਰਮਸਥਲ ਦਾ ਇਹ ਅਣ-ਲਿਖਿਆ ਨਿਯਮ ਸੀ ਕਿ ਜੇ ਕਿਸੇ ਤੇ ਇਕ ਵਾਰ ਅਸਫ਼ਲ ਹੋਣ ਦੀ ਚੇਪੀ ਲੱਗ ਗਈ, ਤਾਂ ਕਿਸੇ ਵੀ ਅਦਾਲਤ ਵਿਚ ਕੋਈ ਜੱਜ, ਕੋਈ ਪੇਸ਼ਾਕਾਰ ਤੱਕ ਵੀ ਮਹੱਤਵ ਨਹੀਂ ਦੇਂਦਾ ਸੀ। ਝੂਠੇ ਗਵਾਹ, ਜ਼ਮਾਨਤ ਅਤੇ ਛੋਟੇ-ਛੋਟੇ ਗੱਡੀਆਂ ਦੇ ਚਾਲਾਨ ਛੁਡਾਉਣ ਦੇ ਧੰਦੇ ਮਗਰੋਂ ਉਸ ਦੀ ਕਾਨੂੰਨ ਦੀ ਦੁਨੀਆਂ ਖਤਮ ਹੋ ਜਾਂਦੀ ਸੀ।

ਗੰਗੂ ਸ਼ੁਰੂ ਵਿਚ ਬਹੁਤ ਉਤਸ਼ਾਹ ਨਾਲ ਮੁੰਨੀ ਨੂੰ ਸਾਈਕਲ ਤੇ ਬਿਠਾ ਕੇ ਧਰਮਸਥਲ ਲਿਆਉਂਦਾ। ਮੁੰਨੀ ਦੇ ਬਸਤੇ ਦਾ ਤਾਲਾ ਖੋਲ੍ਹਦਾ। ਅੰਦਰ ਪਈ ਮੇਜ਼-ਕੁਰਸੀ ਸਾਫ਼ ਕਰਦਾ। ਮੁੰਨੀ ਉਦੋਂ ਤੱਕ ਲੋਹੇ ਦੇ ਬਕਸੇ 'ਚੋਂ ਕਾਲਾ ਕੋਟ ਕੱਢ ਕੇ ਪਹਿਨ ਲੈਂਦੀ। ਗੰਗੂ ਬਾਹਰ ਸਟੂਲ ਤੇ ਬੈਠ ਜਾਂਦਾ। ਉੱਪਰੋਂ ਲੰਘਣ ਵਾਲੇ ਹਰ ਆਦਮੀ ਨੂੰ ਮੁਵਕਿੱਲ ਸਮਝ ਕੇ ਉੱਮੀਦ ਨਾਲ ਦੇਖਦਾ। ਲੋਕ ਬੋਰਡ ਪੜ੍ਹਦੇ, ਇਕ ਨਜ਼ਰ ਗੰਗੂ ਵੱਲ ਦੇਖਦੇ, ਫਿਰ ਕਿਸੇ ਦੂਸਰੇ ਵਕੀਲ ਦੇ ਬਸਤੇ ਅੰਦਰ ਵੜ ਜਾਂਦੇ। ਕਾਮਿਲ ਵੀ ਅਕਸਰ ਮੁੰਨੀ ਦੇ ਬਸਤੇ



ਉੱਤੇ ਆਉਂਦਾ। ਉਸ ਨੇ ਦੋ ਵਾਰ ਮੁਵਕਿੱਲ ਵੀ ਭੇਜੇ। ਉਸ ਵਿਚੋਂ ਇਕ ਵਿਚ ਗੱਡੀ ਦੇ ਚਾਲਾਨ ਦਾ ਜ਼ੁਰਮਾਨਾ ਦੇ ਕੇ ਕਾਗਜ਼ ਛੁਡਾਉਣਾ ਸੀ। ਦੂਸਰੇ ਨੇ ਇਕ ਹਲਫ਼ਨਾਮਾ ਬਣਵਾਉਣਾ ਸੀ।

ਕਈ ਮਹੀਨਿਆਂ ਤੱਕ ਦੇਖਣ ਮਗਰੋਂ ਮੁੰਨੀ ਨੂੰ ਸਮਝ ਵਿਚ ਆਇਆ ਕਿ ਇਸ ਤਰ੍ਹਾਂ ਉਹ ਧਰਮਸਥਲ ਦੇ ਭੰਵਰ ਨੂੰ ਪਾਰ ਨਹੀਂ ਕਰ ਸਕੇਗੀ। ਚੱਕੀ ਬੰਦ ਹੋ ਚੁੱਕੀ ਸੀ। ਪੁਜਾਰੀ ਪਿਤਾ ਵੀ ਦੋ ਵਾਰ ਆਰਤੀ ਕਰਦੇ ਹੋਏ ਬੇਹੋਸ਼ ਹੋ ਚੁੱਕਾ ਸੀ। ਉਸ ਨੂੰ ਮੰਦਰ ਤੋਂ ਹਟਾਏ ਜਾਣ ਦੀ ਗੱਲ ਸ਼ੁਰੂ ਹੋ ਗਈ ਸੀ। ਦੂਸਰਿਆਂ ਦਾ, ਖਾਸ ਤੌਰ ਤੇ ਕਾਮਿਲ ਤੋਂ ਲਏ ਰੁਪਇਆ ਦਾ ਕਰਜ਼ ਵੀ ਵੱਧਦਾ ਜਾ ਰਿਹਾ ਸੀ। ਇਕ ਉਹ ਤਿੰਨੋ ਬੈਠੇ ਤਾਂ ਕਾਮਿਲ ਨੇ ਇਸ ਪੂਰੇ ਮਾਮਲੇ ਨੂੰ ਇਕ ਦੂਸਰੇ ਢੰਗ ਨਾਲ ਦੇਖਿਆ। ਉਸ ਨੇ ਥੋੜ੍ਹਾ ਹੋਰ ਸਮਾਂ ਲੰਘਣ ਤੋਂ ਬਾਅਦ ਮੁੰਨੀ ਨੂੰ ਨੋਟਰੀ ਬਣਵਾ ਦਿੱਤਾ। ਉਸ ਦੇ ਨਾਂ ਦੇ ਬੋਰਡ ਹੇਠਾਂ ਇਕ ਛੋਟਾ ਜਿਹਾ ਬੋਰਡ ਹੋਰ ਲਟਕਣ ਲੱਗ ਪਿਆ, "ਇੱਥੇ ਹਰ ਤਰ੍ਹਾਂ ਦੇ ਹਲਫ਼ਨਾਮੇ ਬਣਵਾਏ ਜਾਂਦੇ ਹਨ।"

ਮੁੰਨੀ ਕੋਲ ਲੋਕ ਫਿਰ ਵੀ ਨਾ ਆਏ। ਉਦੋਂ ਇਕ ਦਿਨ ਗੰਗੂ ਨੇ ਕਾਮਿਲ ਨੂੰ ਕਿਹਾ ਕਿ ਲੋਕ ਸਾਡੇ ਕੋਲ ਨਹੀਂ ਆਉਂਦੇ ਤਾਂ ਅਸੀਂ ਲੋਕਾਂ ਕੋਲ ਜਾ ਸਕਦੇ ਹਾਂ। ਕਾਮਿਲ ਨੂੰ ਇਹ ਗੱਲ ਸਮਝ ਵਿਚ ਆ ਗਈ। ਤਾਂ ਉਸ ਨੇ ਇਕ ਪੂਰੀ ਯੋਜਨਾ ਬਣਾਈ। ਯੋਜਨਾ ਸੀ, ਹਲਫ਼ਨਾਮੇ ਬਣਵਾਉਣ ਦੇ ਇਕ ਲੰਮੇ-ਚੌੜੇ ਤੰਤਰ ਨੂੰ ਵਿਕਸਿਤ ਕਰਨਾ। ਇਸ ਯੋਜਨਾ ਦਾ ਸਮਾਂ ਲੱਗਭਗ ਉਹੀ ਸੀ, ਜਦੋਂ ਕਾਮਿਲ ਨੇ ਬਿਜਨ ਨੂੰ ਲਿਖਿਆ ਸੀ ਕਿ, ਉਹ ਭੜ੍ਹਵਾ ਨਹੀਂ, ਬਸ ਅਖਾੜੇ ਦੇ ਦੂਜੇ ਪਾਸੇ ਚਲਾ ਗਿਆ ਸੀ। ਜਦੋਂ ਗੰਗੂ ਨੇ ਗੰਭੀਰਤਾ ਨਾਲ ਭਾਰਤ-ਭ੍ਰਮਣ ਉੱਤੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਦਾਖਸ਼ਇਣੀ ਨੇ ਕਾਮਿਲ ਨਾਲ ਆਪਣੇ ਦੋਵਾਂ ਦੇ ਜੀਵਨ ਦੇ ਭਵਿੱਖ ਬਾਰੇ ਗੱਲ ਕਰਨਾ ਬੰਦ ਕਰ ਦਿੱਤਾ ਸੀ, ਜਦੋਂ ਕਾਮਿਲ ਦੇ ਪਿਤਾ ਮੂਰਤੀ ਬਣਾਉਂਦੇ-ਬਣਾਉਂਦੇ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਹੋ ਗਏ ਸਨ, ਮੂਨ ਆਪਣੇ ਭੋਜਨਾਲਾਏ ਵਿਚ ਤਿੰਨ ਨਵੀਆਂ ਮਿਠਾਈਆਂ ਬਣਾਉਣ ਲੱਗ ਪਿਆ ਸੀ, ਜਦੋਂ ਮਾਦਲ ਨੇ ਕਚਹਿਰੀ ਵਿਚ ਟਾਈਪਿੰਗ ਦਾ ਸਾਰਾ ਕੰਮ ਸੰਭਾਲ ਉਸ ਦਾ ਹਿਸਾਬ ਕਾਮਿਲ ਨੂੰ ਨਹੀਂ, ਦਾਖਸ਼ਇਣੀ ਨੂੰ ਦੇਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਧਰਮਸਥਲ ਦੀ ਪੁਰਾਣੀ ਇਮਾਰਤ ਤੋੜ ਕੇ ਉਸ ਉੱਤੇ ਕਈ ਮੰਜ਼ਿਲਾਂ ਇਮਾਰਤਾਂ ਦਾ ਨਕਸ਼ਾ ਪਾਸ ਹੋ ਚੁੱਕਾ ਸੀ। ਜਦੋਂ ਬੇਰੁਜ਼ਗਾਰ ਵਕੀਲਾਂ ਦੇ ਬਸਤਿਆਂ ਵਿਚ ਦੇਰ ਰਾਤ ਤੱਕ ਜੂਏ ਦੀ ਮਹਿਫ਼ਲ ਜੰਮਣ ਲੱਗ ਪਈ ਸੀ ਤੇ ਪਕੜ ਕੇ ਲਿਆਈਆਂ ਗਈਆਂ ਨੀਵੀਆਂ ਬਸਤੀਆਂ ਦੀਆਂ ਕੁੜੀਆਂ ਨੂੰ ਆਪਣੇ ਮੁਕੱਦਮਿਆਂ ਦੇ ਕਾਨੂੰਨਾਂ ਨੂੰ ਸਮਝਣ-ਸਮਝਾਉਣ ਲਈ ਦੇਰ ਰਾਤ ਤੱਕ ਬਸਤਿਆਂ ਵਿਚ ਰੋਕਿਆ ਜਾਣ ਲੱਗ ਪਿਆ ਸੀ। ਜਦੋਂ ਧਰਮਸਥਲ, ਅੰਦਰ ਜਲੂਸ ਆਉਣ ਬੰਦ ਹੋ ਚੁੱਕੇ ਸਨ, ਨੁੱਕੜ ਨਾਟਕ ਕਿੱਸਿਆਂ ਵਿਚ ਚਲੇ ਗਏ ਸਨ, ਉਨ੍ਹਾਂ ਦੀ ਜਗ੍ਹਾ ਤੇ ਜੋਗੀ, ਮਦਾਰੀ, ਪਾਗਲ, ਹਿੱਜੜੇ, ਪੁਲਿਸ ਦੇ ਪਿੱਛੇ ਚਲਦੀਆਂ ਵੇਸਵਾਵਾਂ, ਚੂਰਨ ਦੀ ਗੋਲੀ ਵੇਚਣ ਵਾਲੇ ਵਣਜਾਰੇ, ਧਰਮਸਥਲ ਦੀ ਬਾਕੀ ਬਚੀਆਂ ਸੌੜੀਆਂ ਸੜਕਾਂ ਉੱਤੇ ਘੁੰਮਣ ਲੱਗ ਪਏ ਸਨ। ਜਦੋਂ ਮੁਕੱਦਮਿਆਂ ਦੇ ਫ਼ੈਸਲਿਆਂ ਨੂੰ ਪੱਖ ਵਿਚ ਲਿਖਵਾਉਣ ਵਾਲੇ ਦਲਾਲ ਕਈ ਸ਼ਕਲਾਂ ਵਿਚ ਪਛਾਣੇ ਜਾ ਚੁੱਕੇ ਸਨ। ਜਦੋਂ ਅਦਾਲਤਾਂ ਵਿਚ ਬਣੇ ਲੱਕੜੀ ਦੇ ਕਟਹਿਰਿਆਂ ਦੀਆਂ ਨੀਂਵਾਂ ਨੂੰ ਚੂਹਿਆਂ ਨੇ ਕੁਤਰਨਾ ਸ਼ੁਰੂ ਕਰ ਦਿੱਤਾ ਸੀ। ਬਾਰ ਐਸੋਸੀਏਸ਼ਨ ਦੀ ਲਾਇਬ੍ਰੇਰੀ ਦੀਆਂ ਅਣਗਿਣਤ ਕਾਨੂੰਨੀ ਕਿਤਾਬਾਂ ਉੱਤੇ ਧੂੜ ਦੀ ਪਰਤ ਮੋਟੀ ਹੁੰਦੀ ਜਾ ਰਹੀ ਸੀ। ਜਦੋਂ ਲੱਅ ਕਾਲਜ ਦੀਆਂ ਡਿਗਰੀਆਂ ਬੇਰੋਜ਼ਗਾਰਾਂ ਨੂੰ ਬਹੁਤ ਸਸਤੇ ਵਿਚ ਮਿਲਣ ਲੱਗੀਆਂ ਸਨ। ਜਦੋਂ ਦੂਸਰੇ ਸ਼ਹਿਰ ਤੋਂ ਆਏ ਕੈਦੀ ਕਾਮਿਲ ਤੋਂ ਆਪਣੇ ਲਈ ਕੁੜੀਆਂ ਦਾ ਇੰਤਜ਼ਾਮ ਕਰਨ ਲਈ ਵੀ ਕਹਿਣ ਲੱਗ ਪਏ ਸਨ। ਜਦੋਂ ਧਰਮਸਥਲ ਦੀਆਂ ਕਈ ਪੁਰਾਣੀਆਂ ਇਮਾਰਾਤਾਂ ਦੀਆਂ ਛੱਤਾਂ ਉੱਤੇ ਹਰੀ ਕਾਈ ਵਿਚ ਘਾਹ ਉੱਗਣ ਲੱਗ

ਪਈ ਸੀ। ਜਦੋਂ ਗਿੱਰਝ ਉਸ ਦੇ ਉੱਪਰ ਖੁੱਲ੍ਹੇ, ਵਿਸਤ੍ਰਿਤ ਆਕਾਸ਼ ਵਿਚ ਆਪਣੇ ਵਿਸ਼ਾਲ ਖੰਭ ਫੈਲਾਏ ਚੌਕੰਨੀਆਂ ਅੱਖਾਂ ਨਾਲ ਚੱਕਰ ਲਗਾਉਣ ਲੱਗ ਪਏ ਸਨ। ਜਦੋਂ ਧਰਮਸਥਲ ਦੇ ਤਿੰਨੇ ਖੂਹਾਂ ਦਾ ਪਾਣੀ ਸੁੱਕ ਗਿਆ ਸੀ। ਜਦੋਂ ਧਰਮਾਧਿਕਾਰੀਆਂ ਦੇ ਚੈਂਬਰਾਂ ਵਿਚ, ਅਦਾਲਤ ਦੇ ਕਮਰਿਆਂ ਵਿਚ ਧੁੱਪ ਆਉਣ ਦੇ ਰਸਤੇ ਬੰਦ ਹੋ ਗਏ ਸਨ। ਹਲਕੇ-ਫੁਲਕੇ ਉੱਜਾਲੇ ਤੇ ਸਿਲ੍ਹੇਪਨ ਵਿਚ ਫੁਸਫੁਸਾਉਂਦੇ ਹੋਏ ਗੱਲਾਂ ਕਰਦੇ ਕਾਲੇ ਕੋਟ ਬਗੈਰ ਫਰਸ਼ ਤੇ ਪੈਰ ਰੱਖੇ ਇੱਧਰ ਤੋਂ ਉੱਧਰ ਘੁੰਮਣ ਲੱਗ ਪਏ ਸਨ। ਪ੍ਰੇਤਾਂ ਦੀ ਰਹੱਸਮਈ ਦੁਨੀਆਂ ਵਿਚ ਭੈਅ ਅਤੇ ਸੰਦੇਹ ਦੇ ਸਤੂਪ ਰਚਦੇ ਹੋਏ, ਜਿਨ੍ਹਾਂ ਹੇਠ ਕਿੱਧਰੇ ਧਰਮਸਥਲ ਦਾ, ਇਨਸਾਫ਼ ਦਾ, ਲੋਕਤੰਤਰ ਦਾ, ਉਹ ਛਲਾਵਾ ਹੁੰਦਾ, ਜਿਸ ਨੂੰ ਪਕੜਨ ਲਈ ਬਾਹਰ ਨੰਗੇ ਪਿੰਡੇ, ਗੋਡੇ ਮੋੜ ਕੇ ਬੈਠੇ, ਤਲੀਆਂ ਜੋੜ ਕੇ ਠਰਦੇ ਹੋਏ, ਭਾਰਤੀ ਸੰਵਿਧਾਨ ਵਿਚ ਦਿੱਤੀ ਗਈ ਸਰਵਉੱਚ ਸੱਤਾ ਵਾਲਾ ਨਾਗਰਿਕ ਹੁੰਦਾ। ਇਹ ਸਮਾਂ ਸੰਨ 1981 ਸੀ।

ਕਾਮਿਲ ਜਦੋਂ ਪਹੁੰਚਿਆ, ਗੰਗੂ, ਮੁੰਨੀ ਦੇ ਬਸਤੇ ਦਾ ਤਾਲਾ ਖੋਲ੍ਹ ਚੁੱਕਾ ਸੀ। ਕਿਸੇ ਤਰ੍ਹਾਂ ਜਗ੍ਹਾ ਬਣਾ ਕੇ ਖੜੀ ਕੀਤੀ ਗਈ ਲੋਹੇ ਦੀ ਇਕ ਅਲਮਾਰੀ ਅੰਦਰ ਉਹ ਰੇਮਿਗੰਟਨ ਦੇ ਪੁਰਾਣੇ ਪੋਰਟੇਬਲ ਟਾਈਪਰਾਈਟਰ ਬਾਹਰ ਖੁੱਲ੍ਹੀ ਜਗ੍ਹਾ ਤੇ ਪਏ ਤਖ਼ਤ ਉੱਤੇ ਰੱਖ ਦਿੱਤਾ ਸੀ।

"ਮੁੰਨੀ ਕਿੱਥੇ ਗਈ ?" ਕਾਮਿਲ ਨੇ ਪੁੱਛਿਆ।

"ਮੰਦਰ ਤੋਂ ਆਉਂਦੀ ਹੋਏਗੀ। ਅੱਜ ਦਾ ਦਿਨ ਲੰਮੀ ਪੂਜਾ ਦਾ ਦਿਨ ਹੁੰਦਾ ਹੈ।"

"ਸ਼ੰਕਰਿਆ ਦੇ ਕੇਸ ਦਾ ਫ਼ੈਸਲਾ ਅੱਜ ਹੈ ?"

"ਹਾਂ।" ਗੰਗੂ ਨੇ ਆਖਿਰ ਟਾਈਪਰਾਈਟਰ ਤਖ਼ਤ ਉੱਤੇ ਰੱਖ ਦਿੱਤਾ। ਉਹ ਸਾਰੇ ਸੱਤ ਟਾਈਪਰਾਈਟਰ ਸਨ।

"ਕੇਸ ਤਾਂ ਜਿੱਤਿਆ ਲੱਗਦਾ ਹੈ।"

"ਸ਼ੰਕਰਿਆ ਨਾਲ ਇੱਧਰ ਕੋਈ ਗੱਲ ਹੋਈ ?"

"ਹਾਂ...ਅੰਦਰ ਤਾਂ ਮਿਲਦਾ ਹੀ ਰਹਿੰਦਾ ਹੈ। ਕਹਿ ਰਿਹਾ ਸੀ ਇਹ ਮੁਕੱਦਮਾ ਮੁੱਕੇ ਤਾਂ ਤੂੰ ਇੱਥੇ ਬੈਠਣਾ ਛੱਡ ਦੇ। ਤੇਰਾ ਪੈਰ ਗਿਆ, ਗੁਰਦਾ ਅਤੇ ਜਿਗਰ ਤਾਂ ਉਂਝ ਹੀ ਹੈ। ਟਰੱਕਾਂ ਦੀ ਵਸੂਲੀ ਦਾ ਹਿਸਾਬ ਸੰਭਾਲ ਲਈ। ਬਸ ਬੈਠਣ ਦਾ ਹੀ ਕੰਮ ਹੈ। ਮੈਂ ਮਨ੍ਹਾਂ ਕਰ ਦਿੱਤਾ। ਕਹਿ ਦਿੱਤਾ ਮੁਕੱਦਮਾ ਮੁੱਕਣ ਤੇ ਮੁੰਨੀ ਦਾ ਪੂਰਾ ਕੰਮ ਜੰਮ ਜਾਣ ਮਗਰੋਂ ਭਾਰਤ ਭ੍ਰਮਣ ਤੇ ਜਾਵਾਂਗਾ।"

ਕਾਮਿਲ ਹੱਸ ਪਿਆ। ਉਦੋਂ ਤੱਕ ਮੁੰਨੀ ਵੀ ਆ ਗਈ। ਉਸ ਨੂੰ ਆਉਂਦੇ ਦੇਖ ਆਸਪਾਸ ਦੀਆਂ ਥਾਵਾਂ ਤੇ ਬੈਠੇ ਸੱਤੋਂ ਮੁੰਡੇ ਵੀ ਬਸਤੇ ਤੇ ਆ ਗਏ।

ਮੁੰਨੀ ਬਸਤੇ ਤੇ ਆਈ। ਬਕਸਾ ਖੋਲ੍ਹਿਆ ਉਸ ਵਿਚੋਂ ਕਮਲੇਸ਼ ਕੁਮਾਰੀ ਕੌਸ਼ਿਕ ਦੀਆਂ ਸੱਤ ਮੋਹਰਾਂ ਕੱਢੀਆਂ। ਕੋਰਟ ਦੇ ਟਿਕਟ ਕੱਢੇ। ਸਟੈਂਪ ਪੇਪਰ ਕੱਢੇ।

"ਲਓ।" ਉਸ ਨੇ ਕਾਮਿਲ ਨੂੰ ਮੋਹਰਾਂ, ਸਟੈਂਪ ਪੇਪਰ ਤੇ ਟਿਕਟ ਦੇ ਦਿੱਤੇ।

ਕਾਮਿਲ ਮੋਹਰਾਂ ਅਤੇ ਟਿਕਟ ਲੈ ਕੇ ਬਸਤੇ ਤੋਂ ਬਾਹਰ ਆ ਗਿਆ। ਉਨ੍ਹਾਂ ਮੁੰਡਿਆਂ ਨੇ ਉਦੋਂ ਤੱਕ ਇਕ-ਇਕ ਟਾਈਪਰਾਈਟਰ ਸੰਭਾਲ ਲਿਆ ਸੀ। ਕਾਮਿਲ ਨੇ ਹਰ ਇਕ ਨੂੰ ਮੋਹਰ ਦਿੱਤੀ। ਰੁਪਏ ਜੋੜ ਕੇ ਸਟੈਂਪ ਪੇਪਰ ਦਿੱਤੇ। ਗਿਣ ਕੇ ਚਾਲ੍ਹੀ-ਚਾਲ੍ਹੀ ਟਿਕਟ ਦਿੱਤੇ। ਮੁੰਡਿਆਂ ਕੋਲ ਸਾਈਕਲਾਂ ਸਨ ਜੋ ਦੂਰ ਦਰਖਤਾਂ ਨਾਲ ਟਿਕੀਆਂ ਖੜ੍ਹੀਆਂ ਸਨ। ਉਨ੍ਹਾਂ ਨੇ ਮੋਹਰ, ਟਿਕਟ, ਸਟੈਂਪ ਪੇਪਰ ਇਕ ਥੈਲੇ ਵਿਚ ਜਾਂ ਮੋਢੇ ਤੇ ਟੰਗ ਜੇਬ੍ਹ ਵਾਲੇ ਬੈਗ ਵਿਚ ਰੱਖੇ। ਟਾਈਪਰਾਈਟਰ ਚੁੱਕਿਆ ਸਾਈਕਲ ਦੇ ਕੈਰੀਅਰ ਨਾਲ ਬੰਨ੍ਹੇ ਤੇ ਨਿਕਲ ਗਏ।



ਇਹ ਮੁੰਡੇ ਉਹੀ ਸਨ ਜੋ ਅੱਜ ਵੀ ਕਿਸੇ ਟਾਈਪ ਸਕੂਲਾਂ ਵਿਚ "ਏ ਕਿਵਕ ਬਰਾਊਨ ਫਾੱਕਸ ਜੰਪਸ ਓਵਰ ਦਿ ਲੇਜ਼ੀ ਡਾੱਗ" ਸਿੱਖ ਰਹੇ ਸਨ ਜਾਂ ਸਿੱਖ ਚੁੱਕੇ ਸਨ। ਇਹ ਸੱਤੋਂ ਸ਼ਹਿਰ ਦੀਆਂ ਉਨ੍ਹਾਂ ਸੱਤ ਜਗਾਵਾਂ ਤੇ ਜਾਂਦੇ ਸਨ, ਜਿੱਥੇ ਹਲਫ਼ਨਾਮਿਆਂ ਦੀ ਲੋੜ ਹੁੰਦੀ ਸੀ। ਰੋਜ਼ਗਾਰ ਦਫ਼ਤਰ, ਨਗਰ ਮਹਾਂਪਾਲਿਕਾ, ਵਿਸ਼ਵ ਵਿਦਿਆਲੇ, ਬਿਜਲੀ ਘਰ, ਰੇਂਟ ਕੰਟ੍ਰੋਲ ਆਫ਼ਿਸ, ਜਲ ਸੰਸਥਾਨ, ਜ਼ਿਲਾ ਉਦਯੋਗ ਕੇਂਦਰ ਅਤੇ ਇੰਝ ਹੀ ਦੂਜੇ ਦਫ਼ਤਰਾਂ ਵਿਚ। ਕਿਸੇ ਵੀ ਚਬੂਤਰੇ ਉੱਤੇ ਜਾਂ ਦਰਖ਼ਤ ਹੇਠਾਂ ਜਾਂ ਫਰਸ਼ ਉੱਤੇ ਇੱਟ ਰੱਖ ਕੇ ਜਾਂ ਉੱਥੇ ਕਿਸੇ ਚੇਨ ਨਾਲ ਬੱਝੀ ਆਪਣੀ ਕੁਰਸੀ-ਮੇਜ਼ ਖੋਲ੍ਹ ਕੇ ਟਾਈਪਰਾਈਟਰ ਰੱਖ ਲੈਂਦੇ, ਟਾਈਪਰਾਈਟਰ ਨਾਲ ਬੱਝੀ ਲੱਕੜੀ ਦੀ ਛੋਟੀ ਜਿਹੀ ਪੱਟੀ "ਇੱਥੇ ਹਰ ਤਰ੍ਹਾਂ ਦੇ ਹਲਫ਼ਨਾਮੇ ਬਣਦੇ ਹਨ," ਲਟਕਾ ਲੈਂਦੇ। ਦਿਨ ਭਰ ਹਲਫ਼ਨਾਮੇ ਟਾਈਪ ਕਰਦੇ ਸਨ। ਕਮਲੇਸ਼ ਕੁਮਾਰੀ ਕੌਸ਼ਿਕ ਦੀ ਮੋਹਰ ਲਗਾਉਂਦੇ ਸਨ। ਉਸ ਦੇ ਦਸਤਖ਼ਤ ਬਣਾਂਦੇ ਸਨ। ਜਿੰਨੇ ਟਿਕਟ ਉਨ੍ਹਾਂ ਦੇ ਮਿਲਦੇ ਸਨ, ਉਨ੍ਹਾਂ ਦਾ ਹਿਸਾਬ ਪ੍ਰਤੀ ਹਲਫ਼ਨਾਮਾ ਵੀਹ ਰੁਪਏ ਦੇ ਹਿਸਾਬ ਨਾਲ ਸ਼ਾਮ ਨੂੰ ਲਿਆ ਕੇ ਦੇ ਦੇਂਦੇ ਸਨ। ਟਾਈਪਰਾਈਟਰ ਜਮ੍ਹਾਂ ਕਰਾਉਂਦੇ, ਮੋਹਰਾਂ ਵਾਪਸ ਕਰਦੇ। ਹਰ ਮੁੰਡਾ ਅੰਦਾਜ਼ਨ ਤੀਹ ਹਲਫ਼ਨਾਮੇ ਬਣਾ ਦੇਂਦਾ ਸੀ। ਹਰ ਹਲਫ਼ਨਾਮੇ ਉੱਤੇ ਉਸ ਨੂੰ ਤਿੰਨ ਰੁਪਏ ਮਿਲਦੇ ਸਨ। ਇਹ ਮੁੰਡੇ ਕਾਮਿਲ ਲਿਆਉਂਦਾ ਸੀ। ਟਾਈਪਰਾਈਟਰ, ਮੋਹਰ, ਟਿਕਟ, ਸਟੈਂਪ ਪੇਪਰ ਕਾਮਿਲ ਦੀ ਜ਼ਿੰਮੇਵਾਰੀ ਸੀ। ਮੁੰਨੀ ਦਾ ਨਾਂ ਅਤੇ ਮੋਹਰ ਚੱਲਦੀ ਸੀ। ਦਸਤਖ਼ਤ ਚਲਦੇ ਸਨ, ਜਿਨ੍ਹਾਂ ਨੂੰ ਬਣਾਉਣ ਦਾ ਗੁਰ ਕਾਮਿਲ ਨੇ ਉਨ੍ਹਾਂ ਮੁੰਡਿਆਂ ਨੂੰ ਸਿਖਾ ਦਿੱਤਾ ਸੀ। ਸ਼ਾਮ ਨੂੰ ਮੁੰਨੀ ਡਾਇਰੀ ਵਿਚ ਆਪਣਾ ਤੇ ਕਾਮਿਲ ਦਾ ਹਿਸਾਬ ਲਿਖ ਲੈਂਦੀ ਸੀ। ਪ੍ਰਤੀ ਹਲਫ਼ਨਾਮਾ ਚਾਰ ਰੁਪਏ ਕਾਮਿਲ, ਚਾਰ ਰੁਪਏ ਮੁੰਨੀ। ਧਰਮਸਥਲ ਅੰਦਰ ਬਣਨ ਵਾਲੇ ਹਲਫ਼ਨਾਮਿਆਂ ਦੇ ਪੈਸੇ ਮੁੰਨੀ ਦੇ ਆਪਣੇ ਹੁੰਦੇ ਸਨ। ਕਾਮਿਲ ਦੇ ਸੰਪਰਕ ਵਾਲੇ ਵਕੀਲ, ਕੈਦੀ, ਪੁਲਿਸ, ਟਾਈਪਿਸਟ, ਮੁੰਨੀ ਦੇ ਬਸਤੇ ਤੇ ਹਲਫ਼ਨਾਮੇ ਬਣਵਾਉਂਦੇ। ਮੁੰਨੀ ਦੇ ਬਸਤੇ ਤੇ ਬੈਠਾ ਇਕ ਮੁੰਡਾ ਟਾਈਪ ਕਰਦਾ ਰਹਿੰਦਾ, ਮੁੰਨੀ ਮੋਹਰ ਮਾਰਦੀ, ਦਸਤਖ਼ਤ ਕਰਦੀ। ਗੰਗੂ ਪੈਸੇ ਲੈਂਦਾ, ਹਿਸਾਬ ਕਰਦਾ।

"ਮੈਂ ਜਾਵਾਂਗਾ।" ਮੁੰਡਿਆਂ ਦੇ ਜਾਣ ਮਗਰੋਂ ਗੰਗੂ ਨੇ ਫੌਹੜੀ ਮੋਢੇ ਹੇਠਾਂ ਟਿਕਾ ਕੇ ਮੁੰਨੀ ਨੂੰ ਕਿਹਾ, "ਅੱਜ ਫ਼ੈਸਲਾ ਹੈ, ਥੋੜ੍ਹਾ ਜਲਦੀ ਪਹੁੰਚਣਾ ਹੈ।"

"ਮੈਂ ਚਲਾਂ ?" ਕਾਮਿਲ ਨੇ ਪੁੱਛਿਆ।

"ਨਹੀਂ...।" ਗੰਗੂ ਨੇ ਸਿਰ ਹਿਲਾ ਦਿੱਤਾ। ਫੌਹੜੀ ਖੜਕਾਉਂਦੇ, ਉਹ ਇਕ ਪੈਰ ਉੱਤੇ ਕੁੱਦਦੇ ਹੋਏ ਚਲਾ ਗਿਆ।

ਮੁੰਨੀ ਨੇ ਮੇਜ਼ ਦੀ ਦਰਾਜ਼ ਖੋਲ੍ਹ ਕੇ ਕਾਗਜ਼ਾਂ ਦਾ ਇਕ ਬੰਡਲ ਕੱਢਿਆ। ਇਹ ਉਨ੍ਹਾਂ ਹਲਫ਼ਨਾਮਿਆਂ ਦੀਆਂ ਫੋਟੋ ਕਾਪੀਆਂ ਸਨ, ਜੋ ਪਿੱਛਲੇ ਮੁੰਡਿਆਂ ਨੇ ਬਣਾਏ ਸਨ। ਕਾਮਿਲ ਮੁੰਡਿਆਂ ਦੇ ਬਣਾਏ ਹਲਫ਼ਨਾਮਿਆਂ ਉੱਤੇ ਇਕ ਨਜ਼ਰ ਜ਼ਰੂਰ ਪਾਉਂਦਾ। ਕੁਝ ਨੂੰ ਪੜ੍ਹਦਾ ਵੀ। ਅਗਲੀ ਵਾਰ ਮੁੰਡਿਆਂ ਨੂੰ ਕੁਝ ਹਦਾਇਤਾਂ ਵੀ ਦੇਂਦਾ।

ਕਾਮਿਲ ਨੇ ਹਲਫ਼ਨਾਮੇ ਲੈ ਕੇ ਸਰਸਰੀ ਨਿਗਾਹ ਮਾਰੀ। ਦਸਵੇਂ ਹਲਫ਼ਨਾਮੇ ਉੱਤੇ ਉਹ ਰੁੱਕ ਗਿਆ। ਪੁਲਿਸ ਅਧੀਸ਼ਕ ਨੂੰ ਸਹੁੰ-ਪੱਤਰ ਉੱਤੇ ਇਕ ਕੁੜੀ ਨੇ ਬਿਆਨ ਦਿੱਤਾ ਸੀ ਕਿ ਆਜ਼ਾਦ ਨਗਰ ਦੇ ਸਿਲਾਈ ਸਕੂਲ ਵਿਚ ਸਿਲਾਈ ਸਿੱਖਣ ਵਾਲੀਆਂ ਕੁੜੀਆਂ ਉੱਤੇ, ਪਰੋਖ ਰੂਪ ਤੋਂ ਉੱਥੋਂ ਦੀ ਸੰਬੰਧਿਤ ਮਾਦਲ ਨਾਂ ਦੇ ਆਦਮੀ ਰਾਹੀਂ ਦਬਾਅ ਪਾਇਆ ਜਾਂਦਾ ਹੈ ਕਿ ਉਹ ਉਸ ਦੇ ਨਿੱਜੀ ਕੰਮ ਵੀ ਕਰਨ, ਜੋ ਕਿਸੇ ਨਾ ਕਿਸੇ ਰੂਪ ਵਿਚ ਉਨ੍ਹਾਂ ਦੀ ਦੇਹ ਦੇ ਯੌਨ ਸ਼ੋਸ਼ਣ ਦੀ ਸ਼ੁਰੂਆਤ ਹੁੰਦੇ ਹਨ। ਇਸ ਵਿਚ ਅੱਗੇ ਲਿਖਿਆ ਗਿਆ ਸੀ ਕਿ ਇਸ ਸਿਲਾਈ ਸਕੂਲ ਦੀ ਮੁੱਖ ਸੰਚਾਲਿਕਾ, ਦਾਖਸ਼ਇਣੀ ਨਾਂ ਦੀ ਇਕ ਕੁੜੀ ਹੈ, ਜੋ ਸ਼ਾਇਦ ਮਾਦਲ ਦੇ ਇਸ ਕੰਮ ਬਾਰੇ ਨਹੀਂ ਜਾਣਦੀ, ਕਿਉਂਕਿ ਪੂਰਾ ਕੰਮ ਮਾਦਲ ਅਤੇ ਉਸ ਦੀ ਭੈਣ ਹੀ ਦੇਖਦੇ ਹਨ। ਹਲਫ਼ਨਾਮੇ ਦੇ ਨਾਲ ਇਕ ਪੱਤਰ ਵੀ ਸੀ ਜਿਸ ਵਿਚ ਬੇਨਤੀ ਕੀਤੀ ਗਈ ਸੀ

ਕਿ ਇਸ ਗੱਲ ਦੀ ਗੁਪਤ ਜਾਂਚ ਕਰਵਾ ਕੇ ਸਿਲਾਈ ਸਕੂਲ ਦੀ ਆੜ ਵਿਚ ਚਲਾਏ ਜਾਣ ਵਾਲੇ ਦੇਹ-ਵਪਾਰ ਨੂੰ ਰੋਕ ਕੇ, ਮਾਦਲ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਹਲਫ਼ਨਾਮੇ ਦੀ ਸਹੀ ਜਾਂਚ ਕਰ ਕਮਲੇਸ਼ ਕੁਮਾਰੀ ਕੌਸ਼ਿਕ ਨੋਟਰੀ ਦੀ ਮੋਹਰ ਅਤੇ ਦਸਤਖ਼ਤ ਸਨ।

ਕਾਮਿਲ ਨੇ ਉਸ ਹਲਫ਼ਨਾਮੇ ਨੂੰ ਅਲੱਗ ਕਰ ਮੁੰਨੀ ਵੱਲ ਵਧਾ ਦਿੱਤਾ।

ਮੁੰਨੀ ਨੇ ਉਹ ਹਲਫ਼ਨਾਮਾ ਪੜ੍ਹਿਆ ਤੇ ਭੌਂਚੱਕੀ ਜਿਹੀ ਕਾਮਿਲ ਵੱਲ ਦੇਖਣ ਲੱਗੀ।

"ਹੁਣ ?" ਕੁਝ ਦੇਰ ਬਾਅਦ ਉਸ ਨੇ ਪੁੱਛਿਆ।

"ਗੱਲ ਕਰਦਾ ਹਾਂ ਜਾ ਕੇ।" ਕਾਮਿਲ ਨੇ ਹਲਫ਼ਨਾਮਾ ਮੁੰਨੀ ਕੋਲੋਂ ਲੈ ਲਿਆ। ਮੂਨ ਦੇ ਢਾਬੇ ਵਿਚ ਆਇਆ, ਅੰਦਰ ਵੜ੍ਹਦੇ ਹੀ ਉਸ ਨੇ ਸ਼ੰਕਰਿਆ ਨੂੰ ਦੇਖਿਆ। ਤਿੰਨ ਆਦਮੀਆਂ ਨਾਲ ਕੋਨੇ ਵਿਚ ਬੈਠਾ ਉਹ ਚਾਹ ਪੀ ਰਿਹਾ ਸੀ। ਉਸ ਨੇ ਵੀ ਕਾਮਿਲ ਨੂੰ ਦੇਖ ਲਿਆ ਸੀ। ਉਸ ਨੇ ਕਾਮਿਲ ਨੂੰ ਇਸ਼ਾਰਾ ਕੀਤਾ। ਕਾਮਿਲ ਉਸ ਕੋਲ ਚਲਾ ਗਿਆ।

"ਅੱਜ ਖਤਮ ਹੋ ਜਾਏਗਾ। ਸਾਰੇ ਛੁੱਟ ਜਾਣਗੇ।" ਸ਼ੰਕਰਿਆ ਬੋਲਿਆ।

"ਗੰਗੂ ਦੱਸ ਰਿਹਾ ਸੀ।" ਕਾਮਿਲ ਨੇ ਕਿਹਾ, "ਉਹ ਅਦਾਲਤ ਹੀ ਗਿਆ ਹੈ।"

"ਮੈਂ ਉਸ ਨੂੰ ਕਈ ਵਾਰ ਕਿਹਾ ਹੈ ਸਾਨੂੰ ਉਸ ਦੀ ਲੱਤ ਦੇ ਚਲੇ ਜਾਣ ਦਾ ਦੁੱਖ ਹੈ। ਟਰੱਕਾਂ ਦੀ ਵਸੂਲੀ ਦੇ ਆ ਜਾਏ। ਉਹ ਮੰਨਦਾ ਹੀ ਨਹੀਂ। ਤੂੰ ਸਮਝਾ ਉਸ ਨੂੰ। ਇੱਥੇ ਆ ਕੇ ਸਾਰਾ ਦਿਨ ਸਟੂਲ ਤੇ ਬੈਠਾ ਰਹਿੰਦਾ ਹੈ। ਸੜ੍ਹਦਾ ਰਹੇਗਾ ਇੱਥੇ ਹੀ।"

"ਮੈਂ ਗੱਲ ਕਰਾਂਗਾ।" ਕਾਮਿਲ ਨੇ ਕਿਹਾ।

"ਮੇਰੇ ਕੁਝ ਮੁੰਡੇ ਕਲ੍ਹ, ਜੇਲ੍ਹ ਪਹੁੰਚ ਗਏ ਹਨ। ਮੈਂ ਤੈਨੂੰ ਦੱਸਾਂਗਾ ਉਨ੍ਹਾਂ ਬਾਰੇ। ਇਕ ਦੀ ਭੈਣ ਦਾ ਵਿਆਹ ਹੈ ਦੋ ਮਹੀਨੇ ਬਾਅਦ। ਉਹ ਦੋ ਘੰਟਿਆਂ ਲਈ ਬਾਜ਼ਾਰ ਜਾਣਾ ਚਾਹੁੰਦਾ ਹੈ। ਇੰਝ ਕਰ ਦੇ ਕਿ ਪਹਿਲੀ ਪੇਸ਼ੀ ਸਵੇਰੇ ਹੋ ਜਾਏ ਤੇ ਫਿਰ ਦੂਸਰੀ ਪੇਸ਼ੀ ਸ਼ਾਮ ਨੂੰ। ਉਦੋਂ ਤੱਕ ਉਹ ਕੰਮ ਖਤਮ ਕਰ ਲਏਗਾ।"

"ਕਿਹੜਾ ਕੰਮ ?"

"ਕੁਝ ਦੁਕਾਨਦਾਰਾਂ ਨੂੰ ਸਮਝਾਉਣਾ ਹੈ। ਉਹ ਜੇਲ੍ਹ ਗਿਆ ਤਾਂ ਸਾਲੇ ਅੱਖਾਂ ਦਿਖਾਉਣ ਲੱਗ ਪਏ ਹਨ।"

"ਕਰ ਦੇਵਾਂਗਾ...ਪਰ ਉਹ ਕੋਈ ਕਾਂਡ ਨਾ ਕਰੇ।"

"ਨਹੀਂ, ਬਸ ਜ਼ਰਾ ਜਿਹਾ ਡਰਾਵਾ ਦੇਵੇਗਾ। ਬਸ।"

ਕਾਮਿਲ ਨੇ ਹੱਥ ਮਿਲਾਇਆ ਤੇ ਮੂਨ ਕੋਲ ਗਿਆ। ਉਸ ਨੇ ਜਲਦੀ ਨਾਲ ਮੂਨ ਨੂੰ ਕੁਝ ਸਮਝਾਇਆ। ਆਪਣੇ ਇਕ ਮੁੰਡੇ ਨੂੰ ਉਸ ਦਿਨ ਦੇ ਕੈਦੀਆਂ ਨੂੰ ਵੰਡਣ ਵਾਲੇ ਰੁਪਿਆਂ ਬਾਰੇ ਦੱਸਿਆ ਤੇ ਬਾਹਰ ਨਿਕਲ ਆਇਆ।

ਕਾਮਿਲ ਨੇ ਇਕ ਪੁਰਾਣੀ ਮੋਟਰ ਸਾਈਕਲ ਖਰੀਦ ਲਈ ਸੀ। ਹਲਫ਼ਨਾਮੇ ਨੂੰ ਮੋੜ ਕੇ ਉਸ ਨੇ ਆਪਣੀ ਜੇਬ੍ਹ ਵਿਚ ਰੱਖਿਆ ਤੇ ਮੋਟਰ ਸਾਈਕਲ ਲੈ ਕੇ ਧਰਮਸਥਲ ਤੋਂ ਬਾਹਰ ਨਿਕਲ ਆਇਆ।

ਉਸ ਦੇ ਬਾਪੂ ਜਿਸ ਸਵੇਰੇ ਦਾਖਸ਼ਇਣੀ ਦੇ ਘਰ ਆਏ ਸਨ, ਉਸ ਤੋਂ ਬਾਅਦ ਕਦੇ ਵੀ ਦਾਖਸ਼ਇਣੀ ਨੇ ਕਾਮਿਲ ਨਾਲ ਆਪਣੇ ਤੇ ਉਸ ਦੇ ਜੀਵਨ ਬਾਰੇ ਕੋਈ ਗੱਲ ਨਹੀਂ ਕੀਤੀ ਸੀ। ਕਾਮਿਲ ਨੇ ਕਦੇ ਹੱਥ ਪਕੜ ਕੇ ਰੋਕਣਾ ਵੀ ਚਾਹਿਆ ਤਾਂ ਦਾਖਸ਼ਇਣੀ ਨੇ ਹੱਥ ਛੁਡਾ ਲਿਆ। ਅੱਜ ਮਨ ਨਹੀਂ, ਅੱਜ ਵਰਤ ਹੈ...ਕੰਮ ਬਹੁਤ ਹੈ...ਦਿਲ ਠੀਕ ਨਹੀਂ...ਤਬੀਅਤ ਖਰਾਬ ਹੈ...। ਕਾਮਿਲ ਨੂੰ ਮਿਲਦੇ ਹੀ ਪਹਿਲਾ ਸਵਾਲ ਇਹੀ ਕਰਦੀ, "ਤੇਰੇ ਪਿਤਾ ਕਿਸ ਤਰ੍ਹਾਂ ਹਨ ?"



"ਠੀਕ ਹਨ।" ਕਾਮਿਲ ਕਹਿੰਦਾ। ਉਹ ਦਾਖਸ਼ਇਣੀ ਦੀ ਆਵਾਜ਼ ਦੀ ਤਲਖੀ ਮਹਿਸੂਸ ਕਰਦਾ।

"ਤੇ ਉਨ੍ਹਾਂ ਦੀ ਮੂਰਤੀ ?"

"ਬਸ..., ਇੰਝ ਹੀ ਚਲ ਰਹੀ ਹੈ...। ਰਾਤ ਨੂੰ ਇਕ ਬਾਂਹ ਬਣਾਉਂਦੇ ਹਨ, ਅਗਲੇ ਦਿਨ ਤੋੜ ਦੇਂਦੇ ਹਨ।" ਕਾਮਿਲ ਗੱਲ ਖਤਮ ਕਰ ਦੇਂਦਾ। ਕਾਮਿਲ ਨੇ ਹੌਲੀ-ਹੌਲੀ ਦਾਖਸ਼ਇਣੀ ਕੋਲ ਜਾਣਾ ਘੱਟ ਕਰ ਦਿੱਤਾ। ਦਾਖਸ਼ਇਣੀ ਨੇ ਇਸ ਲਈ ਕਦੇ ਉਸ ਨੂੰ ਉਲਾਹਣਾ ਨਾ ਦਿੱਤਾ। ਜ਼ਿਕਰ ਵੀ ਨਾ ਕੀਤਾ। ਕੋਈ ਸ਼ਿਕਾਇਤ ਵੀ ਨਾ ਕੀਤੀ। ਵੈਸੇ ਵੀ ਟਾਈਪਿੰਗ ਤੇ ਸਿਲਾਈ ਸਕੂਲ ਦਾ ਸਾਰਾ ਕੰਮ ਮਾਦਲ ਹੀ ਦੇਖ ਰਿਹਾ ਸੀ। ਹਿਸਾਬ ਵੀ। ਕਾਮਿਲ ਆਪਣੇ ਹਿਸਾਬ ਲਈ ਮਹੀਨੇ ਵਿਚ ਇਕ ਵਾਰ ਜਾਂਦਾ ਸੀ। ਕਈ ਵਾਰ ਉਹ ਵੀ ਮਾਦਲ ਦੇ ਹੱਥ ਹੀ ਹਿਸਾਬ ਭਿਜਵਾ ਦੇਂਦਾ ਸੀ।

ਕਾਮਿਲ ਜਦੋਂ ਦਾਖਸ਼ਇਣੀ ਦੇ ਘਰ ਪਹੁੰਚਿਆ, ਦੁਪਹਿਰ ਹੋ ਰਹੀ ਸੀ। ਦਾਖਸ਼ਇਣੀ ਨਹਾ ਕੇ ਆਈ ਸੀ। ਵਿਹੜੇ ਵਿਚ ਕੱਪੜੇ ਸੁੱਕਣੇ ਪਾ ਰਹੀ ਸੀ। ਉਸ ਦੇ ਮੋਢੇ ਉੱਤੇ ਨਿਚੋੜਿਆ ਹੋਇਆ ਤੌਲੀਆ ਪਿਆ ਸੀ। ਵਾਲਾਂ ਤੋਂ ਪਾਣੀ ਟਪਕ ਰਿਹਾ ਸੀ।

ਦਰਵਾਜ਼ਾ ਖੁੱਲ੍ਹਣ ਤੇ ਮੋਟਰ ਸਾਈਕਲ ਦੀ ਆਵਾਜ਼ ਸੁਣ ਉਹ ਬਾਹਰਲੇ ਕਮਰੇ ਵਿਚ ਆਈ। ਸ਼ੀਸ਼ੇ 'ਚੋਂ ਉਸ ਨੇ ਕਾਮਿਲ ਨੂੰ ਦੇਖ ਲਿਆ। ਕਮਰੇ ਵਿਚ ਆ ਕੇ ਦਰਵਾਜ਼ਾ ਖੋਲ੍ਹਿਆ। ਅੰਦਰ ਆ ਕੇ ਇਕ ਪਾਸੇ ਖੜ੍ਹੀ ਹੋ ਗਈ। ਕਾਮਿਲ ਕਮਰੇ ਵਿਚ ਆਇਆ। ਧੁੱਪੋਂ ਆਉਣ ਕਾਰਣ ਉਸ ਨੂੰ ਕਮਰੇ ਵਿਚ ਹਨ੍ਹੇਰਾ ਦਿੱਸਿਆ। ਕੁਝ ਪਲ ਬਾਅਦ ਉਹ ਦਾਖਸ਼ਇਣੀ ਨੂੰ ਠੀਕ ਤਰ੍ਹਾਂ ਦੇਖ ਸਕਿਆ।

"ਤੇਰੇ ਪਿਤਾ ਕਿੰਝ ਹਨ ?" ਦਾਖਸ਼ਇਣੀ ਨੇ ਪੁੱਛਿਆ।

ਕਾਮਿਲ ਨੇ ਇਕ ਪਲ ਉਸ ਨੂੰ ਤੱਕਿਆ। ਫਿਰ ਬੋਲਿਆ, "ਤੂੰ ਕੰਮ ਖਤਮ ਕਰ ਲੈ, ਫਿਰ ਗੱਲ ਕਰਦੇ ਹਾਂ।"

"ਕੋਈ ਖਾਸ ਗੱਲ ?" ਦਾਖਸ਼ਇਣੀ ਨੇ ਵਾਲਾਂ ਨੂੰ ਝਟਕਦੇ ਹੋਏ ਪੁੱਛਿਆ।

"ਨਹੀਂ...ਐਵੇਂ ਹੀ।"

"ਅੰਦਰ ਚੱਲ ਫਿਰ...ਧੁੱਪ ਵਿਚ ਬੈਠ।" ਦਾਖਸ਼ਇਣੀ ਨੇ ਅੰਦਰ ਜਾਂਦੇ ਹੋਏ ਕਿਹਾ।

ਕਮਰਾ ਬੰਦ ਕਰ ਕਾਮਿਲ ਦਾਖਸ਼ਇਣੀ ਪਿੱਛੇ ਵਿਹੜੇ ਵਿਚ ਆ ਗਿਆ। ਵਿਹੜੇ ਵਿਚ ਧੁੱਪ ਖਿੱਲਰੀ ਹੋਈ ਸੀ। ਕਾਮਿਲ ਤਖ਼ਤ ਤੇ ਬੈਠ ਗਿਆ। ਦਾਖਸ਼ਇਣੀ ਨੇ ਮੋਢੇ ਤੇ ਪਿਆ ਤੌਲੀਆ ਰੱਸੀ ਤੇ ਖਿਲਾਰ ਦਿੱਤਾ।

"ਚਾਹ ਪੀਓਗੇ ?" ਵਾਲਾਂ ਨੂੰ ਦੋਵਾਂ ਹੱਥਾਂ ਵਿਚ ਲਪੇਟ ਉਸ ਨੇ ਜੂੜਾ ਬਣਾਇਆ।

"ਨਹੀਂ।" ਕਾਮਿਲ ਨੇ ਜੇਬ੍ਹ ਵਿਚੋਂ ਹਲਫ਼ਨਾਮਾ ਕੱਢ ਕੇ ਦਾਖਸ਼ਇਣੀ ਵੱਲ ਵਧਾ ਦਿੱਤਾ।

ਜੂੜੇ ਕਾਰਣ ਭਿੱਜ ਗਏ ਹੱਥਾਂ ਨੂੰ ਸਾਫ਼ ਕਰ, ਦਾਖਸ਼ਇਣੀ ਨੇ ਕਾਗਜ਼ ਫੜ੍ਹ ਲਿਆ।

"ਕੀ ਹੈ ?" ਉਸ ਨੇ ਪੁੱਛਿਆ।

ਕਾਮਿਲ ਕੁਝ ਨਾ ਬੋਲਿਆ।

ਉਹ ਚੁੱਪਚਾਪ ਪੜ੍ਹਦੀ ਰਹੀ। ਪੂਰਾ ਪੜ੍ਹ ਲੈਣ ਮਗਰੋਂ ਇਕ ਛਿਣ ਲਈ ਉਸ ਦੇ ਚਿਹਰੇ ਉੱਤੇ ਪਲੱਤਣ ਫੈਲ ਗਈ। ਉਹ ਤਖ਼ਤ ਤੇ ਕਾਮਿਲ ਕੋਲ ਬੈਠ ਗਈ।

"ਸੱਚ ਕੀ ਹੈ ?" ਕਾਮਿਲ ਨੇ ਦਾਖਸ਼ਇਣੀ ਵੱਲ ਮੁੜਦੇ ਹੋਏ ਪੁੱਛਿਆ।

"ਕੁਝ ਨਹੀਂ..., ਇਹ ਇਕ ਗਰੀਬ ਘਰ ਦੀ ਕੁੜੀ ਹੈ। ਪੈਸੇ ਦੀ ਇਸ ਨੂੰ ਹਰ ਵੇਲੇ ਲੋੜ ਰਹਿੰਦੀ ਏ। ਮੇਰੇ ਸਕੂਲੋਂ ਵੀ ਕੱਪੜੇ ਲਿਜਾਂਦੀ ਏ। ਘਰੋਂ ਸੀਂਅ ਕੇ ਲੈ ਲਾਉਂਦੀ ਹੈ। ਮਾਦਲ ਨੂੰ ਉਸ ਨੇ ਕਿਹਾ ਸੀ

ਕਿ, ਉਹ ਦੂਸਰਿਆਂ ਦੇ ਘਰਾਂ ਵਿਚ ਵੀ ਇਹ ਕੰਮ ਕਰਨਾ ਚਾਹੁੰਦੀ ਹੈ। ਚਾਰ ਦਿਨ ਪਹਿਲਾਂ ਮਾਦਲ ਨੇ ਉਸ ਨੂੰ ਰੁਪਿਆ ਦਾ ਲਿਫ਼ਾਫਾ ਦਿੱਤਾ ਸੀ। ਸ਼ਹਿਰ ਹਾਕਿਮ ਦਾ ਘਰ, ਉਸ ਦੇ ਘਰ ਦੇ ਰਸਤੇ 'ਚ ਪੈਂਦਾ ਹੈ। ਉਸ ਨੂੰ ਦੇਣ ਲਈ। ਇਹ ਵੀ ਕਿਹਾ ਸੀ ਕਿ ਗੱਲ ਕਰ ਲਈਂ, ਉੱਥੇ ਤੈਨੂੰ ਸਿਲਾਈ ਦਾ ਕੁਝ ਸਾਮਾਨ ਮਿਲਦਾ ਰਹੇਗਾ। ਉਸ ਨੂੰ ਜਾਣ ਵਿਚ ਥੋੜ੍ਹੀ ਦੇਰ ਹੋ ਗਈ। ਉਹ ਇਹ ਲਿਫ਼ਾਫਾ ਦੇਣ ਉਸ ਦੇ ਘਰ ਗਈ। ਉਹ ਸ਼ਰਾਬ ਪੀ ਰਿਹਾ ਸੀ। ਉਸ ਨੇ ਕੁਝ ਹੋਰ ਸਮਝਿਆ। ਲਿਫ਼ਾਫਾ ਲੈਣ ਮਗਰੋਂ ਇਸ ਦਾ ਹੱਥ ਫੜ ਲਿਆ। ਇਹ ਉੱਥੋਂ ਹੱਥ ਛੁਡਾ ਕੇ ਆ ਗਈ। ਇਸ ਦਾ ਕਹਿਣਾ ਸੀ ਕਿ ਮਾਦਲ ਨੇ ਜਾਣ ਬੁੱਝ ਕੇ ਇਸ ਨੂੰ ਉੱਥੇ ਭੇਜਿਆ ਸੀ। ਮਾਦਲ ਰੁਪਏ ਨਾਲ ਇੱਥੇ ਕੁੜੀਆਂ ਨੂੰ ਇਸੇ ਤਰ੍ਹਾਂ ਭਿਜਵਾਉਂਦਾ ਹੈ। ਬਸ ਐਨੀ ਜਿਹੀ ਗੱਲ ਹੋਈ ਸੀ, ਜਿਸ ਦਾ ਉਸ ਨੇ ਤੂਫ਼ਾਨ ਖੜਾ ਕਰ ਦਿੱਤਾ। ਉਹ ਇੰਝ ਕਿਉਂ ਕਰ ਰਹੀ ਹੈ ? ਪਤਾ ਨਹੀਂ, ਉਹ ਕੀ ਚਾਹੁੰਦੀ ਹੈ।" ਦਾਖਸ਼ਇਣੀ ਹੌਲੀ-ਹੌਲੀ ਬੋਲ ਰਹੀ ਸੀ। ਹੁਣ ਤੱਕ ਉਹ ਸਹਿਜ ਹੋ ਗਈ ਸੀ। ਉਸ ਦੇ ਚਿਹਰੇ ਦੀ ਚਮਕ ਪਹਿਲੇ ਵਾਂਗ ਹੀ ਮੁੜ ਆਈ ਸੀ।

"ਬਸ...ਐਨੀ ਹੀ ਗੱਲ ਹੈ ?" ਕਾਮਿਲ ਨੇ ਪੁੱਛਿਆ।

"ਤੂੰ ਕਹਿਣਾ ਕੀ ਚਾਹੁੰਦਾ ਏਂ ?" ਦਾਖਸ਼ਇਣੀ ਤਮਕ ਕੇ ਤਖ਼ਤ ਤੋਂ ਉੱਠ ਖੜੀ ਹੋਈ।

"ਕੁਝ ਨਹੀਂ।" ਕਾਮਿਲ ਵੀ ਖੜਾ ਹੋ ਗਿਆ।

"ਜੇ ਮਨ ਵਿਚ ਕੋਈ ਸੰਸਾ ਹੋਵੇ ਤਾਂ ਦੱਸ ਦੇ।" ਉਹ ਸਿੱਧੇ ਕਾਮਿਲ ਦੀਆਂ ਅੱਖਾਂ 'ਚ ਦੇਖ ਰਹੀ ਸੀ।

"ਨਹੀਂ।" ਕਾਮਿਲ ਨੇ ਕਾਗਜ਼ ਲੈਣ ਲਈ ਹੱਥ ਵਧਾਇਆ, "ਮੈਂ ਸਭ ਸੰਭਾਲ ਲਵਾਂਗਾ।"

"ਕੋਈ ਲੋੜ ਨਹੀਂ।"

"ਕਿਉਂ ?"

"ਮੈਂ ਆਪਣੀ ਰੱਖਿਆ ਆਪ ਕਰ ਲਵਾਂਗੀ। ਪਰ ਹਾਂ, ਇਹ ਜ਼ਰੂਰ ਦੱਸਦਾ ਜਾ ਕਿ ਸਾਰੇ ਸ਼ਹਿਰ ਵਿਚ ਇਸ ਕੁੜੀ ਨੂੰ ਹਲਫ਼ਨਾਮਾ ਬਣਵਾਉਣ ਲਈ ਇਹੀ ਨੋਟਰੀ ਮਿਲੀ ? ਕਮਲੇਸ਼ ਕੁਮਾਰੀ ਕੌਸ਼ਿਕ ?"

ਕਾਮਿਲ ਅਵਾਕ ਹੋਇਆ ਦਾਖਸ਼ਇਣੀ ਨੂੰ ਦੇਖ ਰਿਹਾ ਸੀ।

"ਤੂੰ ਕੀ ਸਮਝਦਾ ਏਂ। ਮੈਂ ਤੇਰੇ ਕੋਲ ਗਿੜਗਿੜਾਉਣ ਆਵਾਂਗੀ ਕਿ ਮੈਨੂੰ ਬਚਾ ਲੈ। ਤੇ ਬਦਲੇ ਵਿਚ ਤੂੰ ਮੈਨੂੰ ਕਿਸੇ ਗੱਲ ਲਈ ਮਜ਼ਬੂਰ ਕਰ ਲਵੇਂਗਾ ? ਮੈਨੂੰ ਆਪਣੀ ਮੁੱਠੀ ਵਿਚ ਕਰ ਲਵੇਂਗਾ ? ਮੈਂ ਤੇਰੇ ਕਹਿਣ ਤੇ ਨੱਚਣ ਲੱਗਾਂਗੀ ? ਜਾਂ ਤਾਂ ਤੇਰੇ ਨਾਲ ਰਹਿਣ ਲੱਗ ਜਾਵਾਂਗੀ ਜਾਂ ਫਿਰ ਇੱਥੇ ਤੇਰੀ ਰਖੇਲ ਬਣ ਕੇ ਤੇਰਾ ਬਿਸਤਰ ਸਜਾਇਆ ਕਰਾਂਗੀ। ਤੁਸੀਂ ਸਾਰੇ ਮਰਦ ਸਾਲੇ, ਕੁੱਤੇ ਇਕੋ ਜਿਹੇ ਹੁੰਦੇ ਹੋ। ਬਿਲਕੁਲ ਉਸ ਆਦਮੀ ਦੀ ਜਾਤ ਵਰਗੇ ਜੋ ਮੇਰੀ ਮਾਂ ਦਾ ਪਤੀ ਹੈ। ਮੇਰੀ ਮਾਂ ਨੂੰ ਹਰ ਤਰ੍ਹਾਂ ਦਾ ਦੁੱਖ ਦਿੱਤਾ ਉਸ ਨੇ, ਮੇਰੇ ਨਾਲ ਜੋ ਕਦਰਾ ਸੀ, ਉਹ ਵੀ ਜਾਣਦੀ ਹੈ, ਪਰ ਉਸ ਨੇ ਵੀ ਮੈਨੂੰ ਛੱਡਿਆ। ਤੂੰ ਵੀ ਇਹੀ ਚਾਹੁੰਦਾ ਏਂ ਨਾ, ਮੈਂ ਇਹ ਸਭ ਛੱਡ ਕੇ ਤੇਰੇ ਪਿੱਛੇ ਘੁੰਮਾਂ। ਤੇਰੇ ਤੋਂ ਦੇਖਿਆ ਨਹੀਂ ਜਾਂਦਾ ਕਿ ਮੈਂ ਆਪਣੀ ਤਾਕਤ ਤੇ ਜੀਅ ਰਹੀ ਹਾਂ। ਤੈਨੂੰ ਆਪਣਾ ਜਿਸਮ ਦੇਣ ਤੋਂ ਇਨਕਾਰ ਕਰ ਰਹੀ ਹਾਂ। ਤੇਰੇ ਤੋਂ ਇਹ ਦੇਖਿਆ ਨਹੀਂ ਗਿਆ ਕਿ ਮਾਦਲ ਤੇਰੇ ਮੁਕਾਬਲੇ ਤੇ ਖੜ੍ਹਾ ਹੋ ਰਿਹਾ ਹੈ। ਚੰਗਾ ਹੋਇਆ, ਇਹ ਕਾਗਜ਼ ਤੂੰ ਲੈ ਕੇ ਆਇਆ। ਮੈਂ ਵੀ ਦੇਖਣਾ ਚਾਹੁੰਦੀ ਹਾਂ ਕਿ ਉਹ ਤੇਰੇ ਤੋਂ ਆਪਣੀ ਜਾਂ ਮੇਰੀ ਰੱਖਿਆ ਕਰ ਸਕੇਗਾ ਜਾਂ ਨਹੀਂ।" ਦਾਖਸ਼ਇਣੀ ਹਫ਼ਣ ਲੱਗ ਪਈ। ਉਸ ਦਾ ਚਿਹਰਾ ਤਿਲਮਿਲਾਉਣ ਲੱਗ ਪਿਆ। "ਮੈਂ ਉਸੇ ਸਵੇਰ ਤੈਨੂੰ ਚੰਗੀ ਤਰ੍ਹਾਂ ਸਮਝ ਗਈ ਸੀ, ਜਦੋਂ ਤੇਰਾ ਬਾਪ ਤੈਨੂੰ ਲੱਭਦੇ ਹੋਏ ਆਇਆ ਸੀ



ਤੇ ਤੂੰ ਬਗੈਰ ਮੇਰੇ ਨਾਲ ਕੁਝ ਬੋਲੇ, ਬਗੈਰ ਮੇਰੇ ਵੱਲ ਵੇਖੇ, ਚੁੱਪਚਾਪ ਚਲਾ ਗਿਆ ਸੀ। ਮੈਨੂੰ ਯਕੀਨ ਹੀ ਨਾ ਹੋਇਆ। ਮੈਂ ਤੇਰੇ ਨਾਲ ਆਪਣੀ ਸਾਰੀ ਜ਼ਿੰਦਗੀ ਬਿਤਾਉਣ ਲਈ ਬੈਠੀ ਸੀ। ਤੇਰੇ ਸਾਹਮਣੇ ਮਾਂ ਕੁਝ ਘੰਟੇ ਪਹਿਲਾਂ ਮੈਨੂੰ ਛੱਡ ਗਈ ਸੀ। ਇਸ ਲਈ ਦੁਨੀਆਂ ਵਿਚ ਮੈਂ ਇਕੱਲੀ, ਬੇਆਸਰਾ ਸੀ। ਤੇਰੇ ਉੱਤੇ ਅਥਾਹ ਵਿਸ਼ਵਾਸ ਸੀ। ਪਰ ਉਸ ਸਵੇਰ ਮੈਨੂੰ ਤੇਰਾ ਅਸਲੀ ਚਿਹਰਾ ਦਿੱਸਿਆ। ਇਕ ਬੇਹੱਦ ਕਮਜ਼ੋਰ, ਡਰਪੋਕ ਤੇ ਖੁਦਗਰਜ਼ ਇਨਸਾਨ ਦਾ, ਜੋ ਸਾਰੀ ਜ਼ਿੰਦਗੀ ਚੋਰ ਰਸਤਿਆਂ ਤੇ ਘੁੰਮਦੇ ਹੋਏ ਵੱਡਾ ਹੋਇਆ ਹੈ। ਜੋ ਕਿਸੇ ਦੇ ਪਿਆਰ ਦਾ, ਸਮਰਪਣ ਦਾ ਸਨਮਾਨ ਨਹੀਂ ਕਰ ਸਕਦਾ। ਕੋਈ ਜ਼ਿੰਮੇਵਾਰੀ ਨਹੀਂ ਲੈ ਸਕਦਾ। ਤੇ ਤੂੰ ਸੱਚਮੁੱਚ ਉਹ ਨਿਕਲਿਆ ਵੀ, ਜੋ ਮੈਂ ਸੋਚਿਆ ਸੀ। ਇਸ ਔਰਤ ਨਾਲ ਮਿਲ ਕੇ ਜੋ ਤੂੰ ਕਰਨਾ ਚਾਹੁੰਦਾ ਏਂ, ਕਦੇ ਨਹੀਂ ਕਰ ਸਕੇਂਗਾ। ਤੇ ਅੱਜ ਇਹ ਵੀ ਸੁਣਦਾ ਜਾ, ਜੇ ਮੈਂ ਅੰਨ ਦਾ ਇਕ ਵੀ ਦਾਣਾ ਗ੍ਰਹਿਣ ਕੀਤੇ ਬਗੈਰ ਤੈਨੂੰ ਕਹਿ ਰਹੀ ਹਾਂ...ਹੁਣ ਮੈਂ ਤੇਰੇ ਤੋਂ ਨਹੀਂ, ਤੂੰ ਮੇਰੇ ਤੋਂ ਡਰਿਆ ਕਰੇਂਗਾ। ਇਸੇ ਵਿਚ ਤੇਰੀ ਕੁਸ਼ਲਤਾ ਹੈ। ਮੇਰੇ ਇਹ ਲਫਜ਼ ਭੁੱਲੀ ਨਾ।" ਦਾਖਸ਼ਇਣੀ ਨੇ ਹਲਫ਼ਨਾਮੇ ਦਾ ਕਾਗਜ਼ ਕਾਮਿਲ ਦੇ ਮੂੰਹ ਤੇ ਦੇ ਮਾਰਿਆ। ਕਾਗਜ਼ ਹੇਠਾਂ ਡਿੱਗ ਪਿਆ। ਕਾਮਿਲ ਨੇ ਝੁੱਕ ਕੇ ਉਹ ਕਾਗਜ਼ ਚੁੱਕਿਆ ਤੇ ਚੁੱਪਚਾਪ ਬਾਹਰ ਨਿਕਲ ਆਇਆ।

ਉਹ ਕਾਗਜ਼ ਇਕ ਦਿਨ ਪਹਿਲਾ ਹੀ ਵੱਡੇ ਡਾਕਖਾਨੇ ਵਿਚ ਰਜਿਸਟਰੀ ਕੀਤੇ ਗਏ ਸਨ। ਦੋ ਦਿਨਾਂ ਬਾਅਦ ਉਹ ਪੁਲਿਸ ਦਫ਼ਤਰ ਵਿਚ ਪਹੁੰਚੇ। ਉੱਥੇ ਉਸ ਲਿਫ਼ਾਫੇ ਨੂੰ ਕਾਮਿਲ ਨੇ ਕੱਢਵਾ ਲਿਆ ਤੇ ਮੂਨ ਦੇ ਢਾਬੇ ਦੀ ਤੱਪਦੀ ਭੱਠੀ ਵਿਚ ਸੁੱਟ ਦਿੱਤਾ।

ਬਾਰਿਸ਼ ਖਤਮ ਹੋਣ ਤੱਕ ਮੁੰਨੀ ਕੋਲ ਐਨੇ ਰੁਪਏ ਹੋ ਗਏ ਸਨ ਕਿ ਉਹ ਸ਼ਿਵਾਲੇ ਵਿਚ ਪੰਡਤ ਸ਼ਿਵਕੁਮਾਰ ਦੇ ਘਰ ਦੀ ਹਨੇਰੇ ਵਿਚ ਡੁੱਬੀ, ਟਪਕਦੀ ਪਰਛੱਤੀ ਨੂੰ ਛੱਡ ਕੇ ਵੱਖਰਾ ਕਿਰਾਏ ਤੇ ਮਕਾਨ ਲੈ ਸਕੇ।

ਮੁਕੱਦਮਾ ਖਤਮ ਹੋਣ ਬਾਅਦ ਗੰਗੂ ਬਿਲਕੁਲ ਖਾਲੀ ਹੋ ਗਿਆ ਸੀ। ਹੁਣ ਉਹ ਸਵੇਰੇ ਆ ਕੇ ਬਸਤੇ ਦਾ ਤਾਲਾ ਖੋਲ੍ਹਦਾ ਤੇ ਬਾਹਰ ਸਟੂਲ ਤੇ ਬੈਠ ਜਾਂਦਾ। ਇੱਧਰ-ਉੱਧਰ ਖੜ੍ਹੇ ਮੁੰਡੇ ਲੋਹੇ ਦੀ ਅਲਮਾਰੀ 'ਚੋਂ ਟਾਈਪਰਾਈਟਰ ਕੱਢਦੇ। ਮੁੰਨੀ ਆਉਂਦੀ, ਉਦੋਂ ਉਨ੍ਹਾਂ ਨੂੰ ਦੂਸਰੀਆਂ ਚੀਜ਼ਾਂ ਦੇਂਦੀ। ਕਾਮਿਲ ਨੇ ਇਹ ਕੰਮ ਹੁਣ ਮੁੰਨੀ ਉੱਤੇ ਛੱਡ ਦਿੱਤਾ ਸੀ। ਉਹ ਇਕੱਲੀ ਹੀ ਹੁਣ ਇਸ ਸਾਰੇ ਕੰਮ ਨੂੰ ਸੰਭਾਲਣ ਲੱਗ ਪਈ ਸੀ।

ਮਕਾਨ ਛੱਡ ਕੇ ਜਾਣ ਦੀ ਗੱਲ ਜਦੋਂ ਮੁੰਨੀ ਨੇ ਕਹੀ ਤਾਂ ਪੰਡਤ ਸ਼ਿਵਕੁਮਾਰ ਦੇ ਦੋਵੇਂ ਪੁੱਤਰ-ਨੂੰਹਾਂ ਬੜੇ ਖੁਸ਼ ਹੋ ਗਏ। ਥੋੜ੍ਹੀ ਦੇਰ ਲਈ ਉਸ ਦੀ ਸੱਸ ਰੋਈ, ਫਿਰ ਆਪਣੇ ਕੰਮ ਵਿਚ ਲੱਗ ਗਈ। ਇਕ ਸਵੇਰ ਨੂੰ ਸ਼ਿਵਾਲੇ ਦੀ ਸਬਜ਼ੀ ਮੰਡੀ ਵਿਚ ਇਕ ਬਲਦ-ਗੱਡੀ ਖੜ੍ਹੀ ਕੀਤੀ ਗਈ ਤੇ ਉਸ ਵਿਚ ਟੀਨ ਦੇ ਤਿੰਨ ਸੰਦੂਕ, ਚੱਕੀ ਦਾ ਤਖ਼ਤ, ਕੁਝ ਭਾਂਡੇ, ਦੋ ਅਲਮਾਰੀਆਂ ਤੇ ਪੰਜ ਗੰਢਾਂ ਵਿਚ ਆਪਣਾ ਸਾਰਾ ਸਾਮਾਨ ਲੱਦਵਾ ਕੇ ਮੁੰਨੀ ਰਿਕਸ਼ੇ ਤੇ ਬੈਠ ਕੇ ਚਲੀ ਗਈ। ਸਾਈਕਲ ਚਲਾਉਂਦੇ ਹੋਏ ਗੰਗੂ ਗੱਡੇ ਦੇ ਪਿੱਛੇ-ਪਿੱਛੇ ਗਿਆ।

ਲਾਠੀ ਮੁਹਾਲ ਦੀ ਖੁਰਚਣ ਦੀ ਦੁਕਾਨ ਦੀ ਬਗਲ ਵਿਚ ਇਕ ਦੋ ਮੰਜ਼ਿਲਾ ਮਕਾਨ ਖਾਲੀ ਹੋਇਆ ਸੀ। ਮਕਾਨ ਦਾ ਦਰਵਾਜ਼ਾ ਸੌੜੀ ਗਲੀ ਵਿਚ ਸੀ। ਗੱਡੇ ਤੋਂ ਪਹਿਲਾ ਮੁੰਨੀ ਦਾ ਰਿਕਸ਼ਾ ਉੱਥੇ ਆਇਆ। ਮੁੰਨੀ ਨੇ ਆਪਣੇ ਨਾਲ ਕੰਮ ਕਰਨ ਵਾਲੇ ਮੁੰਡਿਆਂ ਨੂੰ ਬੁਲਾ ਲਿਆ ਸੀ। ਗੱਡੇ 'ਚੋਂ ਸਾਰਿਆਂ ਨੇ ਮਿਲ ਕੇ ਬਕਸੇ, ਅਲਮਾਰੀਆਂ ਤੇ ਗੱਠੜੀਆਂ ਅੰਦਰ ਪਹੁੰਚਾ ਦਿੱਤੇ।

ਦੋਵੇਂ ਮੰਜ਼ਿਲਾਂ ਵਿਚ ਮਿਲਾ ਕੇ ਮਕਾਨ ਵਿਚ ਤਿੰਨ ਕਮਰੇ ਸਨ। ਗੰਗੂ ਨੂੰ ਪੌੜੀ ਨਾ ਚੜ੍ਹਨੀ ਪਏ, ਇਸ ਲਈ ਮੁੰਨੀ ਨੇ ਗੰਗੂ ਦਾ ਸਾਮਾਨ ਹੇਠਾਂ ਦੇ ਕਮਰੇ ਵਿਚ ਹੀ ਰੱਖਵਾ ਦਿੱਤਾ। ਉੱਪਰ ਦੇ ਇਕ ਕਮਰੇ ਵਿਚ ਆਪਣਾ ਸਾਮਾਨ ਰਖਵਾਇਆ। ਦੂਜੇ ਕਮਰੇ ਵਿਚ ਪਹਿਲੇ ਤੋਂ ਖਰੀਦ ਕੇ ਰੱਖੀਆਂ ਬੈਂਤ ਦੀਆਂ ਚਾਰ ਕੁਰਸੀਆਂ ਤੇ ਮੇਜ਼ ਰੱਖ ਦਿੱਤੇ ਗਏ। ਇਕ ਵੱਡਾ ਰੇਡੀਓ ਲਿਆਂਦਾ ਗਿਆ। ਕੱਚ ਦੀ ਨਵੀਂ, ਖਰੀਦੀ ਅਲਮਾਰੀ ਵਿਚ ਇਕ ਟੀ-ਸੈੱਟ ਤੇ ਇਕ ਲੈਮਨ ਸੈੱਟ ਲੈ ਕੇ ਲਗਾ ਦਿੱਤਾ ਗਿਆ। ਇਸ ਕਮਰੇ ਨੂੰ ਮੁੰਨੀ ਨੇ ਆਪਣਾ ਡਰਾਇੰਗ-ਰੂਮ ਕਿਹਾ। ਉਨ੍ਹਾਂ ਦੋਵਾਂ ਕਮਰਿਆਂ ਕੋਲ ਇਕ ਛੋਟੀ ਜਿਹੀ ਰਸੋਈ ਸੀ। ਇਕ ਗੁਸਲਖਾਨਾ ਉੱਪਰ ਤੇ ਹੇਠਾਂ ਵੀ ਸੀ।

ਗੰਗੂ ਪੌੜੀਆਂ ਤੇ ਬੈਠ-ਬੈਠ ਕੇ ਹੀ ਉੱਪਰ ਜਾ ਸਕਦਾ ਸੀ। ਸ਼ੁਰੂ-ਸ਼ੁਰੂ ਵਿਚ ਤਾਂ ਉਹ ਇਕ-ਦੋ ਵਾਰ ਉੱਪਰ ਗਿਆ ਵੀ, ਫਿਰ ਉਸ ਨੇ ਉੱਪਰ ਜਾਣਾ ਛੱਡ ਹੀ ਦਿੱਤਾ। ਉਸ ਦੀ ਰੋਟੀ ਮੁੰਨੀ ਹੇਠਾਂ ਹੀ ਲੈ ਆਉਂਦੀ। ਕਦੇ ਨਾਲ ਖਾਂਦੀ, ਕਦੇ ਨਹੀਂ। ਗੰਗੂ ਹੁਣ ਜ਼ਿਆਦਾਤਰ ਆਪਣੇ ਕਮਰੇ ਵਿਚ ਹੀ ਰਹਿਣ ਲੱਗ ਪਿਆ ਸੀ। ਹੁਣ ਉਹ ਜ਼ਿਆਦਾਤਰ ਧਰਮਸਥਲ ਵੀ ਨਹੀਂ ਜਾਂਦਾ ਸੀ। ਮੁੰਨੀ ਨੇ ਉਸ ਦੀ ਸਾਈਕਲ ਪਿੱਛੇ ਕੈਰੀਅਰ ਤੇ ਬੈਠਣਾ ਛੱਡ ਦਿੱਤਾ ਸੀ। ਗੰਗੂ ਦੇ ਕਮਰੇ ਵਿਚ ਖਿੜਕੀ ਸੀ, ਜਿਸ ਤੋਂ ਆਸਮਾਨ ਦਾ ਇਕ ਟੋਟਾ ਦਿੱਸਦਾ ਸੀ। ਉਸ ਵਿਚ ਪਤੰਗਾਂ, ਪਰਿੰਦੇ ਅਤੇ ਨਿੰਮ ਦੀਆਂ ਕੁਝ ਨਿਮੋਲੀਆਂ ਨਜ਼ਰ ਆਉਂਦੀਆਂ ਸਨ। ਚੰਨ ਵੀਹ ਦਿਨ ਉੱਥੋਂ ਹੀ ਉੱਗਦਾ ਸੀ। ਸੂਰਜ ਡੁੱਬਣ ਤੇ ਉਹ ਟੁਕੜਾ ਰੰਗ ਬਦਲਦੇ ਹੋਏ ਕਾਲਾ ਹੁੰਦਾ ਸੀ। ਆਪਣੀ ਮੰਜੀ ਤੇ ਪਿਆ ਗੰਗੂ ਆਸਮਾਨ ਦੇ ਇਸ ਟੁੱਕੜੇ ਨੂੰ ਦੇਖਦਾ ਰਹਿੰਦਾ। ਕੁਝ ਦਿਨਾਂ ਵਿਚ ਉਹ ਉਨ੍ਹਾਂ ਸਾਰਿਆਂ ਦਾ ਇੰਤਜ਼ਾਰ ਕਰਨ ਲੱਗਾ। ਫਿਰ ਉਸ ਨੇ ਉਨ੍ਹਾਂ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕੁਝ ਹੀ ਦਿਨਾਂ ਵਿਚ ਉਹ ਸਾਰੇ ਇਸ਼ਾਰਿਆਂ ਨਾਲ ਗੰਗੂ ਨੂੰ ਆਪਣੇ ਕੋਲ ਬੁਲਾਉਣ ਲੱਗ ਪਏ। ਗੰਗੂ ਵੀ ਇਸ਼ਾਰੇ ਕਰਦੇ ਹੋਏ ਉਨ੍ਹਾਂ ਨੂੰ ਬੁਲਾਉਣ ਲੱਗਾ।

ਗੰਗੂ ਨੇ ਬਾਹਰ ਨਿਕਲਣਾ ਬਿਲਕੁਲ ਘੱਟ ਕਰ ਦਿੱਤਾ। ਉਸ ਦੀ ਸਾਈਕਲ ਹੁਣ ਕਮਰੇ ਵਿਚ ਛੋਟੇ ਜਿਹੇ ਬਰਾਮਦੇ ਵਿਚ ਦੀਵਾਰ ਨਾਲ ਲੱਗੀ ਖੜ੍ਹੀ ਰਹਿੰਦੀ। ਕੁਝ ਦਿਨਾਂ ਬਾਅਦ ਸਾਈਕਲ ਦੇ ਪਹੀਆਂ ਵਿਚ ਹਵਾ ਘੱਟ ਰਹਿਣ ਲੱਗ ਪਈ। ਉਸ ਦੇ ਰਿਮ ਅਤੇ ਕੈਂਚੀ ਉੱਤੇ ਧੂੜ ਜੰਮਣ ਲੱਗੀ, ਫਿਰ ਉਸ ਉੱਤੇ ਮਰੇ ਹੋਏ ਮੱਛਰ ਅਤੇ ਜਾਲਾ ਬਣਾਉਂਦੀ ਮੱਕੜੀ ਚਿਪਕਣ ਲੱਗੇ।

ਕਾਮਿਲ ਅਕਸਰ ਘਰ ਆਉਂਦਾ। ਗੰਗੂ ਕੋਲ ਹੀ ਬੈਠਦਾ ਉਹ। ਪੁਰਾਣੇ ਦਿਨਾਂ ਦੀਆਂ ਗੱਲਾਂ ਕਰਦਾ। ਧਰਮਸਥਲ ਬਾਰੇ ਦੱਸਦਾ। ਮੁੰਨੀ ਦੇ ਵਧਦੇ ਕੰਮ ਬਾਰੇ ਦੱਸਦਾ। ਮੁੰਨੀ ਨੇ ਪਾਸਪੋਰਟ ਬਣਵਾਉਣ, ਨਗਰ ਪਾਲਿਕਾ ਵਿਚ ਦਾਖਿਲ-ਖਾਰਿਜ ਕਰਵਾਉਣ ਦੇ ਕੰਮ ਵੀ ਸ਼ੁਰੂ ਕਰ ਦਿੱਤੇ ਸਨ। ਗੰਗੂ ਕੁਝ ਦੇਰ ਮੁਸਕਰਾਉਂਦੇ ਹੋਏ ਕਾਮਿਲ ਦੀਆਂ ਸੁਣਦਾ, ਫਿਰ ਖਿੜਕੀ ਦੇ ਬਾਹਰ ਆਪਣੇ ਦੋਸਤਾਂ ਨਾਲ ਗੱਲਾਂ ਕਰਨ ਲੱਗਦਾ। ਮੁੰਨੀ ਉੱਦੋਂ ਤੱਕ ਚਾਹ ਲਈ ਕਾਮਿਲ ਨੂੰ ਉੱਪਰ ਬੁਲਾ ਲੈਂਦੀ। ਕਾਮਿਲ ਇਕ ਵਾਰ ਗੰਗੂ ਨੂੰ, ਆਕਾਸ਼ ਦੇ ਉਸ ਟੁਕੜੇ ਵੱਲ ਦੇਖਦੇ ਹੋਏ, ਫਿਰ ਉੱਪਰ ਚਲਾ ਗਿਆ।

ਮੁੰਨੀ ਹੁਣ ਅਕਸਰ ਧਰਮਸਥਲ ਤੋਂ ਕਾਮਿਲ ਦੇ ਮੋਟਰ ਸਾਈਕਲ ਤੇ ਹੀ ਮੁੜਨ ਲੱਗ ਪਈ ਸੀ।

ਇਕ ਸ਼ਾਮ ਉਹ ਦੋਵੇਂ ਮੁੜੇ ਤਾਂ ਗੰਗੂ ਨਜ਼ਰ ਨਾ ਆਇਆ। ਦਰਵਾਜ਼ਾ ਖੁੱਲ੍ਹਾ ਸੀ। ਮੁੰਨੀ ਨੇ ਉੱਪਰ ਵੀ ਜਾ ਕੇ ਦੇਖ ਲਿਆ। ਉੱਪਰ ਵੀ ਗੰਗੂ ਨਹੀਂ ਸੀ। ਮੁੰਨੀ ਨੇ ਉੱਦੋਂ ਧਿਆਨ ਦਿੱਤਾ ਕਿ ਉਸ ਦੀ ਸਾਈਕਲ ਨਹੀਂ ਹੈ। ਕਾਮਿਲ ਬਾਹਰ ਖੁਰਚਣ ਵਾਲੇ ਦੀ ਦੁਕਾਨ ਤੇ ਗਿਆ। ਆਸ-ਪਾਸ ਦੇਖਿਆ, ਫਿਰ ਮੁੜ ਆਇਆ ਗੰਗੂ ਕੁਝ ਲਿਖ ਕੇ ਵੀ ਨਹੀਂ ਗਿਆ ਸੀ।

ਹਨ੍ਹੇਰਾ ਹੋਣ ਲੱਗ ਪਿਆ ਸੀ। ਮੁੰਨੀ ਨੇ ਉਸ ਦੇ ਕਮਰੇ ਦੀ ਬੱਤੀ ਜਗਾਈ। ਰੋਸ਼ਨੀ ਹੋਣ ਤੇ ਸਾਹਮਣੇ ਵਾਲੇ ਮਕਾਨ ਦੀ ਖਿੜਕੀ 'ਚੋਂ ਇਕ ਛੋਟੇ ਜਿਹੇ ਮੁੰਡੇ ਨੇ ਬਾਹਰ ਤੱਕਿਆ, ਫਿਰ ਅੰਦਰ ਹੋ



ਗਿਆ। ਕੁਝ ਹੀ ਦੇਰ ਵਿਚ ਉਹ ਭੱਜਦੇ ਹੋਏ ਮੁੰਨੀ ਕੋਲ ਆਇਆ। ਉਸ ਨੇ ਮੁੰਨੀ ਨੂੰ ਦੱਸਿਆ ਕਿ ਜਦੋਂ ਗੰਗੂ ਸਾਈਕਲ ਤੇ ਜਾ ਰਿਹਾ ਸੀ ਤਾਂ ਉਹ ਹੇਠਾਂ ਹੀ ਖੜ੍ਹਾ ਸੀ। ਗੰਗੂ ਨੇ ਕਿਹਾ ਕਿ, ਜਦੋਂ ਮੁੰਨੀ ਆਏ ਤਾਂ ਉਸ ਨੂੰ ਦੱਸ ਦੇਵੇ ਕਿ ਉਹ ਆਪਣੇ ਦੋਸਤਾਂ ਨਾਲ ਭਾਰਤ-ਭ੍ਰਮਣ ਲਈ ਜਾ ਰਿਹਾ ਹੈ।

"ਕਿਹੜੇ ਦੋਸਤ ?" ਮੁੰਨੀ ਨੇ ਪੁੱਛਿਆ।

"ਪਤਾ ਨਹੀਂ।" ਮੁੰਡਾ ਵਾਪਸ ਭੱਜ ਗਿਆ। ਮੁੰਨੀ, ਗੰਗੂ ਦੀ ਮੰਜੀ ਉੱਤੇ ਧੜੰਮ ਕਰਕੇ ਬੈਠ ਗਈ। ਕੁਝ ਦੇਰ ਵਿਚ ਉਹ ਜ਼ਾਰ-ਜ਼ਾਰ ਰੋਣ ਲੱਗ ਪਈ। ਕਾਮਿਲ ਕੁਝ ਦੇਰ ਚੁੱਪਚਾਪ ਉਸ ਨੂੰ ਰੋਂਦੇ ਹੋਏ ਦੇਖਦਾ ਰਿਹਾ, ਫਿਰ ਉਸ ਨੇ ਮੁੰਨੀ ਦਾ ਹੱਥ ਫੜ ਕੇ ਉਸ ਨੂੰ ਉਠਾਇਆ।

"ਉੱਪਰ ਚਲੋ।" ਉਸ ਨੇ ਮੁੰਨੀ ਨੂੰ ਕਿਹਾ।

ਮੁੰਨੀ ਨੇ ਹੰਝੂ ਪੂੰਝੇ। ਗੰਗੂ ਦੇ ਕਮਰੇ ਤੋਂ ਬਾਹਰ ਨਿਕਲ ਉਸ ਨੇ ਕਮਰੇ ਦੀ ਕੁੰਡੀ ਬਾਹਰੋਂ ਬੰਦ ਕਰ ਦਿੱਤੀ। ਘਰ ਦਾ ਬਾਹਰਲਾ ਦਰਵਾਜ਼ਾ ਵੀ ਬੰਦ ਕਰ ਦਿੱਤਾ।

ਕਾਮਿਲ ਅਤੇ ਮੁੰਨੀ ਉੱਪਰ ਚਲੇ ਗਏ। ਆਪਣੇ ਕਮਰੇ ਵਿਚ ਜਾ ਕੇ ਮੁੰਨੀ ਫਿਰ ਰੋਣ ਲੱਗ ਪਈ। ਕਾਮਿਲ ਨੇ ਉਸ ਨੂੰ ਤਸੱਲੀ ਦੇਣ ਲਈ, ਆਪਣੇ ਸੀਨੇ ਨਾਲ ਲਗਾ ਲਿਆ, ਮੁੰਨੀ ਉਸ ਦੇ ਸੀਨੇ ਨਾਲ ਲੱਗੀ ਵੀ ਰੋਈ ਜਾ ਰਹੀ ਸੀ। ਉਹ ਐਨਾ ਰੋਈ ਕਿ ਉਸ ਰਾਤ ਉਸ ਦੇ ਮਨ-ਤਨ ਦੋਵਾਂ ਦੇ ਬੰਨ੍ਹ ਟੁੱਟ ਗਏ।

ਧਰਮਸਥਲ ਵਿਚ ਕਾਮਿਲ ਤੇ ਮਾਦਲ ਦੀ ਹੁਣ ਮੁਲਾਕਾਤ ਨਹੀਂ ਹੁੰਦੀ ਸੀ। ਕਾਮਿਲ ਨੇ ਆਪਣੇ ਬੈਠਣ ਦੀ ਕੋਈ ਨਿਸ਼ਚਿਤ ਥਾਂ ਨਹੀਂ ਬਣਾਈ ਸੀ। ਉਹ ਧਰਮਸਥਲ ਦੇ ਬਿਲਕੁਲ ਦੂਜੇ ਪਾਸੇ, ਜੇਲ੍ਹ ਦੇ ਸਾਹਮਣੇ ਮੂਨ ਦੇ ਢਾਬੇ ਵਿਚ ਬੈਠਦਾ ਜਾਂ ਬਾਰ ਐਸੋਸੀਏਸ਼ਨ ਵਿਚ ਜਾਂ ਫਿਰ ਬੰਮ ਪੁਲਿਸ ਦੇ ਬਗਲ ਵਾਲੀ ਹਵਾਲਾਤ ਦੇ ਸਾਹਮਣੇ ਨਿੰਮ ਹੇਠਾਂ। ਮਾਦਲ ਬਾਬੂ ਆਨੰਦ ਸਰੂਪ ਦੇ ਪੁਰਾਣੇ ਕਮਰੇ ਵੱਲ ਹੀ ਬੈਠਦਾ ਸੀ। ਕਾਮਿਲ ਨੇ ਟਾਈਪਿੰਗ ਦਾ ਕੰਮ ਪੂਰੀ ਤਰ੍ਹਾਂ ਛੱਡ ਦਿੱਤਾ ਸੀ। ਉਹ ਕੰਮ ਹੁਣ ਮਾਦਲ ਇਕੱਲਾ ਹੀ ਦੇਖਦਾ ਸੀ। ਕੈਦੀਆਂ ਦੇ ਰੁਪਿਆਂ ਅਤੇ ਖਾਤਿਆਂ ਦਾ ਹਿਸਾਬ-ਕਿਤਾਬ ਕਰਨ ਲਈ ਕਾਮਿਲ ਮੂਨ ਦੇ ਢਾਬੇ ਤੋਂ ਕਿਸੇ ਮੁੰਡੇ ਨੂੰ ਭੇਜ ਕੇ ਮਾਦਲ ਨੂੰ ਮਹੀਨੇ ਦੇ ਆਰੰਭ ਵਿਚ ਹੀ ਕਦੇ-ਕਦੇ ਬੁਲਾ ਲੈਂਦਾ ਸੀ। ਮਾਦਲ ਛੇਤੀ ਹੀ ਆ ਜਾਂਦਾ। ਕਾਮਿਲ ਸਾਹਮਣੇ ਉਹ ਸਨਮਾਨ ਨਾਲ ਖੜ੍ਹਾ ਰਹਿੰਦਾ। ਉਸ ਨੇ ਕਦੇ ਬੈਠਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਕਾਮਿਲ ਨੇ ਵੀ ਕਦੇ ਉਸ ਨੂੰ ਨਹੀਂ ਕਿਹਾ। ਉਹ ਆਉਂਦਾ ਤਾਂ ਕਾਮਿਲ ਪਹਿਲਾਂ ਤੋਂ ਤਿਆਰ ਰੱਖੇ ਰੁਪਿਆਂ ਦੀ ਗੱਡੀ ਅਤੇ ਹਿਸਾਬ-ਕਿਤਾਬ ਦਾ ਕਾਗਜ਼ ਉਸ ਨੂੰ ਦੇਂਦੇ ਹੋਏ ਸਿਰਫ਼ ਇਕੋ ਹੀ ਵਾਕ ਬੋਲਦਾ,

"ਕੁਝ ਸਮਝਣਾ ਜਾਂ ਪੁੱਛਣਾ ਹੋਵੇ ਤਾਂ ਪੁੱਛ ਲਵੀਂ।"

ਮਾਦਲ ਸਿਰ ਹਿਲਾ ਕੇ ਰੁਪਏ ਤੇ ਕਾਗਜ਼ ਲੈ ਲੈਂਦਾ। ਕਦੇ ਪਲਟ ਕੇ ਮਾਦਲ ਨੇ ਕਾਮਿਲ ਤੋਂ ਕੁਝ ਨਹੀਂ ਪੁੱਛਿਆ ਸੀ।

ਦਾਖਸ਼ਇਣੀ ਨੂੰ ਕਾਮਿਲ ਉਸ ਦਿਨ ਤੋਂ ਬਾਅਦ ਨਹੀਂ ਮਿਲਿਆ ਸੀ। ਕਰਜ਼ ਉੱਤੇ ਰੁਪਏ ਦੇਣ ਦੇ ਕੰਮ ਵਿਚ ਇਸ ਗੱਲੋਂ ਕਦੇ ਕੋਈ ਰੁਕਾਵਟ ਨਹੀਂ ਆਈ ਸੀ। ਨਾ ਦਾਖਸ਼ਇਣੀ ਨੇ ਕੁਝ ਕਿਹਾ ਨਾ ਕਾਮਿਲ ਨੇ। ਕਾਮਿਲ ਨੂੰ ਇਹ ਵੀ ਅੰਦਾਜ਼ਾ ਨਹੀਂ ਸੀ ਕਿ ਮਾਦਲ ਇਸ ਬਾਰੇ ਵਿਚ ਕਿੰਨਾ ਤੇ ਕੀ ਜਾਣਦਾ ਹੈ। ਧਰਮਸਥਲ ਵਿਚ ਹੁਣ ਕਾਮਿਲ ਇਕ ਬਹੁਤ ਵੱਡੀ ਤਾਕਤ ਸੀ। ਇਸ ਤਾਕਤ ਨੂੰ ਦਾਖਸ਼ਇਣੀ ਨਾ ਵੀ ਸਮਝਦੀ ਹੋਵੇ, ਪਰ ਉੱਥੇ ਬੈਠਣ ਵਾਲਾ ਮਾਦਲ ਸਮਝਦਾ ਸੀ। ਚਾਰ ਜੱਜ ਅਜਿਹੇ ਸਨ, ਜਿਨ੍ਹਾਂ ਦੇ ਚੈਂਬਰ ਵਿਚ ਕਾਮਿਲ ਜਦੋਂ ਚਾਹੇ ਜਾ ਸਕਦਾ ਸੀ। ਧਰਮਸਥਲ ਵਿਚ ਸਾਰੇ ਜਾਣਦੇ ਸਨ ਕਿ ਉਨ੍ਹਾਂ ਜੱਜਾਂ ਦੀ ਅਦਾਲਤ ਵਿਚ ਚੱਲਣ ਵਾਲੇ ਫ਼ੈਸਲੇ ਕਾਮਿਲ ਲਿਖਵਾਉਂਦਾ ਹੈ। ਉਨ੍ਹਾਂ ਮੁਕੱਦਮਿਆਂ

ਨਾਲ ਜੁੜੇ ਦੋਵੇਂ ਪੱਖ ਕਾਮਿਲ ਨੂੰ ਆਪਣੇ ਵੱਲ ਕਰਨ ਦੀ ਕੋਸ਼ਿਸ਼ ਕਰਦੇ ਸਨ। ਕਿਸ ਪੱਖ ਦਾ ਸਾਥ ਦੇਣਾ ਹੈ, ਇਹ ਕਾਮਿਲ ਆਪ ਤੈਅ ਕਰਦਾ ਸੀ।

ਸ਼ੰਕਰਿਆ ਦੇ ਗਿਰੋਹ ਦਾ ਧਰਮਸਥਲ ਵਾਲਾ ਪੂਰਾ ਕੰਮ ਹੁਣ ਕਾਮਿਲ ਦੇਖਦਾ ਸੀ। ਜੇਲ੍ਹ ਵਿਚ ਸ਼ਜਾ ਕੱਟਣ ਵਾਲੇ ਮੁੰਡਿਆਂ ਦੇ ਆਰਾਮ ਦਾ ਖਿਆਲ ਰੱਖਦਾ ਸੀ। ਪੇਸ਼ੀ ਵਿਚ ਆਉਣ ਵਾਲਿਆਂ ਨੂੰ ਸਾਰੀਆਂ ਸੁਵਿਧਾਵਾਂ ਦੇਂਦਾ ਸੀ। ਹਸਪਤਾਲ ਵਿਚ ਜੋ ਭਰਤੀ ਕੀਤੇ ਜਾਂਦੇ, ਉੱਥੋਂ ਦੀ ਦੇਖਭਾਲ ਵੀ ਕਰ ਲੈਂਦਾ ਸੀ।

ਸ਼ੰਕਰਿਆ ਨੇ ਕੰਮ ਵਧਾ ਲਿਆ ਸੀ। ਉਸ ਦੇ ਮੁੰਡੇ ਹੁਣ ਸ਼ਹਿਰ ਤੋਂ ਬਾਹਰ ਵੀ ਹੱਥ ਮਾਰਨ ਲੱਗ ਪਏ ਸਨ। ਸ਼ੰਕਰਿਆ ਨੇ ਕਈ ਜ਼ਿਲ੍ਹਿਆਂ ਵਿਚ ਹੱਤਿਆ, ਸਰਕਾਰੀ ਨੀਲਾਮੀ ਅਤੇ ਦੇਸੀ ਸ਼ਰਾਬ ਦਾ ਜਾਲ ਫੈਲਾ ਲਿਆ ਸੀ। ਇਹ ਮੁੰਡੇ ਕਈ ਵਾਰ ਦੂਸਰੇ ਜਿਲ੍ਹਿਆਂ ਵਿਚ ਪਕੜੇ ਜਾਂਦੇ। ਉੱਥੋਂ ਦੀਆਂ ਜੇਲ੍ਹਾਂ ਵਿਚ ਬੰਦ ਹੁੰਦੇ। ਕਾਮਿਲ ਦੂਸਰੇ ਜਿਲ੍ਹਿਆਂ ਦਾ ਕੰਮ ਵੀ ਦੇਖਦਾ ਸੀ। ਉਨ੍ਹਾਂ ਮੁੰਡਿਆਂ ਦੀ ਪੇਸ਼ੀ ਸ਼ਹਿਰ ਦੇ ਮੁਕੱਦਮਿਆਂ ਵਿਚ ਵੀ ਹੁੰਦੀ। ਉਨ੍ਹਾਂ ਨੂੰ ਦੂਸਰੇ ਸ਼ਹਿਰ, ਕਸਬਿਆਂ ਤੋਂ ਇੱਥੇ ਰੇਲ ਵਿਚ ਲਿਆਇਆ ਜਾਂਦਾ। ਕਾਮਿਲ ਉਦੋਂ ਇਸ ਗੱਲ ਦਾ ਬੰਦੋਬਸਤ ਕਰਦਾ ਸੀ ਕਿ ਉਨ੍ਹਾਂ ਦੀ ਪੇਸ਼ੀ ਦਾ ਸਮਾਂ ਅਜਿਹਾ ਹੋਵੇ ਕਿ ਉਸ ਮੁਜ਼ਰਿਮ ਨੂੰ ਵਾਪਸੀ ਦੀ ਗੱਡੀ ਨਾ ਮਿਲ ਸਕੇ ਅਤੇ ਉਸ ਨੂੰ ਥਾਣੇ ਵਿਚ ਹੀ ਰੁੱਕਣਾ ਪਵੇ। ਇੰਝ ਹੋਣ ਤੇ ਮੁਜਰਿਮ ਦੀ ਰਵਾਨਗੀ ਦਿਖਾ ਕੇ ਉਨ੍ਹਾਂ ਨੂੰ ਥਾਣੇ ਵਿਚ ਬੰਦ ਦਿਖਾਇਆ ਜਾਂਦਾ। ਉੱਥੇ ਕਾਮਿਲ ਉਸ ਨੂੰ ਕੁਝ ਘੰਟਿਆਂ ਵਿਚ ਘਰ ਜਾਣ ਦਾ ਮੌਕਾ ਦਿਵਾ ਦੇਂਦਾ। ਉਹ ਆਪਣੇ ਮਾਂ-ਬਾਪ, ਬੀਵੀ ਜਾਂ ਬੱਚਿਆਂ ਨੂੰ ਮਿਲ ਲੈਂਦਾ। ਸ਼ੰਕਰਿਆ ਨੇ ਕਾਮਿਲ ਨੂੰ ਜ਼ਬਾਨ ਦਿੱਤੀ ਸੀ ਕਿ ਕੋਈ ਵੀ ਮੁੰਡਾ ਤੈਅ ਸਮੇਂ ਤੋਂ ਦੇਰ ਨਹੀਂ ਕਰੇਗਾ। ਸ਼ੰਕਰਿਆ ਦੀ ਜ਼ਬਾਨ ਦੀ ਇੱਜ਼ਤ ਅਪਰਾਧ ਜਗਤ ਵਿਚ ਸੀ। ਅਪਰਾਧ ਜਗਤ ਵਿਚ ਮਸ਼ਹੂਰ ਹੋ ਗਿਆ ਸੀ ਕਿ ਉਸ ਦੇ ਮੁੰਡਿਆਂ ਨੂੰ ਪੁਲਿਸ ਨਹੀਂ ਮਾਰਦੀ ਸੀ। ਉਨ੍ਹਾਂ ਨੂੰ ਜੇਲ੍ਹ ਵਿਚ ਕੋਈ ਤਕਲੀਫ਼ ਨਹੀਂ ਹੁੰਦੀ। ਜ਼ਿਆਦਾਤਰ ਦੀਆਂ ਜ਼ਮਾਨਤਾਂ ਹੋ ਜਾਂਦੀਆਂ ਹਨ। ਸ਼ੰਕਰਿਆ ਨਾਲ ਹੁਣ ਕਾਮਿਲ ਦਾ ਨਾਂ ਵੀ ਘੁੰਮਣ ਲੱਗ ਪਿਆ ਸੀ। ਸ਼ੰਕਰਿਆ ਤੋਂ ਤ੍ਰਸਤ ਲੋਕ ਪਰਿਚੈ ਲੱਭ ਕੇ ਕਾਮਿਲ ਕੋਲ ਉਸ ਤੋਂ ਮੁਕਤੀ ਦੀ ਬੇਨਤੀ ਕਰਦੇ। ਕਦੇ ਕਾਮਿਲ, ਸ਼ੰਕਰਿਆ ਅਤੇ ਦੂਸਰੇ ਪੱਖ ਵਿਚਕਾਰ ਸਮਝੌਤਾ ਵੀ ਕਰਵਾ ਦੇਂਦਾ। ਅਪਰਾਧ ਜਗਤ ਦਾ ਇਹ ਮੂਲ ਸਿਧਾਂਤ ਕਾਮਿਲ ਭੁੱਲ ਗਿਆ ਸੀ ਕਿ ਕਦੇ ਕਿਸੇ ਆਦਮੀ ਨੂੰ, ਕਿੱਧਰੇ ਵੀ ਬਹੁਤਾ ਨਜ਼ਰ ਨਹੀਂ ਆਉਣਾ ਚਾਹੀਦਾ। ਜ਼ਿਆਦਾ ਦਿੱਸਣ ਨਾਲ ਉਹ ਬਹੁਤ ਸਾਰੀਆਂ ਅੱਖਾਂ 'ਚ ਖਟਕਣ ਲੱਗਦਾ ਹੈ। ਅੱਖ ਦੀ ਇਹ ਕਿਰਕਿਰੀ ਕੋਈ ਵੀ ਪ੍ਰਸ਼ਾਸ਼ਨ, ਮੁਕਾਬਲੇ ਦਾ ਦੂਜਾ ਗਿਰੋਹ, ਉਸੇ ਗਿਰੋਹ ਦੇ ਹੇਠਲੇ ਮਹੱਤਵਾਂਕਾਂਖੀ ਲੋਕ, ਰਾਜਨੇਤਾ ਅਤੇ ਉਸ ਤੋਂ ਅਪਮਾਨਿਤ ਹੋਇਆ ਆਦਮੀ, ਬਹੁਤੇ ਦਿਨ ਬਰਦਾਸ਼ਤ ਨਹੀਂ ਕਰ ਸਕਦੇ।

ਜੇਲ੍ਹ, ਪੁਲਿਸ, ਥਾਣਾ, ਚੌਕੀਆਂ, ਜੱਜ, ਵਕੀਲ, ਪੇਸ਼ਕਾਰ, ਮੁਨਸ਼ੀ, ਅਪਰਾਧੀਆਂ ਦੇ ਸਾਰੇ ਇਕ ਜਗਤ ਅਤੇ ਚੱਕਰ ਵਿਚਕਾਰ ਘੁੰਮਦੇ ਹੋਏ ਕਾਮਿਲ ਦਾ ਕਦ ਸ਼ੰਕਰਿਆ ਨਾਲੋਂ ਵੱਡਾ ਹੁੰਦਾ ਜਾ ਰਿਹਾ ਸੀ। ਕਾਮਿਲ ਧਰਮਸਥਲ ਅੰਦਰ ਇਕ ਦੂਜਾ ਧਰਮਸਥਲ ਬਣਦਾ ਜਾ ਰਿਹਾ ਸੀ। ਕਾਮਿਲ ਨੇ ਨੀਲਾਮੀ ਵਿਚ ਮਿਲਟਰੀ ਦੀ ਇਕ ਛੋਟੀ ਜਿਹੀ ਜੀਪ ਖਰੀਦ ਲਈ ਸੀ। ਹੁਣ ਉਹ ਉਸ ਉੱਤੇ ਜਾਣ ਲੱਗਾ ਸੀ। ਕੁਝ ਹੀ ਦਿਨਾਂ ਬਾਅਦ ਲੋਕਾਂ ਨੇ ਦੇਖਿਆ ਕਿ ਉਸ ਉੱਤੇ ਕੋਈ ਨੰਬਰ ਪਲੇਟ ਨਹੀਂ ਸੀ। ਸਿਰਫ਼ ਕਾਮਿਲ ਦਾ ਨਾਂ ਲਿਖਿਆ ਹੋਇਆ ਸੀ।

"ਇਹ ਅੰਤਰਆਤਮਾ ਕੀ ਹੁੰਦੀ ਹੈ ਬਿਜਨ ? ਕਿੱਥੇ ਰਹਿੰਦੀ ਹੈ ? ਕਿੰਝ ਹੁੰਦੀ ਹੈ ? ਕਿਸੇ ਨੇ ਦੇਖੀ ਹੈ ਕਦੇ ? ਕੀ ਤੂੰ ? ਕੀ ਸਾਰਿਆਂ ਅੰਦਰ ਹੁੰਦੀ ਹੈ ? ਕੀ ਜਾਨਵਰਾਂ ਵਿਚ ਵੀ ਹੁੰਦੀ ਹੈ ? ਨਹੀਂ ਨਾ।



ਜਾਨਵਰਾਂ ਵਿਚ ਕੋਈ ਅੰਤਰਆਤਮਾ ਨਹੀਂ ਹੁੰਦੀ। ਸ਼ਾਇਦ ਇਸ ਲਈ ਉਹ ਨਿਰਵਿਘਨ, ਸੁਖੀ ਜੀਵਨ ਜੀਉਂਦੇ ਹਨ...ਕਿਸੇ ਵੀ ਸੰਸੇ, ਕਿਸੇ ਦੁਬਿਧਾ ਤੋਂ ਪਰ੍ਹੇ। ਨਾ ਹੱਤਿਆ ਕਰਨ ਵਿਚ, ਨਾ ਆਪਣੇ ਹੱਤਿਆਰੇ ਨੂੰ ਪਹਿਚਾਨਣ ਵਿਚ ਤੇ ਉਹ ਸਾਰੇ ਲੱਖਾਂ-ਕਰੋੜਾਂ ਜਾਨਵਰ, ਸੈਂਕਣੇ ਵਰ੍ਹਿਆਂ ਤੋਂ ਇਕ ਹੀ ਢੰਗ ਨਾਲ ਜੀਵਿਤ ਹਨ...ਇਕੋ ਹੀ ਤਰ੍ਹਾਂ ਨਾਲ ਪ੍ਰਤਿਕ੍ਰਿਆ ਕਰਦੇ ਹਨ। ਉਨ੍ਹਾਂ ਨੂੰ ਕਦੇ ਕੋਈ ਪ੍ਰਸ਼ਨ ਪ੍ਰੇਸ਼ਾਨ ਨਹੀਂ ਕਰਦਾ। ਕੋਈ ਯੁੱਧ ਉਨ੍ਹਾਂ ਅੰਦਰ ਪੈਦਾ ਨਹੀਂ ਹੁੰਦਾ। ਅਸੀਂ ਇਹੋ ਜਿਹਾ ਜੀਵਨ ਕਿਉਂ ਨਹੀਂ ਜੀਅ ਪਾਉਂਦੇ ? ਕਿਉਂ ਅਸੀਂ ਆਪਣੇ ਲਈ ਇਕ ਅਦ੍ਰਿਸ਼, ਕਰੂਰ ਅੰਤਰਆਤਮਾ ਦੇ ਮਾਇਆ ਰੂਪੀ ਦੈਂਤ ਦਾ ਮਿਥਿਆ ਜਗਤ ਰਚਿਆ ਹੋਇਆ ਹੈ, ਜੋ ਹਰ ਪਲ ਸਾਨੂੰ ਹੀ ਨੋਚਦਾ ਹੈ। ਸਾਡੇ ਲਹੂ ਤੋਂ ਸੰਚਿਤ ਹੁੰਦਾ ਹੈ, ਜੋ ਹਰ ਪਲ ਸਾਨੂੰ ਚਾਬੁਕ ਮਾਰ ਕੇ ਉਠਾਉਂਦਾ-ਬਿਠਾਉਂਦਾ ਹੈ ? ਸਾਡੀ ਇਹ ਅੰਤਰਆਤਮਾ ਸਾਨੂੰ ਹੀ ਹਰ ਪਲ ਧਿਕਰਾਉਂਦੀ ਰਹਿੰਦੀ ਹੈ। ਹਰ ਪਲ ਸਾਡੇ ਧੀਰਜ, ਸਾਡੇ ਆਤਮ-ਵਿਸ਼ਵਾਸ, ਸੰਕਲਪਾਂ ਨੂੰ ਖੰਡਿਤ ਕਰਦੀ ਹੈ। ਸਾਡੀ ਵਿਰਾਟ ਆਤਮਾ ਨੂੰ ਕਲੁਸ਼ਿਤ ਤੇ ਪਾਪੀ ਬਣਾਉਂਦੀ ਹੈ। ਸਾਡੇ ਜੀਵਨ ਨੂੰ ਸਰਾਪ ਸਿੱਧ ਕਰਦੀ ਹੈ। ਇਹ ਸਾਡੇ ਜੀਵਨ ਵਿਚ ਕੁਝ ਵੀ ਸਾਰਥਕ, ਸਵੱਸਥ, ਸੁਖੀ ਨਹੀਂ ਹੋਣ ਦੇਂਦੀ। ਇਹ ਅੰਤਰਆਤਮਾ ਜੀਵਨ ਦਾ ਸਭ ਤੋਂ ਵੱਡਾ ਬੋਝ ਹੈ ਜਿਸ ਨੂੰ ਅਸੀਂ ਮਹਾਨ ਸਮਝ ਕੇ ਢੋਂਦੇ ਹਾਂ। ਸਭ ਤੋਂ ਵੱਡਾ ਪਾਪ ਹੈ, ਜੋ ਅਸੀਂ ਖੁਸ਼ੀ ਨਾਲ ਕਰਦੇ ਹਾਂ। ਸਭ ਤੋਂ ਵੱਡੀ ਬੇਸ਼ਰਮੀ ਹੈ, ਜਿਸ ਨੂੰ ਅਸੀਂ ਅਗਲੇ ਜਨਮਾਂ ਦੇ ਕਿਸੇ ਵਿਸ਼ਵਾਸ ਉੱਤੇ ਪਾਲਦੇ ਹਾਂ। ਸਾਡੇ ਪੂਰਵਜਾਂ ਨੇ ਬਹੁਤ ਕੁਝ ਰਚਿਆ ਹੈ ਬਿਜਨ। ਸਾਡੇ ਕੋਲ ਸਾਰੇ ਜੀਵਨ ਨੂੰ ਨਿਰਦੇਸ਼ਿਤ ਕਰਨ ਵਾਲੀਆਂ ਗਿਆਨ ਦੀਆਂ ਅਣਗਿਣਤ ਪੁਸਤਕਾਂ ਹਨ। ਅਨੇਕ ਧਰਮ ਹਨ...ਧਰਮਸਥਲ ਹਨ...ਸਮਾਜ ਦੀ, ਰਾਜ ਦੀਆਂ ਵਿਵਸਥਾਵਾਂ ਹਨ...ਨੈਤਿਕਤਾ ਦੇ ਗ੍ਰੰਥ ਹਨ। ਸਾਨੂੰ ਕਿਸੇ ਵੀ ਸਥਿਤੀ ਵਿਚ ਕੋਈ ਸੰਦੇਹ, ਕੋਈ ਸੰਸਾ ਨਹੀਂ ਹੋਣਾ ਚਾਹੀਦਾ। ਪਰ ਇੰਝ ਹੁੰਦਾ ਨਹੀਂ। ਆਪਣੀ ਵਿਰਾਟ ਆਤਮਾ ਨਾਲ ਅਸੀਂ ਇਕ ਹੋਰ ਅੰਤਰਆਤਮਾ ਵੀ ਪਾਲਦੇ ਹਾਂ, ਜੋ ਲਗਾਤਾਰ ਸਾਡੇ ਵਿਰੁੱਧ ਚੀਖਦੀ ਰਹਿੰਦੀ ਹੈ। ਕੀ ਅਸੀਂ ਇਸ ਤੋਂ ਮੁਕਤ ਜੀਵਨ ਨਹੀਂ ਜੀਅ ਸਕਦੇ ? ਅਜਿਹਾ ਜੀਵਨ ਜਿਸ ਵਿਚ ਸਭ ਹੋਵੇ, ਸਿਵਾਏ ਕਿਸੇ ਅੰਤਰਆਤਮਾ ਦੇ ? ਕੀ ਇਸ ਅੰਤਰਆਤਮਾ ਦੀ ਹੱਤਿਆ ਨਹੀਂ ਕਰ ਸਕਦੇ ? ਗਲ੍ਹਾ ਨਹੀਂ ਘੁੱਟ ਸਕਦੇ ਇਸਦਾ ? ਜੇ ਅਸੀਂ ਇੰਝ ਕਰ ਸਕੀਏ ਤਾਂ ਸ਼ਾਇਦ ਹਰ ਸੰਸਾ, ਅਕਲਾਹਟ, ਦੁਬਿਧਾ ਤੋਂ ਮੁਕਤ ਹੋ ਜਾਵਾਂਗੇ। ਜਾਨਵਰਾਂ ਵਾਂਗ ਇਕੋ ਜਿਹਾ, ਨਿਰਦਵੰਦ ਸੁਨਿਸ਼ਚਿਤ ਜੀਵਨ ਜਿਓ ਸਕਾਂਗੇ ?"

ਧਰਮਸਥਲ ਨੇ ਮੈਨੂੰ ਇਹੀ ਸਿਖਾਇਆ ਹੈ ਬਿਜਨ ਕਿ ਹਰ ਪਲ ਅੰਤਰਆਤਮਾ ਨੂੰ ਮਾਰੋ। ਉਸ ਦੀ ਹੱਤਿਆ ਕਰੋ। ਤਤਕਾਲ, ਤਤਫੱਟ, ਹਰ ਪਲ। ਮੈਂ ਰੋਜ਼ ਉੱਥੇ ਇਹੀ ਦੇਖਿਆ ਹੈ। ਧਰਮਸਥਲ ਅੰਤਰਆਤਮਾਵਾਂ ਦਾ ਮਕਤਲ ਹੈ। ਉੱਥੋਂ ਦੇ ਬੁੱਚੜਖਾਨਿਆਂ ਵਿਚ ਹੋਰ ਕੁਝ ਵੀ ਜਿਬਹ ਨਹੀਂ ਕੀਤਾ ਜਾਂਦਾ। ਧਰਮਸਥਲ ਇਸ ਅੰਤਰਆਤਮਾ ਦੀ ਕਦੇ ਕੋਈ ਗਵਾਹੀ ਨਹੀਂ ਮੰਨਦਾ। ਕੋਈ ਸਬੂਤ ਨਹੀਂ ਮੰਨਦਾ। ਉੱਥੇ ਹਰ ਸਹੁੰ ਨਾਲ ਇਕ ਅੰਤਰਆਤਮਾ ਮਰਦੀ ਹੈ। ਹਰ ਫ਼ੈਸਲੇ ਨਾਲ ਵੀ ਇਕ ਅੰਤਰਆਤਮਾ ਮਰਦੀ ਹੈ। ਕਾਲੇ ਚੋਗੇ ਵਿਚ ਸੁਨਹਿਰੇ ਵਿਗ ਵਿਚ, ਪੱਟੀਦਾਰ ਵਰਦੀਆਂ ਵਿਚ ਕੁਝ ਹੋਰ ਨਹੀਂ, ਮਰੀਆਂ ਅੰਤਰ ਆਤਮਾਵਾਂ ਦੀ ਕਾਇਆ ਹੁੰਦੀ ਹੈ।

ਇੰਝ ਲੱਗਦਾ ਹੈ, ਪਰ ਕੀ ਸੱਚਮੁੱਚ ਇੰਝ ਹੁੰਦਾ ਹੋਏਗਾ, ਬਿਜਨ ਕੀ ਅੰਤਰਆਤਮਾ ਦੀ ਹੱਤਿਆ ਕੀਤੀ ਜਾ ਸਕਦੀ ਹੈ ? ਧਰਮਸਥਲ ਕਰਦਾ ਹੋਏਗਾ, ਪਰ ਮੈਂ ਕੀ ਕਰ ਸਕਦਾ ਹਾਂ ? ਤੂੰ ਕਰ ਸਕਦਾ ਏਂ ? ਕਿਸ ਤੋਂ ਪੁੱਛਾਂ ? ਕੌਣ ਦੱਸੇਗਾ ? ਬਾਪੂ ਕੀ ਕਹਿਣਗੇ, ਮੈਨੂੰ ਪਤਾ ਹੈ।

ਮੈਂ ਇਹ ਸਭ ਕਿਉਂ ਲਿਖ ਰਿਹਾ ਹਾਂ, ਜਾਣਦਾ ਏਂ ? ਮੈਂ ਅੱਜਕਲ੍ਹ ਆਪਣੀ ਅੰਤਰਆਤਮਾ ਤੋਂ ਬਹੁਤ ਡਰਿਆ ਹੋਇਆ ਹਾਂ। ਮੈਨੂੰ ਲੱਗਦਾ ਹੈ ਇਹ ਮੈਨੂੰ ਸੁਖ ਅਤੇ ਸ਼ਾਂਤੀ ਨਾਲ ਜੀਣ ਨਹੀਂ ਦੇਵੇਗੀ।

ਕਈ ਵਾਰ ਰਾਤਾਂ ਨੂੰ ਇੰਝ ਲੱਗਦਾ ਹੈ ਜਿਵੇਂ ਕੋਈ ਛਾਤੀ ਤੇ ਬੈਠ ਕੇ ਵੂੰਕਾਰ ਰਿਹਾ ਹੈ। ਕਈ ਵਾਰ ਧਰਮਸਥਲ ਦੇ ਸਾਹਮਣੇ ਹਨ੍ਹੇਰੇ ਵਿਚ ਬੈਠ ਕੇ ਚੁੱਪਚਾਪ ਦੇਖਦਾ ਰਹਿੰਦਾ ਹਾਂ ਉਸ ਨੂੰ। ਕੀ ਸੱਚਮੁਚ ਇਹ ਅੰਤਰਆਤਮਾਵਾਂ ਦਾ ਮਕਤਲ ਹੈ। ਹੈ, ਤਾਂ ਮੈਂ ਉੱਥੇ ਜ਼ਿੰਦਾ ਕਿਵੇਂ ਹਾਂ ? ਕਿਵੇਂ ਕੰਮ ਕਰਦਾ ਹਾਂ ? ਕਿੱਧਰੇ ਇੰਝ ਤਾਂ ਨਹੀਂ ਕਿ ਮੇਰੀ ਅੰਤਰਆਤਮਾ ਦੀ ਵੀ ਹੱਤਿਆ ਹੋ ਗਈ ਹੋਵੇ ਤੇ ਮੈਨੂੰ ਪਤਾ ਹੀ ਲੱਗਾ ਹੋਵੇ। ਪਰ ਇੰਝ ਨਹੀਂ ਹੈ ਬਿਜਨ।

ਜਾਣਦਾ ਏਂ, ਕੁਝ ਦਿਨ ਪਹਿਲਾਂ ਇਸ ਤੋਂ ਘਬਰਾ ਕੇ ਮੈਂ ਪਹਾੜਾਂ ਤੇ ਚਲਾ ਗਿਆ। ਬਾਪੂ ਨੂੰ ਦੋ ਦਿਨਾਂ ਲਈ ਗਵਾਂਢੀ ਦੇ ਘਰ ਛੱਡ ਗਿਆ। ਮੈਂ ਉੱਥੇ ਇਕਦਮ ਇਕੱਲਾ ਸੀ। ਇਕ ਸ਼ਾਮ ਜਦੋਂ ਗਹਿਰਾ ਇਕਾਂਤ ਸੀ, ਨੀਰਵਤਾ ਸੀ, ਵਣ ਸੀ, ਬਾਰਿਸ਼ ਸੀ, ਚਾਰੋਂ ਪਾਸੇ ਉੱਚੇ ਪਹਾੜ ਸਨ, ਬੱਦਲ ਸਨ, ਮੈਂ ਇਕ ਪਗਡੰਡੀ ਉੱਤੇ ਜਾ ਰਿਹਾ ਸੀ। ਸਿਲਵਰ ਓਕ ਅਤੇ ਚੀੜਾਂ ਵਿਚਕਾਰ ਉਸ ਪਗਡੰਡੀ ਉੱਤੇ ਡਿੱਗੀਆਂ ਹੋਈਆਂ ਪੱਤੀਆਂ ਦੀ ਤਿੱਖੀ ਗੰਧ ਸੀ। ਉਸ ਨੂੰ ਢੱਕਦੇ ਹੋਏ ਵਿਚਕਾਰ ਪੱਕੀਆਂ ਨਾਸ਼ਪਤੀਆਂ ਦੀ ਗੰਧ ਸੀ। ਸ਼ਾਮ ਦੇ ਖਾਲੀ ਅਤੇ ਲੰਮੇ ਇਕਾਂਤ ਵਿਚ ਇਕ ਘਰ ਦੇ ਖੁੱਲ੍ਹਦੇ-ਬੰਦ ਹੁੰਦੇ ਦਰਵਾਜ਼ਿਆਂ ਦੀ ਆਵਾਜ਼, ਫੋਨ ਦੀ ਲੰਮੀ ਘੰਟੀ ਉਸ ਨੀਰਵਤਾ ਨੂੰ ਭੇਦ ਰਹੀ ਸੀ। ਇਕ ਵਾਰੀ ਤਾਂ ਸਭ ਕੁਝ ਕੰਬਣ ਲੱਗਦਾ ਸੀ। ਵਾਲੀਬਾਲ ਦੇ ਮੈਦਾਨ ਨੂੰ ਘੇਰਨ ਵਾਲੀ ਜਾਲੀ ਨਾਲ ਮੂੰਹ ਚਿਪਕਾ ਕੇ ਅੰਦਰ ਦੇਖਣ ਤੇ ਫੈਲਿਆ ਹੋਇਆ ਸਲੇਟੀ ਸੰਨਾਟਾ ਸੀ, ਜੋ ਕੁਝ ਦੇਰ ਪਹਿਲਾਂ ਬੱਚਿਆਂ ਦੀਆਂ ਕਿਲਕਾਰੀਆਂ ਨਾਲ ਗੂੰਜ ਰਿਹਾ ਸੀ। ਉੱਥੇ ਗਿੱਲੀ ਮਿੱਟੀ ਦੀ ਵੱਖਰੀ ਮਹਿਕ ਸੀ, ਜਿਸ ਨੂੰ ਬੱਦਲਾਂ ਦੇ ਟੁਕੜੇ ਵਿਚਕਾਰੋਂ ਹਥੇਲੀਆਂ ਵਿਚ ਚੁੱਕ ਕੇ ਲਿਜਾਂਦੇ ਸਨ। ਜੀਵਨ ਗਤੀਹੀਣ ਹੋ ਗਿਆ ਸੀ। ਸਭ ਕੁਝ ਠਹਿਰਿਆ ਹੋਇਆ ਸੀ। ਚਾਰੋਂ ਪਾਸੇ ਪੱਤਿਆਂ ਉੱਤੇ ਡਿੱਗਦੀਆਂ ਬਾਰਿਸ਼ ਦੀਆਂ ਬੂੰਦਾਂ ਦਾ ਸ਼ੋਰ ਸੀ। ਫਿਰ ਹੌਲੀ-ਹੌਲੀ ਉੱਤਰਦੇ ਹਨ੍ਹੇਰੇ ਵਿਚ ਬਾਰਿਸ਼ ਦੀਆਂ ਬੂੰਦਾਂ ਦਿੱਸਣੀਆਂ ਹੱਟ ਗਈਆਂ ਸਨ। ਉਹ ਐਨੀਆਂ ਹੌਲੀ ਸਨ ਕਿ ਉਨ੍ਹਾਂ ਦੀ ਆਵਾਜ਼ ਵੀ ਨਹੀਂ ਆ ਰਹੀ ਸੀ। ਮਿੱਟੀ ਤੇ ਉਨ੍ਹਾਂ ਦੇ ਡਿੱਗਣ ਤੋਂ ਉੱਠਣ ਵਾਲੀ ਮਹਿਕ ਦੱਸ ਰਹੀ ਸੀ ਕਿ ਬਾਰਿਸ਼ ਹੋ ਰਹੀ ਹੈ। ਇਸ ਮਹਿਕ ਵਿਚ ਇਕ ਰੇਸ਼ਾ ਰਾਤਮਣੀ ਦਾ ਸੀ ਜੋ ਇਸ ਉੱਤਰਦੇ ਹਨ੍ਹੇਰੇ ਵਿਚ ਖਿੜਦਾ ਸ਼ੁਰੂ ਹੋ ਰਹੀ ਸੀ। ਇਸ ਹਨ੍ਹੇਰੇ ਵਿਚ ਹੌਲੀ-ਹੌਲੀ ਕੁਝ ਬੇਡੌਲ, ਖਿੱਲਰੀਆਂ ਰੋਸ਼ਨੀਆਂ ਉੱਤਰਨ ਲੱਗੀਆਂ। ਇਹ ਘਰਾਂ ਦੀਆਂ ਦੀਵਾਰਾਂ ਉੱਤੇ ਲੱਗੇ ਬਲਬ, ਸੜਕ ਦੇ ਲੈਂਪ ਪੋਸਟ ਅਤੇ ਇੱਟਾਂ ਨਾਲ ਬਣੇ ਚੁੱਲ੍ਹਿਆਂ ਦੀਆਂ ਸਨ। ਹਨ੍ਹੇਰਾ, ਬਾਰਿਸ਼, ਮਹਿਕ ਤੇ ਰੋਸ਼ਨੀ ਦੇ ਇਸ ਜਗਤ ਵਿਚ ਉਸ ਪਲ ਜੋ ਚੀਜ਼ ਮੇਰੇ ਹੱਥੋਂ ਕਿਰ ਰਹੀ ਸੀ, ਉਹ ਜੀਵਨ ਲਈ ਮੇਰਾ ਮੋਹ ਸੀ...ਝੁਕਾਓ ਸੀ। ਮੌਤ...ਪ੍ਰਾਰਥਨਾ ਸੀ। ਪਤਾ ਨਹੀਂ, ਮੇਰੇ ਅੰਦਰ ਉਹ ਕੌਣ ਸੀ ਬਿਜਨ ? ਕਿੱਧਰੇ ਉਹ ਅੰਤਰਆਤਮਾ ਤਾਂ ਨਹੀਂ ਸੀ ?

ਕਾਮਿਲ ਦੀ ਅੱਖ ਖੁੱਲ੍ਹੀ ਤਾਂ ਉਹ ਉੱਠ ਗਿਆ, ਅਵਾਕ ਜਿਹਾ ਕੁਝ ਦੇਰ ਬੈਠਾ ਸਾਹਮਣੇ ਦੇਖਦਾ ਰਿਹਾ, ਫਰਸ਼ ਉੱਤੇ ਬਾਪੂ ਪੈਰ ਸਮੇਟੇ ਬੈਠੇ ਸਨ। ਸਾਹਮਣੇ ਬਣੀ ਹੋਈ ਮੂਰਤੀ ਮਿੱਟੀ ਦੇ ਢੇਰ ਵਿਚ ਪਈ ਸੀ। ਲੋਹੇ ਦੀ ਪੱਤੀ ਅਤੇ ਤਾਰ ਇਕ ਪਾਸੇ ਡਿੱਗੇ ਪਏ ਸਨ। ਮਿੱਟੀ ਵਿਚ ਲਿਬੜੀਆਂ ਉਂਗਲਾਂ ਨਾਲ ਉਹ ਫਟੀਆਂ ਅੱਖਾਂ ਨਾਲ ਸਾਹਮਣੇ ਪਏ ਮਿੱਟੀ ਦੇ ਢੇਰ ਨੂੰ ਘੂਰ ਰਹੇ ਸਨ। ਚਿਹਰਾ ਲਾਲ ਸੀ। ਪਸੀਨੇ ਨਾਲ ਭਿੱਜਿਆ ਹੋਇਆ।

ਅਜੇ ਰਾਤ ਖਤਮ ਨਹੀਂ ਹੋਈ ਸੀ। ਉਸ ਦਾ ਬਚਿਆ ਹੋਇਆ ਹਨ੍ਹੇਰਾ ਅਜੇ ਸੀ। ਹਵਾ ਵਿਚ ਠੰਡ ਸੀ।

ਕਾਮਿਲ ਮੰਜੀ ਤੋਂ ਉੱਤਰ ਗਿਆ। ਕੋਲ ਆ ਕੇ ਉਸ ਨੇ ਉਨ੍ਹਾਂ ਦਾ ਮੱਥਾ ਛੂਹਿਆ। ਪਿੰਡਾ ਥੋੜ੍ਹਾ



ਗਰਮ ਸੀ।

ਉਹ ਵੀ ਕੋਲ ਬੈਠ ਗਿਆ ਮਿੱਟੀ ਦੇ ਢੇਰ ਵੱਲ ਉਸ ਨੇ ਦੇਖਿਆ।

"ਚਾਹ ਬਣਾਉਂਦਾ ਹਾਂ ? ਉੱਠੋ...ਹੱਥ ਧੋ ਲਓ।"

ਉਨ੍ਹਾਂ ਨੇ ਕਾਮਿਲ ਵੱਲ ਦੇਖਿਆ ਕਾਮਿਲ ਨੂੰ ਲੱਗਾ ਕਿ ਉਹ ਰੋ ਚੁੱਕੇ ਹਨ। ਕਾਮਿਲ ਉੱਠ ਗਿਆ।

ਉਸ ਨੇ ਉਨ੍ਹਾਂ ਨੂੰ ਸਹਾਰਾ ਦਿੱਤਾ। ਉਹ ਵੀ ਉੱਠ ਗਏ। ਉਨ੍ਹਾਂ ਦੀ ਤਹਿਮਦ ਤੇੜ ਤੋਂ ਖਿਸਕ ਗਈ ਸੀ। ਕਾਮਿਲ ਨੇ ਠੀਕ ਕੀਤੀ। ਸਹਾਰਾ ਦੇ ਕੇ ਕਮਰੇ ਦੇ ਬਾਹਰ ਖੁੱਲ੍ਹੀ ਜਗ੍ਹਾ ਉੱਤੇ ਉਨ੍ਹਾਂ ਨੂੰ ਲੈ ਆਇਆ। ਉਸ ਨੇ ਨਲ ਦੀ ਟੂਟੀ ਖੋਲ੍ਹੀ। ਪਾਣੀ ਆਉਂਦਾ ਸ਼ੁਰੂ ਹੋ ਗਿਆ ਸੀ। ਉਨ੍ਹਾਂ ਨੇ ਝੁਕ ਕੇ ਨਲਕੇ ਦੀ ਧਾਰ ਹੇਠ ਹੱਥ ਕਰ ਦਿੱਤੇ। ਉਨ੍ਹਾਂ ਨੂੰ ਆਪਸ ਵਿਚ ਰਗੜਿਆ। ਕੁਝ ਦੇਰ ਵਿਚ ਮਿੱਟੀ ਤੇ ਰੰਗ ਉਂਗਲਾਂ ਤੋਂ ਲਹਿ ਗਏ। ਨਲਕਾ ਬੰਦ ਕਰ ਦਿੱਤਾ ਉਨ੍ਹਾਂ ਨੇ। ਤਹਿਮਦ ਦੇ ਕੋਨੇ ਨਾਲ ਉਂਗਲਾਂ ਪੂੰਝ ਲਈਆਂ।

"ਬੈਠੋ ਇੱਥੇ ...।" ਕਾਮਿਲ ਅੰਦਰੋਂ ਚੌਕੀ ਚੁੱਕ ਲਿਆਇਆ। ਚੌਕੀ ਰਸੋਈ ਦੇ ਦਰਵਾਜ਼ੇ ਤੇ ਰੱਖ ਦਿੱਤੀ। ਉਹ ਚੌਕੀ ਤੇ ਬੈਠ ਗਏ। ਕਾਮਿਲ ਨੇ ਚਾਹ ਦਾ ਪਾਣੀ ਚੜ੍ਹਾ ਦਿੱਤਾ। ਉਹ ਵੀ ਰਸੋਈ ਦੀ ਦੇਹਰੀ ਤੇ ਬੈਠ ਗਿਆ।

"ਕੀ ਹੋਇਆ ?" ਕਾਮਿਲ ਨੇ ਪੁੱਛਿਆ।

"ਮੇਰਾ ਵਕਤ ਖਤਮ ਹੋ ਗਿਆ ?" ਉਨ੍ਹਾਂ ਨੇ ਖਾਲੀ ਅੱਖਾਂ ਨਾਲ ਕਾਮਿਲ ਵੱਲ ਤੱਕਿਆ।

"ਕਿਸ ਗੱਲ ਦਾ ?"

"ਹਰ ਗੱਲ ਦਾ। ਪਹਿਲੇ ਕਿਵੇਂ ਹੋ ਜਾਂਦਾ ਸੀ ਸਭ। ਹੱਥ ਵਿਚ ਕੁਝ ਲਿਆ ਤੇ ਕਲਕਲ ਕਰਦੀ ਨਦੀ ਵਾਂਗ ਸਭ ਵਹਿੰਦਾ ਚਲਾ ਜਾਂਦਾ ਸੀ। ਉਲ੍ਹਾਸ ਸੀ...ਆਨੰਦ ਸੀ। ਹੁਣ ਕੁਝ ਵੀ ਨਹੀਂ। ਜਿਵੇਂ ਸਭ ਸੁੱਕ ਗਿਆ ਹੋਵੇ। ਕੋਈ ਸੰਦੇਹ, ਕੋਈ ਸੰਸਾ ਖਤਮ ਨਹੀਂ ਹੁੰਦਾ। ਹੁਣੇ ਕੁਝ ਠੀਕ ਲੱਗਦਾ ਹੈ, ਕੁਝ ਬਣਾਉਂਦਾ ਹਾਂ। ਦੂਜੇ ਹੀ ਪਲ ਸਭ ਵਿਅਰਥ ਲੱਗਣ ਲੱਗਦਾ ਹੈ। ਨਸ਼ਟ ਕਰ ਦੇਂਦਾ ਹਾਂ। ਤੂੰ ਦੇਖ, ਕਿੰਨਾ ਵਕਤ ਲੱਗ ਗਿਆ ਹੈ।"

"ਇਸ ਵਿਚ ਤੁਹਾਡਾ ਕੀ ਦੋਸ਼ ਹੈ ?"

"ਫਿਰ...ਫਿਰ ਕਿਸਦਾ ਦੋਸ਼ ਹੈ ?"

"ਉਸ ਦਾ ਜੋ ਤੁਹਾਡੇ ਅੰਦਰ ਬੈਠਾ ਉਸ ਨੂੰ ਸਿਰਜ ਰਿਹਾ ਹੈ। ਆਪ ਹੀ ਭੁੱਲ ਗਏ ਹੋ ? ਕਿੱਧਰੇ ਚੁੱਪਚਾਪ ਕੋਈ ਅਹੰਕਾਰ ਤਾਂ ਨਹੀਂ ਆ ਗਿਆ ਹੈ ? ਕੋਈ ਲੋਭ ਤਾਂ ਨਹੀਂ ਪੈਦਾ ਹੋਣ ਲੱਗ ਪਿਆ ? ਸਿਰਜਨਾ ਦਾ ਬੋਧ, ਭਰਮ, ਅਭਿਮਾਨ ਤਾਂ ਨਹੀਂ ਪਾਲ ਰਹੇ ਹੋ, ਇਸ ਲਈ ਇਹ ਸਭ ਦੁੱਖ ਹਨ ? ਫਿਰ ਸੰਸੇ ਖਤਮ ਹੋ ਗਏ, ਸੰਦੇਹ ਨਾ ਰਿਹਾ ਤਾਂ ਬਾਕੀ ਕੀ ਰਹੇਗਾ ? ਨਿਰਣਾ ਹੋ ਗਿਆ, ਅੰਤ ਮਿਲ ਗਿਆ, ਫਿਰ ਅੱਗੋਂ ਕੀ ? ਕੁਝ ਵੀ ਤਾਂ ਨਹੀਂ। ਸੱਚ ਨੂੰ ਲੱਭਣਾ ਪੈਂਦਾ ਹੈ ਸਾਰੀ ਜ਼ਿੰਦਗੀ। ਹੁਣੇ ਜੋ ਰਚਿਆ ਹੈ, ਉਹ ਵਿਅਰਥ ਹੈ। ਹੋਰ ਸ੍ਰੇਸ਼ਟ ਚਾਹੀਦਾ ਹੈ, ਸਾਰਥਕ ਚਾਹੀਦਾ ਹੈ। ਇਹੀ ਤਾਂ ਰਚਨਾ ਦਾ ਸੁਖ ਹੈ। ਅੰਤਰੀਵ ਯਾਤਰਾ ਅਕਲਾਹਟ ਨਾਲ ਭਰੀ, ਯਾਤਨਾ ਨਾਲ ਭਰੀ। ਨਿਤਾਂਤ ਇਕੱਲੀ। ਕੋਈ ਨਾਲ ਨਹੀਂ...ਪ੍ਰੇਰਣਾ ਨਹੀਂ, ਯੋਗਪਨ ਨਹੀਂ...।" "ਓਏ।"...ਉਨ੍ਹਾਂ ਨੇ ਕਾਮਿਲ ਦਾ ਹੱਥ ਫੜ੍ਹ ਲਿਆ, "ਤੂੰ ਇਹ ਸਭ ਕਿਵੇਂ ਜਾਣਦਾ ਏਂ। ਇਹ ਤਾਂ ਗੂੜ ਤੱਥ ਹੈ ਸਿਰਜਨਾ ਦਾ, ਰਚਨਾ ਦਾ।"

"ਤੁਹਾਡੇ ਤੋਂ ਹੀ ਤਾਂ ਸੁਣਦਾ ਰਿਹਾ ਹਾਂ। ਰਟ ਚੁੱਕਾ ਹੈ, ਹੁਣ ਤੱਕ ਐਨਾ ਸੁਣਿਆ ਹੈ ਸਭ।" ਚਾਹ ਦਾ ਪਾਣੀ ਉਬਲਣ ਲੱਗਾ। ਕਾਮਿਲ ਉੱਠਿਆ। ਪਿੱਛੋਂ ਉਨ੍ਹਾਂ ਦੀ ਆਵਾਜ਼ ਸੁਣ ਰਿਹਾ ਸੀ।

"ਮੈਂ ਸਾਰੀ ਰਾਤ ਕੰਮ ਕੀਤਾ। ਮੂਰਤੀ ਤਿਆਰ ਸੀ। ਜਿੱਥੇ ਮਿੱਟੀ ਜ਼ਿਆਦਾ ਸੀ ਸਭ ਤੋਂ ਮਹੀਨ ਚਾਕੂ ਨਾਲ ਉਸ ਦੀ ਆਖਰੀ ਪਰਤ ਉਤਾਰ ਰਿਹਾ ਸੀ। ਉੱਦੋਂ ਸੁਣਿਆ ਕੋਈ ਕਹਿ ਰਿਹਾ ਹੋਵੇ, ਇਹ ਤਾਂ ਕੁਝ ਵੀ ਨਹੀਂ ਬਣਿਆ। ਅਜਿਹੀਆਂ ਤਾਂ ਲੱਖਾਂ ਮੂਰਤੀਆਂ ਬਣ ਚੁੱਕੀਆਂ ਹਨ। ਇਸ ਵਿਚ ਨਵੀਨ ਕੀ ਹੈ ? ਵਿਲੱਖਣ ਕੀ ਹੈ ? ਸਿਰਜਨਾ ਕਿੱਥੇ ਹੈ ? ਉੱਦੋਂ ਹੀ ਮੈਂ ਦੇਖਿਆ, ਇਹ ਤਾਂ ਮਾਂ ਆਪ ਬੋਲ ਰਹੀ ਸੀ। ਉਸ ਦੇ ਬੁੱਲ੍ਹ ਹਿੱਲ ਰਹੇ ਸਨ। ਇਸੇ ਨੂੰ ਰਚਨਾ ਕਹਿ ਰਿਹਾ ਏਂ ? ਇਸ ਉੱਤੇ ਐਨਾ ਘਮੰਡ ਕਰ ਰਿਹਾ ਏਂ ? ਮੇਰੇ ਸਿਰ ਵਿਚ ਤ੍ਰਾਟ ਉੱਠਣ ਲੱਗੀ। ਤੇਜ਼ ਚੱਕਰ ਆਇਆ ? ਮੈਂ ਚੀਖ ਕੇ ਉਸ ਨੂੰ ਚੁੱਪ ਕਰਵਾਉਣਾ ਚਾਹਿਆ, ਪਰ ਉਹ ਬੋਲਦੀ ਰਹੀ। ਉਸ ਦੀ ਆਵਾਜ਼ ਤੇਜ਼ ਹੁੰਦੀ ਗਈ। ਮੇਰਾ ਸਿਰ ਫੱਟਣ ਲੱਗ ਪਿਆ। ਉਹ ਚੁੱਪ ਨਾ ਹੋਈ। ਫਿਰ ਮੈਂ ਮਾਂ ਦਾ ਗਲ੍ਹਾ ਦਬਾ ਦਿੱਤਾ। ਉਸ ਦੀ ਹੱਤਿਆ ਕਰ ਦਿੱਤੀ। ਪੂਰੀ ਮੂਰਤੀ ਨੂੰ ਉਂਗਲਾਂ ਨਾਲ ਮਸਲ ਦਿੱਤਾ। ਜਾਲ, ਤਾਰ ਸਭ ਨੋਚ ਕੇ ਸੁੱਟ ਦਿੱਤੇ। ਉਹ ਸਭ ਜੋ ਐਨੇ ਵਰ੍ਹਿਆਂ ਵਿਚ ਰਾਤ-ਦਿਨ ਇਕ ਕਰਕੇ ਬਣਾਇਆ ਸੀ...ਇਕ ਪਲ ਵਿਚ ਨਸ਼ਟ ਕਰ ਦਿੱਤਾ।

ਕਾਮਿਲ ਨੇ ਇਕ ਵੱਡੇ ਗਿਲਾਸ ਵਿਚ ਚਾਹ ਪਾ, ਉਨ੍ਹਾਂ ਦੇ ਸਾਹਮਣੇ ਰੱਖ ਦਿੱਤੀ। ਆਪ ਵੀ ਚਾਹ ਲੈ ਕੇ ਦੇਹਰੀ ਤੇ ਬੈਠ ਗਿਆ।

"ਤੂੰ ਠੀਕ ਕਹਿੰਦਾ ਏਂ।" ਗਿਲਾਸ ਵਿਚ ਫੂੰਕ ਮਾਰਦੇ ਹੋਏ ਉਹ ਬੋਲੇ। "ਹਰ ਰਚਨਾ ਦੇ ਬਾਅਦ ਵਿਚ ਸਭ ਤੋਂ ਪਹਿਲਾਂ ਆਪਣੇ ਅੰਦਰ ਉਸ ਦੀ ਹੱਤਿਆ ਕਰਨੀ ਹੁੰਦੀ ਹੈ, ਜਿਸ ਨੇ ਉਸ ਨੂੰ ਰਚਿਆ ਸੀ। ਰਚਨਾਕਾਰ ਹੋਣ ਦਾ ਬੋਧ, ਗਰੂਰ ਦੀ ਹੱਤਿਆ ਕਰਨੀ ਹੁੰਦੀ ਹੈ। ਜੋ ਰਚਿਆ ਸੀ, ਉਸ ਦੀ ਵੀ ਹੱਤਿਆ ਕਰਨੀ ਹੁੰਦੀ ਹੈ। ਤਦੇ ਹੀ ਅਗਲੀ ਰਚਨਾ ਦਾ ਭਰੂਣ ਜਨਮ ਲੈਂਦਾ ਹੈ। ਅਨਿਸ਼ਚਿਤ, ਛਿਣ ਭਗੁੰਰ, ਇਕ ਨਵਾਂ ਜੀਵਨ।" ਉਨ੍ਹਾਂ ਨੇ ਚਾਹ ਦਾ ਘੁੱਟ ਭਰਿਆ।

"ਤੁਸੀਂ ਠੀਕ ਸੋਚ ਰਹੇ ਹੋ।" ਕਾਮਿਲ ਨੇ ਉਨ੍ਹਾਂ ਨੂੰ ਦੇਖਿਆ, "ਹੁਣ ਸਭ ਨਵੇਂ ਸਿਰੇ ਤੋਂ ਸ਼ੁਰੂ ਕਰੋ। ਸਭ ਕੁਝ ਪੂਰੀ ਤਰ੍ਹਾਂ ਬਦਲਿਆ ਹੋਇਆ। ਮਿੱਟੀ ਨਹੀਂ, ਇਸ ਵਾਰ ਮੋਮ ਦੀ ਮੂਰਤੀ ਤੇ ਦੋ ਬਾਹਾਂ ਨਹੀਂ ਅਠਾਰ੍ਹਾਂ ਬਾਹਾਂ। ਨੌਂ ਇਕ ਪਾਸੇ, ਨੌਂ ਦੂਜੇ ਪਾਸੇ। ਇਕ ਬਾਂਹ ਨਾਲ ਦੂਜੀ ਬਾਂਹ ਮਿਲਾਓ ਤਾਂ ਇਕ ਨਵੀਂ ਹਸਤ ਮੁਦਰਾ। ਕੁਲ ਇੱਕਆਸੀ ਮੁਦਰਾਵਾਂ। ਜ਼ਿੰਦਗੀ ਦਾ ਸਭ ਤੋਂ ਵੱਡਾ ਕੰਮ ਕਰੋ। ਕੋਈ ਕਾਹਲ ਨਹੀਂ, ਕੋਈ ਲਾਲਸਾ ਨਹੀਂ। ਮੈਂ ਅੱਜ ਹੀ ਸਾਰਾ ਸਾਮਾਨ ਲਿਆ ਦੇਂਦਾ ਹਾਂ। ਤੁਸੀਂ ਲਿਖ ਦਿਓ ਜਾਂ ਨਾਲ ਹੀ ਚਲੋ। ਅੱਜ ਕਚਹਿਰੀ ਤਾਂ ਬੰਦ ਹੈ।"

ਉਨ੍ਹਾਂ ਦਾ ਚਿਹਰਾ ਖਿੜ੍ਹ ਗਿਆ। "ਮੈਂ ਤਾਂ ਡਰ ਹੀ ਗਿਆ ਸੀ। ਲੱਗਾ ਜਿਵੇਂ ਹੁਣ ਕਦੇ ਕੁਝ ਨਹੀਂ ਬਣਾ ਸਕਾਂਗਾ। ਫਿਰ ਜੀਵਨ ਦਾ ਅਰਥ ਹੀ ਕੀ ਬਚੇਗਾ ? ਇਹ ਤਾਂ ਸਾਖਿਆਤ ਮੌਤ ਹੋਏਗੀ। ਇਕਦਮ ਚੱਕਰ ਵੀ ਆਇਆ ਸੀ। ਪਰ ਤੂੰ ਸਭ ਕੁਝ ਠੀਕ ਤਰ੍ਹਾਂ ਸਮਝ ਲਿਆ। ਚਲਦੇ ਹਾਂ, ਚਾਹ ਪੀ ਕੇ। ਪਹਿਲਾਂ ਗੁਰੂ ਕੋਲ ਚੱਲਾਂਗੇ। ਉਨ੍ਹਾਂ ਨੂੰ ਵੀ ਦੱਸਣਾ ਹੋਏਗਾ ਕਿ ਮੈਂ ਕ੍ਰੋਧ ਵਿਚ, ਹਤਾਸ਼ਾ ਵਿਚ ਮਾਂ ਦਾ ਗਲ੍ਹਾ ਦਬਾ ਕੇ ਹੱਤਿਆ ਕਰ ਦਿੱਤੀ। ਤੂੰ ਦੇਖੀਂ, ਹੱਸਣਗੇ ਉਹ। ਉਨ੍ਹਾਂ ਦੀਆਂ ਅੱਖਾਂ ਬੰਦ ਹੋ ਜਾਣਗੀਆਂ। ਇਕ ਦੰਦ ਹੋਠਾਂ ਤੋਂ ਬਾਹਰ ਦਿੱਸਣ ਲੱਗੇਗਾ। ਤੂੰ ਨਹੀਂ, ਮਾਂ ਨੇ ਆਪ ਹੱਤਿਆ ਕਰਵਾਈ। ਕ੍ਰਿਤੀ ਜਦੋਂ ਆਪ ਆਪਣੀ ਹੱਤਿਆ ਲਈ ਪ੍ਰੇਰਿਤ ਕਰੇ ਤਾਂ ਸਮਝੋ ਅਜੇ ਬਹੁਤ ਕੁਝ ਬਾਕੀ ਹੈ ਤੁਹਾਡੇ ਅੰਦਰ। ਗਹਿਰੀ ਕਲਾ, ਗਹਿਰਾ ਸੰਕਲਪ, ਗਹਿਰੀ ਨਿਸ਼ਠਾ...ਗਹਿਰਾ ਜੀਵਨ ਰਚਨਾ ਦੇ ਜਗਤ ਵਿਚ, ਕ੍ਰਿਤੀ ਦੀ ਹੱਤਿਆ ਉਹ ਨਹੀਂ ਕਰਦੇ ਜੋ ਉਸ ਤੋਂ ਸੰਤੁਸ਼ਟ ਹੋ ਜਾਂਦੇ ਹਨ ਤੇ ਕਿਸੇ ਕੂੜੇ ਦੇ ਢੇਰ ਤੇ ਬੈਠ ਕੇ ਸਾਰੀ ਜ਼ਿੰਦਗੀ ਉਬਾਸੀਆਂ ਲੈਂਦੇ ਰਹਿੰਦੇ ਹਨ। ਉਨ੍ਹਾਂ ਦੇ ਦਰਸ਼ਨ ਤੋਂ ਬਾਅਦ ਹੀ ਚੱਲ ਕੇ ਸਾਰਾ ਸਾਮਾਨ ਖਰੀਦ ਕਰ ਨਵੇਂ ਸਿਰੇ ਤੋਂ ਸ਼ੁਰੂ ਕਰਦੇ ਹਾਂ। ਅਦਭੁੱਤ ਦੱਸਿਆ ਹੈ ਤੂੰ। ਇੱਕਆਸੀ ਨ੍ਰਿਤ ਮੁਦਰਾਵਾਂ ਇਕ ਹੀ ਪ੍ਰਤਿਮਾ 'ਚ।" ਉਨ੍ਹਾਂ ਨੇ ਅੱਖਾਂ ਬੰਦ ਕਰ ਲਈਆਂ। ਉਸ ਦੇ ਚਿਹਰੇ ਦੀ ਲਾਲਸਾ



ਖਤਮ ਹੋ ਗਈ ਸੀ। ਪਸੀਨਾ ਵੀ। ਹੁਣ ਉਹ ਸਹਿਜ ਸਨ।

"ਬਾਹਰ ਖਾਵਾਂਗੇ ਵੀ। ਦਹੀਂ ਜਲੇਬੀ ਤੇ ਖਸਤੇ।" ਗਿਲਾਸ ਤੋਂ ਉਹ ਵੱਡੇ-ਵੱਡੇ ਘੁੱਟ ਭਰਨ ਲੱਗ ਪਏ। ਜਲਦੀ-ਜਲਦੀ ਵੀ।

"ਕਿੰਨੇ ਦਿਨ ਪਹਿਲਾਂ ਨਹਾਤੇ ਸੀ ?" ਕਾਮਿਲ ਨੇ ਪੁੱਛਿਆ।

"ਤਿੰਨ ਦਿਨ ਪਹਿਲਾਂ।" ਉਹ ਸ਼ਰਮਾ ਗਏ।

"ਫਿਰ ਸਭ ਤੋਂ ਪਹਿਲਾਂ ਤੁਸੀਂ ਨਹਾਓਗੇ।"

"ਪਰ ਸਾਬਣ ਨਹੀਂ ਲੱਗਦਾ ਮੇਰੇ ਤੋਂ। ਸਾਲਾ ਹਰ ਵਾਰ ਫਿਸਲ ਜਾਂਦਾ ਏ।"

"ਮੈਂ ਲਗਾ ਦੇਵਾਂਗਾ।" ਕਾਮਿਲ ਨੇ ਚਾਹ ਖਤਮ ਕਰ ਲਈ। ਉਨ੍ਹਾਂ ਵੀ ਆਪਣਾ ਗਿਲਾਸ ਖਾਲੀ ਕਰ ਦਿੱਤਾ। ਉੱਠਣ ਲੱਗੇ ਸੀ। ਇਕ ਦਮ ਬੈਠ ਗਏ।

"ਕੀ ਹੋਇਆ ?" ਕਾਮਿਲ ਨੇ ਪੁੱਛਿਆ।

"ਚੱਕਰ ਆ ਗਿਆ।" ਉਨ੍ਹਾਂ ਅੱਖਾਂ ਬੰਦ ਕਰ ਲਈਆਂ।

"ਕਮਜ਼ੋਰੀ ਕਾਰਨ ਹੋਏਗਾ।" ਕਾਮਿਲ ਨੇ ਉਨ੍ਹਾਂ ਦਾ ਹੱਥ ਪਕੜ ਕੇ ਸਹਾਰਾ ਦਿੱਤਾ। ਹੱਥ ਦਾ ਸਹਾਰਾ ਲੈ ਕੇ ਉਹ ਉੱਠੇ। ਕੁਝ ਦੇਰ ਕਾਮਿਲ ਨਾਲ ਸਟੇ ਖੜ੍ਹੇ ਰਹੇ। ਹੌਲੀ ਜਿਹੀ ਅੱਖ ਖੋਲ੍ਹੀ। ਹੇਠਾਂ ਦੇਖਿਆ, ਫਿਰ ਉੱਪਰ। ਉੱਪਰ ਆਸਮਾਨ ਦਾ ਨੀਲਾ ਰੰਗ ਹੁਣ ਸਵੇਰ ਦੀ ਰੋਸ਼ਨੀ ਵਿਚ ਚਮਕ ਰਿਹਾ ਸੀ।

"ਪਹਿਲੇ ਵੀ ਕਦੇ ਹੋਇਆ ਇਸ ਤਰ੍ਹਾਂ ?" ਕਾਮਿਲ ਨੇ ਪੁੱਛਿਆ।

"ਅੱਜ ਰਾਤੀਂ ਹੀ ਹੋਇਆ ਸੀ। ਮੂਰਤੀ ਨਸ਼ਟ ਕਰਨ ਦੇ ਤੁਰੰਤ ਬਾਅਦ। ਕੁਝ ਦੇਰ ਵਿਚ ਠੀਕ ਹੋ ਗਿਆ ਸੀ।

"ਚਲੋ, ਅੱਜ ਤੁਹਾਨੂੰ ਡਾਕਟਰ ਨੂੰ ਵੀ ਵਿਖਾਉਂਦੇ ਹਾਂ। ਪਹਿਲੇ ਨਹਾਓ, ਫਿਰ ਜਲੇਬੀ ਖਾਣਾ, ਫਿਰ ਡਾਕਟਰ।"

"ਨਹੀਂ।" ਕੋਠੜੀ ਵਿਚ ਵੜਦੇ ਹੋਏ ਉਹ ਬੋਲੇ, "ਨਹਾਉਣ ਤੋਂ ਬਾਅਦ ਪਹਿਲਾਂ ਗੁਰੂ ਜੀ ਕੋਲ, ਫਿਰ ਜਲੇਬੀ, ਫਿਰ ਸਿੱਧੇ ਬਾਜ਼ਾਰ। ਡਾਕਟਰ ਸਾਲਾ ਹੁੰਦਾ ਹੈ। ਕਹੇਗਾ ਤੰਬਾਕੂ ਛੱਡ ਦੇ, ਪਾਨ ਛੱਡ ਦੇ।"

ਉਨ੍ਹਾਂ ਨੇ ਆਲੇ ਵਿਚ ਪਈ ਤੰਬਾਕੂ ਲੈ ਕੇ ਰਗੜੀ।

"ਗੱਡੀ ਵਿਚ ਚਲੋਗੇ।" ਕਾਮਿਲ ਨੇ ਪੁੱਛਿਆ।

"ਕਿੱਥੇ ?"

"ਸਭ ਜਗ੍ਹਾ। ਮਨ ਹੋਵੇ ਤਾਂ ਸ਼ਿਕਾਰ ਤੇ ਚੱਲੀਏ। ਉੱਥੇ ਹੀ ਬਤਖ, ਖਰਗੋਸ਼ ਭੁੰਨ ਕੇ ਖਾਵਾਂਗੇ।"

"ਓਏ ਨਹੀਂ। ਗੁਰੂ ਤਾਂ ਗਿਲਿਸ ਬਾਜ਼ਾਰ ਦੀ ਗਲੀ ਵਿਚ ਰਹਿੰਦੇ ਹਨ। ਉੱਥੇ ਇਕ ਗਾਂ ਹੀ ਖੜ੍ਹੀ ਹੋ ਜਾਏ ਤਾਂ ਪੂਰਾ ਰਸਤਾ ਬੰਦ ਹੋ ਜਾਂਦਾ ਹੈ। ਫਿਰ ਜਾ ਕਿੱਥੇ ਰਹੇ ਹਾਂ, ਇਹ ਵੀ ਤਾਂ ਸੋਚੋ। ਘੁੰਮਦੇ ਹੋਏ ਚੱਲਾਂਗੇ।"

ਕਾਮਿਲ ਨੇ ਅਲਮਾਰੀ 'ਚੋਂ ਤੌਲੀਆ ਕੱਢਿਆ। ਉਨ੍ਹਾਂ ਦੀ ਧੋਤੀ ਕੱਢੀ। ਇਕ ਨਵਾਂ ਕੁੜਤਾ ਕੱਢਿਆ।

"ਚਲੋ।" ਉਸ ਨੇ ਉਨ੍ਹਾਂ ਦਾ ਹੱਥ ਫੜਿਆ।

"ਪਾਣੀ ਅਜੇ ਠੰਡਾ ਹੋਏਗਾ ਯਾਰ।" ਉਨ੍ਹਾਂ ਨੇ ਠਿਠੁਰਨ ਦਾ ਨਾਟਕ ਕੀਤਾ।

"ਨਖਰੇ ਨਾ ਕਰੋ ਹੁਣ।" ਕਾਮਿਲ ਨੇ ਹੱਥ ਪਕੜ ਕੇ ਘਸੀਟਿਆ ਤੇ ਨਾਲ ਲੱਗੇ ਛੋਟੇ ਜਿਹੇ ਗੁਸਲਖਾਨੇ ਵਿਚ ਲੈ ਗਿਆ।

"ਤੂੰ ਇੱਕਆਸੀ ਮੁਦਰਾਵਾਂ ਬਾਰੇ ਕਿਵੇਂ ਜਾਣਦਾ ਏਂ ? ਪਟੜੇ ਤੇ ਬੈਠੇ ਹੋਏ ਉਨ੍ਹਾਂ ਨੇ ਪੁੱਛਿਆ।

"ਐੱਮ.ਏ. ਇਸੇ ਵਿਚ ਕੀਤਾ ਹੈ। ਆਈਕਨੋਗ੍ਰਾਫੀ, ਸੁਣਿਆ ਹੈ ਕਦੇ ?" ਕਾਮਿਲ ਨੇ ਪਾਣੀ ਪਿੱਠ ਤੇ ਪਾ, ਸਾਬਣ ਰਗੜਦੇ ਹੋਏ ਕਿਹਾ।

ਉਹ ਕੁਝ ਨਾ ਬੋਲੇ। ਪਾਣੀ ਪੈਣ ਨਾਲ ਸਿਸਕਾਰੀ ਦੀਆਂ ਆਵਾਜ਼ਾਂ ਮੂੰਹੋਂ ਕੱਢਦੇ ਰਹੇ।

"ਖੁਸ਼ਬੂ ਤਾਂ ਚੰਗੀ ਹੈ।" ਕੁਝ ਦੇਰ ਬਾਅਦ ਬੋਲੇ।

"ਰੋਜ਼ ਨਹਾਓ ਤਾਂ ਰੋਜ਼ ਇਹ ਖੁਸ਼ਬੂ ਮਿਲੇਗੀ।"

"ਅਜਿਹੀ ਖੁਸ਼ਬੂ ਦਾ ਜ਼ਿਕਰ ਸ਼ੂਦਰਕ ਨੇ ਵੀ ਕੀਤਾ ਹੈ। ਵੰਸਤਸੇਨਾ ਵੀ ਇਹੋ ਜਿਹੇ ਸਾਬਣ ਨਾਲ ਨਹਾਉਂਦੀ ਹੋਏਗੀ।"

"ਸੁਧਰਨਾ ਨਾ ਕਦੇ।" ਕਾਮਿਲ ਹੱਸਦੇ ਹੋਏ ਉਨ੍ਹਾਂ ਦੇ ਪਿੰਡੇ ਉੱਤੇ ਸਾਬਣ ਮਲਣ ਲੱਗਾ।

ਕੁਝ ਦੇਰ ਵਿਚ ਉਹ ਸ਼ਿਖਰਿਣੀ ਬੰਦ ਗੁਣਗੁਣਾਉਣ ਲੱਗ ਪਏ।

ਵੱਡਾ ਚੌਰਾਹਾ, ਕੋਤਵਾਲੀ, ਦਵਾ, ਫਲਾਂ ਦੀਆ ਦੁਕਾਨਾਂ ਪਾਰ ਕਰ ਕੇ ਉਹ ਇਕ ਪਤਲੀ ਸੜ੍ਹਕ ਤੇ ਫਿਰ ਇਕ ਪਤਲੀ ਗਲੀ ਤੇ ਫਿਰ ਉਸ ਦੇ ਵੀ ਅੰਦਰ ਇਕ ਹੋਰ ਗਲੀ ਵਿਚ ਵੜ ਗਏ।

"ਇੱਥੇ ਰਹਿੰਦੇ ਹਨ ?" ਕਾਮਿਲ ਨੇ ਚਿੱਕੜ ਤੋਂ ਪੈਰ ਬਚਾ ਕੇ ਚਲਦੇ ਹੋਏ ਪੁੱਛਿਆ।

"ਹਾਂ, ਅਜੇ ਹੋਰ ਅੰਦਰ ਜਾਣਾ ਏ।" ਬਾਪੂ ਨੇ ਕਿਹਾ, ਉਹ ਅੱਗੇ ਸਨ, ਕਾਮਿਲ ਪਿੱਛੇ। ਗਲੀ ਐਨੀ ਚੌੜੀ ਨਹੀਂ ਸੀ ਕਿ ਉਹ ਦੋਵੇਂ ਇਕੱਠੇ ਚੱਲ ਸਕਣ। ਦੋਵੇਂ ਪਾਸੇ ਘਰਾਂ ਦੀਆਂ ਸਪਾਟ ਚਪਟੀਆਂ ਕੰਧਾਂ ਸਨ, ਜਿਨ੍ਹਾਂ ਦੀਆਂ ਨੰਗੀਆਂ ਇੱਟਾਂ ਨਜ਼ਰ ਆ ਰਹੀਆਂ ਸਨ। ਉੱਪਰ ਉਨ੍ਹਾਂ ਵਿਚ ਲੋਹੇ ਦੇ ਜਾਲ ਵਾਲੇ ਛੱਜੇ ਬਣੇ ਹੋਏ ਸਨ। ਉਨ੍ਹਾਂ ਦੀਵਾਰਾਂ ਨਾਲ ਚਿਪਕੇ ਪਾਈਪਾਂ ਤੋਂ ਪਾਣੀ ਡਿੱਗ ਰਿਹਾ ਸੀ। ਗਲੀ ਵਿਚ ਇਸੇ ਕਾਰਣ ਚਿੱਕੜ ਸੀ।

ਬਾਪੂ ਉਤਸ਼ਾਹ ਨਾਲ ਬੋਲਦੇ ਹੋਏ ਅੱਗੇ ਜਾ ਰਹੇ ਸਨ। ਕੁਝ ਵੀ ਨਾ ਸੁਣਦਾ ਹੋਇਆ ਕਾਮਿਲ ਪਿੱਛੇ ਸੀ। ਅੱਗੇ ਜਾ ਕੇ ਗਲੀ ਇਕ ਖੁੱਲ੍ਹੀ ਜਗ੍ਹਾ ਵਿਚ ਨਿਕਲੀ, ਜਿੱਥੇ ਪਿੱਪਲ ਦਾ ਦਰਖ਼ਤ ਸੀ। ਉੱਥੋਂ ਤਿੰਨ ਗਲੀਆਂ ਹੋਰ ਜਾ ਰਹੀਆਂ ਸਨ। ਉਹ ਇਕ ਗਲੀ ਵਿਚ ਵੜੇ, ਫਿਰ ਇਕ ਕੋਠੜੀ ਕੋਲ ਜਾ ਕੇ ਰੁੱਕ ਗਏ। ਦਰਵਾਜ਼ੇ ਦੇ ਅੰਦਰ ਸਾਹਮਣੇ ਜਾਲੀ ਵਾਲੇ ਛੋਟੇ ਬਕਸਿਆਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਸਨ, ਜਿਨ੍ਹਾਂ ਵਿਚ ਮੁਰਗੀਆਂ ਬੰਦ ਸਨ।

ਦਰਵਾਜ਼ਾ ਖੜਕਾਇਆ ਉਨ੍ਹਾਂ ਨੇ। ਕੁਝ ਦੇਰ ਤੱਕ ਖੜਕਾਉਂਦੇ ਰਹੇ।

"ਬੰਦ ਹੈ।" ਕਾਮਿਲ ਨੇ ਉੱਧਰ ਇਸ਼ਾਰਾ ਕੀਤਾ। ਲੋਹੇ ਦੀ ਕੁੰਡੀ ਲੱਗੀ ਹੋਈ ਸੀ। ਉਸ ਵਿਚ ਤਾਲਾ ਲੱਗਾ ਹੋਇਆ ਸੀ।

"ਕਿੱਧਰੇ ਵੀ ਜਾਂਦੇ ਹਨ ਤਾਂ ਦਰਵਾਜ਼ਾ ਖੁੱਲ੍ਹਾ ਛੱਡ ਜਾਂਦੇ ਹਨ। ਫਿਰ ਤਾਲਾ ਤਾਂ ਕਦੇ ਉਨ੍ਹਾਂ ਕੋਲ ਹੁੰਦਾ ਨਹੀਂ ਸੀ।"

ਕਾਮਿਲ ਨੇ ਇੱਧਰ-ਉੱਧਰ ਦੇਖਿਆ। ਮੁਰਗੀਆਂ ਦੀ ਕਤਾਰ ਪਿੱਛੇ ਇਕ ਕਮਰੇ ਅੱਗੇ ਪਏ ਤਖ਼ਤ ਤੇ ਇਕ ਆਦਮੀ ਲੰਮਾ ਪਿਆ ਸੀ।

ਕਾਮਿਲ ਉਸ ਕੋਲ ਗਿਆ।

"ਕਿੱਥੇ ਗਏ ਹਨ ?" ਕਾਮਿਲ ਨੇ ਦਰਵਾਜ਼ੇ ਵੱਲ ਇਸ਼ਾਰਾ ਕੀਤਾ।

"ਮੈਂ ਤਾਂ ਮੁਰਗੀਆਂ ਲੈਣ ਆਇਆ ਹਾਂ।" ਉਸ ਨੇ ਅੱਗੇ ਵੱਲ ਇਸ਼ਾਰਾ ਕੀਤਾ, "ਉਨ੍ਹਾਂ ਨੂੰ ਪਤਾ ਹੋਏਗਾ। ਮੁਰਗੀਆਂ ਉਨ੍ਹਾਂ ਦੀਆਂ ਹਨ।"

ਕਾਮਿਲ ਨੇ ਉੱਧਰ ਦੇਖਿਆ ਜਿੱਧਰ ਉਸ ਨੇ ਇਸ਼ਾਰਾ ਕੀਤਾ ਸੀ। ਗਲੀ ਦਰਵਾਜ਼ੇ ਵਿਚ ਜਾ ਕੇ



ਖਤਮ ਹੋ ਗਈ ਸੀ। ਉੱਥੇ ਕੋਈ ਘਰ ਸੀ। ਲਕੜੀ ਦਾ ਵੱਡਾ ਜਿਹਾ ਫਾਟਕ ਸੀ। ਉਸ ਅੰਦਰ ਕੁਰਸੀ ਤੇ ਬੈਠਾ ਇਕ ਆਦਮੀ ਅਖ਼ਬਾਰ ਪੜ੍ਹ ਰਿਹਾ ਸੀ।

ਕਾਮਿਲ ਨੇ ਬਾਪੂ ਦਾ ਹੱਥ ਫੜ੍ਹਿਆ ਤੇ ਉਸ ਫਾਟਕ ਤੇ ਜਾ ਪੁੱਜਾ। ਆਹਟ ਜਾਂ ਪਰਛਾਵੇਂ ਕਾਰਣ ਉਸ ਆਦਮੀ ਨੇ ਸਿਰ ਚੁੱਕ ਕੇ ਦੇਖਿਆ।

"ਗੁਰੂ ਜੀ ਕਿੱਥੇ ਹਨ ?" ਬਾਪੂ ਨੇ ਅੱਗੇ ਜਾ ਕੇ ਪੁੱਛਿਆ।

ਉਸ ਨੇ ਕੁਝ ਪਲ ਬਾਪੂ ਤੱਕਿਆ, ਫਿਰ ਬਹੁਤ ਹੌਲੀ ਜਿਹੀ ਬੋਲਿਆ, "ਚਾਰ ਦਿਨ ਪਹਿਲਾਂ ਉਹ ਮਿੱਟੀ ਹੋ ਗਏ।"

ਬਾਪੂ ਨੇ ਕਾਮਿਲ ਦਾ ਮੋਢਾ ਫੜ ਲਿਆ। ਉਸ ਆਦਮੀ ਸਾਹਮਣੇ ਇਕ ਹੋਰ ਖਾਲੀ ਕੁਰਸੀ ਪਈ ਸੀ। ਕਾਮਿਲ ਨੇ ਬਾਪੂ ਨੂੰ ਸਹਾਰਾ ਦੇ ਕੇ ਉਸ ਉੱਤੇ ਬਿਠਾ ਦਿੱਤਾ।

"ਇਕ ਕੁਰਸੀ ਲਿਆਓ।" ਉਸ ਆਦਮੀ ਨੇ ਅੰਦਰ ਵੱਲ ਮੂੰਹ ਕਰਕੇ ਆਵਾਜ਼ ਮਾਰੀ। ਇਕ ਮੁੰਡਾ ਕੁਰਸੀ ਲੈ ਆਇਆ। ਕਾਮਿਲ ਉਸ ਉੱਤੇ ਬੈਠ ਗਿਆ।

ਬਾਪੂ ਦਾ ਚਿਹਰਾ ਫਿੱਕਾ ਪੈ ਗਿਆ। ਉਹ ਚੁੱਪਚਾਪ ਕੋਠੜੀ ਦੇ ਬੂਹੇ ਵੱਲ ਦੇਖ ਰਹੇ ਸਨ।

"ਕੀ ਹੋਇਆ ਸੀ ?" ਕਾਮਿਲ ਨੇ ਪੁੱਛਿਆ।

"ਕੀ ਦੱਸਾਂ।" ਉਸ ਨੇ ਉੱਪਰ ਵੱਲ ਇਸ਼ਾਰਾ ਕੀਤਾ। ਕੁਝ ਦੇਰ ਚੁੱਪ ਰਿਹਾ। ਫਿਰ ਬੋਲਿਆ, "ਮੈਂ ਹੀ ਸਭ ਕੁਝ ਕੀਤਾ ਸੀ। ਮੈਨੂੰ ਬਹੁਤ ਮੰਨਦੇ ਸਨ। ਉਨ੍ਹਾਂ ਕੋਲ ਇਕ ਛੋਟਾ ਖਟੋਲਾ ਸੀ। ਇੱਥੇ ਇਸੇ ਦਰਵਾਜ਼ੇ ਬਾਹਰ ਉਸ ਨੂੰ ਰੱਖਦੇ ਤੇ ਉਸ ਤੇ ਸਿਮਟ ਕੇ ਬੈਠ ਜਾਂਦੇ ਸਨ। ਦੇਰ ਤੱਕ ਮੇਰੇ ਨਾਲ ਗੱਲਾਂ ਕਰਦੇ ਸਨ। ਮੌਤ ਤੋਂ ਦੋ ਦਿਨ ਪਹਿਲਾਂ ਮੇਰੇ ਇੱਥੇ ਇਕ ਅਜੀਬ ਵਾਕਿਆ ਹੋਇਆ। ਮੇਰੀ ਇਕ ਮੁਰਗੀ ਰੰਗ ਬਦਲਣ ਲੱਗੀ। ਉਹ ਕਾਲੀ ਸੀ, ਸ਼ਾਮ ਹੁੰਦੇ-ਹੁੰਦੇ ਚਿੱਟੀ ਹੋ ਜਾਂਦੀ ਸੀ। ਸਵੇਰੇ ਫਿਰ ਕਾਲੀ। ਮੈਂ ਬਹੁਤ ਡਰ ਗਿਆ। ਮੈਂ ਕਿਸੇ ਨੂੰ ਕੁਝ ਨਾ ਦੱਸਿਆ। ਬਸ ਉਨ੍ਹਾਂ ਨੂੰ ਜਾ ਕੇ ਦੱਸਿਆ। ਉਹ ਉਸੇ ਖਟੋਲੇ ਤੇ ਬੈਠੇ ਕੁਝ ਗਾ ਰਹੇ ਸਨ। ਮੈਂ ਰੋਕਣਾ ਮੁਨਾਸਿਬ ਨਾ ਸਮਝਿਆ। ਕੁਝ ਦੇਰ ਬਾਅਦ ਜਦੋਂ ਉਨ੍ਹਾਂ ਨੇ ਅੱਖਾਂ ਖੋਲ੍ਹੀਆਂ ਤਾਂ ਮੇਰੇ ਵੱਲ ਦੇਖਿਆ। ਮੈਂ ਮੁਰਗੀ ਬਾਰੇ ਦੱਸਿਆ ਤਾਂ ਉਹ ਉੱਠ ਕੇ ਇੱਥੇ ਇਸ ਜਗ੍ਹਾ ਤੇ ਆਏ। ਉਸ ਵੇਲੇ ਉਹ ਮੁਰਗੀ ਅੱਧੀ ਕਾਲੀ ਅੱਧੀ ਚਿੱਟੀ ਸੀ। ਕੁਝ ਦੇਰ ਉਸ ਨੂੰ ਦੇਖਦੇ ਰਹੇ ਫਿਰ ਮੈਨੂੰ ਕਹਿਣ ਲੱਗੇ,

"ਮੇਰਾ ਸਮਾਂ ਪੂਰਾ ਹੋ ਗਿਆ ਹੈ। ਹੁਣ ਮੈਨੂੰ ਜਾਣਾ ਚਾਹੀਦਾ ਹੈ।"

"ਮੈਨੂੰ ਕੁਝ ਸਮਝ ਨਾ ਆਇਆ। ਸਵੇਰੇ ਉਨ੍ਹਾਂ ਨੇ ਮੈਨੂੰ ਕੋਲ ਬੁਲਾਇਆ। ਮੈਨੂੰ ਨਾਲ ਲੈ ਕੇ ਉਸ ਸੰਸਥਾਂ ਵਿਚ ਗਏ ਜੋ ਮੈਡੀਕਲ ਕਾਲਜ ਲਈ ਦੇਹ-ਦਾਨ ਕਰਵਾਉਂਦੀ ਹੈ। ਉਨ੍ਹਾਂ ਆਪਦੀ ਦੇਹ-ਦਾਨ ਕਰ ਦਿੱਤੀ। ਕਾਗਜ਼ ਤੇ ਦਸਖ਼ਤ ਕਰ ਦਿੱਤੇ। ਮੈਂ ਗਵਾਹ ਬਣਿਆ। ਜ਼ਾਮਿਨ ਵੀ ਕਿ ਉਨ੍ਹਾਂ ਦੇ ਮਰਨ ਦੀ ਖ਼ਬਰ ਕਰ ਦੇਵਾਂਗਾ। ਚਾਰ ਦਿਨ ਪਹਿਲੇ ਸ਼ਾਮ ਨੂੰ ਦਰਵਾਜ਼ੇ ਦੇ ਬਾਹਰ ਖਟੋਲੇ ਤੇ ਬੈਠੇ ਸਨ। ਉਨ੍ਹਾਂ ਨੇ ਮੇਰੇ ਮੁੰਡੇ ਨੂੰ ਕਹਿ ਕੇ ਮੈਨੂੰ ਬੁਲਾਇਆ। ਮੈਂ ਗਿਆ ਤਾਂ ਪੁੱਛਿਆ, "ਹੁਣ ਦੇਖੀ, ਉਹ ਮੁਰਗੀ ਹੁਣ ਵੀ ਰੰਗ ਬਦਲਦੀ ਹੈ।" ਮੈਂ ਨਿਗਾਹ ਰੱਖੀ। ਉਸ ਦਾ ਰੰਗ ਬਦਲਣਾ ਬੰਦ ਹੋ ਗਿਆ। ਮੈਂ ਸਵੇਰੇ ਉਨ੍ਹਾਂ ਨੂੰ ਦੱਸਿਆ। ਉਹ ਖਟੋਲੇ ਤੇ ਲੇਟ ਗਏ। ਬੋਲੇ, ਜਾ ਕੇ ਖ਼ਬਰ ਕਰ ਦੇ। ਮੈਨੂੰ ਲੈ ਜਾਣ। ਫਿਰ ਮੁਸਕਰਾਉਂਦੇ ਰਹੇ, ਦੇਰ ਤੱਕ ਮੁਸਕਰਾਉਂਦੇ ਰਹੇ। ਮੈਂ ਝੁਕਿਆ। ਉਨ੍ਹਾਂ ਨੂੰ ਛੂਹਿਆ। ਉਨ੍ਹਾਂ ਦੀ ਦੇਹ ਮਿੱਟੀ ਹੋ ਚੁੱਕੀ ਸੀ। ਮੈਂ ਜਾ ਕੇ ਖ਼ਬਰ ਕਰ ਦਿੱਤੀ। ਉਹ ਲੋਕ ਆਏ ਤੇ ਉਨ੍ਹਾਂ ਨੂੰ ਲੈ ਗਏ।" ਉਸ ਆਦਮੀ ਨੇ ਗਹਿਰਾ ਸਾਹ ਲਿਆ।

"ਤੇ ਮੁਰਗੀ...ਉਸ ਦਾ ਕੀ ਹੋਇਆ ?" ਕਾਮਿਲ ਨੇ ਹੌਲੀ ਜਿਹੀ ਪੁੱਛਿਆ।

"ਹਾਂ ਬਹੁਤ ਲੱਭਿਆ, ਪਰ ਉਹ ਮਿਲੀ ਨਾ। ਪਿੱਛੇ ਗੋਹੇ ਦੀਆਂ ਪਾਥੀਆਂ ਥੱਪਣ ਵਾਲਾ ਕਹਿੰਦਾ ਹੈ, ਉਸ ਨੂੰ ਉੱਡਦੇ ਹੋਏ ਦੇਖਿਆ ਸੀ। ਮੇਰੀ ਬੀਵੀ ਕਹਿੰਦੀ ਹੈ, ਜੋ ਸਾਹਮਣੇ ਤਖ਼ਤ ਤੇ ਲੇਟਿਆ

ਹੈ, ਉਹ ਚੁੱਕ ਕੇ ਲੈ ਗਿਆ ਹੈ। ਪਤਾ ਨਹੀਂ...।"

"ਉਹ ਤਾਲਾ ਕਿਸ ਦਾ ਹੈ ?"

"ਇਸ ਕੋਠੜੀ ਦਾ ਮਾਲਕ ਆ ਕੇ ਲੱਗਾ ਗਿਆ ਹੈ।"

"ਕਿੱਥੇ ਰਹਿੰਦਾ ਹੈ।"

"ਅੱਗੇ ਉਸ ਦੀ ਸਬਜ਼ੀਆਂ ਦੀ ਵੱਡੀ ਦੁਕਾਨ ਹੈ। ਪਹਿਲਾਂ ਉਹ ਇੱਥੇ ਸਬਜ਼ੀਆਂ ਹੀ ਰੱਖਦਾ ਸੀ। ਬਾਅਦ ਵਿਚ ਉਨ੍ਹਾਂ ਨੂੰ ਦੇ ਦਿੱਤਾ।"

"ਮੈਂ ਆਉਂਦਾ ਹਾਂ।" ਕਾਮਿਲ ਨੇ ਬਾਪੂ ਨੂੰ ਕਿਹਾ। ਉਨ੍ਹਾਂ ਸ਼ਾਇਦ ਸੁਣਿਆ ਹੀ ਨਹੀਂ ਸੀ। ਪੱਥਰ ਵਾਂਗ ਚੁੱਪਚਾਪ ਬੈਠੇ ਸਨ ਉਹ।

ਕਾਮਿਲ ਗਲੀ ਤੋਂ ਹੁੰਦਾ ਹੋਇਆ ਪਿੱਪਲ ਤੱਕ ਆਇਆ। ਉਸ ਨੇ ਕੱਪੜਿਆਂ ਤੇ ਪ੍ਰੈਸ ਕਰ ਰਹੇ ਇਕ ਆਦਮੀ ਤੋਂ ਸਬਜ਼ੀ ਵਾਲੇ ਦੀ ਦੁਕਾਨ ਪੁੱਛੀ। ਸਬਜ਼ੀ ਵਾਲਾ ਸਬਜ਼ੀਆਂ ਸਜਾ ਰਿਹਾ ਸੀ। ਕਾਮਿਲ ਉਸ ਕੋਲ ਗਿਆ। ਉਸ ਨੇ ਉਸ ਤੋਂ ਚਾਬੀ ਮੰਗੀ।

"ਕਿਉਂ ?" ਉਸ ਨੇ ਉੱਪਰ ਤੋਂ ਹੇਠਾਂ ਤੱਕ ਕਾਮਿਲ ਨੂੰ ਦੇਖਿਆ।

"ਇਕ ਵਾਰ ਕੋਠੜੀ ਦੇਖਣੀ ਹੈ।"

"ਤੁਸੀਂ ਕੌਣ ਹੋ ?"

"ਤੁਸੀਂ ਆਪ ਨਾਲ ਚਲੋ। ਆਪ ਹੀ ਤਾਲਾ ਖੋਲ੍ਹ ਦਿਓ। ਮੇਰੇ ਪਿਤਾ ਦੇ ਗੁਰੂ ਸਨ ਉਹ। ਇਕ ਵਾਰ ਕੋਠੜੀ ਦੇ ਦਰਸ਼ਨ ਕਰਕੇ ਚਲੇ ਜਾਣਗੇ।"

"ਤਾਲਾ ਨਹੀਂ ਖੁੱਲ੍ਹੇਗਾ।" ਉਹ ਆਦਮੀ ਫਿਰ ਝੁੱਕ ਕੇ ਸੁੱਕੀਆਂ ਭਿੰਡੀਆਂ ਤੇ ਘੀਆ ਸਜਾਉਣ ਲੱਗ ਪਿਆ। ਕਾਮਿਲ ਨੇ ਉਸ ਦੇ ਵਾਲ ਫੜ ਲਏ। ਵਾਲਾਂ ਤੋਂ ਖਿੱਚਦੇ ਹੋਏ ਉਸ ਦਾ ਸਿਰ ਚੁੱਕਿਆ। ਉਹ ਸਿੱਧਾ ਹੋ ਗਿਆ। ਕਾਮਿਲ ਦੀਆਂ ਉਂਗਲਾਂ ਉਸ ਦੇ ਵਾਲਾਂ ਤੇ ਕਸਦੀਆਂ ਗਈਆਂ। ਉਸ ਦੀਆਂ ਅੱਖਾਂ ਲਾਲ ਹੋ ਕੇ ਬਾਹਰ ਨਿਕਲਣ ਲੱਗੀਆਂ।

"ਖੋਲ੍ਹੇਗਾਂ ?" ਕਾਮਿਲ ਨੇ ਉਂਗਲਾਂ ਦੀ ਜਕੜਨ ਹੋਰ ਕੱਸਦੇ ਹੋਏ ਪੁੱਛਿਆ। ਕਾਮਿਲ ਨੇ ਉਸ ਦੇ ਸਿਰ ਨੂੰ ਇੰਝ ਝਟਕੇ ਦਿੱਤੇ ਜਿਵੇਂ ਉਸ ਦੇ ਸਾਰੇ ਵਾਲ ਜੜਾਂ ਸਮੇਤ ਹੀ ਖਿੱਚ ਲਵੇਗਾ।

"ਹਾਂ।" ਉਸ ਨੇ ਜੇਬ੍ਹ ਵਿਚੋਂ ਇਕ ਚਾਬੀ ਕੱਢੀ। ਕਾਮਿਲ ਉਸੇ ਤਰ੍ਹਾਂ ਵਾਲਾਂ ਤੋਂ ਘੜੀਸਦੇ ਹੋਏ ਅੱਗੇ ਘਸੀਟਣ ਲੱਗਾ। ਕੁਝ ਕਦਮ ਲੜਖੜਾਉਣ ਮਗਰੋਂ ਉਹ ਸਿੱਧੇ ਹੋ ਕੇ ਤੁਰਨ ਲੱਗੇ।

ਕੋਠੜੀ ਕੋਲ ਆ ਕੇ ਉਸ ਨੇ ਤਾਲਾ ਖੋਲ੍ਹ ਦਿੱਤਾ। ਕਾਮਿਲ, ਬਾਪੂ ਨੂੰ ਸਹਰਾ ਦੇ ਕੇ ਲੈ ਆਇਆ। ਪਿੱਛੇ ਉਹ ਸੱਜਣ ਵੀ ਸਨ, ਜੋ ਅਖ਼ਬਾਰ ਪੜ੍ਹ ਰਹੇ ਸਨ।

ਕੋਠੜੀ ਅੰਦਰ ਹਲਕਾ ਹਨ੍ਹੇਰਾ ਸੀ। ਕੁਝ ਪਲਾਂ ਵਿਚ ਸਭ ਕੁਝ ਦਿੱਸਣ ਲੱਗ ਪਿਆ। ਪੂਰੀ ਕੋਠੜੀ ਖਾਲੀ ਸੀ। ਕੁਝ ਵੀ ਨਹੀਂ ਸੀ। ਨਾ ਅੰਨ, ਨਾ ਕੱਪੜੇ, ਨਾ ਜਲ ਦੀ ਬੂੰਦ, ਕੋਨੇ ਵਿਚ ਇਕ ਛੋਟਾ ਜਿਹਾ ਖਟੋਲਾ ਪਿਆ ਸੀ।

ਬਾਪੂ ਕੁਝ ਦੇਰ ਤੱਕ ਦਰਵਾਜ਼ੇ ਵਿਚ ਖੜ੍ਹੇ ਰਹੇ, ਫਿਰ ਹੌਲੀ ਜਿਹੇ ਅੰਦਰ ਗਏ। ਖਟੋਲੇ ਨੂੰ ਛੂਹਿਆ, ਫਿਰ ਜ਼ਾਰ-ਜ਼ਾਰ ਰੋਣ ਲੱਗ ਪਏ। ਕੁਝ ਦੇਰ ਰੋਣ ਮਗਰੋਂ ਉਹ ਉੱਠ ਖੜੇ ਹੋਏ।

"ਮੈਨੂੰ ਇਹ ਚਾਹੀਦਾ ਹੈ। ਹੁਣੇ...ਇਸ ਵੇਲੇ।" ਉਨ੍ਹਾਂ ਨੇ ਖਟੋਲੇ ਵੱਲ ਇਸ਼ਾਰਾ ਕਰਦੇ ਹੋਏ ਕਾਮਿਲ ਨੂੰ ਕਿਹਾ।

ਕਾਮਿਲ ਨੇ ਝੁੱਕ ਕੇ ਖਟੋਲਾ ਚੁੱਕ ਲਿਆ। ਜੇਬ੍ਹ ਤੋਂ ਰੁਪਏ ਕੱਢੇ ਤੇ ਉਸ ਨੇ ਸਬਜ਼ੀ ਵਾਲੇ ਨੂੰ ਦਿੱਤੇ।



ਇਕ ਹੱਥ ਵਿਚ ਖਟੋਲਾ ਤੇ ਦੂਜੇ ਹੱਥ ਨਾਲ ਆਪਣੇ ਬਾਪੂ ਨੂੰ ਫੜੇ, ਉਹ ਪਿੱਪਲ ਤੱਕ ਆਇਆ। ਉੱਥੇ ਇਕ ਰਿਕਸ਼ਾ ਖੜ੍ਹਾ ਸੀ। ਬਾਪੂ ਨੂੰ ਸਹਾਰਾ ਦੇ ਕੇ ਉਸ ਨੇ ਰਿਕਸ਼ੇ ਤੇ ਬਿਠਾਇਆ। ਰਿਕਸ਼ੇ ਦੇ ਹੁੱਡ ਤੇ ਖਟੋਲਾ ਚੜ੍ਹਾ ਦਿੱਤਾ। ਬਾਪੂ ਕੋਲ ਹੀ ਕਾਮਿਲ ਵੀ ਬੈਠ ਗਿਆ। ਰਿਕਸ਼ੇ ਵਾਲੇ ਨੇ ਮੱਥੇ ਤੇ ਕੱਪੜਾ ਲਪੇਟਿਆ ਤੇ ਗੱਦੀ ਤੇ ਬੈਠ ਪੈਂਡਲ ਮਾਰਦੇ ਹੋਏ ਦੂਜੀ ਵੱਡੀ ਗਲੀ ਤੋਂ ਬਾਹਰ ਨਿਕਲ ਗਿਆ।

ਰਿਕਸ਼ਾ ਰੁਕਿਆ ਤੇ ਕਾਮਿਲ ਨੇ ਉਨ੍ਹਾਂ ਨੂੰ ਉਤਾਰਿਆ। ਪੱਥਰ ਦੀ ਲਾਲ ਬੈਂਚ ਤੇ ਬੈਠੇ ਦੋ ਮੁੰਡਿਆਂ ਨੂੰ ਇਸ਼ਾਰਾ ਕੀਤਾ। ਉਨ੍ਹਾਂ ਰਿਕਸ਼ੇ ਤੋਂ ਖਟੋਲਾ ਚੁੱਕ ਲਿਆ।

"ਪੈਸੇ ਦੇ ਕੇ ਉੱਪਰ ਆਓ।" ਕਾਮਿਲ ਨੇ ਇਕ ਨੂੰ ਕਿਹਾ।

ਸੰਭਾਲਦੇ ਹੋਏ ਉਹ ਬਾਪੂ ਨੂੰ ਪੌੜੀਆਂ ਤੋਂ ਉੱਪਰ ਲੈ ਆਇਆ। ਘਰ ਦਾ ਦਰਵਾਜ਼ਾ ਖੁੱਲ੍ਹਾ ਸੀ। ਵੱਡਾ ਭਰਾ ਆਪਣੇ ਕਮਰੇ ਦਾ ਤਾਲਾ ਖੋਲ੍ਹ ਕੇ ਕੁਝ ਰੱਖਣ ਆਇਆ ਸੀ। ਘਰ ਦੀ ਇਕ ਚਾਬੀ ਉਸ ਕੋਲ ਵੀ ਹੁੰਦੀ ਸੀ। ਬਿੜਕ ਸੁਣ ਕੇ ਉਹ ਬਾਹਰ ਨਿਕਲ ਆਇਆ।

"ਕੀ ਹੋਇਆ ?" ਬਾਪੂ ਦੀ ਹਾਲਤ ਦੇਖ ਕੇ ਉਸ ਨੇ ਪੁੱਛਿਆ।

"ਕੁਝ ਨਹੀਂ...ਥੋੜ੍ਹੀ ਤਬੀਅਤ ਖਰਾਬ ਹੈ।" ਕਾਮਿਲ ਨੇ ਕਿਹਾ। ਫਿਰ ਉਹ ਕੱਪੜੇ ਪਾ ਕੇ ਪਰਦਾ ਹਟਾ ਕੇ ਆਪਣੇ ਕਮਰੇ ਵਿਚ ਚਲਾ ਗਿਆ।

ਕੋਠੜੀ ਵਿਚ ਕਾਮਿਲ ਨੇ ਉਨ੍ਹਾਂ ਨੂੰ ਲਿਟਾ ਦਿੱਤਾ। ਚੌਂਕੀ ਤੇ ਪਿਆ ਟੇਬਲ ਫੈਨ ਚਲਾ ਦਿੱਤਾ। ਲੇਟ ਕੇ ਉਹ ਗਹਿਰੇ ਸਾਹ ਲੈਣ ਲੱਗ ਪਏ। ਚਿਹਰੇ ਤੇ ਫਿਰ ਪਸੀਨਾ ਆ ਗਿਆ। ਪਿੱਛੇ ਉਹ ਦੋਵੇਂ ਖਟੋਲੇ ਨੂੰ ਲੈ ਆਏ। ਕਾਮਿਲ ਨੇ ਉਸ ਨੂੰ ਦੀਵਾਰ ਨਾਲ ਖੜ੍ਹਾ ਕਰ ਦਿੱਤਾ। ਮੁੰਡੇ ਵਾਪਿਸ ਚਲੇ ਗਏ।

ਦੁਪਹਿਰ ਹੋ ਗਈ ਸੀ। ਰੋਟੀ ਪਕਾਉਣ ਵਾਲੀ ਘਰ ਬੰਦ ਦੇਖ ਕੇ ਵਾਪਸ ਮੁੜ ਗਈ ਸੀ।

ਕਾਮਿਲ ਨੇ ਰਸੋਈ ਵਿਚ ਆ ਕੇ ਪਾਣੀ ਪੀਤਾ, ਫਿਰ ਭਰਾ ਦੇ ਕਮਰੇ ਬਾਹਰ ਰੁੱਕ ਗਿਆ।

"ਤੇਰੀ ਵੀ ਰੋਟੀ ਲੈ ਆਵਾਂ ?" ਕਾਮਿਲ ਨੇ ਪੁੱਛਿਆ।

ਪਰਦਾ ਚੁੱਕ ਕੇ ਉਹ ਬਾਹਰ ਆਇਆ।

"ਹਾਂ।" ਉਸ ਨੇ ਕਿਹਾ, ਫਿਰ ਪਿਤਾ ਨੂੰ ਦੇਖਣ ਕੋਠੜੀ ਵਿਚ ਚਲਾ ਗਿਆ। ਕਾਮਿਲ ਹੇਠਾਂ ਜਾਣ ਲਈ ਖੁੱਲ੍ਹੀ ਜਗ੍ਹਾ ਤੇ ਆਇਆ। ਉਦੋਂ ਹੀ ਉਸ ਨੂੰ ਭਰਾ ਦੀ ਤੇਜ਼ ਚੀਖ਼ ਸੁਣਾਈ ਦਿੱਤੀ। ਕਾਮਿਲ ਵਾਪਸ ਕੋਠੜੀ ਵੱਲ ਭੱਜਿਆ। ਉਹ ਅਚੇਤ ਪਏ ਸਨ।

"ਸਵੇਰੇ ਵੀ ਚੱਕਰ ਆਇਆ ਸੀ। ਮੈਂ ਗੱਡੀ ਲਿਆਉਂਦਾ ਹਾਂ। ਹਸਪਤਾਲ ਲੈ ਕੇ ਚੱਲਦੇ ਹਾਂ।" ਕਾਮਿਲ ਪੌੜੀਆਂ ਤੋਂ ਹੇਠਾਂ ਭੱਜਿਆ। ਪੱਥਰ ਦੀ ਬੈਂਚ ਤੇ ਦੋਵੇਂ ਮੁੰਡੇ ਅਜੇ ਵੀ ਬੈਠੇ ਸਨ।

"ਛੇਤੀ ਉੱਪਰ ਜਾਓ...ਬਾਪੂ, ਬੇਹੋਸ਼ ਹੋ ਗਏ ਹਨ...ਉਨ੍ਹਾਂ ਨੂੰ ਸੰਭਾਲ ਕੇ ਉਤਾਰ ਲਿਆਓ। ਮੈਂ ਗੱਡੀ ਕਰਦਾ ਹਾਂ। ਕੁਝ ਮੁੰਡਿਆਂ ਨੂੰ ਹੋਰ ਬੁਲਾ ਲਿਆਓ।" ਦੌੜਦੇ ਹੋਏ ਕਾਮਿਲ ਦੂਸਰੀ ਸੜਕ ਤੇ ਖੜੀ ਆਪਣੀ ਜੀਪ ਵੱਲ ਦੌੜਿਆ। ਜੀਪ ਨੂੰ ਘੁੰਮਾ ਕੇ ਉਹ ਲੈ ਆਇਆ। ਜੀਪ ਖੁੱਲ੍ਹੀ ਛੱਤ ਵਾਲੀ ਸੀ। ਕੁਝ ਹੀ ਪਲਾਂ ਵਿਚ ਇਕ ਮੁੰਡਾ ਉਨ੍ਹਾਂ ਨੂੰ ਗੋਦੀ ਵਿਚ ਚੁੱਕ ਕੇ ਲੈ ਆਇਆ ਸੀ। ਦੂਸਰੇ ਮੁੰਡੇ ਤੇ ਭਰਾ ਪਿੱਛੇ ਸਨ।

"ਲਿਟਾ ਦਿਓ।" ਕਾਮਿਲ ਨੇ ਪਿੱਛੇ ਵਾਲੀ ਸੀਟ ਵੱਲ ਇਸ਼ਾਰਾ ਕੀਤਾ।

ਮੁੰਡਿਆਂ ਨੇ ਉਨ੍ਹਾਂ ਨੂੰ ਲਿਟਾ ਦਿੱਤਾ। ਭਰਾ ਨਾਲ ਬੈਠ ਗਿਆ। ਉਦੋਂ ਤੱਕ ਦੋ ਮੁੰਡੇ ਹੋਰ ਆ ਗਏ। ਉਹ ਸਾਰੇ, ਜਿੱਥੇ ਜਿਸ ਨੂੰ ਜਗ੍ਹਾ ਮਿਲੀ, ਜੀਪ ਵਿਚ ਵੜ੍ਹ ਗਏ। ਕਾਮਿਲ ਨੇ ਜੀਪ ਭੱਜਾ ਦਿੱਤੀ। ਕੁਝ ਹੀ ਮਿੰਟਾਂ ਵਿਚ ਉਹ ਉਰਮਿਲਾ ਹਸਪਤਾਲ ਪਹੁੰਚ ਗਏ।

ਐਮਰਜੈਂਸੀ ਦੇ ਬਾਹਰ ਗੱਡੀ ਰੋਕ ਦਿੱਤੀ ਕਾਮਿਲ ਨੇ। ਉੱਥੇ ਸੰਨਾਟਾ ਸੀ। ਇਕ ਡਾਕਟਰ

ਡਿਊਟੀ ਤੇ ਸੀ। ਇਕ ਮੁੰਡਾ ਭੱਜ ਕੇ ਉਸ ਨੂੰ ਪਕੜ ਲਿਆਇਆ। ਦੂਸਰੇ ਦੋ ਮੁੰਡੇ ਸਟ੍ਰੇਚਰ ਘਸੀਟ ਲਿਆਏ। ਮੁੰਡੇ ਉਨ੍ਹਾਂ ਨੂੰ ਅੰਦਰ ਲੈ ਗਏ। ਡਾਕਟਰ ਨੇ ਨਬਜ਼ ਦੇਖੀ। ਬਲੱਡ ਪ੍ਰੈਸ਼ਰ ਚੈੱਕ ਕੀਤਾ। ਬਹੁਤ ਜ਼ਿਆਦਾ ਸੀ।

"ਹਾਈ ਬਲੱਡ ਪ੍ਰੈਸ਼ਰ ਹੈ। ਬ੍ਰੇਨ ਸਟ੍ਰੋਕ ਹੋਇਆ ਹੈ। ਲਕਵੇ ਦਾ ਹਲਕਾ ਅਟੈਕ ਹੈ। ਹੋਸ਼ ਵਿਚ ਆਉਣ ਤਾਂ ਪਤਾ ਲੱਗੇ ਕਿ ਕਿੱਥੇ ਕੀ ਅਸਰ ਹੋਇਆ ਹੈ।" ਬੋਲਦੇ ਹੋਏ ਡਾਕਟਰ ਨੇ ਇਕ ਕਾਗਜ਼ ਤੇ ਦਵਾਈਆਂ ਤੇ ਦੂਸਰੇ ਸਾਮਾਨ ਵੀ ਲਿਖਦਾ ਜਾ ਰਿਹਾ ਸੀ।

"ਇਹ ਲੈ ਆਓ ਛੇਤੀ।"

ਕਾਮਿਲ ਨੇ ਪਰਚਾ ਲੈ ਲਿਆ। ਉੱਦੋਂ ਤੱਕ ਭਰਾ ਅਤੇ ਮੁੰਡੇ ਡਾਕਟਰ ਦੀ ਮਦਦ ਵਿਚ ਜੁੱਟ ਗਏ।

ਕਾਮਿਲ ਜਦੋਂ ਤੱਕ ਆਇਆ, ਉਦੋਂ ਤੱਕ ਸਟ੍ਰੇਚਰ ਤੋਂ ਉਤਾਰ ਉਨ੍ਹਾਂ ਨੂੰ ਪਲੰਘ ਤੇ ਲਿਟਾ ਕੇ ਗੁਲੂਕੋਜ਼ ਚੜ੍ਹਾ ਦਿੱਤਾ ਗਿਆ ਸੀ। ਉੱਪਰ ਦੇ ਕੱਪੜੇ ਖੋਲ੍ਹ, ਚੱਦਰ ਪਾ ਦਿੱਤੀ ਗਈ ਸੀ। ਇਕ ਨਰਸ ਚਾਰਟ ਬਣਾ ਰਹੀ ਸੀ।

ਕਾਮਿਲ ਨੇ ਦਵਾਈਆਂ ਡਾਕਟਰ ਨੂੰ ਦੇ ਦਿੱਤੀਆਂ।

"ਘਬਰਾਓ ਨਾ।" ਉਸ ਨੇ ਕਾਮਿਲ ਦੇ ਮੋਢੇ ਤੇ ਹੱਥ ਰੱਖਿਆ, "ਸਭ ਕੁਝ ਕੰਟਰੋਲ ਵਿਚ ਹੈ।"

ਇਕ ਕਮਰੇ ਦੇ ਕੋਨੇ ਵਿਚ ਉਨ੍ਹਾਂ ਦਾ ਪਲੰਘ ਲੱਗਾ ਹੋਇਆ ਸੀ। ਕਾਮਿਲ ਪਲੰਘ ਕੋਲ ਪਏ ਸਟੂਲ ਤੇ ਬੈਠ ਗਿਆ। ਹੁਣ ਠੀਕ ਤਰ੍ਹਾਂ ਨਾਲ ਉਸ ਨੇ ਦੇਖਿਆ। ਖਿੜਕੀ ਦੀ ਰੋਸ਼ਨੀ ਵਿਚ ਉਨ੍ਹਾਂ ਦਾ ਚਿਹਰਾ ਪੀਲਾ ਦਿੱਸ ਰਿਹਾ ਸੀ। ਲਹੂ ਜਿਵੇਂ ਨਿਚੁੜ ਗਿਆ ਸੀ। ਹੇਠਲਾ ਹੋਂਠ ਇਕ ਪਾਸਿਓਂ ਥੋੜ੍ਹਾ ਜਿਹਾ ਟੇਡਾ ਹੋ ਗਿਆ ਸੀ। ਕਾਮਿਲ ਨੇ ਉਸ ਪਾਸੇ ਦਾ ਹੱਥ ਦੇਖਿਆ। ਹਥੇਲੀ ਦੀਆਂ ਦੋ ਉਂਗਲਾਂ ਵੀ ਟੇਢੀਆਂ ਸਨ। ਕਾਮਿਲ ਨੇ ਉਨ੍ਹਾਂ ਦੀ ਹਥੇਲੀ ਤੇ ਆਪਣਾ ਹੱਥ ਰੱਖ ਦਿੱਤਾ।

"ਤੂੰ ਰੁੱਕ।" ਭਰਾ ਪਿੱਛੋਂ ਆਇਆ, "ਮੈਂ ਆਪਣੇ ਘਰ ਜਾ ਕੇ ਤੇਰਾ ਖਾਣਾ, ਕੱਪੜੇ ਵਗੈਰਾ ਲੈ ਕੇ ਆਉਂਦਾ ਹਾਂ।"

ਕਾਮਿਲ ਨੇ ਜੀਪ ਦੀ ਚਾਬੀ ਵਧਾ ਦਿੱਤੀ।

"ਮੋਟਰ ਸਾਈਕਲ ਘਰ ਹੈ। ਇਹ ਤੂੰ ਰੱਖ। ਪਤਾ ਨਹੀਂ, ਕੀ ਲੋੜ ਪੈ ਜਾਏ।" ਕਾਮਿਲ ਨੇ ਸਿਰ ਹਿਲਾ ਦਿੱਤਾ।

"ਵੱਡੇ ਭਰਾ ਨੂੰ ਦੱਸ ਦੇਂਦਾ ਹਾਂ।"

ਕਾਮਿਲ ਕੁਝ ਨਾ ਬੋਲਿਆ। ਭਰਾ ਚਲਾ ਗਿਆ। ਮੁੰਡਿਆਂ ਨੇ ਕਾਮਿਲ ਨੂੰ ਘੇਰ ਲਿਆ।

"ਤੂੰ ਜਾ ਕੇ ਘਰ ਬੰਦ ਕਰ ਆ।" ਕਾਮਿਲ ਨੂੰ ਇਕ ਮੁੰਡੇ ਕਿਹਾ, "ਮੂਨ ਨੂੰ ਲੱਭ ਕੇ ਇੱਥੇ ਭੇਜ।" ਕਾਮਿਲ ਨੇ ਦੂਸਰੇ ਨੂੰ ਕਿਹਾ, "ਤੇ ਤੁਸੀਂ ਦੋਵੇਂ ਇੱਥੇ ਰੁਕੋ।"

ਦੋ ਮੁੰਡੇ ਚਲੇ ਗਏ। ਬਾਕੀ ਕਮਰੇ ਦੇ ਬਾਹਰ ਪਈ ਬੈਂਚ ਤੇ ਬੈਠ ਗਏ। ਡਾਕਟਰ ਦਵਾਈਆਂ ਲੈ ਆਇਆ। ਕੁਝ ਉਸ ਨੇ ਗੁਲੂਕੋਜ਼ ਵਿਚ ਪਾ ਦਿੱਤੀਆਂ। ਕੁਝ ਬੂੰਦਾਂ ਮੂੰਹ ਵਿਚ ਪਾ ਦਿੱਤੀਆਂ।

"ਕਦੋਂ ਤੱਕ ਹੋਸ਼ ਆਏਗਾ ?" ਕਾਮਿਲ ਨੇ ਪੁੱਛਿਆ।

"ਸ਼ਾਮ ਤੱਕ ਆ ਜਾਣਾ ਚਾਹੀਦਾ ਹੈ। ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਸਨ।"

ਕਾਮਿਲ ਕੁਝ ਪਲ ਚੁੱਪ ਰਿਹਾ, ਫਿਰ ਰੋਣਹਾਕੀ ਆਵਾਜ਼ ਵਿਚ ਬੋਲਿਆ,

"ਬਸ ਬਚਾ ਲਓ ਡਾਕਟਰ ਸਾਹਿਬ...ਕਿਸੇ ਵੀ ਤਰ੍ਹਾਂ।"

ਡਾਕਟਰ ਨੇ ਉਂਗਲੀ ਨਾਲ ਉੱਪਰ ਵੱਲ ਇਸ਼ਾਰਾ ਕੀਤਾ ਤੇ ਚਲਾ ਗਿਆ।



ਸ਼ਾਮ ਨੂੰ ਉਨ੍ਹਾਂ ਨੂੰ ਹੋਸ਼ ਆਇਆ।

ਕਾਮਿਲ ਇਕ ਪਲ ਵੀ ਉਨ੍ਹਾਂ ਦੇ ਸਿਰਹਾਣੇ ਤੋਂ ਨਹੀਂ ਹਿੱਲਿਆ ਸੀ। ਕਮਰੇ ਦੇ ਬਾਹਰ ਬੈਠੇ ਦੋਵੇਂ ਮੁੰਡੇ ਜ਼ਰੂਰਤ ਦੀਆਂ ਚੀਜ਼ਾਂ ਲਿਆਉਂਦੇ ਰਹੇ ਸਨ। ਭਰਾ ਆਪਣੇ ਘਰੋਂ ਜਾ ਕੇ ਰੋਟੀ-ਪਾਣੀ ਲੈ ਆਇਆ ਸੀ। ਕੁਝ ਕੱਪੜੇ, ਤੌਲੀਆ, ਸਾਬੁਣ ਵਗੈਰਾ ਵੀ। ਕਾਮਿਲ ਨੇ ਐਮਰਜੈਂਸੀ ਦੇ ਬਾਹਰ ਬਣੇ ਛੋਟੇ ਜਿਹੇ ਬਗੀਚੇ ਵਿਚ ਦਰਖ਼ਤ ਹੇਠ ਬੈਠ ਕੇ ਰੋਟੀ ਖਾ ਲਈ ਸੀ।

ਜਦੋਂ ਉਨ੍ਹਾਂ ਨੂੰ ਹੋਸ਼ ਆਇਆ, ਸੂਰਜ ਡੁੱਬਣ ਵਾਲਾ ਸੀ। ਗੰਗਾ ਪਾਰ ਤੋਂ ਮੁੜਦੇ ਪਰਿੰਦਿਆਂ ਨਾਲ ਆਕਾਸ਼ ਭਰਿਆ ਪਿਆ ਸੀ। ਲਾਲ ਅਤੇ ਸੁਨਹਿਰੇ ਆਸਮਾਨ ਤੋਂ ਪਤੰਗਾਂ ਉੱਡਣ ਲੱਗੀਆਂ ਸਨ। ਉਸ ਦੇ ਇਕ ਹਿੱਸੇ ਤੇ ਚਿਮਨੀ ਤੋਂ ਉੱਠਦੇ ਕਾਲੇ ਧੂੰਏਂ ਦੇ ਟੁਕੜੇ ਤੈਰ ਰਹੇ ਸਨ।

ਪਹਿਲਾਂ ਕਰਾਹੁਣ ਦੀ ਆਵਾਜ਼ ਆਈ, ਫਿਰ ਉਨ੍ਹਾਂ ਦੇ ਇਕ ਅੰਗ ਵਿਚ ਹਰਕਤ ਹੋਈ। ਉਨ੍ਹਾਂ ਅੱਖਾਂ ਖੋਲ੍ਹੀਆਂ। ਬਹੁਤ ਥੋੜ੍ਹੀਆਂ। ਪਹਿਲੀ ਨਜ਼ਰ ਕਾਮਿਲ ਤੇ ਪਈ। ਕਾਮਿਲ ਥੋੜ੍ਹਾ ਝੁਕਿਆ। ਉਸ ਨੇ ਉਨ੍ਹਾਂ ਦੀ ਤਲੀ ਤੇ ਆਪਣੀ ਤਲੀ ਰੱਖ ਦਿੱਤੀ। ਉਨ੍ਹਾਂ ਦੀਆਂ ਅੱਖਾਂ ਵਿਚ ਕੋਈ ਭਾਵ ਨਹੀਂ ਸੀ। ਖਾਲੀ ਅੱਖਾਂ ਕਮਰੇ ਦੀ ਧੁੰਧਲੀ ਰੋਸ਼ਨੀ ਵਿਚ ਕਾਮਿਲ ਦੀਆਂ ਅੱਖਾਂ ਨਾਲ ਫਿਸਲਦੀਆਂ ਗਈਆਂ। ਅੱਖਾਂ ਕੁਝ ਦੇਰ ਛੱਤ ਤੇ ਰੁਕੀਆਂ, ਫਿਰ ਦੀਵਾਰਾਂ ਤੇ, ਫਿਰ ਵਾਪਿਸ ਕਾਮਿਲ ਤੇ ਟਿਕ ਗਈਆਂ।

ਕਾਮਿਲ ਉੱਠ ਕੇ ਬਾਹਰ ਬੈਠੇ ਡਾਕਟਰ ਕੋਲ ਗਿਆ। ਉਸ ਦੀ ਡਿਊਟੀ ਖਤਮ ਹੋ ਗਈ ਸੀ। ਉਹ ਜਾ ਰਿਹਾ ਸੀ। ਡਿਊਟੀ ਤੇ ਆਏ ਨਵੇਂ ਡਾਕਟਰ ਨੂੰ ਚਾਰਟ ਵਿਚ ਕੁਝ ਸਮਝਾ ਰਿਹਾ ਸੀ। ਕਾਮਿਲ ਨੇ ਦੱਸਿਆ ਕਿ ਹੋਸ਼ ਆ ਗਿਆ ਹੈ। ਉਹ ਨਵੇਂ ਡਾਕਟਰ ਨੂੰ ਨਾਲ ਲੈ ਕੇ ਕਮਰੇ ਵਿਚ ਆਇਆ। ਉਸ ਨੇ ਝੁੱਕ ਕੇ ਨਬਜ਼ ਦੇਖੀ। ਨਾਲ ਹੀ ਨਰਸ ਨੇ ਬਲੱਡ ਪ੍ਰੈਸ਼ਰ ਨਾਪਿਆ। ਉਹ ਭਾਵ ਹੀਣ ਅੱਖਾਂ ਨਾਲ ਸਾਰਿਆਂ ਵੱਲ ਤੱਕਦੇ ਰਹੇ। ਦੋ ਵਾਰ ਟੇਢੇ ਹੋਏ ਹੋਂਠਾਂ ਤੋਂ ਆਹ ਨਿਕਲੀ। ਕੁਝ ਥੁੱਕ ਨਿਕਲਿਆ। ਕਾਮਿਲ ਨੇ ਤੌਲੀਏ ਨਾਲ ਥੁੱਕ ਪੂੰਝ ਦਿੱਤਾ।

"ਕੀ ਹਾਲ ਹੈ ?" ਡਾਕਟਰ ਨੇ ਝੁੱਕ ਕੇ ਪੁੱਛਿਆ। ਉਹ ਕੁਝ ਨਾ ਬੋਲੇ।

"ਤੁਹਾਡਾ ਨਾਂ ਕੀ ਹੈ ?" ਡਾਕਟਰ ਨੇ ਪੁੱਛਿਆ।

ਉਹ ਕੁਝ ਨਾ ਬੋਲੇ।

"ਇਨ੍ਹਾਂ ਨੂੰ ਪਛਾਣਦੇ ਹੋ ?" ਡਾਕਟਰ ਨੇ ਕਾਮਿਲ ਵੱਲ ਇਸ਼ਾਰਾ ਕੀਤਾ।

ਉਨ੍ਹਾਂ ਸਿਰ ਘੁੰਮਾ ਕੇ ਕਾਮਿਲ ਵੱਲ ਤੱਕਿਆ। ਫਿਰ ਥੱਕ ਕੇ ਅੱਖਾਂ ਬੰਦ ਕਰ ਲਈਆਂ।

"ਘਬਰਾਓ ਨਾ" ਡਾਕਟਰ ਨੇ ਕਾਮਿਲ ਦੇ ਮੋਢੇ ਤੇ ਹੱਥ ਰੱਖਿਆ।

"ਸ਼ੁਰੂ ਵਿਚ ਹੁੰਦਾ ਹੈ। ਦੋ ਦਿਨ ਵਿਚ ਸਾਰਿਆਂ ਨੂੰ ਪਛਾਨਣ ਲੱਗਣਗੇ। ਅਜੇ ਦਵਾ ਦੀ ਖੁਰਾਕ ਪਹੁੰਚੀ ਹੀ ਕਿੰਨੀ ਹੈ ? ਉਨ੍ਹਾਂ ਦੇ ਸਰੀਰ ਉੱਤੇ ਦਵਾਈਆਂ ਦਾ ਚੰਗਾ ਅਸਰ ਦਿੱਸ ਰਿਹਾ ਹੈ।" ਉਸ ਨੇ ਨਵੇਂ ਡਾਕਟਰ ਵੱਲ ਇਸ਼ਾਰਾ ਕੀਤਾ, "ਰਾਤੀਂ ਇਹ ਡਿਊਟੀ ਤੇ ਰਹਿਣਗੇ। ਮੈਂ ਸਭ ਸਮਝਾ ਦਿੱਤਾ ਹੈ। ਤੁਸੀਂ ਇੱਥੇ ਹੀ ਰੁੱਕੋ। ਕੋਈ ਵੀ ਲੋੜ ਪੈ ਸਕਦੀ ਹੈ। ਇਕ ਪਲੰਘ ਅਜੇ ਖਾਲੀ ਹੈ। ਤੁਸੀਂ ਉਸ ਉੱਤੇ ਸੌਂ ਸਕਦੇ ਹੋ। ਕਲ੍ਹ ਤੱਕ ਇੱਥੇ ਰੱਖਾਂਗੇ, ਫਿਰ ਕਮਰੇ ਵਿਚ ਭੇਜ ਦੇਵਾਂਗੇ। ਤੁਸੀਂ ਕਲ੍ਹ ਇਕ ਪ੍ਰਾਈਵੇਟ ਕਮਰਾ ਬੁੱਕ ਕਰਵਾ ਲਓ। ਘੱਟੋ-ਘੱਟ ਸੱਤ ਦਿਨਾਂ ਲਈ।"

ਕਾਮਿਲ ਚੁੱਪਚਾਪ ਸੁਣ ਰਿਹਾ ਸੀ। ਭਰਾ ਵੀ ਉਦੋਂ ਤੱਕ ਆ ਗਿਆ ਸੀ। ਡਾਕਟਰ ਦੱਸ ਰਿਹਾ ਸੀ,

"ਬਾਅਦ ਵਿਚ ਤੁਸੀਂ ਉਨ੍ਹਾਂ ਨੂੰ ਲੈ ਜਾਣਾ। ਇਹ ਚੰਗੀ ਗੱਲ ਹੈ ਕਿ ਬਹੁਤ ਹਲਕਾ ਜਿਹਾ

ਅਟੈਕ ਹੋਇਆ ਹੈ। ਸ਼ਾਇਦ ਕੁਝ ਦਿਨਾਂ ਤੱਕ ਜ਼ਬਾਨ ਨਾਲ ਬਹੁਤ ਸਾਫ਼ ਨਾ ਬੋਲ ਸਕਣ। ਸ਼ਾਇਦ ਸਿੱਧੇ ਪੈਰ ਵੀ ਨਾ ਰੱਖ ਸਕਣ। ਪਰ ਸਮੇਂ ਨਾਲ, ਦਵਾਈਆਂ ਨਾਲ ਉਹ ਵੀ ਠੀਕ ਹੋ ਜਾਏਗਾ।" ਡਾਕਟਰ ਚੁੱਪ ਹੋ ਗਿਆ। ਫਿਰ ਮੁਸਕਰਾਇਆ। ਕਾਮਿਲ ਨੇ ਹੱਥ ਜੋੜ ਦਿੱਤੇ।

"ਮੈਂ ਸਵੇਰੇ ਆਵਾਂਗਾ। ਅਜੇ ਖਿਲਾਣਾ-ਪਿਲਾਣਾ ਕੁਝ ਨਹੀਂ।" ਬਾਅਦ ਵਿਚ ਨਰਸ ਸਭ ਸਮਝਾ ਦੇਵੇਗੀ।" ਉਹ ਚਲਾ ਗਿਆ। ਪਿੱਛੇ-ਪਿੱਛੇ ਨਰਸ ਤੇ ਨਵਾਂ ਡਾਕਟਰ ਵੀ।

ਉਹ ਥਕਾਵਟ ਨਾਲ ਅੱਖਾਂ ਬੰਦ ਕੀਤੇ ਪਏ ਸਨ। ਕਾਮਿਲ ਕੋਲ ਪਈ ਕੁਰਸੀ ਤੇ ਬੈਠ ਗਿਆ। ਭਰਾ ਖੜ੍ਹਾ ਸੀ।

"ਤੂੰ ਜਾ।" ਕਾਮਿਲ ਨੇ ਉਸ ਨੂੰ ਕਿਹਾ, "ਰਾਤੀਂ ਮੈਂ ਰੁਕਾਂਗਾ।"

"ਕਲ੍ਹ ਕੀ ਲੈ ਕੇ ਆਵਾਂ ?"

"ਕੁਝ ਨਹੀਂ...ਮੂਨ ਆ ਰਿਹਾ ਹੈ। ਦੂਸਰੇ ਮੁੰਡੇ ਵੀ ਹਨ। ਸਭ ਹੋ ਜਾਏਗਾ। ਘਰ ਵੀ ਨੇੜੇ ਹੈ।"

"ਕਹੇਂ ਤਾਂ ਮੈਂ ਕਲ੍ਹ ਛੁੱਟੀ ਲੈ ਲਵਾਂ।"

"ਨਹੀਂ, ਸਭ ਹੋ ਜਾਏਗਾ।"

"ਵੱਡੇ ਭਰਾ ਨੂੰ ਦੱਸ ਦਿੱਤਾ ਹੈ। ਤਿੰਨ ਦਿਨ ਉਨ੍ਹਾਂ ਦੇ ਕਿਸੇ ਵੱਡੇ ਅਫ਼ਸਰ ਦਾ ਦੌਰਾ ਹੈ। ਆ ਨਹੀਂ ਸਕਣਗੇ। ਪੁੱਛ ਰਹੇ ਸਨ। ਕਿੰਨੇ ਪੈਸੇ ਦੇਵਾਂ।"

ਕਾਮਿਲ ਨੇ ਸਿਰ ਘੁੰਮਾ ਕੇ ਖਿੜਕੀ ਤੋਂ ਬਾਹਰ ਆਸਮਾਨ ਵੱਲ ਤੱਕਿਆ। ਉਸ ਦਾ ਸੁਨਹਿਰੀ ਤੇ ਲਾਲ ਰੰਗ ਖਤਮ ਹੋ ਰਿਹਾ ਸੀ। ਉਹ ਹਲਕੇ ਸਲੇਟੀ ਰੰਗ ਵਿਚ ਬਦਲ ਰਿਹਾ ਸੀ।

"ਚਲਦਾ ਹਾਂ।" ਭਰਾ ਨੇ ਕਿਹਾ।

ਕਾਮਿਲ ਨੇ ਸਿਰ ਹਿਲਾ ਦਿੱਤਾ। ਉਹ ਚਲਾ ਗਿਆ।

ਉਨ੍ਹਾਂ ਆਹ ਭਰ, ਅੱਖਾਂ ਖੋਲ੍ਹੀਆਂ। ਕਾਮਿਲ ਵੱਲ ਤੱਕਿਆ। ਕੁਝ ਕਿਹਾ। ਟੇਢੇ ਹੋਂਠ ਤੋਂ ਕੁਝ ਲਾਰ ਡਿੱਗੀ। ਕਾਮਿਲ ਨੇ ਉਸ ਨੂੰ ਪੂੰਝ ਦਿੱਤਾ।

ਕਾਮਿਲ ਉਨ੍ਹਾਂ ਉੱਤੇ ਝੁੱਕ ਆਇਆ। ਉਸ ਨੇ ਕਈ ਵਾਰ ਸਿਨੇਮਾ ਦੇਖਿਆ ਸੀ ਕਿ ਕਿਸੇ ਦੀ ਯਾਦਦਾਸ਼ਤ ਜਾਣ ਤੇ ਪੁਰਾਣੀਆਂ ਗੱਲਾਂ ਬੋਲਣ, ਕੁਝ ਦਿਖਾਉਣ ਤੇ, ਉਸ ਦੀ ਯਾਦਦਾਸ਼ਤ ਮੁੜ ਆਉਂਦੀ ਹੈ। ਕਾਮਿਲ ਨੇ ਕੋਸ਼ਿਸ਼ ਕੀਤੀ। ਉਨ੍ਹਾਂ ਨਾਲ ਜਾਲ ਦੀ ਗੱਲ ਕੀਤੀ, ਮਾਂ ਦੇ ਡਿੱਗਣ ਦੀ, ਮੂਰਤੀ ਦੀ, ਸੋਨੇ ਦੇ ਅੰਗੂਠੇ ਦੀ ਗੱਲ ਕੀਤੀ, ਭੰਗ ਦਾ ਚੂਰਨ ਇਸ਼ਾਰੇ ਨਾਲ ਰਗੜ ਕੇ ਦਿਖਾਇਆ। ਉਹ ਚੁੱਪਚਾਪ ਭਾਵਹੀਣ ਅੱਖਾਂ ਨਾਲ ਕਾਮਿਲ ਨੂੰ ਦੇਖਦੇ ਰਹੇ, ਫਿਰ ਆਹ ਭਰੀ ਜਾਂ ਕੁਝ ਬੋਲੇ। ਕਾਮਿਲ ਝੁਕਿਆ। ਉਸ ਨੇ ਆਪਣਾ ਕੰਨ ਉਨ੍ਹਾਂ ਦੇ ਹੋਠਾਂ ਤੋਂ ਹਟਾਇਆ। ਉਸ ਨੂੰ ਕੁਝ ਸੁਣਾਈ ਦਿੱਤਾ। ਉਹ ਕੁਝ ਬੋਲ ਰਹੇ ਸਨ। ਕਾਮਿਲ ਨੇ ਸੁਣਿਆ, "ਮਾਂ...ਮਾਂ।"

ਦੂਸਰੇ ਦਿਨ ਉਨ੍ਹਾਂ ਨੂੰ ਪ੍ਰਾਈਵੇਟ ਕਮਰੇ ਵਿਚ ਰੱਖ ਦਿੱਤਾ ਗਿਆ।

ਇਹ ਚੌਦਾਂ ਬਾਈ ਚੌਦਾਂ ਫੁੱਟ ਦਾ ਵੱਡਾ ਕਮਰਾ ਸੀ। ਕਮਰੇ ਦੇ ਇਕ ਪਾਸੇ ਉੱਚੀਆਂ ਜਾਲੀਆਂ ਵਾਲੀ ਖਿੜਕੀ ਸੀ। ਦੂਜੇ ਪਾਸੇ ਗੁਸਲਖਾਨਾ ਸੀ। ਕਮਰੇ ਦੇ ਬਗਲ ਵਿਚ ਇਕ ਵੱਡੀ ਬਾਲਕੋਨੀ ਸੀ। ਜਿਸ ਵਿਚ ਤਖ਼ਤ ਪਿਆ ਸੀ। ਬਾਲਕੋਨੀ ਨਾਲ ਮਿਲੀ ਹੋਈ ਇਕ ਛੋਟੀ ਜਿਹੀ ਰਸੋਈ ਸੀ। ਬਾਲਕੋਨੀ ਵਿਚ ਸਵੇਰ ਦੀ ਪੂਰੀ ਧੁੱਪ ਆਉਂਦੀ ਸੀ।

ਕਮਰੇ ਵਿਚ ਆਉਣ ਤੋਂ ਪਹਿਲਾਂ ਮੂਨ ਨੇ ਰਸੋਈ ਵਿਚ ਜ਼ਰੂਰਤ ਦੀਆਂ ਸਾਰੀਆਂ ਚੀਜ਼ਾਂ ਰੱਖਵਾ ਦਿੱਤੀਆਂ ਸਨ। ਢਾਬੇ ਦੇ ਦੋ ਮੁੰਡੇ ਉੱਥੇ ਛੱਡ ਦਿੱਤੇ ਸਨ, ਜੋ ਰਸੋਈ ਦਾ ਸਾਰਾ ਕੰਮ ਜਾਣਦੇ ਸਨ। ਇਕ



ਫੋਲਡਿੰਗ ਪਲੰਘ ਮੋੜ ਕੇ ਬਾਲਕੋਨੀ ਵਿਚ ਖੜਾ ਕਰ ਦਿੱਤਾ ਗਿਆ ਸੀ। ਰਾਤ ਨੂੰ ਕਾਮਿਲ ਇਸ ਨੂੰ ਉਨ੍ਹਾਂ ਦੇ ਪਲੰਘ ਨਾਲ ਲਗਾ ਕੇ ਸੌਂਦਾ ਸੀ।

ਉਨ੍ਹਾਂ ਦੇ ਪਿੰਡੇ ਤੇ ਕੌੜੇ ਤੇਲ ਦੀ ਮਾਲਿਸ਼ ਹੁੰਦੀ ਸੀ। ਸਵੇਰੇ-ਸ਼ਾਮ ਦੋ ਵਾਰ ਲਕਵਾ ਮਾਰੇ ਅੰਗ ਨੂੰ ਗਰਮ ਪਾਣੀ ਦਾ ਸੇਕ ਦੇ ਕੇ ਪੂੰਝਿਆ ਜਾਂਦਾ ਸੀ। ਅਜੇ ਉਹ ਬਿਸਤਰੇ ਤੇ ਹੀ ਟੱਟੀ-ਪਿਸ਼ਾਬ ਕਰਦੇ ਸਨ। ਉਨ੍ਹਾਂ ਦੀ ਸਥਿਤੀ ਵਿਚ ਸੁਧਾਰ ਹੋਣ ਲੱਗਾ। ਸਰੀਰ ਵਿਚ ਤਾਕਤ ਮੁੜਨ ਲੱਗੀ। ਤਿੰਨ-ਦਿਨਾਂ ਬਾਅਦ ਉਨ੍ਹਾਂ ਲੋਕਾਂ ਨੂੰ ਪਹਿਚਾਣਨਾਂ ਸ਼ੁਰੂ ਕਰ ਦਿੱਤਾ। ਕਾਮਿਲ ਨੂੰ ਦੇਖ ਕੇ ਮੁਸਕਰਾਏ। ਜ਼ਬਾਨ ਦਾ ਟੇਢਾਪਨ ਘੱਟ ਗਿਆ ਸੀ। ਸ਼ਬਦ ਸਾਫ਼ ਨਿਕਲਣ ਲੱਗ ਪਏ ਸਨ।

"ਕੀ ਹੋਇਆ ਸੀ ?" ਉਨ੍ਹਾਂ ਹੌਲੀ ਜਿਹੀ ਪੁੱਛਿਆ।

"ਕੁਝ ਨਹੀਂ।" ਕਾਮਿਲ ਹੱਸਦੇ ਹੋਏ ਉਨ੍ਹਾਂ ਦੇ ਸਿਰਹਾਣੇ ਬੈਠ ਗਿਆ।

ਉਨ੍ਹਾਂ ਦੇ ਵਾਲਾਂ ਤੇ ਹੱਥ ਫੇਰਨ ਲੱਗਾ।

"ਬਿਠਾ ਦੇਵਾਂ ?" ਉਸ ਨੇ ਪੁੱਛਿਆ।

"ਹਾਂ।"

ਕਾਮਿਲ ਉੱਠਿਆ। ਹੈਂਡਿਲ ਘੁੰਮਾ ਕੇ ਉਸ ਨੇ ਪਲੰਘ ਨੂੰ ਇਕ ਪਾਸਿਓਂ ਉੱਚਾ ਕਰ ਦਿੱਤਾ। ਸਹਾਰਾ ਦੇ ਕੇ ਬਿਠਾ ਦਿੱਤਾ। ਉਨ੍ਹਾਂ ਚਾਰੋਂ ਪਾਸੇ ਨਜ਼ਰ ਘੁੰਮਾਈ।

"ਕੀ ਚਾਹੀਦਾ ਹੈ ?" ਕਾਮਿਲ ਨੇ ਪੁੱਛਿਆ।

"ਚੂਰਨ ਨਹੀਂ ਲਿਆਇਆ ?"

ਬਾਲਕੋਨੀ ਤੋਂ ਹੱਸਦਾ ਹੋਇਆ ਮੂਨ ਅੰਦਰ ਆਇਆ। ਉਨ੍ਹਾਂ ਦੇ ਪੈਰ ਛੂਹੇ।

"ਉੱਪਰ ਛੱਤ ਤੇ ਭੰਗ ਦਾ ਇਕ ਦਰਖ਼ਤ ਹੈ। ਕਹੋ ਤਾਂ ਪੱਤੀਆਂ ਤੁੜਵਾ ਕੇ ਪਿਸਵਾ ਦੇਵਾਂ ?" ਮੂਨ ਨੇ ਕਿਹਾ।

"ਇੰਝ ਕਰੋ, ਅਜੇ ਡਾਕਟਰ ਆਏਗਾ, ਉਸ ਤੋਂ ਪੁੱਛ ਲੈਣਾ, ਫਿਰ ਜਿਵੇਂ ਕਹੇਗਾ।" ਕਾਮਿਲ ਨੇ ਕਿਹਾ।

"ਬਸ ਐਨਾ ਯਾਦ ਹੈ ਕਿ ਖਟੋਲਾ ਲੈ ਕੇ ਘਰ ਆਏ ਸੀ, ਫਿਰ ਕੀ ਹੋਇਆ ?"

"ਫਿਰ ਤੁਸੀਂ ਬੇਹੋਸ਼ ਹੋ ਗਏ। ਥੋੜ੍ਹਾ ਬਲੱਡ ਪ੍ਰੈਸ਼ਰ ਵੱਧ ਗਿਆ ਸੀ ਬਸ। ਹੁਣ ਸਭ ਠੀਕ ਹੈ।"

"ਪਰ ਇੱਥੇ ਕਿਉਂ ਲਿਆਏ ? ਕਿੰਨਾ ਬਲੱਡ ਪ੍ਰੈਸ਼ਰ ਸੀ ?"

"ਬਹੁਤ ਸੀ, 120 ਤੇ 170।"

"ਗਾਂਧੀ ਜੀ ਤਾਂ ਹਮੇਸ਼ਾ ਹੀ ਐਨਾ ਰਹਿੰਦਾ ਸੀ। ਸਾਰੇ ਕੰਮ ਕਰਦੇ ਸਨ। ਸੁਸ਼ੀਲਾ ਨੈਇਰ ਰੋਜ਼ ਮਾਪਦੀ ਸੀ।"

"ਹੁਣ ਤੁਸੀਂ ਗਾਂਧੀ ਨਹੀਂ ਹੋ ਤਾਂ ਅਸੀਂ ਕੀ ਕਰੀਏ ?"

"ਕਦੋਂ ਤੱਕ ਰੱਖੋਗੇ ਇੱਥੇ ?"

"ਮੈਂ ਤਾਂ ਹੁਣੇ ਲੈ ਚਲਾਂ, ਪਰ ਡਾਕਟਰ ਛੱਡੇ ਤਾਂ ਨਾ।"

"ਸਾਲਾ ਹੈ ਡਾਕਟਰ। ਤੂੰ ਲੈ ਚਲ ਮੈਨੂੰ।" ਉਨ੍ਹਾਂ ਉੱਠਣ ਦੀ ਕੋਸ਼ਿਸ਼ ਕੀਤੀ, "ਗਾਂਧੀ ਦੀ ਗੱਲ ਦੱਸ ਉਨ੍ਹਾਂ ਨੂੰ।"

"ਹਾਂ, ਇਹ ਹੁਣ ਬਿਲਕੁਲ ਠੀਕ ਹਨ।" ਕਾਮਿਲ ਨੇ ਮੂਨ ਨੂੰ ਕਿਹਾ, "ਮੂੰਹੋਂ ਸ਼ਲੋਕ ਨਿਕਲਣ ਲੱਗ ਪਏ ਹਨ। ਗਾਂਧੀ ਯਾਦ ਆਉਣ ਲੱਗ ਪਿਆ ਹੈ।"

ਉਹ ਬਹੁਤ ਖ਼ੁਸ਼ ਸੀ।

"ਕਿੰਨੇ ਦਿਨ ਹੋ ਗਏ ?" ਉਨ੍ਹਾਂ ਪੁੱਛਿਆ।

"ਪੰਜ।"

"ਕੌਣ ਸੀ ਇੱਥੇ ?"

"ਅਸੀਂ ਸਾਰੇ ਸੀ। ਭਰਾ ਵੀ ਆਉਂਦਾ-ਜਾਂਦਾ ਰਿਹਾ।"

"ਵਡੱਕਾ ਵੀ ?"

"ਨਹੀਂ। ਉਹ ਫਸੇ ਸਨ ਜ਼ਰਾ ਕਿਸੇ ਕੰਮ ਵਿਚ। ਅਨਾਰ ਦਾ ਰਸ ਪੀਓਗੇ ?" ਕਾਮਿਲ ਨੇ ਪੁੱਛਿਆ। ਫਿਰ ਮੂਨ ਨੂੰ ਇਸ਼ਾਰਾ ਕੀਤਾ।

ਇਕ ਮੁੰਡਾ ਕੁਝ ਦੇਰ ਵਿਚ ਜੂਸ ਲੈ ਆਇਆ ਉਨ੍ਹਾਂ ਗਿਲਾਸ ਤੋਂ ਇਕ ਘੁੱਟ ਭਰਿਆ।

"ਖੱਟਾ ਹੈ।"

"ਥੋੜ੍ਹਾ ਗੁਲੂਕੋਜ਼ ਮਿਲਾ ਦੇ।" ਮੂਨ ਨੇ ਮੁੰਡੇ ਨੂੰ ਕਿਹਾ।

ਕੋਲ ਹੀ ਮੇਜ਼ ਤੇ ਗੁਲੂਕੋਜ਼ ਪਿਆ ਸੀ। ਮੁੰਡੇ ਨੇ ਇਕ ਚਮਚ ਪਾ ਦਿੱਤਾ। ਉਹ ਪਚਾਕੇ ਮਾਰ ਕੇ ਜੂਸ ਪੀਣ ਲੱਗੇ।

ਕੁਝ ਦੇਰ ਤੱਕ ਜੂਸ ਪੀਣ ਤੋਂ ਬਾਅਦ ਉਨ੍ਹਾਂ ਆਪਣੇ ਖੱਬੇ ਹੱਥ ਵੱਲ ਇਸ਼ਾਰਾ ਕੀਤਾ, "ਇਸ ਵਿਚ ਤਾਕਤ ਨਹੀਂ ਲੱਗਦੀ।"

"ਕੁਝ ਦਿਨਾਂ ਵਿਚ ਆ ਜਾਏਗੀ। ਇਕ ਪੈਰ ਵੀ ਅਜੇ ਸਿੱਧਾ ਨਹੀਂ ਪਵੇਗਾ। ਪਰ ਸਭ ਇਕਦਮ ਠੀਕ ਹੋ ਜਾਏਗਾ।"

"ਮੈਂ ਮੂਰਤੀ ਤਾਂ ਬਣਾ ਸਕਾਂਗਾ ਨਾ ?"

"ਸਭ ਕੁਝ ਬਣਾ ਲਵੋਗੇ।" ਕਾਮਿਲ ਨੇ ਉਨ੍ਹਾਂ ਦੇ ਵਾਲਾਂ ਵਿਚ ਹੱਥ ਫੇਰਿਆ। ਉਨ੍ਹਾਂ ਤੋਂ ਖਾਲੀ ਗਿਲਾਸ ਲੈ ਲਿਆ।

"ਹੁਣ ਲੇਟਾਂਗਾ।" ਗਿਲਾਸ ਦੇ ਕੇ ਉਨ੍ਹਾਂ ਨੇ ਕਿਹਾ।

ਕਾਮਿਲ ਨੇ ਖਾਲੀ ਗਿਲਾਸ ਮੂਨ ਨੂੰ ਫੜਾ ਦਿੱਤਾ। ਹੈਂਡਿਲ ਲੱਗਾ ਕੇ ਉਸ ਨੇ ਪਲੰਘ ਹੇਠਾਂ ਕਰ ਦਿੱਤਾ। ਉਨ੍ਹਾਂ ਦੇ ਚਿਹਰੇ ਉੱਤੇ ਥਕਾਵਟ ਸੀ।

ਉਦੋਂ ਹੀ ਪਰਦਾ ਹਟਾ ਕੇ ਕਾਮਿਲ ਦਾ ਭਰਾ ਅੰਦਰ ਆਇਆ। ਉਸ ਦੇ ਹੱਥ ਵਾਲੀ ਟੋਕਰੀ ਵਿਚ ਫਲ ਸਨ। ਪਿੱਛੇ ਉਸ ਦੀ ਬੀਵੀ ਵੀ ਸੀ। ਉਸ ਨੇ ਅੱਗੇ ਆ ਕੇ ਪੈਰ ਛੂਹੇ। ਉਨ੍ਹਾਂ ਨੇ ਉਸ ਨੂੰ ਵੀ ਪਛਾਣ ਲਿਆ।

"ਤੁਸੀਂ ਬੈਠੋ।" ਕਾਮਿਲ ਨੇ ਭਰਾ ਨੂੰ ਕਿਹਾ, "ਵੱਡੇ ਡਾਕਟਰ ਦੇ ਰਾਊਂਡ ਵਿਚ ਅਜੇ ਵਕਤ ਹੈ...ਮੈਂ ਕੁਝ ਦੇਰ ਕਚਹਿਰੀ ਹੋ ਕੇ ਆਉਂਦਾ ਹਾਂ।" ਭਰਾ ਨੇ ਸਿਰ ਹਿਲਾ ਦਿੱਤਾ।

ਕਾਮਿਲ ਮੂਨ ਨੂੰ ਲੈ ਕੇ ਕਮਰੇ ਤੋਂ ਬਾਹਰ ਨਿਕਲ ਗਿਆ। "ਜਲਦੀ ਆਈਂ।" ਪਿੱਛੋਂ ਉਸ ਨੂੰ ਹੱਫਦੀ ਹੋਈ ਆਵਾਜ਼ ਸੁਣਾਈ ਦਿੱਤੀ।

ਡਾਕਟਰ ਦੇ ਆਉਣ ਤੋਂ ਪਹਿਲਾਂ ਹੀ ਕਾਮਿਲ ਮੁੜ ਆਇਆ। ਮੂਨ ਢਾਬੇ ਤੇ ਹੀ ਰੁੱਕ ਗਿਆ ਸੀ। ਕਾਮਿਲ ਦੇ ਆਉਂਦੇ ਹੀ ਉਸ ਦਾ ਭਰਾ ਤੇ ਉਸ ਦੀ ਬੀਵੀ ਚਲੇ ਗਏ।

ਡਾਕਟਰ ਦੁਪਹਿਰ ਦਾ ਆਖਰੀ ਰਾਊਂਡ ਲਗਾਉਣ ਆਇਆ। ਉਸ ਨੇ ਚਾਰਟ ਦੇਖਿਆ। ਉਨ੍ਹਾਂ ਦੀ ਨਬਜ਼ ਦੇਖੀ। ਮੱਥੇ ਤੇ ਹੱਥ ਰੱਖ ਕੇ ਹਾਲ ਪੁੱਛਿਆ।

"ਘਰ ਜਾਣਾ ਏਂ ?" ਡਾਕਟਰ ਤੋਂ ਉਨ੍ਹਾਂ ਪੁੱਛਿਆ।

"ਕੀ ਕਰੋਗੇ ਘਰ ਵਿਚ...ਇੱਥੇ ਕੀ ਤਕਲੀਫ਼ ਹੈ ?"



"ਚੰਗਾ ਨਹੀਂ ਲੱਗਦਾ...।"

"ਸਾਨੂੰ ਵੀ ਤੁਹਾਨੂੰ ਇੱਥੇ ਰੱਖਣਾ ਚੰਗਾ ਨਹੀਂ ਲੱਗਦਾ। ਪਰ ਤੁਹਾਨੂੰ ਉਦੋਂ ਹੀ ਜਾਣ ਦੇਵਾਂਗੇ, ਜਦੋਂ ਤੁਸੀਂ ਆਪ ਥੋੜ੍ਹਾ ਜਿਹਾ ਚੱਲਣ ਲੱਗ ਜਾਓਗੇ। ਆਪ ਬਾਥਰੂਮ ਜਾਣ ਲਗੋਗੇ।"

"ਉਹ ਤਾਂ ਮੈਂ ਹੁਣ ਕਰ ਸਕਦਾ ਹਾਂ।" ਉਹ ਉੱਠਣ ਲੱਗੇ।

"ਲੇਟੇ ਰਹੋ...ਕਲ੍ਹ ਸਵੇਰੇ ਸ਼ੁਰੂ ਕਰਾਂਗੇ।" ਡਾਕਟਰ ਕਾਮਿਲ ਵੱਲ ਘੁੰਮਿਆ, "ਕਲ੍ਹ ਤੋਂ ਇਨ੍ਹਾਂ ਨੂੰ ਥੋੜ੍ਹਾ ਚਲਾਓ...ਪਹਿਲਾਂ ਸਹਾਰਾ ਦੇ ਕੇ ਫਿਰ ਇਕੱਲੇ। ਇਕੱਲੇ ਬਾਥਰੂਮ ਜਾਣ ਦਿਓ, ਪਰ ਦਰਵਾਜ਼ੇ ਖੁੱਲ੍ਹੇ ਰਹਿਣ ਦੇਣਾ। ਦਿਨ ਵਿਚ ਦੋ ਵਾਰ ਕੁਝ ਐਕਰਸਾਈਜ਼ ਕਰਾਉਣੀ ਪਵੇਗੀ। ਉਂਗਲਾਂ ਜਦੋਂ ਮਨ ਹੋਵੇ, ਚਲਾਉਣ। ਦੇਖਦੇ ਹਾਂ ਫਿਰ। ਮੈਨੂੰ ਲੱਗਦਾ ਹੈ ਕਿ ਤਿੰਨ ਦਿਨਾਂ ਬਾਅਦ ਤੁਸੀਂ ਇਨ੍ਹਾਂ ਨੂੰ ਲਿਜਾ ਸਕੋਗੇ।"

ਡਾਕਟਰ ਫਿਰ ਉਨ੍ਹਾਂ ਦੇ ਚਿਹਰੇ ਉੱਤੇ ਝੁਕਿਆ।

"ਤਿੰਨ ਦਿਨਾਂ ਬਾਅਦ ਤੁਸੀਂ ਘਰ ਚਲੇ ਜਾਓਗੇ। ਸਾਨੂੰ ਪਤਾ ਹੈ, ਹਸਪਤਾਲ ਵਿਚ ਕਿਸੇ ਨੂੰ ਚੰਗਾ ਨਹੀਂ ਲੱਗਦਾ।"

"ਮੈਂ ਠੰਡਾਈ ਪੀ ਲਵਾਂ...? ਇਕ ਚਵੰਨੀ ਹਰੀ ਪੱਤੀ ਪਾ ਕੇ ?" ਉਨਾਂ ਡਾਕਟਰ ਤੋਂ ਪੁੱਛਿਆ।

"ਮੈਂ ਜਦੋਂ ਤੁਹਾਡੇ ਘਰ ਆਵਾਂ ਉਦੋਂ। ਮੈਂ ਵੀ ਨਾਲ ਪੀਵਾਂਗਾ।" ਉਹ ਮਾਯੂਸ ਹੋ ਗਏ। ਸਿਰ ਹਿਲਾ ਕੇ ਉਨ੍ਹਾਂ ਚਿਹਰਾ ਦੂਜੇ ਪਾਸੇ ਕਰ ਲਿਆ।

ਡਾਕਟਰ ਕਾਮਿਲ ਦੇ ਮੋਢੇ ਤੇ ਹੱਥ ਰੱਖ ਉਸ ਨੂੰ ਕਮਰੇ ਦੇ ਬਾਹਰ ਵਾਲੇ ਚੌੜੇ ਗਲਿਆਰੇ ਵਿਚ ਲੈ ਗਿਆ।

"ਇਹ ਕਦੇ ਵੀ ਅਚਾਨਕ ਕਿਸੇ ਗੱਲ ਦੀ ਜ਼ਿੱਦ ਕਰ ਸਕਦੇ ਹਨ। ਕੁਝ ਵੀ ਮੰਗ ਸਕਦੇ ਹਨ। ਇਸ ਗੱਲ ਦਾ ਖ਼ਾਸ ਧਿਆਨ ਰੱਖਣਾ ਕਿ ਜਿੱਥੋਂ ਤੱਕ ਹੋ ਸਕੇ, ਉਨ੍ਹਾਂ ਦੀ ਇੱਛਾ ਪੂਰੀ ਕਰ ਦੇਣਾ। ਇੰਝ ਨਾ ਹੋਇਆ ਤਾਂ ਉਹ ਉਸੇ ਬਾਰੇ ਸੋਚਦੇ ਰਹਿਣਗੇ। ਤਨਾਓ ਵੱਧਦਾ ਜਾਏਗਾ। ਅਜੇ ਬ੍ਰੇਨ ਦਾ ਇਕ ਹਿੱਸਾ ਨਾਜ਼ੁਕ ਹੈ।"

ਕਾਮਿਲ ਨੇ ਸਿਰ ਹਿਲਾਇਆ। ਡਾਕਟਰ ਚਲੇ ਗਏ।

ਤਿੰਨ ਦਿਨ ਵਿਚ ਉਹ ਸਹਾਰਾ ਛੱਡ ਕੇ ਹੌਲੀ-ਹੌਲੀ ਆਪ ਚੱਲਣ ਲੱਗ ਪਏ। ਬਾਥਰੂਮ ਅੰਦਰ ਇਕੱਲੇ ਜਾਣ ਲੱਗੇ। ਖੁੱਲ੍ਹੇ ਦਰਵਾਜ਼ੇ ਕੋਲ ਕਾਮਿਲ ਖੜ੍ਹਾ ਰਹਿੰਦਾ। ਕਾਮਿਲ ਬਾਅਦ ਵਿਚ ਉਨ੍ਹਾਂ ਨੂੰ ਨੁਹਾ ਦੇਂਦਾ। ਨਹਾਉਣ ਮਗਰੋਂ ਉਨ੍ਹਾਂ ਦੇ ਲੰਮੇ ਵਾਲਾਂ ਵਿਚ ਤੇਲ ਲੱਗਾ ਕੇ, ਕੰਘੀ ਕਰ ਉਨ੍ਹਾਂ ਨੂੰ ਬਾਲਕੋਨੀ ਦੀ ਧੁੱਪ ਵਿਚ ਬਿਠਾ ਦੇਂਦਾ। ਉੱਥੇ ਮੇਜ਼ ਉੱਤੇ ਉਨ੍ਹਾਂ ਦਾ ਨਾਸ਼ਤਾ ਲਗਾਉਂਦਾ। ਪ੍ਰਸੰਨ ਮਨ ਨਾਲ ਉਹ ਸਵੇਰ ਦੀ ਧੁੱਪ ਦੇਖਦੇ, ਫਲਾਂ ਦਾ ਰਸ ਪੀਂਦੇ, ਨਵੇਂ ਪਕਵਾਨ ਖਾਂਦੇ।

ਸ਼ੰਕਰਿਆ ਦੋ ਵਾਰ ਉਨ੍ਹਾਂ ਨੂੰ ਦੇਖਣ ਲਈ ਆਇਆ। ਉਹ ਚਾਰੋਂ ਜੱਜ ਵੀ ਆਏ। ਧਰਮਸਥਲ ਦੇ ਪੇਸ਼ਕਾਰ, ਮੁਨਸ਼ੀ, ਟਾਈਪਿਸਟ ਵੀ ਦੇਖਣ ਆਏ। ਇਕ ਵਾਰ ਮਾਦਲ ਵੀ ਆਇਆ।

ਜਦੋਂ ਉਹ ਚੱਲਣ-ਫਿਰਨ ਲੱਗ ਪਏ ਤਾਂ ਭਰਾ ਨੇ ਆਉਦਾ ਬੰਦ ਕਰ ਦਿੱਤਾ। ਡਾਕਟਰ ਦਾ ਰਾਊਂਡ ਖਤਮ ਹੋ ਗਿਆ। ਉਸ ਵੱਲੋਂ ਕਾਮਿਲ ਜਦੋਂ ਚਾਹੇ ਉਨ੍ਹਾਂ ਨੂੰ ਡਿਸਚਾਰਜ ਕਰਵਾ ਸਕਦਾ ਸੀ।

ਕਾਮਿਲ ਉਨ੍ਹਾਂ ਨੂੰ ਘਰ ਲੈ ਆਇਆ।

ਆਪਣੀ ਕੋਠੜੀ ਪਹੁੰਚ ਉਨ੍ਹਾਂ ਦੀਆਂ ਅੱਖਾਂ ਚਮਕਣ ਲੱਗ ਪਈਆਂ। ਆਪਣੇ ਪਲੰਘ ਉੱਤੇ ਹੱਥ-ਪੈਰ ਫੈਲਾ ਕੇ ਲੇਟ ਗਏ।

"ਇਹ ਘਰ ਕਿਉਂ ਨਹੀਂ ਛੱਡ ਦੇਂਦੇ ?" ਉਨ੍ਹਾਂ ਨੂੰ ਗਲ੍ਹੇ ਤੱਕ ਚੱਦਰ ਨਾਲ ਕੱਜਦੇ ਹੋਏ ਕਾਮਿਲ ਬੋਲਿਆ, "ਵਿਕਟੋਰੀਆ ਮਿਲ ਦੇ ਪੁਰਾਣੇ ਖ਼ਾਲੀ ਬੰਗਲਿਆਂ ਵਿਚੋਂ ਇਕ ਵੱਡਾ ਬੰਗਲਾ ਐਲਾਟ

ਕਰਵਾ ਲੈਂਦਾ ਹਾਂ। ਆਰਾਮ ਨਾਲ ਰਹਿਣਾ। ਇਹ ਪੌੜੀ ਚੜ੍ਹਣ-ਉਤਰਨ ਦਾ ਚੱਕਰ ਵੀ ਖਤਮ ਹੋ ਜਾਏਗਾ।"

"ਵੱਡੇ ਘਰ ਦਾ ਵੀ ਕਰਾਂਗੇ ?"

"ਇਕ ਕਮਰੇ ਵਿਚ ਸੌਣਾ, ਇਕ ਵਿਚ ਖਾਣਾ, ਇਕ ਵਿਚ ਕੰਮ ਕਰਨਾ, ਇਕ ਵਿਚ ਲੋਕਾਂ ਨੂੰ ਮਿਲਣਾ, ਬਾਹਰ ਬਗੀਚੇ ਵਿਚ ਘੁੰਮਣਾ...ਪਿੱਛੇ ਵਿਹੜੇ ਵਿਚ ਖੇਤੀ ਕਰਨਾ।"

"ਨਹੀਂ..." ਉਨ੍ਹਾਂ ਨੇ ਤੇਜ਼ੀ ਨਾਲ ਕਈ ਵਾਰ ਸਿਰ ਹਿਲਾਇਆ, "ਇਥੋਂ ਨਾ ਲੈ ਕੇ ਜਾਈਂ ਕਿੱਧਰੇ ਹੋਰ।" ਉਨ੍ਹਾਂ ਦੇ ਚਿਹਰੇ ਤੇ ਤਨਾਓ ਆ ਗਿਆ।

ਕਾਮਿਲ ਡਰ ਗਿਆ।

"ਕਿੱਧਰੇ ਨਹੀਂ ਜਾਵਾਂਗੇ। ਇੱਥੇ ਹੀ ਰਹਾਂਗੇ।" ਕਾਮਿਲ ਨੇ ਉਨ੍ਹਾਂ ਦੇ ਕੰਨ ਵਿਚ ਕਿਹਾ।

ਉਨ੍ਹਾਂ ਦੀ ਆਵਾਜ਼ ਦੀ ਤਲਖ਼ੀ ਕੁਝ ਘੱਟ ਹੋ ਗਈ ਸੀ। ਬੋਲਦੇ ਹੋਏ ਜ਼ਬਾਨ ਥੋੜ੍ਹੀ ਅਟਕਦੀ ਸੀ। ਇਸ ਦਾ ਕੋਈ ਦੁੱਖ ਨਹੀਂ ਸੀ ਉਨ੍ਹਾਂ ਨੂੰ। ਹੱਥ ਦੀਆਂ ਉਂਗਲਾਂ ਪੂਰੀ ਤਰ੍ਹਾਂ ਸਿੱਧੀਆਂ ਨਹੀਂ ਹੋਈਆਂ ਸਨ ਅਜੇ। ਉਸ ਹੱਥ ਵਿਚ ਹੀ ਉਹ ਪਤਲਾ ਚਾਕੂ ਪਕੜਦੇ ਸਨ। ਡਾਕਟਰ ਨੇ ਕਿਹਾ ਸੀ, ਉਂਗਲਾਂ ਚਲਾਉਂਦੇ ਰਹਿਣ ਨਾਲ ਉਹ ਵੀ ਠੀਕ ਹੋ ਜਾਣਗੀਆਂ। ਪਲੰਘ ਤੇ ਲੇਟੇ, ਬੈਠੇ ਉਹ ਮੁੱਠੀ ਖੋਲ੍ਹਦੇ-ਬੰਦ ਕਰਦੇ ਰਹਿੰਦੇ ਸਨ।

ਸਵੇਰੇ ਮਾਲਿਸ਼ ਵਾਲਾ ਆਉਂਦਾ ਸੀ। ਦੋ ਵਾਰ ਖਾਣਾ ਬਣਾਉਣ ਵਾਲੀ ਆਉਂਦੀ ਸੀ। ਕਾਮਿਲ ਉਨ੍ਹਾਂ ਦਾ ਕੰਮ ਪੂਰਾ ਕਰਨ ਬਾਅਦ ਹੀ ਧਰਮਸਥਲ ਆਉਂਦਾ ਸੀ। ਆਪਣੇ ਪਿੱਛੋਂ ਉਹ ਕਿਸੇ ਨਾ ਕਿਸੇ ਮੁੰਡੇ ਨੂੰ ਬਿਠਾ ਜਾਂਦਾ ਸੀ। ਉਹ ਸਮੇਂ ਤੇ ਦਵਾਈ ਦੇਂਦਾ। ਜੋ ਉਹ ਚਾਹੁੰਦੇ ਲਿਆ ਕੇ ਦੇਂਦਾ। ਕਾਮਿਲ ਨੂੰ ਵਿਚਕਾਰ ਜਦੋਂ ਵੀ ਮੌਕਾ ਮਿਲਦਾ, ਉਨ੍ਹਾਂ ਨੂੰ ਮਿਲ ਜਾਂਦਾ। ਉਨ੍ਹਾਂ ਦੇ ਵਾਲ ਸਹਿਲਾ ਦੇਂਦਾ। ਉਨ੍ਹਾਂ ਨਾਲ ਗੱਲ ਕਰ ਜਾਂਦਾ।

ਹਸਪਤਾਲ ਵਿਚ ਉਹ ਬਾਥਰੂਮ ਚਲੇ ਜਾਂਦੇ ਸਨ, ਕਿਉਂਕਿ ਉਹ ਕੋਲ ਸੀ। ਪਰ ਇੱਥੇ ਦਿੱਕਤ ਸੀ। ਪੂਰੀ ਕੋਠੜੀ, ਫਿਰ ਲੰਮੀ ਖੁਲ੍ਹੀ ਛੱਤ ਪਾਰ ਕਰਨ ਮਗਰੋਂ ਪੌੜੀਆਂ ਕੋਲ ਗੁਸਲਖਾਨਾ ਤੇ ਪਖਾਨਾ ਸੀ। ਓਨੀ ਦੂਰ ਤੱਕ ਉਹ ਚੱਲ ਨਹੀਂ ਪਾਉਂਦੇ ਸਨ। ਉਨ੍ਹਾਂ ਨੂੰ ਸਹਾਰੇ ਦੀ ਲੋੜ ਪੈਂਦੀ ਸੀ। ਕਾਮਿਲ ਸਵੇਰੇ ਉਨ੍ਹਾਂ ਨੂੰ ਸਹਾਰਾ ਦੇ ਕੇ ਉੱਥੇ ਲਿਜਾਂਦਾ ਸੀ। ਦਰਵਾਜ਼ੇ ਤੇ ਛੱਡ ਕੇ ਬਾਹਰ ਖੜ੍ਹਾ ਰਹਿੰਦਾ। ਇਹੀ ਦਿੱਕਤ ਉਨ੍ਹਾਂ ਨੂੰ ਪਿਸ਼ਾਬ ਕਰਨ ਵੇਲੇ ਹੁੰਦੀ। ਉਨ੍ਹਾਂ ਲਈ ਇਕ ਵੱਡਾ ਪਾੱਟ ਪਲੰਘ ਹੇਠਾਂ ਰੱਖ ਦਿੱਤਾ ਗਿਆ। ਉਹ ਉੱਠਦੇ, ਉਸੇ ਵਿਚ ਪਿਸ਼ਾਬ ਕਰਦੇ। ਕਾਮਿਲ ਚੁੱਕ ਕੇ ਸੁੱਟ ਆਉਂਦਾ।

ਕਾਮਿਲ ਨੂੰ ਅਕਸਰ ਉਹ ਰਾਤ ਵਿਚਕਾਰ ਬਹੁਤ ਹੌਲੀ ਆਵਾਜ਼ ਮਾਰਦੇ। ਪਹਿਲੀ ਆਵਾਜ਼ ਵਿਚ ਹੀ ਕਾਮਿਲ ਉੱਠ ਜਾਂਦਾ। ਪਿਸ਼ਾਬ ਰੋਕਣ ਦੇ ਦਬਾਣ ਵਿਚ ਉਨ੍ਹਾਂ ਨੂੰ ਪਖਾਨਾ ਜਾਣ ਦੀ ਇੱਛਾ ਵੀ ਹੋਣ ਲੱਗਦੀ। ਉਹ ਕਾਮਿਲ ਵੱਲ ਚੁੱਪਚਾਪ ਦੇਖਦੇ। ਕਾਮਿਲ ਸਮਝ ਜਾਂਦਾ।

"ਜਾਣਾ ਹੈ ?" ਉਹ ਪੁੱਛਦਾ।

"ਦੇਖ ਲੈਂਦੇ ਹਾਂ।"

ਕਾਮਿਲ ਉਨ੍ਹਾਂ ਨੂੰ ਸਾਵਧਾਨੀ ਨਾਲ ਸਹਾਰਾ ਦੇ ਕੇ ਉਠਾਉਂਦਾ। ਕੋਠੜੀ, ਖੁੱਲ੍ਹੀ ਛੱਤ ਪਾਰ ਕਰ ਪੌੜੀਆਂ ਕੋਲ ਪਖਾਨੇ ਤੱਕ ਲਿਜਾਂਦਾ। ਫਿਰ ਸਹਾਰਾ ਦੇ ਕੇ ਉਨ੍ਹਾਂ ਨੂੰ ਬਿਠਾ ਦੇਂਦਾ। ਅਜੀਬ ਜਿਹੀ ਮੁਦਰਾ ਵਿਚ ਇਕ ਪੈਰ ਫੈਲਾ ਕੇ ਉਹ ਬੈਠ ਜਾਂਦੇ। ਕਾਮਿਲ ਬਾਹਰ ਖੜ੍ਹਾ ਰਹਿੰਦਾ।

ਇਕ ਵਾਰ ਉਨ੍ਹਾਂ ਨੇ ਕਾਮਿਲ ਨੂੰ ਆਵਾਜ਼ ਦਿੱਤੀ। ਕਾਮਿਲ ਉਨ੍ਹਾਂ ਨੂੰ ਉਠਾਉਣ ਅੰਦਰ



ਗਿਆ।

"ਨਹੀਂ।" ਉਨ੍ਹਾਂ ਥੱਕੀ, ਟੁੱਟੀ ਆਵਾਜ਼ ਵਿਚ ਕਿਹਾ, "ਲੱਗਦਾ ਹੈ, ਮਲ ਸੁੱਕ ਗਿਆ ਹੈ, ਬਿਲਕੁਲ ਮੂੰਹ ਤੇ ਰੁਕਿਆ ਹੋਇਆ ਹੈ।"

"ਕੋਸ਼ਿਸ਼ ਕਰੋ।"

"ਕਰ ਰਿਹਾ ਹਾਂ। ਪਰ ਹੁਣ ਤਾਕਤ ਨਹੀਂ ਰਹੀ।"

ਕਾਮਿਲ ਨੇ ਇਕ ਪਲ ਉਨ੍ਹਾਂ ਨੂੰ ਦੇਖਿਆ, ਫਿਰ ਉਨ੍ਹਾਂ ਦੇ ਪਿੱਛੇ ਜਾ ਕੇ ਝੁੱਕ ਗਿਆ। ਆਪਣੀ ਉਂਗਲ ਅੰਦਰ ਪਾ ਕੇ ਉਸ ਨੇ ਫਸਿਆ, ਸੁੱਕਾ ਮਲ ਬਾਹਰ ਕੱਢਿਆ...ਫਿਰ ਇਸੇ ਤਰ੍ਹਾਂ ਕੀਤਾ।

"ਹੁਣ ?" ਕਾਮਿਲ ਨੇ ਪੁੱਛਿਆ।

"ਹੁਣ ਠੀਕ ਹੈ।"

ਕਾਮਿਲ ਨੇ ਸਹਾਰਾ ਦੇ ਕੇ ਉਨ੍ਹਾਂ ਨੂੰ ਚੁੱਕਿਆ। ਸਾਬੁਣ ਨਾਲ ਹੱਥ ਧੁਆਏ। ਆਪਣੇ ਹੱਥ ਧੋਤੇ। ਵਾਪਸ ਕੋਠੜੀ ਵਿਚ ਲਿਆ ਕੇ ਲਿਟਾ ਦਿੱਤਾ।

ਹਰ ਦੋ-ਤਿੰਨ ਦਿਨ ਵਿਚ ਉਹ ਰਾਤ ਨੂੰ ਕਾਮਿਲ ਨੂੰ ਆਵਾਜ਼ ਦੇਣ ਲੱਗਦੇ। ਜ਼ਰਾ ਜਿੰਨਾਂ ਵੀ ਅੰਦੇਸ਼ਾ ਹੁੰਦਾ, ਕਾਮਿਲ ਨੂੰ ਜਗਾ ਦੇਂਦੇ। ਰਾਤ ਵੇਲੇ, ਕਦੇ ਦਿਨ ਵਿਚ ਕਾਮਿਲ ਨੂੰ ਉਂਗਲੀ ਨਾਲ ਉਨ੍ਹਾਂ ਦਾ ਮਲ ਕੱਢਣਾ ਪੈਂਦਾ।

ਕਾਮਿਲ ਦੀ ਨੀਂਦਰ ਹੁਣ ਪੂਰੀ ਨਾ ਹੁੰਦੀ। ਲੱਗਭਗ ਇਕ ਮਹੀਨੇ ਤੋਂ ਉਹ ਠੀਕ ਤਰ੍ਹਾਂ ਨਾਲ ਸੁੱਤਾ ਨਹੀਂ ਸੀ। ਰਾਤਾਂ ਨੂੰ ਤਾਂ ਬਿਲਕੁਲ ਵੀ ਨਹੀਂ।

ਪਖਾਨੇ ਤੋਂ ਆਉਣ ਮਗਰੋਂ ਉਨ੍ਹਾਂ ਨੂੰ ਨੀਂਦ ਨਾ ਆਉਂਦੀ। ਵੈਸੇ ਵੀ ਰਾਤ ਨੂੰ ਉਹ ਕਦੇ ਸੁੱਤੇ ਨਹੀਂ ਸਨ। ਬਹਾਨੇ ਨਾਲ ਕਾਮਿਲ ਨੂੰ ਜਗਾਏ ਰੱਖਦੇ। ਉਸ ਤੋਂ ਤੰਬਾਕੂ ਬਣਵਾਉਂਦੇ...ਕਦੇ ਪਾਣੀ ਮੰਗਦੇ, ਕਦੇ ਗੱਲਾਂ ਕਰਦੇ ਰਹਿੰਦੇ। ਉਨ੍ਹਾਂ ਦੀਆਂ ਗੱਲਾਂ ਸਿਮਰਤੀਆਂ ਵਿਚ ਉਲਝੇ ਹੋਏ ਗਹਿਰੇ ਜਾਲ੍ਹੇ ਹੁੰਦੇ। ਉਨ੍ਹਾਂ ਜਾਲਿਆਂ ਅੰਦਰ ਕੁਝ ਵੀ ਫਸ ਕੇ ਉਨ੍ਹਾਂ ਅੰਦਰ ਝੂਲਣ ਲੱਗਦਾ। ਅੱਧੇ-ਅਧੂਰੇ ਟੁਕੜੇ, ਭੰਗ ਹੋਈ ਸਿਮਰਤੀ ਭੰਗ ਨਾਲ ਧੁੰਧਲਾਏ ਚਿੱਤਰ। ਲੋਕ ਹੁੰਦੇ। ਧੁਆਂਖੇ ਛੱਜਿਆਂ ਤੇ ਨੱਕਾਸ਼ੀ ਕੀਤੇ ਪੱਥਰਾਂ ਦੇ ਦਰਵਾਜ਼ਿਆਂ ਵਾਲੇ ਮਕਾਨ, ਖੂਹ ਮਸ਼ਕ ਵਾਲੇ ਭਿਸ਼ਤੀ, ਰੰਗੀਨ ਲੱਟੂ, ਝੂਲੇ ਲਈ ਰੇਸ਼ਮ ਅਤੇ ਜ਼ਰੀ ਦੇ ਕੱਪੜਿਆਂ ਵਾਲੀਆਂ ਚਾਂਦੀ ਦੀਆਂ ਪੱਟੀਆਂ, ਅਹਾਤਿਆਂ ਵਿਚ ਕੱਚ ਦੇ ਬੁਰਾਦੇ ਨਾਲ ਸੂਤੇ ਜਾਂਦੇ ਰੰਗੀਨ ਮਾਝੇ, ਪਹਾੜੀ ਬਿੱਛੂਆਂ ਦਾ ਤੇਲ ਵੇਚਦਾ ਆਦਮੀ, ਪੀਲੇ ਕੱਪੜੇ ਪਾਏ ਜੋਗੀ, ਕਾਲੇ ਕੱਪੜੇ ਪਹਿਨੇ ਸਪੇਰੇ, ਚਾਂਦੀ ਦੇ ਰੁਪਏ, ਵੇਸਵਾਵਾਂ ਦੀ ਵਫ਼ਾ, ਕੁੜੀਆਂ, ਨ੍ਰਿਤ, ਸੰਗੀਤ ਦੀਆਂ ਬੇਸ਼ੁਮਾਰ ਰਾਤਾਂ, ਅਖਾੜੇ ਦੀਆਂ ਛਿੰਝਾਂ, ਸੰਸਕ੍ਰਿਤ ਦੇ ਸ਼ਲੋਕ, ਆਵਾਰਾ ਰਾਤਾਂ ਦੇ ਪਲਾਂ ਵਿਚ ਜਨਮੀ ਕਲਾ ਦੀਆਂ ਦਾਰਸ਼ਨਿਕ ਵਿਆਖਿਆਵਾਂ। ਨਿਸ਼ਪਾਪ, ਨਿਸ਼ਕਲੰਕ, ਪ੍ਰਤੀਬੱਧ, ਸਮਰਪਿਤ, ਇਕ ਨਿਸ਼ਠ ਇਕਾਂਕੀ ਜੀਵਨ ਦੀ ਯਾਤਰਾ ਦੇ ਕੁਝ ਉੱਭਰੇ ਟੀਲੇ, ਜਿਨ੍ਹਾਂ ਤੇ ਬੈਠ ਕੇ ਉਹ ਸੁਸਤਾਉਂਦੇ ਰਹਿੰਦੇ।

ਇਕ ਰਾਤ ਕਾਮਿਲ ਸੁੱਤਾ ਹੀ ਸੀ। ਉਨ੍ਹਾਂ ਨੂੰ ਉਨ੍ਹਾਂ ਦੀ ਭਿੰਨੀ-ਭਿੰਨੀ ਆਵਾਜ਼ ਸੁਣਾਈ ਦਿੱਤੀ। ਉਨ੍ਹਾਂ ਕਾਮਿਲ ਨੂੰ ਆਵਾਜ਼ ਦਿੱਤੀ, ਪਰ ਕੁਝ ਉਨ੍ਹਾਂ ਦੇ ਮੂੰਹੋਂ ਨਿਕਲ ਰਿਹਾ ਸੀ। ਕਾਮਿਲ ਉੱਠਿਆ। ਉਨ੍ਹਾਂ ਕੋਲ ਆਇਆ। ਉਨ੍ਹਾਂ ਦੀਆਂ ਅੱਖਾਂ ਪੂਰੀਆਂ ਖੁੱਲ੍ਹੀਆਂ ਸਨ। ਕਾਮਿਲ ਨੂੰ ਦੇਖ ਕੇ ਉਨ੍ਹਾਂ ਨੇ ਉਸ ਦਾ ਹੱਥ ਪਕੜ ਲਿਆ।

"ਇੰਝ ਨਾ ਕਰ।"

"ਕੀ ?" ਕਾਮਿਲ ਸਿਰ੍ਹਾਣੇ ਬੈਠ ਗਿਆ।

"ਤੂੰ ਕਿਹਾ ਸੀ ਨਾ ਮਾਂ ਦੇ ਦਰਸ਼ਨ ਕਰਵਾਏਂਗਾ ? ਕਿਉਂ ਨਹੀਂ ਲੈ ਕੇ ਆਉਂਦਾ। ਉਸਨੂੰ ਇੱਥੇ ਜਾਂ

ਮੈਨੂੰ ਹੀ ਲੈ ਚੱਲ।

ਕਾਮਿਲ ਚੁੱਪਚਾਪ ਉਨ੍ਹਾਂ ਨੂੰ ਦੇਖਦਾ ਰਿਹਾ।

"ਇਸ ਲਈ ਕੁਝ ਰਚਿਆ ਨਹੀਂ ਜਾ ਰਿਹਾ ਹੈ। ਫਿਰ ਦੇਖ ਵੀ ਲੈਂਦਾ। ਮੇਰੇ ਬਾਅਦ ਉਹ ਤੇਰੀ ਰੱਖਿਆ ਕਰੇਗੀ। ਤੈਨੂੰ ਪਾਲੇਗੀ...ਸੁਖੀ ਰੱਖੇਗੀ।"

"ਲੈ ਆਵਾਂਗਾ..." ਕਾਮਿਲ ਨੇ ਉਨ੍ਹਾਂ ਦਾ ਹੱਥ ਥਪਥਪਾਇਆ।

"ਨਹੀ। ਹੁਣੇ...ਹੁਣੇ ਮਾਂ ਲੈ ਆ। ਤੂੰ ਕਹੀਂ, ਮੈਂ ਬੁਲਾਇਆ ਏ। ਉਹ ਆ ਜਾਏਗੀ।"

"ਪਰ ਅਜੇ ਬਹੁਤ ਰਾਤ ਹੈ।"

ਉਹ ਇਕਦਮ ਚੁੱਪ ਹੋ ਗਏ। ਬਸ ਕਾਮਿਲ ਨੂੰ ਦੇਖਦੇ ਰਹੇ। ਉਨ੍ਹਾਂ ਦੀਆਂ ਅੱਖਾਂ ਵਿਚ ਗਹਿਰੀ ਸ਼ਿਕਾਇਤ, ਅਵਿਸ਼ਵਾਸ ਅਤੇ ਨਾਰਾਜ਼ਗੀ ਸੀ। ਉਹ ਹੌਲੀ-ਹੌਲੀ ਕੁਝ ਬੁੜਬੁੜਾਉਣ ਲੱਗੇ। ਸ਼ਬਦ ਬਾਹਰ ਨਹੀਂ ਆ ਰਹੇ ਸਨ। ਕੁਝ ਲਾਰ ਸੀ, ਕੁਝ ਹੰਝੂ। ਉਹ ਆਪਣੇ ਉਸ ਹੱਥ-ਪੈਰ ਨੂੰ ਹਿਲਾਉਣ ਲੱਗੇ, ਜਿਸ ਉੱਤੇ ਅਟੈਕ ਹੋਇਆ ਸੀ। ਉਨ੍ਹਾਂ ਦਾ ਚਿਹਰਾ ਕਾਲਾ ਪੈਣ ਲੱਗਾ। ਕਾਮਿਲ ਨੇ ਘੜੀ ਦੇਖੀ। ਸਵੇਰ ਦੇ ਦੋ ਵਜ ਰਹੇ ਸਨ।

ਆਪਣੀ ਹਥੇਲੀ ਤੇ ਕਾਮਿਲ ਨੇ ਉਨ੍ਹਾਂ ਦਾ ਹੱਥ ਮਹਿਸੂਸ ਕੀਤਾ। ਉਹ ਆਪਣੇ ਇਕ ਹੱਥ ਨਾਲ ਕਾਮਿਲ ਨੂੰ ਧਕੇਲ ਰਹੇ ਸਨ। "ਹੁਣੇ...ਹੁਣੇ...।"

ਕਾਮਿਲ ਉੱਠ ਗਿਆ।

"ਠੀਕ ਹੈ, ਲਿਆਉਂਦਾ ਹਾਂ। ਤੁਸੀਂ ਆਰਾਮ ਕਰੋ। ਕੁਝ ਸੋਚੋ ਨਾ।"

ਉਨ੍ਹਾਂ ਦਾ ਚਿਹਰਾ ਹੌਲੀ-ਹੌਲੀ ਸ਼ਾਂਤ ਹੋ ਗਿਆ। ਦੇਹ ਵੀ। ਉਨ੍ਹਾਂ ਦੀਆਂ ਅੱਖਾਂ 'ਚ ਚਮਕ ਤੇ ਉਲ੍ਹਾਸ ਪਰਤ ਆਇਆ।

ਕਾਮਿਲ ਨੇ ਜੀਪ ਦੀ ਚਾਬੀ ਚੁੱਕੀ, ਰੁਪਏ ਚੁੱਕੇ ਤੇ ਤੇਜ਼ੀ ਨਾਲ ਦੌੜਦਾ ਹੋਇਆ ਪੌੜੀਆਂ ਉੱਤਰਿਆ। ਹੁਣ ਉਹ ਜੀਪ ਘਰ ਦੇ ਹੇਠਾਂ ਖੜੀ ਕਰਦਾ ਸੀ। ਜੀਪ ਸਟਾਰਟ ਕਰ ਉਹ ਦਾਖਸ਼ਇਣੀ ਦੇ ਘਰ ਵੱਲ ਭੱਜਿਆ।

ਦਾਖਸ਼ਇਣੀ ਦਾ ਘਰ ਹਨ੍ਹੇਰੇ ਵਿਚ ਡੁੱਬਿਆ ਹੋਇਆ ਸੀ। ਬਾਹਰ ਦੇ ਦਰਵਾਜ਼ੇ ਤੇ ਤਾਲਾ ਬੰਦ ਸੀ। ਕਾਮਿਲ ਨੇ ਜੀਪ ਇਕ ਪਾਸੇ ਖੜੀ ਕੀਤੀ। ਦਰਵਾਜ਼ੇ ਤੇ ਪੱਥਰ ਦੇ ਚਾਰ ਕੁੰਡੇ ਲੱਗੇ ਸਨ। ਕੁੰਡਿਆਂ ਤੇ ਪੈਰ ਰੱਖ ਕੇ ਉਹ ਦਰਵਾਜ਼ੇ ਤੇ ਚੜ੍ਹਿਆ ਤੇ ਅੰਦਰ ਛਾਲ ਮਾਰ ਦਿੱਤੀ। ਅਮਰੂਦ ਤੇ ਨਿੰਬੂ ਦੇ ਹੇਠਾਂ ਖਿੱਲਰੇ ਸਲੇਟੀ ਹਨ੍ਹੇਰੇ ਨੂੰ ਪਾਰ ਕਰ ਉਹ ਪਹਿਲੇ ਕਮਰੇ ਦੇ ਦਰਵਾਜ਼ੇ ਤੇ ਆ ਗਿਆ। ਬਾਹਰ ਬਲਬ ਜਗ ਰਿਹਾ ਸੀ। ਦਰਵਾਜ਼ੇ ਤੇ ਸ਼ੀਸ਼ੇ ਤੋਂ ਉਸ ਨੇ ਅੰਦਰ ਝਾਕਿਆ। ਕਮਰੇ ਵਿਚ ਹਨ੍ਹੇਰਾ ਸੀ। ਅੰਦਰ-ਥੋੜ੍ਹਾ ਦਿੱਸਦੇ ਹੋਏ ਦੂਸਰੇ ਕਮਰੇ ਵਿਚ ਹਨ੍ਹੇਰਾ ਸੀ। ਕਾਮਿਲ ਨੇ ਦਰਵਾਜ਼ੇ ਤੇ ਲੱਗੀ ਘੰਟੀ ਵਜਾਈ। ਇਕ ਵਾਰ, ਦੋ ਵਾਰ, ਤਿੰਨ ਵਾਰ। ਅੰਦਰ ਕੋਈ ਹੋਰ ਵੀ ਸੀ। ਕੁਝ ਬੋਲਣ ਦੀ ਆਵਾਜ਼, ਕੁਝ ਬਿੜਕ ਹੋਈ। ਫਿਰ ਅੰਦਰ ਵਾਲੇ ਕਮਰੇ ਦੀ ਬੱਤੀ ਜਗੀ। ਕੁਝ ਹੀ ਦੇਰ ਵਿਚ ਦਾਖਸ਼ਇਣੀ ਦਿਸੀ। ਨੀਂਦ ਵਿਚ ਡੁੱਬੀਆਂ ਅੱਖਾਂ ਨਾਲ ਉਸ ਨੇ ਬਾਹਰਲੇ ਦਰਵਾਜ਼ੇ ਵੱਲ ਤੱਕਿਆ। ਕਾਮਿਲ ਥੋੜ੍ਹਾ ਝੁਕ ਗਿਆ, ਜਿਸ ਨਾਲ ਉਸ ਦਾ ਚਿਹਰਾ ਹੋਰ ਚੰਗੀ ਤਰ੍ਹਾਂ ਨਜ਼ਰ ਆ ਸਕੇ। ਦਾਖਸ਼ਇਣੀ ਨੇ ਉਸ ਨੂੰ ਦੇਖ ਲਿਆ। ਅੱਖਾਂ ਵਿਚ ਅਚਰਜ ਭਰੇ ਉਹ ਕਮਰੇ ਵਿਚ ਆਈ। ਸ਼ੀਸ਼ੇ 'ਚੋਂ ਇਕ ਵਾਰ ਫਿਰ ਦੇਖਿਆ, ਫਿਰ ਦਰਵਾਜ਼ਾ ਖੋਲ੍ਹ ਦਿੱਤਾ।

ਕਾਮਿਲ ਅੰਦਰ ਆ ਗਿਆ। ਦਾਖਸ਼ਇਣੀ ਕੁਝ ਕਦਮ ਪਰ੍ਹੇ ਹੋ ਕੇ ਖੜ੍ਹੀ ਹੋ ਗਈ।

"ਤੈਨੂੰ ਹੁਣੇ ਮੇਰੇ ਨਾਲ ਚੱਲਣਾ ਪਏਗਾ।" ਕਾਮਿਲ ਬੋਲਿਆ।



"ਕਿੱਥੇ ?"

"ਮੇਰੇ ਘਰ।"

"ਕਿਉਂ ?"

"ਮੈਂ ਤੈਨੂੰ ਪਹਿਲਾਂ ਵੀ ਦੱਸਿਆ ਸੀ ਨਾ। ਬਾਪੂ ਇਕ ਵਾਰ ਤੈਨੂੰ ਦੇਖਣਾ ਚਾਹੁੰਦੇ ਹਨ।"

"ਕਿਉਂ ?"

"ਮਾਂ ਦੇ ਦਰਸ਼ਨ ਕਰਨ ਦੀ ਰੱਟ ਲਗਾਈ ਹੋਈ ਹੈ। ਡਾਕਟਰ ਨੇ ਕਿਹਾ ਹੈ ਕਿ ਉਨ੍ਹਾਂ ਦੀ ਹਰ ਗੱਲ ਮੰਨੋ। ਤੂੰ ਚੱਲ ਇਕ ਵਾਰ। ਮੈਂ ਹੁਣੇ ਤੈਨੂੰ ਵਾਪਸ ਛੱਡ ਜਾਵਾਂਗਾ।"

"ਨਹੀਂ।" ਦਾਖਸ਼ਇਣੀ ਹੋਰ ਇਕ ਕਦਮ ਪਿੱਛੇ ਹੱਟ ਗਈ।

ਕਾਮਿਲ ਅਵਾਕ ਫਟੀਆਂ ਅੱਖਾਂ ਨਾਲ ਦਾਖਸ਼ਇਣੀ ਵੱਲ ਦੇਖਦਾ ਰਹਿ ਗਿਆ। ਉਸ ਦੀ ਨੀਂਦ ਨਾਲ ਭਰੀਆਂ ਅੱਖਾਂ ਵਿਚ ਗਹਿਰਾ ਤਿੱਖਾਪਨ ਸੀ। ਖੁੱਲ੍ਹੇ ਵਾਲਾਂ ਪਿੱਛੇ ਸਾਵਲਾਂ ਚਿਹਰਾ ਤੇ ਗਹਿਰੀ ਦ੍ਰਿੜਤਾ ਤੇ ਸ਼ਾਂਤੀ ਸੀ।

"ਤੈਨੂੰ ਮੈਂ ਪਹਿਲਾਂ ਪੁੱਛਿਆ ਸੀ। ਤੇਰੇ ਪਿਤਾ ਜੇ ਮੇਰੇ ਪੁੱਤਰ ਹਨ ਤਾਂ ਤੂੰ ਮੇਰਾ ਕੀ ਏਂ ? ਤੂੰ ਉਦੋਂ ਵੀ ਕੁਝ ਨਹੀਂ ਦੱਸਿਆ ਸੀ। ਅੱਜ ਵੀ ਉਹੀ ਸਵਾਲ ਹੈ। ਮੇਰਾ-ਤੇਰਾ ਕੀ ਸੰਬੰਧ ਹੈ ? ਤੂੰ ਮੇਰਾ ਕੀ ਲੱਗਦਾ ਹੈ ? ਪਹਿਲਾਂ ਇਸ ਪ੍ਰਸ਼ਨ ਦਾ ਉੱਤਰ ਦੇਣਾ ਪਏਗਾ ਤੈਨੂੰ। ਜੇ ਤੂੰ ਦੱਸ ਸਕੇ ਕਿ ਤੂੰ ਮੇਰਾ ਕੀ ਏਂ, ਮੈਂ ਹੁਣੇ ਇਸੇ ਪਲ ਚੱਲਾਂਗੀ ਤੇਰੇ ਨਾਲ। ਇੰਝ ਹੀ ਜਿਵੇਂ ਖੜੀ ਹਾਂ।"

ਕਾਮਿਲ ਕੁਝ ਨਹੀਂ ਬੋਲਿਆ। ਦਾਖਸ਼ਇਣੀ ਮੁਸਕਰਾਉਂਦੀ ਹੋਈ ਕਾਮਿਲ ਨੂੰ ਦੇਖ ਰਹੀ ਸੀ। ਉਸ ਦੀਆਂ ਅੱਖਾਂ ਵਿਚ ਘ੍ਰਿਣਾ ਸੀ, ਜਿੱਤ ਦਾ ਭਾਵ ਸੀ, ਆਪਣੀ ਸ਼ਕਤੀ ਤੇ ਸੱਤਾ ਦਾ ਬੋਧ ਸੀ।

"ਮੈਂ ਜਾਣਦੀ ਹਾਂ ਤੂੰ ਕਦੇ ਨਹੀਂ ਦੱਸ ਸਕੇਂਗਾ, ਕਿਉਂਕਿ ਤੂੰ ਮੇਰਾ ਕਦੇ ਕੁਝ ਸੀ ਹੀ ਨਹੀਂ। ਜਾ, ਜਾ ਕੇ ਆਪਣੇ ਪਿਤਾ ਤੋਂ ਪੁੱਛ। ਸ਼ਾਇਣ ਉਹ ਤੈਨੂੰ ਇਸ ਪ੍ਰਸ਼ਨ ਦਾ ਉੱਤਰ ਦੇ ਦੇਣ। ਜੇ ਜਵਾਬ ਮਿਲ ਜਾਏ ਤਾਂ ਮੇਰੇ ਕੋਲ ਆ ਜਾਈਂ। ਫਿਰ ਜਿਵੇਂ ਕਹੋਗੇ ਤੇਰੇ ਨਾਲ ਚਲੀ ਜਾਵਾਂਗੀ। ਪਰ ਅਜੇ ਨਹੀਂ।"

ਕਾਮਿਲ ਇਕ ਪਲ ਰੁਕਿਆ, ਫਿਰ ਚੁੱਪਚਾਪ ਬਾਹਰ ਨਿਕਲ ਗਿਆ। ਕਾਮਿਲ ਘਰ ਪਹੁੰਚਿਆ।

ਜੀਪ ਇਕ ਪਾਸੇ ਖੜ੍ਹੀ ਕਰਕੇ ਉਹ ਪੌੜੀਆਂ ਤੋਂ ਉੱਪਰ ਆਇਆ। ਦੂਰੋਂ ਦੇਖਿਆ ਉਸਨੇ। ਕੋਠੜੀ ਅੰਦਰ ਪਲੰਘ ਖਾਲੀ ਸੀ। ਉਹ ਤੇਜ਼ੀ ਨਾਲ ਕੋਠੜੀ ਵਿਚ ਆਇਆ। ਦੀਵਾਰ ਨਾਲ ਲੱਗੇ ਫਰਸ਼ ਤੇ ਉਹ ਲੁੜ੍ਹਕੇ ਪਏ ਸਨ। ਹੱਥਾਂ ਵਿਚ ਮਿੱਟੀ ਸੀ। ਮਿੱਟੀ ਦੇ ਲੋਂਦੇ ਉੱਤੇ ਇਕ ਚਿਹਰਾ ਬਣਿਆ ਹੋਇਆ ਸੀ। ਕਾਮਿਲ ਨੇ ਉਸਨੂੰ ਪਛਾਣ ਲਿਆ।

ਇਹ ਦਾਖਸ਼ਇਣੀ ਦਾ ਚਿਹਰਾ ਸੀ।

— 4 —

ਕਾਮਿਲ ਦੀ ਆਖਰੀ ਚਿੱਠੀ ਦਸੰਬਰ ਵਿਚ ਮਿਲੀ। ਛੋਟੇ ਕਾਗਜ਼ ਤੇ ਲਿਖੀ ਹੋਈ।...

"ਲੱਗਦਾ ਹੈ ਜੀਵਨ ਦਾ ਇਕ ਚੱਕਰ ਪੂਰਾ ਹੋਇਆ ਬਿਜਨ। ਜਿੱਥੋਂ ਸ਼ੁਰੂ ਕੀਤਾ ਸੀ, ਫਿਰ ਉੱਥੇ ਪਹੁੰਚ ਗਏ।

ਸੰਦੇਹ ਅਮਰ ਹੈ, ਸਦੀਵੀ ਹੈ। ਉਸ ਨੂੰ ਹਮੇਸ਼ਾ ਲਈ ਖਤਮ ਕਰਕੇ ਕੋਈ ਅੰਤਿਮ ਸੱਚ ਕਦੇ ਜਨਮ ਨਹੀਂ ਲੈ ਸਕਦਾ। ਸਾਡੇ ਜਨਮ ਨਾਲ ਹੀ ਪਹਿਲਾ ਪ੍ਰਸ਼ਨ ਪੈਦਾ ਹੁੰਦਾ ਹੈ ਕਿ 'ਮੈਂ ਕੌਣ ਹਾਂ' ਤੇ ਮੌਤ ਨਾਲ ਆਖਰੀ ਪ੍ਰਸ਼ਨ 'ਹੁਣ ਕਿੱਥੇ' ਸੰਦੇਹ ਤੋਂ ਸੰਦੇਹ ਤੱਕ ਦੀ ਇਹ ਨਿਰੰਤਰ ਚੱਲਣ ਵਾਲੀ ਯਾਤਰਾ ਹੀ ਸ਼ਾਇਦ ਸਾਡਾ ਜੀਵਨ ਤੇ ਸੰਦੇਹ ਹੀ ਕਿਉਂ ਬਿਜਨ ? ਮੈਨੂੰ ਤਾਂ ਲੱਗਦਾ ਹੈ, ਜਿਵੇਂ ਇਹ ਪੂਰਾ ਜੀਵਨ

ਹੀ ਕਿਸੇ ਧਰਮਸਥਲ ਵਿਚ ਚੱਲਣ ਵਾਲੀ ਲੰਮੀ ਸੁਣਵਾਈ ਹੈ। ਇਸ ਵਿਚ ਇਲਜ਼ਾਮ ਹੈ, ਸਬੂਤ ਹੈ, ਗਵਾਹ ਹਨ, ਜਿਰਹ ਹੈ, ਕਾਨੂੰਨ ਦੀਆਂ ਧਾਰਾਵਾਂ ਹਨ, ਕਾਰਾਗਾਰ ਹੈ...ਦੰਡ ਹੈ ਤੇ ਫਿਰ ਸਭ ਤੋਂ ਅੰਤ ਵਿਚ ਕਿਸੇ ਧਰਮਾਧਿਕਾਰੀ ਦਾ ਆਖਰੀ ਨਿਰਣਾ ਹੈ। ਤੁਸੀਂ ਮੁਕਤ, ਤੁਸੀਂ ਆਜੀਵਨ, ਤੁਸੀਂ ਮ੍ਰਿਤਦੰਡ, ਤੂੰ ਕਾਲਾ ਪਾਣੀ, ਤੂੰ...ਤੂੰ। ਤੇ ਫਿਰ ਅਪੀਲ, ਫਿਰ ਸੁਣਵਾਈ।

ਜਾਣਦਾ ਏਂ ਬਿਜਨ। ਰਾਜਾ ਨੰਦ ਕੁਮਾਰ ਦਾ ਮੁਕੱਦਮਾ ਜਦੋਂ ਸ਼ੁਰੂ ਹੋਇਆ ਤਾਂ ਪਹਿਲਾ ਵਾਕ ਉਸ ਨੇ ਕਿਹਾ, "ਇਹ ਦੁਭਾਸ਼ੀਆ ਇਲੀਅਟ ਮੇਰੇ ਪ੍ਰਤੀ ਦੁਸ਼ਮਣੀ ਰੱਖਦਾ ਹੈ। ਸੰਦੇਹ ਨਹੀਂ। ਪਤਾ ਨਹੀਂ ਕਿਹੜੀ ਗੱਲ, ਕਿਸ ਨੂੰ, ਕਿਸ ਤਰ੍ਹਾਂ ਦੱਸੇਗਾ ?" ਇਸੇ ਨੇ ਉਸ ਦੀ ਗੱਲ ਨਾ ਮੰਨੀ। ਸਾਡੇ ਜੀਵਨ ਦੇ ਮੁਕੱਦਮੇ ਵਿਚ ਤਾਂ ਕੋਈ ਦੁਭਾਸ਼ੀਆ ਹੀ ਨਹੀਂ ਹੈ ਬਿਜਨ। ਇਕ ਜੋ ਕਹਿ ਰਿਹਾ ਹੈ, ਦੂਸਰਾ ਉਸ ਨੂੰ ਸਮਝ ਹੀ ਨਹੀਂ ਸਕਦਾ। ਮੇਰਾ ਬੋਲਿਆ ਸ਼ਬਦ ਤੇਰੇ ਤੱਕ ਆਉਂਦੇ ਹੋਏ ਆਪਣਾ ਅਰਥ ਗੁਆ ਬੈਠਦਾ ਹੈ। ਤੁਸੀਂ ਜੋ ਗ੍ਰਹਿਣ ਕਰਦੇ ਹੋ, ਉਹ ਮੈਂ ਬੋਲਿਆ ਹੀ ਨਹੀਂ ਹੁੰਦਾ। ਸੋਚੋ ਬਿਜਨ, ਬਗੈਰ ਕਿਸੇ ਦੁਭਾਸ਼ੀਏ ਦੇ, ਇਨ੍ਹਾਂ ਅਨੰਤ ਭਾਸ਼ਾਵਾਂ ਵਿਚ ਕੀਤੀ ਜਾਣ ਵਾਲੀ ਸੁਣਵਾਈ ਵਿਚ ਕੀ ਕੁਝ ਵੀ ਅੰਤਿਮ, ਦੋਸ਼ ਰਹਿਤ, ਪੱਖਪਾਤਵਿਹੀਣ ਨਿਰਣਾ ਹੋਏਗਾ ? ਸ਼ਾਇਦ ਨਹੀਂ। ਮੈਂ ਦੇਖਿਆ ਹੈ ਬਿਜਨ ਧਰਮਸਥਲ ਵਿਚ ਮਰਦੇ ਹੋਏ, ਅਦਾਲਤਾਂ ਵਿਚ ਸੁਣਵਾਈਆਂ ਤੋਂ ਭੱਜਦੇ ਹੋਏ, ਹੌਲੀ-ਹੌਲੀ ਨਸ਼ਟ ਹੁੰਦੇ ਹੋਏ ਸਰੀਰਾਂ ਨੂੰ, ਆਤਮਾਵਾਂ ਨੂੰ। ਉਨ੍ਹਾਂ ਦੇ ਜੀਵਨ ਦੀ ਸਾਰੀ ਚਮਕ ਬੁੱਝ ਜਾਂਦੀ ਹੈ। ਸਾਰੀਆਂ ਆਸਥਾਵਾਂ, ਸਾਰੇ ਵਿਸ਼ਵਾਸ ਨਸ਼ਟ ਹੋ ਜਾਂਦੇ ਹਨ। ਕਾਲ ਨਿਰਵਿਘਨ ਗਤੀ ਨਾਲ ਉਨ੍ਹਾਂ ਨੂੰ ਰੌਂਦਦਾ ਰਹਿੰਦਾ ਹੈ, ਪਰ ਉਨ੍ਹਾਂ ਦੀ ਸੁਣਵਾਈ ਕਦੇ ਖਤਮ ਨਹੀਂ ਹੁੰਦੀ। ਮੈਂ ਵੀ ਥੱਕ ਗਿਆ ਹਾਂ, ਕਿਸੇ ਧਰਮਸਥਲ ਵਿਚ ਚੱਲਣ ਵਾਲੀ ਆਪਣੇ ਜੀਵਨ ਦੀ ਇਸ ਸੁਣਵਾਈ ਤੋਂ। ਜਿਰਹ, ਬਿਆਨ, ਇਲਜ਼ਾਮ, ਪ੍ਰਮਾਣ, ਤਰਕ ਨਾਲ...ਬਹੁਤ ਥੱਕ ਗਿਆ ਹਾਂ ਬਿਜਨ। ਮੁਕਤੀ ਚਾਹੁੰਦਾ ਹਾਂ। ਯਾਦ ਹੈ, ਬਾਪੂ ਨੇ ਪਹਿਲੀ ਰਾਤ ਤੈਨੂੰ ਕੀ ਕਿਹਾ ਸੀ ? ਜਦੋਂ ਇੰਝ ਲੱਗੇ ਕਿ ਕਿੱਧਰੇ ਕੋਈ ਸ਼ਰਣ ਨਹੀਂ ਹੈ, ਕਿੱਧਰੇ ਦੁੱਖ ਤੋਂ ਮੁਕਤੀ ਨਹੀਂ ਤਾਂ ਕਿਸੇ ਵਿਰਾਟ ਕੋਲ ਚਲੇ ਜਾਓ। ਉਹ ਤੁਹਾਨੂੰ ਆਪਣੇ ਅੰਦਰ ਸਮੇਟ ਲਵੇਗਾ। ਮੈਂ ਵੀ ਕਿਸੇ ਵਿਰਾਟ ਕੋਲ ਜਾਵਾਂਗਾ ਬਿਜਨ। ਨਦੀ ਨਹੀਂ, ਬਿਰਖ ਨਹੀਂ, ਜੰਗਲ ਨਹੀਂ। ਇਨ੍ਹਾਂ ਸਾਰਿਆਂ ਦੀਆਂ ਸੀਮਾਵਾਂ ਹਨ। ਅਜਿਹਾ ਵਿਰਾਟ ਜਿਸ ਦਾ ਆਦਿ, ਨਾ ਅੰਤ, ਨਾ ਜਨਮ, ਨਾ ਮ੍ਰਿਤੂ, ਨਾ ਮਰਨ...ਇਕ ਅਲੌਕਿਕ ਗਰਭ...ਇਕ ਅੰਮ੍ਰਿਤ ਕੁੰਡ। ਮੌਤ ਤੋਂ ਵਿਰਾਟ ਹੋਰ ਕੀ ਹੈ ਬਿਜਨ ?"

ਇਸ ਤੋਂ ਬਾਅਦ ਕਾਫ਼ੀ ਅਰਸੇ ਤੱਕ ਮੈਨੂੰ ਕਾਮਿਲ ਦਾ ਕੋਈ ਪੱਤਰ ਨਾ ਮਿਲਿਆ। ਇੰਝ ਅਕਸਰ ਹੁੰਦਾ ਸੀ। ਕਾਮਿਲ ਕਈ ਵਾਰ ਪੂਰਾ ਸਾਲ ਕੋਈ ਪੱਤਰ ਨਹੀਂ ਲਿਖਦਾ ਸੀ। ਪਰ ਜਦੋਂ ਉਸ ਦਾ ਪੱਤਰ ਮਿਲਦਾ ਤਾਂ ਮੈਨੂੰ ਉਸ ਦੇ ਸਾਰੇ ਜੀਵਨ ਬਾਰੇ ਜਾਣਕਾਰੀ ਮਿਲ ਜਾਂਦੀ ਸੀ, ਜਿਵੇਂ ਸਾਰੀਆਂ ਘਟਨਾਵਾਂ ਅੱਖਾਂ ਸਾਹਮਣੇ ਵਾਪਰਦੇ ਦੇਖ ਰਿਹਾ ਹੋਵਾਂ।

ਇਕ ਸਾਲ ਬਾਅਦ ਮੈਨੂੰ ਫ਼ਿਕਰ ਹੋਈ। ਮੈਂ ਕਾਮਿਲ ਨੂੰ ਚਿੱਠੀ ਲਿਖੀ। ਕੋਈ ਜਵਾਬ ਨਾ ਆਇਆ। ਮੇਰੇ ਕੋਲ ਕੋਈ ਸੰਪਰਕ ਸੂਤਰ ਨਹੀਂ ਸੀ, ਜਿਸ ਤੋਂ ਮੈਂ ਕਾਮਿਲ ਬਾਰੇ ਪਤਾ ਕਰ ਸਕਦਾ ਸੀ। ਦੋ ਸਾਲ ਲੰਘ ਗਏ। ਮੈਨੂੰ ਗਹਿਰੀ ਚਿੰਤਾ ਹੋਣ ਲੱਗੀ। ਇਕ ਦਿਨ ਮੈਂ ਮੂਨ ਦੇ ਢਾਬੇ ਦੇ ਨਾਂ ਪੱਤਰ ਲਿਖ ਕੇ ਪਾ ਦਿੱਤਾ। ਪਤੇ ਉੱਤੇ ਮੈਂ ਕਚਹਿਰੀ ਗੇਟ, ਜੇਲ੍ਹ ਦੇ ਸਾਹਮਣੇ ਲਿਖਿਆ। ਪੱਤਰ ਵਿਚ ਮੈਂ ਮੂਨ ਨੂੰ ਆਪਣੀ ਯਾਦ ਦੁਆਈ।

ਉਸ ਨੂੰ ਪੂਰੀ ਤਰ੍ਹਾਂ ਸਮਝਾ ਦਿੱਤਾ ਕਿ ਉਹ ਤਾਰ-ਘਰ ਜਾ ਕੇ ਮੇਰਾ ਲਿਖਿਆ ਹੋਇਆ ਟੈਲੀਫੋਨ ਨੰਬਰ ਉੱਥੇ ਬੈਠੇ ਆਦਮੀ ਨੂੰ ਦੇ ਦੇਣ। ਉਹ ਆਪ ਫ਼ੋਨ ਮਿਲਾ ਕੇ ਦੇ ਦੇਵੇਗਾ। ਉੱਥੇ ਸਵੇਰੇ ਪੰਜ ਤੋਂ ਅੱਠ ਜਾਂ ਸ਼ਾਮ ਨੂੰ ਛੇ ਤੋਂ ਦਸ ਵਿਚਕਾਰ ਜਾਏ। ਮੈਂ ਇਹ ਵੀ ਦੱਸ ਦਿੱਤਾ ਕਿ ਪੈਸੇ ਜ਼ਿਆਦਾ ਲੈ ਕੇ ਜਾਏ।



ਪੱਤਰ ਮਿਲਦੇ ਹੀ ਮੇਰੇ ਨਾਲ ਗੱਲ ਕਰੇ। ਮੈਨੂੰ ਉੱਮੀਦ ਸੀ ਕਿ ਮੇਰਾ ਪੱਤਰ ਮੂਨ ਨੂੰ ਮਿਲ ਜਾਏਗਾ। ਕਾਮਿਲ ਦੀਆਂ ਗੱਲਾਂ ਤੋਂ ਲੱਗਦਾ ਸੀ ਕਿ ਮੂਨ ਦਾ ਢਾਬਾ ਅਤੇ ਮੂਨ, ਦੋਵਾਂ ਨੂੰ ਕਚਹਿਰੀ ਵਿਚ ਸਾਰੇ ਜਾਣਦੇ ਹਨ। ਜੇਲ੍ਹ ਦੇ ਸਾਹਮਣੇ ਧਰਮਸਥਲ ਦਾ ਦਰਵਾਜ਼ਾ ਇਕ ਪੱਕਾ ਲੈਂਡਮਾਰਕ ਸੀ।

ਇਕ ਸ਼ਾਮ ਮੈਂ ਖਿੜਕੀ ਤੇ ਬੈਠਾ ਡਿੱਗਦੀ ਹੋਈ ਬਰਫ਼ ਦੇਖ ਰਿਹਾ ਸੀ। ਰੂੰ ਦੇ ਫਾਹਾਂ ਵਰਗੀ ਇਹ ਬਰਫ਼ ਤਿੰਨ ਦਿਨਾਂ ਤੋਂ ਰੁੱਕ-ਰੁੱਕ ਕੇ ਡਿੱਗ ਰਹੀ ਸੀ। ਉਦੋਂ ਹੀ ਮੇਰੇ ਫੋਨ ਦੀ ਘੰਟੀ ਵੱਜੀ। ਮੈਂ ਫ਼ੋਨ ਚੁੱਕਿਆ। ਉਧਰੋਂ ਕੋਈ ਆਵਾਜ਼ ਨਾ ਆਈ। ਮੈਂ ਫਿਰ ਹੈਲੋ ਕਿਹਾ। ਫਿਰ ਚੁੱਪੀ ਰਹੀ...ਕੁਝ ਪਲ ਬਾਅਦ ਉਧਰੋਂ ਬਹੁਤ ਮੱਧਮ, ਸਹਿਮੀ ਜਿਹੀ ਆਵਾਜ਼ ਸੁਣਾਈ ਦਿੱਤੀ।

"ਭੂਰੀ।"

"ਹਾਂ...ਮੂਨ...ਮੈਂ ਭੂਰੀ, ਬੋਲ ਮੂਨ।"

"ਮੈਂ ਮੂਨ ਬੋਲ ਰਿਹਾ ਹਾਂ।" ਉਧਰੋਂ ਆਵਾਜ਼ ਆਈ।

"ਹਾਂ ਹਾਂ ਬੋਲ ਮੂਨ...ਕਾਮਿਲ ਠੀਕ ਹੈ ?"

ਕੁਝ ਪਲ ਚੁੱਪੀ ਰਹੀ, ਫਿਰ ਉਧਰੋਂ ਆਵਾਜ਼ ਆਈ।

"ਤੂੰ ਇਕ ਵਾਰ ਆ ਜਾ ਭੂਰੀ।"

ਮੈਂ ਚੁੱਪ ਹੋ ਗਿਆ। ਫਿਰ ਪੁੱਛਿਆ।

"ਕੀ ਹੋਇਆ ?"

"ਤੂੰ ਬਸ ਇਕ ਵਾਰ ਆ ਜਾ...।"

"ਕਾਮਿਲ ਕਿੱਥੇ ਹੈ ?"

"ਜੇਲ੍ਹ ਵਿਚ।"

"ਕਿਉਂ ?"

ਆਵਾਜ਼ ਸਾਫ਼ ਨਹੀਂ ਸੀ। ਮੈਂ ਘਬਰਾ ਰਿਹਾ ਸੀ, ਮੂਨ ਕਿੱਧਰੇ ਫੋਨ ਨਾ ਕੱਟ ਦੇਵੇ।

"ਸੁਣ ਮੂਨ।" ਮੈਂ ਤੇਜ਼ ਆਵਾਜ਼ ਵਿਚ ਬੋਲਿਆ, "ਮੈਂ ਆਉਂਦਾ ਹਾਂ...ਤੂੰ ਮੈਨੂੰ ਦੋ ਦਿਨਾਂ ਬਾਅਦ ਇਸੇ ਵੇਲੇ ਫੋਨ ਕਰੀਂ। ਇਸੇ ਤਰ੍ਹਾਂ। ਮੈਂ ਤੈਨੂੰ ਸਭ ਦੱਸ ਦੇਵਾਂਗਾ ਕਿ ਮੈਂ ਕਦੋਂ ਪਹੁੰਚ ਰਿਹਾ ਹਾਂ। ਸੁਣ ਰਿਹਾ ਏਂ ਨਾ ?"

"ਹਾਂ ਭੂਰੀ...ਮੈਂ ਪਰਸੋਂ ਫੋਨ ਕਰਦਾ ਹਾਂ। ਪਰ ਤੂੰ ਆ ਜਾਈਂ।" ਉਧਰੋਂ ਜਿਵੇਂ ਮੂਨ ਰੋ ਰਿਹਾ ਸੀ। ਉਸ ਨੇ ਫੋਨ ਰੱਖ ਦਿੱਤਾ।

ਦੋ ਦਿਨ ਬਾਅਦ ਮੂਨ ਦਾ ਫੋਨ ਫਿਰ ਆਇਆ।

"ਤੂੰ ਆ ਰਿਹਾ ਏ ਨਾ ਭੂਰੀ ?"

"ਹਾਂ। ਮੈਂ ਅੱਜ ਤੋਂ ਪੰਜ ਦਿਨ ਯਾਨਿ ਅਠਾਰ੍ਹਾਂ ਤਾਰੀਕ ਨੂੰ ਸਵੇਰੇ ਤੇਰੇ ਢਾਬੇ ਤੇ ਕਿਸੇ ਵੇਲੇ ਵੀ ਪਹੁੰਚਾਂਗਾ।"

"ਮੈਂ ਤੈਨੂੰ ਲੈਣ ਸਟੇਸ਼ਨ ਆ ਜਾਵਾਂਗਾ।" ਮੂਨ ਬੋਲਿਆ, "ਕਿਸ ਗੱਡੀ ਤੇ ਆਏਂਗਾ ?"

"ਤੂੰ ਕਿਧਰੇ ਨਾ ਆਈ। ਬਸ ਢਾਬੇ ਤੇ ਹੀ ਰਹੀ। ਮੈਂ ਉੱਥੇ ਕਿਸੇ ਹੋਰ ਨੂੰ ਨਹੀਂ ਜਾਣਦਾ।"

"ਮੈਂ ਤੇਰੇ ਠਹਿਰਣ ਦਾ ਇੰਤਜ਼ਾਮ ਕਰਦਾ ਹਾਂ।"

"ਮੈਂ ਕਰ ਲਵਾਂਗਾ।"

ਮੂਨ ਇਕ ਪਲ ਚੁੱਪ ਰਿਹਾ।

"ਕਾਮਿਲ ਨੂੰ ਦੱਸ ਦੇਵਾਂ ?"

"ਕੀ ?"

"ਤੂੰ ਆ ਰਿਹਾ ਏਂ ?"

"ਕਿਵੇਂ ਦੱਸੇਗਾ ?"

"ਜੇਲ੍ਹ ਵਿਚ ਹੀ ਤਾਂ ਹੈ।"

"ਉਸ ਨੂੰ ਮਿਲਣ ਲਈ, ਮੈਂ ਤੈਨੂੰ ਕਿੰਨੀ ਦੇਰ ਪਹਿਲਾਂ ਦੱਸਾਂ ?"

"ਚਾਰ ਘੰਟੇ।"

"ਉਸ ਨੂੰ ਕੁਝ ਨਾ ਦੱਸੀ ?"

ਮੂਨ ਨੇ ਫੋਨ ਰੱਖ ਦਿੱਤਾ।

18 ਤਾਰੀਕ ਨੂੰ ਸਟੇਸ਼ਨ ਪਹੁੰਚ ਕੇ ਮੈਂ ਟੈਕਸੀ ਲੈ ਲਈ। ਉਸ ਨੂੰ ਜੇਲ੍ਹ ਦੇ ਸਾਹਮਣੇ ਕਚਹਿਰੀ ਦਾ ਫਾਟਕ ਦੱਸ ਦਿੱਤਾ।

ਮੂਨ ਮੈਨੂੰ ਫਾਟਕ ਤੇ ਖੜ੍ਹਾ ਹੀ ਦਿੱਸ ਪਿਆ। ਉਹ ਬਹੁਤ ਬਦਲ ਗਿਆ ਸੀ। ਮਜ਼ਬੂਤ ਸਰੀਰ ਦਾ ਹੋ ਗਿਆ ਸੀ। ਚਿਹਰੇ ਤੇ ਕੋਈ ਬਹੁਤਾ ਫ਼ਰਕ ਨਹੀਂ ਆਇਆ ਸੀ। ਉਹ ਹਰ ਆਉਣ-ਜਾਣ ਵਾਲੇ ਨੂੰ ਧਿਆਨ ਨਾਲ ਦੇਖ ਰਿਹਾ ਸੀ।

ਮੇਰੀ ਗੱਡੀ ਰੁੱਕੀ ਤਾਂ ਉਹ ਭੱਜ ਕੇ ਕੋਲ ਆ ਗਿਆ। ਮੈਂ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲਿਆ। ਮੂਨ ਮੈਨੂੰ ਕੁਝ ਪਲ ਦੇਖਦਾ ਰਿਹਾ।

"ਭੂਰੀ।" ਉਹ ਹੌਲੀ ਜਿਹੀ ਬੋਲਿਆ।

ਮੈਂ ਹੱਸ ਪਿਆ। ਮੂਨ ਤੇਜ਼ੀ ਨਾਲ ਮੇਰੇ ਵੱਲ ਵਧਿਆ। ਉਹ ਮੇਰੇ ਗਲ੍ਹੇ ਲੱਗਣਾ ਚਾਹੁੰਦਾ ਸੀ, ਪਰ ਕੋਲ ਆ ਕੇ ਝਿਜਕ ਗਿਆ। ਮੈਂ ਹੱਥ ਵਧਾ ਕੇ ਉਸ ਨੂੰ ਗਲ੍ਹੇ ਲਿਆ, "ਬਿਲਕੁਲ ਨਹੀਂ ਬਦਲਿਆ। ਤੇਰੀਆਂ ਅੱਖਾਂ ਉਹੋ ਜਿਹੀਆਂ ਹੀ ਹਨ।" ਮੂਨ ਦੀ ਆਵਾਜ਼ ਭਰੜਾਈ ਹੋਈ ਸੀ।

"ਤੂੰ ਵੀ ਤਾਂ ਨਹੀਂ ਬਦਲਿਆ।"

"ਬਹੁਤ ਚੰਗਾ ਕੀਤਾ, ਜੋ ਤੂੰ ਆ ਗਿਆ।"ਅਲੱਗ ਹੁੰਦੇ ਹੋਏ ਉਸ ਨੇ ਕਿਹਾ, "ਸਾਮਾਨ ਕਿੱਥੇ ਹੈ ?" ਉਸ ਨੇ ਅੰਦਰ ਝਾਕਿਆ।

"ਸਟੇਸ਼ਨ ਤੇ ਹੀ ਕਲਾੱਕ ਰੂਮ ਵਿਚ ਅਜੇ ਰੱਖ ਦਿੱਤਾ ਹੈ। ਇਕ ਬੈਗ ਡਿੱਕੀ ਵਿਚ ਹੈ। ਜ਼ਰੂਰਤ ਦੀਆਂ ਸਾਰੀਆਂ ਚੀਜ਼ਾਂ ਹਨ ਉਸ ਵਿਚ।"

"ਆ ਜਾ।" ਮੂਨ ਨੇ ਮੇਰਾ ਹੱਥ ਫੜ੍ਹ ਲਿਆ।" ਇਹ ?" ਉਸ ਨੇ ਟੈਕਸੀ ਵੱਲ ਇਸ਼ਾਰਾ ਕੀਤਾ।

"ਇਹ ਰਹੇਗੀ।"

"ਤੂੰ ਕਿੱਥੇ ਰੁਕੇਗਾ...ਨਹਾ ਧੋ ਕੇ, ਕੁਝ ਖਾ ਲੈ। ਮੈਂ ਲੈ ਚਲਦਾ ਹਾਂ ਆਪਣੇ ਘਰ।"

"ਮੈਂ ਟਰੇਨ ਵਿਚ ਸਭ ਕਰ ਲਿਆ ਹੈ...ਰੁੱਕਣ ਤੇ ਦੇਖ ਲਵਾਂਗਾ। ਹੁਣ ਚੱਲ, ਬੈਠ ਮੇਰੇ ਨਾਲ।"

ਮੂਨ ਆਪਣੇ ਢਾਬੇ ਤੇ ਲੈ ਗਿਆ। ਮੈਂ ਦਰਵਾਜ਼ੇ ਤੇ ਰੁੱਕ ਕੇ ਦੇਖਿਆ। ਸਭ ਕੁਝ ਉਂਝ ਹੀ ਸੀ, ਜਿਵੇਂ ਕਾਮਿਲ ਆਪਣੇ ਪੱਤਰਾਂ ਵਿਚ ਲਿਖਦਾ ਰਿਹਾ ਸੀ। ਲਕੜੀ ਦੀਆਂ ਮੇਜ਼ਾਂ...ਲੋਹੇ ਦੀਆਂ ਕੁਰਸੀਆਂ, ਕਿੱਲੀਆਂ ਤੇ ਟੰਗੇ ਕੱਪੜੇ, ਦੀਵਾਰਾਂ ਤੇ ਹਰਾ ਰੰਗ, ਕਈ ਦੇਵਤਾਵਾਂ ਦੀਆ ਤਸਵੀਰਾਂ...ਟੀਨ ਦੀ ਛੱਤ, ਕੋਨੇ ਦੇ ਨਲਕੇ ਤੇ ਭਾਂਡੇ ਧੋਂਦੇ ਮੁੰਡੇ, ਅੰਦਰ ਭੱਠੀ ਦਾ ਧੂੰਆਂ...।

"ਅੰਦਰ ਬੈਠਦੇ ਹਾਂ, ਉੱਥੇ ਕੋਈ ਨਹੀਂ ਆਏਗਾ...ਮੈਂ ਤੇਰੇ ਲਈ ਖ਼ਾਸ ਖਾਣਾ ਬਣਾਇਆ ਏ। ਆਪਣੇ ਹੱਥਾਂ ਨਾਲ।" ਮੂਨ ਨੇ ਫਿਰ ਮੇਰਾ ਹੱਥ ਫੜ ਲਿਆ। ਮੈਨੂੰ ਅੰਦਰਲੇ ਛੋਟੇ ਕਮਰੇ ਵਿਚ ਲੈ ਗਿਆ। ਇੱਥੇ ਮੇਜ਼-ਕੁਰਸੀ ਪਈ ਸੀ। ਇਕ ਛੋਟਾ ਸੋਫ਼ਾ ਸੀ। ਗੱਦੇਦਾਰ ਕੁਰਸੀ ਸੀ। ਲੋਹੇ ਦੀ ਅਲਮਾਰੀ ਸੀ।



"ਕਾਮਿਲ ਇੱਥੇ ਬੈਠਦਾ ਸੀ...ਉਸ ਦਾ ਦਫ਼ਤਰ ਹੀ ਸਮਝ ਲੈ।" ਮੂਨ ਨੇ ਮੈਨੂੰ ਗੱਦੇਦਾਰ ਕੁਰਸੀ ਤੇ ਬਿਠਾ ਦਿੱਤਾ। ਆਪ ਸੋਫ਼ੇ ਤੇ ਬੈਠ ਗਿਆ।

ਮੈਂ ਕਮਰੇ ਤੇ ਇਕ ਨਿਗਾਹ ਮਾਰੀ, ਫਿਰ ਸਾਹਮਣੇ ਖਿੜਕੀ 'ਚੋਂ ਦੇਖਿਆ। ਜੇਲ੍ਹ ਦੀ ਦੀਵਾਰ ਤੇ ਛਾਂ ਪੈ ਰਹੀ ਸੀ। ਪੂਰੀ ਦੁਪਹਿਰ ਸੀ। ਤੇਜ਼ ਧੁੱਪ ਸੀ। ਨਿੰਮ ਦੇ ਦਰਖ਼ਤ ਤੇ ਕੁਝ ਕਾਂ ਚੀਖ ਰਹੇ ਸਨ।

"ਮਰੋ ਸਾਲਿਓ।" ਮੂਨ ਦੇ ਢਾਬੇ ਦੇ ਇਕ ਮੁੰਡੇ ਨੇ ਪਲੇਟਾਂ ਦੇ ਬਚੇ ਖਾਣੇ ਦੇ ਟੁਕੜੇ ਸੁੱਟ ਦਿੱਤੇ। ਕਾਵਾਂ ਦਾ ਝੁੰਡ ਚੀਖਦੇ, ਖੰਭ ਫੜਫੜਾਉਂਦੇ ਉੱਤਰਿਆ ਤੇ ਉਨ੍ਹਾਂ ਟੁਕੜਿਆਂ ਤੇ ਟੁੱਟ ਪਿਆ। ਮੂਨ ਨੇ ਬੋਲਣਾ ਸ਼ੁਰੂ ਕੀਤਾ।

"ਕਾਮਿਲ ਨੇ ਬਾਪੂ ਦੇ ਗੁਜ਼ਰ ਜਾਣ ਮਗਰੋਂ ਕੋਠੜੀ ਦਾ ਦਰਵਾਜ਼ਾ ਬੰਦ ਕਰ ਦਿੱਤਾ। ਉਸ ਨੂੰ ਫਿਰ ਕਦੇ ਨਾ ਖੋਲ੍ਹਿਆ। ਸਭ ਤੋਂ ਵੱਡਾ ਭਰਾ ਵੀ ਆਇਆ। ਸਾਰੇ ਤਿੰਨ ਦਿਨ ਰੁੱਕ ਕੇ ਫਿਰ ਚਲੇ ਗਏ। ਕਾਮਿਨ ਦੇ ਭਰਾ ਨੇ ਆਪਣੇ ਕਮਰੇ ਦਾ ਤਾਲਾ ਖੋਲ੍ਹ ਦਿੱਤਾ ? ਕਾਮਿਲ ਉੱਥੇ ਹੀ ਰਹਿਣ ਲੱਗ ਪਿਆ। ਬਹੁਤ ਵਾਰ ਮੁੰਨੀ ਦੇ ਘਰ ਹੀ ਰੁੱਕ ਜਾਂਦਾ ਸੀ। ਉਹ ਬਹੁਤ ਚੁੱਪ ਰਹਿਣ ਲੱਗ ਪਿਆ ਸੀ। ਬਹੁਤ ਘੱਟ ਗੱਲ ਕਰਦਾ ਸੀ। ਇੱਥੇ ਆਉਂਦਾ, ਇਸ ਕਮਰੇ ਵਿਚ ਕਈ ਘੰਟੇ ਬੈਠਦਾ, ਪਰ ਮੇਰੇ ਨਾਲ ਵੀ ਘੱਟ ਬੋਲਦਾ। ਪਤਾ ਨਹੀਂ ਉਸ ਦੇ ਮਨ ਵਿਚ ਕੀ ਸੀ। ਉਸ ਦੇ ਚਿਹਰੇ ਉੱਤੇ ਇਕ ਠੰਡਾਪਨ ਤੇ ਖਿਚਾਵ ਰਹਿਣ ਲੱਗਾ। ਅਚਾਨਕ ਉਸ ਨੇ ਕੁਝ ਨਵੇਂ ਕੰਮ ਕਰਨੇ ਸ਼ੁਰੂ ਕਰ ਦਿੱਤੇ। ਬਹੁਤ ਤੇਜ਼ ਦੌੜਨ ਲੱਗ ਪਿਆ ਉਹ। ਜਿਵੇਂ ਕਿਸੇ ਲੰਮੀ ਦੌੜ ਵਿਚ ਸ਼ਾਮਿਲ ਹੋਵੇ ਤੇ ਉਸ ਨੇ ਜਿੱਤਣਾ ਹੋਵੇ।

ਸ਼ੰਕਰਿਆ ਨਾਲ ਉਸ ਦਾ ਬੈਠਣਾ-ਉੱਠਣਾ ਵੱਧਣ ਲੱਗ ਪਿਆ। ਜ਼ਮੀਨਾਂ ਦੇ ਕਬਜ਼ੇ, ਝੂਠੀ ਰਜਿਸਟਰੀ...ਟਰੱਕਾਂ ਦਾ ਮਾਲ ਗਾਇਬ ਕਰਨ ਵਰਗੇ ਕੰਮਾਂ ਵਿਚ ਸ਼ਾਮਿਲ ਹੋ ਗਿਆ। ਇੱਥੇ, ਜਿੱਥੇ ਤੂੰ ਬੈਠਾ ਏਂ, ਇੱਥੇ ਕੁਰਸੀ ਤੇ ਉਹ ਬੈਠਦਾ ਸੀ। ਮੈਂ ਇੱਥੇ, ਜਿੱਥੇ ਬੈਠਾ ਹਾਂ। ਮੈਂ ਉਸ ਨੂੰ ਕਈ ਵਾਰ ਸਮਝਾਇਆ ਤੇ ਪੁੱਛਿਆ ਵੀ, ਕਿਸ ਲਈ ਇਹ ਸਭ ਕਰ ਰਿਹਾ ਏਂ ? ਕੌਣ ਏ ਤੇਰੀ ਜ਼ਿੰਦਗੀ ਵਿਚ ? ਕਿੱਥੇ ਜਾਣਾ ਏਂ ਤੂੰ ? ਪਰ ਉਹ ਕੁਝ ਨਾ ਬੋਲਦਾ। ਜਿਉਂ ਹੀ ਮੈਂ ਇਹੋ ਜਿਹੀਆਂ ਗੱਲਾਂ ਕਰਦਾ, ਉਹ ਬਹਾਨੇ ਨਾਲ ਉੱਠ ਜਾਂਦਾ। ਮੈਨੂੰ ਲੱਗਦਾ, ਜਿਵੇਂ ਕਿਸੇ ਤੋਂ ਬਦਲਾ ਲੈ ਰਿਹਾ ਹੋਵੇ ਜਾਂ ਕਿਸੇ ਨੂੰ ਆਪਣੇ ਪੈਰਾਂ ਤਲੇ ਮਸਲ ਰਿਹਾ ਹੋਵੇ ? ਕਿੱਧਰੇ ਬਹੁਤ ਗਹਿਰੀ ਕੋਈ ਘ੍ਰਿਣਾ ਹੈ ਕਿਸੇ ਲਈ, ਜਿਸ ਨੂੰ ਉਹ ਇਸ ਤਰ੍ਹਾਂ ਵਿਅਕਤ ਕਰ ਰਿਹਾ ਹੈ। ਪਤਾ ਨਹੀਂ। ਸ਼ਾਇਦ ਬਾਪੂ ਦੀ ਮੌਤ ਜਾਂ ਦਾਖਸ਼ਣਿਣੀ ਜਾਂ ਆਪਣੇ ਆਪ ਨਾਲ ਜਾਂ ਇਹ ਧਰਮਸਥਲ। ਪਰ ਜਿਸ ਤਰ੍ਹਾਂ ਉਹ ਦੌੜ ਰਿਹਾ ਸੀ, ਉਸ ਨੇ ਡਿੱਗਣਾ ਹੀ ਸੀ। ਉਹੀ ਹੋਇਆ।

ਇਕ ਦਿਨ ਸ਼ੰਕਰਿਆ ਦੇ ਸਭ ਤੋਂ ਖ਼ਾਸ ਆਦਮੀ, ਕਹਿ ਲਓ ਸੱਜਾ ਹੱਥ ਹੀ, ਉਸ ਦੀ ਪੇਸ਼ੀ ਸੀ। ਦਸ ਮਹੀਨਿਆਂ ਤੋਂ ਉਹ ਜੇਲ੍ਹ ਵਿਚ ਬੰਦ ਸੀ। ਪੇਸ਼ੀ ਤੋਂ ਦੋ ਘੰਟੇ ਪਹਿਲਾਂ ਬਿਨਾ ਰਵਾਨਗੀ ਦਿਖਾਏ ਉਸ ਨੂੰ ਜੇਲ੍ਹ ਤੋਂ ਛੱਡ ਦਿੱਤਾ ਗਿਆ। ਉਸ ਨਾਲ ਸ਼ੰਕਰਿਆ ਨੇ ਕੋਈ ਗੱਲ ਕਰਨੀ ਸੀ। ਸਾਹਮਣੇ ਮੰਦਰ ਕੋਲ ਇਕ ਹੋਟਲ ਦੇ ਉੱਪਰ ਇਕੱਲਿਆਂ ਕਾਮਿਲ ਨੇ ਉਨ੍ਹਾਂ ਦੇ ਮਿਲਣ ਦਾ ਇੰਤਜ਼ਾਮ ਕੀਤਾ। ਕਾਮਿਲ ਵੀ ਸ਼ੰਕਰਿਆ ਨਾਲ ਚਲਾ ਗਿਆ। ਦੋ ਪੁਲਿਸ ਵਾਲੇ ਉਸ ਨੂੰ ਹੱਥਕੜੀ ਵਿਚ ਲਿਆਏ। ਹੋਟਲ ਵਿਚ ਆਉਣ ਤੋਂ ਬਾਅਦ ਉਸ ਦੀ ਹੱਥਕੜੀ ਖੋਲ੍ਹ ਕੇ ਉਸ ਨੂੰ ਉੱਪਰ ਭੇਜ ਦਿੱਤਾ। ਹੇਠਾਂ ਉਹ ਪੁਲਿਸ ਵਾਲੇ ਬੈਠੇ ਰਹੇ। ਹੇਠਾਂ ਕੁਝ ਹੋਰ ਵੀ ਲੋਕ ਸਨ। ਉੱਪਰ ਸ਼ੰਕਰਿਆ ਤੇ ਕਾਮਿਲ ਸਨ। ਉਹ ਸ਼ੰਕਰਿਆ ਨਾਲ ਗਲ੍ਹੇ ਮਿਲਿਆ ਤੇ ਉੱਥੇ ਹੀ ਉਸ ਨੇ ਜੇਬ੍ਹ ਵਿਚੋਂ ਰਿਵਾਲਵਰ ਕੱਢ ਕੇ ਸ਼ੰਕਰਿਆ ਨੂੰ ਗੋਲੀ ਮਾਰ ਦਿੱਤੀ। ਰਿਵਾਲਵਰ ਸੁੱਟ ਉਹ ਹੇਠਾਂ ਭੱਜ

ਗਿਆ। ਇਕ ਘੰਟੇ ਬਾਅਦ ਪੇਸ਼ੀ ਲਈ ਜੇਲ੍ਹ ਤੋਂ ਉਸ ਦੀ ਰਵਾਨਗੀ ਵਿਖਾ ਦਿੱਤੀ ਗਈ। ਇੱਧਰ ਗੋਲੀ ਲੱਗਦੇ ਹੀ ਸ਼ੰਕਰਿਆ ਡਿੱਗ ਪਿਆ। ਕਾਮਿਲ ਕੁਝ ਸਮਝਦਾ, ਉਦੋਂ ਤੱਕ ਹੇਠਾਂ ਬੈਠਾ ਇਕ ਦਰੋਗਾ ਭੱਜਦਾ ਹੋਇਆ ਉੱਪਰ ਆਇਆ। ਉਸ ਨੇ ਕਾਮਿਲ ਨੂੰ ਦਬੋਚ ਕੇ ਉਸ ਨੂੰ ਹੱਥਕੜੀ ਲੱਗਾ ਦਿੱਤੀ। ਰਿਵਾਲਵਰ ਜਮ੍ਹਾ ਕਰ ਲਈ। ਕਾਮਿਲ ਨੂੰ ਘਸੀਟ ਕੇ ਹੇਠਾਂ ਲੈ ਆਇਆ। ਉੱਥੇ ਭੀੜ ਸੀ। ਬਾਹਰ ਕੁਝ ਪੁਲਿਸ ਵਾਲੇ ਸਨ। ਉਹ ਕਾਮਿਲ ਨੂੰ ਸ਼ੰਕਰਿਆ ਦੇ ਕਤਲ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰਕੇ ਲੈ ਗਏ।"

ਮੂਨ ਨੇ ਗਹਿਰਾ ਸਾਹ ਲਿਆ, "ਸਾਰੇ ਲੋਕਾਂ ਦਾ ਵੱਖ-ਵੱਖ ਕਹਿਣਾ ਸੀ। ਕੋਈ ਕਹਿੰਦਾ, ਕਾਮਿਲ ਪ੍ਰਸਾਸ਼ਨ ਦੀਆਂ ਅੱਖਾਂ ਵਿਚ ਖਟਕਣ ਲੱਗਾ ਸੀ। ਕੋਈ ਦੁਸ਼ਮਣ ਗਿਰੋਹ ਦੀ ਗੱਲ ਕਰਦਾ। ਕੋਈ ਕਹਿੰਦਾ ਸ਼ੰਕਰਿਆ ਦੇ ਗਿਰੋਹ ਉੱਤੇ ਕਬਜ਼ੇ ਦੀ ਲੜਾਈ ਵਿਚ ਸ਼ੰਕਰਿਆ ਮਾਰਿਆ ਗਿਆ। ਕਦੇ ਚੁੱਪਚਾਪ ਇਹ ਵੀ ਸੁਣਨ ਵਿਚ ਆਉਂਦਾ ਕਿ ਮਾਦਲ ਨੇ ਇਹ ਸਭ ਕਰਵਾਇਆ ਤਾਂ ਕਿ ਉਸ ਦੇ ਕੈਦੀਆਂ ਵਾਲੇ ਸਾਰੇ ਕੰਮ ਉੱਤੇ ਉਹ ਕਬਜ਼ਾ ਕਰ ਸਕੇ। ਮੈਨੂੰ ਵੀ ਲੱਗਦਾ ਹੈ, ਇਹੀ ਹੋਇਆ ਹੈ। ਹੁਣ ਉਹ ਸਾਰਾ ਕੰਮ ਮਾਦਲ ਦੇਖਦਾ ਹੈ। ਮੁੰਨੀ ਨੇ ਵਕੀਲ ਕੀਤੇ, ਪਰ ਕਾਮਿਲ ਨੇ ਆਪ ਹੀ ਛੁੱਟਣ ਦੀ ਇੱਛਾ ਨਾ ਵਿਖਾਈ। ਹੁਣ ਉਹ ਪੂਰੀ ਤਰ੍ਹਾਂ ਸ਼ਾਂਤ ਤੇ ਖੁਸ਼ ਦਿੱਸਦਾ ਹੈ। ਇੱਥੇ ਹੱਥਕੜੀ ਵਿਚ ਆਉਂਦਾ ਹੈ ਤਾਂ ਬੰਮ ਪੁਲਿਸ ਦੇ ਨਾਲ ਵਾਲੇ ਕਮਰੇ ਵਿਚ ਤੁੰਨ ਦਿੱਤਾ ਜਾਂਦਾ ਹੈ। ਮੈਂ ਉਸ ਲਈ ਖਾਣਾ ਲਿਜਾਂਦਾ ਹਾਂ। ਉਹ ਹੱਸਦਾ ਹੈ ਤੇ ਮੈਨੂੰ ਆਉਣ ਲਈ ਮਨ੍ਹਾ ਕਰਦਾ ਹੈ। ਤੂੰ ਦੁਖੀ ਹੁੰਦਾ ਏਂ ਮੂਨ। ਨਾ ਆਇਆ ਕਰ। ਮੈਂ ਉਸ ਦਾ ਹੱਥ ਫੜ੍ਹ ਕੇ ਸਲਾਖਾਂ ਤੇ ਸਿਰ ਪਟਕਦਾ ਹਾਂ, ਭੂਰੀ।" ਮੂਨ ਦੀਆਂ ਅੱਖਾਂ ਭਰੀਆਂ ਹੋਈਆਂ ਸਨ।

"ਜੇਲ੍ਹ ਵਿਚ ਕਾਮਿਲ ਨੂੰ ਕੋਈ ਤਕਲੀਫ਼ ਨਹੀਂ। ਸਾਰਾ ਖਾਣਾ ਇੱਥੋਂ ਜਾਂਦਾ ਹੈ। ਧੋਤੇ ਕੱਪੜੇ-ਬਿਸਤਰ ਜਾਂਦੇ ਹਨ। ਕਿਤਾਬਾਂ ਜਿਹੜੀਆਂ ਮੰਗਦਾ ਹੈ। ਮਿਲ ਜਾਂਦੀਆਂ ਹਨ। ਕਦੇ ਤਾਂ ਮੈਨੂੰ ਲੱਗਦਾ ਹੈ ਕਿ ਚੰਗਾ ਹੀ ਹੈ ਉਹ ਜੇਲ੍ਹ ਵਿਚ ਹੈ। ਕੋਈ ਤਕਲੀਫ਼ ਨਹੀਂ। ਛੁੱਟੇਗਾ ਵੀ ਤਾਂ ਬਾਹਰ ਆ ਕੇ ਕੀ ਕਰੇਗਾ ? ਇੱਥੇ, ਇਸ ਕਚਹਿਰੀ ਦੀ ਗਲੀਜ਼ ਵਿਚ ਧੱਸੇਗਾ। ਇਹੀ ਚਿੱਕੜ ਢੋਏਗਾ। ਉੱਥੇ ਉਹ ਪੁਰਾਣਾ ਕਾਮਿਲ ਲੱਗਦਾ ਹੈ। ਸਿੱਧਾ, ਹੱਸਮੁੱਖ, ਮਨ ਦਾ ਸੱਚਾ ਤੇ ਖਰਾ ਸਿੱਕਾ।"

ਮੈਂ ਜੇਬ੍ਹ 'ਚੋਂ ਸਿਗਰੇਟ ਦੀ ਡਿੱਬੀ ਕੱਢੀ। ਦੋ ਸਿਗਰੇਟਾਂ ਕੱਢੀਆਂ। ਦੋਵੇਂ ਇਕੱਠੀਆਂ ਮੂੰਹ ਵਿਚ ਰੱਖ ਕੇ ਸੁਲਗਾਈਆਂ। ਇਕ ਮੂਨ ਨੂੰ ਦੇ ਦਿੱਤੀ। ਮੂਨ ਨੇ ਸਿਗਰੇਟ ਦਾ ਕਸ਼ ਲਿਆ ਮੈਂ ਵੀ।

"ਕਾਮਿਲ ਨੂੰ ਕਦੋਂ ਮਿਲ ਸਕਾਂਗੇ ?"

ਮੈਂ ਸਾਰੀ ਗੱਲ ਕੀਤੀ ਹੋਈ ਹੈ। ਸਿਗਰੇਟ ਖਤਮ ਕਰ, ਰੋਟੀ ਖਾ ਕੇ ਚੱਲਦੇ ਹਾਂ। ਪਰ ਸਿਰਫ਼ ਦੱਸ ਮਿੰਟ।"

"ਦਾਖਸ਼ਇਣੀ ਨੂੰ ਮਿਲਿਆ ਕਦੇ ?" ਮੈਂ ਮੂਨ ਵੱਲ ਦੇਖਿਆ।

"ਨਹੀਂ।"

"ਕਾਮਿਲ ਨੇ ਕਦੇ ਕੁਝ ਕਿਹਾ ?"

"ਨਹੀਂ, ਮੈਂ ਰੋਟੀ ਲਗਾਉਂਦਾ ਹਾਂ।" ਮੂਨ ਉੱਠ ਗਿਆ। ਸ਼ਾਇਦ ਉਸ ਨੂੰ ਦਾਖਸ਼ਇਣੀ ਬਾਬਤ ਗੱਲ ਕਰਨਾ ਚੰਗਾ ਨਹੀਂ ਲੱਗਾ ਸੀ।

ਜੇਲ੍ਹ ਵਿਚ ਮੂਨ ਉਸੇ ਤਰ੍ਹਾਂ ਘੁੰਮ ਰਿਹਾ ਸੀ, ਜਿਵੇਂ ਕੋਈ ਆਪਣੇ ਘਰ ਵਿਚ ਘੁੰਮਦਾ ਹੈ। ਉਸ ਨੇ ਇਕ ਵੱਖਰੇ ਕਮਰੇ ਵਿਚ ਮੇਰੇ ਤੇ ਕਾਮਿਲ ਦੇ ਮਿਲਣ ਦਾ ਇੰਤਜ਼ਾਮ ਕਰ ਦਿੱਤਾ ਸੀ। ਕਮਰੇ ਵਿਚ ਮੈਨੂੰ



ਛੱਡ ਕੇ, ਉਹ ਬਾਹਰ ਚਲਾ ਗਿਆ। ਕੁਝ ਦੇਰ ਬਾਅਦ ਆਇਆ ਤਾਂ ਕਾਮਿਲ ਉਸ ਨਾਲ ਸੀ।

ਕਾਮਿਲ ਬਦਲਿਆ ਨਹੀਂ ਸੀ। ਬਸ ਉਸ ਦੀ ਦਾੜ੍ਹੀ ਥੋੜ੍ਹੀ ਜਿਹੀ ਵਧ ਗਈ ਸੀ। ਚਿਹਰਾ ਪਤਲਾ ਤੇ ਵਾਲਾਂ ਦੇ ਇਕ ਹਿੱਸੇ ਵਿਚ ਸਫ਼ੇਦੀ ਆ ਗਈ ਸੀ। ਮੈਨੂੰ ਕੁਝ ਪਲ ਉਹ ਹੈਰਾਨੀ ਨਾਲ ਦੇਖਦਾ ਰਿਹਾ, ਫਿਰ ਹੱਸਦੇ ਹੋਏ ਮੇਰੇ ਨਾਲ ਲਿਪਟ ਗਿਆ। ਕੱਸ ਕੇ ਭੀਂਚ ਲਿਆ ਉਸ ਨੇ ਮੈਨੂੰ। ਫਿਰ ਮੂਨ ਵੱਲ ਮੁੜਿਆ।

"ਤੂੰ ਮੈਨੂੰ ਦੱਸਿਆ ਕਿਉਂ ਨਹੀਂ ?"

"ਫਿਰ ਤੈਨੂੰ ਇਸ ਤਰ੍ਹਾਂ ਹੱਸਦੇ ਹੋਏ ਕਿਵੇਂ ਦੇਖਦਾ ?"

"ਸੱਚ ਬਿਜਨ...," ਉਹ ਮੇਰੇ ਨਾਲ ਲਿਪਟ ਗਿਆ। ਮੈਂ ਵੀ ਉਸ ਨੂੰ ਕੱਸ ਲਿਆ।

"ਤੂੰ ਚਿੱਠੀ ਕਿਉਂ ਨਹੀਂ ਲਿਖੀ ?" ਮੈਂ ਫੁਸਫੁਸਾਇਆ।

"ਤਾਂ ਕਿ ਤੂੰ ਆਏਂ।" ਕਾਮਿਲ ਮੇਰੇ ਤੋਂ ਪਰ੍ਹੇ ਹੋਇਆ, "ਮੈਨੂੰ ਪਤਾ ਸੀ, ਤੂੰ ਆਏਂਗਾ। ਬਹੁਤ ਮਨ ਸੀ ਤੈਨੂੰ ਦੇਖਣ ਦਾ।"

"ਤੁਸੀਂ ਬੈਠੋ, ਮੈਂ ਚਾਹ ਭਿਜਵਾਉਂਦਾ ਹਾਂ।" ਮੂਨ ਬਾਹਰ ਚਲਾ ਗਿਆ। ਕਾਮਿਲ ਨੇ ਮੈਨੂੰ ਸੋਫ਼ੇ ਤੇ ਕੋਲ ਬਿਠਾ ਲਿਆ।

"ਕਿਵੇਂ ਏਂ ਬਿਜਨ ?" ਕਾਮਿਲ ਨੇ ਮੇਰਾ ਹੱਥ ਦਬਾਇਆ। ਉਸ ਦੀਆਂ ਅੱਖਾਂ 'ਚ ਨਮੀ ਸੀ, "ਤੈਨੂੰ ਮੇਰੇ ਬਾਰੇ ਸਭ ਪਤਾ ਲੱਗ ਗਿਆ ਹੋਵੇਗਾ।"

"ਹਾਂ।"

"ਇਹ ਲੋਕ ਸਮਝਦੇ ਨਹੀਂ ਬਿਜਨ। ਤੂੰ ਸਮਝੇਂਗਾ। ਮੈਂ ਜਾਣਦਾ ਹਾਂ, ਮੈਂ ਕੀ ਕਰ ਰਿਹਾ ਹਾਂ। ਮੈਂ ਸੱਚਮੁੱਚ ਇੱਥੇ ਬਹੁਤ ਸੁਖੀ ਹਾਂ। ਛੁੱਟਣ ਨੂੰ ਮੈਂ ਜਦੋਂ ਚਾਹਾਂ ਛੁੱਟ ਸਕਦਾ ਹਾਂ। ਕੁਝ ਵੀ ਨਹੀਂ ਕੇਸ ਵਿਚ। ਕੋਈ ਚਸ਼ਮਦੀਦ ਗਵਾਹ ਨਹੀਂ। ਜੋ ਹੈ, ਉਹ ਪੁਲਿਸ ਦਾ ਦਰੋਗਾ ਹੈ। ਉਸ ਨੂੰ ਆਪ ਜਵਾਬ ਦੇਣਾ ਮੁਸ਼ਕਿਲ ਹੋ ਜਾਏਗਾ ਕਿ ਉਹ ਉੱਥੇ ਕੀ ਕਰ ਰਿਹਾ ਸੀ ? ਉਸਨੂੰ ਕਿਵੇਂ ਪਤਾ ਲੱਗਾ ਕਿ ਮੈਂ ਸ਼ੰਕਰਿਆ ਦਾ ਕਤਲ ਕਰ ਦਿੱਤਾ ਹੈ ? ਉਸ ਕੋਲ ਹੱਥਕੜੀ ਕਿਉਂ ਸੀ ? ਪਰ ਮੈਂ ਚਾਹੁੰਦਾ ਹਾਂ, ਇੱਥੇ ਕੁਝ ਦਿਨ ਰਹਿ ਲਵਾਂ। ਇਹ ਧਰਮਸਥਲ ਹਮੇਸ਼ਾ ਲਈ ਮੇਰੇ ਅੰਦਰ ਮਰ ਜਾਏ। ਮੈਂ ਇਸ ਦੇ ਲਈ ਮਰ ਜਾਵਾਂ। ਮੈਨੂੰ ਸਭ ਭੁੱਲ ਜਾਣ। ਫਿਰ ਇਕ ਨਵਾਂ ਜੀਵਨ ਸ਼ੁਰੂ ਕਰਾਂਗਾ।" ਕਾਮਿਲ ਦੇ ਹੱਥਾਂ ਵਿਚ ਮੇਰਾ ਹੱਥ ਸੀ,

"ਤੂੰ ਸਮਝ ਸਕੇਗਾ ਬਿਜਨ...ਇਕ ਗਹਿਰੀ ਥਕਾਵਟ ਤੋਂ ਬਾਅਦ ਹੀ ਨੀਂਦਰ ਦਾ ਅਰਥ। ਇਹ ਜੇਲ੍ਹ, ਮੇਰੇ ਲਈ ਉਹੀ ਨੀਂਦ ਹੈ।"

"ਫਿਰ ਕੀ ਕਰੇਗਾ ?"

"ਤੂੰ ਦੱਸ।"

"ਮੇਰੇ ਨਾਲ ਚੱਲੀਂ। ਮੈਂ ਤੈਨੂੰ ਲੈ ਚੱਲਾਂਗਾ।"

"ਉੱਥੇ ਕੀ ਕਰਾਂਗਾ ਬਿਜਨ...ਹਾਂ, ਕੁਝ ਕਰਨਾ ਜ਼ਰੂਰ ਚਾਹੁੰਦਾ ਹਾਂ। ਤੈਨੂੰ ਯਾਦ ਹੈ ਬਾਪੂ ਨੇ ਉਸ ਰਾਤ ਤੈਨੂੰ ਕੀ ਕਿਹਾ ਸੀ ? ਮੈਂ ਵੀ ਤੈਨੂੰ ਆਖਰੀ ਪੱਤਰ ਵਿਚ ਉਹ ਲਿਖਿਆ ਸੀ। ਕਿਸੇ ਵਿਰਾਟ ਦੀ ਸ਼ਰਣ ਵਿਚ ਜਾਵਾਂਗਾ, ਅਜਿਹਾ ਵਿਰਾਟ ਜਿਸ ਦਾ ਨਾ ਆਦਿ ਹੋਵੇ, ਨਾ ਅੰਤ, ਨਾ ਜਨਮ-ਨਾ ਮ੍ਰਿਤੂ...।"

"ਕੀ ਕਰੇਂਗਾ ?"

"ਯਕੀਨ ਕਰੇਂਗਾ ?"

"ਕਦੇ ਕੀਤਾ ਨਹੀਂ ?"

ਕਾਮਿਲ ਨੇ ਫਿਰ ਮੇਰਾ ਹੱਥ ਦਬਾਇਆ।

"ਮੂਰਤੀ ਬਣਾਨਾ ਸਿੱਖਾਂਗਾ। ਫਿਰ ਉਹ ਮੂਰਤੀ ਪੂਰੀ ਕਰਾਂਗਾ, ਜੋ ਬਾਪੂ ਛੱਡ ਗਏ ਹਨ। ਚਿਹਰਾ ਤਾਂ ਉਹ ਬਣਾ ਗਏ ਹਨ। ਅੱਗੇ ਮੈਂ ਬਣਾਵਾਂਗਾ, ਸੋਨੇ ਦਾ ਅੰਗੂਠਾ...ਨਹੁੰ ਦੇ ਹੇਠਾਂ ਦਾ ਛੋਟਾ ਕਾਲਾ ਤਿਲ...।"

"ਦਾਖਸ਼ਇਣੀ ਨੂੰ ਮਿਲਿਆ ਫਿਰ ?"

"ਨਹੀਂ...ਉਸ ਰਾਤ ਜੋ ਕੁਝ ਉਸ ਨੇ ਪੁੱਛਿਆ ਸੀ, ਮੈਂ ਉਸ ਦਾ ਜਵਾਬ ਨਹੀਂ ਦੇ ਸਕਿਆ ਸੀ। ਪਰ ਉਸ ਦਾ ਚਿਹਰਾ ਬਣਾ ਕੇ ਬਾਪੂ ਮੈਨੂੰ ਜਵਾਬ ਦੇ ਗਏ ਹਨ। ਇਹ ਮੂਰਤੀ ਬਣਾ ਕੇ ਆਖਰੀ ਵਾਰ ਜਾਵਾਂਗਾ ਉਸ ਕੋਲ। ਸ਼ਾਇਦ ਉਸ ਨੂੰ ਆਪਣੇ ਪ੍ਰਸ਼ਨ ਦਾ ਉੱਤਰ ਮਿਲ ਜਾਏ।"

"ਸ਼ਾਇਦ ਉਹ ਆਪਣਾ ਵਚਨ ਪੂਰਾ ਕਰੇ।"

"ਸ਼ਾਇਦ।" ਕਾਮਿਲ ਨੇ ਮੇਰਾ ਹੱਥ ਛੱਡ ਦਿੱਤਾ। ਉਹ ਉੱਠ ਗਿਆ। ਗਿੱਲੀਆਂ ਅੱਖਾਂ ਉਸ ਨੇ ਪੂੰਝੀਆਂ।

"ਮੈਂ ਮੂਨ ਨੂੰ ਕਹਿੰਦਾ ਹਾਂ। ਮੇਰਾ ਕਮਰਾ ਖੋਲ੍ਹ ਦੇਵੇਗਾ। ਤੂੰ ਉੱਥੇ ਰੁੱਕ।"

"ਨਹੀਂ, ਮੈਂ ਵੀ ਖੜ੍ਹਾ ਹੋ ਗਿਆ, "ਮੈਂ ਹੁਣੇ ਮੁੜ ਜਾਵਾਂਗਾ। ਤੇਰੇ ਲਈ ਕੁਝ ਕਰਨਾ ਹੁੰਦਾ ਤਾਂ ਫਿਰ ਲੰਮੇ ਸਮੇਂ ਤੱਕ ਰੁੱਕਦਾ। ਇਹੀ ਸੋਚ ਕੇ ਆਇਆ ਸੀ। ਪਰ ਹੁਣ ਨਹੀਂ।"

ਮੂਨ ਇਕ ਮੁੰਡੇ ਨਾਲ ਚਾਹ ਲੈ ਆਇਆ।

"ਮੈਨੂੰ ਪੱਤਰ ਲਿਖੀਂ। ਸਭ ਕੁਝ ਦੱਸਦਾ ਰਹੀਂ ਹੁਣ।" ਮੈਂ ਕਾਮਿਲ ਨੂੰ ਕਿਹਾ।

"ਹਾਂ, ਹੁਣ ਲਿਖਾਂਗਾ।"

"ਤੇ ਤੂੰ...ਮੈਨੂੰ ਫੋਨ ਕਰਦਾ ਰਹੀਂ।" ਮੈਂ ਮੂਨ ਨੂੰ ਕਿਹਾ।

"ਹਾਂ ਕਰਾਂਗਾ।" ਮੂਨ ਨੇ ਕਿਹਾ।

ਗਿਲਾਸ ਛੋਟੇ ਸਨ। ਚਾਹ ਖਤਮ ਹੋ ਗਈ। ਮੂਨ ਤੇ ਕਾਮਿਲ ਦੀ ਵੀ।

ਕਾਮਿਲ ਮੈਨੂੰ ਕੁਝ ਦੂਰ ਤੱਕ ਛੱਡਣ ਆਇਆ, ਫਿਰ ਰੁੱਕ ਗਿਆ।

"ਹੁਣ ਹੋਰ ਅੱਗੇ ਨਹੀਂ।"

ਮੈਂ ਵੀ ਰੁੱਕ ਗਿਆ।

"ਤੂੰ ਹੁਣ ਵੀ ਉਹੀ ਹੈ, ਜੋ ਸੱਚਮੁੱਚ ਤੂੰ ਸੀ।" ਮੈਂ ਕਾਮਿਲ ਨੂੰ ਕਿਹਾ, "ਸੱਚ ਤਾਂ ਇਹ ਹੈ ਕਿ ਤੂੰ ਕਦੇ ਇਸ ਧਰਮਸਥਲ ਲਈ ਬਣਿਆ ਹੀ ਨਹੀਂ ਸੀ।"

ਕਾਮਿਲ ਕੁਝ ਨਾ ਬੋਲਿਆ। ਉਸ ਨੇ ਆਪਣੀਆਂ ਭਿੱਜੀਆਂ ਅੱਖਾਂ ਛੁਪਾਉਣ ਲਈ ਚਿਹਰਾ ਘੁੰਮਾ ਲਿਆ।

ਮੈਂ ਆਖਰੀ ਵਾਰ ਕਾਮਿਲ ਨੂੰ ਦੇਖਿਆ, ਫਿਰ ਚੁੱਪਚਾਪ ਬਾਹਰ ਨਿਕਲ ਗਿਆ।

ਬਾਹਰ ਆ ਕੇ ਮੈਂ ਟੈਕਸੀ ਵਿਚ ਬੈਠਣ ਲੱਗਾ ਤਾਂ ਮੂਨ ਰੋਣ ਲੱਗ ਪਿਆ। ਮੈਂ ਮੂਨ ਨੂੰ ਆਪਣੇ ਨਾਲ ਲਿਪਟਾ ਲਿਆ। ਮੂਨ ਇਕ ਝਟਕੇ ਨਾਲ ਮੁੜਿਆ ਤੇ ਧਰਮਸਥਲ ਅੰਦਰ ਚਲਾ ਗਿਆ। ਮੈਂ ਟੈਕਸੀ ਵਿਚ ਬੈਠ ਗਿਆ। ਉਸ ਨੇ ਗੱਡੀ ਵਧਾ ਲਈ। ਕੁਝ ਦੇਰ ਬਾਅਦ ਮੈਂ ਮੁੜ ਕੇ ਸ਼ੀਸ਼ੇ 'ਚੋਂ ਦੇਖਿਆ ਧਰਮਸਥਲ ਦਾ ਆਖਰੀ ਹਿੱਸਾ ਦਿੱਸ ਰਿਹਾ ਸੀ।

ਉਸ ਦੇ ਸਭ ਤੋਂ ਉੱਚੇ ਪੱਥਰ ਤੇ ਲੱਗੇ ਲੋਹੇ ਦੇ ਟੁਕੜੇ ਤੇ ਇਕ ਗਿਰਝ ਬੈਠਾ ਸੀ। ਹੇਠਲੀ ਦੁਨੀਆਂ ਨੂੰ ਚੌਕੰਨੇ ਨਿਗਾਹਾਂ ਨਾਲ ਦੇਖਦਾ ਹੋਇਆ। ਫਿਰ ਉਹ ਉੱਡਿਆ ਤੇ ਵਿਸ਼ਾਲ ਖੰਭ ਫੈਲਾ ਕੇ ਧਰਮਸਥਲ ਉੱਪਰ ਚੱਕਰ ਲਗਾਉਣ ਲੱਗ ਪਿਆ।





## ਉੱਚੇ ਬੁਰਜ/ਬਲਵਿੰਦਰ ਕੌਰ ਬਰਾੜ

ਮੈਂ ਦਗੜ ਦਗੜ ਪੌੜੀਆਂ ਚੜ੍ਹਦੀ ਕੋਠੇ ਦੇ ਬਨੇਰੇ ਤੇ ਜਾਲੀ ਦੀਆਂ ਮੋਰੀਆਂ ਨਾਲ ਬਧੀ ਤਾਰ ਤੇ ਕਪੜੇ ਸੁਕਣੇ ਪਾਉਣ ਜਾਂਦੀ ਹਾਂ ਤਾਂ ਸਰਸਰੀ ਨਿਗਾਹ ਨਾਲ ਆਸੇ ਪਾਸੇ ਦੇ ਘਰਾਂ ਵਲ, ਘਰਾਂ ਵਿਚ ਵਸਦੇ ਲੋਕਾਂ ਵਲ ਵੇਖਦੀ ਹਾਂ। ਕਪੜੇ ਸੁਕਣੇ ਪਾਉਣਾ ਜਾਂ ਉਤਾਰਨ ਜਾਣਾ ਤਾਂ ਉਪਰ ਆਉਣ ਦਾ ਇਕ ਬਹਾਨਾ ਜਿਹਾ ਹੀ ਹੁੰਦਾ ਹੈ। ਤਾਰ ਤੇ ਲਟਕਦੇ ਕਪੜੇ ਤਾਂ ਮੈਨੂੰ ਆਪਣੇ ਟੰਗੇ ਹੋਏ ਜਾਂ ਸਿਰ ਪਰਨੇ ਲਟਕਦੇ ਸੁਪਨਿਆਂ ਵਾਂਗ ਧੁਪਾਂ ਛਾਵਾਂ ਜਰਦੇ ਲਗਦੇ ਹਨ। ਪੂਰੀ ਹਵੇਲੀ 'ਚ ਮੇਰੇ ਲਈ ਸਭ ਤੋਂ ਸੌਖਾ ਥਾਂ ਇਹ ਛਤ ਉਪਰਲਾ ਥਾਂ ਹੀ ਹੈ, ਜਿਥੇ ਮੈਂ ਆਪਣੇ ਆਪ ਦਾ ਸਾਥ ਮਾਣਦੀ ਹਾਂ। ਹੇਠਾਂ ਹਵੇਲੀ ਦੀਆਂ ਉਚੀਆਂ ਉਚੀਆਂ ਦਿਵਾਰਾਂ ਅਤੇ ਵਿਹੜੇ ਵਲ ਨੂੰ ਖੁਲ੍ਹਦੇ ਦਰਾਂ ਵਾਲੇ ਸਭ ਕਮਰੇ ਮੈਨੂੰ ਟੀ.ਵੀ. ਤੇ ਦੇਖੀ ਜੇਲ੍ਹ ਵਰਗਾ ਅਹਿਸਾਸ ਕਰਵਾਉਂਦੇ ਹਨ। ਜਦ ਹੇਠਾਂ ਮੇਰਾ ਦਮ ਘੁਟਦਾ ਹੈ ਤਾਂ ਉਪਰ ਆ ਕੇ ਹੋਰ ਸੁਖਾਲਾ ਸਾਹ ਆਉਂਦਾ ਹੈ। ਇਥੋਂ ਸਾਹਮਣੇ ਨੀਵੇਂ ਜਹੇ ਵਿਹੜੇ ਵਾਲਾ ਸਧਾਰਣ ਜਿਹਾ ਘਰ ਮੈਂ ਘੰਟਿਆਂ ਬਧੀ ਨਿਹਾਰ ਸਕਦੀ ਹਾਂ। ਉਸ ਘਰ ਵਲ ਉਠਦੀਆਂ ਪਲਕਾਂ ਮੇਰੇ ਕਈ ਪਿਛਲੇ ਪੰਨਿਆਂ ਦੀ ਫੋਲਾ ਫਾਲੀ ਕਰਨ ਲਗਦੀਆਂ ਹਨ। ਇਹ ਘਰ ਮੇਰੇ ਨਾਲ ਪੜ੍ਹਦੇ ਗਿੰਦਰ ਦਾ ਘਰ ਹੈ। ਗਿੰਦਰ ਮੇਰੇ ਨਾਲ ਹੋਸਟਲ ਵਿਚਲੀ ਰੂਮਮੇਟ ਦਾ ਕਈ ਸਾਲ ਦੋਸਤ ਰਿਹਾ ਹੈ। ਮੈਨੂੰ ਰਹਿ ਰਹਿ ਕੇ ਹੋਸਟਲ ਦੇ ਰੰਗੀਨ ਅਤੇ ਅਜ਼ਾਦ ਗੁਜਾਰੇ ਦਿਨ ਯਾਦ ਆ ਜਾਂਦੇ ਹਨ। ਸਾਰੀ ਸਾਰੀ ਰਾਤ ਭੂਤਾਂ ਵਾਂਗ ਕਿਲਕਾਰੀਆਂ ਮਾਰਦੇ ਫਿਰਨਾ, ਕਹਿਕਹੇ ਲਗਾਉਣਾ, ਘਰ ਦੀਆਂ ਵਿਵਰਜਤ ਰੁਤਾਂ ਤੋਂ ਪਾਰ ਦੀਆਂ ਗਲਾਂ ਕਰਨੀਆਂ, ਨਾਚਗਾਣਿਆਂ ਤੇ ਹਾਸਿਆਂ ਭਰਿਆ ਉਹ ਮਾਹੌਲ ਜੋ ਚੁਫੇਰੇ ਅਲ੍ਹੜ ਰੁਤ ਦੀ ਬਾਤ ਪਾਉਂਦਾ ਖੁਸ਼ੀਆਂ ਬਿਖੇਰਦਾ ਸੀ। ਮਰਜੀ ਨਾਲ ਸੌਣਾ ਮਰਜੀ ਨਾਲ ਜਾਗਣਾ, ਫੇਰ ਪੂਰੇ ਰੋਹਬ ਨਾਲ ਮੈਸ ਦੇ ਛੋਟੂ ਨੂੰ ਬਣੀ ਬਣਾਈ ਥਾਲੀ ਪਰੋਸਣ ਲਈ ਆਖਣਾ। ਕਿੰਨੇ ਹੁਸੀਨ ਪਲ ਸਨ! ਜੋ ਚੇਤਿਆਂ ਵਿਚ ਜਾ ਰਲੇ ਹਨ। ਉਦੋਂ ਵਕਤ ਜਿਵੇਂ ਕਚ ਦੀਆਂ ਗੁਰਗਾਬੀਆਂ ਪਾ ਤੁਰਿਆ ਸੀ। ਸਮਾਂ ਵੀ ਕਿੰਨੀ ਬਲਵਾਨ ਸ਼ੈਅ ਹੁੰਦੈ! ਕਦੇ ਵਰ੍ਹਿਆਂ ਦੇ ਵਰ੍ਹੇ ਪਲਕ ਝਪਕਦਿਆਂ ਲੰਘਾ ਦਿੰਦੈ ਤੇ ਕਦੇ ਪਲ ਦੋ ਪਲ ਵੀ ਵਰ੍ਹਿਆਂ ਵਾਂਗ ਅੜ ਕੇ ਖੜ੍ਹ ਜਾਂਦੇ ਨੇ ਇਕ ਵਾਲੀ ਭੂਆ ਜੀ ਨੇ ਕਿਹਾ ਸੀ, "ਕੁੜੀ ਨੂੰ ਹੋਸਟਲ 'ਚ ਬਾਹਲਾ ਚਿਰ ਨਾ ਰਖਿਓ, ਫੇਰ ਇਹ ਘਰਾਂ ਜੋਗੀਆਂ ਨੀ ਰਹਿੰਦੀਆਂ।" ਉਸ ਵੇਲੇ ਭੂਆ ਜੀ ਦੇ ਆਖੇ ਇਹ ਬੋਲ ਸਿਲਤ ਵਾਂਗ ਚੁਭੇ ਸਨ ਪਰ ਅਜ ਸਚ ਜਾਪਦੇ ਹਨ। ਗਿੰਦਰ ਦੇ ਘਰ ਨਾਲ ਜਾਣ ਪਛਾਣ ਤਾਂ ਰਾਣੇ ਨੇ ਹੀ ਕਰਵਾਈ ਸੀ, ਜਦੋਂ ਮੈਂ ਉਸ ਨੂੰ ਨਵੀਂ ਨਵੀਂ ਮਿਲੀ ਸੀ, ਉਹ ਵੀ ਮੇਰੇ ਮਗਰ ਛਤ ਤੇ ਆ ਕੇ ਮੇਰੇ ਪਿੰਡੇ ਨਾਲ ਅਠਖੇਲੀਆਂ ਕਰਦਾ ਪਿੰਡ ਨਾਲ ਪਛਾਣ ਕਰਵਾ ਰਿਹਾ ਸੀ

"ਦੇਖ ਲੈ ਤੇਰਾ ਘਰ ਪਿੰਡ 'ਚ ਸਭ ਤੋਂ ਉਚੈ। ਉਹ ਆਪਣੇ ਤਾਇਆ ਜੀ ਨੰਬਰਦਾਰਾਂ ਦਾ ਘਰ।" ਤੇ ਫੇਰ ਉਸ ਨੇ ਇਸ ਘਰ ਵਲ ਉਂਗਲ ਕਰਕੇ ਇਕ ਛੋਟਾ ਜਿਹਾ ਘਰ ਦਿਖਾਉਂਦਿਆਂ ਕਿਹਾ ਸੀ

"ਉਹ ਜਿਹੜਾ ਲੰਗ ਜਿਆ ਘਰ ਦਿਸਦੈ, ਢਹਿੰਦੀ ਜੀ ਕੰਧ ਵਾਲਾ, ਉਨ੍ਹਾਂ ਦਾ ਛੋਹਰ ਵੀ ਯੂਨੀਵਰਸਿਟੀ 'ਚ ਪੜ੍ਹਦਾ ਰਿਹੈ। ਬਾਹਲੀ ਪੜ੍ਹਾਈ ਨੇ ਉਸਦਾ ਸਿਰ ਖਰਾਬ ਕਰ ਰਖਿਐ। ਉਹ ਊਂਈ ਰਾਹ ਜਾਂਦਿਆਂ ਨਾਲ ਖਹਿਬੜਦਾ ਫਿਰੂ। ਸਿਧੇ ਮੂੰਹ ਤਾਂ ਗਲ ਈ ਨੀ ਕਰਦਾ।"

ਇਹ ਆਖ ਕੇ ਰਾਣਾ ਜਿਵੇਂ ਸਭ ਪੜ੍ਹਾਈ ਕਰਨ ਵਾਲੇ ਲੋਕਾਂ ਨੂੰ ਇਕੋ ਰਸੇ ਲਪੇਟ ਰਿਹਾ ਸੀ। ਸ਼ਾਇਦ ਉਹ ਆਪਣੀ ਅਨਪੜ੍ਹਤਾ ਨੂੰ ਢੱਕਣ ਲਾ ਰਿਹਾ ਹੋਵੇ। ਮੇਰੇ ਵੀਰੇ ਨੂੰ ਸਾਕ ਕਰਨ ਵੇਲੇ ਇਸ ਨੇ ਆਪਣੀ ਡਿਗਰੀ ਬੀ.ਏ. ਤਕ ਦਸੀ ਸੀ, ਪਰ ਗਲਾਂ ਬਾਤਾਂ ਤੋਂ ਮੈਨੂੰ ਦਸਵੀਂ ਬਾਰ੍ਹਵੀਂ ਪਾਸ ਵੀ ਮਸਾਂ ਹੀ

ਲਗਦਾ ਹੈ। ਮੈਂ ਆਪਣੀ ਅਲ੍ਹੜ ਵਰੇਸ ਵੇਲੇ ਪਾਲੀ ਕਿਸੇ ਦਿਲ ਦੇ ਜਾਨੀ ਨੂੰ ਤਲਾਸ਼ਣ ਦੀ ਰੀਝ ਤੁਲ ਇਸ ਕਾਕਾ ਜੀ ਨੂੰ ਕਿਆਸ ਕੇ ਝੂਰਦੀ ਹਾਂ। ਉਹ ਗਿੰਦਰ ਬਾਰੇ ਗਲ ਕਰਦਾ ਆਪਣੇ ਪੈਸੇ ਦੇ ਮਾਣ ਨੂੰ ਗੌਲਦਾ ਗਿੰਦਰ ਦੇ ਅੰਦਰਲੇ ਇਲਮ ਨੂੰ ਅਕਸਰ ਰੋਲ ਦਿੰਦਾ ਹੈ, ਜੋ ਜਮਾਤ ਵਿਚੋਂ ਹਮੇਸ਼ਾਂ ਫਸਟ ਆ ਕੇ ਵੀ ਨੌਕਰੀ ਲਈ ਕੋਈ ਜੁਗਾੜ ਨਹੀਂ ਜੁਟਾ ਸਕਿਆ। ਮੇਰੀ ਰੂਮ ਮੇਟ ਜੀਤੀ ਅਤੇ ਗਿੰਦਰ ਦੀ ਦੋਸਤੀ ਜਗ ਜਾਹਰ ਸੀ। ਜਦੋਂ ਇਹ ਜੋੜੀ ਚੋਹਲ ਮੋਹਲ ਕਰਦੀ ਦਰਖਤਾਂ ਹੇਠ ਦੀ ਤੁਰਦੀ ਤਾਂ ਦੋਹਾਂ ਦਾ ਮਿਲਦਾ ਜੁਲਦਾ ਕਦ ਬੁਤ, ਤੋਰ, ਹਰਕਤਾਂ ਸਭ ਇਕ ਦੂਜੇ ਲਈ ਘੜੇ ਹੋਣ ਦੀ ਦਸ ਪਾਉਂਦੀਆਂ ਸਨ। ਗਈ ਰਾਤ ਤਕ ਜੀਤੀ ਮੇਰੇ ਕੋਲ ਗਿੰਦਰ ਨਾਲ ਹੋਈਆਂ ਬੀਤੀਆਂ ਦੁਹਰਾਉਂਦੀ ਰਹਿੰਦੀ। ਕਈ ਵਾਰੀ ਮੈਂ ਉਸ ਦੀਆਂ ਬੇ ਤੁਕੀਆਂ ਸੁਣਦੀ ਅਕ ਜਾਂਦੀ। ਮੈਂ ਟੋਕਦੀ ਮੇਰੇ ਮਾਂ ਜੀ ਕਹਿੰਦੇ ਨੇ

"ਬਾਹਲਾ ਹੇਜ ਬਾਹਲੀ ਛੇਤੀ ਮੁਕ ਜਾਂਦੈ ਬਸ ਕਰ।"

ਪਰ ਜੀਤੀ ਮੇਰੀ ਗਲ ਗੌਲੇ ਬਿਨਾਂ ਆਪਣੀ ਰਮਾਇਣ ਸੁਣਾਉਂਦੀ ਰਹਿੰਦੀ। ਮੂਹਰੋਂ ਭਰੇ ਜਾਂਦੇ ਹੁੰਗਾਰੇ ਦੀ ਗਹਿਰਾਈ ਮਾਪੇ ਬਿਨਾਂ ਬਸ ਬੋਲਦੀ ਰਹਿੰਦੀ। ਉਹ ਕਿਸੇ ਸੁਪਨ ਸੰਸਾਰ ਵਿਚ ਉਤਰੀ ਲਗਦੀ। ਜੀਤੀ ਨੂੰ ਉਡੂੰ ਉਡੂੰ ਕਰਦੀ ਵੇਖ ਇਕ ਵਾਰੀ ਮੈਂ ਪੁਛਿਆ ਸੀ, "ਮੈਨੂੰ ਸਚੋ ਸਚ ਦਸ ਤੂੰ ਗਿੰਦਰ ਨੂੰ ਕਿੰਨਾ ਕੁ ਚਾਹੁੰਨੀ ਐਂ! ਤੇ ਫੇਰ ਅੰਦਰ ਕੀ ਬਦਲਾ ਆ ਜਾਂਦੈ।" ਉਹ ਸ਼ਰਬਤੀ ਅਖਾਂ ਵਿਚ ਖ਼ੁਮਾਰ ਜਿਹਾ ਭਰਕੇ ਦਾਰਸ਼ਨਿਕਾਂ ਵਾਂਗ ਬੋਲਣ ਲਗੀ

"ਸਚੀ ਗਿੰਦਰ ਜਦੋਂ ਬੋਲਦੈ ਮੈਨੂੰ ਲਗਦੈ ਉਹਦੇ ਹਾਸਿਆਂ ਨਾਲ ਈ ਫਸਲਾਂ ਪਕਦੀਆਂ ਨੇ, ਬਦਲ ਵਰ੍ਹਦੇ ਨੇ ਫੁਲਾਂ ਦੀਆਂ ਪੰਖੜੀਆਂ ਪਲਕਾਂ ਖੋਲ੍ਹਦੀਆਂ ਨੇ।"

ਮੈਂ ਹਾਸੇ ਰੁਖ ਪਲਟੀ–"ਬਸ ਕਰ ਥਲੇ ਉਤਰਿਆ, ਹੋਰ ਨਾ ਇੰਦਰ ਦੇਵਤਾ ਰੁਸ ਜੇ, ਕਿਤੇ ਪਰਲੋ ਆ ਜੇ।"

ਜੀਤੀ ਨੇ ਮੈਨੂੰ ਕਲਾਵੇ ਵਿਚ ਭਰ ਲਿਆ। ਮੈਂ ਉਸ ਨੂੰ ਪਰ੍ਹੇ ਧਕਦੀ ਨੇ ਕਿਹਾ–"ਮਾਫ ਕਰਨਾ ਇਹਨਾਂ ਲੂਹਰੀਆਂ ਜੀਆਂ ਨੂੰ ਕੋਲ ਸਾਂਭ ਕੇ ਰਖ, ਮੈਂ ਗਿੰਦਰ ਨੀ ਹਾਂ।" ਫੇਰ ਉਹ ਅਖਾਂ ਭਰਦੀ ਖੁਸ਼ੀ ਦੇ ਪਲਾਂ ਵਿਚ ਵੀ ਪਿਘਲਦੀ ਅੰਤਾਂ ਦੀ ਉਦਾਸ ਹੋ ਜਾਂਦੀ

"ਦੇਖੀਂ ਕਈ ਵਾਰ ਉਹ ਬਹੁਤ ਉਦਾਸ ਹੋ ਜਾਂਦੈ, ਬਈ ਆਪਾਂ ਤਾਂ ਨਹਿਰ ਦੇ ਦੋ ਕਿਨਾਰੇ ਆਂ ਜਿਹੜੇ ਕਦੇ ਨੀ ਮਿਲਣੇ। ਤੂੰ ਕਿਥੇ ਵਣਜ, ਲਾ ਬੈਠੀ? ਮੇਰੇ ਭੀੜੇ ਵਿਹੜੇ 'ਚ ਤੇਰੇ ਸੁਪਨੇ ਮੇਚ ਨਹੀਂ ਆਉਣੇ।" ਜੀਤੀ ਮੂੰਹੋਂ ਇਹੋ ਜਹੀਆਂ ਗਲਾਂ ਸੁਣਦੀ ਮੈਂ ਵੀ ਉਹਦੇ ਮਨ ਵਿਹੜੇ ਉਤਰੀ ਕਾਸ਼ਨੀ ਧੁਪ ਦਾ ਨਿਘ ਮਾਣਦੀ। ਜਦੋਂ ਉਹ ਗਿੰਦਰ ਦੀਆਂ ਕਹੀਆਂ ਗਲਾਂ ਦਸਦੀ

"ਦੇਖੀਂ ਗਿੰਦਰ ਦਿਲ ਦਾ ਤਾਂ ਸ਼ਹਿਜਾਦੈ, ਕਹਿੰਦਾ ਜੇ ਕਹੇਂ ਤਾਂ ਛਾਤੀ ਚੀਰ ਕੇ ਤੇਰੇ ਲਈ ਅੰਦਰ ਬਣੀ ਥਾਂ ਵਿਖਾਵਾਂ।"

ਮੈਂ ਸੋਚਦੀ ਕਾਸ਼ ਮੈਨੂੰ ਵੀ ਕੋਈ ਆਪਣੇ ਅੰਦਰ ਇਨੀ ਮੋਕਲੀ ਥਾਂ ਦਾ ਸਦਾ ਦੇਵੇ। ਪਰ ਜੀਤੀ ਨੂੰ ਮੈਂ ਅਕਸਰ ਵਰਜਦੀ, "ਕੀ ਘੰਟਿਆਂ ਬਧੀ ਗਲਾਂ ਕਰਦਿਓ। ਕਿਤੇ ਵਿਆਹ ਤੋਂ ਪਹਿਲਾਂ ਈ ਨਾ ਗਲਾਂ ਦਾ ਕੋਟਾ ਪੂਰਾ ਕਰ ਲਿਓ, ਫੇਰ ਸਾਰੀ ਉਮਰ ਹਾਸੇ ਭਾਣੇ ਗਲ ਕਰਨ ਨੂੰ ਵੀ ਤਰਸ ਜੋਂ।" ਜੀਤੀ ਨੇ ਪੂਰੇ ਹਰਖ ਨਾਲ ਮੈਨੂੰ ਕਿਹਾ ਸੀ

"ਸ਼ੁਭ ਸ਼ੁਭ ਬੋਲ ਜੇ ਮੂੰਹ ਨੀ ਸੋਹਣਾ ਤਾਂ ਗਲ ਤਾਂ ਚਜਦੀ ਕਰ ਲਿਆ ਕਰ।"

ਅਜ ਮੈਂ ਉਦੋਂ ਬੋਲੇ ਬੋਲਾਂ ਤੇ ਪਛਤਾ ਰਹੀ ਹਾਂ। ਅਜ ਉਹ ਸਭ ਹੋਈਆਂ ਬੀਤੀਆਂ ਮੇਰੀ ਸਾਹ ਨਾੜੀ ਵਿਚ ਚੁਭਣ ਲਗਦੀਆਂ ਨੇ। ਇਕ ਵਾਰੀ ਜੀਤੀ ਨੇ ਮੈਨੂੰ ਪੁਛਿਆ ਸੀ, "ਤੇਰੇ ਨੀ ਜੀ ਕਰਦਾ ਕੋਈ ਤੇਰਾ ਈ ਆਪਣਾ ਹੋਵੇ ਬਸ।"

"ਜੀ ਤੋਂ ਹਾਲੇ ਪੁਛਿਆ ਨੀ, ਘਰਦਿਆਂ ਛਿਤਰਾਂ ਤੋਂ ਡਰ ਬਹੁਤਾ ਲਗਦੈ। ਦੂਜਾ ਮੈਂ ਤਾਂ



ਅਵਦੇ ਘਰ ਵਾਲੇ ਨੂੰ ਸੁਚੀ ਦੇਹੀ, ਸੁਚੀਆਂ ਸੋਚਾਂ ਗਿਫਟ ਵਜੋਂ ਪਰੋਸਣੀਆਂ ਨੇ, ਤੇ ਜੀ ਕਰਦੈ ਉਹ ਵੀ ਮੇਰੇ ਕੋਲ ਇਸੇ ਸ਼ਿਦਤ ਨਾਲ ਆਵੇ।" ਮੈਂ ਵੀ ਆਪਣਾ ਅੰਦਰ ਉਸ ਕੋਲ ਖੋਲ੍ਹਿਆ ਸੀ। "ਮੈਨੂੰ ਤੇਰੇ ਲਈ ਵੀ ਡਰ ਆਉਂਦੈ ਮਨ ਚਾਹਤ ਕਰ ਬੈਠੇ ਤੇ ਰੀਝ ਅਧੂਰੀ ਰਹਿ ਜੇ ਫੇਰ ਜੂਨ ਥੋੜ੍ਹੋ ਰਹਿ ਜਾਂਦੀ ਐ।" ਜੀਤੀ ਪੂਰੀ ਬੇਪ੍ਰਵਾਹੀ ਨਾਲ ਕਹਿ ਰਹੀ ਸੀ

"ਉਦੋਂ ਦੀ ਉਦੋਂ ਦੇਖੀ ਜਾਊ ਹੁਣ ਨੂੰ ਕਾਹਨੂੰ ਬਰਬਾਦ ਕਰੀਏ।"

ਪਰ ਮੈਨੂੰ ਲਗਦੈ ਕਿਸੇ ਸੀਨੇ ਦੀ ਮਿਟੀ ਵਿਚ ਉਗ ਪੈਣ ਪਿਛੋਂ ਉਸਦੀਆਂ ਜੜ੍ਹਾਂ ਵਢੇ ਜਾਣ ਪਿਛੋਂ ਵੀ ਨਿਤ ਕਰੂੰਬਲਾਂ ਫੁਟ ਪੈਂਦੀਆਂ ਹੋਣਗੀਆਂ। ਗਿੰਦਰ ਨੂੰ ਜਦੋਂ ਮੈਂ ਆਪਣੇ ਹੋਣ ਵਾਲੇ ਮੰਗੇਤਰ ਬਾਰੇ ਪੁਛਿਆ ਸੀ ਤਾਂ ਉਸ ਨੇ ਵਿਅੰਗ ਜਹੇ ਨਾਲ ਕਿਹਾ ਸੀ

"ਜਹੇਜੇ ਵਡੇ ਘਰਾਂ ਦੇ ਕਾਕੇ ਹੁੰਦੇ ਨੇ ਉਹਾਜਾ ਹੈਗਾ। ਜਮੀਨ ਜਾਇਦਾਤ, ਨੌਕਰ ਚਾਕਰ, ਕੋਠੀਆਂ ਕਾਰਾਂ, ਗਹਿਣੇ ਕਪੜੇ, ਘੁੰਮਣਾ ਫਿਰਨਾ ਹੋਰ ਕੁੜੀਆਂ ਨੂੰ ਚਾਹੀਦਾ ਕੀ ਹੰਦੈ?"

ਇਹ ਸਭ ਸ਼ਾਇਦ ਉਹ ਜੀਤੀ ਦੀ ਬੇਵਫਾਈ ਨੂੰ ਅਗੇ ਰਖ ਕੇ ਮੈਨੂੰ ਸੁਣਾ ਰਿਹਾ ਸੀ। ਜਦੋਂ ਉਹ ਭਰੀਆਂ ਅਖਾਂ ਨਾਲ ਜੀਤੀ ਦੇ ਕਿਸੇ ਬਾਹਰਲੇ ਅਮੀਰ ਮੁੰਡੇ ਨਾਲ ਵਿਆਹੀ ਜਾਣ ਦੀ ਖਬਰ ਸਜਰੀ ਹੀ ਸੁਣਕੇ ਆਇਆ ਸੀ। ਮੈਂ ਉਸਦੇ ਮੂੰਹ ਦੀਆਂ ਉਦਾਸ ਰੇਖਾਵਾਂ ਵਿਚੋਂ ਕਿੰਨਾ ਗਹਿਰਾ ਦੁਖ ਪੜ੍ਹਿਆ ਸੀ। ਉਸ ਦਿਨ ਉਹ ਘੰਟਾ ਭਰ ਸਾਡੇ ਹੋਸਟਲ ਤੋਂ ਬਾਹਰਲੀ ਦੇਹਲੀ ਤੇ ਮੇਰੇ ਕੋਲ ਨੀਵੀਂ ਪਾਈ ਬੈਠਾ ਇਕ ਡਕੇ ਨਾਲ ਜ਼ਮੀਨ ਦੀ ਹਿਕ ਤੇ ਲੀਕਾਂ ਵਾਹੁੰਦਾ ਰਿਹਾ। ਸ਼ਾਇਦ ਹਥਾਂ ਤੇ ਟੁਟੀਆਂ ਵਸਲ ਦੀਆਂ ਲਕੀਰਾਂ ਨੂੰ ਮੁੜ ਤਰਤੀਬ ਦੇ ਰਿਹਾ ਹੋਵੇ। ਉਸ ਅੰਦਰ ਲਗੀ ਹੰਝੂਆਂ ਦੀ ਝੜੀ ਉਸਨੂੰ ਹੋਰ ਵੀ ਗਹਿਰ ਗੰਭੀਰ ਦਰਸਾ ਰਹੀ ਸੀ। ਉਹ ਕਿੰਨਾ ਹੀ ਚਿਰ ਆਪਣੀ ਗਰੀਬੀ ਤੇ ਝੁਰਦਾ ਰਿਹਾ। ਮੈਂ ਜੀਤੀ ਵਲੋਂ ਕਈ ਸਫਾਈਆਂ ਪਰੋਸਦੀ ਰਹੀ ਕਿ ਜੀਤੀ ਨੇ ਤਾਂ ਆਪਣੇ ਭਾਰਾ ਕੋਲ ਤੇਰੇ ਬਾਰੇ ਗਲ ਤੋਰੀ ਸੀ ਪਰ ਉਸਦ ਭਰਾ ਨੇ ਦਸਿਆ ਕਿ "ਮੈਂ ਪਤਾ ਕੀਤੈ, ਮੁੰਡੇ ਕੋਲ ਜ਼ਮੀਨ ਘਟ ਐ। ਆਹ ਪਿਆਰ ਪਿਊਰ ਤਾਂ ਇਕ ਮੀਂਹ ਦੀ ਵਾਛੜ ਨੀ ਝਲਦਾ ਜਦ ਆਟੇ ਦਾਣੇ ਦਾ ਭਾਅ ਪਤਾ ਲਗਦੈ।" ਗਿੰਦਰ ਨੇ ਵੀ ਹੁੰਗਾਰਾ ਭਰਿਆ

"ਠੀਕ ਈ ਆਖਦੈ ਜੀਤੀ ਦਾ ਭਰਾ। ਚਲ ਉਹ ਤਾਂ ਸੌਖੀ ਹੋ ਜੂ, ਦੋਹਾਂ ਚੋਂ ਇਕ ਨੂੰ ਤਾਂ ਜਿਉਣ ਜੋਗਾ ਜਗ ਨਸੀਬ ਹੋ ਜੂ। ਉਹਦੀ ਸੌਖ ਮੇਰੀ ਸੌਖ ਹੋ ਜੂ।"

ਸਾਨੂੰ ਪਤਾ ਵੀ ਨਹੀਂ ਲਗਿਆ ਕਦੋਂ ਜੀਤੀ ਵਿਆਹ ਕਰਵਾ ਕੇ ਆਪਣੀ ਪੜ੍ਹਾਈ ਵਿਚੇ ਛਡ ਯੂ.ਕੇ. ਨੂੰ ਚੜ੍ਹ ਗਈ। ਉਸਦੇ ਇਉਂ ਅਚਾਨਕ ਜ਼ਿੰਦਗੀ ਵਿਚੋਂ ਮਨਫੀ ਹੋ ਜਾਣ ਨਾਲ ਜਿਵੇਂ ਗਿੰਦਰ ਦਾ ਅੰਦਰ ਪਛਿਆ ਗਿਆ। ਉਸਨੂੰ ਗਿਲਾ ਸੀ ਕਿ ਉਮਰਾਂ ਜਿੰਨੀ ਲੰਮੀ ਬਾਤ ਦਾ ਹੁੰਗਾਰਾ ਭਰਨ ਦਾ ਦਾਹਵਾ ਕਰਦੀ ਉਹ ਦੋ ਹੰਝੂ ਕੇਰਨ ਲਈ ਮੋਢਾ ਨਹੀਂ ਦੇ ਸਕੀ। ਪਰ ਇਹ ਗਿੰਦਰ ਦੀ ਸ਼ਰਾਫਤ ਸੀ ਜੋ ਜੀਤੀ ਨੂੰ ਦੋਸ਼ੀ ਕਹਿਣ ਦੀ ਥਾਂ ਆਪਣੀ ਪਤਲੀ ਹਾਲਤ ਨੂੰ ਕੋਸਦਾ ਰਿਹਾ

"ਮੈਨੂੰ ਤਾਂ ਇਸ ਹੋਣੀ ਦਾ ਪਹਿਲਾਂ ਹੀ ਖਦਸ਼ਾ ਸੀ। ਚਲ ਉਹ ਜਾਣੇ, ਮੇਰੇ ਘਰ ਦੁਖੀ ਹੁੰਦੀ ਤਾਂ ਮੈਨੂੰ ਹੋਰ ਔਖ ਚੜ੍ਹਨੀ ਸੀ। ਬਾਕੀ ਜ਼ਖ਼ਮਾਂ ਤੇ ਤਾਂ ਸਮਾਂ ਆਪੇ ਖਰੀਂਡ ਲੈ ਆਉਂਦੈ।"

ਜੀਤੀ ਲਈ ਗਿੰਦਰ ਦੇ ਨਾਲ ਇਹ ਗਿਲਾ ਤਾਂ ਮੈਨੂੰ ਵੀ ਸੀ ਕਿ ਆਖਰੀ ਵਾਰ ਗਿਲੇ ਸ਼ਿਕਵੇ ਸਮੇਟ ਲੈਣ ਲਈ ਫੁਰਸਤ ਬਟੋਰਨੀ ਬਣਦੀ ਸੀ। ਉਹ ਜਿਹੜੀ ਕਰਵਾਏ ਤੋਂ ਵੀ ਚੁਪ ਨਹੀਂ ਕਰਦੀ ਸੀ, ਉਹ ਆਪਣੇ ਸੀਨੇ ਕੀ ਦਬਾ ਕੇ ਤੁਰ ਗਈ ਬਸ ਰਬ ਜਾਣਦਾ ਹੈ। ਹੁਣ ਹਾਣੇ ਨਾਲ ਵਿਆਹ ਕੇ ਮੈਂ ਗਿੰਦਰ ਦੇ ਗਵਾਂਢ ਕੋਲ ਆ ਵਸੀ ਹਾਂ। ਮੈਨੂੰ ਵਿਆਹੁਣ ਗਏ ਇਕਠ ਵਿਚ ਮਗਰ ਖੜ੍ਹਾ ਮੈਂ ਗਿੰਦਰ ਚੁਬਾਰੇ ਦੀ ਤਾਕੀ ਦਾ ਪਰਤਾ ਸਰਕਾ ਕੇ ਪਛਾਣਿਆ ਸੀ, ਜਦੋਂ ਮੈਂ ਰਾਣੇ ਨੂੰ ਢੁਕਿਆ ਆਇਆ ਦੇਖਣ ਲਗੀ ਸੀ। ਮੇਰੇ ਵਿਆਹ ਮਗਰੋਂ ਜਦੋਂ ਕਦੇ ਵੀ ਗਿੰਦਰ ਆਉਂਦਾ ਹਥ ਜੋੜ ਕੇ ਪੂਰੇ ਤਿਕਾਰ ਨਾਲ ਫਤਿਹ

ਬੁਲਾਉਂਦਾ ਜਿਵੇਂ ਕਲਾਮ ਹੀ ਨਾ ਕੀਤੀ ਹੋਵੇ। ਉਸ ਦੀਆਂ ਨਜ਼ਰਾਂ ਵਿਚ ਅਜਨਬੀਅਤ ਅਤੇ ਅਪਣਤ ਦਾ ਰੰਗ ਘੁਲਿਆ ਹੋਵੇ। ਫੇਰ ਉਹ ਜਦੋਂ ਵੀ ਸਾਡੇ ਵਿਹੜੇ ਕਿਸੇ ਕੰਮ ਵੜਦਾ ਮੇਰੇ ਸੌਹਰੇ ਘਰ ਵਾਲੀ ਮਾਤਾ ਜੀ ਉਸ ਨੂੰ ਕਈ ਕੰਮ ਗਿਣਵਾ ਦਿੰਦੀ–"ਗਿੰਦਰਾ ਸਾਡੀ ਮਹਿੰ ਖੁਲ੍ਹਗੀ ਬੰਨ੍ਹੀ ਵੀਰਾ, ਜੇ ਅਜ ਸ਼ਹਿਰ ਗਿਆ ਤਾਂ ਮੇਰੀਆਂ ਅਖਾਂ ਦੀ ਦਾਰੂ ਲਿਆਈ ਪੁਤ ਵੇ, ਆਹ ਸਾਡਾ ਤਾਂ ਜੈ ਖਾਣੇ ਦਾ ਫ਼ੂਜ ਉਡ ਗਿਆ ਲਾਈਂ ਕੇਰਾਂ ਸ਼ੇਰ ਬਣਕੇ।" ਅੱਛਾ ਤਾਈ ਜੀ, ਕਹਿ ਕੇ ਗਿੰਦਰ ਹੁਕਮ ਬਜਾਉਂਦਾ ਤੇ ਬਿਨਾਂ ਚਾਹ ਪਾਣੀ ਪੀਤੇ ਤੋਂ ਵਾਪਸ ਚਲਾ ਜਾਂਦਾ। ਕਿਉਂਕਿ ਬਿਨਾਂ ਕੰਮ ਵਾਲੇ ਬੰਦੇ ਤੋਂ ਅਜਿਹੀ ਸੁਲਾਹ ਮਾਰਨੀ ਮੇਰੇ ਸੌਹਰਿਆਂ ਦੇ ਸਿਲੇਬਸ 'ਚ ਨਹੀਂ ਹੈ। ਕੇਰਾਂ ਇਉਂ ਹੀ ਜਦੋਂ ਮਾਤਾ ਨੇ ਕੰਮ ਕਿਹਾ ਤਾਂ ਕੁਰਸੀ ਤੇ ਪਸਰੇ ਰਾਣੇ ਵਲ ਹਥ ਕਰਕੇ ਗਿੰਦਰ ਨੇ ਕਿਹਾ

"ਤਾਈ ਅਜੇਹੇ ਕੰਮ ਰਾਣਾ ਬਾਈ ਤੋਂ ਕਰਵਾਇਆ ਕਰੋ, ਨਾਲੇ ਮਾੜੀ ਮੋਟੀ ਚਰਬੀ ਢਲੂਗੀ।"

ਕੌੜ ਕੌੜ ਝਾਕਦਾ ਰਾਣਾ ਔਖਾ ਜਿਹਾ ਬੋਲਿਆ ਸੀ

"ਰਹਿਣ ਦੇ! ਰਹਿਣ ਦੇ! ਆਪਦੀਆਂ ਫਿਲਾਸਫੀਆਂ ਨੂੰ। ਤਾਈ ਨੇ ਤੈਨੂੰ ਰਗੜ ਕੇ ਫੋੜੇ ਤੇ ਲਾਉਣੈ ਫੇਰ।"

ਤਾਈ ਨੇ ਦੋਹਾਂ ਵਿਚਕਾਰ ਵਿਛਦੀ ਵਿਥ ਵਿਚਾਲੇ ਆਪਾ ਡਾਹ ਧਰਿਆ। ਗਿੰਦਰ ਦੇ ਸ਼ਿਕਵੇ ਮੂਹਰੇ ਆਪਣੀ ਬੇਵਸੀ ਪਰੋਸਦਿਆਂ ਰਾਣੇ ਦੀਆਂ ਗਲਾਂ ਤੇ ਪੋਚਾ ਮਾਰਿਆ

"ਵੇ ਬੀਰ ਕਿਥੇ! ਐਨੇ ਜੋਗਾ। ਡੁਬੀ ਤਾਂ ਜੇ ਸਾਹ ਨਾ ਆਇਆ। ਇਨ੍ਹੈ ਤਾਂ ਪਹਿਲੇ ਦਿਨੋਂ ਨੀ ਡਕਾ ਭੰਨ ਕੇ ਦੂਹਰਾ ਕੀਤਾ।"

ਰਾਣਾ ਬਿਸ਼ਰਮੀ ਦੇ ਤਾਣ ਹਸਣ ਲਗ ਪਿਆ। ਗਿੰਦਰ ਇਕਲਾ ਹੀ ਕੰਮ ਨਿਬੇੜ ਗਿਆ। ਮੈਨੂੰ ਅੰਦਰੋਂ ਅੰਦਰੀਂ ਹਰਖ ਆਉਂਦਾ। ਮਾਤਾ ਦਾ ਇਉਂ ਕਮੀਨਾ ਨਾਲ ਦੇ ਵਰਤਾਵ ਵਾਂਗ ਗਿੰਦਰ ਨੂੰ ਤਕਾਉਣਾ ਮੈਨੂੰ ਗਿੰਦਰ ਦੀ ਹੋਈ ਹੇਠੀ ਲਗਦਾ। ਮੈਨੂੰ ਹੋਸਟਲ ਵਿਚ ਕਿਸੇ ਕੁੜੀ ਦੀ ਦਸੀ ਗਲ ਯਾਦ ਆਉਂਦੀ, ਉਹ ਕਹਿੰਦੀ ਸਾਡੇ ਗਵਾਂਢ ਇਕ ਸਰਦਾਰ ਆਪਣੀ ਘਰਵਾਲੀ ਨੂੰ ਕਹਿੰਦਾ, ਸੁਣਿਐ

"ਆਹ ਮੇਰੇ ਬੁਰਸ਼ ਤੇ ਪੇਸਟ ਲਾ ਕੇ ਫੜਾ ਮੈਂ ਵੀ ਬੁਰਸ਼ ਕਰ ਲਵਾਂ।"

ਅਸੀਂ ਉਸਦਾ ਕਿੰਨਾ ਮਜ਼ਾਕ ਉਡਾਇਆ ਸੀ ਤੇ ਅਜ ਰਾਣਾ ਗੁਸਲਖਾਨੇ ਵਿਚ ਜਾਣ ਤੋਂ ਪਹਿਲਾਂ ਤੌਲੀਆ, ਕਛਾ, ਬਨੈਣ, ਕੁੜਤਾ ਪਜਾਮਾ ਪਹਿਲਾਂ ਮੇਰੇ ਤੋਂ ਟੰਗਵਾ ਕੇ ਨਹਾਉਣ ਜਾਂਦਾ ਹੈ। ਕਿੰਨਾ ਹਡ ਰਖ ਤੇ ਮੰਜੇ ਤੋੜ ਟਕਰਿਐ ਮਨ ਉਲਾਂਭਾ ਪਾਲਦਾ। ਕਦੇ ਦਾਰੂ ਦੀ ਲੋਰ ਵਿਚ ਰਾਣੇ ਨੇ ਚਾਂਭਲਦਿਆਂ ਗਿੰਦਰ ਨੂੰ ਪੁਛਿਆ ਸੀ

"ਤੈਂ ਕਦੇ ਭਾਬੀ ਨੀ ਦੇਖੀ ਸੀ ਉਥੇ," ਰਾਣੇ ਦੇ ਦਸਣ ਮੁਤਾਬਕ ਗਿੰਦਰ ਨੇ ਕਿਹਾ ਸੀ "ਬਾਈ ਉਥੇ ਛਤੀ ਸੌ ਕੁੜੀ ਪੜ੍ਹਦੀ ਐ, ਯੂਨੀਵਰਸਿਟੀ 'ਚ ਕੀ ਪਤੈ ਕਿਹੜੀ ਨੇ ਕੀਹਦੀ ਭਾਬੀ ਬਣਨੈ।"

ਮੈਂ ਅੰਦਰੋਂ ਅੰਦਰੀਂ ਗਿੰਦਰ ਦੇ ਇਸ ਸਿਆਣੇ ਜੁਆਬ ਤੋਂ ਵਾਰੇ ਵਾਰੇ ਜਾਂਦੀ ਹਾਂ। ਸ਼ਾਇਦ ਉਹ ਜਾਣਦਾ ਹੋਵੇ ਕਿ ਵਿਛੀ ਚਾਦਰ ਦੀਆਂ ਸਿਲਵਟਾਂ ਦੇਖ ਕੇ ਹੀ ਸ਼ਕ ਪਾਲਦੇ ਇਹ ਕਾਕੇ ਕਿਸ ਕਿਆਸ ਤਕ ਅਪੜਦੇ ਨੇ। ਇਉਂ ਹੀ ਇਕ ਵਾਰੀ ਮੈਂ ਤੇ ਰਾਣਾ ਘਰੋਂ ਬਾਹਰ ਕਾਰ ਤੇ ਜਾਣ ਲਈ ਨਿਕਲੇ ਤਾਂ ਅਗੋਂ ਗਿੰਦਰ ਪੂਰੇ ਰੌਲੇ ਰਪੇ ਵਾਲਾ ਫਿਟਫਿਟੀਆ ਜਿਹਾ ਟਰੈਕਟਰ ਲਈ ਆਉਂਦਾ ਸੀ। ਉਸਦੀ ਟੇਪ ਵਿਚ ਉਚੀ ਉਚੀ ਗਾਣਾ ਲਗਿਆ ਹੋਇਆ ਸੀ "ਭਾਵੇਂ ਬੋਲ ਤੇ ਭਾਵੇਂ ਨਾ ਬੋਲ, ਵੇ ਚੰਨਾ ਵਸ ਅਖੀਆਂ ਦੇ ਕੋਲ।" ਉਸ ਨੇ ਇਕ ਦਮ ਟੇਪ ਬੰਦ ਕੀਤੀ ਸਾਨੂੰ ਦੁਆ ਸਲਾਮ ਕਰਕੇ ਅਗੇ ਹੋ ਲਿਆ। ਉਸ ਦੇ ਜਾਣ ਮਗਰੋਂ ਰਾਣਾ ਭਫੇ ਜਹੇ ਢੰਗ ਨਾਲ ਗਾਲ੍ਹ ਕਢਕੇ ਉਸਦੀ ਗਰੀਬੀ ਦਾ



ਮਜ਼ਾਕ ਉਡਾਉਂਦਾ ਰਿਹਾ

"ਦੇਖ ਕਿਮੇ ਜਟ ਭੂਸਰਿਆ ਹੋਇਐ, ਟਰੈਕਟਰ ਤੇ ਚੜ੍ਹਿਆ ਫਿਰਦੈ। ਕਿਸ਼ਤਾਂ ਭਰਨ ਜੋਗੇ ਪੈਸੇ ਹੈ ਨੀ, ਘਰੇ ਭੰਗ ਭੁਜਦੀ ਐ। ਪਲੇ ਹੈ ਨੀ ਧੇਲਾ ਤੇ ਕਰਦਾ ਮੇਲਾ ਮੇਲਾ।"

ਅਜੇਹੇ ਸਮੇਂ ਤਕ ਮੈਨੂੰ ਪਤਾ ਲਗ ਚੁਕਾ ਸੀ ਕਿ ਰਾਣਾ ਉਸਦੀ ਯੋਗਤਾ ਤੋਂ ਈਰਖਾ ਕਰਦਾ ਹੀ ਇਉਂ ਕਰਦਾ ਹੈ। ਕਈ ਵਾਰੀ ਉਸਦੀ ਅਜੇਹੀ ਨਫਰਤ ਤੋਂ ਮੈਂ ਆਪਣਾ ਅੰਦਰ ਫਰੋਲਣ ਲਗੀ ਸਹਿਮ ਜਾਂਦੀ। ਦੂਜੇ ਪਾਸੇ ਗਿੰਦਰ ਜਦ ਵੀ ਮਿਲਦਾ ਹੈ ਉਸਦੀ ਬਰੀਕ ਸੂਝ ਬੂਝ ਦੀ ਦਸ ਪੈਂਦੀ ਹੈ। ਉਹ ਜਦ ਰਾਹਾਂ ਤੇ ਤੁਰਦਾ ਹੈ ਜਿਵੇਂ ਰਾਹ ਦੇ ਜ਼ਰੇ ਜ਼ਰੇ ਨੂੰ ਵੀ ਨੀਝ ਲਾ ਕੇ ਵੇਖਦਾ ਹੋਵੇ, ਜਿਸਨੂੰ ਚੜ੍ਹਦੇ, ਉਤਰਦੇ ਸੂਰਜ ਨਾਲ ਅਸਮਾਨੀ ਘੁਲਦੇ ਸੰਧੂਰੀ ਰੰਗਾਂ ਦੇ ਅਰਥ ਪੜ੍ਹਨੇ ਆਉਂਦੇ ਹੋਣ। ਉਸ ਦੀ ਹਰ ਅਦਾ ਵਿਚ ਇਕ ਤਰਤੀਬ, ਇਕ ਸਲੀਕਾ ਤੇ ਇਕ ਵਿਸ਼ੇਸ਼ ਕਸ਼ਿਸ਼ ਉਸਦੇ ਅੰਦਰ ਪਲਦੇ ਇਲਮ ਦਾ ਸਬੂਤ ਬਣਦੀ ਹੈ। ਪਰ ਰਾਣਾ ਜਿਸ ਨੇ ਔਰਤ ਨਾਲ ਬਸ ਸੌਣਾ ਸਿਖਿਆ ਸੀ ਜਾਗਣਾ ਨਹੀਂ ਸਿਖਿਆ ਸੀ। ਚੜ੍ਹੀ ਲਥੀ ਦੀ ਕੋਈ ਅਕਲ ਤਮੀਜ਼ ਹੀ ਨਹੀਂ। ਅਣਕਹੀ ਗਲ ਬੁਝਣੀ ਤਾਂ ਇਕ ਪਾਸੇ ਰਹੀ ਇਹਨੂੰ ਤਾਂ ਸਵੇਰੇ ਕਹੀ ਹੋਈ ਦੀ ਸਮਝ ਆਥਣੇ ਪੈਂਦੀ ਐ। ਫੇਰ ਮੈਂ ਗਿੰਦਰ ਦਾ ਪਖ ਪਾਲਦੀ ਹਾਂ

"ਚਲ ਆਪਾਂ ਨੂੰ ਕੀ ਜਿਹੜੇ ਕਰਨਗੇ ਉਹ ਭਰਨਗੇ। ਆਪਾਂ ਕਾਰਾਂ ਤੇ ਚੜ੍ਹੇ ਫਿਰਦੇ ਆਂ ਅਗਲਾ ਜੇ ਟੁਟੇ ਜੇ ਫਿਟਫਿਟੀਏ ਤੇ ਚੜ੍ਹ ਗਿਆ ਤਾਂ ਕੀ ਐ।"

ਰਾਣਾ ਹਾਲੇ ਵੀ ਅੰਦਰਲਾ ਖੋਰ ਘੋਲਦਾ ਹੈ

"ਭਰਨਗੇ ਨੀ ਭਰਦੇ ਫਿਰਦੇ ਨੇ। ਮਾਸਟਰਾਂ ਨੇ ਫੀਸਾਂ ਫੂਸਾਂ ਭਰਤੀਆਂ ਤਾਂ ਇਹ ਚਾਰ ਅਖਰ ਪੜ੍ਹ ਕਾਹਦਾ ਗਿਆ ਮੋਢਿਆਂ ਤੋਂ ਦੀ ਥੁਕਦਾ ਫਿਰਦੈ। ਦੂਜਾ ਭਰਾ ਡਬਈ ਜਾਂਦਾ ਜਮੀਨ ਡੋਬ ਗਿਆ, ਹੁਣ ਖਨੀ ਕਿਹੜੀ ਜੇਲ੍ਹ ਦੀਆਂ ਰੋਟੀਆਂ ਪਾੜਦੈ। ਪਿਓ ਦਾ ਵਾਲ ਵਾਲ ਕਰਜ਼ੇ ਨਾਲ ਵਿੰਨ੍ਹਿਆ ਪਿਐ।"

ਗਿੰਦਰ ਦੇ ਘਰ ਦੀ ਅਜਿਹੀ ਤਸਵੀਰ ਮੈਨੂੰ ਧੁਰ ਅੰਦਰ ਤਕ ਹਲੂਣ ਦਿੰਦੀ ਹੈ। ਪਰ ਗਿੰਦਰ ਦੀ ਕਦੇ ਕਿਸੇ ਗਲ ਤੋਂ ਨਹੀਂ ਲਗਿਆ ਕਿ ਉਹ ਇੰਨ੍ਹਾਂ ਤੰਗ ਗਲੀਆਂ ਚੋਂ ਗੁਜ਼ਰ ਕੇ ਆਉਂਦਾ ਹੈ। ਉਸ ਦੀ ਪਲਦੀ ਗੈਰਤ ਮੂਹਰੇ ਕਦੇ ਨੀ ਇਸ ਗੁਰਬਤ ਨੇ ਸਿਰ ਚੁਕਿਆ। ਮੈਂ ਕਿਸੇ ਕਿਤਾਬ ਤੋਂ ਪੜ੍ਹਿਆ ਸੀ ਸੰਤੁਸ਼ਟ ਆਦਮੀ ਕਦੇ ਗਰੀਬ ਨਹੀਂ ਹੁੰਦਾ ਤੇ ਅਸੰਤੁਸ਼ਟ ਕਦੇ ਅਮੀਰ ਨਹੀਂ ਹੁੰਦਾ। ਮੈਂ ਇਸ ਸਤਰ ਦੇ ਦੋਵੇਂ ਵਾਸੇ ਰਾਣਾ ਤੇ ਗਿੰਦਰ ਬਿਠਾ ਕੇ ਤੋਲਦੀ ਤਾਂ ਰਾਣਾ ਵਧੇਰੇ ਗਰੀਬ ਲਗਦਾ। ਫੇਰ ਮੈਂ ਸੋਚਦੀ ਗਿੰਦਰ ਜਿੰਨ੍ਹਾਂ ਦੋ ਕਿਨਾਰਿਆਂ ਦੀ ਜੀਤੀ ਕੋਲ ਗਲ ਕਰਦਾ ਸੀ, ਉਹ ਤਾਂ ਮੈਂ ਤੇ ਰਾਣਾ ਵੀ ਹੋ ਸਕਦੇ ਹਾਂ ਤੇ ਪਤਾ ਨਹੀਂ ਮਨ ਹੀ ਮਨ ਮੇਰੀਆਂ ਸੋਚਾਂ ਦੇ ਇਹ ਕਿਨਾਰੇ ਗਿੰਦਰ ਦੀਆਂ ਸੋਚਾਂ ਨਾਲ ਕਿਥੇ ਜਾ ਮਿਲਦੇ? ਫੇਰ ਮੈਂ ਆਪਣੇ ਆਪ ਨੂੰ ਹਾਲਾਤ ਅਨੁਸਾਰ ਤਰਾਸ਼ਣ ਲਗੀ। ਮੇਰੀਆਂ ਪਾਲੀਆਂ ਹੋਈਆਂ ਨੁਕਰਾਂ ਭੁਰਨ ਲਗੀਆਂ। ਮੇਰੀ ਦੇਹੀ ਦੀਆਂ ਗੁਲਾਈਆਂ ਨਾਲ ਮੇਰੀਆਂ ਸੋਚਾਂ ਵੀ ਗੋਲ ਘੁੰਮਣ ਲਗੀਆਂ। ਛਤ ਦੇ ਉਸ ਕੋਨੇ ਤੇ ਖੜ੍ਹੀ ਕਦੇ ਕਦੇ ਮੈਂ ਜਦ ਆਪਣੇ ਅੰਦਰ ਵਲ ਪਰਤਦੀ ਤਾਂ ਜੀ ਕਰਦਾ ਭਜ ਕੇ ਗਿੰਦਰ ਕੋਲ ਜਾਵਾਂ ਉਹਨਾਂ ਦੀ ਦੇਹਲੀ ਤੇ ਬੈਠ ਕੇ ਗਿੰਦਰ ਵਾਂਗ ਡਕੇ ਨਾਲ ਉਸ ਦੇ ਬਾਰ ਮੂਹਰੇ ਦੁਖਾਂ ਸੁਖਾਂ ਦਾ ਨਕਸ਼ਾ ਉਲੀਕਾਂ। ਉਹ ਆਪਣੀ ਭੁਖ ਦੀ ਬਾਤ ਪਾਵੇ, ਜਿਸਦਾ ਹਲ ਹਾਲੇ ਹੈ। ਫੇਰ ਮੈਂ ਆਪਣੇ ਰਸਹੀਣ, ਫਿਕੇ ਸੁਖ ਦੀ ਦਾਸਤਾ ਸੁਣਾਵਾਂ ਜਿਸਦਾ ਕੋਈ ਤੋੜ ਨਹੀਂ। ਉਹ ਮੈਨੂੰ ਰਿਸ਼ੀਆਂ ਮੁਨੀਆਂ ਵਾਂਗ ਭਾਸ਼ਣ ਦੇਵੇ ਤੇ ਮੈਂ ਰੁਪਈਆਂ ਦੀ ਪੰਡ ਬੰਨ੍ਹ ਕੇ ਉਸਦੇ ਵਿਹੜੇ ਖਿਲਾਰ ਆਵਾਂ। ਮੇਰੇ ਅੰਦਰ ਤੇ ਬਾਹਰ ਦੋ ਵਖਰੇ ਸੰਸਾਰ ਉਸਰਦੇ ਰਹੇ। ਦੂਰੋਂ ਦਿਸਦਾ ਗਿੰਦਰ ਦੇ ਘਰ ਦਾ ਵਜੂਦ ਧਰਤੀ ਦੀ ਹਿਕ ਤੇ ਉਠਿਆ ਛਾਲਾ ਜਿਹਾ ਲਗਦਾ। ਘਰ ਦੀਆਂ

ਕਾਲੀਆਂ ਹੋਈਆਂ ਇਟਾਂ, ਇਟਾਂ ਤੇ ਵਗੀਆਂ ਮੀਂਹ ਹਨੇਰੀ ਦੀਆਂ ਘਸਮੈਲੀਆਂ ਘਰਾਲਾਂ ਦੀ ਕਾਲਖ ਘਰ ਦੇ ਬੀਤੇ ਇਤਿਹਾਸ ਨੂੰ ਸਮੋਈ ਬੈਠੀ ਲਗਦੀ। ਵਿਹੜੇ ਵਿਚ ਬੰਨ੍ਹੇ ਲਿਸੇ ਜਹੇ ਪਸ਼ੂ ਘਰ ਵਿਚਲੀ ਗਰੀਬੀ ਨੂੰ ਉਲਾਂਭਾ ਦਿੰਦੇ ਲਗਦੇ। ਅਧੇ ਕੁ ਕੁਬੇ ਸਰੀਰ ਨਾਲ ਹਡੀਆਂ ਦੀ ਮੁਠ ਜਿਹਾ ਬਜ਼ੁਰਗ ਗਿੰਦਰ ਦਾ ਪਿਤਾ ਖੇਤ ਵਿਚ ਗਡੇ ਡਰਨੇ ਵਰਗਾ ਨਕਲੀ ਬੰਦਾ ਹੋਣ ਦਾ ਝਾਉਲਾ ਪਾਉਂਦਾ। ਗੁੰਦਵੇਂ ਸਰੀਰ ਵਾਲੀ ਇਕ ਅਧਖੜ੍ਹ ਔਰਤ ਗਿੰਦਰ ਦੀ ਮਾਂ ਹਰ ਵਕਤ ਕਿਸੇ ਚਕ ਧਰ ਵਿਚ ਰੁਝੀ ਵਿਹੜੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਚਕਰ ਜਹੇ ਕਟਦੀ। ਗਿੰਦਰ ਬਹੁਤ ਘਟ ਹੀ ਨਜ਼ਰ ਆਉਂਦਾ। ਹੋ ਸਕਦਾ ਹੈ ਮੇਰੇ ਫੁਰਸਤ ਦੇ ਚੁਰਾਏ ਪਲਾਂ ਸਮੇਂ ਉਹ ਕਿਸੇ ਆਹਰੇ ਜੁਟਿਆ ਹੋਵੇ। ਇਸ ਪਿੰਡ ਨਾਲ ਬਸ ਮੇਰੀ ਇਹੀ ਸਾਂਝ ਹੈ ਜਿਸ ਨਾਲ ਮਨ ਹਾਮੀ ਭਰਦਾ ਹੈ। ਮੈਂ ਆਪਣੇ ਆਪ ਨਾਲ ਤਕਰਾਰ ਕਰਦੀ ਸੋਚਦੀ ਹਾਂ ਇਹ ਕਿਹੜਾ ਰਿਸ਼ਤਾ ਹੋਇਆ। ਜਿਥੇ ਮੈਂ ਹਰ ਵਕਤ ਗੈਰਹਾਜ਼ਰ ਹੋ ਕੇ ਵੀ ਹਾਜ਼ਰ ਹੁੰਦੀ ਹਾਂ ਤੇ ਜਿਥੇ ਰਹਿ ਰਹੀ ਹਾਂ ਉਥੇ ਹਮੇਸ਼ਾ ਮਨਫੀ ਹੋ ਜਾਂਦੀ ਹਾਂ। ਰਾਣੇ ਨਾਲ ਗੁਜ਼ਾਰੇ ਕਈ ਨਾਜ਼ੁਕ ਪਲਾਂ ਵਿਚ ਵੀ ਸ਼ਾਮਲ ਹੁੰਦੀ ਗੈਰਹਾਜ਼ਰ ਹੁੰਦੀ ਹਾਂ। ਉਸਦ ਬੋਲ, ਉਸਦੀ ਬੇਤਰਤੀਬੀ, ਅਲਗਰਜ਼ੀ ਮੈਨੂੰ ਖਲਦੀ ਰਹੀ ਤੇ ਮੈਂ ਉਸ ਖਲਣ ਮੂਹਰੇ ਸਿਰ ਝੁਕਾ ਕੇ ਤੁਰਨਾ ਕਬੂਲ ਕਰ ਲਿਆ। ਮੇਰੇ ਘਰਦਿਆਂ ਨੇ ਜਿਵੇਂ ਰਾਣੇ ਨੂੰ ਮੇਰੇ ਨਾਲ ਨਿਤ ਬਲਾਤਕਾਰ ਕਰਨ ਦੀ ਮੋਹਲਤ ਤੇ ਮੋਹਰ ਲਗਾ ਦਿਤੀ ਹੋਵੇ। ਮੋਹਰ ਤੋਂ ਯਾਦ ਆਈ ਮੈਨੂੰ ਰਾਣੇ ਦੀ ਉਹ ਪਹਿਲੀ ਹਰਕਤ ਜੋ ਮੈਨੂੰ ਵਿਆਹ ਕੇ ਲਿਆਉਂਦੇ ਨੇ ਕਾਰ ਵਿਚ ਆਪਣੇ ਚਾਚੇ ਦੇ ਪੁਤ ਤੋਂ ਚੋਰੀ ਮੇਰੇ ਨਾਲ ਕੀਤੀ ਸੀ। ਮੇਰੀ ਵਖੀ ਤੇ ਭਰੀ ਉਸ ਚੂੰਡੀ ਨੇ ਨੀਲਾ ਚਟਾਖ ਪਾ ਦਿਤਾ ਸੀ। ਸ਼ੁਕਰ ਹੈ ਮੈਂ ਕਈ ਕਪੜਿਆਂ ਨਾਲ ਲਦੀ ਹੋਈ ਸੀ, ਨਹੀਂ ਤਾਂ ਉਹ ਚਟਾਖ ਉਮਰ ਭਰ ਲਈ ਸ਼ਾਇਦ ਚਿਬ ਬਣ ਜਾਂਦਾ। ਕਿੰਨੇ ਦਿਨ ਮੈਨੂੰ ਉਹ ਲਗਿਆ ਨੀਲਾ ਦਾਗ ਮੇਰੇ ਤੇ ਲਗੀ ਮੋਹਰ ਵਾਂਗ ਜਾਪਦਾ ਰਿਹਾ। ਕਾਸ਼! ਪਹਿਲੀ ਗਲ ਅਖਾਂ ਨਾਲ ਹੀ ਕੀਤੀ ਤੇ ਸਮਝੀ ਹੁੰਦੀ। ਜਦੋਂ ਮੈਂ ਨਹੋਰਾ ਕੀਤਾ ਤਾਂ ਮੂਹਰੋਂ ਅਲਥ ਜਿਹਾ ਜਵਾਬ ਮਿਲਿਆ ਸੀ

"ਮੈਂ ਤਾਂ ਦੇਖਦਾ ਸੀ ਜਟ ਨੂੰ ਕਿੰਨਾ ਕੁ ਸਹਾਰਦੀ ਐਂ।"

ਉਸਦੇ ਅਜੇਹੇ ਬਿਸ਼ਰਮ ਜਹੇ ਚੋਚਲੇ ਮੈਨੂੰ ਕੋਲਾ ਕਰ ਦਿੰਦੇ। ਪਰ ਮੈਂ ਉਪਰੋਂ ਖੀਂ ਖੀਂ ਕਰਦੀ। ਇਕ ਵਾਰੀ ਗਿੰਦਰ ਰਾਣੇ ਨੂੰ ਬਾਹਰ ਬੁਲਾ ਕੇ ਲੈ ਗਿਆ, ਸ਼ਾਇਦ ਪੈਸੇ ਮੰਗਣ ਆਇਆ ਹੋਵੇਗਾ ਕਿਉਂ ਜੋ ਵਾਪਸ ਮੁੜਦਾ ਰਾਣਾ ਬੁੜ ਬੁੜ ਕਰ ਰਿਹਾ ਸੀ

"ਖਰਚ ਕਰਨ ਲਗੇ ਤਾਂ ਦੇਖਦੇ ਨੀ। ਕਿਸੇ ਹਕੀਮ ਨੇ ਕਿਹਾ ਸੀ ਭੈਣ ਦੀ ਵਿਆਹ ਤੇ ਰੇਡੂਆ ਖੜਕਾਉਣ ਨੂੰ ? ਪੰਜ ਆਦਮੀ ਆਕ ਨੰਦ ਲੈ ਜਾਂਦੇ।"

ਮੈਂ ਫਿਰ ਗਿੰਦਰ ਦਾ ਪਖ ਪੂਰਿਆ, "ਓਹੋ ਤੁਸੀਂ ਅਗਲੇ ਦੀ ਥਾਂ ਖੜ੍ਹਕੇ ਦੇਖੋ। ਮੁੰਡੇ ਆਲੇ ਨੀ ਮੰਨੇ ਹੋਣੇ। ਕੁੜੀ ਆਲਿਆਂ ਦੀ ਮਰਜੀ ਕਦੋਂ ਚਲਦੀ ਐ ?" ਮੇਰੇ ਐਨਾ ਕਹਿਣ ਨਾਲ ਰਾਣੇ ਅੰਦਰ ਜਿਵੇਂ ਬਲਦੀ ਤੇ ਤੇਲ ਜਾ ਪਿਆ ਹੋਵੇ। ਉਹ ਤਾਂ ਬਹਾਨਾ ਭਾਲ ਕੇ ਮੇਰੇ ਘਰਦਿਆਂ ਨੂੰ ਪੁਣ ਧਰਦਾ ਹੈ।

"ਆਹੋ ਨਾਲੇ ਮੇਰੇ ਸਾਲਿਆਂ ਦੀ ਨੀ ਚਲੀ ਹੋਣੀ ਮਰਜ਼ੀ ? ਜਿਹੜੀ ਤਰੀਕ ਤੁਸੀਂ ਆਖੀ, ਅਸੀਂ ਉਸੇ ਨੂੰ ਢੁਕੇ ਸੀ ਪਤੈ।" ਮੈਂ ਉਸ ਦੇ ਮੋਢੇ ਤੇ ਪੋਲੀ ਜਿਹੀ ਚਪਤ ਮਾਰ ਕੇ ਲਾਡ ਨਾਲ ਮੋੜਵਾ ਜਵਾਬ ਦਿੰਦੀ ਹਾਂ

"ਕਾਕਾ ਜੀ ਮੇਰੇ ਪੇਪਰ ਸੀ ਉਦੋਂ! ਫੇਰ ਤੁਸੀਂ ਪੜ੍ਹੀ ਲਿਖੀ ਘਰਵਾਲੀ ਵੀ ਤਾਂ ਲੈਣੀ ਸੀ।"

ਪਰ ਮੇਰੇ ਲਪੇਟੇ ਲਾਡ ਨੂੰ ਪੜੇਥਣ ਵਾਂਗ ਝਾੜ ਕੇ ਰਾਣਾ ਪੂਰੇ ਹਰਖ ਵਿਚ ਬੋਲਿਆ

"ਦੇਖ ਮੈਨੂੰ ਤੇਰੀ ਪੜ੍ਹਾਈ ਪੜੂਈ ਦੀ ਕੋਈ ਧੌਂਸ ਨੀ। ਸਾਕ ਕਰਨ ਆਲਿਆਂ ਨੇ ਤਾਂ ਮੇਰੇ ਘਰ ਪੈਰ ਦਰੜ ਕਰ ਰਖੀ ਸੀ। ਉਹ ਤਾਂ ਮਾਂ ਕਹਿਣ ਲਗੀ ਚਲ ਜਵਾਕਾਂ ਨੂੰ ਪੜ੍ਹਾਉਣਾ ਸੌਖਾ ਹੋ ਜੂ।



ਹੋਰ ਕੀ ਅਸੀਂ ਤੇਰੀ ਕਮਾਈ ਖਾਣੀ ਐ ?"

ਮੈਨੂੰ ਆਪਣੀਆਂ ਸਭ ਕੀਤੀਆਂ ਜਮਾਤਾਂ ਵਿਅਰਥ ਹੀ ਵਖੀ ਨਾਲੋਂ ਝੜ ਗਈਆਂ ਦਿਸੀਆਂ। ਇਹਦੇ ਨਾਲੋਂ ਤਾਂ ਅਨਪੜ੍ਹ ਈ ਰਹਿੰਦੀ। ਕਿਉਂ ਦੀਦੇ ਗਾਲੇ। ਮਗਜ਼ ਥੋਥਾ ਕੀਤਾ। ਚਾਰ ਦਿਨ ਬਾਬਲ ਵਿਹੜੇ ਤਾਂ ਛਲਾਂਗਾ ਮਾਰ ਲੈਂਦੀ। ਮਾਂ ਦੇ ਗੋਡੇ ਮੁਢ ਬੈਠਦੀ। ਮਾਂ ਕੋਲ ਆਪਣੀਆਂ ਹਥੇਲੀਆਂ ਲਈ ਕਾਲਿਆਂ ਬਾਗਾਂ ਦੀ ਮਹਿੰਦੀ ਵਾਲੀ ਰੀਝ ਸਾਂਝੀ ਕਰਦੀ। ਪਰ ਇਹੋ ਜੋ ਤਾਂ ਹੁਣ ਹਥ ਨਹੀਂ ਆ ਰਹੀ ਸੀ। ਫੇਰ ਆਪਣੇ ਅੰਦਰ ਸਮੇਟੇ ਅਖਰਾਂ ਦੇ ਆਸਰੇ ਉਸਨੂੰ ਨਸੀਹਤ ਕਰਦੀ ਹਾਂ

"ਰਾਣੇ ਤੁਸੀਂ ਇਹ ਸਭ ਮਿਠਾ ਕਰਕੇ ਨੀ ਬੋਲ ਸਕਦੇ ? ਠੰਡੇ ਮਤੇ ਨਾਲ ਸੋਚੋ ਐਨਾ ਖਰ੍ਹਵਾ ਕਿਉਂ ਬੋਲਦੇ ਓ ? ਚੰਗੀ ਗਲ ਸਿਖਣ ਵਿਚ ਹਰਜ ਕੀ ਐ।"

ਰਾਣਾ ਮੇਰੇ ਨਰਮ ਬੋਲਣ ਤੇ ਥੋੜਾ ਢੈਲਾ ਹੋ ਗਿਆ ਫੇਰ ਵੀ ਅੜੀ ਕਰਨ ਵਾਂਗ ਬੋਲਿਆ

"ਮੈਨੂੰ ਨੀ ਕੂਲੇ ਕੂਲੇ ਬੋਲ ਬੋਲਣੇ ਆਉਂਦੇ। ਸ਼ਹਿਰੀਆਂ ਵਾਂਗੂ ਊਈ ਬਿਚ ਬਿਚ ਜਹੀ ਕਰੀ ਜਾਓ।"

ਮੈਂ ਕਿਹਾ, "ਆਹੋ ਕੂਲਾ ਬੋਲ ਕੇ ਮੂੰਹ ਨਾ ਕਿਤੇ ਦੁਖ ਜੇ ਮੂੰਹ 'ਚ ਛਾਲੇ ਹੋ ਜਾਣਗੇ। ਥੋੜ੍ਹੀਆਂ ਹੋਰ ਗਾਲ੍ਹਾਂ ਦੀ ਟਿਊਸ਼ਨ ਰਖ ਲੈ।" ਉਹ ਹਸ ਪਿਆ ਮਥੇ ਦਾ ਕਸਾ ਘਟ ਗਿਆ। ਪਰ ਰੋਟੀ ਖਾਣ ਦੀ ਗਰਮੀ ਤਾਂ ਸਭ ਨੂੰ ਆਉਂਦੀ ਐ ਕੋਈ ਕਿੰਨਾ ਕੁ ਜਰ ਸਕਦੈ। ਮੈਂ ਆਪਣੀ ਇਹ ਗਰਮੀ ਕਿੰਨਾ ਕੁ ਚਿਰ ਅੰਦਰ ਜਜ਼ਬ ਕਰਦੀ ਰਹਾਂਗੀ। ਇਕ ਦਿਨ ਬਾਹਰੋਂ ਹੀ ਲੋਹੇ ਲਾਖਾ ਹੋਇਆ ਆਇਆ, ਲਗਿਆ, ਮੇਰੇ ਤੇ ਵਰ੍ਹਨ

"ਤੂੰ ਸਮਝਦੀ ਐਂ ਭਲਾ ਸਾਨੂੰ ਕਾਸੇ ਦਾ ਪਤਾ ਨੀ ਲਗਦਾ ? ਅਸੀਂ ਝੁਡੂ ਈ ਤੁਰੇ ਫਿਰਦੇ ਆਂ ? ਅਜ ਲਾਭੇ ਹੁਰਾਂ ਦਾ ਦਰਸ਼ਨ ਦਸਦਾ ਸੀ ਬਈ ਉਹ ਨੰਗਾਂ ਦਾ ਗਿੰਦੀ ਕਿਸੇ ਚੰਗੇ ਘਰ ਦੀ ਕੁੜੀ ਫਸਾਈ ਫਿਰਦਾ ਰਿਹੈ। ਉਹ ਤੇਰੀ ਸਹੇਲੀ ਰਹੀ ਐ।" ਮੈਂ ਪੂਰੀ ਦ੍ਰਿੜਤਾ ਨਾਲ ਕਿਹਾ, "ਫੇਰ ਮੈਂ ਕੀ ਮੁਕਦਮਾ ਦਰਜ ਕਰਾਵਾਂ ? ਮੇਰਾ ਕੀ ਲੈਣਾ ਦੈਣਾ ਇਸ ਮਾਮਲੇ ਨਾਲ ?"

ਰਾਣੇ ਨੂੰ ਵੀ ਸ਼ਾਇਦ ਇਹ ਗਲ ਖਾਨੇ ਪੈਂਦੀ ਲਗੀ। ਫੇਰ ਗਿੰਦਰ ਨੂੰ ਗਾਲ੍ਹਾਂ ਦੇਣ ਲਗਿਆ

"ਜਾਤ ਦੀ ਕਿਰਲੀ ਸ਼ਤੀਰਾਂ ਨੂੰ ਜਫੇ, ਦੇਖ ਜਟ ਕਿਥੇ ਉਚੇ ਬੁਰਜੀ ਹਥ ਲਾਉਂਦਾ ਫਿਰਦੈ। ਅਜਿਹੀਆਂ ਚਲਾਕੀਆਂ ਤਾਂ ਬਥੇਰੀਆਂ ਆ ਜਾਂਦੀਆਂ ਨੇ ਪੜ੍ਹਾਈ ਕਰਕੇ।" ਮੈਂ ਮੌਕਾ ਦੇਖ ਕੇ ਪਾਸਾ ਵਟ ਜਾਂਦੀ ਹਾਂ। ਪਰ ਰਾਣੇ ਦੀ ਵਾਰ ਵਾਰ ਪੜ੍ਹਾਈ ਦੀ ਵਿਰੋਧਤਾ ਮੈਨੂੰ ਅਕਸਰ ਅਖਰਦੀ ਹੈ। ਮੈਂ ਫੇਰ ਤੋੜਾ ਝਾੜਦੀ ਹਾਂ। "ਚਲ ਆਪਾਂ ਜਵਾਕ ਜਮਾਂ ਅਨਪੜ੍ਹ ਰਖਾਂਗੇ। ਮੈਨੂੰ ਸੌਹ ਲਗੇ ਜੇ ਪੜ੍ਹਨ ਲਾਵੇਂ। ਨਾਲੇ ਮੈਂ ਕੀ ਖਟ ਲਿਆ ਪੜ੍ਹ ਕੇ ?" ਮੇਰਾ ਇਹ ਦਬਕਾ ਚੰਗਾ ਕੰਮ ਆਇਆ। ਉਹ ਬਾਹਰ ਨੂੰ ਨਿਕਲ ਗਿਆ। ਇਉਂ ਹੀ ਇਕ ਵਾਰੀ ਗਿੰਦਰ ਨੂੰ ਮਾਤਾ ਜੀ ਨੇ ਆਪ ਹਾਕ ਮਾਰੀ ਸੀ ਉਸਨੇ ਜਦੋਂ ਮੈਨੂੰ ਪਹਿਲਾਂ ਵਾਂਗ ਫਤਿਹ ਬੁਲਾਈ ਮੈਂ ਬਸ ਇਉਂ ਪੁਛ ਬੈਠੀ

"ਹੋਰ ਗਿੰਦਰ ਕੀ ਹਾਲ ਐ ?" ਜਿਸਦੇ ਜਵਾਬ ਵਿਚ ਸਭ ਦੀ ਹਾਜ਼ਰੀ ਵਿਚ ਗਿੰਦਰ ਨੇ ਸੰਕੋਚਵੇਂ ਸ਼ਬਦ ਆਖੇ

"ਠੀਕ ਈ ਐ ਜੀ ਜਿਹੜਾ ਦਿਨ ਲੰਘ ਜਾਂਦੈ।" ਮੇਰਾ ਜੀ ਕਰਦਾ ਉਹ ਵੀ ਕਦੇ ਚਲੀਤਾ ਜਿਹਾ ਹੋ ਕੇ ਮੈਨੂੰ ਭਾਬੀ ਆਖੇ। ਆਪਣੀ ਹੋਂਦ ਦਾ ਕੋਈ ਸਿਰਾ ਮੇਰੇ ਨਾਲ ਜੋੜੇ।

ਉਸਦੇ ਜਾਣ ਪਿਛੋਂ ਮੈਨੂੰ ਪੂਰੀਆਂ ਝਿੜਕਾਂ ਮਿਲੀਆਂ "ਭਲਾਂ ਤੈਂ ਕੀ ਲੈਣਾ ਸੀ ਉਹਦੇ ਹਾਲ ਤੋਂ ? ਐਵੀਂ ਨੀ ਬੰਦਿਆਂ ਨੂੰ ਸਿਰ ਚੜ੍ਹਾਈਦਾ ਹੁੰਦਾ। ਸਭ ਨੂੰ ਥਾਂ ਸਿਰ ਰਖੀਂਦੈ।" ਮੇਰੇ ਕਹੇ ਬੋਲ "ਗਲ ਤਾਂ ਤੇਰੀ ਸੋਲਾਂ ਆਨੈ ਸਚ ਐ।.... ਦੇ ਅਰਥ ਸ਼ਾਇਦ ਉਸ ਤਕ ਨਹੀਂ ਪੁਜਦੇ। ਮੈਂ ਇਹ ਸਭ ਆਪਣੇ ਅੰਦਰ ਸਮੇਟ ਲੈਂਦੀ ਹਾਂ। ਇਹੋ ਜਿਹੀਆਂ ਕਿੰਨੀਆਂ ਹੀ ਗਲਾਂ ਨਿਤ ਵਾਪਰਦੀਆਂ ਹਨ ਜੋ

ਮੇਰੇ ਅੰਦਰ ਕਬਾੜ ਕਠਾ ਕਰੀ ਜਾਂਦੀਆਂ ਹਨ। ਮੇਰੇ ਅੰਦਰ ਚੁਭਦੀਆਂ ਹਨ। ਇਸ ਘਰ ਨਾਲ, ਘਰ ਦੇ ਜੀਆਂ ਨਾਲ ਕੋਈ ਅੰਦਰਲਾ ਸਿਰਾ ਨਹੀਂ ਜੁੜਨ ਦਿੰਦੀਆਂ। ਇਸ ਪੂਰੇ ਪਿੰਡ ਵਿਚ ਬਸ ਗਿੰਦਰ ਤੋਂ ਬਿਨਾਂ ਮੇਰੀ ਕੋਈ ਵੀ ਸਾਂਝ ਨਹੀਂ ਜੁੜ ਸਕੀ। ਸਾਡਾ ਗੋਹਾ ਕੂੜਾ ਕਰਨ ਵਾਲੀ ਬਚਨੀ ਪਿੰਡ ਦਾ ਤੁਰਦਾ ਫਿਰਦਾ ਅਖਬਾਰ ਕਹੀ ਜਾ ਸਕਦੀ ਹੈ। ਪਿੰਡ ਵਿਚ ਹੋਈਆਂ ਬੀਤੀਆਂ ਨੂੰ ਰੋਲ ਰੋਲ ਕੇ ਸਾਡੇ ਵਿਹੜੇ ਲਿਆ ਧਰਦੀ ਹੈ। ਉਹ ਮਾਤਾ ਜੀ ਕੋਲ ਗਲ ਕਰਦੀ ਹੈ

"ਬੇਬੇ ਜੀ ਗਹਾਂ ਗਲ ਨਾ ਕਰਿਓ, ਉਹ ਚੌਂਤਰੇ ਵਾਲੀਆਂ ਅਜ ਲੜ ਪੀਆਂ। ਅਜੇਹੇ ਮਿਹਣੋ ਮਿਹਣੀ ਹੋਈਆਂ ਬਸ ਪੁਛ ਨਾ, ਅਗਾ ਪਿਛਾ ਸਭ ਫਰੋਲਤਾ। ਕੀਤੀ ਗਲ ਗਹਾਂ ਹੋ ਜਾਂਦੀਐ, ਧਨੌਲੇ ਦੇ ਪੇਕੇ ਤਾਂ ਆ ਕੇ ਬਹਿਗੇ ਜਾਣ ਦਾ ਹੁਣ ਨਾਉਂ ਨੀ ਲੈਂਦੇ। ਭਲਾ ਕੁੜੀ ਦੇ ਘਰ ਡੇਰੇ ਲਾਉਣ ਦਾ ਕੀ ਕੰਮ? ਮੁੰਡਾ ਤਾਂ ਘਰੋਂ ਭਜਿਆ ਫਿਰਦੈ। ਬਈ ਤੁਸੀਂ ਜਮਾਈ ਦਾ ਹਰਖ ਸਮਝੋ।" ਇਹੋ ਜਹੀਆਂ ਕਈ ਕਾਤਰਾਂ ਜਹੀਆਂ ਬਿਖੇਰਦੀ ਜਿਸ ਵਿਚ ਮਾਤਾ ਜੀ ਦਾ ਪੂਰਾ ਧਿਆਨ ਜੁਟਦਾ। ਮੈਂ ਚਾਹ ਪਾਣੀ ਬਚਨੀ ਲਈ ਲਿਆ ਕੇ ਦਿੰਦੀ ਤਾਂ ਜੋ ਪੂਰੀਆਂ ਸੁਰਖੀਆਂ ਦਸ ਕੇ ਜਾਵੇ। ਇਉਂ ਹੀ ਇਕ ਦਿਨ ਉਸ ਅਖਬਾਰ ਤੇ ਗਿੰਦਰ ਦੇ ਘਰ ਦਾ ਪੂਰਾ ਨਕਸ਼ਾ ਉਲੀਕਿਆ ਜਾ ਰਿਹਾ ਸੀ। ਬਈ ਕਰਜੇ ਆਲੇ ਨਾਲ ਪੁਲਸ ਲੈ ਆਏ। ਪਿਓ ਪੁਤ ਖੇਤਾਂ ਨੂੰ ਵਾਹੋ ਦਾਹੀ ਭਜ ਤੁਰੇ। ਮੇਰੀਆਂ ਅਖਾਂ ਅਗੇ ਪੁਲਸ ਮੂਹਰੇ ਭਜੇ ਜਾਂਦੇ ਗਿੰਦਰ ਦਾ ਡੈਂਬਰਿਆ ਹੋਇਆ ਚਿਹਰਾ ਆ ਗਿਆ। ਖੁਲ੍ਹ ਕੇ ਗਲ ਪਈਆਂ ਬਲੂਦਰੀਆਂ ਨਾਲ ਨੰਗੇ ਪੈਰੀਂ ਭਜਿਆ ਜਾਂਦਾ ਗਿੰਦਰ ਮੇਰੇ ਲਈ ਤਰਸ ਦਾ ਪਾਤਰ ਸੀ। ਬਚਨੀ ਹਾਲੇ ਵੀ ਦਸ ਰਹੀ ਸੀ।
"ਕਰਜੇ ਆਲੇ ਟਰੈਕਟਰ ਹਕ ਕੇ ਲੈਗੇ। ਮੁੰਡਾ ਤਾਂ ਬਥੇਰਾ ਖੇਤਾਂ ਦੀ ਮਿਟੀ ਨਾਲ ਮਿਟੀ ਹੋਇਆ ਸੀ ਪਰ ਗੜੇ ਪੈਗੇ, ਫਸਲ ਮਰਗੀ, ਹੁਣ ਕੀਹਦੀ ਮਾਂ ਨੂੰ ਮਾਸੀ ਆਖੇ? ਨੌਕਰੀ ਨੂੰ ਕਈ ਥਾਂਈ ਜਾ ਕੇ ਖਾਲੀ ਹਥ ਆ ਗਿਆ।" ਇਹ ਵਿਥਿਆ ਪੂਰੇ ਧਿਆਨ ਨਾਲ ਸੁਣਦੀ ਗਿੰਦਰ ਦੀ ਥਾਂ ਤੇ ਵਾਰ ਵਾਰ ਜਾ ਕੇ ਮੁੜਦੀ ਹਾਂ। ਉਸਦੀ ਨੀਵੀਂ ਕੀਤੀ ਗਰਦਨ ਤੇ ਟਿਕਦੇ ਭਾਰ ਨੂੰ ਮਹਿਸੂਸਦੀ ਹਾਂ। ਉਸ ਅੰਦਰੋਂ ਖੁੰਢਾ ਹੋ ਰਿਹਾ ਮਰਦ ਹੋਣ ਦਾ ਰੰਦਾ ਜਰਦੀ ਹਾਂ। ਪਰ ਕਰ ਕੁਝ ਨਹੀਂ ਸਕਦੀ। ਇਹ ਸਭ ਕਿਸੇ ਨਾਲ ਸਾਂਝਾ ਨਹੀਂ ਕਰ ਸਕਦੀ। ਮੇਰੇ ਅੰਦਰ ਸੋਚਾਂ ਦੇ, ਚਿੰਤਾ ਦੇ, ਉਦਾਸੀਆਂ ਅਤੇ ਬੇਬਸੀਆਂ ਦੇ ਅੰਬਾਰ ਲਗਣ ਲਗਦੇ ਹਨ ਤੇ ਫੇਰ ਸਭ ਤੋਂ ਮਨਹੂਸ ਖਬਰ ਵੀ ਰਾਣੇ ਨੇ ਆ ਕੇ ਹੀ ਦਸੀ

"ਆਹ ਦੇਖ ਲੈ ਪੜ੍ਹਿਆਂ ਦਾ ਜਿਗਰਾ। ਰਾਤ ਗਲਫਰਾਹਾ ਲੈ ਕੇ ਮਰ ਗਿਆ। ਖੇਤ ਆਲੀ ਟਾਲ੍ਹੀ ਦੇ ਉਪਰਲੇ ਟਾਹਣੇ ਤੋਂ ਡਿਗ ਕੇ ਤੁਰ ਗਿਆ ਗਿੰਦੀ।"

ਇਹ ਸਭ ਸੁਣਕੇ ਮੈਂ ਸਾਹਸਤ ਹੀਣ, ਸੁੰਨ ਹੋ ਜਾਂਦੀ ਹਾਂ। ਆਪਨੀ ਨਿਕਲਦੀ ਭੁਬ ਨੂੰ ਮਸਾਂ ਬੋਚਿਆ ਹੈ। ਮੇਰਾ ਕਾਲਜਾ ਹੇਠਾਂ ਨੂੰ ਧਸ ਗਿਆ ਜਿਵੇਂ ਮੇਰਾ ਜਗ ਸੁੰਨਾ ਹੋ ਗਿਆ ਹੋਵੇ। ਸਭ ਤੋਂ ਅਖ ਬਚਾ ਕੇ ਮੈਂ ਆਪਨੀ ਕਿਸੇ ਕਲਾਸਫੈਲੋ ਨੂੰ ਇਹ ਸਭ ਦਸਦੀ ਹਾਂ। ਅਗੋਂ ਉਸਨੇ ਦਸਿਆ ਪਿਛਲੇ ਹਫਤੇ ਜੀਤੀ ਆਈ ਸੀ ਤੇ ਗਿੰਦਰ ਵੀ ਆਪਨੀ ਡਿਗਰੀ ਲੈਣ ਆਇਆ ਸੀ। ਜੀਤੀ ਨੇ ਪੂਰੀ ਭੀੜ ਵਿਚ ਖੜ੍ਹੇ ਗਿੰਦਰ ਦੇ ਗਲ ਬਾਹਾਂ ਪਾ ਕੇ ਧਾਹਾਂ ਮਾਰ ਦਿਤੀਆਂ ਕਿ ਮੈਂ ਉਥੇ ਬਹੁਤ ਔਖੀ ਹਾਂ। ਗਿੰਦਰ ਨੇ ਉਸਦਾ ਸਿਰ ਪਲੋਸਦਿਆਂ ਕਿਹਾ ਸੀ, "ਮੇਰਾ ਦਰ ਤੇਰੇ ਲਈ ਹਮੇਸ਼ਾਂ ਖੁਲ੍ਹਾ ਰਹੂਗਾ ਜਦ ਮਰਜ਼ੀ ਆ ਜੀਂ।"
ਇਸ ਪਿਛੋਂ ਪਤਾ ਨਹੀਂ ਉਹ ਕਿਹੜੀਆਂ ਸੋਚਾਂ ਵਿਚ ਕੈਦ ਆਪਨੇ ਆਪ ਨਾਲ ਲੜਦਾ ਰਿਹਾ ਹੋਵੇਗਾ ਜਿਸ ਪਿਛੋਂ ਇਸ ਜਗ ਨੂੰ ਠੋਕਰ ਮਾਰ ਗਿਆ। ਮੈਂ ਆਪਨੀ ਉਦਾਸੀ ਮਾਤਾ ਜੀ ਕੋਲ ਕਰਦੀ ਹਾਂ ਕਿ ਮੈਨੂੰ ਬਹੁਤ ਡਰਾਉਣੇ ਸੁਪਨੇ ਆਉਂਦੇ ਨੇ, ਗਿੰਦਰ ਵਿਹੜੇ 'ਚ ਖੜ੍ਹਾ ਦਿਸਦੈ। ਮੇਰੀਆਂ ਅਖੀਆਂ ਹੀ ਨਹੀਂ ਪੂਰਾ ਰੋਮ ਰੋਮ ਭਿਜ ਜਾਂਦਾ ਹੈ ਜਦੋਂ ਮੈਂ ਆਪਨੀ ਇਹ ਵਰਜਿਤ ਇਛਾ ਮਾਂ ਮੋਲ ਕਰਦੀ ਹਾਂ ਤਾਂ ਮਾਤਾ ਪਸੀਜ ਜਾਂਦੀ ਹੈ

**ਬਾਕੀ ਪੰਨਾ ਨੰ: 136 'ਤੇ**



# ਸਵੇਰ ਦੀ ਸੈਰ/ਗੁਰਸੇਵਕ ਸਿੰਘ ਪ੍ਰੀਤ

ਪੱਕਾ ਨਾਮ ਤਾਂ ਉਸਦਾ ਮਨਮੋਹਨ ਸਿੰਘ ਭਾਟੀਆ ਹੈ ਪਰ ਸ਼ਹਿਰ 'ਚ ਸਾਰੇ ਉਸਨੂੰ ਮੋਹਨੀ ਭਾਪਾ ਕਰਕੇ ਹੀ ਜਾਣਦੇ ਹਨ। ਚੰਗਾ ਪੜ੍ਹਿਆ ਲਿਖਿਆ ਹੈ ਪ੍ਰੰਤੂ ਨੌਕਰੀ ਦੀ ਜਗ੍ਹਾ ਪਰਿਵਾਰਕ ਕਾਰੋਬਾਰ ਨੂੰ ਸੰਭਾਲ ਰਿਹਾ ਹੈ। ਕਾਰੋਬਾਰ ਵੀ ਕੋਈ ਥੋੜਾ ਨਹੀਂ ; ਆੜ੍ਹਤ, ਸ਼ੈਲਰ, ਸ਼ਰਾਬ ਦੇ ਠੇਕੇ, ਕਾਟਨ ਫੈਕਟਰੀ ਤੇ ਹੁਣ ਤਾਂ ਨਰਸਿੰਗ ਕਾਲਜ ਵੀ ਬਣਾ ਰਿਹਾ ਹੈ। ਸ਼ਹਿਰ 'ਚ ਮੋਹਨੀ ਭਾਪਾ, ਚੁਸਤ – ਚਲਾਕ, ਪਾਡਾ, ਗੱਪੀ, ਮੁੰਡਿਆਂ 'ਚ ਮੁੰਡਾ ਤੇ ਰੰਨਾਂ 'ਚ ਧੰਨਾ ਕਰਕੇ ਜਾਣਿਆ ਜਾਂਦਾ ਹੈ। ਦੋ ਪਈਆਂ ਵਿਸਰ ਗਈਆਂ ਸਦਕੇ ਮੇਰੀ ਭੂਈ ਦੇ ਕਹਿ ਕੇ ਹਰ ਵੇਲੇ ਆਪਨਾ ਉਲੂੰ ਸਿੱਧਾ ਰੱਖਣ ਵਾਲਾ। ਆਧੁਨਿਕਤਾ ਦਾ ਮੁਦਈ ਅਤੇ ਬੁੱਢਿਆਂ ਦੀ ਸੌੜੀ ਸੋਚ ਦਾ ਵਿਰੋਧੀ। ਲੋਕ ਕੀ ਕਹਿਣਗੇ, ਉਸ ਕਦੇ ਸੋਚਿਆ ਨਹੀਂ। ਇਸ ਲਈ ਸਭੇ ਉਸਦੇ ਯਾਰ ਜੁੱਟ ਨੇ, ਕੀ ਮੁੰਡੇ – ਖੁੰਡੇ ਤੇ ਕੀ ਬੁੱਢੇ। ਉਸਨੂੰ ਲੁੱਚਾ – ਲੰਡਾ, ਬੇਸ਼ਰਮ ਤੇ ਮਰਿਆਦਾਹੀਣ ਕਹਿਣ ਵਾਲੇ ਵੀ ਉਸ ਨੂੰ ਵੇਖ ਕੇ ਖਿੜ ਜਾਂਦੇ ਸਨ। ਉਸਦੇ ਜਾਣਕਾਰ ਉਸਦੀ ਗੈਰ – ਹਾਜ਼ਰੀ 'ਚ ਉਸਦੀਆਂ ਚੁਗਲੀਆਂ ਤੇ ਉਸਦੀ ਹਾਜ਼ਰੀ 'ਚ ਉਸਦੀਆਂ ਹੀ ਗੱਲਾਂ ਕਰਦੇ ਹਨ।

ਇਸ ਤਰਾਂ ਦੇ ਭਰਪੂਰ 'ਗੁਣਕਾਰੀ' ਮੋਹਨੀ ਭਾਪੇ 'ਚ ਇਕ ਹੋਰ ਹੋਰ ਵਿਸ਼ੇਸ਼ ਗੁਣ ਸੀ, ਸਵੇਰ ਦੀ ਸੈਰ ਦਾ। ਸੁਭਾ ਚਾਰ ਵਜੇ ਉੱਠਣਾ ਤੇ ਹਰ ਹਾਲ ਸੈਰ 'ਤੇ ਜਾਣਾ ਉਸਦਾ ਨਿੱਤਕਰਮ ਸੀ। ਪੋਹ –ਮਾਘ ਦੀ ਸੰਘਣੀ ਧੁੰਦ ਤੇ ਸਾਉਣ –ਭਾਦੋਂ ਦੀਆਂ ਝੜੀਆਂ 'ਚ ਵੀ ਉਸਦਾ ਇਹ ਨੇਮ ਨਹੀਂ ਸੀ ਟੁੱਟਦਾ। ਉਹ ਹਰ ਹੀਲੇ ਘਰੋਂ ਨਿਕਲਦਾ। ਜਿੰਮ ਤੇ ਯੋਗਾ ਕਲਾਸਾਂ ਦਾ ਰਿਵਾਜ ਹੋਣ ਦੇ ਬਾਵਜੂਦ ਸੈਰ ਦੇ ਸ਼ੌਕੀਨ ਸੂਏ ਦੇ ਕੰਢੇ, ਫਿਰਨੀਆਂ ਤੇ ਰੇਲਵੇ ਲਾਈਨਾਂ ਦੇ ਨਾਲ –ਨਾਲ ਸੈਰ ਕਰਨ ਨੂੰ ਹੀ ਪਹਿਲ ਦਿੰਦੇ। ਠੰਡੀ– ਮਿੱਠੀ ਹਵਾ ਤੇ ਸ਼ਾਂਤ ਵਾਤਾਵਰਣ 'ਚ ਕੋਈ ਹੌਲੀ ਹੌਲੀ ਤੁਰਦਾ, ਕੋਈ ਤੇਜ਼ ਤੇ ਕੋਈ ਭੱਜ ਵੀ ਲੈਂਦਾ। ਜ਼ੋਰ ਲਾ ਕੇ ਤੁਰਦੇ ਬੰਦੇ ਬੜੇ ਅਜੀਬੋ – ਗਰੀਬ ਲੱਗਦੇ ਹਨ। ਹਸਾਉਣੇ, ਸਰਕਸ ਦੇ ਜੋਕਰਾਂ ਵਾਂਗ। ਸਟੇਜ 'ਤੇ 'ਮਾਈਮ' ਕਰਦੇ ਕਲਾਕਾਰਾਂ ਵਾਂਗ ਟੇਢੇ – ਮੇਢੇ ਤੁਰਦੇ, ਬਾਹਾਂ ਉਤੇ–ਥੱਲੇ ਕਰਕੇ ਹੱਫ – ਹੱਫ ਕਰਕੇ ਸਾਹ ਲੈਂਦੇ। ਕਿਸੇ ਦੀਆਂ ਲੱਤਾਂ ਗੋਡਿਆਂ ਕੋਲੋਂ ਬਾਹਰ ਨੂੰ ਨਿਕਲੀਆਂ ਹੁੰਦੀਆਂ ਤੇ ਕਿਸੇ ਦਾ ਢਿੱਡ ਛਾਤੀ ਤੇ ਲੱਤਾਂ ਵਿਚਕਾਰ ਫਸਾਏ ਮਤੀਰੇ ਵਰਗਾ ਲੱਗਦਾ। ਬਹੁਤਿਆਂ ਦੇ ਧੜ ਤਾਰ 'ਤੇ ਸੁੱਕਣੇ ਪਾਏ ਕਪੜਿਆਂ ਵਾਂਗ ਝੂਲਦਾ। ਗਰਮੀਆਂ 'ਚ ਉਹਨਾਂ ਦੇ ਖੁੱਲ੍ਹੇ – ਡੁੱਲ੍ਹੇ ਕੱਪੜੇ ਹੁੰਦੇ। ਬਹੁਤੇ ਵੱਡੀਆਂ ਬਜ਼ਾਰੀ ਨਿੱਕਰਾਂ ਪਾਉਂਦੇ, ਅਰਾਮ ਦਾਇਕ, ਸੋਹਣੀਆਂ ਤੇ ਸਹੂਲਤ ਵਾਲੀਆਂ। ਕੋਈ ਕੋਈ ਟਰੈਕ ਸੂਟ ਵੀ ਪਾਉਂਦਾ। ਖੈਰ, ਇਸ ਸਭ ਕਾਸੇ ਲਈ ਕਿਸੇ ਨੂੰ ਕੋਈ ਮਜ਼ਬੂਰੀ ਨਹੀਂ ਸਗੋਂ ਉਹ ਖੁਸ਼ੀ–ਖੁਸ਼ੀ, ਖੁਸ਼ੀ ਵਾਸਤੇ ਕਰਦੇ ਹਨ, ਇਸ ਲਈ ਚੰਗੇ ਲੱਗਦੇ ਹਨ। ਇਕ ਹੱਟਵਾਣੀਆਂ ਤਾਂ ਹਮੇਸ਼ਾਂ ਤੇੜ ਛੋਟਾ ਤੇ ਮੈਲਾ ਜਿਹਾ ਪਰਨਾ ਤੇ ਘਸਮੈਲੀ ਜਿਹੀ ਬਣੈਨ ਪਾ ਕੇ ਰੱਖਦਾ, ਜਿਵੇਂ ਹੁਣੇ ਹੀ ਹੱਡਾ ਰੋੜੀ'ਚੋਂ ਝੋਟਾ ਛਿੱਲ ਕੇ ਨਿਕਲਿਆ ਹੋਵੇ। ਵਾਰ ਵਾਰ ਟੋਕਣ 'ਤੇ ਵੀ ਉਸਨੇ ਆਪਨੀ 'ਵਰਦੀ' ਨਹੀਂ ਸੀ ਬਦਲੀ। ਕਹਿੰਦਾ, 'ਇਨ੍ਹਾਂ ਕੱਪੜਿਆਂ 'ਚ ਸਾਹ ਆਉਂਦੇ ਨਹੀਂ ਤਾਂ ਸਾਰਾ ਦਿਨ ਫੇਰ ਪੈਂਟ – ਸ਼ਰਟ 'ਚ ਹੀ ਫਸਣਾ ਪੈਂਦਾ..।'

ਉਹਨਾਂ ਦਾ ਦੋ ਢਾਈ ਘੰਟਿਆਂ ਦਾ ਸੈਰ ਸਪਾਟਾ ਬਿਨਾਂ ਕਿਸੇ ਕਾਹਲ ਦੇ ਹੁੰਦਾ। ਵਿਖਾਵਾ ਵੀ ਕੋਈ ਨਹੀਂ। ਖੁੱਲ ਕੇ ਬੋਲਦੇ, ਹੱਸਦੇ ਤੇ ਟੱਪਦੇ। ਨਹੀਂ ਤਾਂ ਅੱਜ ਕੱਲ੍ਹ ਤਾਂ ਸਿਵਿਆਂ 'ਚ ਅਰਥੀ ਫੂਕਦੇ ਲੋਕ ਵੀ ਘੜੀਆਂ ਵੇਖੀ ਜਾਂਦੇ ਹਨ। ਮਜ਼ਬੂਰੀ ਹੈ ਜਾਂ ਸੁਭਾਅ ? ਭੱਜ ਨੱਸ ਵਾਲੀ ਜੀਵਨ ਤੋਰ 'ਚ ਅਜਿਹੇ ਦ੍ਰਿਸ਼ ਸਵੇਰ ਦੀ ਸੈਰ ਵੇਲੇ ਹੀ ਵਿਖਾਈ ਦਿੰਦੇ ਹਨ।

ਸਰਦੀਆਂ, ਸੈਰ ਕਰਨ ਵਾਲਿਆਂ ਲਈ ਇਮਤਿਹਾਨ ਦੀ ਘੜੀ ਹੁੰਦੀਆਂ ਹਨ। ਬਹੁਤੇ

ਝੜ ਜਾਂਦੇ ਹਨ। ਜਿੰਨੇ ਕੁ ਬਾਕੀ ਬਚਦੇ ਨੇ ਉਨ੍ਹਾਂ 'ਚੋਂ ਕਿਸੇ ਨੇ ਸਿਰ - ਮੂੰਹ 'ਤੇ ਘੁੱਟ ਕੇ ਸਾਫਾ ਬੰਨ੍ਹਿਆ ਹੁੰਦਾ ਤੇ ਕਿਸੇ ਨੇ ਮੌਂਕੀ ਕੈਪ ਲਈ ਹੁੰਦੀ। ਕੋਈ ਲੰਬੇ, ਮੋਟੇ ਤੇ ਭਾਰੇ ਕੋਟ 'ਚ ਫਸਿਆ ਹੁੰਦਾ। ਕਿਸੇ ਨੇ ਲੋਈ ਦੀ ਬੁੱਕਲ ਮਾਰੀ ਹੁੰਦੀ।

ਗਹਿਰੀ ਧੁੰਦ 'ਚ ਉਹ ਇਕ ਦੂਜੇ ਨੂੰ ਚਾਲ ਦੇ ਅੰਦਾਜ਼ ਜਾਂ ਕੱਪੜਿਆਂ ਦੀ ਬਣਤਰ ਤੋਂ ਹੀ ਪਹਿਚਾਣਦੇ ਹਨ, ਮੂੰਹ ਤਾਂ ਵਿਖਾਈ ਹੀ ਨਹੀਂ ਦਿੰਦਾ। ਇਸ ਲਈ ਕਈ ਵਾਰ ਓਪਰੇ ਬੰਦੇ ਨਾਲ ਹੀ ਜੱਫੀ ਪੈ ਜਾਂਦੀ ਆ।

ਸ਼ਹਿਰ 'ਚ ਸੈਰ ਵਾਲਿਆਂ ਦੀਆਂ ਕਈ ਟੋਲੀਆਂ ਹਨ। ਇਨ੍ਹਾਂ 'ਚੋਂ ਮੋਹਨੀ ਭਾਪੇ ਦੀ ਟੋਲੀ ਸਭ ਤੋਂ ਵੱਡੀ ਹੈ। ਮੋਹਨੀ ਭਾਪਾ ਹੱਥ 'ਚ ਹਮੇਸ਼ਾਂ ਢਾਈ ਕੁ ਫੁੱਟ ਦਾ ਮੋਟਾ ਡੰਡਾ ਰੱਖਦਾ। ਕੁੱਤੇ - ਬਿੱਲੀ ਤੋਂ ਬਚਾਅ ਵੀ ਹੁੰਦਾ ਤੇ ਦਾਤਣਾਂ ਤੋੜਣ ਦੇ ਕੰਮ ਵੀ ਆਉਂਦਾ। ਉਹ ਸਾਰਿਆਂ ਦੇ ਮੂਹਰੇ ਤੇਜ਼ - ਤੇਜ਼ ਤੁਰਦਾ। ਸੱਜੇ ਹੱਥ 'ਚ ਫੜੇ ਡੰਡੇ ਨੂੰ ਜ਼ੋਰ ਨਾਲ ਅੱਗੇ ਪਿੱਛੇ ਕਰਦਾ, ਹਾਫ ਪੈਂਟ ਵਰਗੀ ਨਿੱਕਰ 'ਚ ਉਹ ਪੁਰਾਣੀਆਂ ਹਿੰਦੀ ਫਿਲਮਾਂ ਦਾ ਅੰਗਰੇਜ਼ ਥਾਨੇਦਾਰ ਲੱਗਦਾ। ਨੰਗੇ ਲਤੀਫੇ ਸੁਣਾਉਂਦਾ ਤੇ ਤੁੱਕਬੰਦੀ ਕਰਦਾ ਮੋਹਨੀ ਭਾਪਾ ਆਪਣੇ ਆਪ ਹੀ ਟੋਲੀ ਦਾ ਆਗੂ ਬਣ ਗਿਆ ਸੀ। ਇਸ ਟੋਲੀ ਨੂੰ ਦੂਸਰੇ ਸੈਰ-ਰਸੀਏ ਭਾਪਾ ਪਾਰਟੀ ਕਹਿੰਦੇ। ਭਾਪਾ ਪਾਰਟੀ ਦੇ ਸਥਾਈ ਮੈਂਬਰਾਂ 'ਚ ਬਹੁ ਗਿਣਤੀ ਬੁੜ੍ਹਿਆਂ ਦੀ ਸੀ, ਪਰ ਮੁੰਡੇ -ਖੁੰਡੇ ਵੀ ਅਕਸਰ ਜੁੜਦੇ -ਟੁੱਟਦੇ ਰਹਿੰਦੇ। ਸੈਰ ਦੇ ਨਾਲ -ਨਾਲ ਉਹ ਦੁਨੀਆਂ ਭਰ ਦੇ ਮੁੱਦਿਆਂ 'ਤੇ ਖੁੱਲ੍ਹੀ ਚਰਚਾ ਕਰਦੇ। ਕਹਿੰਦੇ ਕਹਾਉਂਦਿਆਂ ਦੇ ਪੋਤੜੇ ਫੋਲਦੇ। ਕਿਸੇ ਵੱਡੇ ਛੋਟੇ ਦੀ ਲਿਹਾਜ ਨਹੀਂ ਸੀ ਕਰਦੇ।

ਸੈਰ ਦੇ ਬਹਾਨੇ ਕਈ ਆਪੋ 'ਚ ਗੂਹੜੇ ਯਾਰਾਂ ਬੇਲੀਆਂ ਵਾਂਗ ਵਰਤਣ ਲੱਗੇ ਤੇ ਉਨ੍ਹਾਂ ਦਾ ਇਕ ਦੂਸਰੇ ਦੇ ਘਰੀਂ ਆਉਣ ਜਾਣ ਵੀ ਬਣ ਗਿਆ। ਇਨ੍ਹਾਂ 'ਚ ਪ੍ਰੋਫੈਸਰ ਬੇਅੰਤ ਸਿੰਘ ਤੇ ਮੋਹਨੀ ਭਾਪੇ ਦੀ ਦੋਸਤੀ ਬਹੁਤ ਪੀਢੀ ਤੇ ਵਿਲੱਖਣ ਸੀ। ਦੋਵਾਂ ਦੇ ਸੁਭਾਅ ਤੇ ਕਿੱਤੇ ਵੱਖੋ - ਵੱਖ ਸਨ ਪਰ ਸੈਰ ਨੇ ਸਾਂਝ ਪਵਾ ਦਿੱਤੀ। ਬੇਅੰਤ ਸਿੰਘ ਫਿਲਾਸਫੀ ਦਾ ਪ੍ਰੋਫੈਸਰ ਤੇ ਘੱਟ ਬੋਲਣ ਵਾਲਾ ਬੰਦਾ ਸੀ ਪਰ ਮੋਹਨੀ ਭਾਪਾ ਮੂੰਹਫੱਟ ਵਪਾਰੀ ਸੀ।

ਇਕ ਦਿਨ ਕੁੱਤਿਆਂ ਨੂੰ ਸੈਰ ਕਰਾਉਂਦੇ ਫਿਰਦੇ ਮੁੰਡਿਆਂ ਨੂੰ ਵੇਖ ਕੇ ਮੋਹਨੀਭਾਪਾ ਉੱਚੀ ਦੇਣੇ ਕਹਿੰਦਾ,'ਪ੍ਰੋਫੈਸਰ ਸਾਹਿਬ ਵੇਖਲੋ, ਅੱਜਕੱਲ ਦੇ ਮੁੰਡੇ, ਮਾਪੇ ਭਵਾਂ ਪਾਣੀ ਦਾ ਗਲਾਸ ਮੰਗਦੇ ਤਿਹਾਏ ਮਰ ਜਾਣ, ਜਿਨ੍ਹਾਂ ਜੰਮਿਆਂ-ਪਾਲਿਆ, ਉਨ੍ਹਾਂ ਨੂੰ ਪਾਣੀ ਨੀਂ ਦੇਣਗੇ... ਪਰ ਕੁੱਤਿਆਂ ਨੂੰ ਵੇਖਲਾ ਕਿਵੇਂ ਸੈਰਾਂ ਕਰਾਉਂਦੇ ਫਿਰਦੇ ਆ ਜਿਨ੍ਹਾਂ ਸਿਵਾਏ ਭੌਂਕਣ ਤੇ ਹੱਗਣ ਦੇ ਕੋਈ ਕੰਮ ਨੀਂ ਕਰਨਾ।' ਮੁੰਡਿਆਂ ਨੇ ਵੀ ਗੱਲ ਸੁਣ ਲਈ ਪਰ ਜਵਾਬ ਦੇਣ ਦੀ ਬਜਾਏ ਦੰਦੀਆਂ ਕੱਢਦੇ ਪਰ੍ਹਾਂ ਨੂੰ ਚਲੇ ਗਏ।

ਉਹ ਅਕਸਰ ਆਪਣੇ ਹਾਣਦਿਆਂ ਨੂੰ ਮਾਡਰਨ ਬਣਨ ਦੀ ਲੋੜ 'ਤੇ ਜ਼ੋਰ ਦਿੰਦਾ। ਬੁੜ੍ਹਿਆਂ ਨੂੰ ਅਪ ਟੂ ਡੇਟ ਰਹਿਣ ਦੇ ਫਾਇਦੇ ਦੱਸਦਾ। ਉਮਰ ਦੇ ਆਖਰੀ ਸਫਰ 'ਤੇ ਤੁਰੇ ਉਨ੍ਹਾਂ ਦੇ ਉਦਾਸੇ ਸਰੀਰਾਂ 'ਚ ਹਾਸੇ ਠੱਠੇ ਵਾਲੀ ਤਾਜ਼ਗੀ ਭਰਨ ਵਾਲਾ ਮੋਹਨੀ ਭਾਪਾ ਹੀ ਸੀ। ਜਿਸ ਦਿਨ ਉਹ ਨਾ ਆਉਂਦਾ ਤਾਂ ਬਾਕੀਆਂ ਨੂੰ ਸੈਰ ਵੀ ਡਾਕਟਰੀ ਟੈਸਟ ਵਰਗੀ ਲੱਗਦੀ, ਬੇਰੱਸ ਜਿਹੀ। ਮੋਹਨੀ ਭਾਪੇ ਦੇ ਇਨ੍ਹਾਂ ਆਧੁਨਿਕਤਾਵਾਦੀ ਗੁਣਾਂ ਕਰਕੇ ਪ੍ਰੋਫੈਸਰ ਬੇਅੰਤ ਸਿੰਘ ਉਸਨੂੰ ਮਨਮੋਹਨ ਸਿੰਘ ਜਾਂ ਮੋਹਨੀ ਭਾਪੇ ਦੀ ਥਾਂ ਹਾਈ ਫਾਈ ਸਿੰਘ ਕਹਿ ਕੇ ਸੱਦਦਾ ਤੇ ਅੱਗੋਂ ਮੋਹਨੀ ਭਾਪਾ ਝੁਕ ਕੇ ਇਸ ਰੁਤਬੇ ਨੂੰ ਕਬੂਲ ਕਰਕੇ ਇਸ ਤਰਾਂ ਸਲਾਮ ਕਰਦਾ ਜਿਵੇਂ ਫਿਲਮਾਂ 'ਚ ਮੁਸਲਮਾਨ ਰਾਜੇ ਕੋਲੋਂ ਬਖਸ਼ੀਸ਼ ਮਿਲਣ 'ਤੇ ਉਸਦੇ ਮੁਨਸ਼ੀ ਮੁਸੱਦੀ ਕਰਦੇ ਹਨ।

ਹੁਣ ਐਨੀਆਂ 'ਖੂਬੀਆਂ' ਵਾਲਾ ਮੋਹਨੀ ਭਾਪਾ ਜਦੋਂ ਖੁਦ ਗਮ 'ਚ ਗਲ-ਗਲ ਖੁੱਭ



ਗਿਆ, ਤਾਂ ਇਹ ਭਾਪਾ ਪਾਰਟੀ ਲਈ ਡਾਢੀ ਚਿੰਤਾ ਤੇ ਚਿੰਤਨ ਵਾਲਾ ਮੁੱਦਾ ਬਣ ਗਿਆ। ਵਰ੍ਹਿਆਂ ਦੀ ਇਕਸਾਰ ਪੈੜ - ਚਾਲ ਦੇ ਉਲਟ ਮੋਹਨੀ ਭਾਪੇ ਦਾ ਇਉਂ ਚੁੱਪ ਧਾਰ ਲੈਣਾ ਉਨ੍ਹਾਂ ਨੂੰ ਬਹੁਤ ਚੁੱਭ ਰਿਹਾ ਸੀ। ਉਹ ਉਦਾਸ ਕਿਉਂ ਹੈ...? ਉਸਦੀਆਂ ਮੁੰਡਿਆਂ - ਖੁੰਡਿਆਂ ਵਾਲੀ ਗਪੌੜਾਂ ਕਿੱਧਰ ਗਈਆਂ...? ਉਸਨੂੰ ਬਹੁਤ ਪਿਆਰਾ ਲੱਗਣ ਵਾਲਾ ਆਪਣਾ ਹੀ ਘੜ੍ਹਿਆ ਹੋਇਆ ਮਾਡਰਨਾਈਜੇਸ਼ਨ ਉਭਾਰੂ ਨਾਅਰਾ 'ਖਾਓ ਪੀਓ ਕਰੋ ਆਨੰਦ...' ਅਚਾਨਕ ਹੀ ਕਿਉਂ ਬੰਦ ਹੋ ਗਿਆ...? ਭਾਪਾ ਪਾਰਟੀ ਕਈ ਦਿਨਾਂ ਤੋਂ ਇਨ੍ਹਾਂ ਸਵਾਲਾਂ ਦਾ ਜਵਾਬ ਲੱਭ ਰਹੀ ਸੀ। ਸਵਾਲਾਂ - ਜਵਾਬਾਂ ਦੇ ਕੀਤੇ ਮੰਥਨ 'ਚੋਂ ਕਈ ਜੱਗ ਬੀਤੀਆਂ ਤੇ ਹੱਡ ਬੀਤੀਆਂ ਨਿਕਲ ਕੇ ਬਾਹਰ ਆਈਆਂ।

ਇਕ ਦਿਨ ਪ੍ਰੋਫੈਸਰ ਬੇਅੰਤ ਸਿੰਘ ਨੇ ਗੱਲ ਤੋਰਦਿਆਂ ਕਿਹਾ, 'ਹਾਈ ਫਾਈ ਸਿੰਘ ਨੂੰ ਜ਼ਿੰਦਗੀ ਜਿਓਣ ਦੇ ਬਥੇਰੇ ਢੰਗ ਨੇ, ਇਸੇ ਕਰਕੇ ਉਹਦਾ ਬੁਢਾਪਾ ਵਧੀਆ ਲੰਘ ਰਿਹਾ... ਫੇਰ ਉਹਨੂੰ ਕਿਹੜੀ ਗੱਲ ਦਾ ਝੋਰਾ ਪੈ ਗਿਆ... ਕਿਤੇ ਰੁਪਏ ਪੈਸੇ ਦਾ ਝਮੇਲਾ ਨਾ ਹੋਵੇ...।'

ਖੋਜਬੀਨ ਕਰਦਿਆਂ ਭਾਪਾ ਪਾਰਟੀ ਨੇ ਪਾਇਆ ਕਿ ਸਦੀਆਂ ਪਹਿਲਾਂ, ਜਦੋਂ ਗਲੀ ਵਾਲੇ ਪੈਸੇ (ਹੁਣ ਆਧੁਨਿਕ ਯੁੱਗ ਦੇ ਜੰਮਿਆਂ ਨੂੰ ਤਾਂ ਗਲੀ ਦਾ ਨਹੀਂ ਪਤਾ ਹੋਣਾ ; ਗਲੀ ਭਾਵ ਮੋਰੀ... ਮੋਰੀ ਵਾਲਾ ਪੈਸਾ) ਹੁੰਦੇ ਸਨ, ਤਾਂ ਉਦੋਂ ਦੇ ਭੋਲੇ ਭਾਲੇ ਲੋਕਾਂ 'ਚ ਵੀ ਮਾਇਆ ਦਾ ਮੋਹ ਰਿਸ਼ਤਿਆਂ ਤੋਂ ਉਤੋਂ ਹੁੰਦਾ ਸੀ। ਓਸ ਜ਼ਮਾਨੇ 'ਚ ਇਕ ਬਾਬੇ ਨੇ ਆਪਣਾ ਬੁਢਾਪਾ ਸੰਵਾਰਨ ਲਈ ਕਿਸੇ ਸਿਆਣੇ ਦੀ ਸਲਾਹ ਲਈ। ਸਿਆਣੇ ਨੇ ਦੱਸਿਆ, 'ਤੂੰ ਇਕ ਕੁੱਜਾ ਲੈ ਲਾ ਤੇ ਉਸ ਵਿੱਚ ਪਾ ਦੇਹ ਠੀਕਰੀਆਂ ਤੇ ਕੁੱਜਾ ਨੱਪ ਦੇ ਆਪਣੇ ਮੰਜੇ ਹੇਠ ਮਿੱਟੀ 'ਚ। ਸਵੇਰ ਸ਼ਾਮ ਕੁੱਜਾ ਕੱਢਿਆ ਕਰ, ਖੜਕਾ ਕੇ ਫੇਰ ਮਿੱਟੀ 'ਚ ਦੱਬ ਦਿਆ ਕਰ, ਨਾਲੇ ਕਹਿ ਦਿਆ ਕਰ ਬਈ ਜਿਹੜਾ ਮੇਰੀ ਸੇਵਾ ਕਰੂ ਇਹ ਪੈਸਿਆਂ ਦਾ ਭਰਿਆ ਕੁੱਜਾ ਉਹਨੂੰ ਮਿਲੂ।' ਲਓ ਜੀ ਠੀਕਰੀਆਂ ਦੇ ਖੜਕੇ ਨੇ ਬਾਬੇ ਦਾ ਬੁਢਾਪਾ ਸੰਵਾਰ ਦਿੱਤਾ।

ਯੁੱਗ ਬਦਲਿਆ, ਮੋਰੀ ਵਾਲੇ ਪੈਸਿਆਂ ਦੇ ਖੜਾਕ ਨੇ ਬੰਦੇ ਦੇ ਮਨ 'ਚ ਲਾਲਚ ਪੈਦਾ ਕਰਨਾ ਬੰਦ ਕਰ ਦਿੱਤਾ। ਪੈਸਿਆਂ ਦੀ ਵੁੱਕਤ ਘੱਟ ਗਈ ਸੀ। ਜਿਹੜੀ ਦੁਆਨੀ - ਚੁਆਨੀ ਸੇਠਾਂ ਦੇ ਗੱਲਿਆਂ 'ਚ ਲੱਛਮੀ ਮਾਤਾ ਦੀ ਗੋਦ ਦਾ ਸ਼ਿੰਗਾਰ ਹੁੰਦੀ ਸੀ, ਹੁਣ ਮੰਗਤੇ ਵੀ ਲੈਣੋਂ ਹੱਟ ਗਏ। ਇਕ ਗਰੀਬ ਬਿਰਧ ਨੂੰ ਬੁਢਾਪੇ ਦਾ ਫਿਕਰ ਸਤਾਉਣ ਲੱਗਿਆ। ਉਸ ਨੇ ਅਮੀਰ ਮਿੱਤਰ ਤੋਂ ਸਲਾਹ ਲਈ। ਮਿੱਤਰ ਨੇ ਜੁਗਤ ਦੱਸਦਿਆਂ ਦਸ - ਦਸ ਰੁਪਏ ਵਾਲੇ ਕੁਝ ਨੋਟ ਵੀ ਉਸਨੂੰ ਦੇ ਦਿੱਤੇ। ਘਰ ਜਾ ਕੇ ਬਾਬੇ ਨੇ ਮੰਜਾ ਆਪਣੀ ਪੇਟੀ ਕੋਲੇ ਡਾਹ ਲਿਆ। ਸਵੇਰ - ਸ਼ਾਮ ਪੇਟੀ 'ਚੋਂ ਨੋਟਾਂ ਦਾ ਰੁੱਗ ਭਰਦਾ, ਮੰਜੇ 'ਤੇ ਖਿਲਾਰ ਲੈਂਦਾ, ਗਿਣਦਾ, ਪੇਟੀ 'ਚ ਰੱਖ ਦਿੰਦਾ। ਫੇਰ ਨੋਟ ਕੱਢਦਾ, ਖਿਲਾਰਦਾ, ਗਿਣਦਾ,ਪੇਟੀ 'ਚ ਰੱਖ ਦਿੰਦਾ...। ਇਸ ਤਰਾਂ ਉਸਦੀ ਰੱਜਵੀਂ ਸੇਵਾ ਹੋਣ ਲੱਗੀ ਤੇ ਉਹ ਬਾਬਾ ਵੀ ਆਪਣਾ ਬੁਢਾਪਾ ਸੰਵਾਰ ਕੇ ਅਗਲੇ ਜਹਾਨ ਤੁਰ ਗਿਆ।

ਫੇਰ ਆਧੁਨਿਕ... ਉੱਤਰ ਆਧੁਨਿਕ... ਅਲਟਰਾ ਆਧੁਨਿਕ ਦੌਰ ਆਇਆ। ਬੁੱਧੀਜੀਵੀਆਂ ਅਨੁਸਾਰ ਇਸ ਯੁੱਗ 'ਚ ਨਾ ਪੈਸਿਆਂ ਵਾਲੇ ਦੀ ਕਦਰ ਹੈ ਤੇ ਨਾ ਨੰਗ ਦੀ। ਨੰਗ ਬਾਬਿਆਂ ਨੇ ਤਾਂ ਗੁਰਦੁਆਵੇ-ਮੰਦਰਾਂ ਤੇ ਬਿਰਧ ਆਸ਼ਰਮਾਂ ਨੂੰ ਆਪਣੀ ਢੋਈ ਬਣਾ ਲਿਆ। ਪਰ ਉਹ ਜੈਂਟਲਮੈਨ ਬਾਬੇ ਕੀ ਕਰਨ, ਜਿੰਨ੍ਹਾਂ ਮਹਿੰਗੀਆਂ ਪੈਂਟਾਂ-ਸ਼ਰਟਾਂ ਪਾਈਆਂ ਨੇ, ਟਾਈਆਂ ਲਾਈਆਂ ਨੇ। ਮਾਵੇ ਵਾਲੀਆਂ ਪੱਗਾਂ ਬਨ੍ਹਦੇ ਨੇ। ਮਹਿੰਗੀ ਦਾਰੂ ਪੀਂਦੇ ਨੇ। ਮਹਿੰਗੇ ਕਲੱਬਾਂ 'ਚ ਜਾਂਦੇ ਨੇ। ਬੁਢੇ ਵਾਰੇ ਵੀ ਜਵਾਨ ਸੈਕਟਰੀਆਂ ਦਾ ਘਾਟਾ ਨਹੀਂ। ਸਭਾ ਸੁਸਾਇਟੀਆਂ ਦੀਆਂ ਪ੍ਰਧਾਨਗੀਆਂ ਕਰਦੇ ਨੇ। ਆਲੀਸ਼ਾਨ ਕੋਠੀਆਂ ਤੇ ਲਗਜ਼ਰੀ ਕਾਰਾਂ ਦੇ ਮਾਲਕ ਨੇ। ਰਿਸ਼ਵਤਾਂ ਤੇ ਠੱਗੀਆਂ - ਠੋਰੀਆਂ ਦਾ ਮਾਲ ਬੈਂਕਾਂ 'ਚ ਤੂੜਿਆ ਪਿਆ ਹੈ। ਖਾਣ - ਪੀਣ ਨੂੰ ਵਾਧੂ। ਪਰ ਫਿਰ ਵੀ ਜ਼ਿੰਦਗੀ 'ਚ ਸੁਆਦ

ਨਹੀਂ। ਰਿਸ਼ਤਿਆਂ 'ਚ ਨਿੱਘ ਨਹੀਂ। ਬਾਹਰ ਬਥੇਰੀ ਜੀ-ਜੀ ਹੁੰਦੀ ਹੈ ਪਰ ਧੀਆਂ - ਪੁੱਤਾਂ ਵੱਲੋਂ ਕਦਰ ਨਹੀਂ। ਅਜਿਹੇ ਬੁੜੇ ਵੀ ਮੋਹਨੀ ਭਾਪੇ ਦੇ ਫਾਰਮੂਲੇ 'ਖਾਓ ਪੀਓ ਕਰੋ ਆਨੰਦ...' ਦੀ ਪੂਛ ਫੜ੍ਹ ਕੇ ਆਪਣਾ ਬੇੜਾ ਪਾਰ ਕਰ ਰਹੇ ਹਨ, ਪਰ ਜੇ ਮੋਹਨੀ ਭਾਪਾ ਹੁਣ ਆਪ ਹੀ ਮੰਝਧਰ 'ਚ ਫਸ ਗਿਆ ਤਾਂ ਉਨ੍ਹਾਂ ਦਾ ਕੀ ਬਣੂ ?

ਜਦੋਂ ਦਾ ਮੋਹਨੀ ਭਾਪਾ ਸੈਰ ਪਾਰਟੀ 'ਚੋਂ ਗਾਇਬ ਹੋਇਆ ਉਦੋਂ ਦਾ ਹੀ ਉਹ ਸੈਰ ਪਾਰਟੀ ਦੀ ਰਾਮ ਕਹਾਣੀ ਦਾ ਹੀਰੋ ਬਣਿਆ ਹੋਇਆ ਸੀ। ਉਨ੍ਹਾਂ ਨੂੰ ਪਹਿਲਾਂ ਵਾਲੇ ਤਰ੍ਹਾਂ-ਤਰ੍ਹਾਂ ਦੇ ਵਿਸ਼ੇ ਭੁੱਲ ਗਏ ਸਨ। ਮੋਹਨੀ ਭਾਪੇ 'ਚ ਕੋਈ ਬਹੁਤੀ ਵਡਿਆਈ ਵਾਲੀ ਜਾਂ ਆਲੋਕਾਰੀ ਗੱਲ ਨਹੀਂ ਸੀ, ਪਰ ਹੱਸ ਕੇ ਜ਼ਿੰਦਗੀ ਜਿਓਣ ਦੀ ਜਾਚ ਉਸਨੂੰ ਭੀੜ ਨਾਲੋਂ ਵੱਖ ਕਰਦੀ ਸੀ। ਹੁਣ ਉਸਦੀ ਮੁਸਕਰਾਹਟ ਉੱਡ ਗਈ ਸੀ। ਅੱਖਾਂ 'ਚੋਂ ਖੁਸ਼ੀ ਖਤਮ ਹੋ ਗਈ। ਬੁੜ੍ਹਿਆਂ ਵਾਲੀ ਰਵਾਇਤੀ ਉਦਾਸੀ ਉਸਦੇ ਚਿਹਰੇ 'ਤੇ ਪੱਸਰੀ ਰਹਿੰਦੀ। ਵਸਮਾ ਤੇ ਫਿਕਸੋ ਲੱਗੀ ਕਸ ਕੇ ਬੰਨ੍ਹੀ ਦਾਹੜੀ ਤੇ ਮਾਵਾ ਲੱਗੀ ਕੜਕ ਪੱਗ ਦੇ ਬਾਵਜੂਦ ਉਸਦਾ ਮੂੰਹ ਢਿੱਲੜ ਲੱਗਦਾ। ਭਾਪਾ ਪਾਰਟੀ ਦੀ ਪੂਰੀ ਕੋਸ਼ਿਸ਼ ਉਸਦੇ ਹਾਸੇ ਨੂੰ ਭਾਲਣ ਦੀ ਹੈ ਤਾਂ ਜੋ ਉਹ ਫਿਰ ਤੋਂ ਖਿੜ੍ਹਿਆ - ਪੁੜ੍ਹਿਆ, ਹਾਈ ਫਾਈ ਸਿੰਘ ਬਣ ਜਾਵੇ, ਜਿਹੜਾ ਦਿਲ ਦੀਆਂ ਗੱਲਾਂ ਦਿਮਾਗ ਨਾਲ ਪੂਰੀਆਂ ਕਰਨ ਦਾ ਮਾਹਿਰ ਸੀ।

ਪ੍ਰੋਫੈਸਰ ਬੇਅੰਤ ਸਿੰਘ ਸਾਰੀਆਂ ਗੱਲਾਂ ਵਿਚਾਰ ਕੇ ਦਲੀਲ ਦਿੰਦਾ ਕਿ ਹੋ ਸਕਦਾ ਮੋਹਨੀ ਭਾਪਾ ਖੁਦ ਹੀ ਇਸ ਅਲਟਰਾ ਆਧੁਨਿਕ ਪੰਗੇਬਾਜ਼ ਦੌਰ ਦੀਆਂ ਭੰਬੀਰੀਆਂ 'ਚ ਫਸ ਗਿਆ ਹੋਵੇ। ਪਰ ਜਦੋਂ ਉਹ ਮੋਹਨੀ ਭਾਪੇ ਦੀ ਜ਼ਿੰਦਗੀ 'ਤੇ ਝਾਤ ਮਾਰਦਾ ਤਾਂ ਉਸਦੀ ਇਸ ਦਲੀਲ 'ਤੇ ਵੀ ਪਾਣੀ ਫਿਰ ਜਾਂਦਾ।

###

ਮੋਹਨੀ ਭਾਪੇ ਦਾ ਹੁਕਮ ਸੀ ਕਿ ਸਵੇਰ ਦੀ ਸੈਰ 'ਖਾਓ ਪੀਓ ਕਰੋ ਆਨੰਦ - ਅਹੀ ਤਹੀ ਮਰਾਵੇ ਪਰਮਾ ਨੰਦ' ਦੇ ਨਾਅਰੇ ਨਾਲ ਕੀਤੀ ਜਾਵੇ। ਅਕਸਰ ਉਹ ਅਹੀ-ਤਹੀ ਦੀ ਥਾਂ ਹੋਰ ਕਈ ਗਰਮ ਤੇ ਕਰਾਰੇ ਲਫਜ਼ ਬੋਲ ਦਿੰਦਾ। ਕਦੇ ਕਹਿ ਦਿੰਦਾ 'ਖਾਓ ਪੀਓ ਕਰੋ ਆਨੰਦ - ਭਾਵੇਂ ਮੂੰਹ 'ਚ ਰਹੇ ਨਾ ਦੰਦ... ਨਿੱਤ ਚਾੜ੍ਹੋ ਨਵਾਂ ਚੰਦ... ਫੇਰ ਹੀ ਲੋਕ ਬੁੜਾ ਬੁੜਾ ਕਹਿਣਾ ਕਰਨਗੇ ਬੰਦ... ਹਾ ਹਾ ਹਾ...।' ਤੇ ਸਾਰੀ ਭਾਪਾ ਪਾਰਟੀ ਚੰਦ ਚਾੜ੍ਹਣ ਦੇ ਵੱਖੋ - ਵੱਖ ਮਾਅਨੇ ਕੱਢਕੇ ਖੂਬ ਹੱਸਦੀ। ਸਾਰੇ ਖੁੱਲ ਕੇ ਕਿਲਕਾਰੀਆਂ ਮਾਰਕੇ ਤੇ ਕੱਛਾਂ ਵਜਾ ਕੇ ਨੱਚਦੇ। ਪਰ ਪ੍ਰੋਫੈਸਰ ਬੇਅੰਤ ਸਿੰਘ ਖਾਓ ਪੀਓ ਵਾਲਾ ਨਾਅਰਾ ਕਦੇ ਨਹੀਂ ਸੀ ਲਾਉਂਦਾ, ਕਹਿੰਦਾ ਇਹ ਫਜ਼ੂਲਾ ਆ।

ਮੋਹਨੀ ਭਾਪੇ ਕੋਲ ਪੈਸੇ ਦਾ ਕੋਈ ਘਾਟਾ ਨਹੀਂ ਸੀ। ਦੱਸਣ ਪੁੱਛਣ ਵਾਲਾ ਵੀ ਕੋਈ ਨਹੀਂ। ਆਧੁਨਿਕਤਾ ਦਾ ਪੱਲਾ ਫੜਕੇ ਆਪਣੇ ਦਿਲ ਦੀਆਂ ਪੁਗਾਉਂਦਾ। ਘਰਵਾਲੀ ਤਾਂ ਛੱਡੋ, ਉਸਦੇ ਪੁੱਤ- ਪੋਤੇ - ਪੋਤੀਆਂ ਤੇ ਦੋਹਤੇ - ਦੋਹਤੀਆਂ ਵੀ ਉਸ 'ਤੇ ਲੱਟੂ ਰਹਿੰਦੇ। ਦੂਜੇ ਪਾਸੇ ਹੋਰ ਬੁੜਿਆਂ ਦੇ ਲਾਗੇ ਜਵਾਕ ਤਾਂ ਕੀ ਜਵਾਕਾਂ ਦੀਆਂ ਮਾਵਾਂ ਵੀ ਨਹੀਂ ਸਨ ਖੜ੍ਹਦੀਆਂ।

ਮੋਹਨੀ ਭਾਪੇ ਦੇ ਮੁੰਡੇ - ਕੁੜੀਆਂ ਵੀ ਚੰਗੇ ਕੰਮੀਂ ਧੰਦੀਂ ਲੱਗੇ ਮੌਜਾਂ ਕਰਦੇ। ਉਸਦੀ ਆਪਣੀ ਦਿੱਖ ਵੀ ਕਿਸੇ ਨਾਲੋਂ ਘੱਟ ਨਹੀਂ। ਪੰਜ ਕੁ ਫੁੱਟ ਦਾ ਕੱਦ, ਪਰ ਗੰਡੂ ਜਿਹਾ ਨਹੀਂ ਲੱਗਦਾ। ਮਾਵੇ ਵਾਲੀ ਪਟਿਆਲਾ ਸ਼ਾਹੀ ਪੱਗ ਜਚਾ ਕੇ ਬੰਨ੍ਹਦਾ। ਚੌੜ੍ਹੇ- ਚੌੜ੍ਹੇ ਪੰਜ ਲੜਾਂ ਨਾਲ ਵੱਡੀ ਸਾਰੀ ਬੰਨ੍ਹੀ ਪੱਗ ਦੂਰੋਂ ਹੀ ਦਿਖ ਜਾਂਦੀ। ਪੱਗ ਵੀ ਤਿੱਖੇ ਰੰਗਾਂ ਦੀ... ਮੁੰਡਿਆਂ ਖੁੰਡਿਆਂ ਵਾਲੀ... ਗੂੜ੍ਹੀ ਹਰੀ, ਲਾਲ, ਨੀਲੀ, ਬੈਂਗਣੀ, ਪੀਲੀ, ਮਹਿੰਦੀ ਰੰਗੀ...। ਬਰੈਂਡਿਡ ਕੱਪੜੇ ਤੇ ਬੂਟ ਸਿਰਫ ਪਹਿਣਦਾ ਹੀ ਨਹੀਂ, ਵਿਖਾਉਂਦਾ ਵੀ ਸੀ। ਰੇਟ ਤੋਂ ਲੈਕੇ ਕੰਪਨੀਆਂ ਦੇ ਇਤਿਹਾਸ ਤੱਕ ਸਭ ਰਟਿਆ ਹੋਇਆ। ਚੰਗੀ ਤਰਾਂ ਕਾਲੀ ਕੀਤੀ ਦਾਹੜੀ ਨੂੰ ਫਿਕਸੋ ਨਾਲ ਠੱਪ ਕੇ ਰੱਖਦਾ। ਸੈਂਟ ਲਾਉਣਾ ਤਾਂ ਉਸ ਲਈ



ਕੁਰਲੀ ਕਰਨ ਬਰਾਬਰ ਸੀ। ਕਮਰੇ 'ਚ ਵੜਦਾ ਨਿਕਲਦਾ ਛਿੜਕਦਾ ਰਹਿੰਦਾ। ਚਮਕਦੇ ਬੂਟ ਤੇ ਚਮਕਦਾ ਸੂਟ ਨਾਲ ਹਰ ਵੇਲੇ ਅਪ ਟੂ ਡੇਟ... ਹਾਈ ਫਾਈ... ਟੌਅਰੀ ਫਾਈ...।

ਪ੍ਰੋਫੈਸਰ ਬੇਅੰਤ ਸਿੰਘ ਅਕਸਰ ਉਸਦੇ ਰਹਿਣ-ਸਹਿਣ 'ਤੇ ਵਿਅੰਗ ਕਰਦਾ, ' ਹਾਈ ਫਾਈ ਸਿੰਘ ਤੂੰ ਉਂ ਤਾਂ ਬਥੇਰਾ ਅੱਪ ਟੂ ਡੇਟ ਐਂ, ਪਰ ਤੇਰੇ 'ਚ ਦੋ ਗੱਲਾਂ ਬੈਕ ਟੂ ਡੇਟ ਨੇ... ਇਕ ਤਾਂ ਤੂੰ ਟਾਈ ਨਹੀਂ ਲਾਉਂਦਾ ਤੇ ਦੂਜਾ ਸ਼ਰਟ ਪੈਂਟ 'ਚ ਨੀਂ ਪਾਉਂਦਾ, ਤੇ ਮੇਰੇ 'ਚ ਬਾਕੀਆਂ ਸਾਰੀਆਂ ਛੱਡ ਕੇ ਇਹੀ ਦੋ ਗੱਲਾਂ ਅਪ ਟੂ ਡੇਟ ਨੇ।'

'ਤਾਂ ਹੀ ਤਾਂ ਆਪਣੀ ਨਿਭੀ ਆਉਂਦੀ ਆ ਪ੍ਰੋਫੈਸਰ ਸਾਅਬ।' ਮੋਹਨੀ ਭਾਪੇ ਖੁੱਲ ਕੇ ਹੱਸਦਿਆਂ ਨਾਲੇ ਜਵਾਬ ਦਿੰਦਾ ਤੇ ਨਾਲ ਝੁਕ ਕੇ ਸਲਾਸ ਕਰਦਾ।

ਭਾਪਾ ਪਾਰਟੀ 'ਚ ਕਦੇ ਕਦਾਈਂ ਕੋਈ ਪ੍ਰਾਹੁਣਾ ਵੀ ਆ ਜਾਂਦਾ। ਪ੍ਰਾਹੁਣਾ, ਮਤਲਬ ਜਿਹੜਾ ਦੋ ਚਾਰ ਦਿਨ ਹੀ ਇਸ ਟੋਲੇ 'ਚ ਕੱਟਦਾ। ਇਕ ਵਾਰ ਡਾਕਟਰ ਅੰਮ੍ਰਿਤ ਰਾਜ ਆ ਰਲਿਆ। ਉਹ ਸੈਰ ਵੇਲੇ ਹਮੇਸ਼ਾਂ ਲੜਾਈ - ਝਗੜੇ ਤੇ ਕਲੇਸ਼ ਦੀਆਂ ਗੱਲਾਂ ਕਰਿਆ ਕਰੇ। ਰਾਜਨੀਤੀ ਦੀ ਗੁੰਡਾਗਰਦੀ, ਸ਼ੇਅਰ ਬਜ਼ਾਰ ਤੇ ਇਕ ਅੱਧ ਮੌਤ ਦੀ ਗੱਲ ਉਹ ਸੈਰ ਦੇ ਅਰੰਭ 'ਚ ਸੁਣਾ ਦਿਆ ਕਰੇ। ਉਸਦੀਆਂ ਗੱਲਾਂ ਸੁਣਨ ਤੋਂ ਬਾਅਦ ਮੋਹਨੀ ਭਾਪੇ ਦੇ ਨੰਗੇ ਲਤੀਫੇ ਵੀ ਲਿੱਸੇ ਪੈ ਜਾਂਦੇ।

ਅਖੀਰ ਇਕ ਦਿਨ ਖਿੱਝ ਕੇ ਮੋਹਨੀ ਭਾਪਾ, ਡਾਕਟਰ ਦੇ ਗਲ ਪੈ ਗਿਆ,'ਡਾਕਟਰ ਸਾਅਬ, ਤੁਸੀਂ ਫਿਟਨੈਸ ਲਈ ਸੈਰ ਕਰਦੇ ਹੋ ਯਾ ਸਿੱਕਨੈਸ ਲਈ।'

'ਐਗਜ਼ੈਕਟਲੀ ਫਾਰ ਫਿਟਨੈਸ...।' ਡਾਕਟਰ ਬੋਲਿਆ।

'ਦੈਨ, ਤੁਸੀਂ ਸੈਰ ਵੇਲੇ ਰੋਣਾ ਪਿੱਟਣਾ ਕਿਉਂ ਪਾਈ ਰੱਖਦੇ ਓਂ... ਸਾਨੂੰ ਕਿਉਂ ਮਾਰਨ ਤੇ ਤੁਲੇ ਹੋਂ... ਖਾਓ ਪੀਓ ਕਰੋ ਆਨੰਦ - ਅਹੀ ਤਹੀ ਮਰਾਵੇ ਪਰਮਾ ਨੰਦ... ਕੱਲ ਤੋਂ ਤੁਹਾਡੀ ਸਾਡੇ ਨਾਲ ਸੈਰ ਬੰਦ ... ਹੋਰ ਕੋਈ ਕਰ ਲਓ ਪ੍ਰਬੰਧ ... ਐਵੇਂ ਨਾ ਕਰੋ ਸਾਨੂੰ ਤੰਗ... ਹਾ ਹਾ ਹਾ।' ਕਈ ਦਿਨਾਂ ਦਾ ਗੁੱਭ ਗੁਭਾਹਟ ਕੱਢਦਿਆਂ ਉਹ ਖੁੱਲ ਕੇ ਹੱਸਿਆ। ਤੇ ਅਗਲੇ ਦਿਨ ਤੋਂ ਡਾਕਟਰ ਦੀ ਭਾਪਾ ਪਾਰਟੀ 'ਚ ਵੜਣ ਦੀ ਹਿੰਮਤ ਨਹੀਂ ਸੀ ਪਈ।

ਇਸੇ ਤਰਾਂ ਇਕ ਦਿਨ ਸਵੇਰ ਦੀ ਸੈਰ 'ਚ ਪ੍ਰੇਮ ਸਬੰਧਾਂ ਦੀ 'ਜੋਗਿੰਗ' ਸ਼ੁਰੂ ਹੋ ਗਈ।

ਮੋਹਨੀ ਭਾਪੇ ਨੇ ਸਦੀਆਂ ਤੋਂ ਚੱਲੇ ਆ ਰਹੇ ਪ੍ਰੇਮ ਪ੍ਰਸੰਗਾਂ ਨੂੰ ਤੋੜਦਿਆਂ ਆਪਣੀ ਫਿਲਾਸਫੀ ਜਾਹਿਰ ਕਰਦਿਆਂ ਕਿਹਾ, 'ਦਿਲ ਦੀ ਮੁਰਾਦ ਦਿਲ ਨਾਲ ਨਹੀਂ ਦਿਮਾਗ ਨਾਲ ਪੂਰੀ ਹੁੰਦੀ ਆ... ਮੇਰਾ ਇਹ ਸਿਧਾਂਤ ਜੇਕਰ ਰਾਂਝਾ ਅਪਣਾ ਲੈਂਦਾ ਤਾਂ ਉਸਨੂੰ ਨਾ ਕੰਨ ਪੜਵਾਉਣੇ ਪੈਂਦੇ ਨਾ ਹੀਰ ਗਵਾਉਣੀ ਪੈਂਦੀ ... ਮਿਰਜ਼ੇ ਨੇ ਐਵੇਂ ਦਿਲ ਦੇ ਆਖੇ ਲੱਗ ਕੇ ਜਾਨ ਗਵਾਈ - ਮਾੜੀ ਮੋਟੀ ਜੇ ਵਰਤਦਾ ਅਕਲ ਤਾਂ ਕਰਦਾ ਮਨ ਆਈ... ਕਿਉਂ ਬਈ ਪ੍ਰੋਫੈਸਰ ਭਾਈ... ਹਾ ਹਾ ਹਾ।'

'ਐਹ ਨੀਂ ਗੱਲ... ਜੇ ਮਿਰਜ਼ਾ ਦਿਮਾਗ ਵਰਤਦਾ ਤਾਂ ਸਾਹਿਬਾਂ ਦੇ ਜਵਾਕਾਂ ਦਾ ਪਿਓ ਤਾਂ ਬਣ ਜਾਂਦਾ ਪਰ ਉਹਦੇ ਨਾਂ ਦੀਆਂ ਬੋਲੀਆਂ ਨੀਂ ਸੀ ਪੈਣੀਆਂ ਅੱਜ... ਤੇ ਨਾ ਹੀ ਉਸਦੇ ਕਿੱਸੇ ਗਾਏ ਜਾਣੇ ਸਨ... ਪ੍ਰੇਮ ਨੇ ਹੀ ਉਸਨੂੰ ਅਮਰ ਕਰਤਾ... ਐਮ ਆਈ ਰਾਈਟ...।' ਪੱਤਰਕਾਰ ਗਜਰਾਜ ਨੇ ਆਪਣੀ ਕਸ਼ਮੀਰੀ ਟੋਪੀ 'ਤੇ ਹੱਥ ਫੇਰਦਿਆਂ ਮਨੋਹਰ ਭਾਪੇ ਲਈ ਚੈਲੰਜ ਖੜਾ ਕਰ ਦਿੱਤਾ।

'ਆਹੀ ਤਾ ਬੈਵਕੂਫੀ ਆ... ਐਵੀਂ ਕਿੱਸੇ ਕਾਰਾਂ ਨੇ ਤੁਹਾਡੇ ਦਿਮਾਗਾਂ 'ਚ ਗਲਤ ਗੱਲ ਵਾੜਤੀ..., ਜਿਵੇਂ ਤੁਸੀਂ ਪੱਤਰਕਾਰ ਲੋਕਾਂ ਦੇ ਦਿਮਾਗ 'ਚ ਕਦੇ ਖੂਹਾਂ 'ਚ ਡਿੱਗੇ ਜਵਾਕ ਵਾੜ ਦਿੰਨੇ ਓਂ, ਕਦੇ ਕਾਲੇ ਕੱਛੇ ਵਾਲੇ ਤੇ ਕਦੇ ਬਲਾਤਕਾਰ... ਤੁਸੀਂ ਸਮਝਦੇ ਨਹੀਂ... ਲੈ ਮੈਂ ਦੱਸਦਾਂ... ਮਿਰਜ਼ੇ ਹੋਰੀਂ ਅਮਰ ਹੋਣ ਵਾਸਤੇ ਨਹੀਂ ਸੀ ਮਰੇ, ਉਹ ਤਾਂ ਅਸੀਂ ਅਮਰ ਕਰ 'ਤੇ... ਰਾਂਝੇ ਦੀ ਥਾਂ 'ਤੇ ਖੜ੍ਹਕੇ

ਵੇਖੋ ਤਾਂ ਸਹੀ... ਉਹ ਤਾਂ ਵਿਚਾਰੇ ਤੜਪਦੇ ਰਹੇ ਬਈ ਚਾਰ ਦਿਨ ਸੁਖ ਦੇ ਨਸੀਬ ਹੋ ਜਾਣ... ਓ ਭਲਿਓ ਮਾਨਸੋ, ਇਸ਼ਕ ਬਥੇਰਿਆਂ ਨੇ ਕੀਤਾ, ਪਰ ਦਿਮਾਗ ਨਾਲ। ਆਹ ਆਪਣੇ ਮਹਾਰਾਜਾ ਰਣਜੀਤ ਸਿੰਘ ਵੱਲ ਵੇਖ ਲਓ... ਕੰਜਰੀ ਨਾਲ ਇਸ਼ਕ ਕਰਕੇ ਆਪਣਾ ਰਾਂਝਾ ਵੀ ਰਾਜੀ ਕਰ ਲਿਆ ਤੇ ਦੂਜੇ ਪਾਸੇ ਕੋੜੇ ਖਾ ਕੇ ਧਰਮ ਵੀ ਪਾਲਿਆ। ਲੱਖ ਰਾਂਝਾ - ਰਾਂਝਾ ਕਰੋ, ਕੋਈ ਆਪਦੇ ਮੁੰਡੇ ਦਾ ਨਾਂ ਰਾਂਝਾ ਨੀਂ ਰੱਖਦਾ ਤੇ ਰਣਜੀਤ ਸਿੰਘ ਹਰ ਕੋਈ ਰੱਖਣ ਨੂੰ ਤਿਆਰ ਐ। ਮੇਰਾ ਤਾਂ ਇਹ ਫਾਰਮੂਲਾ ਬਈ ਜੇ ਜਿਓਂਦੇ ਜੀਅ ਸੁੱਖ ਨਾ ਮਿਲਿਆ ਤਾਂ ਬਾਅਦ 'ਚ ਕੋਈ ਕੁਝ ਜਿੰਨੀਆਂ ਮਰਜ਼ੀ 'ਹੀਰਾਂ' ਲਿਖੀ ਜਾਵੇ, ਕਸੀਦੇ ਪੜ੍ਹੀ ਜਾਵੇ... ਕੀ ਫਾਇਦਾ। ਯਾਰ ਤੁਸੀਂ ਦੁੱਖਾਂ ਨੂੰ ਵੱਡਾ ਮੰਨਦੇ ਓਂ ਤਾਂ ਹੀ ਦੁਖੀ ਰਹਿਣੇ ਓਂ... ਤੁਸੀਂ ਦੱਸੋ ਪ੍ਰੋਫੈਸਰ ਸਾਅਬ ਜੇ ਦਿਮਾਗ ਨਾਲ ਦਿਲ ਨੂੰ ਲੋੜੀਂਦੇ ਸਭ ਸੁਖ ਹਾਸਲ ਹੋ ਜਾਣ ਤਾਂ ਜ਼ਰੂਰ ਫਾਹੇ ਲੱਗਣਾ... ਗਜਰਾਜ ਤੇਰੇ ਸਵਾਲ ਦੇ ਜਵਾਬ 'ਚ ਪਿਆਸੇ ਕਾਂ ਦੀ ਕਹਾਣੀ ਯਾਦ ਆਈ, ਕਾਂ ਨੇ ਦਿਲ ਨਾਲ ਨਹੀਂ ਦਿਮਾਗ ਨਾਲ ਸੀ ਪਿਆਸ ਬੁਝਾਈ, ਤਾਂ ਹੀ ਤਾਂ ਬੱਚਾ ਬੱਚਾ ਉਹਨੂੰ ਯਾਦ ਕਰੇ ਚਾਂਈ ਚਾਂਈ... ਹਾ... ਹਾ... ਹਾ...।' ਮਨੋਹਰ ਭਾਪੇ ਦਾ ਹਾਸਾ ਦੂਰ ਤੱਕ ਹਰੇ ਘਾਹ 'ਤੇ ਤ੍ਰੇਲ ਤੁਪਕਿਆਂ ਵਾਂਗ ਵਿਛ ਗਿਆ।

ਗਜਰਾਜ ਹੋਰ ਦਲੀਲ ਦੇਣ ਦੀ ਥਾਂ ਬਾਹਾਂ ਉਤੇ ਥੱਲੇ ਕਰਨ ਲੱਗਿਆ ਤੇ ਪ੍ਰੋਫੈਸਰ ਬੇਅੰਤ ਸਿੰਘ ਸਣੇ ਦੂਸਰੇ ਸਾਰੇ ਮੂਕ ਦਰਸ਼ਕ ਬਣੇ ਰਹੇ।

ਭਾਪਾ ਪਾਰਟੀ ਦਾ ਇਕ ਹੋਰ ਅਸੂਲ ਸੀ ਕਿ ਜਦੋਂ ਕੋਈ ਨਵਾਂ ਬੰਦਾ ਆਉਂਦਾ ਤਾਂ ਉਹ ਉਸਦੇ ਸਵਾਗਤ 'ਚ ਸਵੇਰ ਵੇਲੇ ਹੀ ਫੌਜੀ ਦੇ ਢਾਬੇ 'ਤੇ ਚਾਹ - ਪਾਰਟੀ ਕਰਦੇ ਤੇ ਆਉਣ ਵਾਲੇ ਬੰਦੇ ਤੋਂ ਉਸਦੀ ਹੱਡ ਬੀਤੀ ਸੁਣਦੇ। ਇਸ ਤਰਾਂ ਇਕ ਅਪਣੱਤ ਪੈਦਾ ਹੋ ਜਾਂਦੀ।

ਇਸੇ ਤਰਾਂ ਜਦੋਂ ਗੁਰਬਖਸ਼ ਸਿੰਘ ਭਾਪਾ ਪਾਰਟੀ ਦਾ ਨਵਾਂ ਸਾਥੀ ਬਣਿਆ ਤਾਂ ਉਸਨੇ ਦੱਸਿਆ ਕਿ ਉਹ ਸਰਦਾ ਪੁੱਜਦਾ ਜ਼ਿਮੀਦਾਰ ਹੈ। ਨਹਿਰੀ ਪਾਣੀ ਵਾਲੀ ਵੀਹ ਕਿੱਲੇ ਜ਼ਮੀਨ ਦਾ ਮਾਲਕ। ਪਰ ਹੁਣ ਮੁੰਡੇ ਉਹਦੇ ਜਿਓਂਦੇ ਜੀਅ ਸਾਰੀ ਜ਼ਮੀਨ ਆਪਣੇ ਨਾਂ ਕਰਾਉਣ ਨੂੰ ਕਾਹਲੇ ਹੋਏ ਪਏ ਨੇ। ਜ਼ਮੀਨ ਨਾਂ ਕਰਾਕੇ ਉਹ ਅੱਗੋਂ ਕਿਸੇ ਵੱਡੀ ਕੰਪਨੀ ਨੂੰ ਵੇਚਕੇ ਕ੍ਰੋੜਾਂ ਰੁਪਏ ਬੋਝੇ 'ਚ ਪਾਉਣ ਦੀਆਂ ਵਿਉਂਤਾਂ ਕਰੀ ਬੈਠੇ ਹਨ। ਗੁਰਬਖਸ਼ ਸਿੰਘ ਮੰਨਦਾ ਨਹੀਂ। ਮੁੰਡਿਆਂ ਨੇ ਕਈ ਵਾਰ ਉਸਦਾ ਕੁੱਟ ਕੁਟਾਪਾ ਵੀ ਕੀਤਾ। ਥਾਣੇ ਕਚਿਹਰੀ ਵੀ ਚੜ੍ਹੇ। ਅਖੀਰ ਦੁਖੀ ਹੋ ਕੇ ਉਸਨੇ ਜ਼ਮੀਨ 'ਚੋਂ ਦੋਹਾਂ ਮੁੰਡਿਆਂ ਦਾ ਹਿੱਸਾ ਵੰਡ ਦਿੱਤਾ। ਆਪਣਾ ਤੇ ਘਰਵਾਲੀ ਦਾ ਆਪਣੇ ਕੋਲ ਰੱਖ ਲਿਆ। ਸ਼ਹਿਰ ਕੋਠੀ ਪਾ ਲਈ। ਜ਼ਮੀਨ ਠੇਕੇ 'ਤੇ ਦਿੱਤੀ। ਕੰਮ ਕਾਰ ਕੋਈ ਹੈ ਨਹੀਂ ਸੀ। ਸੁਬ੍ਹਾ ਸੈਰ ਤੇ ਸ਼ਾਮ ਨੂੰ ਕਲੱਬ ਉਸਦੇ ਰੁਝੇਵੇਂ ਹਨ। ਘਰਵਾਲੀ ਇਹ ਟਾਇਮ ਗੁਰਦੁਆਰੇ ਜਾ ਕੇ ਲੰਘਾਉਂਦੀ।

ਵੱਡੀ ਉਮਰ ਦਾ ਬਿਸ਼ਨ ਸਿੰਘ, ਸਮਰਾਲੇ ਲਾਗਲੇ ਪਿੰਡ ਅਜਲੌਦ ਹੈ। ਉਸਨੇ ਦੱਸਿਆ ਕਿ ਉਸਦਾ ਬਾਪ ਘਰਾਂ 'ਚ ਪਾਣੀ ਪਾਉਣ ਦਾ ਕੰਮ ਕਰਦਾ ਸੀ। ਮੂੰਹ ਹਨੇਰੇ ਖੂਹ ਤੋਂ ਮਸ਼ਕਾਂ ਭਰਦਾ ਤੇ ਜ਼ਿੰਮੀਦਾਰਾਂ ਦੇ ਘਰਾਂ 'ਚ ਤੌੜੇ, ਬੱਠਲ, ਬਾਲਟੀਆਂ ਭਰ ਦਿੰਦਾ। ਭਲੇ ਵੇਲਿਆਂ 'ਚ ਉਨ੍ਹਾਂ ਦੇ ਬਾਪ ਕੋਲ ਜ਼ਮੀਨ ਵੀ ਸੀ। ਪਰ ਉਨ੍ਹਾਂ ਮਾਮਲਾ ਤਾਰਨ ਦੇ ਡਰ ਤੋਂ ਛੱਡ ਦਿੱਤੀ। ਜਵਾਕਾਂ ਨੂੰ ਪੜ੍ਹਾਈ ਨਹੀਂ ਕਰਾਈ। ਕਹਿੰਦਾ, 'ਰੱਬ ਨੇ ਮਹਿਰੇ ਦੇ ਘਰ ਪੈਦਾ ਕੀਤਾ, ਹੋਰ ਕੀ ਚਾਹੀਦਾ... ਜੱਟ, ਬਾਹਮਣ, ਬਾਣੀਏ ਦੇ ਚੁੱਲ੍ਹੇ - ਚੌਂਕੇ 'ਤੇ ਸਿਰਫ ਮਹਿਰੇ ਹੀ ਚੜ੍ਹਦੇ ਨੇ, ਇਨ੍ਹਾਂ ਆਦਰ ਮਾਣ ਥੋੜਾ... ਹੋਰ ਕੀ ਡੀਸੀ ਲੱਗਣਾ ਪੜ੍ਹਕੇ।'

ਜਦੋਂ ਬਿਸ਼ਨ ਸਿੰਘ ਵੱਡਾ ਹੋਇਆ, ਘਰਾਂ 'ਚ ਪਾਣੀ ਪਾਉਣ ਦਾ ਕੰਮ ਖਤਮ ਹੋ ਗਿਆ। ਘਰ - ਘਰ ਮੋਟਰਾਂ - ਟੂਟੀਆਂ ਲੱਗ ਗੀਆਂ। ਪਿੰਡ ਅੰਬਾਂ ਦੇ ਬਾਗ ਸਨ। ਬਿਸ਼ਨ ਸਿੰਘ ਬਾਗ ਠੇਕੇ 'ਤੇ ਲੈ ਲੈਂਦਾ, ਅੰਬ ਸਮਰਾਲੇ ਵੇਚ ਆਉਂਦਾ। ਚੰਗਾ ਤੋਰੀ ਤੁਰੀ ਜਾਂਦਾ ਸੀ। ਹੌਲੀ ਹੌਲੀ ਬਾਗਾਂ ਦੀ ਥਾਂ



ਫੈਕਟਰੀਆਂ ਬਣ ਗਈਆਂ, ਤਾਂ ਸਮਰਾਲੇ ਸਬਜ਼ੀ ਦੀ ਦੁਕਾਨ ਕਰ ਲਈ। ਮੰਡੀਓਂ ਲਿਆਉਂਦਾ ਤੇ ਵੇਚ ਦਿੰਦਾ। ਹੌਲੀ ਹੌਲੀ ਦੁਕਾਨ ਮੁੱਲ ਲੈ ਲਈ। ਚੰਡੀਗੜ੍ਹ ਵਾਲੀ ਸੜਕ ਚੌੜੀ ਹੋਈ ਤਾਂ ਉਸਦੀ ਦੁਕਾਨ ਰਾਤੋ- ਰਾਤ ਕ੍ਰੋੜਾਂ ਦੀ ਹੋ ਗਈ। ਕੰਮ ਵਧਾਉਣ ਦਾ ਸ਼ੌਂਕ ਸੀ, ਚੰਗੀ ਕਮਾਈ ਕੀਤੀ। ਇਕੋ ਇਕ ਧੀ ਸੀ। ਸੋਹਣੀ ਰੱਜ ਕੇ। ਧੀ ਦਾ ਵਿਆਹ ਮੋਗੇ ਦੇ ਟਰੱਕਾਂ ਵਾਲੇ ਦਲੀਪ ਸਿੰਘ ਦੇ ਮੁੰਡੇ ਨਾਲ ਕਰ ਦਿੱਤਾ। ਉਨ੍ਹਾਂ ਕੋਲ ਕਈ ਟਰੱਕ ਸਨ। ਪਰ ਛੇਤੀ ਹੀ ਧੀ - ਜਵਾਈ ਦੀ ਪੈਸੇ ਦੀ ਭੁੱਖ ਵੱਧ ਗਈ।

ਇਕ ਦਿਨ ਬਿਸ਼ਨ ਸਿੰਘ ਨੂੰ ਕਹਿੰਦੇ,' ਬਾਪੂ ਹੁਣ ਤੇਰੀ ਕੋਈ ਕੰਮ ਕਰਨ ਦੀ ਉਮਰ ਥੋੜਾ ... ਤੂੰ ਸਾਡੇ ਕੋਲ ਰਹਿ... ਮੌਜਾਂ ਕਰੀਂ। ਆਹ ਦੁਕਾਨ ਤੇ ਮਾਕਨ ਵੇਚ ਦੇਹ... ਆਪਾਂ ਦਸ ਟਾਇਰੇ ਟਰਾਲੇ ਪਾ ਲਵਾਂਗੇ... ਵਾਧੂ ਕਮਾਈ ਆ, ਘਰੇ ਬੈਠਾ ਐਸ਼ ਕਰੀਂ।' ਐਸ਼ ਤਾਂ ਨਹੀਂ ਪਰ ਧੀ ਦੀ ਇੱਛਾ ਪੂਰੀ ਕਰਨ ਲਈ ਉਸਨੇ ਮਕਾਨ - ਦੁਕਾਨ ਵੇਚ ਦਿੱਤਾ। ਜਵਾਈ ਨੇ ਟਰਾਲੇ ਆਪਣੇ ਨਾਂ 'ਤੇ ਪਾ ਲਏ। ਬਿਸ਼ਨ ਸਿੰਘ ਤੇ ਉਸਦੀ ਘਰਵਾਲੀ ਦਿਨਾਂ 'ਚ ਹੀ ਪੈਸੇ - ਪੈਸੇ ਨੂੰ ਤਰਸਣ ਲੱਗੇ।

ਜਦੋਂ ਬਿਸ਼ਨ ਸਿੰਘ ਜੇਬ ਖਰਚਾ ਮੰਗਦਾ ਤਾਂ ਅੱਗੋਂ ਧੀ-ਜਵਾਈ 'ਬਾਪੂ ਤੂੰ ਪੈਸੇ ਕੀ ਕਰਨੇ ਆ... ਰੋਟੀ ਖਾ, ਕੱਪੜੇ ਪਾ ਮੌਜ ਕਰ...' ਦੀ ਸਿੱਖਿਆ ਦੇ ਦਿੰਦੇ।

ਅਖੀਰ ਇਕ ਦਿਨ ਉਸਤੋਂ ਰਿਹਾ ਨਾ ਗਿਆ ਤੇ ਉਸਨੇ ਧੀ-ਜਵਾਈ ਨੂੰ ਕਹਿ ਦਿੱਤਾ,' ਉਏ ਭਲਿਓ ਮਾਨਸੋ ਮੈਂ ਕੋਈ ਕੁੱਤਾ-ਬਿੱਲਾਂ ਬਈ ਰੋਟੀ ਈ ਖਾਣੀ ਆ... ਮੇਰੇ ਦਿਲ 'ਚ ਵੀ ਕੋਈ ਚਾਅ ਨੇ... ਕਿਤੇ ਬੰਦਿਆਂ 'ਚ ਬਹਿਣਾ- ਖੜਣਾ ਹੁੰਦਾ... ਕਿਤੇ ਮੰਦਰ ਮਸੀਤ ਜਾਣਾ ਪੈਂਦਾ... ਮਰਨੇ - ਜੰਮਣੇ ਹੁੰਦੇ ਨੇ... ਹੈਂ... ਮੈਂ ਉਥੇ ਹੱਥ ਜੋੜ ਕੇ ਤਾਂ ਨੀਂ ਬੈਠਣਾ ਹੁੰਦਾ... ਹੈਂ.... ਭੋਰਾ ਭਰ ਜਵਾਕ ਦੀ ਜੇਬ 'ਚ ਵੀ ਮਾਪੇ ਪੈਸੇ ਪਾ ਕੇ ਰੱਖਦੇ ਨੇ ਬਈ ਕਿਤੇ ਵੇਲੇ ਕੁਵੇਲੇ ਕੰਮ ਆ ਜਾਣਗੇ... ਉਏ ਲੱਖਾਂ - ਕ੍ਰੋੜਾਂ ਦੀ ਜਾਇਦਾਦ ਮੈਂ ਅੱਖਾਂ ਮੀਚ ਕੇ ਤੁਹਾਨੂੰ ਦੇ 'ਤੀ ... ਤੇ ਤੁਸੀਂ ਮੈਨੂੰ ਪੈਸੇ ਪੈਸੇ ਨੂੰ ਤਰਸਾਈ ਜਾਣੇ ਓ...।' ਉਹ ਉੱਚੀ - ਉੱਚੀ ਰੋਣ ਲੱਗ ਪਿਆ ਸੀ।

ਕੁੜੀ ਨੇ ਉਸਦੇ ਹੰਝੂਆਂ ਦੀ ਪ੍ਰਵਾਹ ਤਾਂ ਕੀ ਕਰਨੀ ਸੀ, ਸਗੋਂ ਅਗੋਂ ਕਹਿਣ ਲੱਗੀ,' ਜਾਹ, ਜਿਥੋਂ ਡਾਲਰ ਮਿਲਦੇ ਨੇ ਲੈ ਲਾ ਸਾਡੇ ਕੋਲ ਤੇਰੇ ਸ਼ੌਂਕ ਪੂਰੇ ਕਰਨ ਨੂੰ ਪੈਸੇ ਹੈਣੀ... ਅਸੀਂ ਤਾਂ ਮਸਾਂ ਆਪਣੀ ਕਬੀਲਦਾਰੀ ਤੋਰਦੇ ਆਂ ਤੇ ਇਹ ਭਾਲਦੈ...।'

ਧੀ ਦੇ ਤਾਅਨੇ ਮਿਹਨਿਆਂ ਨੇ ਬਿਸ਼ਨ ਸਿੰਘ ਦੀ ਘਰਵਾਲੀ ਦੀ ਜਾਨ ਲੈ ਲਈ।

ਕਿਸੇ ਰਿਸ਼ਤੇਦਾਰ ਨੇ ਉਸਨੂੰ ਭਾਪਾ ਪਾਰਟੀ ਦੇ ਸ਼ਹਿਰ ਪ੍ਰਾਈਵੇਟ ਸਕੂਲ 'ਚ ਸੇਵਾਦਾਰ ਲਵਾ ਦਿੱਤਾ। ਖਾਣ ਪੀਣ ਜੋਗੀ ਤਨਖਾਹ ਮਿਲ ਜਾਂਦੀ ਆ। ਮਿਹਨਤੀ ਸੁਭਾਅ ਹੋਣ ਕਰਕੇ ਹੁਣ ਕੰਮ ਦੀ ਥਾਂ ਸਵੇਰ ਦੀ ਸੈਰ ਦਾ ਨਾਗਾ ਨੀਂ ਪਾਉਂਦਾ।

'ਹੁਣ ਪੁੱਤ ਸ਼ਰੀਕ ਬਣਦਾ ਤਾਂ ਥਾਣੇ ਕਚਿਹਰੀ ਵੀ ਜਾਂਦਾ, ਧੀ ਦੇ ਖਿਲਾਫ ਕਿਥੇ ਜਾਵਾਂ', ਕਹਿ ਕੇ ਉਸਨੇ ਰਾਮ ਕਹਾਣੀ ਦਾ ਭੋਗ ਪਾ ਦਿੱਤਾ।

ਬਹੁਤੇ ਬੁੱਢੇ ਔਲਾਦ ਤੋਂ ਦੁਖੀ ਹੁੰਦੇ ਤੇ ਕੁਝ ਗਰੀਬੀ ਤੋਂ।

ਮੋਹਨੀ ਭਾਪਾ ਉਨ੍ਹਾਂ ਨੂੰ ਨਿਚੋੜ ਕੱਢ ਕੇ ਦੱਸਦਾ,'ਉਸਦੀ ਆੜਤ 'ਤੇ ਭੁੱਲਰਾਂ ਵਾਲਿਆਂ ਦਾ ਵੱਡਾ ਬੁੜਾ ਆ ਕੇ ਨਿੱਤ ਆਪਣੇ ਮੁੰਡਿਆਂ ਦਾ ਪਿੱਟ ਸਿਆਪਾ ਕਰੂ। ਕਹਿੰਦਾ ਸਿਆਣਦੇ ਨੀਂ। ਮੈਂ ਕਿਹਾ ਘਰੇ ਦਾਰੂ ਪੀਆ ਕਰ, ਕਹਿੰਦਾ ਨਹੀਂ ਪੀ ਹੁੰਦੀ। ਮੁੱਲ ਦੀ ਜ਼ਨਾਨੀ ਲਿਆ ਛੱਡ ਨਾਲੇ ਸੇਵਾ ਕਰੂ ਤੇ ਨਾਲੇ ਮੁੰਡਿਆਂ ਦੀਆਂ ਖੜਮਸਤੀਆਂ ਘਟਣਗੀਆਂ, ਸਿਰ ਮਾਰਗਿਆ... ਕਹਿੰਦਾ ਬੁੱਡੇ ਵਾਰੇ ਮੂੰਹ ਕਾਲਾ ਨਹੀਂ ਕਰਾਇਆ ਜਾਂਦਾ। ਫੇਰ ਜ਼ਮੀਨ ਨਿਹੰਗਾਂ ਦੇ ਨਾਂ ਕਰਦੇ, ਜਿਹੜੇ ਤੈਨੂੰ ਮਾਰਨ ਨੂੰ ਫਿਰਦੇ ਨੇ ਤੂੰ ਉਨ੍ਹਾਂ ਨੂੰ ਲੈਂਡਲਾਰਡ ਬਣਾ ਕੇ ਕੀ ਲੈਣਾ... ਕਹਿੰਦਾ ਆਉਣ ਵਾਲੀਆਂ ਪੀੜ੍ਹੀਆਂ ਕੋਸਣਗੀਆਂ। ਹੈ ਭੜੂਆ, ਆਪ ਨਰਕ ਕੱਟੀ ਜਾਂਦੈ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਵਰਗ

ਬਣਾਉਣ ਨੂੰ ਫਿਰਦੈ।ਅਸਲ 'ਚ ਦਮ ਹੈਣੀ।ਭਲੇ ਮਾਣਸੋ ਗੁਰੂਆਂ ਪੀਰਾਂ ਨੇ ਲੋਕਾਂ ਲਈ ਆਪਾ ਵਾਰ 'ਤਾ ਤੁਸੀਂ ਆਪਣੇ ਖਾਤਰ ਹੀ ਕੁਝ ਨਹੀਂ ਕਰ ਸਕਦੇ ਤਾਂ ਦੂਜਾ ਤੁਹਾਡਾ ਕੀ ਭਲਾ ਕਰੂ।ਮਰੋ, ਮਰੋ ਕੁੱਤੇ ਦੀ ਜੂਨ।'

ਪਰ ਕਦੇ ਕਦੇ ਉਸਦੀ ਸੁਰ ਬਦਲੀ ਹੁੰਦੀ ਤਾਂ ਬੁੱਢਿਆਂ ਦੇ ਦੁੱਖ ਸੁਣ ਕੇ ਕਹਿੰਦਾ,'ਆਹੀ ਤਾਂ ਤੁਹਾਨੂੰ ਮੌਤ ਨੀਂ।ਅਕਲ ਨੀਂ ਵਰਤਦੇ ਤੁਸੀਂ ਬੁੜੇ ਲੋਕ...ਉਏ ਧੀਆਂ - ਪੁੱਤਾਂ ਦੀ ਪੁੱਚ ਪੁੱਚ ਕਰੋ ਤੇ ਬੁੱਲ੍ਹੇ ਲੁੱਟੋ।ਪਰ ਤੁਸੀਂ ਤਾਂ ਅਗੋਂ ਕਰਦੇ ਓਂ ਆਕੜਾਂ...ਉਹ ਤੁਹਾਨੂੰ ਘਰੋਂ ਨਾ ਕੱਢਣ ਤਾਂ ਹੋਰ ਕੀ ਪੂਜਾ ਕਰਨ। ਕਮਲਿਓ ਜੇ ਭੇਡ ਦਾ ਲੈਲਾ ਚੁਸਤ ਹੁੰਦਾ ਤਾਂ ਉਹਨੂੰ ਪਾਣੀ ਜੂਠਾ ਕਰਨ ਦਾ ਬਹਾਨਾ ਬਣਾ ਕੇ ਸ਼ੇਰ ਨਹੀਂ ਸੀ ਖਾਂਦਾ।ਅਸਲ 'ਚ ਲੈਲੇ ਨੇ ਦਿਮਾਗ ਨਹੀਂ ਵਰਤਿਆ ਤਾਂ ਹੀ ਮਾਰਿਆ ਗਿਆ... ਦਿਮਾਗ ਤਾਂ ਖਰਗੋਸ਼ ਨੇ ਵਰਤਿਆ, ਆਪ ਬਚ ਗਿਆ ਤੇ ਸ਼ੇਰ ਨੂੰ ਮਾਰਤਾ।ਆਪਾਂ ਤਾਂ ਖਰਗੋਸ਼ ਵਾਲੇ ਗੁਰ ਵਰਤੀਦੇ ਆ।ਤਾਂ ਹੀ ਤਾਂ ਐਸ਼ਾਂ ਕਰਦੇ ਆਂ।ਬਿਸ਼ਨ ਸਿਆਂ ਜੇ ਬਿੱਲੀ ਵਾਂਗੂੰ ਤੂੰ ਇਕ ਅੱਧ ਗੁਰ ਵੀ ਆਪਣੇ ਕੋਲ ਰੱਖ ਲੈਂਦਾ ਤਾਂ ਤੇਰੇ ਧੀ-ਜਵਾਈ ਅੱਜ ਸ਼ੇਰ ਵਾਂਗੂੰ ਦਰਖਤ 'ਤੇ ਚੜ੍ਹਣ ਲਈ ਤੇਰੀਆਂ ਲੇਲੜ੍ਹੀਆਂ ਕੱਢਦੇ... ਲੇਲੜੀਆਂ... ਹਾ ਹਾ ਹਾ।'

ਤੇ ਫੇਰ ਮੋਹਨੀ ਭਾਪਾ ਆਪਣੀ ਫਿਲਾਸਫੀ ਦੀਆਂ ਪਰਤਾਂ ਕਈ ਦਿਨ ਖੋਲ੍ਹਦਾ ਰਹਿੰਦਾ ਤੇ ਉਨ੍ਹਾਂ ਦੀ ਸੈਰ ਹੋਰ ਰੌਚਕ ਹੁੰਦੀ ਜਾਂਦੀ।ਉਹ ਦੱਸਦਾ ਕਿ,'ਹੁਣ ਅਸਾਡਾ ਖਾਨਦਾਨ ਖੱਤਰੀਆਂ ਦਾ ਵਾ... ਵੱਡਾ ਮੁੰਡਾ ਦਵਾ ਵਾਲੀ ਵੱਡੀ ਕੰਪਨੀ 'ਚ ਮੈਨੇਜਰ ਲੱਗਿਆ ਹੋਇਆ ਵਾ, ਪਰ ਉਹਨੇ ਵਿਆਹ ਕਰਾਇਆ ਚਮਾਰਾਂ ਦੀ ਧੀ ਨਾਲ... ਪਤਾ ਈ ਕਿਉਂ ... ਇੱਕ ਤੈ ਸੋਹਣੀ ਐ ਤੇ ਉਤੋਂ ਬੈਂਕ ਮੈਨੇਜਰ ਲੱਗੀ ਹੋਈ ਆ... ਦੋਹਾਂ ਦੀ ਸੈਲਰੀ ਡਾਈ ਲੱਖ ਤੋਂ ਉਤੋਂ ਆ, ਮਹੀਨੇ ਦੀ... ਮੌਜਾਂ ਕਰੈਂਦੇ ਨੇ... ਹੁਣ ਜੇ ਮੈਂ ਐਵੀਂ ਰੌਲਾ ਪਾਈ ਜਾਵਾਂ ਬਈ ਹੁਕਮ ਸਿਓਂ ਭਾਟੀਏ ਦੇ ਖਾਨਦਾਨ ਨੂੰ ਦਾਗ ਲਾ ਤਾ, ਤਾਂ ਛਿੱਤਰ ਈ ਖਾਣੇ ਆ ਕੇ... ਉਹ ਭਾਈ ਐਡਜਸਟ ਹੋਣਾ ਸਿੱਖੋ ਐਜਡਸਟ...।'

ਸਾਥੀਆਂ ਦੀ ਹੈਰਾਨਗੀ ਤੋਂ ਉਤਸ਼ਾਹਿਤ ਹੋ ਕੇ ਮੋਹਨੀ ਭਾਪਾ ਆਪਣੀ ਦੂਜੀ ਕੁੜੀ ਦੀ ਕਹਾਣੀ ਸੁਣਾਉਣ ਲੱਗ ਪੈਂਦਾ।

'ਦੂਜੀ ਗੁੱਡੋ ਸੈਲਵਸੀ ਪੈਂਤੀ ਸਾਲਾਂ ਤੋਂ ਉਤੇ ਹੋ ਗਈ ਆ।ਫਰੀਦਾਬਾਦ ਮਲਟੀਨੇਸ਼ਨ ਕੰਪਨੀ 'ਚ ਪ੍ਰੋਜੈਕਟ ਅਫਸਰ ਆ, ਕਹਿੰਦੀ ਮੈਂ ਬਿਨਾਂ ਵਿਆਹ ਤੋਂ ਬੱਚਾ ਪੈਦਾ ਕਰਨਾ... ਮੈਂ ਤਾਂ ਕਹਿ 'ਤਾ ਜ਼ਿੰਦਗੀ 'ਚ ਸੁਖ ਮਿਲਣੇ ਚਾਹੀਦੇ ਆ ਜਿਵੇਂ ਮਰਜ਼ੀ ਮਿਲਣ...।'

ਮੋਹਨੀ ਭਾਪਾ ਜਦੋਂ ਬਾਹਲਾ ਹੀ ਜੋਸ਼ ਆ ਜਾਂਦਾ ਤਾਂ ਉਸਨੂੰ ਚੁੱਪ ਕਰਾਉਣ ਲਈ ਮੱਘਰ ਸਿੰਘ ਡਰਾਇਵਰ ਹੀ ਅੱਗੇ ਆਉਂਦਾ। ਮੱਘਰ ਸਿੰਘ ਰੋਡਵੇਜ਼ 'ਚੋਂ ਬੱਸ ਡਰਾਇਵਰ ਸੇਵਾ ਮੁਕਤ ਹੋਇਆ ਸੀ।ਜਥੇਬੰਦੀ ਦਾ ਪ੍ਰਧਾਨ ਸੀ, ਆਕੜ ਨਾਲ ਨੌਕਰੀ ਕੀਤੀ।ਅਫਸਰ ਮੱਘਰ ਸਿੰਘ ਦਾ ਹੋਰ ਕੁਝ ਤਾਂ ਵਿਗਾੜ ਨਹੀਂ ਸੀ ਸਕਦੇ ਪਰ ਉਸਨੂੰ ਟੁੱਟੀ ਬੱਸ ਤੇ ਲੰਡੂ ਰੂਟ ਦੇ ਕੇ ਆਪਣਾ ਗੁੱਸਾ ਕੱਢਦੇ। ਸੇਵਾ ਮੁਕਤ ਹੋ ਕੇ ਮੱਘਰ ਸਿੰਘ ਨੇ ਨੌਕਰੀ ਦੇ ਨਾਲ - ਨਾਲ ਪ੍ਰਧਾਨਗੀ ਵੀ ਛੱਡ ਦਿੱਤੀ।ਕਹਿੰਦਾ, 'ਚਿੱਤੜ ਘੱਸਗੇ ਸਾਰੀ ਉਮਰ ਬੱਸ ਚਲਾਉਂਦਿਆ ਦੇ...ਹੁਣ ਮੌਜ ਕਰਨੀ ਆ ਮੌਜ ...ਹੁਣ ਤਾਂ ਦੋ ਹੀ ਕੰਮ ਨੇ ਸਵੇਰ ਦੀ ਸੈਰ ਤੇ ਕਾਰ ਦੀ ਸੈਰ।'

ਉਸ ਦਿਨ ਵੀ ਮੱਘਰ ਸਿੰਘ ਨੇ ਮੋਹਨੀ ਭਾਪੇ ਨੂੰ ਵਲਦਿਆਂ ਕਿਹਾ,'ਹਾਂ ਬਈ ਮੋਹਨੀ ਦੇ ਤਾਂ ਰਿਸ਼ਤੇਦਾਰ ਵੀ ਬੜੇ ਅਡਵਾਂਸ ਨੇ ਜੀ... ਇਕ ਵਾਰ ਮੈਂ ਤੇ ਮੋਹਨੀ ਪਟਿਆਲੇ ਗਏ ਕਿਸੇ ਕੰਮ ਉਥੇ ਪੈ ਗਈ ਰਾਤ,ਉਤੋਂ ਮੀਂਹ ਹਨੇਰੀ... ਮੋਹਨੀ ਕਹਿੰਦਾ ਰਾਤ ਨੂੰ ਕੀ ਔਖੇ ਹੋਣੈ ਐਥੇ ਆਪਣੇ ਰਿਸ਼ਤੇਦਾਰ ਆ... ਵੱਡੀ ਕੋਠੀ ਆ... ਉਹਨਾਂ ਕੋਲ ਚੱਲਦੇ ਆਂ... ਰਾਤ ਕਾਫੀ ਹੋ ਗਈ ਸੀ ਅਸੀਂ ਰੋਟੀਆਂ ਹੋਟਲ ਤੋਂ ਖਾ ਕੇ ਮੋਹਨੀ ਕੇ ਰਿਸ਼ਤੇਦਾਰਾਂ ਦੇ ਘਰ ਜਾ ਵੜੇ... ਅਗੋਂ ਉਹਨਾਂ ਬਹੁਤ ਆਦਰ



ਮਾਣ ਕੀਤਾ... ਅਸੀਂ ਦੱਸਤਾ ਬਈ ਰੋਟੀ ਤਾਂ ਖਾਧੀ ਆ ਬੱਸ ਸੋਣਾ ਈ... ਲਓ ਵੀ ਪਟਿਆਲੇ ਆਲੇ ਕਹਿੰਦੇ ਆਹ ਕਮਰੇ 'ਚ ਸੌ ਜੋ... ਬੈਡ ਤੇ ਗੁੱਡੋ ਪਈ ਆ, ਨਾਲ ਹੀ ਤੁਸੀਂ ਪੈ ਜੋ... ਮੈਂ ਕਾਹਦਾ ਪੈਣਾ ਸੀ ਬੈਡ 'ਤੇ ਮੈਂ ਕਿਹਾ ਐਵੀਂ ਗੁੱਡੋ ਢਿੱਡ 'ਚ ਸਾਰੀ ਰਾਤ ਲੱਤਾਂ ਮਾਰੂ ਜਾਊ, ਆਪਾਂ ਤਾਂ ਸੋਫੇ 'ਤੇ ਪੈ ਗਏ ਤੇ ਮੋਹਨੀ ਇਕ ਪਾਸੇ ਜੇ ਹੋ ਕੇ ਬੈਡ 'ਤੇ ਪੈ ਗਿਆ।ਸੁਭਾ ਹੋਈ, ਰਿਸ਼ਤੇਦਾਰ ਸੱਜਣ ਕਹਿੰਦੇ ਆਓ ਜੀ ਭਾਪਾ ਜੀ ਰਾਤ ਤਾਂ ਰੋਟੀ ਨੀਂ ਖਾਧੀ ਹੁਣ ਪਰਾਂਠੇ ਜ਼ਰੂਰ ਖਾਇਆ ਜੇ... ਨਾਲ ਹੀ ਅੰਦਰ ਨੂੰ ਮੂੰਹ ਕਰਕੇ 'ਵਾਜ ਮਾਰੀ... ਗੁੱਡੋ ਲੈ ਆ ਪਰਾਂਠੇ।ਲਓ ਜੀ ਮੇਰੇ ਨਾਲੋਂ ਗਿੱਠ ਵੱਡੀ ਸੋਹਣੀ ਸੁਨੱਖੀ ਕੁੜੀ ਟਰੇਅ ਚੱਕੀ ਠੁੰਮਕ ਠੁੰਮਕ ਕਰਦੀ ਆ ਗਈ।ਕੁੜੀ ਪਰਾਂਠੇ ਰੱਖ ਕੇ ਚੱਲੀ ਗਈ।ਮੈਂ ਮਨ 'ਚ ਪਛਤਾਵਾਂ ਬਈ ਆਹ ਗੁੱਡੋ ਨਾਲ ਸੌਣ ਦਾ ਮੌਕਾ ਮੈਂ ਐਵੀਂ ਖੁੰਝਾ ਦਿੱਤਾ।

ਐਨੇ ਨੂੰ ਪਟਿਆਲੇ ਵਾਲਾ ਭਾਪਾ ਮੇਰੇ ਵੱਲ ਉਂਗਲ ਕਰਕੇ ਬੋਲਿਆ, ਮਨਮੋਹਨ ਸਿੰਘ ਭਾਜੀ ਭਾਈ ਸਾਅਬ ਦੀ ਤਾਰੀਫ... ਮੋਹਨੀ ਦੇ ਬੋਲਣ ਤੋਂ ਪਹਿਲਾਂ ਹੀ ਮੈਂ ਬੋਲ ਪਿਆ... ਅਸੀਂ ਜੀ ਜੱਬਲ ਭਾਊ ਹੁੰਦੇ ਆਂ, ਜਿਹੜੇ ਦਹੀਂ ਨੂੰ ਨਰਮੇ ਦੀ ਫੁੱਟ ਸਮਝਕੇ ਛੱਡ ਦਿੰਦੇ ਨੇ... ।' ਗੱਲ ਅੱਧ ਵਿਚਾਲੇ ਛੱਡ ਕੇ ਹੀ ਮੱਘਰ ਸਿੰਘ ਤਾੜੀਆਂ ਮਾਰ ਕੇ ਮੋਢੇ ਹਿਲਾਉਂਦਾ ਉੱਚੀ ਉੱਚੀ ਹੱਸਣ ਲੱਗਿਆ।

ਪਰ ਮੋਹਨੀ ਕਿਥੇ ਢੂਈ ਲੱਗਣ ਦਿੰਦਾ ਸੀ, ਫੱਟ ਬੋਲਿਆ, 'ਉਏ ਮੈਂ ਜਾਣਦਾਂ ਤੁਹਾਡੇ ਭਾਊਆਂ ਦੇ ਕੋੜਮੇ ਨੂੰ ...ਤੁਸੀਂ ਤਾਂ ਜਿੰਨ੍ਹੇ ਵੱਧ ਕਰਜ਼ਾਈ ਹੋਵੋਂ ਉਨ੍ਹਾਂ ਵੱਧ ਵਿਖਾਵਾ ਕਰਦੇ ਓਂ... ਲੱਖ ਦਾ ਕਰਜ਼ਾਈ ਤਾਂ ਚਿੱਟੇ ਕੱਪੜੇ... ਦੋ ਲੱਖ ਦਾ ਕਰਜ਼ਾਈ ਤਾਂ ਸੋਨੇ ਦਾ ਕੜਾ ਤੇ ਪੰਜ ਲੱਖ ਦਾ ਕਰਜ਼ਾਈ ਹੋਵੇ ਤਾਂ ਥੱਲੇ ਲੰਡੀ ਜੀਪ ਰੱਖਣਗੇ... ਉਏ ਅਸਾਂ ਤੁਹਾਨੂੰ ਮੰਜਾਂ ਬਿਸਤਰਾ 'ਤੇ ਦਿੱਤਾ ਨਾ ... ਤੁਸੀਂ 'ਤੇ ਅੰਦਰੇ ਦੜ ਪਏ ਰਹੇਂਦੇ ਓ, ਅੱਗੋਂ ਘਰਵਾਲੀ ਕਹੇਗੀ ਸਰਦਾਰੀ ਦੀ ਘਰ ਨੀਂ, ਵਾਂਢੇ ਗਏ ਨੇ...।'

ਪ੍ਰੋਫੈਸਰ ਬੇਅੰਤ ਸਿੰਘ ਉਹਨਾਂ ਦੀਆਂ ਇਨ੍ਹਾਂ ਹਰਕਤਾਂ 'ਤੇ ਕੌੜਦਾ ਉਹਨਾਂ ਨੂੰ ਉਮਰ ਦੇ ਹਿਸਾਬ ਨਾਲ ਬੰਦਾ ਬਣਨ ਲਈ ਕਹਿੰਦਾ।

ਪਰ ਅੱਗੋਂ ਮੋਹਨੀ ਭਾਪਾ ਸੌ ਦੀ ਇਕ ਸੁਣਾਉਂਦਾ, 'ਐਹ 'ਚ ਕੀ ਮਾੜਾ ਯਾਰ, ਲੁਕ ਲੁਕ ਕੇ ਝੱਸ ਪੂਰੇ ਕਰਨ ਨਾਲੋਂ ਖੁੱਲ ਬਹਾਰ ਨਾਲ ਸਗੋਂ ਸਵਾਦ ਵੱਧ ਆਉਂਦੇ... ਉਹ ਭਾਈ ਬੁਢਿਓ... ਐਵੀਂ ਨਾਂ ਸਾਰਾ ਦਿਨ ਬਾਹਰੀ ਕੀਰਤਨ ਕਰੀ ਜਾਇਆ ਕਰੋ... ਕਦੇ ਮਨ ਦੇ ਘੁੰਗਰੂ ਵੀ ਖੜਕਾ ਲਿਆ ਕਰੋ...।'

ਮੋਹਨੀ ਭਾਪਾ ਆਪਣੀ ਹੱਡ ਬੀਤੀ ਰਾਹੀਂ ਆਪਣੀ ਫਿਲਾਸਫੀ ਨੂੰ ਸੱਚ ਸਾਬਤ ਕਰਨ ਦਾ ਕੋਈ ਮੌਕਾ ਨਹੀਂ ਸੀ ਗਵਾਉਂਦਾ। ਇਕ ਦਿਨ ਕਹਿਣ ਲੱਗਿਆ, 'ਵੇਖੋ ਬਈ ਸਾਡਾ ਪਿਓ ਭਾਈਆ ਹੁਕਮ ਸਿਓਂ ਜਦੋਂ ਮੁਲਤਾਨੋਂ ਉਜੜ ਕੇ ਆਇਆ ਤਾਂ ਉਸਦੇ ਪਿੱਛੇ ਚਾਰ ਭੈਣਾਂ - ਤਿੰਨ ਭਾਈ ਤੇ ਪੰਜ ਧੀਆਂ - ਪੁੱਤ ਸੀ।ਕੋਲ ਤੀਲਾ ਵੀ ਨਹੀਂ ਸੀ।ਉਹਨੇ ਏਧਰ ਆਉਂਦਿਆਂ ਈ ਸੰਗ ਸ਼ਰਮ ਟੰਗ 'ਤੀ ਕਿੱਲੀ 'ਤੇ। ਕੁੜੀਆਂ ਦਿਨ ਚੜ੍ਹਦੇ ਹੀ ਗੋਹਾ ਇਕੱਠਾ ਕਰਨ ਜਾਂਦੀਆਂ, ਕੋਈ ਲਾਗਲੇ ਘਰਾਂ 'ਚ ਸਫਾਈ ਕਰਦੀ, ਕੋਈ ਕੱਪੜੇ ਸਿਓਂਦੀ, ਮੁੰਡੇ ਮੂੰਹ ਹਨੇਰੇ ਹੀ ਸਬਜ਼ੀ ਮੰਡੀ ਤੁਰ ਜਾਂਦੇ... ਗੱਡਿਆਂ 'ਚੋਂ ਪੰਡਾਂ ਲਾਹੁੰਦੇ-ਚੜ੍ਹਾਉਂਦੇ।ਮਜ਼ਦੂਰੀ ਬਦਲੇ ਪੈਸਿਆਂ ਦੀ ਥਾਂ ਸਬਜ਼ੀ ਲੈਂਦੇ। ਸਬਜ਼ੀ ਲਿਆ ਕੇ ਗਲੀ 'ਚ ਵੇਚ ਦਿੰਦੇ ਮਜ਼ਦੂਰੀ ਨਾਲੋਂ ਜ਼ਿਆਦਾ ਪੈਸੇ ਬਣ ਜਾਂਦੇ।ਭਾਈਆ ਤੇ ਬੇਬੇ, ਬਾਬੇ ਦੇ ਬੋਲਣ ਤੋਂ ਪਹਿਲਾਂ ਹੀ ਗੁਰਦੁਆਰੇ ਦੇ ਬਾਰ ਮੂਹਰੇ ਜਾ ਖੜਦੇ... ਚੁਬੱਚਾ ਧੋਂਦੇ... ਮਹਾਰਾਜ ਦੀ ਸਵਾਰੀ ਤਿਆਰ ਕਰਾਉਂਦੇ... ਪਰਿਕਰਮਾ ਸਾਫ ਕਰਦੇ। ਪ੍ਰਸ਼ਾਦ ਤਿਆਰ ਕਰਦੇ। ਜੁੱਤੀਆਂ ਝਾੜਦੇ।ਵਾਹਿਗੁਰੂ ਵਾਹਿਗੁਰੂ ਕਰਦੇ।ਨਾਲੇ ਪੁੰਨ ਨਾਲੇ ਫਲੀਆਂ।ਆਉਣ ਲੱਗੇ ਪੰਡ ਰੋਟੀਆਂ ਦੀ ਤੇ ਡੋਲੂ ਦਾਲ ਦਾ ਲਿਆਉਂਦੇ।ਗੱਲ ਕੀ ਖਰਚਾ ਕੋਈ ਨੀਂ ਖਾਣ - ਪੀਣ ਮੁਫਤੋ -

ਮੁਫਤੀ। ਜਿਹੜੇ ਪੈਸੇ ਹੱਥ ਆਉਣੇ ਭਾਈਏ ਨੇ ਭੌਂਇ 'ਚ ਦੱਬੇ ਤੌੜੇ 'ਚ ਪਾਈ ਜਾਣੇ। ਸਾਡੇ ਨਾਲ ਉਜੜ ਕੇ ਆਇਆਂ ਦੀ ਅੱਜ ਤੀਜੀ ਪੀੜ੍ਹੀ ਵੀ ਰੁਲਦੀ ਫਿਰਦੀ ਆ ਭਾਈ ਸਾਹਿਬ... ਪਰ ਸਾਡੇ ਭਾਈਏ ਨੇ ਪੰਜਵੇਂ ਸਾਲ ਈ ਸਬਜ਼ੀ ਮੰਡੀ 'ਚ ਆੜਤ ਕਰ ਲਈ ਸੀ। ਹੁਣ ਚਾਰ ਸ਼ੈਲਰ, ਕਾਟਨ ਫੈਕਟਰੀ, ਦੋ ਲੋਹੇ ਦੀਆਂ ਫੈਕਟਰੀਆਂ, ਤਿੰਨ ਆੜਤਾਂ, ਦੋ ਬਜਾਜੀ ਦੀਆਂ ਦੁਕਾਨਾਂ ਤੇ ... ਹੁਣ ਤੁਹਾਨੂੰ ਕੀ - ਕੀ ਦੱਸਾਂ... ਤੁਹਾਡੇ ਤੋਂ ਕਿਹੜਾ ਭੁੱਲਿਆ... ਸਰਕਾਰ ਬਾਂਹ ਫੜੇ ਤਾਂ ਜਹਾਜ਼ਾਂ ਦੀ ਫੈਕਟਰੀ ਕਿਹੜਾ ਨਾ ਲਾ ਦਈਏ...। ਮਿੱਤਰ ਪਿਆਰਿਓ, ਜੇ ਭਾਈਆ ਦਿਲ ਨੂੰ ਲਾ ਲੈਂਦਾ ਦੇਸ਼ ਦੀ ਵੰਡ ਦਾ ਵਿਯੋਗ ... ਜੰਮਣ ਭੋਂਇ ਦਾ ਵਿਛੋੜਾ... ਲੁੱਟ ਖੋਹ ਦੇ ਦ੍ਰਿਸ਼... ਮੇਰਾ ਘਰ... ਮੇਰਾ ਪਿੰਡ ... ਫਲਾਣਾ ਢਮਕਾਣਾ ਤਾਂ ਟੋਭਾ ਟੇਕ ਸਿੰਘ ਤਾਂ ਬਣ ਸਕਦਾ ਸੀ ਪਰ ਹੁਕਮ ਸਿੰਘ ਐਂਡ ਕੰਪਨੀ ਲਿਮਟਿਡ ਦਾ ਮਾਲਕ ਸਰਦਾਰ ਹੁਕਮ ਸਿੰਘ ਭਾਟੀਆ ਸਿਆਲਕੋਟ ਵਾਲਾ ਨਹੀਂ ਸੀ ਬਣ ਸਕਦਾ। ਤਾਂ ਹੀ ਤਾਂ ਮੈਂ ਕਹਿਣਾ ਖਾਓ ਪੀਓ ਕਰੋ ਆਨੰਦ... ਭਾਵੇਂ ਨਿੱਤ ਹੋਵੇ ਮੁਲਕਾਂ ਦੀ ਵੱਢ ਟੁੱਕ ...ਸੰਗ ਸ਼ਰਮ ਟੰਗੋ ਕਿਲੇ 'ਤੇ, ਦੱਬ ਕੇ ਕਮਾਓ, ਖੁੱਲ੍ਹਾ ਖਾਓ, ਨੰਗੇ ਨਹਾਓ... ਆਪਣੇ ਤੋਂ ਨੀਂ ਕੱਟ ਹੁੰਦੀ ਭੁੱਖ... ਹਾ ਹਾ ਹਾ।'

ਭਾਪਾ ਪਾਰਟੀ ਦੇ ਮੈਂਬਰ ਆਪਣੇ ਆਪ ਦੀ ਪੜਚੋਲ ਕਰਦੇ, ਝੁਰਦੇ ਤੇ ਤਰਕੀਬਾਂ ਲੜਾਉਂਦੇ ਘਰਾਂ ਨੂੰ ਤੁਰ ਜਾਂਦੇ।

ਅਜੇ ਕੁਝ ਮਹੀਨੇ ਪਹਿਲਾਂ ਹੀ ਭਾਪਾ ਪਾਰਟੀ ਕੁੱਲੂ ਮਨਾਲੀ ਦੀ ਸੈਰ 'ਤੇ ਜਾ ਕੇ ਆਈ ਸੀ। ਮੋਹਨੀ ਭਾਪਾ ਤਾਂ ਹਰ ਵਰ੍ਹੇ ਆਪਣੀ ਪਤਨੀ ਸੁਮਨ ਨਾਲ ਜਾਂਦਾ ਰਿਹਾ। ਇਸ ਵਾਰ ਸੁਮਨ ਦੇ ਗੋਡੇ ਦਰਦ ਕਰਦੇ ਸੀ ਤਾਂ ਉਸਨੇ ਸਾਰੀ ਸੈਰ ਪਾਰਟੀ ਨਾਲ ਮਨਾਲੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮਨਾਲੀ 'ਚ ਫਾਲ ਹੇਠ ਨਹਾਉਂਦਿਆਂ ਉਸਨੇ ਪ੍ਰੋਫੈਸਰ ਬੇਅੰਤ ਸਿੰਘ ਨੂੰ ਦੱਸਿਆ ਕਿ ਕਈ ਵਰ੍ਹੇ ਪਹਿਲਾਂ ਜਦੋਂ ਮੁੰਡਾ ਨਵਾਂ ਵਿਆਹਿਆ ਸੀ ਤਾਂ ਉਹ ਪੂਰੇ ਪਰਿਵਾਰ ਨਾਲ ਮਨਾਲੀ ਆਇਆ ਸੀ। ਉਨ੍ਹਾਂ ਨੂੰ ਹੋਟਲ 'ਚ ਬੈਠਿਆਂ ਛੱਡ ਕੇ ਮੁੰਡਾ ਤੇ ਬਹੂ ਫਾਲ ਹੇਠ ਨਹਾਉਣ ਵਾਸਤੇ ਤੁਰ ਪਏ। ਪਰ ਘੁਣਤਰੀ ਮੋਹਨੀ ਵੀ ਕਿਥੇ ਟਿਕਣ ਵਾਲਾ ਸੀ। ਉਹ ਵੀ ਆਪਣੀ ਘਰਵਾਲੀ ਸੁਮਨ ਨਾਲ ਮਗਰੇ ਮਗਰ ਮੂਵੀ ਕੈਮਰਾ ਲੈ ਕੇ ਆ ਗਿਆ। ਨਾਲੇ ਤਾਂ ਆਪ ਦੋਵੇਂ ਜੀਅ ਫਾਲ ਹੇਠ ਨਹਾਤੇ ਨਾਲੇ ਮੁੰਡੇ ਤੇ ਬਹੂ ਦੀ ਮੂਵੀ ਬਣਾ ਲਈ। ਜਦੋਂ ਘਰੇ ਜਾ ਕੇ ਵਿਖਾਈ ਤਾਂ ਮੁੰਡਾ ਬਹੂ ਡਾਢੇ ਖੁਸ਼ ਹੋਏ।

ਘਟਨਾ ਦਾ ਵੇਰਵਾ ਦਿੰਦਿਆਂ ਮੋਹਨੀ ਭਾਪੇ ਨੇ ਲਾਲ ਸੂਹੇ ਹੋ ਗਏ ਮੂੰਹ ਨਾਲ ਕਿਹਾ,' ਜੇ ਮੈਂ ਹੋਟਲ 'ਚ ਬੈਠਾ ਖਿਝੀ ਜਾਂਦਾ... ਤਾਂ ਆਪਣਾ ਹੀ ਖੂਨ ਸਾੜਨਾ ਸੀ... ਹੁਣ ਮੁੰਡਾ ਬਹੂ ਆਪਣੇ ਥਾਂ 'ਤੇ ਆਨੰਦ ਮਾਣ ਆਏ ਅਸੀਂ ਆਵਦੇ ਥਾਂ 'ਤੇ... ਉਹ ਕਮਲਿਆ ਕਿਤੇ ਅਹੋ ਜੇ ਸੀਨ ਰੱਖੇ ਪਏ ਨੇ... ਕਿਸੇ ਗੁਸਲਖਾਨੇ 'ਚ ਨਹਾਉਂਦੀ ਕੁੜੀ ਬੁੜੀ ਵੱਲ ਕੋਈ ਵੇਖ ਲਵੇ ਤਾਂ ਚੌਥੇ ਦਿਨ ਭੋਗ ਪੈ ਜਾਂਦੈ..ਐਥੇ ਤਾਂ ਸੁਖ ਨਾਲ ਮੇਲਾ ਲੱਗਿਆ... ਸਾਰੇ ਆਪਣੇ ਆਪ 'ਚ ਮਸਤ... ਐਵੀਂ ਬੁੜੇ ਬਣ ਕੇ ਬੈਠੇ ਟਲੀਆਂ ਵਜਾਈ ਜਾਓ.. ਖਾਓ ਪੀਓ ਕਰੋ ਆਨੰਦ... ਨਾਲੇ ਮੂਵੀ ਬਣਾ ਕੇ ਮੁੰਡੇ ਤੇ ਬਹੂ ਨੂੰ ਖੁਸ਼ ਕਰਤਾ ਨਾਲੇ ਆਪ ਖੁਸ਼ ਹੋ ਲਏ... ਓ ਭਗਤੋ ਐਹੋ ਜਿਹੇ ਮੌਕੇ ਰੋਜ਼ ਰੋਜ਼ ਨੀਂ ਮਿਲਦੇ... ਜਵਾਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਾਂ ਤਾਂ ਹੀ ਨੇ ਮਿਲਦੇ ਨੇ ਰੱਸਗੁੱਲੇ ... ਹਾ... ਹਾ... ਹਾ...।'

ਮੋਹਨੀ ਭਾਪੇ ਦੀਆਂ ਗੱਲਾਂ ਨਾਲ ਭਾਪਾ ਪਾਰਟੀ ਦਾ ਖੂਨ ਵੀ ਦੋਗੁਣਾ ਹੋ ਜਾਂਦਾ। ਉਹ ਆਪਣੇ ਜਿਓਣ ਦਾ ਥੋੜਾ ਬਹੁਤ ਢੰਗ ਤਰੀਕਾ ਬਦਲ ਵੀ ਲੈਂਦੇ। ਪਰ ਹੁਣ ਜਦੋਂ ਮੋਹਨੀ ਭਾਪਾ ਹੀ ਚੁੱਪ ਹੋ ਗਿਆ ਤਾਂ ਉਹ ਵੀ ਡਾਢੇ ਨਿਰਾਸ਼ ਹੋ ਗਏ। ਉਨ੍ਹਾਂ ਨੂੰ ਕੋਈ ਅਜਿਹਾ ਭੇਤ ਨਹੀਂ ਸੀ ਲੱਭ ਰਿਹਾ ਕਿ ਉਸਨੂੰ ਕਿਹੜਾ ਦੁੱਖ ਲੱਗ ਗਿਆ ਕਿ ਉਹ ਬੁੱਝ ਕੇ ਰਹਿ ਗਿਆ।

ਉਸ ਦਿਨ ਵੀ ਸੈਰ ਪਾਰਟੀ ਡਾਹਢੀ ਉਦਾਸ ਸੀ, ਜਿਸ ਦਿਨ ਗੁਰਬਖਸ਼ ਸਿੰਘ ਨੂੰ ਉਸਦੇ



ਮੁੰਡਿਆਂ ਨੇ ਘਰ ਆ ਕੇ ਕੁੱਟਮਾਰ ਕੀਤੀ ਤੇ ਜ਼ਬਰਦਸਤੀ ਕਾਗਜ਼ਾ 'ਤੇ ਦਸਤਖਤ ਕਰਵਾਕੇ ਲੈ ਗਏ। ਕੁੱਟ ਨਾਲ ਮਰਨ ਹਾਲ ਹੋਇਆ ਗੁਰਬਖਸ਼ ਸਿੰਘ ਹਸਪਤਾਲ 'ਚ ਪਿਆ ਸੀ। ਉਸਦੀ ਘਰਵਾਲੀ ਦਾ ਰੋ - ਰੋ ਕੇ ਬੁਰਾ ਹਾਲ ਸੀ। ਗੁਰਬਖ਼ਸ ਸਿੰਘ ਦੀ ਖ਼ਬਰ ਨੂੰ ਗਏ ਸੈਰ ਪਾਰਟੀ ਦੇ ਸਾਰੇ ਮੈਂਬਰ ਉਸਦੀ ਹਾਲਤ ਵੇਖ ਕੇ ਬਹੁਤ ਦੁੱਖੀ ਹੋਏ। ਉਦੋਂ ਪਹਿਲੀ ਵਾਰ ਮੋਹਨੀ ਭਾਪੇ ਨੇ ਮੁੰਡਿਆਂ ਦੇ ਕਾਰੇ 'ਤੇ ਅਫਸੋਸ ਜਾਹਿਰ ਕੀਤਾ ਸੀ।

ਸੈਰ ਪਾਰਟੀ ਹੁਣ ਫਿਰ ਉਸੇ ਤਰਾਂ ਦੇ ਦੁੱਖ 'ਚੋਂ ਲੰਘ ਰਹੀ ਸੀ। ਅਖੀਰ ਕਈ ਦਿਨ ਹੱਥ ਪੱਲਾ ਮਾਰਨ ਤੋਂ ਬਾਅਦ ਜਦੋਂ ਕੋਈ ਲੜ ਨਾ ਥਿਆਇਆ ਤਾਂ ਭਾਪਾ ਪਾਰਟੀ, ਮੋਹਨੀ ਭਾਪੇ ਦੇ ਘਰ ਪਹੁੰਚ ਗਈ। ਘੋਖ ਕੀਤੀ। ਘਰ ਸਭ ਠੀਕ ਠਾਕ ਸੀ। ਉਸਦੀ ਪਤਨੀ ਸੁਮਨ ਲਤਾ ਨੇ ਵੀ ਕੋਈ ਇਹੋ ਜਿਹੀ ਗੱਲ ਨਹੀਂ ਦੱਸੀ ਜਿਸ ਨਾਲ ਉਸਦੀ ਚੁੱਪ ਦਾ ਭੇਤ ਖੁੱਲ ਸਕੇ। ਸਗੋਂ ਪ੍ਰੋਫੈਸਰ ਬੇਅੰਤ ਸਿੰਘ ਦੇ ਕਹਿਣ 'ਤੇ ਮੋਹਨੀ ਭਾਪੇ ਨੇ ਆਪਣੇ ਸੁਮਨ ਨਾਲ ਹੋਏ ਵਿਆਹ ਦੀ ਗਾਥਾ ਇਕ ਵਾਰੀ ਫੇਰ ਵਿਸ਼ੇਸ਼ ਭਾਪਾ ਅੰਦਾਜ਼ 'ਚ ਸੁਣਾਈ। ਮੂੰਹ 'ਤੇ ਲਾਲੀ ਲਿਆਉਂਦਿਆਂ ਉਸ ਦੱਸਿਆ ਕਿ ਸੁਮਨ ਨੂੰ ਪਹਿਲੀ ਵਾਰ ਉਸਨੇ ਇਕ ਵਿਆਹ 'ਚ ਵੇਖਿਆ ਸੀ ਤੇ ਉਸ ਨੂੰ ਵੇਖਦਿਆਂ ਹੀ ਉਸ ਨਾਲ ਵਿਆਹ ਦਾ ਮਨ ਬਣਾ ਲਿਆ। ਪਰ ਉਸਦਾ ਭਰਾ ਆਪਣੀ ਸਾਲੀ ਦਾ ਰਿਸ਼ਤਾ ਕਰਾਉਣਾ ਚਾਹੁੰਦਾ ਸੀ। ਭਰਜਾਈ ਉਸਦੀ ਸੁਮਨ ਨਾਲ ਗੱਲ ਨਹੀਂ ਸੀ ਤੁਰਨ ਦਿੰਦੀ। ਅਖੀਰ ਉਹ ਆਪ ਹੀ ਆਪਣਾ ਵਿਚੋਲਾ ਬਣਿਆ। ਉਨ੍ਹਾਂ ਵੇਲਿਆਂ 'ਚ ਇਹ ਬਹੁਤ ਵੱਡੀ ਗੱਲ ਸੀ। ਉਸਨੇ ਆਪਣੇ ਭਾਪਾ ਅੰਦਾਜ਼ ਨਾਲ ਅਲਾਹਾਬਾਦ ਵੱਸਦੇ ਸੁਮਨ ਦੇ ਮਾਪਿਆਂ ਨੂੰ ਵੀ ਆਪਣੇ ਵੱਸ 'ਚ ਕਰ ਲਿਆ। ਵਿਆਹ ਦਾ ਦਿਨ ਖੁਦ ਹੀ ਤੈਅ ਕੀਤਾ। ਅਲਾਹਾਬਾਦ ਦੇ ਸਾਰੇ ਬੈਂਡ ਵਾਜੇ, ਆਤਿਸ਼ਬਾਜ਼ੀ ਤੇ ਟੈਕਸੀਆਂ ਵਾਲਿਆਂ ਨੂੰ ਸਾਈਆਂ ਦਿੱਤੀਆਂ। ਘਰ ਆ ਕੇ ਦੱਸ ਦਿੱਤਾ ਕਿ ਉਹ ਆਪਣਾ ਰਿਸ਼ਤਾ ਪੱਕਾ ਕਰ ਆਇਆ ਹੈ। ਘਰਦਿਆਂ ਨੇ ਕੁਝ ਨਹੀਂ ਕਰਨਾ ਸਿਵਾਏ ਸੋਹਣੇ ਕੱਪੜੇ ਪਾ ਕੇ ਅਲਾਹਾਬਾਦ ਪਹੁੰਚਣ ਦੇ। ਉਸਦਾ ਵੱਡਾ ਭਰਾ ਰਿਸ਼ਤਾ ਤੋੜਣ ਦੀਆਂ ਧਮਕੀਆਂ ਦੇਵੇ। ਭਾਬੀ ਮਹੁਰਾ ਖਾ ਕੇ ਮਰਨ ਨੂੰ ਫਿਰੇ। ਪਰ ਮੋਹਨੀ ਭਾਪਾ ਉਹੀਂ 'ਖਾਓ ਪੀਓ ਕਰੋ ਆਨੰਦ...' ਦਾ ਫਾਰਮੂਲਾ ਵਰਤੀ ਗਿਆ।

ਭਾਈਏ ਹੁਕਮ ਸਿੰਘ ਨੇ ਮਾਮਲੇ ਦੀ ਨਜ਼ਾਕਤ ਵੇਖਦਿਆਂ ਮੋਹਨੀ ਭਾਪੇ ਦੇ ਵੱਡੇ ਭਰਾ ਨੂੰ ਮੱਤ ਦਿੱਤੀ,' ਕਮਲਿਆ ਜੇ ਅਗਲਾ ਆਪੇ ਵਿਆਹ ਕਰਾਉਂਦਾ ਈ ਤਾਂ ਚੰਗੀ ਗੱਲ ਆ... ਕੱਲ੍ਹ ਨੂੰ ਜੇ ਕੁੜੀ ਮਾੜੀ ਨਿਕਲੀ ਤਾਂ ਮੁੜ ਸਾਡੇ ਸਿਰ ਠੀਕਰਾ ਨਾ ਭੱਜੂ... ਪਤਾ ਨੀਂ ਕਿਹੋ ਜਿਹੀ ਨਿਕਲੂ... ਜੇ ਭੱਜਗੀ ਫੇਰ ਤੂੰ ਰਿਸ਼ਤਾ ਕਰਾਦੀ ਆਪਣੀ ਸਾਲੀ ਦਾ...ਹੁਣੇ ਤੂੰ ਕਿਉਂ ਤੁਰੀ ਜਾਂਦੀ ਬਲਾ ਗਲ ਪਵਾਉਣੇ... ।'

ਖੈਰ ਖੂਬ ਵਾਜਿਆਂ ਗਾਜਿਆਂ ਨਾਲ ਵਿਆਹ ਹੋਇਆ। ਦੋ ਸਾਲ ਤਾਂ ਹਨੀਮੂਨ ਹੀ ਚੱਲਦਾ ਰਿਹਾ। ਕਦੇ ਅਲਾਹਾਬਾਦ, ਕਦੇ ਬੰਬਈ, ਕਦੇ ਮਨਾਲੀ ਤੇ ਕਦੇ ਕਿਤੇ ਹੋਰ। ਹੁਕਮ ਸਿੰਘ ਖੱਤਰੀ ਦੇ ਖਾਨਦਾਨ 'ਚੋਂ ਮੋਹਨੀ ਭਾਪਾ ਪਹਿਲਾ ਆਦਮੀ ਸੀ ਜਿਹਨੇ ਹਨੀਮੂਨ ਨੂੰ ਜ਼ਿੰਦਗੀ 'ਚ ਲਿਆਂਦਾ।

'ਲਓ ਜੀ ਆਪਾਂ ਤਾਂ ਹੁਣ ਵੀ ਐਸ਼ਾਂ ਕਰਦੇ ਆਂ, ਜਿਹੜੀ ਚੀਜ਼ ਨੂੰ ਚਿੱਤ ਕਰਦਾ ਖਾਂਦੇ ਆਂ... ਜਿਥੇ ਚਿੱਤ ਕਰਦੈ ਜਾਂਦੇ ਆਂ... ਹੋਰ ਦੱਸੋ ਪ੍ਰੋਫੈਸਰ ਸਾਹਿਬ ਕੀ ਚਾਹੀਦੈ...।' ਮੋਹਨੀ ਭਾਪਾ ਥੋੜਾ ਜਿਹਾ ਟਹਿਕਿਆ।

ਸੁਮਨ ਭਰਜਾਈ ਨੇ ਅਲਾਹਾਬਾਦੀ ਅੰਦਾਜ਼ 'ਚ ਸੈਰ ਪਾਰਟੀ ਨੂੰ ਚਾਹ-ਪਾਣੀ ਪਿਆਇਆ।

ਅਗਲੀ ਸਵੇਰ ਮੋਹਨੀ ਭਾਪਾ ਸੈਰ 'ਤੇ ਤਾਂ ਆ ਗਿਆ ਪਰ ਉਸਦੀ ਉਦਾਸੀ ਵੀ ਨਾਲ

ਹੀ ਸੀ। ਕੋਈ ਤਿੱਖੀ ਨਸ਼ਤਰ ਉਸਦੇ ਸੀਨੇ ਅੰਦਰ ਡੂੰਘੀ ਲੱਥੀ ਸੀ। ਹੌਲੀ – ਹੌਲੀ ਉਸਦਾ ਸੈਰ ’ਤੇ ਆਉਣਾ ਘਟ ਗਿਆ। ਗੁਰਬਖਸ਼ ਸਿੰਘ ਨੇ ਵੀ ਸੈਰ ਘਟਾ ਦਿੱਤੀ ਹੈ ਤੇ ਬਿਸ਼ਨ ਸਿੰਘ ਵੀ ਲੰਙੇ ਡੰਗ ਆਉਂਦਾ ਹੈ। ਮਜ਼ਬੂਰ ਹੋਏ ਪ੍ਰੋਫੈਸਰ ਬੇਅੰਤ ਸਿੰਘ ਹੋਰੀਂ, ਡਾਕਟਰ ਅੰਮ੍ਰਿਤ ਰਾਜ ਹੋਰਾਂ ਦੀ ਟੋਲੀ ’ਚ ਰਲ ਗਏ।

ਬਜ਼ਾਰ ਜਾਂ ਕਿਸੇ ਵਿਆਹ-ਸ਼ਾਦੀ ’ਤੇ ਮੋਹਨੀ ਭਾਪਾ ਤੇ ਸੁਨੀਤਾ, ਪ੍ਰੋਫੈਸਰ ਬੇਅੰਤ ਸਿੰਘ ਨੂੰ ਮਿਲ ਜਾਂਦੇ। ਸੁਨੀਤਾ ਦਾ ਅੰਦਾਜ਼ ਉਸੇ ਤਰਾਂ ਸ਼ੌਕੀਨੀ ਵਾਲਾ ਸੀ, ਪਰ ਮੋਹਨੀ ਭਾਪਾ ਦੀ ਟਹਿਕ ਮਰ ਚੁੱਕੀ ਸੀ। ਉਸਦੇ ਬਰੈਂਡਿਡ ਦੀ ਬਜਾਏ ਦਰਜੀ ਦੇ ਸਿਉਂਤੇ ਕੱਪੜੇ ਪਾਏ ਹੁੰਦੇ, ਜ਼ਿਆਦਾਤਰ ਕੁੜਤਾ ਪਜ਼ਾਮਾ ਹੀ। ਪੱਗ ਵੀ ਚਿੱਟੀ ਬਣਦਾ। ਦਾੜ੍ਹੀ ’ਚ ਚਾਰ ਚਾਰ ਉਂਗਲਾ ਦਿੱਸਦੇ ਚਿੱਟੇ ਵਾਲ ਦੱਸਦੇ ਸਨ ਕਿ ਉਸਨੇ ਵਸਮਾ ਲਾਉਣਾ ਬੰਦ ਕੀਤਾ ਹੋਇਆ ਹੈ।

ਮੋਹਨੀ ਭਾਪੇ ਦੀ ਮੁਸਕਰਾਹਟ ਦੇ ਨਾਲ, ਉਸਦੇ ਜਿਓਣ ਦਾ ਸ਼ਾਹੀ ਅੰਦਾਜ਼ ਦਾ ਗਾਇਬ ਹੋਣਾ ਪ੍ਰੋਫੈਸਰ ਬੇਅੰਤ ਸਿੰਘ ਲਈ ਇਕ ਸਦਮਾ ਬਣ ਗਿਆ ਸੀ। ਮੋਹਨੀ ਭਾਪਾ ਤਾਂ ਬੁੱਢਿਆਂ ਲਈ ਆਸ ਦੀ ਕਿਰਨ ਸੀ। ਇਸ ਕਿਰਨ ਦਾ ਰਮਤੇ ਰਮਤੇ ਬੁੱਝਦਾ ਜਾਣਾ ਪ੍ਰੋਫੈਸਰ ਬੇਅੰਤ ਸਿੰਘ ਤੋਂ ਸਹਿਣ ਨਹੀਂ ਸੀ ਹੁੰਦਾ।

ਇਕ ਦਿਨ ਹਸਪਤਾਲ ’ਚ ਗੁਰਬਖਸ਼ ਸਿੰਘ ਦਾ ਪਤਾ ਲੈਣ ਗਏ ਮੋਹਨੀ ਭਾਪੇ ਨੂੰ ਪ੍ਰੋਫੈਸਰ ਬੇਅੰਤ ਸਿੰਘ ਵੀ ਮਿਲ ਗਿਆ। ਉਸਨੇ ਸਿੱਧਾ ਸਵਾਲ ਕੀਤਾ, ‘ਬੁਢੇ ਵਾਰੇ ਕਿਤੇ ਇਸ਼ਕ ਦਾ ਰੋਗ ਤਾਂ ਨਹੀਂ ਲੱਗ ਗਿਆ ਹਾਈ ਫਾਈ ਸਿੰਘ ... ਕਿਤੇ ਚੀਨੀ ਕਮ ਤਾਂ ਨਹੀਂ ਹੋ ਗਈ ਤੇਰੀ।’

‘ਪ੍ਰੋਫੈਸਰ ਸਾਅਬ ਕੀ ਗੱਲਾਂ ਕਰਦੈਂ ਓਂ ... ਸ਼ਰਮ ਕਰੋ ... ਤੁਹਾਨੂੰ ਤੈ ਪਤਾ ਮੈਂ ਸੁਮਨ ਨਾਲ ਪਹਿਲਾ ਪਿਆਰ ਤੇ ਆਖਰੀ ਵਿਆਹ ਕੀਤਾ ... ਹੋਰ ਕੋਈ ਇੱਛਾ ਹੀ ਨਹੀਂ... ਬਾਕੀ ਤਾਂ ਐਵੇਂ ਕਰਨ ਦੀਆਂ ਗੱਲਾਂ ਹਨ ਜਿਹੜੀਆਂ ਕਰਦੇ ਹੁੰਦੇ ਸੀ... ਹੋਰ ਕਿਤੇ ...।’

ਮੋਹਨੀ ਭਾਪੇ ਦੇ ਫਿਕਰਿਆਂ ਵਿਚਲੇ ਅਧੂਰੇਪਣ ਨੂੰ ਭਾਂਪਦਿਆਂ ਪ੍ਰੋਫੈਸਰ ਬੇਅੰਤ ਸਿੰਘ ਬੋਲਿਆ, ‘ਹੋਰ ਤੈਨੂੰ ਕੀ ਤਕਲੀਫ ਐ... ਜਿਹੜਾ ਕਦੇ ਵੱਡੇ ਤੋਂ ਵੱਡੇ ਦੁੱਖ ’ਚ ਚੁੱਪ ਨਹੀਂ ਕੀਤਾ ਉਹਨੂੰ ਹੁਣ ਦੱਸ ਕੀ ਸੱਪ ਸੁੰਘ ਗਿਐ ?’

‘ਯਾਰ ਕੁਝ ਸਮਝ ਨਹੀਂ ਆਉਂਦੀ... ਕੀ ਦੱਸਾਂ, ਕਿਵੇਂ ਦੱਸਾਂ... ਗੱਲ ਵੀ ਕੁਝ ਨਹੀਂ ... ਪਰ ਹੈ ਵੀ ਵੱਡੀ... ਬੱਸ ਭਰਾਵਾ ਮਿੰਨਤ ਆ ਤੂੰ ਕੁਝ ਨਾ ਪੁੱਛ...।’ ਖਾਓ ਪੀਓ ਵਰਗੇ ਫਿਕਰੇ ਘੜਣ ਵਾਲੇ ਮੋਹਨੀ ਭਾਪੇ ਦੀ ਇਸ ਰਸਹੀਣ ਫਿਲਾਸਫੀ ਤੋਂ ਪ੍ਰੇਸ਼ਾਨ ਹੁੰਦਿਆਂ ਅਖੀਰ ਪ੍ਰੋਫੈਸਰ ਬੇਅੰਤ ਸਿੰਘ ਨੇ ਰੋਣਹਾਕੇ ਹੋ ਕੇ ਪੁੱਛਿਆ,‘ਮਨਮੋਹਨ ... ਭਾਪਿਆਂ ਵਾਲੀ ਨਾ ਕਰ... ਮੈਂ ਤੈਨੂੰ ਭਰਾ ਮੰਨਿਆ ਮੇਰੇ ਤੋਂ ਤੇਰਾ ਦੁੱਖ ਜਰਿਆ ਨੀਂ ਜਾਂਦਾ... ਭਰਾਵਾ, ਜੋ ਮਰਜ਼ੀ ਕਹਿ... ਤੈਨੂੰ ਸੁਮਨ ਭਰਜਾਈ ਦੀ ਸਹੁੰ ਜੇ ਤੂੰ ਝੂਠ ਬੋਲੇਂ ਤਾਂ, ਸੱਚੀ ਗੱਲ ਦੱਸ ਦੇਹ...।’

ਮੋਹਨੀ ਭਾਪੇ ਦੇ ਚਿਹਰੇ ਦਾ ਰੰਗ ਹੋਰ ਪੀਲਾ ਹੋ ਗਿਆ। ਉਸਦੀਆਂ ਗੱਲ੍ਹਾਂ ਢਿੱਲਕ ਹੋ ਗਈਆਂ। ਸਰੀਰ ਕੰਬਣ ਲੱਗ ਪਿਆ। ਉਸ ਨੀਵੀਂ ਪਾ ਲਈ।

‘ਇਹ ਕੀ ਕਹਿ ਤਾਂ ਤੂੰ ਪ੍ਰੋਫੈਸਰ... ਤੂੰ ਮੌਜ ਕਰ... ਤੂੰ ਕੀ ਲੈਣਾ ਮੇਰੇ... ਖਾਓ ਪੀਓ...।’ ਮੋਹਨੀ ਭਾਪਾ ਫਿਰ ਥਥਲਾਇਆ।

‘ਨਹੀਂ ਹੁਣ ਤੇਰੇ ਖਾਓ ਪੀਓ ’ਚ ਉਹ ਗੱਲ ਨੀਂ ਰਹੀ... ਸਿੱਧੀ ਗੱਲ ਕਰ...।’ ਪ੍ਰੋਫੈਸਰ ਬੇਅੰਤ ਸਿੰਘ ਨੇ ਉਸਨੂੰ ਵਲਦਿਆਂ ਕਿਹਾ।

ਮੋਹਨੀ ਭਾਪੇ ਦੀਆਂ ਅੱਖਾਂ ਭਰ ਆਈਆਂ। ਉਹ ਪ੍ਰੋਫੈਸਰ ਬੇਅੰਤ ਸਿੰਘ ਨੂੰ ਕੰਬਦੇ ਹੱਥਾਂ ਨਾਲ ਬਾਂਹ ਤੋਂ ਫੜ ਕੇ ਹਸਪਤਾਲ ਦੇ ਇਕ ਖਾਲੀ ਖੂੰਜੇ ਵੱਲ ਲੈ ਗਿਆ। ਕਾਫੀ ਦੇਰ ਚੁੱਪ ਬੈਠਾ ਰਿਹਾ,



ਜਿਵੇਂ ਅੰਦਰੋ ਅੰਦਰ ਕੋਈ ਵੱਡਾ ਫੈਸਲਾ ਕਰ ਰਿਹਾ ਹੋਵੇ। ਜੰਗ ਦੀ ਜਿੱਤ ਜਾਂ ਹਾਰ ਦੇ ਐਲਾਨ ਵਰਗਾ।

ਅਖੀਰ ਮੋਹਨੀ ਭਾਪੇ ਦੇ ਬੁੱਲ ਫਰਕੇ, ‘ਮੇਰਾ ਮੁੰਡਾ ਤੇ ਨੂੰਹ ਮੈਨੂੰ ਠਰਕੀ ਦੱਸਦੈ ਨੇ... ਕਹਿੰਦੇ ਨੇ ਨੈਨਾ ਜਵਾਨ ਹੋ ਗਈ ਆ... ਆਪਾਂ ਅੱਡ ਹੋ ਜਾਈਏ ... ਡੈਡੀ ਦਾ ਸੁਭਾਅ ਚੰਗਾ ਨੀਂ... ਠਰਕੀ ਆ, ਕੀ ਪਤਾ ਕਦੋਂ ਕੀ ਕਰ ਦਵੇ... ਪ੍ਰੋਫੈਸਰ, ਮੈਂ ਤਾਂ ਬੱਸ ਆਪਣੀ ਪੋਤੀ ਨੈਨਾ ਨੂੰ ਸਵੇਰ ਦੀ ਸੈਰ ’ਤੇ ਨਾਲ ਚੱਲਣ ਵਾਸਤੇ ਕਿਹਾ ਸੀ ..., ...ਮੈਂ... ਮੈਂ, ਪ੍ਰੋਫੈਸਰ ਸਾਅਬ ਕੀ ਗਲਤ ਕੀਤਾ... ਪੀੜ੍ਹੀਆਂ ਦਾ ਫਰਕ ਮੇਟਣ ਦਾ ਦਾਅਵਾ ਕਰਦਾ ਰਿਹਾ... ਪਰ ਭਰਾਵਾ, ਨਾਂ ਕਾਗਾਂ ਸੰਗ ਰਲ ਸਕਿਆ ਨਾ ਹੰਸਾਂ ਸੰਗ... ਤੁਸੀਂ ਬਿਲਕੁਲ ਸੱਚੇ ਓਂ... ਦਿਲ ਦੀ ਗੱਲ ਦਿਮਾਗ ਨਹੀਂ ਸਮਝ ਸਕਦਾ... ਮੇਰੇ ਈ ਬੱਚੇ ਮੈਨੂੰ ਠਰਕੀ ਦੱਸਦੇ ਨੇ... ਠਰਕੀ ਬੁੜਾ... ਤੁਸੀਂ ਦੱਸੋ ਮੈਂ ਕਿਤੇ ਠ... ਰ... ਕੀ... ਆਂ...,...।’ ਮੋਹਨੀ ਭਾਪਾ ਜ਼ਾਰੋ ਜ਼ਾਰ ਰੋਣ ਲੱਗਾ।

ਪ੍ਰੋਫੈਸਰ ਬੇਅੰਤ ਸਿੰਘ ਨੇ ਉਸਦੀਆਂ ਅੱਖਾਂ ’ਚ ਪਹਿਵੀ ਵਾਰ ਹੰਝੂ ਵੇਖੇ ਸਨ ਅਤੇ ਪਹਿਲੀ ਵਾਰ ਹੀ ਉਸਨੂੰ ਖਾਓ ਪੀਓ ਦੇ ਡਾਇਲਾਗ ਅਤੇ ਤੁੱਕਬੰਦੀ ਦੇ ਬਿਨਾਂ ਗੱਲ ਅੱਧ ਵਿਚਾਲੇ ਹੀ ਛੱਡਦਿਆਂ ਸੁਣਿਆ ਸੀ। ਪ੍ਰੋਫੈਸਰ ਨੂੰ ਮੋਹਨੀ ਭਾਪਾ, ਗੁਰਬਖਸ਼ ਸਿੰਘ ਤੇ ਬਿਸ਼ਨ ਸਿੰਘ ਵਰਗਾ ਲੱਗਿਆ।

ਪ੍ਰੋਫੈਸਰ ਦੀਆਂ ਅੱਖਾਂ ਭਰ ਆਈਆਂ।

ਕੁਝ ਪੱਲ ਦੋਵੇਂ ਮੂਕ ਖੜੇ ਰਹੇ। ਫਿਰ ਪ੍ਰੋਫੈਸਰ ਨੇ ਮੋਹਨੀ ਭਾਪੇ ਦਾ ਹੱਥ ਘੁੱਟਦਿਆਂ ਹਲਕੇ ਜਿਹੇ ਬੋਲ ਨਾਲ ਕਿਹਾ,‘ਸਵੇਰ ਦੀ ਸੈਰ ’ਤੇ ਜ਼ਰੂਰ ਆਈਂ... ਤੂੰ ਮੋਹਨੀ ਭਾਪਾ ਹੀ ਨਹੀਂ ਮੇਰਾ ਹਾਈ ਫਾਈ ਸਿੰਘ ਵੀ ਹੈਂ ... ਤੇਰੇ ਬਿਨਾਂ ਤਾਂ ਅਸੀਂ ਮਰਨ ਹਾਲ ਹੋਏ ਪਏ ਆ ਯਾਰ... ਸਾਨੂੰ ਬੁੜਿਆਂ ਨੂੰ ਤੇਰੀ ਬਹੁਤ ਲੋੜ ਆ... ਖਾਓ ਪੀਓ ਕਰੋ ਆਨੰਦ... ਐਸੀ ਤੈਸੀ ਮਰਾਵੇ ਪਰਮਾ ਨੰਦ... ਆਪਾਂ ਸੈਰ ਨੀਂ ਕਰਨੀਂ ਬੰਦ...ਭਾਂਵੇ ਚੜ੍ਹਣ ਕਿੰਨੇ ਵੀ ਚੰਦ...।’

ਪ੍ਰੋਫੈਸਰ ਬੇਅੰਤ ਸਿੰਘ ਦੇ ਮੂੰਹੋਂ ਪਹਿਲੀ ਵਾਰ ਖਾਓ ਪੀਓ ਦਾ ਨਾਅਰਾ ਸੁਣਕੇ ਮੋਹਨੀ ਭਾਪੇ ਦੇ ਚਿਹਰੇ ’ਤੇ ਹਲਕੀ ਜਿਹੀ ਮੁਸਕਰਾਹਟ ਆ ਗਈ। ਉਸਨੇ ਆਪਣੀਆਂ ਅੱਖਾਂ ’ਤੇ ਰੁਮਾਲ ਫੇਰਿਆ। ਕੁਝ ਸਮਾਂ ਹਸਪਤਾਲ ਦੇ ਬਾਹਰ ਪਾਰਕ ’ਚ ਖਿੜੇ ਫੁੱਲਾਂ ਵੱਲ ਵੇਖਦਾ ਰਿਹਾ, ਫਿਰ ਪ੍ਰੋਫੈਸਰ ਬੇਅੰਤ ਸਿੰਘ ਦਾ ਮੋਢਾ ਥਾਪੜਦਾ ਹੋਇਆ ਹਸਪਤਾਲ ਦੇ ਗੇਟ ਵੱਲ ਚੱਲ ਪਿਆ।

---

**ਪੰਨਾ ਨੰ : 123 ਦਾ ਬਾਕੀ**

“ਆਹੋ ਕੁੜੇ ਕਦੇ ਦੁਖਦੇ ਸੁਖਦੇ ਸੌ ਨਤੀ ਬੁਤੀ ਸਾਰਦਾ ਸੀ ਆਪਾਂ ਨੂੰ ਮਾਂ ਕੋਲ ਜਾਣਾ ਚਾਹੀਦੈ। ਸੁਖ ’ਚ ਭਾਮੇ ਨਾ ਜਾਵੋ ਦੁਖਦੇ ਤੇ ਜਾਣਾ ਬਣਦੈ।”

ਮੈਂ ਤੇ ਮਾਤਾ ਰਾਣੇ ਤੋਂ ਚੋਰੀਂ ਗਿੰਦਰ ਦੇ ਘਰ ਗਈਆਂ ਸਾਨੂੰ ਘਰ ਗਈਆਂ ਦੇਖ ਉਸ ਮਾਂ ਦੇ ਹੰਝੂਆਂ ਦਾ ਨਕਾ ਛੁਟ ਗਿਆ। ਮਰੇ ਗਿੰਦਰ ਦੀ ਮਾਂ ਦੇ ਗਲ ਬਾਹਾਂ ਪਾ ਕੇ ਮੈਂ ਜੀ ਭਰ ਕੇ ਰੋਈ। ਮਾਂ ਦੇ ਕੀਰਨੇ ਮੇਰੇ ਸਾਰ ਪਾਰ ਲੰਘਦੇ ਰਹੇ

“ਵੇ ਤੂੰ ਉਚੇ ਬੁਰਜੀਂ ਚੜ੍ਹਕੇ ਛਾਲ ਮਾਰ ਗਿਆ ਮੇਰੇ ਬਹੁਤੀਆਂ ਅਕਲਾਂ ਵਾਲਿਆ ਪੁਤਾ” ਮੈਨੂੰ ਲਗਿਆ ਸਚ ਹੀ ਉਚਾ ਬੁਰਜ ਉਹ ਸਰ ਨਹੀਂ ਕਰ ਸਕਿਆ। ਅਕਲਾਂ ਹਾਰ ਗਈਆਂ ਤੇ ਉਹ ਹੀਰੇ ਵਰਗਾ ਸਖਸ਼ ਚੰਨ ਦੀ ਛਾਤੀ ਦਾ ਦਾਗ ਜਾ ਬਣਿਆ।

## ਫ਼ੈਲਦਾ ਡੰਗ/ ਲਖਵੀਰ ਚੰਦ

ਸ਼ਾਮ ਦੇ ਪੰਜ ਵੱਜ ਚੁੱਕੇ ਨੇ ਪਰ ਪਤਾ ਨ੍ਹੀ ਕਿੰਨੀ ਵਾਰ ਅਖ਼ਬਾਰ ਵਿਚਲੀਂ ਇਹ ਖ਼ਬਰ ਪੜ੍ਹ ਚੁੱਕਾ ਹਾਂ। ਸਵੇਰ ਦਾ ਨਹਾਉਣ-ਧੋਣ ਨੂੰ ਵੀ ਦਿਲ ਨ੍ਹੀ ਕੀਤਾ। ਜਦ ਤੋਂ ਅਖ਼ਬਾਰ ਆਇਆ ਏ ਓਦੋਂ ਦਾ ਸਰੀਰ ਬੇ-ਜਾਨ ਜਿਹਾ ਹੋਇਆ ਪਿਐ। ਕਲਪਨਾ ਨੂੰ ਜਦ ਇਹ ਖ਼ਬਰ ਪੜ੍ਹਾਈ ਤਾਂ ਉਸਦੇ ਮੱਥੇ ਉੱਤੇ ਹੈਰਾਨੀ ਜਾਂ ਗੁੱਸੇ ਦੀ ਇੱਕ ਵੀ ਲਕੀਰ ਨ੍ਹੀ ਸੀ ਦਿਖਾਈ ਦਿੱਤੀ। ਬਲਕਿ ਟਿੱਚਰ ਕਰਦਿਆ ਕਹਿਣ ਲੱਗੀ,

"ਤੁਸੀਂ ਬੱਚਿਆਂ ਵਾਂਗੂ ਸਿਰ ਫੜ੍ਹ ਕੇ ਕਿਉਂ ਬੈਠ ਗਏ ? ਕਿਤੇ ਬਾਪ ਦੇ ਮਹਿਲ-ਮੁਨਾਰੇ ਖੁੱਸਣ ਦਾ ਗ਼ਮ ਤਾਂ ਨ੍ਹੀ ਲੱਗ ਗਿਆ ?"

"ਹੂੰਅ . . .!" ਸਿਰਫ ਐਨਾ ਹੀ ਬੋਲ ਹੋਇਆ ਸੀ। ਕਲਪਨਾ ਲਈ ਇਹ ਇੱਕ ਬੇ-ਮਾਇਨੀ ਖ਼ਬਰ ਤੋਂ ਵੱਧ ਕੇ ਕੁਝ ਨਹੀਂ। ਇਸ ਦਾ ਉਸ ਨੂੰ ਕੋਈ ਫ਼ਰਕ ਨ੍ਹੀ ਪਿਆ।

ਫ਼ਰਕ ਤਾਂ ਮੈਨੂੰ ਵੀ ਕੀ ਪੈਣੈ ? ਆਖਰ ਪਾਪਾ ਕੋਲ ਹੋਰ ਹੈ ਵੀ ਕੀ ਆ ਦੇਣ ਲਈ। ਮੈਂ ਤਾਂ ਸੁੱਖ ਨਾਲ ਸਰਕਾਰੀ ਬੈਂਕ 'ਚ ਮੁਲਾਜ਼ਮ ਆ। ਆਲੀਸ਼ਾਨ ਕੋਠੀ ਆ। ਕਾਰ ਆ। ਉਹ ਕਿਹੜੀ ਚੀਜ਼ ਆ ਜੋ ਮੇਰੇ ਏਸ ਘਰ 'ਚ ਨਹੀਂ ? ਪਰ . . . । ਪਰ ਕੀ ? ਸਵੇਰ ਦਾ ਇਸੇ ਕਸ਼ਮਕਸ਼ ਵਿੱਚ ਉਲਝਿਆਂ ਪਿਆ ਹਾਂ।

ਮੈਨੂੰ ਟੈਨਸ਼ਨ ਆਪਣੀ ਨ੍ਹੀ ਬਲਕਿ ਕਲਪਨਾ ਦੇ ਢਿੱਡ ਵਿੱਚ ਪਲ਼ ਰਹੇ ਮੇਰੇ ਬੱਚੇ ਦੀ ਏ। ਕਲਪਨਾ ਜੇ ਐਨੀ ਸਮਝਦਾਰ ਹੁੰਦੀ ਤਾਂ ਪਾਪਾ ਨੂੰ ਇਹ ਨੋਟਿਸ ਕਢਾਉਣ ਦੀ ਲੋੜ ਹੀ ਕਿਉਂ ਪੈਂਦੀ ?

ਇਸੇ ਪੁਆੜੇ ਕਰਕੇ ਅੱਜ ਤੱਕ ਅੰਦਰੋਂ-ਅੰਦਰੀਂ ਝੁਰਦਾ ਆ ਰਿਹਾ ਹਾਂ। ਕਲਪਨਾ ਦੇ ਰਿਸ਼ਤੇ ਨੂੰ ਹਾਂ ਵੀ ਇਸੇ ਪੁਆੜੇ ਕਰਕੇ ਕੀਤੀ ਸੀ। . . . ਪਾਪਾ ਹੁਰੀਂ ਤਿੰਨ ਭਰਾ ਸੀ। ਪਾਪਾ ਸਭ ਨਾਲੋਂ ਵੱਡੇ ਸੀ। ਦਾਦਾ ਜੀ ਦੀ ਮੌਤ ਤੋਂ ਬਾਅਦ ਟਰੱਕਾਂ ਦੀ ਸਾਰੀ ਜ਼ਿੰਮੇਵਾਰੀ ਉਹਨਾਂ ਦੇ ਸਿਰ 'ਤੇ ਹੀ ਸੀ। ਮਹੀਨਾਂ-ਮਹੀਨਾਂ ਘਰੋਂ ਬਾਹਰ ਰਹਿਣਾ। ਦੋਵੇਂ ਛੋਟੇ ਭਰਾਵਾਂ ਨੂੰ ਆਪਣੇ ਨਾਲ ਲਿਜਾਣੋ ਇਹ ਕਹਿ ਕੇ ਹਟਕਾ ਦਿੰਦੇ, "ਓਏ ! ਤੁਸੀਂ ਕਾਹਨੂੰ ਆਪਣੀ ਜੂਨ ਖਰਾਬ ਕਰਨੀ ਆ, ਪੜ੍ਹ ਲਿਖ ਜਾਓਂਗੇ ਤਾਂ ਕੋਈ ਨੌਕਰੀ ਲੱਗੋਂਗੇ।"

ਦਾਦੀ ਮੇਰੀ ਬਹੁਤ ਅੜ੍ਹਬ ਸੁਭਾਅ ਦੀ ਸੀ। ਪਾਪਾ ਨੂੰ ਮੰਮੀ ਨਾਲ ਗੱਲ ਤੱਕ ਨਾ ਕਰਨ ਦਿੰਦੀ। ਮੰਮੀ ਵਿਚਾਰੀ ਸਾਰਾ-ਸਾਰਾ ਦਿਨ ਘਰ ਦੇ ਕੰਮਾਂ ਵਿੱਚ ਜੁਟੀ ਰਹਿੰਦੀ। ਜਦ ਰਾਤ ਨੂੰ ਸਾਰੇ ਕੰਮ-ਕਾਰ ਕਰਕੇ ਵਿਹਲੀ ਹੁੰਦੀ ਤਾਂ ਆਪਣੀਆਂ ਲੱਤਾਂ ਘੁੱਟਣ ਲਾ ਲੈਂਦੀ। ਪਾਪਾ ਦੋ-ਦੋ ਮਹੀਨੇ ਬਾਅਦ ਘਰ ਮੁੜਦੇ। ਜਦ ਮੰਮੀ ਨੇ ਦਾਦੀ ਦੀਆਂ ਲੱਤਾਂ ਘੁੱਟ ਕੇ ਸਾਢੇ ਗਿਆਰਾਂ ਵੱਜੇ ਆਪਣੇ ਕਮਰੇ 'ਚ ਜਾਣਾ ਤਾਂ ਓਦੋਂ ਤੱਕ ਪਾਪਾ ਸੋ ਚੁੱਕੇ ਹੁੰਦੇ। ਮੰਮੀ ਨੇ ਤਾਂ ਜਿਵੇਂ ਆਪਣੀ ਜ਼ਿੰਦਗੀ ਨਾਲ ਸਮਝੌਤਾ ਹੀ ਕਰ ਲਿਆ ਸੀ।

ਹੌਲੀ-ਹੌਲੀ ਪਾਪਾ ਨੇ ਆਪਣੇ ਛੋਟੇ ਭਰਾਵਾਂ ਦੇ ਵਿਆਹ ਵੀ ਬੜ੍ਹੀ ਧੁਮ-ਧਾਮ ਨਾਲ ਕੀਤੇ। ਉਹ ਵੀ ਦੋਵੇਂ ਭੈਣਾ ਸੀ ਸਕੀਆਂ। ਸੋਚਿਆ ਰਲ਼-ਮਿਲ ਕੇ ਰਹਿਣਗੀਆਂ। ਪਰ ਕੀ ਪਤਾ ਸੀ ਹਨੇਰੀ ਉਲਟੀ ਹੀ ਵੱਗ ਤੁਰੇਗੀ। ਦੋਵਾਂ ਭੈਣਾ ਨੇ ਸੋਚੀ ਸਮਝੀ ਸਾਜਿਸ਼ ਅਧੀਨ ਦਾਦੀ ਦੇ ਮੰਮੀ ਖਿਲਾਫ ਕੰਨ ਭਰਨੇ ਸ਼ੁਰੂ ਕਰ ਦਿੱਤੇ। ਦਾਦੀ ਨੂੰ ਆਪਣੇ ਕੋਲੋਂ ਲਾ-ਲਾ ਗੱਲਾਂ ਦੱਸਣੀਆਂ ਸ਼ੁਰੂ ਕਰ ਦਿੱਤੀਆ। ਦਾਦੀ ਦਾ ਰਵੱਈਆਂ ਮੰਮੀ ਪ੍ਰਤੀ ਬਹੁਤ ਮਾੜਾ ਹੋ ਗਿਆ। ਗੱਲ-ਗੱਲ 'ਤੇ ਮੰਮੀ ਨੂੰ ਗਾਲ੍ਹਾਂ ਕੱਢਦੀ ਰਹਿੰਦੀ। ਉਹ ਭੋਲ਼ੀ ਚੁੱਪ-ਚਾਪ ਆਪਣਾ ਡੰਗ ਟਪਾਉਂਦੀ। . . . ਦਿਨ ਬੀਤਦੇ ਗਏ ਇੱਕ ਦਿਨ ਪਤਾ ਨ੍ਹੀ ਦੋਵਾਂ ਚਾਚੀਆਂ ਨੇ ਮੰਮੀ ਨੂੰ ਕੀ ਪੜ੍ਹਤੀ ਪੜਾਈ, ਸਾਡਾ ਸਾਰਾ ਸਮਾਨ ਰੇਹੜੇ



'ਤੇ ਲੱਧਵਾ ਕੇ ਥੋੜ੍ਹੀ ਦੂਰ ਕਿਰਾਏ ਦੇ ਮਕਾਨ ਵਿੱਚ ਰੱਖਵਾ ਦਿੱਤਾ। ਜਦ ਪਾਪਾ ਟਰੱਕ ਤੋਂ ਵਾਪਸ ਆਏ ਤਾਂ ਇਹ ਸਭ ਕੁਝ ਦੇਖ ਕੇ ਬਹੁਤ ਭੜਕੇ। ਪਾਪਾ ਨੇ ਬੜ੍ਹਾਂ ਰੌਲਾ ਪਾਇਆ। ਸਾਰੇ ਰਿਸ਼ਤੇਦਾਰ ਸੱਦੇ ਗਏ ਪਰ ਦੋਵਾਂ ਚਾਚਿਆਂ ਨੇ ਪਹਿਲਾਂ ਹੀ ਸਮੇਂ ਦੀ ਨਜ਼ਾਕਤ ਨੂੰ ਸਮਝ ਲਿਆ ਸੀ। ਸੋ ਰਿਸ਼ਤੇਦਾਰਾਂ ਨੇ ਵੀ ਇਹ ਫਰਮਾਨ ਸੁਣਾ ਦਿੱਤਾ ਕਿ ਕੰਮ ਵਿੱਚੋਂ ਕਰੀ ਜਾਓ ਤੇ ਰਹੀ ਅੱਡ ਜਾਓ।

ਬਸ ਫੇਰ ਕੀ ਸੀ ਪਾਪਾ ਸਭ ਕੁਝ ਭੁਲਾ ਕੇ ਵਿੱਚੀਂ ਕੰਮ ਕਰਦੇ ਰਹੇ। ਜਿੰਨੇ ਪੈਸੇ ਬੱਚਦੇ ਦਾਦੀ ਨੂੰ ਦੇਂਦੇ ਰਹਿੰਦੇ ਬਸ ਆਪਣੇ ਗੁਜ਼ਾਰੇ ਜੋਗੇ ਮੰਗ ਲੈਂਦੇ। ਓਧਰ ਕਿਰਾਏ 'ਤੇ ਰਹਿਣਾ ਕਿਹੜਾ ਸੌਖਾ ਸੀ ਮਕਾਨ ਮਾਲਕ ਨਿੱਕੀ-ਨਿੱਕੀ ਗੱਲ 'ਤੇ ਰੋਕਾ-ਟੋਕੀ ਕਰਦੇ ਰਹਿੰਦੇ। ਹਾਰ ਕੇ ਪਾਪਾ ਨੇ ਆਪਣੀ ਜਗ੍ਹਾ ਲੈਣ ਦਾ ਫ਼ੈਸਲਾ ਕਰ ਲਿਆ। ਜਦ ਦਾਦੀ ਕੋਲ ਪੈਸੇ ਲੈਣ ਗਏ ਤਾਂ ਦਾਦੀ ਦੇ ਜੁਆਬ ਦੇਣ ਤੋਂ ਪਹਿਲਾਂ ਹੀ ਚਾਚਿਆਂ ਨੇ ਹੱਥ ਖੜ੍ਹੇ ਕਰ ਦਿੱਤੇ। ਓਦਣ ਪਾਪਾ ਬਿਨਾਂ ਕਿਸੇ ਨੂੰ ਕੁਝ ਕਹੇ ਵਾਪਿਸ ਘਰ ਆ ਗਏ ਤੇ ਅਗਲੇ ਦਿਨ ਟਰੱਕ ਦੀਆਂ ਚਾਬੀਆਂ ਦਾਦੀ ਨੂੰ ਫੜ੍ਹਾ ਲੰਬੜਦਾਰਾਂ ਦੇ ਟਰੱਕ 'ਤੇ ਡਰਾਈਵਰੀ ਕਰਨ ਲੱਗ ਪਏ। ਓਧਰ ਚਾਚਿਆਂ ਨੇ ਆਪਣੀ ਮਾਂ ਤੋਂ ਪਾਪਾ ਦੇ ਬੇ-ਦਖ਼ਲੀ ਦੇ ਅਸਟਾਮ 'ਤੇ ਅੰਗੂਠਾਂ ਲਗਵਾ ਲਿਆ ਤੇ ਅਖ਼ਬਾਰ ਵਿੱਚ ਕੱਢਵਾ ਦਿੱਤਾ। ਓਦੋਂ ਵੀ ਪਾਪਾ ਨੇ ਇਹ ਕਹਿ ਕੇ ਸਾਰ ਦਿੱਤਾ 'ਜੋ ਮੰਗਣਾ ਰੱਬ ਤੋਂ ਮੰਗਣਾ ਇਹ ਕੋਣ ਹੁੰਦੇ ਨੇ ਦੇਣ ਆਲ਼ੇ ? ਮੈਂ ਤਾਂ ਇਹਨਾਂ ਦੀ ਦੇਹਲੀ 'ਤੇ ਵੀ ਨ੍ਹੀ ਚੱੜ੍ਹਦਾ ਕਦੇ।' ਪਾਪਾ ਦਸ ਸਾਲ ਮਿੱਟੀ ਨਾਲ ਮਿੱਟੀ ਹੋਏ। ਮਾਂ ਵਿਚਾਰੀ ਭਵਿੱਖ ਦੀ ਖੁਸ਼ਹਾਲੀ ਦੇ ਸੁਪਨੇ ਸਜਾਉਂਦੀ ਦਿਨ ਕੱਟੀ ਜਾਂਦੀ। ਹੌਲੀ-ਹੌਲੀ ਪਾਪਾ ਨੇ ਆਪਣੀ ਜਗ੍ਹਾ ਲੈ ਕੇ ਮਕਾਨ ਬਣਾ ਲਿਆ। ਮੈਂ ਬੀ.ਐੱਸ.ਸੀ. ਕਰ ਗਿਆ। ਪੜ੍ਹਾਈ ਖ਼ਤਮ ਹੁੰਦੇ ਸਾਰ ਹੀ ਮੈਨੂੰ ਬੈਂਕ 'ਚ ਨੌਕਰੀ ਮਿਲ ਗਈ ਮੈਂ ਜ਼ੋਰ ਪਾ ਕੇ ਪਾਪਾ ਨੂੰ ਕਾਰ ਲੈ ਦਿੱਤੀ ਤੇ ਟੈਕਸੀ ਸਟੈਂਡ 'ਚ ਪਰਮਿਟ ਪਵਾ ਦਿੱਤਾ। ਮਨ ਨੂੰ ਤਸੱਲੀ ਸੀ ਕਿ ਪਾਪਾ ਅੱਖਾਂ ਮੂਹਰੇ ਤਾਂ ਰਹਿਣਗੇ। ਗੱਡੀ ਰੁੜ੍ਹਦੀ ਦੇਖ ਮੰਮੀ ਪਾਪਾ ਨੂੰ ਕਹਿਣ ਲੱਗੀ, "ਨਿਰਮੇਸ਼ ਦੇ ਭਾਪੇ ! ਮੈਂ ਸੋਚਦੀ ਆ ਹੁਣ ਤਾਂ ਸੁੱਖ ਨਾਲ ਨਿਰਮੇਸ਼ ਸਰਕਾਰੀ ਨੌਕਰ ਲੱਗ ਗਿਆ। ਚਾਰ ਪੈਸੇ ਵਧੀਆ ਕਮਾ ਲੈਂਦਾ ਏ। ਜੇ ਕੋਈ ਵਧੀਆ ਰਿਸ਼ਤਾ ਮਿਲ ਜਾਵੇ . . .। ਆਪਾਂ ਵੀ ਆਪਣੀ ਜੁੰਮੇਦਾਰੀ ਤੋਂ 'ਜ਼ਾਦ ਹੋਈਏ।"

ਬਸ ਫੇਰ ਕੀ ਸੀ ਪਾਪਾ ਨੇ ਕਈ ਵਿਚੋਲਿਆਂ ਕੋਲ ਜਾ ਕੇ ਮੇਰਾ ਬਾਇਓਡਾਟਾ ਲਿਖਵਾਇਆ। ਰਿਸ਼ਤੇ ਵਾਲੇ ਆਉਂਦੇ ਘਰ-ਬਾਰ ਦੇਖ ਕੇ ਮੁੜ ਆਉਣ ਦਾ ਲਾਰਾ ਲਾਉਂਦੇ। ਮੰਮੀ ਹਰ ਹਫਤੇ ਨਵੇਂ ਰਿਸ਼ਤੇ ਵਾਲਿਆ ਦੀ ਖਾਤਰਦਾਰੀ ਵਿੱਚ ਜੁਟੀ ਰਹਿੰਦੀ। ਮੈਂ ਵੀ ਤੰਗ ਜਿਹਾ ਆ ਗਿਆ ਸੀ ਰੋਜ਼-ਰੋਜ਼ ਆਪਣੀ ਨੁਮਾਇਸ਼ ਲਗਾਉਂਦਾ।

ਪਿੰਡ ਵਿੱਚ ਜਿਹੜਾ ਵੀ ਮਿਲਦਾ ਮੰਮੀ ਉਹਨੂੰ ਹੀ ਕਹਿਣ ਬੈਠ ਜਾਂਦੀ, "ਮੇਰੇ ਨਿਰਮੇਸ਼ ਵਾਸਤੇ ਵੀ ਦੱਸੋਂ ਕੋਈ ਸੋਹਣੀ ਜਿਹੀ ਕੁੜੀ ਭਾਵੇਂ ਜਮ੍ਹਾਂ ਗਰੀਬ ਹੋਵੇ। ਰੱਬ ਦਾ ਦਿੱਤਾ ਸਭ ਕੁਸ ਆ ਸਾਡੇ ਕੋਲ, ਬਸ ਕੁੜੀ ਸੇਵਾ ਕਰਨ ਤੇ ਘਰ ਸਾਂਭਣ ਆਲੀ ਹੋਵੇ।" ਲੋਕੀਂ ਪਿੱਠ ਪਿੱਛੇ ਮੰਮੀ ਦੀ ਸਾਂਗ ਲਾਉਂਦੇ ਪਰ ਮੈਂ ਮੰਮੀ ਦੀ ਮਾਨਸਿਕਤਾ ਨੂੰ ਸਮਝਦਾ ਕੁਝ ਨਾ ਕਹਿੰਦਾ।

ਇੱਕ ਦਿਨ ਅਮਰ ਨਾਇਣ ਫ਼ੋਜੀ ਦਲਬਾਰੇ ਦੇ ਮੁੰਡੇ ਦੇ ਵਿਆਹ ਦੇ ਲੱਡੂ ਵੰਡਣ ਆਈ ਤੇ ਬਿਨਾਂ ਪੁੱਛੇ ਹੀ ਦੱਸਣ ਲੱਗੀ, "ਵੇ ਨਿਰਮੇਸ਼ ਦੀ ਬੇਬੇ ਫ਼ੋਜੀ ਦੇ ਮੁੰਡੇ ਦਾ ਵਿਆਹ ਆ ਪਰਸੋਂ ਨੂੰ। ਕੁੜੀ ਤਾਂ ਨਿਰੀ ਪਰੀਆਂ ਵਰਗੀ ਆ। . . . ਪੂਰੀਆ ਪੰਦਰਾਂ ਜਮਾਤਾਂ ਪਾਸ।"

"ਪਰ ਜਿੰਦੀ ਤਾਂ ਵਿਹਲਾ ਰਹਿੰਦਾ।"

"ਨੀਂ ਰਿਸ਼ਤੇ ਮੁੰਡਿਆ ਨੂੰ ਥੋੜ੍ਹੀ ਬਰਾਦਰੀਆਂ ਨੂੰ ਹੁੰਦੇ ਨੇ।"

ਬਸ ਇਸ ਤੋਂ ਅੱਗੇ ਮੰਮੀ ਵੀ ਨਾ ਕੁੱਝ ਬੋਲੀ। ਲੱਡੂ ਫੜ੍ਹ ਕੇ ਅੰਦਰ ਕਮਰੇ 'ਚ ਚਲੀ ਗਈ। ਉਸਦੀਆਂ ਅੱਖਾਂ ਵਿਚਲਾ ਸਮੁੰਦਰ ਮੈਂ ਵੇਖ ਲਿਆ ਸੀ ਪਰ ਹੁਣ ਤਾਂ ਮੇਰੀ ਵੀ ਮੰਮੀ ਨੂੰ ਚੁੱਪ ਕਰਾਉਣ

ਦੀ ਹਿੰਮਤ ਨ੍ਹੀ ਪੈਂਦੀ।

ਥੋੜ੍ਹੀ ਦੇਰ ਬਾਅਦ ਮੈਂ ਮੰਮੀ ਕੋਲ ਜਾਂਦਾ ਹਾਂ ਤੇ ਜਿੰਦੀ ਬਾਰੇ ਗੱਲ ਕਰਦਾ ਹਾਂ, "ਮੰਮੀ ਜਿੰਦੀ ਤਾਂ ਕੰਮ ਵੀ ਕੋਈ ਨ੍ਹੀ ਕਰਦਾ ਸਾਰਾ ਦਿਨ ਸ਼ਰਾਬ ਦੇ ਨਸ਼ੇ ਵਿੱਚ ਇਧਰ-ਓਧਰ ਚੱਕਰ ਲਾਉਂਦਾ ਰਹਿੰਦਾ ਏ।. . . ਫਿਰ ਲੋਕੀਂ ਕੀ ਸੋਚ ਕੇ ਆਪਣੀ ਧੀ ਦਾ ਹੱਥ ਇਹੋ ਜਿਹੇ ਬੰਦੇ ਦੇ ਹੱਥ ਵਿੱਚ ਦਿੰਦੇ ਨੇ?"

"ਪੁੱਤ ਕਹਿੰਦੇ ਜਿੰਦੀ ਦੀ ਭੂਆ ਨੇ ਕਰਾਇਆ ਏ ਰਿਸ਼ਤਾ। ਅੱਗੋਂ ਕੁੜੀ ਉਹਨਾਂ ਦੀ ਰਿਸ਼ਤੇਦਾਰੀ ਵਿੱਚੋਂ ਹੀ ਆ।"

"ਆਪਣਾ ਤਾਂ ਕੋਈ ਰਿਸ਼ਤੇਦਾਰ ਵੀ ਨ੍ਹੀ ਝੱਜ ਦਾ ਜਿਹੜਾ . . ." ਮੈਂ ਹੌਂਕਾ ਜਿਹਾ ਲੈ ਕੇ ਚੁੱਪ ਕਰ ਗਿਆ।

"ਤੂੰ ਘਬਰਾ ਨਾ ਪੁੱਤ। ਪੜ੍ਹਿਆ ਲਿਖਿਆ ਨੂੰ ਤਾਂ ਲੋਕੀਂ ਲੱਭਦੇ ਫਿਰਦੇ ਨੇ। ਤੂੰ ਨਾਲੇ ਸੁੱਖ ਨਾਲ ਸਰਕਾਰੂ ਨੌਕਰ ਲੱਗਿਆ ਹੋਇਐ। ਤੇਰੀ ਘਰਆਲ਼ੀ ਤਾਂ ਜਿੰਦੀ ਦੀ ਬਹੂ ਨਾਲੋਂ ਵੀ ਸੋਹਣੀ ਹੋਊ।"

. . . . . . . . . . . .

ਇੱਕ ਦਿਨ ਪਾਲੀ ਵਿਚੋਲਾ ਇਕਲਾਹੇ ਤੋਂ ਰਿਸ਼ਤੇ ਵਾਲਿਆ ਨੂੰ ਲੈ ਕੇ ਆ ਗਿਆ। ਉਨ੍ਹਾਂ ਨੇ ਦਾਦਕਿਆਂ-ਨਾਨਕਿਆਂ ਦਾ ਗੋਤ ਵਗੈਰਾਂ ਲਿਖ ਕੇ ਦੇਣ ਲਈ ਕਿਹਾ। ਮੈਂ ਪਾਪਾ ਤੋਂ ਪੁੱਛ ਕੇ ਸਭ ਕੁਝ ਇੱਕ ਪਰਚੀ 'ਤੇ ਲਿਖ ਕੇ ਉਹਨਾਂ ਨੂੰ ਪਕੜਾ ਦਿੱਤੀ। ਚੰਗੀ ਖਾਤਰਦਾਰੀ ਕੀਤੀ ਉਨ੍ਹਾਂ ਦੀ। ਕਈ ਦਿਨ ਲੰਘ ਗਏ ਪਰ ਉਹਨਾਂ ਦਾ ਕੋਈ ਸੁੱਖ ਸੁਨੇਹਾ ਨਾ ਆਇਆ। ਇੱਕ ਦਿਨ ਪਾਲੀ ਵਿਚੋਲਾ ਪਾਪਾ ਨੂੰ ਪਿੰਡ ਦੇ ਮੋੜ 'ਤੇ ਮਿਲ ਗਿਆ। ਪਾਪਾ ਨੇ ਚੰਗੀ ਲਾਹ-ਪਾਹ ਕੀਤੀ। ਅੱਗੋਂ ਪਾਲੀ ਬੋਲਿਆ, "ਬਈ ਨਵਤੇਜ ! ਗੱਲ ਐਦਾ ਏ ਰਿਸ਼ਤਿਆਂ ਦਾ ਤਾਂ ਮੇਰੇ ਕੋਲ ਕੋਈ ਘਾਟਾ ਨ੍ਹੀ। ਪਰ ਅਗਲਾ ਕਹਿੰਦਾ ਸਾਨੂੰ ਤਾਂ ਖਾਣਦਾਨੀ ਬੰਦੇ ਚਾਹੀਦੈ ਨੇ।"

ਪਾਲੀ ਦੀ ਗੱਲ ਅਧੂਰੀ ਹੀ ਸੀ ਕਿ ਪਾਪਾ ਭੜਕ ਕੇ ਬੋਲ ਪਏ, "ਨਾ ਅਸੀਂ ਕਿਹੜਾ ਲੰਡੇ-ਲੂਚੇ ਤੁਰੇ ਫਿਰਦੇ ਆ ? ਖੱਤਰੀ ਮਹਾਜਨ ਪਰਿਵਾਰ ਆ ਸਾਡਾ। ਵਧੀਆਂ ਘਰ-ਬਾਰ ਆ, ਮੁੰਡਾ ਸੁੱਖ ਨਾਲ ਬੈਂਕ 'ਚ ਮੁਲਾਜਮ ਆ, ਹੋਰ ਹੁਣ ਅਗਲਿਆ ਨੂੰ . . . ਚਾਹੀਦੈ ?"

"ਤੂੰ ਤਾਂ ਗੁੱਸਾ ਈ ਕਰ ਗਿਆ ਬਾਈ। ਮੇਰੇ ਕਹਿਣ ਦਾ ਇਹ ਮਤਬਲ ਨ੍ਹੀ ਤੀ। ਮੈਨੂੰ ਤਾਂ ਸਭ ਪਤੈ ਪਰ . . . ਉਹ ਜਿਹੜਾ ਤੈਨੂੰ ਬਰਾਦਰੀ ਨੇ ਛੇਕ ਕੇ ਬੇ-ਦਖ਼ਲ . . . ।"

ਪਾਪਾ ਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ। ਪਾਲੀ ਨੂੰ ਵਿਚਾਲੋਂ ਟੋਕ ਕੇ ਕਹਿਣ ਲੱਗੇ, "ਓਏ ! ਪਾਲੀਆ ਦੇਖ ਰੱਬ ਜਾਣਦਾ ਉਹ ਜਿਹੜੀਆਂ ਕੋਠੀਆਂ 'ਚ ਬੈਠੇ ਸੁੱਖ ਮਾਣ ਰਹੇ ਨੇ ਮੇਰੀਆਂ ਕੀਤੀਆਂ ਕਮਾਈਆਂ ਦਾ ਫਲ਼ ਏ। ਮੈਂ ਕਦੇ ਕਿਸੇ ਮੂਹਰੇ ਹੱਥ ਨ੍ਹੀ ਅੱਡੇ। ਸਿਰਫ ਓਸ ਰੱਬ ਅੱਗੇ ਹੀ ਹੱਥ ਜੋੜੀ ਦੇ ਨੇ। ਓਸੇ ਦੀ ਕਿਰਪਾ ਏ ਜੋ ਅਸੀਂ ਉਨ੍ਹਾਂ ਨਾਲੋਂ ਵਧੀਆਂ ਜ਼ਿੰਦਗੀ ਬਿਤਾ ਰਹੇ ਆ।. . . ਬਾਕੀ ਗੱਲ ਰਹੀ ਰਿਸ਼ਤੇ ਦੀ ਤਾਂ ਮੇਰੇ ਹੀਰੇ ਵਰਗੇ ਮੁੰਡੇ ਨੂੰ ਕੋਈ ਘਾਟਾ ਨ੍ਹੀ ਰਿਸ਼ਤਿਆਂ ਦਾ।"

ਮੰਮੀ ਮੇਰੇ ਸਿਰ ਦੇ ਧੌਲ਼ੇ ਦੇਖ ਅੰਦਰੋਂ-ਅੰਦਰੀ ਝੁਰਦੀ ਰਹਿੰਦੀ। ਇੱਕ ਦਿਨ ਮੈਂ ਆਪਣਾ ਬਾਇਓਡਾਟਾ ਅਖ਼ਬਾਰ ਦੇ ਮੈਟਰੀਮੋਨੀਅਲ ਕਾਲਮ ਵਿੱਚ ਦੇ ਦਿੱਤਾ। ਬਹੁਤ ਫ਼ੋਨ ਆਉਣ ਲੱਗੇ। ਲੋਕੀਂ ਤਾਂ ਨੌਕਰੀ ਵਾਲੇ ਮੁੰਡਿਆਂ ਨੂੰ ਲੱਭਦੇ ਫਿਰਦੇ ਨੇ। ਬਸ ਫਿਰ ਕੀ ਸੀ ਕਲਪਨਾ ਨਾਲ ਗੱਲ ਪੱਕੀ ਹੋ ਗਈ। ਉਹਦੀ ਨਾਨੀ ਨੇ ਜ਼ਿੱਦ ਕਰਕੇ ਵੀਹ ਦਿਨਾਂ ਵਿੱਚ ਹੀ ਵਿਆਹ ਦਾ ਸਮਾਂ ਮੁਕੱਰਰ ਕਰ ਲਿਆ। ਅਸੀਂ ਸੋਚਿਆ ਨਾਨੀ ਦੀ ਤਬੀਅਤ ਠੀਕ ਨ੍ਹੀ ਰਹਿੰਦੀ ਤਾਂ ਕਰਕੇ ਆਪਣੀਆਂ ਅੱਖਾਂ ਨਾਲ



ਦੋਹਤੀ ਦਾ ਵਿਆਹ ਦੇਖਣਾ ਚਾਹੁੰਦੀ ਏ ਦੂਜਾ ਸਾਨੂੰ ਲੋਕਾਂ ਦੇ ਭਾਨੀ ਮਾਰਨ ਦਾ ਪਾਲ਼ਾ ਵੀ ਖਾਣ ਲੱਗ ਗਿਆ ਸੀ। ਉਹ ਤਾਂ ਮੈਨੂੰ ਵਿਆਹ ਤੋਂ ਦੋ ਦਿਨ ਪਹਿਲਾਂ ਅਸਲੀਅਤ ਦਾ ਪਤਾ ਲੱਗਿਆ ਪਰ ਓਦੋਂ ਤੱਕ ਬਹੁਤ ਦੇਰ ਹੋ ਗਈ ਸੀ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ। ਉਂਝ ਵੀ ਮਸਾ ਤਾਂ ਰਿਸ਼ਤਾ ਹੋਇਆ ਸੀ ਸੋ ਮੈਂ ਸੈਕਰੀਫਾਈਜ਼ ਕਰਨਾ ਠੀਕ ਸਮਝਿਆਂ। ਕੁਝ ਮੇਰੀ ਆਦਰਸ਼ਵਾਦੀ ਸੋਚ ਨੇ ਅਜਿਹਾ ਕਰਨ ਤੋਂ ਰੋਕ ਲਿਆ, 'ਮਨਾ ਮੈਰਿਜ਼ ਤੋਂ ਪਹਿਲਾਂ ਇਨਸਾਨ ਦੀ ਜ਼ਿੰਦਗੀ ਵਿੱਚ ਬਹੁਤ ਕੁੱਝ ਚੰਗਾ-ਮਾੜਾ ਹੁੰਦਾ।ਕਿਸੇ ਦੇ ਪਾਸਟ ਨੂੰ ਫਰੋਲਣ ਦਾ ਕੋਈ ਫਾਇਦਾ ਨ੍ਹੀ ਸੋ ਪਰੈਜ਼ੇਂਟ ਵਿੱਚ ਜੀਅ ਕੇ ਫਿਊਚਰ ਬਾਰੇ ਸੋਚਣਾ ਚਾਹੀਦੈ।'

ਮੈਂ ਸਭ ਕੁਝ ਅਣਦੇਖਿਆ ਕਰਕੇ ਜ਼ਿੰਦਗੀ ਕੱਟਣ ਦਾ ਫ਼ੈਸਲਾ ਕਰ ਲਿਆ। ਕਲਪਨਾ ਸਾਰਾ ਦਿਨ ਆਪਣੇ ਕਮਰੇ ਵਿੱਚ ਬੈਠੀ ਰਹਿੰਦੀ। ਕਦੇ ਟੀ.ਵੀ. ਲਗਾ ਲੈਂਦੀ ਕਦੇ ਚਾਰ-ਚਾਰ ਘੰਟੇ ਮੋਬਾਇਲ 'ਤੇ ਲੱਗੀ ਰਹਿੰਦੀ। ਘਰ ਦਾ ਸਾਰਾ ਕੰਮ ਮੰਮੀ ਹੀ ਕਰਦੀ। ਉਸਦੇ ਰੋਜ ਦੇ ਕਲੇਸ਼ ਤੋਂ ਅੱਕ ਕੇ, ਕੁਝ ਮੰਮੀ-ਪਾਪਾ ਦੀ ਖੁਸ਼ੀ ਲਈ ਘਰੋਂ ਅਲੱਗ ਹੋਣ ਦਾ ਫ਼ੈਸਲਾ ਕਰਨਾ ਪਿਆ, ਹਾਲਾਂਕਿ ਮੰਮੀ-ਪਾਪਾ ਇਸ ਫ਼ੈਸਲੇ ਦੇ ਵਿਰੁੱਧ ਸਨ। ਪਰ ਮੈਂ ਕਲਪਨਾ ਦੇ ਮੂੰਹੋਂ ਆਪਣੇ ਮਾਂ-ਬਾਪ ਦੀ ਇਨਸੱਲਟ ਨ੍ਹੀ ਦੇਖ ਸਕਦਾ ਸੀ।

. . . ਮੈਨੂੰ ਯਾਦ ਹੈ ਕਈ ਵਾਰ ਕਲਪਨਾ ਨੇ ਘਰਦਿਆਂ ਨੂੰ ਜ਼ਹਿਰ ਖਾਣ ਦੀ ਧਮਕੀ ਵੀ ਦਿੱਤੀ ਸੀ। ਮੈਨੂੰ ਬੈਂਕ ਵਿੱਚ ਵੀ ਸਾਰਾ ਦਿਨ ਟੈਨਸ਼ਨ ਹੋਈ ਜਾਂਦੀ। ਸਾਡੇ ਘਰ ਦੇ ਸਾਹਮਣੇ ਨੇਕ ਚੰਦ ਸ਼ਾਹੂਕਾਰ ਦੀ ਕੋਠੀ ਸੀ। ਇੱਕ ਦਿਨ ਉਹ ਸਾਡੇ ਘਰ ਆਏ ਤੇ ਮੈਨੂੰ ਤੇ ਪਾਪਾ ਨੂੰ ਕੋਲ ਬਿਠਾ ਕੇ ਸਮਝਾਉਣ ਲੱਗੇ, "ਬਈ ਨਵਤੇਜ ! ਦੇਖ ਮੈਂ ਤਾਂ ਕਈ ਦਿਨਾਂ ਤੋਂ ਥੋਨੂੰ ਮਿਲਣ ਬਾਰੇ ਸੋਚ ਰਿਹਾ ਤੀ। ਅੱਜ ਫਿਰ ਥੋਡੇ ਘਰੋਂ ਬਹੂ ਰਾਣੀ ਦੀਆਂ ਲੜਾਈ ਦੀਆਂ ਅਵਾਜ਼ਾਂ ਸੁਣਾਈ ਦਿੱਤੀਆਂ। ਸੋ ਮੈਥੋਂ ਰਿਹਾ ਨਾ ਗਿਆ। ਸਾਡੇ ਨਾਲ ਵੀ ਇਹੋ ਕੁਝ ਹੋ ਚੁੱਕਾ ਏ। ਮੈਂ ਤਾਂ ਸਲਾਹ ਦੇਣ ਆਇਆ ਬਾਕੀ ਮੰਨਣੀ ਜਾਂ ਨਾ ਮੰਨਣੀ ਥੋਡੇ ਪਿਓ-ਪੁੱਤ 'ਤੇ ਨਿਰਭਰ ਕਰਦਾ।"

"ਸ਼ਾਹ ਜੀ ਤੁਸੀਂ ਸਾਡੇ ਬਜ਼ੁਰਗ ਓ। ਥੋਡੀ ਸਲਾਹ ਸਾਡੇ ਸਿਰ ਮੱਥੇ।"

"ਰੱਬ ਨਾ ਕਰੇ ਜੇ ਬਹੂ ਨੇ ਸੱਚੀਓਂ ਜ਼ਹਿਰ ਪੀ ਲਈ ਤਾਂ ਥੋਨੂੰ ਸਾਰਿਆਂ ਨੂੰ ਅੰਦਰ ਕਰਾਦੂ। ਨਾਲੇ ਮੁੰਡੇ ਦੀ ਨੌਕਰੀ ਜਾਊ। ਅੱਜ-ਕੱਲ੍ਹ ਦੀਆਂ ਕੁੜੀਆਂ ਗੁੱਸੇ 'ਚ ਕੁੱਝ ਵੀ ਕਰ ਸਕਦੀਆਂ ਨੇ।"

"ਫੇਰ ਹੁਣ ਅਸੀਂ ਵੀ ਕੀ ਕਰ ਸਕਦੇ ਆ ਸ਼ਾਹ ਜੀ ? ਏਸ ਕੁੜੀ ਨੇ ਤਾਂ ਸਾਡੀ ਮਿੱਟੀ ਹੀ ਪਲੀਤ ਕਰ ਦਿੱਤੀ। ਐਨੀ ਖੁਸ਼ੀ-ਖੁਸ਼ੀ ਮੁੰਡੇ ਦਾ ਵਿਆਹ ਕੀਤਾ, ਉਹ ਵੀ ਬਿਨਾਂ ਦਾਜ ਦੇ। ਉਪਰੋਂ ਮਹਾਰਾਣੀ ਕਹਿੰਦੀ ਆ ਅੱਡ ਹੋਣੈ।"

"ਮੈਂ ਤਾਂ ਕਹਿਣਾ ਤੁਸੀਂ ਮੁੰਡੇ ਨੂੰ ਘਰ 'ਚ ਹੀ ਅੱਡ ਕਰਦੋ ਤੇ ਦੋਵਾਂ ਨੂੰ ਬੇ-ਦਖ਼ਲ ਕਰਕੇ ਆਪ ਇਸ ਬਲ਼ਾ ਤੋਂ ਖਹਿੜਾ ਛੁਡਾਓ।"

"ਸ਼ਾਹ ਜੀ ਸਾਡੇ ਕੋਲ ਜੋ ਵੀ ਹੈ ਮੁੰਡੇ ਦਾ ਹੀ ਏ। ਅਸੀਂ ਕਿਹੜਾ ਨਾਲ ਲੈਜਾਂਗੇ।"

"ਬਈ ਨਵਤੇਜ ਗੱਲ ਦੇਣ-ਲੈਣ ਦੀ ਨ੍ਹੀ। ਬੇ-ਦਖ਼ਲ ਤਾਂ ਸਿਰਫ਼ ਕਾਗਜ਼ਾਂ 'ਚ ਹੀ ਕਰਨਾ ਏ, ਰਹੀ ਭਾਵੇਂ ਇਕੱਠੇ ਜਾਓ। ਰੱਬ ਨਾ ਕਰੇ ਜੇ ਕੋਈ ਅਣਹੋਣੀ ਵਾਪਰ ਜਾਏ ਤਾਂ ਥੋਡਾ ਏਸ ਵਿੱਚ ਬਚਾਅ ਤਾਂ ਹੋਜੂ।. . . ਚੱਲ ਬਾਕੀ ਜਿਵੇਂ ਤੁਸੀਂ ਠੀਕ ਸਮਝੋਂ।"

. . . ਸ਼ਾਇਦ ਪਾਪਾ ਨੂੰ ਸ਼ਾਹ ਦੀ ਗੱਲ ਹੁਣ ਸਮਝ ਆਈ ਹੋਣੀ ਆ। . . . ਪਰ ਉਨ੍ਹਾਂ ਨੂੰ ਇੱਕ ਵਾਰ ਇਹ ਤਾਂ ਸੋਚਣਾ ਚਾਹੀਦਾ ਸੀ ਕਿ ਇਹ ਇੱਕ ਨੋਟਿਸ ਮਾਤਰ ਨ੍ਹੀ ਬਲਕਿ ਇਹਦੀ ਮਾਰ ਤਾਂ ਪੀੜ੍ਹੀ ਦਰ ਪੀੜ੍ਹੀ ਪੈਂਦੀ ਆ। ਮੈਂ ਨ੍ਹੀ ਚਾਹੁੰਦਾ ਜੋ ਮੇਰੇ ਨਾਲ ਹੋਇਆ ਉਹ ਮੇਰੇ ਬੱਚਿਆਂ ਨਾਲ ਵੀ ਹੋਵੇ।

ਮੋਬਾਇਲ ਦੀ ਰਿੰਗ ਨੇ ਮੈਨੂੰ ਆਪਣੇ ਵਿਚਾਰਾਂ ਦੀ ਕਸ਼ਮਕਸ਼ ਵਿੱਚੋਂ ਵਾਪਿਸ ਲੈ ਆਂਦਾ। ਮੇਰੇ ਸਾਲੇ ਦਾ ਫ਼ੋਨ ਆ। ਸ਼ਾਇਦ ਕਲਪਨਾ ਨੇ ਹੀ ਕਰਾਇਆ ਹੋਵੇ।

"ਹੈਲੋਂ !"

"ਨਮਸਤੇ ਜੀਜਾ ਜੀ! ਹੋਰ ਸੁਣਾਓ ਠੀਕ-ਠਾਕ ਓ?"

"ਹਾਂ-ਹਾਂ ਮੈਂ ਤਾਂ ਠੀਕ ਆ। ਤੂੰ ਸੁਣਾ ਕਿਵੇਂ ਯਾਦ ਕੀਤਾ?"

"ਅਖ਼ਬਾਰ ਪੜ੍ਹਿਆ ਸੀ। ਪੜ੍ਹ ਕੇ ਬੜ੍ਹਾ ਧੱਕਾ ਲੱਗਿਆ। ਮਾਸੜ ਜੀ ਨੂੰ ਐਦਾ ਨ੍ਹੀ ਕਰਨਾ ਚਾਹੀਦਾ ਸੀ।"

"ਹੂੰਅ"

"ਚੱਲੋਂ ਫਿਰ ਵੀ ਥੋਨੂੰ ਕੀ ਫ਼ਰਕ ਪੈਂਦਾ ਏਸ ਨਾਲ। ਰੱਬ ਦਾ ਦਿੱਤਾ ਸਭ ਕੁਝ ਤਾਂ ਹੈ।"

"ਹੂੰਅ" ਮੇਰੇ ਮੂੰਹ ਤੋਂ ਇਸ ਤੋਂ ਵੱਧ ਹੋਰ ਕੋਈ ਸ਼ਬਦ ਨ੍ਹੀ ਨਿਕਲਦਾ।

"ਚੱਲੋਂ ਤੁਸੀਂ ਟੈਨਸ਼ਨ ਨਾ ਲਓ। ਅਸੀਂ ਇੱਕ-ਅੱਧੇ ਦਿਨ ਤੱਕ ਮਾਰਾਂਗੇ ਗੇੜਾ।"

"ਠੀਕ ਆ" ਐਨਾ ਕਹਿ ਕੇ ਫ਼ੋਨ ਕੱਟ ਦਿੰਦਾ ਹਾਂ।

ਆਪਣੀ ਕੁਰਸੀ ਬਾਹਰ ਲਆਨ 'ਚ ਡਾਹ ਕੇ ਬੈਠ ਜਾਂਦਾ ਹਾਂ। ਬੈਠੇ-ਬੈਠੇ ਸੋਚਦਾ ਹਾਂ ਕਿ ਇਹ ਲੋਕ ਸਿਰਫ਼ ਮਜ਼ਬੂਤ ਆਰਥਿਕਤਾ ਨੂੰ ਹੀ ਜ਼ਿੰਦਗੀ ਦਾ ਅਧਾਰ ਮੰਨਦੇ ਨੇ। ਇਹਨਾਂ ਨੂੰ ਕੀ ਪਤਾ ਕਿ ਬੇਦਖ਼ਲੀ ਦਾ ਡੰਗ ਐਨਾ ਖਤਰਨਾਕ ਹੁੰਦਾ ਏ ਕਿ ਪੀੜ੍ਹੀਆਂ ਤੱਕ ਵੀ ਇਸਦੇ ਵਿਸ਼ ਦਾ ਅਸਰ ਨ੍ਹੀ ਮੁੱਕਦਾ। . . . ਮੈਨੂੰ ਐਦਾ ਬੈਠਾ ਦੇਖ ਕਲਪਨਾ ਮੇਰੇ ਲਈ ਚਾਹ ਦਾ ਕੱਪ ਲੈ ਆਉਂਦੀ ਹੈ। ਫਿਰ ਪਕੋੜੀਆਂ ਦਾ ਪੈਕਟ ਫੜੀ ਮੇਰੇ ਆਸੇ-ਪਾਸੇ ਦੇਖਦੀ ਹੈ। ਮੇਰੀ ਕੁਰਸੀ ਕੋਲ ਪਏ ਟੇਬਲ ਤੋਂ ਅਖ਼ਬਾਰ ਚੁੱਕ ਕੇ ਉਹਦਾ ਇੱਕ ਟੁੱਕੜਾ ਪਾੜਦੀ ਹੈ ਤੇ ਉਪਰ ਪਕੋੜੀਆਂ ਰੱਖ ਕੇ ਮੈਨੂੰ ਫੜ੍ਹਾ ਦਿੰਦੀ ਹੈ। ਮੈਂ ਪਕੋੜੀਆਂ ਖਾਣ ਲੱਗਦਾ ਹਾਂ ਤਾਂ ਅਚਾਨਕ ਮੇਰੀ ਨਿਗ੍ਹਾ ਪਕੋੜੀਆਂ ਦੇ ਹੇਠਾ ਪਏ ਅਖ਼ਬਾਰ ਦੇ ਟੁੱਕੜੇ 'ਤੇ ਛਪੇ ਨੋਟਿਸ 'ਤੇ ਚਲੀ ਜਾਂਦੀ ਏ, 'ਮੈਂ ਨਵਤੇਜ ਕੁਮਾਰ ਲੁਟਾਵਾ ਪੁੱਤਰ ਹਰਮੇਸ਼ ਕੁਮਾਰ ਲੁਟਾਵਾ ਵਾਸੀ ਬਦੇਸ਼ਾ ਤਹਿਸੀਲ ਖਮਾਣੋ ਜ਼ਿਲਾ ਫਤਿਹਗੜ੍ਹ ਸਾਹਿਬ ਨੇ ਆਪਣੇ ਪੁੱਤਰ ਨਿਰਮੇਸ਼ ਕੁਮਾਰ ਅਤੇ ਨੂੰਹ ਕਲਪਨਾ ਰਾਣੀ, ਜੋ ਮੇਰੇ ਕਹਿਣੇ ਕਾਰ 'ਚ ਨਹੀਂ ਹਨ, ਦਾ ਮੇਰੇ ਨਾਲ ਕੋਈ ਰਿਸ਼ਤਾ ਨਾਤਾ ਨਹੀਂ ਰਿਹਾ। ਉਨ੍ਹਾਂ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।' ਘਬਰਾ ਕੇ ਮੇਰੇ ਹੱਥੋਂ ਕਾਗਜ਼ ਹੇਠਾਂ ਡਿੱਗ ਪੈਂਦਾ ਏ। ਪਕੋੜੀਆਂ ਫਰਸ਼ 'ਤੇ ਖਿੰਡ ਜਾਂਦੀਆਂ ਨੇ ਤੇ ਕਾਗਜ਼ ਦਾ ਟੁੱਕੜਾ ਹਵਾ ਵਿੱਚ ਕਿੱਧਰੇ ਉੱਡ ਜਾਂਦਾ ਏ। ਸਾਡਾ ਕੁੱਤਾ ਟਾਈਗਰ ਖਿੰਡੀਆਂ ਪਕੋੜੀਆਂ ਨੂੰ ਖਾ ਰਿਹਾ ਏ ਤੇ ਮੈਂ ਉਸ ਕਾਗਜ਼ ਦੇ ਟੁੱਕੜੇ ਨੂੰ ਲੱਭਣ ਦਾ ਯਤਨ ਕਰ ਰਿਹਾ ਹਾਂ, ਜਿਸਨੇ ਸਵੇਰ ਦਾ ਮੇਰਾ ਚੈਨ ਖੋਹਿਆ ਪਿਆ ਏ।



## ਕਹਾਣੀ-ਮੈਨੂੰ ਮੇਰੇ ਰਾਮ ਦੀ ਉਡੀਕ ਹੈ........../-ਸੰਦੀਪ ਚੀਮਾ

ਹੁਣੇ-ਹੁਣੇ ਮੈਨੂੰ ਫਿਰ ਉਹੀ ਸੁਪਨਾ ਆਇਆ ਏ ਜੋ ਤਿੰਨ ਸਾਲ ਤੋਂ ਮੇਰਾ ਪਿੱਛਾ ਨਹੀਂ ਛੱਡ ਰਿਹਾ, ਕਦੇ ਹਫ਼ਤੇ ਬਾਅਦ ਆ ਜਾਂਦਾ ਏ, ਕਦੇ ਦੋ-ਦੋ ਮਹੀਨੇ ਲੰਘ ਜਾਂਦੇ ਨੇ- ਇੱਕ ਤਿੰਨ-ਚਾਰ ਕੁ ਸਾਲ ਦਾ ਮੁੰਡਾ ਏ, ਪੁਰਾਣੇ ਤੇ ਪਾਟੇ ਜਿਹੇ ਕੱਪੜੇ, ਵਾਲ਼ ਉਲ਼ਝੇ ਹੋਏ, ਲਿਬੜੀਆਂ ਗੱਲ੍ਹਾਂ 'ਤੇ ਹੰਝੂਆਂ ਦੀਆਂ ਸੁੱਕੀਆਂ ਘਰਾਲ਼ਾਂ, ਘਰ ਦੇ ਦਲਾਨ ਅੱਗੇ ਖੜ੍ਹਾ ਮੈਨੂੰ ਦੇਖ ਕੇ ਮੁਸਕਰਾ ਰਿਹਾ ਏ, ਫਿਰ ਉਹਦੇ ਹੱਸਣ ਦੀ ਅਵਾਜ਼ ਉਚੀ ਹੁੰਦੀ ਜਾਂਦੀ ਏ ਤੇ ਜਹਾਜ਼ ਦੀ ਅਵਾਜ਼ ਵਾਂਗੂੰ ਸਿਰ ਪਾਟਣ ਲੱਗਦੀ ਏ ਤੇ ਮੈਂ ਕੰਨਾਂ 'ਤੇ ਹੱਥ ਰੱਖ ਕੇ ਉਠ ਖੜਦਾਂ ਪਰ ਅੱਜ ਇੱਕ ਅਜੀਬ ਗੱਲ ਇਹ ਹੋਈ ਕਿ ਉਹ ਬੱਚਾ ਬੜੀ ਛੇਤੀ ਇੱਕ ਰਿਸ਼ੀ ਦਾ ਰੂਪ ਧਾਰ ਗਿਆ ਤੇ ਰਿਸ਼ੀ ਗੁੱਸੇ ਵਿੱਚ ਆਪਣਾ ਪਰਨਾ ਤਲਵਾਰ ਵਾਂਗੂੰ ਮੇਰੇ ਮਾਰਨ ਲੱਗਾ। ਉਹ ਬੱਚਾ ਤਾਂ ਮੈਨੂੰ ਲੱਗਦੈ ਸ਼ਾਇਦ ਜੱਗੇ ਦਾ ਏ ਤੇ ਮੈਂ ਉਸਦਾ ਦੋਸ਼ੀ ਵੀ ਆਂ ਜਿਸ ਕਰਕੇ ਉਹ ਮੇਰਾ ਪਿੱਛਾ ਨਹੀਂ ਛੱਡਦਾ ਪਰ ਉਹ ਰਿਸ਼ੀ ਕੌਣ ਸੀ ਤੇ ਮੈਂ ਉਹਦਾ ਕੀ ਵਿਗਾੜਿਆ ਏ? ਪਰ ਉਹ ਰਿਸ਼ੀ ਕਿਤੇ ਦੇਖਿਆ ਜਰੂਰ ਏ.. ......................।

ਅਜੇ ਤਾਂ ਮੇਰਾ ਗਲ਼ ਸੁੱਕਦਾ ਜਾਂਦੈ, ਬੜਾ ਡਰਾਉਣਾ ਸੁਪਨਾ ਸੀ। ਹੁਣ ਰਾਤ ਦੇ ਤਿੰਨ ਵੱਜ ਚੁੱਕੇ ਨੇ ਤੇ ਮੈਨੂੰ ਪਤਾ ਏ ਕਿ ਹੁਣ ਮੈਨੂੰ ਨੀਂਦ ਨੀ ਆਉਂਣੀ। ਉਠ ਕੇ ਰਸੋਈ ਵੱਲ ਨੂੰ ਜਾਣ ਲੱਗਿਆਂ ਕਿਸੇ ਟਟਿਹਰੀ ਦੀ ਤਿੱਖੀ ਅਵਾਜ਼ ਨੇ ਫੇਰ ਡਰਾ ਦਿੱਤਾ, ਇਹ ਹਨੇਰੇ ਦੀਆਂ ਅਵਾਜ਼ਾਂ ਜੋ ਮੈਨੂੰ ਬੜੀਆਂ ਚੰਗੀਆਂ ਲੱਗਦੀਆਂ ਸਨ, ਅੱਜ ਤਾਂ ਬਹੁਤ ਹੀ ਡਰਾਉਣੀਆਂ ਲੱਗ ਰਹੀਆਂ ਨੇ, ਟਟਿਹਰੀ ਦੀ ਅਵਾਜ਼ ਇੰਝ ਲੱਗਦੀ ਏ ਜਿਵੇਂ ਕਿਸੇ ਮਰੇ ਹੋਏ ਨੂੰ ਰੋ ਰਹੀ ਹੋਵੇ, ਬੀਂਡਿਆਂ ਦੀਆਂ ਤਿੱਖੀਆਂ ਅਵਾਜ਼ਾਂ ਸਿਰ ਵਿੱਚ ਹਥੌੜੇ ਵਾਂਗੂੰ ਵੱਜ ਰਹੀਆਂ ਨੇ। ਮੈਂ ਛੇਤੀ-ਛੇਤੀ ਰਸੋਈ ਵਿੱਚੋਂ ਪਾਣੀ ਪੀ ਕੇ ਆਪਣੇ ਬੈਡਰੂਮ ਵਿੱਚ ਆ ਜਾਨਾਂ।

ਮੇਰੇ ਨਾਲ਼ ਡਬਲ-ਬੈਡ 'ਤੇ ਮੇਰੀ ਪਤਨੀ ਤੇ ਦੋ ਕੁ ਸਾਲ ਦਾ ਬੇਟਾ ਕਰਨ ਕਿੰਨੇ ਨਿਸ਼ਚਿੰਤ ਹੋਏ ਪਏ ਨੇ, ਕਰਨ ਆਪਣੀ ਦੁੱਧ ਵਾਲ਼ੀ ਨਿਪਲ ਮੂੰਹ ਵਿੱਚ ਪਾਈ ਪਿਆ ਏ।ਲਾਲੀ ਦੇ ਮੁੰਡੇ ਨੂੰ ਕੌਣ ਰਾਤਾਂ ਨੂੰ ਦੁੱਧ ਪਿਆਉਂਦਾ ਹੋਵੇਗਾ? ਲਾਲੀ ਦੀ ਬੁੱਢੀ ਮਾਂ ਬੱਚੇ ਕਰਕੇ ਜਿੰਨੀ ਵਾਰੀ ਰਾਤ ਨੂੰ ਉਠਦੀ ਹੋਵੇਗੀ, ਮੈਨੂੰ ਦੁਰਸੀਸਾਂ ਜਰੂਰ ਦਿੰਦੀ ਹੋਵੇਗੀ, ਸ਼ਾਇਦ ਏਸੇ ਕਰਕੇ ਪਿਛਲੇ ਤਿੰਨ ਸਾਲਾਂ ਤੋਂ ਮੇਰਾ ਮਨ ਭਟਕਦਾ ਫਿਰਦਾ ਏ, ਚੈਨ ਨਹੀਂ ਆਉਂਦਾ। ਕਰਨ ਜਦੋਂ ਬਹੁਤ ਖੁਸ਼ ਹੁੰਦੈ, ਮੈਂ ਉਦਾਸ ਹੋ ਜਾਨਾਂ, ਜੱਗੇ ਦੇ ਮੁੰਡੇ ਨੂੰ ਯਾਦ ਕਰਕੇ, ਮੈਂ ਕੁੱਝ ਕਰਨਾਂ ਚਾਹੁੰਨਾਂ ਉਸ ਲਈਪਰ ਬਹੁਤ ਬੇਵੱਸ ਹਾਂ।

ਮੈਨੂੰ ਹੁਣ ਉਹ ਦਿਨ ਯਾਦ ਆ ਰਿਹੈ ਜਦੋਂ ਪਹਿਲੀ ਵਾਰ ਮੈਂ ਜੱਗੇ ਦੀ ਘਰਵਾਲ਼ੀ ਬਲਜੀਤ ਨੂੰ ਦੇਖਿਆ ਸੀ। ਜੱਗੇ ਹੋਰੀਂ ਮੇਰੇ ਮਾਮੇ ਦੇ ਗੁਆਂਢੀ ਨੇ। ਪੰਜ-ਛੇ ਸਾਲ ਪਹਿਲਾਂ, ਜਦੋਂ ਮੈਂ ਬੀ.ਏ. 'ਚ ਪੜ੍ਹਦਾ ਸੀ, ਜੋੜ-ਮੇਲੇ ਦੀਆਂ ਛੁੱਟੀਆਂ 'ਚ ਨਾਨਕੇ ਗਿਆ ਸੀ। ਮੇਲੇ 'ਤੇ ਜਾਣ ਲਈ ਮਾਮੇ ਨੇ ਟਰਾਲੀ ਤਿਆਰ ਕੀਤੀ ਤਾਂ ਜੀਤੀ ਵੀ ਆਪਣਾ ਸਾਲ ਕੁ ਦਾ ਮੁੰਡਾ ਲੈ ਕੇ ਨਾਲ਼ ਗਈ।ਜੀਤੀ ਨੇ ਕਾਲ਼ੇ ਸੂਟ ਉਤੇ ਕਰੀਮ ਜਾਕਟ ਪਾਈ ਹੋਈ ਸੀ ਤੇ ਸੱਚੀਂ ਦੱਸਾਂ ਤਾਂ ਉਸ ਸਮੇਂ ਮੈਂ ਉਹਦਾ ਬੱਚਾ ਬਿਲਕੁਲ ਵੀ ਨਹੀਂ ਸੀ ਦੇਖਿਆ,ਮੈਂ ਤਾਂ ਮੇਲਾ ਵੀ ਨਹੀਂ ਸੀ ਦੇਖਿਆ, ਅੱਖਾਂ ਤਾਂ ਦੇਖ ਰਹੀਆਂ ਸੀ ਪਰ ਦਿਮਾਗ ਜੀਤੀ ਦੇ ਖ਼ਿਆਲ਼ਾਂ ਵਿੱਚ ਖੋਇਆ ਹੋਇਆ ਸੀ, ਮੈਂ ਆਪਣੇ ਕਾਲਜ ਵਿੱਚ ਵੀ ਕੋਈ ਕੁੜੀ ਇੰਨੀ ਦਿਲ-ਖਿੱਚਵੀਂ ਨਹੀਂ ਸੀ ਦੇਖੀ, ਸਾਰੇ ਰਾਹ ਇਹੀ ਸੋਚਦਾ ਰਿਹਾ ਕਿ ਜੇ ਇੱਕ ਵਾਰ ਮੈਨੂੰ ਮਿਲ ਜੇ........

ਮੇਲੇ ਵਿੱਚ ਮੇਰੀ ਨਜ਼ਰ ਜੀਤੀ ਤੇ ਉਸਦੀ ਜਾਕਟ ਤੇ ਡਿੱਗਦੀ ਲੰਮੀ ਕਾਲ਼ੀ ਗੁੱਤ ਨੂੰ ਲੱਭਦੀ ਰਹੀ।

ਮੇਲੇ ਤੋਂ ਦੂਜੇ ਦਿਨ ਜੀਤੀ ਗਿਆਰਾਂ ਕੁ ਵਜੇ ਮੁੰਡੇ ਨੂੰ ਲੈ ਕੇ ਮਾਮੀ ਕੋਲ਼ ਆਈ, ਜੱਗਾ ਕਈ

ਦਿਨਾਂ ਦਾ ਟਰੱਕ ਲੈ ਕੇ ਰਾਂਚੀ ਦਾ ਚੱਕਰ ਲਾਉਣ ਗਿਆ ਹੋਇਆ ਸੀ ਤੇ ਸ਼ਾਇਦ ਜੀਤੀ ਦਾ ਘਰ ਜੀਅ ਨਹੀਂ ਸੀ ਲੱਗ ਰਿਹਾ, ਮੇਰੀਆਂ ਅੱਖਾਂ ਅੱਗੇ ਨਾਵਲ ਸੀ ਪਰ ਦਿਮਾਗ ਜੀਤੀ ਵਿੱਚ ਸੀ। ਜੀਤੀ ਮਾਮੀ ਨਾਲ਼ ਗੱਲਾਂ ਕਰਦੀ ਰਹੀ ਤੇ ਦੋਵੇਂ ਛੱਲੀਆਂ ਭੋਰਦੀਆਂ ਰਹੀਆਂ, ਥੋੜ੍ਹੀ ਦੇਰ ਬਾਅਦ ਮਾਮੀ ਨੇ ਮੈਨੂੰ ਵੀ ਛੱਲੀਆਂ ਭੋਰਨ ਲਈ ਬੁਲਾ ਲਿਆ, ਛੱਲੀਆਂ ਦੀ ਪੰਡ ਭਰੀ ਪਈ ਸੀ ਪਰ ਮੈਨੂੰ ਲੱਗਾ ਕਿ ਇਹ ਛੱਲੀਆਂ ਛੇਤੀ ਹੀ ਖਤਮ ਹੋ ਜਾਣਗੀਆਂ ਤੇ ਜੀਤੀ ਚਲੀ ਜਾਵੇਗੀ। ਕਿੰਨੀਆਂ ਪਿਆਰੀਆਂ ਗੱਲਾਂ ਕਰਦੀ ਸੀ ਜੀਤੀ, ਕਦੀ ਆਪਣੇ ਪੇਕੇ ਪਿੰਡ ਦੀਆਂ, ਕਦੀ ਆਪਣੇ ਪੜ੍ਹਨ ਸਮੇਂ ਸਕੂਲ ਦੀਆਂ, ਮੈਂ ਚੁੱਪ-ਚਾਪ ਉਹਦੇ ਮਿੱਠੇ ਬੋਲ ਸੁਣਦਾ ਰਿਹਾ।

"ਗੋਲਡੀ ਤੇਰਾ ਤਾਂ 'ਗੂਠਾ ਲਾਲ ਹੋ ਗਿਆ, ਤੂੰ ਰਹਿਣ ਦੇ ਛੱਲੀਆਂ ਨੂੰ।" ਮੇਰਾ ਨਾਂ ਸ਼ਾਇਦ ਉਹਨੇ ਮਾਮੀ ਤੋਂ ਸੁਣ ਲਿਆ ਸੀ।

"ਕੋਈ ਨਾ ਵਿਹਲਾ ਈ ਆਂ, ਥੋਡੇ ਦੋਨਾਂ ਨਾਲ਼ੋਂ ਵੱਧ ਈ ਭੋਰੂ ਛੱਲੀਆਂ।"

"ਚੰਗਾ ਫੇਰ ਦੇਖਦੇ ਆਂ ਆਹ ਛੱਲੀ ਪਹਿਲਾਂ ਕੌਣ ਭੋਰਦੈ।"

ਮੈਨੂੰ ਜਿੱਤਦਾ ਦੇਖ ਜੀਤੀ ਨੇ ਆਪਣੀ ਛੱਲੀ ਮੈਨੂੰ ਫੜਾ ਦਿੱਤੀ ਤੇ ਮੇਰੀ ਖੋਹ ਲਈ। ਫਿਰ ਤਾਂ ਰੋਜ ਅਸੀਂ ਇੱਕ-ਦੂਜੇ ਦੇ ਨੇੜੇ ਹੀ ਹੁੰਦੇ ਗਏ ਤੇ ਮੈਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਮੇਰਾ ਹੱਥ ਉਹਦੀ ਛੱਲੀ ਤੋਂ ਉਹਦੇ ਲੱਕ ਤੱਕ ਚਲਾ ਗਿਆ, ਤਿੰਨ-ਚਾਰ ਦਿਨ ਬਾਅਦ ਮੈਂ ਰਾਤ ਨੂੰ ਗਰਮ ਟਰੈਕ ਸੂਟ ਪਾਈ, ਜੀਤੀ ਦੀ ਗਰਮ ਸ਼ਾਲ ਵਿੱਚੋਂ ਦੀ ਉਹਦੇ ਲੱਕ ਪਿੱਛੇ ਹੱਥ ਰੱਖੀਂ ਖੜਾ ਸੀ। ਧੁੰਦ ਦੇ ਕਿਣਕੇ ਸਾਡੇ ਚਿਹਰਿਆਂ 'ਤੇ ਡਿੱਗ ਰਹੇ ਸੀ, ਜੀਤੀ ਨੇ ਹੱਥ ਨਾਲ਼ ਮੇਰੇ ਵਾਲ਼ਾਂ ਤੋਂ ਧੁੰਦ ਝਾੜਦਿਆਂ ਹੌਲ਼ੀ ਜਿਹੀ ਕਿਹਾ,

"ਤੂੰ ਟੋਪੀ ਕਿਉਂ ਨੀ ਪਾ ਕੇ ਆਇਆ ?"

"ਤੈਨੂੰ ਮੇਰੇ ਵਾਲ਼ ਵਧੀਆ ਲੱਗਦੇ ਨੇ ਨਾ ਤਾਂ ਕਰਕੇ।"

"ਤੂੰ ਠੰਢ ਨਾ ਲਵਾ ਲੀਂ ਮੇਰੀ ਜਾਨ, ਮੈਨੂੰ ਤਾਂ ਤੇਰੀਹਰੇਕ ਚੀਜ ਏ ਸੋਹਣੀ ਲੱਗਦੀ ਆ, ਮੈਨੂੰ ਤਾਂ ਤੂੰ ਰੌਸ਼ਨ ਪ੍ਰਿੰਸ ਵਰਗਾ ਲੱਗਦੈਂ............ਚੰਗਾ ਮੈਂ ਹੁਣ ਜਾਵਾਂ ਮੁੰਡਾ ਨਾ ਉਠ ਖੜੇ ?"

ਮੁੰਡਾ ਤਾਂ ਨੀ ਪਰ ਜੀਤੀ ਦਾ ਸਹੁਰਾ ਜਰੂਰ ਉਠ ਖੜ੍ਹਾ ਸੀ ਤੇ ਉਹਨੇ ਮੈਨੂੰ ਕੰਧ ਟੱਪ ਕੇ ਜਾਂਦੇ ਨੂੰ ਦੇਖ ਲਿਆ ਸੀ, ਜੀਤੀ ਦੇ ਵੱਜਿਆ ਥੱਪੜ ਮੈਂ ਰਾਤ ਦੀ ਚੁੱਪ ਵਿੱਚ ਸੁਣ ਲਿਆ ਸੀ। ਸਾਡੀ ਇਸ ਦਸ ਕੁ ਦਿਨ ਦੀ ਪ੍ਰੇਮ ਕਹਾਣੀ ਦਾ ਅੰਤ ਬਹੁਤ ਹੀ ਬੁਰਾ ਹੋਇਆ ਸੀ।

"ੴ ਸਤਿਨਾਮ ਕਰਤਾ ਪੁਰਖ................."

ਗੁਰਦੁਆਰੇ ਦੇ ਭਾਈ ਜੀ ਨੇ ਵਾਕ ਲੈ ਕੇ ਪਾਠ ਸ਼ੁਰੂ ਕਰ ਦਿੱਤੈ, ਸ਼ਾਇਦ ਚਾਰ ਕੁ ਵਜ ਗਏ ਹੋਣੇ ਨੇ। ਹੁਣੇ ਥੋੜ੍ਹੇ ਚਿਰ ਵਿੱਚ ਪਤਨੀ ਉਠ ਜਾਵੇਗੀ ਤੇ ਮੈਨੂੰ ਇੰਝ ਬੈਠੇ ਨੂੰ ਦੇਖ ਕੇ ਕਈ ਸਵਾਲ ਕਰੇਗੀ, ਮੈਨੂੰ ਲੇਟ ਜਾਣਾਂ ਚਾਹੀਦੈ।ਥੋੜ੍ਹਾ ਚਿਰ ਪਾਠ ਸੁਣਨ ਤੋਂ ਬਾਅਦ ਧਿਆਨ ਫਿਰ ਆਪਣੇ ਆਪ ਉਸੇ ਘਟਨਾ ਵੱਲ ਚਲਾ ਜਾਂਦੈ।

ਮੈਂ ਅਗਲੇ ਹੀ ਦਿਨ ਪਿੰਡ ਮੁੜ ਆਇਆ ਸੀ ਪਰ ਜੀਤੀ ਮੈਨੂੰ ਚੋਰੀ-ਚੋਰੀ ਫੋਨ 'ਤੇ ਘਰ 'ਚ ਪਏ ਕਲੇਸ਼ ਬਾਰੇ ਦੱਸਦੀ ਰਹੀ। ਜੀਤੀ ਦੇ ਸੱਸ-ਸਹੁਰਾ ਤਾਂ ਗੱਲ ਨੂੰ ਦੱਬਣਾ ਚਾਹੁੰਦੇ ਸੀ ਪਰ ਜਦੋਂ ਇਹ ਗੱਲ ਜੱਗੇ ਨੂੰ ਪਤਾ ਲੱਗ ਗਈ ਤਾਂ ਉਸਨੇ ਜੀਤੀ ਨੂੰ ਬਹੁਤ ਕੁੱਟਿਆ,ਫਿਰ ਮੈਂ ਹੀ ਜੀਤੀ ਨੂੰ ਫੋਨ ਕਰਨ ਤੋਂ ਮਨਾਂ ਕਰ ਦਿੱਤਾ ਸੀ। ਫਿਰ ਮੈਨੂੰ ਪਤਾ ਲੱਗਾ ਕਿ ਮੇਰੇ ਤੋਂ ਬਾਅਦ ਜੀਤੀ ਨੇ ਪਿੰਡ ਦੇ ਹੀ ਇੱਕ ਹੋਰ ਮੁੰਡੇ ਨਾਲ਼ ਵੀ ਯਾਰੀ ਲਾ ਲਈ ਸੀ, ਫਿਰ ਤਾਂ ਜੀਤੀ ਤੇ ਜੱਗੇ ਦਾ ਝਗੜਾ ਵੱਧਦਾ ਹੀ ਗਿਆ ਤੇ ਜੱਗੇ ਨੇ ਮੁੰਡਾ ਆਪਣੇ ਕੋਲ਼ ਰੱਖ ਕੇ ਜੀਤੀ ਪੇਕੇ ਤੋਰ ਦਿੱਤੀ ਤੇ ਹੁਣ ਉਨ੍ਹਾਂ ਦਾ ਝਗੜਾ ਅਦਾਲਤ ਵਿੱਚ ਚੱਲ ਰਿਹਾ ਏ।

ਤਿੰਨ ਕੁ ਸਾਲ ਪਹਿਲਾਂ ਮੈਂ ਇੱਕ ਵਾਰੀ ਮਾਮੇ ਦਾ ਪਤਾ ਲੈਣ ਗਿਆ ਸੀ, ਮਾਮੇ ਦੇ ਮੁੰਡੇ ਜ਼ੈਲੀ ਨੇ ਦੱਸਿਆ ਕਿ ਜੱਗਾ ਅਜੇ ਵੀ ਡਰਾਵਿਰੀ ਹੀ ਕਰਦਾ ਸੀ ਤੇ ਨਸ਼ਾ ਵੀ ਅੱਗੇ ਨਾਲੋਂ ਵੱਧ ਕਰਨ ਲੱਗਾ ਸੀ।



ਜੱਗੇ ਦੀ ਮਾਂ ਨੂੰ ਪਿਛਲੇ ਮਹੀਨੇ ਅਧਰੰਗ ਦਾ ਅਟੈਕ ਹੋਇਆ ਸੀ, ਜਿਸ ਕਰਕੇ ਖੱਬਾ ਹੱਥ ਚੰਗੀ ਤਰ੍ਹਾਂ ਕੰਮ ਕਰਨੋਂ ਹੱਟ ਗਿਆ ਸੀ। ਜਿਵੇਂ-ਜਿਵੇਂ ਜ਼ੈਲੀ ਮੈਨੂੰ ਇਹ ਗੱਲਾਂ ਦੱਸ ਰਿਹਾ ਸੀ, ਮੇਰੀ ਨਜ਼ਰ ਧਰਤੀ ਵਿੱਚ ਧੱਸਦੀ ਜਾ ਰਹੀ ਸੀ। ਸ਼ਾਮ ਨੂੰ ਮੈਂ ਚੋਰੀ-ਚੋਰੀ ਜੱਗੇ ਦੇ ਘਰ ਵੱਲ ਗਿਆ। ਜੱਗੇ ਦਾ ਛੋਟਾ ਮੁੰਡਾ ਹੱਥ ਵਿੱਚ ਪੁਰਾਣੀ ਜੁੱਤੀ ਫੜੀਂ ਘਰ ਦੇ ਦਲਾਨ ਅੱਗੇ ਖੜਾ ਸੀ, ਪੁਰਾਣੇ ਜਿਹੇ ਕੱਪੜੇ ਤੇ ਲਿਬੜੇ ਮੂੰਹ ਨਾਲ਼ ਮੇਰੇ ਵੱਲ ਦੇਖ ਰਿਹਾ ਸੀ, ਫਿਰ ਇਕਦਮ ਸੜਕ ਤੋਂ ਪਾਰ ਡੰਗਰਾਂ ਵਾਲ਼ੀ 'ਵਾਦੀ ਵੱਲ ਦੌੜਿਆ ਪਰ ਸੜਕ 'ਤੇ ਆ ਰਹੇ ਤੇਜ ਰਫ਼ਤਾਰ ਮੋਟਰਸਾਇਕਲ ਵੱਲ ਬਿਲਕੁਲ ਨਹੀਂ ਦੇਖਿਆ। ਮੋਟਰ- ਸਾਇਕਲ ਵਾਲ਼ੇ ਨੇ ਬੱਚੇ ਦੇ ਪਿੱਛੋਂ ਦੀ ਕੱਟ ਮਾਰਿਆ ਤਾਂ ਮੇਰਾ ਤਾਂ ਸਾਹ ਹੀ ਰੁਕ ਚੱਲਿਆ ਸੀ। ਮੁੰਡਾ ਆਪਣੇ ਬਾਪੂ ਦੀ ਪੁਰਾਣੀ ਜੁੱਤੀ ਵਿੱਚ ਮਿੱਟੀ ਪਾ ਕੇ ਖੇਡਣ ਲੱਗਿਆ।ਜੇ ਮੁੰਡੇ ਨੂੰ ਸੱਟ-ਫੇਟ ਲੱਗ ਜਾਂਦੀ ?

ਅੱਜ ਇਸ ਘਟਨਾ ਨੂੰ ਵੀ ਤਿੰਨ ਕੁ ਸਾਲ ਹੋ ਗਏ, ਹੁਣ ਤਾਂ ਮੁੰਡਾ ਪੰਜ ਕੁ ਸਾਲ ਦਾ ਹੋ ਗਿਆ ਹੋਣੈ, ਪਤਾ ਨੀਂ ਪੜ੍ਹਨ ਵੀ ਪਾਇਆ ਏ ਕਿ ਨਹੀਂ ? ਮੈਂ ਉਸ ਬੱਚੇ ਦਾ ਦੋਸ਼ੀ ਆਂ ਤੇ ਉਸਨੂੰ ਪਤਾ ਵੀ ਨਹੀਂ, ਦੋਸ਼ੀ ਤਾਂ ਮੈਂ ਜੱਗੇ ਦਾ, ਉਹਦੇ ਮਾਂ-ਬਾਪ ਦਾ, ਜੀਤੀ ਦਾ ਸਾਰਿਆਂ ਦਾ ਹੀ ਹਾਂ। ਜਿਵੇਂ-ਜਿਵੇਂ ਵੱਧ ਪੜ੍ਹੀ ਜਾਨਾਂ ਦੋਸ਼ ਵੱਡਾ ਹੋਈ ਜਾਂਦੈ। ਮੈਂ ਪਿਛਲੇ ਛੇ ਸਾਲਾਂ ਵਿੱਚ ਬਹੁਤ ਕੁੱਝ ਪੜ੍ਹ ਲਿਆ ਏ, ਧਰਮ, ਦਰਸ਼ਨ, ਫਰਾਇਡ, ਮਾਰਕਸ ਪਰ ਮਨ ਨੂੰ ਚੈਨ ਫਿਰ ਵੀ ਨਹੀਂ ਆ ਰਿਹਾ,ਜੀਤੀ ਤੋਂ ਬਾਅਦ ਵੀ ਔਰਤ ਲਈ ਮੇਰੀ ਭਟਕਣਾ ਖ਼ਤਮ ਨਹੀਂ ਹੋਈ। ਫਰਾਇਡ ਦੇ ਮਾਡਰਨ ਵਿਚਾਰ ਵੀ ਮਨ ਨੂੰ ਸ਼ਾਂਤ ਨਹੀਂ ਕਰ ਸਕੇ। ਪਰ ਮੈਨੂੰ ਉਹ ਰਿਸ਼ੀ ਵਾਲ਼ੀ ਗੱਲ ਸਮਝ ਨਹੀਂ ਆ ਰਹੀ ਕਿ ਮੇਰੇ ਸੁਪਨੇ ਵਾਲ਼ਾ ਰਿਸ਼ੀ ਕੌਣ ਸੀ ?

"ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਘਾਵਹਿ ਸਿਧ ਸਮਾਧੀ ਅਦਰਿ ਗਾਵਨਿ ਸਾਧ ਵਿਚਾਰੇ ॥"

ਹਾਂ .........ਪਾਠੀ ਦੇ ਇੰਦਰ ਦੇਵ ਕਹਿਣ ਤੋਂ ਮੈਨੂੰ ਯਾਦ ਆਇਆ ਕਿ ਉਹ ਰਿਸ਼ੀ ਸ਼ਾਇਦ ਗੌਤਮ ਰਿਸ਼ੀ ਸੀ, ਜਿਸਨੇ ਇੰਦਰ ਦੇਵ ਨੂੰ ਸ਼ਰਾਪ ਦਿੱਤਾ ਸੀ। ਕੁੱਝ ਦਿਨ ਪਹਿਲਾਂ ਮੈਂ ਟੀ.ਵੀ. 'ਤੇ ਇੱਕ ਮਿਥਿਹਾਸਕ ਨਾਟਕ ਦੇਖਦਾ-ਦੇਖਦਾ ਸੌਂ ਗਿਆ ਸੀ। ਨਾਟਕ ਵਿੱਚ ਰਿਸ਼ੀ ਗੌਤਮ ਆਪਣੀ ਸੁੰਦਰ ਪਤਨੀ ਅਹੱਲਿਆ ਨਾਲ਼ ਕੁਟੀਆ ਵਿੱਚ ਅਨੰਦਮਈ ਜੀਵਨ ਬਤੀਤ ਕਰ ਰਿਹਾ ਸੀ। ਇੰਦਰ ਦੇਵ ਅਹੱਲਿਆ ਦਾ ਰੂਪ ਦੇਖ ਕੇ ਮੋਹਿਤ ਹੋ ਜਾਂਦਾ ਹੈ ਤੇ ਉਸਨੂੰ ਪ੍ਰਾਪਤ ਕਰਨ ਲਈ ਚੰਨ ਨੂੰ ਵੀ ਆਪਣੇ ਨਾਲ਼ ਰਲ਼ਾ ਲੈਂਦਾ ਹੈ। ਚੰਨ ਅੱਧੀ ਰਾਤ ਨੂੰ ਹੀ ਮੁਰਗਾ ਬਣਕੇ ਬਾਂਗ ਦੇ ਕੇ ਰਿਸ਼ੀ ਨੂੰ ਜਗਾ ਦਿੰਦਾ ਹੈ, ਜਿਵੇਂ ਹੀ ਰਿਸ਼ੀ ਇਸ਼ਨਾਨ ਕਰਨ ਨਦੀ ਵੱਲ ਜਾਂਦਾ ਹੈ, ਇੰਦਰ ਗੌਤਮ ਰਿਸ਼ੀ ਦਾ ਰੂਪ ਧਾਰ ਕੇ ਅਹੱਲਿਆ ਕੋਲ਼ ਪਹੁੰਚ ਜਾਂਦਾ ਹੈ ਤੇ ਕਾਮ-ਕ੍ਰੀੜਾ ਕਰਨ ਲੱਗਦਾ ਹੈ। ਰਿਸ਼ੀ ਉਨ੍ਹਾਂ ਨੂੰ ਉਤੋਂ ਹੀ ਫੜ ਲੈਂਦਾ ਹੈ, ਤੇ ਗੁੱਸੇ ਵਿੱਚ ਦੋਨਾਂ ਨੂੰ ਸ਼ਰਾਪ ਦੇ ਦਿੰਦਾ ਹੈ, ਇੰਦਰ ਨੂੰ ਸ਼ਰਾਪ ਦਿੰਦਾ ਹੈ ਕਿ ਉਸਦੀ ਕਾਮ ਭਟਕਣਾ ਕਦੇ ਸ਼ਾਂਤ ਨਹੀਂ ਹੋਵੇਗੀ ਅਤੇ ਅਹੱਲਿਆ ਨੂੰ ਸ਼ਰਾਪ ਦਿੰਦਾ ਹੈ ਕਿ ਉਹ ਪੱਥਰ ਬਣ ਜਾਵੇਗੀ ਪਰ ਜਦੋਂ ਅਹੱਲਿਆ ਆਪਣੇ ਨਿਰਦੋਸ਼ ਹੋਣ ਦੀ ਗੱਲ ਕਰਦੀ ਹੈ ਤਾਂ ਰਿਸ਼ੀ ਉਸਨੂੰ ਸ੍ਰੀ ਰਾਮ ਜੀ ਦੀ ਉਡੀਕ ਕਰਨ ਨੂੰ ਕਹਿੰਦਾ ਹੈ ਕਿਉਂਕਿ ਮਰਿਆਦਾ ਪਰਸ਼ੋਤਮ ਸ੍ਰੀ ਰਾਮ ਦੀ ਛੋਹ ਪ੍ਰਾਪਤ ਕਰਕੇ ਹੀ ਉਹ ਪੱਥਰ ਤੋਂ ਪੁਨਰ-ਸੁਰਜੀਤ ਹੋ ਸਕਦੀ ਸੀ ਤੇ ਫਿਰ ਅਹੱਲਿਆ ਲਈ ਸ੍ਰੀ ਰਾਮ ਦੀ ਲੰਮੀ ਉਡੀਕ....

ਹੁਣ ਮੈਨੂੰ ਵੀ ਇੰਝ ਲੱਗਦੈ ਜਿਵੇਂ ਮੈਂ ਇੰਦਰ ਜਾਂ ਅਹੱਲਿਆ ਹੋਵਾਂ ਜਿਸਨੂੰ ਭਟਕਣਾ ਦਾ ਸ਼ਰਾਪ ਮਿਲ ਗਿਆ ਹੋਵੇ, ਪਰ ਇਹ ਸ਼ਰਾਪ ਦੇਣ ਵਾਲ਼ਾ ਗੌਤਮ ਰਿਸ਼ੀ ਕੌਣ ਹੈ- ਜੱਗਾ, ਉਸਦੀ ਬੁੱਢੀ ਮਾਂ, ਜੀਤੀ ਜਾਂ ਉਨ੍ਹਾਂ ਦਾ ਬੱਚਾ।ਇੰਦਰ ਨੂੰ ਤਾਂ ਛੇਤੀ ਹੀ ਆਪਣੇ ਸ਼ਰਾਪ ਤੋਂ ਮੁਕਤੀ ਮਿਲ ਗਈ ਸੀ, ਮੈਂ ਤਾਂ ਸ਼ਾਇਦ ਅਹੱਲਿਆ ਹਾਂ ਜਿਸਨੂੰ ਸ਼ਾਇਦ ਇੱਕ ਯੁੱਗ ਲੱਗ ਜਾਵੇ ਪਾਪ-ਮੁਕਤ ਹੋਣ ਲਈ।ਸਵੇਰ ਹੋ ਚੁੱਕੀ ਏ, ਪੰਛੀਆਂ ਨੇ ਚਿੱਟੇ ਚਾਨਣ ਵਿੱਚ ਆਪਣੀਆਂ ਆਸਾਂ ਭਰੀਆਂ ਸੁਰਾਂ ਘੋਲ਼ ਦਿੱਤੀਆਂ ਨੇ ਤੇ ਮੈਨੂੰ ਅੱਜ ਵੀ ਪੱਥਰ ਅਹੱਲਿਆ ਵਾਂਗੂੰ ਮੇਰੇ ਰਾਮ ਦੀ ਉਡੀਕ ਹੈ.............।

## ਹਰਜਿੰਦਰ ਕੰਗ ਦੀਆਂ ਦੋ ਗ਼ਜ਼ਲਾਂ

ਜੇ ਸੱਚੀਆਂ ਕਵਿਤਾਵਾਂ ਲਿਖਦੇ।
ਧੁੱਪਾਂ ਨੂੰ ਨਾ ਛਾਵਾਂ ਲਿਖਦੇ।

ਮੁੱਕ ਜਾਣਾ ਕਵਿਤਾਵਾਂ ਲਿਖਦੇ
ਦਰਦਾਂ ਦਾ ਸਿਰਨਾਵਾਂ ਲਿਖਦੇ।

ਤੂੰ ਹੁੰਦਾ ਕਵਿਤਾਵਾਂ ਲਿਖਦੇ।
ਤੇਰੇ ਨਾਵੇਂ ਸਾਹਵਾਂ ਲਿਖਦੇ।

ਲਾ ਦੇ ਜੋ ਸਿਰ ਲਾਉਣਾ ਮੇਰੇ
ਸੂਲੀ ਤੇ ਸਿਰਨਾਵਾਂ ਲਿਖਦੇ।

ਖ਼ਾਲੀ ਖ਼ਾਲੀ ਸਭ ਰੇਖਾਵਾਂ,
ਸਭ ਤੇ ਅਪਣਾ ਨਾਵਾਂ ਲਿਖਦੇ।

ਜਿੱਥੇ ਮੈਂ ਤੂੰ ਮਿਲਕੇ ਮਿਟਣਾ
ਕਿੱਥੇ ਨੇ ਉਹ ਥਾਵਾਂ ਲਿਖਦੇ।

ਤੂੰ ਕਿਸ ਦਿਨ ਭੁੱਲ ਜਾਣਾ ਮੈਨੂੰ,
ਮੈਂ ਕਿਸ ਦਿਨ ਮਰ ਜਾਵਾਂ ਲਿਖਦੇ।

2.

ਇਹ ਕਿਸ ਦੁੱਖ ਦੀਆਂ ਨੇ ਛੱਲਾਂ ਮੂੰਹਾਂ ’ਤੇ।
ਲਗਦੈ ਗਹਿਰੇ ਜ਼ਖ਼ਮ ਨੇ ਕੋਈ ਰੂਹਾਂ ’ਤੇ।

ਕੋਈ ਦੱਸੇ ਉਹ ਘਰ ਨੂੰ ਕਦ ਪਰਤਣਗੇ,
ਪੁੱਛਦਾ ਹੈ ਘਾਹ ਉਗਿਆ ਹੋਇਆ ਬਰੂਹਾਂ ’ਤੇ।

ਰੱਬ ਜਾਣੇ ਉਹ ਰੋ-ਰੋ ਕਿਸਨੂੰ ਯਾਦ ਕਰੇ,
ਕੱਲ-ਮ-ਕੱਲਾ ਬਹਿ ਬਹਿ ਸੁੱਕਿਆਂ ਖੂਹਾਂ ’ਤੇ।

ਨਾ ਹੁਣ ਸਾਡਾ ਜ਼ਿਕਰ ਅਸਾਡੇ ਯਾਰਾਂ ਵਿੱਚ,
ਨਾ ਹੀ ਪੈੜ ਅਸਾਡੀ ਪਿੰਡ ਦੀਆਂ ਜੂਹਾਂ ’ਤੇ।

ਸੌਂਹ ਦੀ ਸੌਂਹ ਖਾ ਕੇ ਵੀ ਮੁੱਕਰ ਜਾਵੇ ਉਹ,
‘ਕੰਗ’ ਯਕੀਨ ਕਰੀਂ ਨਾ ਸੌਂਹਾਂ ਸੂਹਾਂ ’ਤੇ।



## ਮਿਸਰਦੀਪ ਨੈਣੋਵਾਲ ਦੀਆਂ ਕਵਿਤਾਵਾਂ

(1)

**ਡੱਲ ਝੀਲ ਦੀ ਹਿੱਕ ’ਤੇ**

ਕਿੰਨਾ ਚੰਗਾ ਲਗਦਾ ਹੈ
ਡੱਲ ਝੀਲ ਦੀ ਹਿੱਕ ’ਤੇ
ਤਰਦਾ ਹੋਇਆ ਸ਼ਿਕਾਰਾ !
ਹਰ ਪਾਸੇ ਸ਼ਾਂਤੀ
ਸੋਨ-ਚਿੜੀ ਦੇ ਗੀਤ
ਡੱਡੂਆਂ ਦੀ ਟਰੈਂ-ਟਰੈਂ
ਚਾਰ ਚੁਫੇਰੇ
ਬਰਫ਼ ਨਾਲ ਢੱਕੀਆਂ ਪਹਾੜੀਆਂ
ਚੀਨਾਰਾਂ ਦੇ ਉੱਚੇ-ਉੱਚੇ ਰੁੱਖ
ਫੁੱਲਾਂ ਨਾਲ ਲੱਦੀਆਂ ਹਰਿਆਲੀਆਂ ਜੂਹਾਂ
ਪਹਾੜੀਆਂ ਤੋਂ ਉੱਤਰਦੀਆਂ
ਨਦੀਆਂ ਦਾ ਨਾਚ ਤੇ ਸੰਗੀਤ
ਕਿੰਨਾ ਚੰਗਾ ਲੱਗਦਾ ਹੈ।

ਪਰ ਅਚਾਨਕ
ਜਦੋਂ ਸ਼ਿਕਾਰੇ ਦਾ ਚੱਪੂ
ਬੰਦੂਕ ਬਣ ਜਾਂਦਾ ਹੈ
ਤਾਂ ਝੀਲ ਜੰਮ ਜਾਂਦੀ ਹੈ
ਝੀਲ ਵਿਚ ਤੈਰਦੀਆਂ ਮੱਛੀਆਂ
ਪਿਆਸੀਆਂ ਸਹਿਮ ਨਾਲ ਮਰ ਜਾਂਦੀਆਂ ਹਨ
ਸੋਨ ਚਿੜੀਆਂ, ਗੁਰਗਾਬੀਆਂ ਤੇ ਹੰਸ
ਪਤਾ ਨਹੀਂ ਕਿਧਰੇ ਉੱਡ-ਪੁੱਡ ਜਾਂਦੇ ਨੇ ਸਾਰੇ ਦੇ ਸਾਰੇ
ਮੌਜ਼-ਮਸਤੀ ਕਰਨ ਆਏ ਸੈਲਾਨੀ
ਮੀਲ-ਪੱਥਰ ਬਣ ਜਾਂਦੇ ਹਨ ਖੜ੍ਹੇ ਦੇ ਖੜ੍ਹੇ
ਫਿਰ ਕੁਝ ਵੀ ਚੰਗਾ ਨਹੀਂ ਲਗਦੈ
ਇੰਝ ਲਗਦੈ
ਜਿਵੇਂ ਕੋਈ ਗ਼ਲਤੀ ਨਾਲ
ਬੇਗਾਨੇ ਦੇਸ਼ ਆ ਗਿਆ ਹੋਵੇ !

(2)

**ਲਾਲ ਚੌਕ ਵਿਚ ਖੜ੍ਹੇ ਹੋ ਕੇ !**

ਲਾਲ ਚੌਕ ਭਰਿਆ ਭਰਿਆ ਵੀ
ਖ਼ਾਲੀ ਹੈ
ਸਿਵਿਆਂ ਵਰਗੀ ਚੁੱਪ ਹੈ ਹਰ ਪਾਸੇ
ਲੋਕਾਂ ਦੇ ਚਿਹਰਿਆਂ ਉਤੇ
ਡਰ ਹੈ, ਸਹਿਮ ਹੈ
ਬੰਦੇ ਨੂੰ ਬੰਦੇ ਤੋਂ ਭੈਅ ਹੈ !
ਮੰਦਰਾਂ ਦੀਆਂ ਘੰਟੀਆਂ ਖਾਮੋਸ਼ ਹਨ
ਮੰਦਰਾਂ ਵਿਚ ਮੂਰਤਾਂ ਉਦਾਸ
ਉਡੀਕ ਰਹੀਆਂ ਆਪਣੇ ਪੁਜਾਰੀਆਂ ਨੂੰ !
ਕੇਸਰ ਦੀਆਂ ਕਿਆਰੀਆਂ
ਉਡੀਕ ਰਹੀਆਂ ਆਪਣੇ ਮਾਲੀਆਂ ਨੂੰ !
ਸਿੱਲ੍ਹੀ ਸਿੱਲ੍ਹੀ ਹਵਾ
ਜੋ ਬਰਫ਼ੀਲੇ ਪਰਬਤ ਤੋਂ ਆਈ ਹੈ
ਵੀਰਾਨ ਘਰਾਂ ਵਿਚ ਕਿਸ ਨੂੰ ਠੰਢਕ ਦੇਵੇਗੀ !
ਵੱਸਦੇ ਘਰਾਂ ਨੂੰ ਜੰਦਰੇ ਮਾਰ ਕੇ
ਚਾਬੀਆਂ ਨਾਲ ਲੈ ਜਾਣ ਵਾਲਿਉ !
ਵਾਪਿਸ ਘਰਾਂ ਨੂੰ ਆ ਜਾਉ।
ਚੀਨਾਰ ਦੇ ਛਾਂ-ਦਾਰ ਬੂਟੇ ਫਿਰ ਮੌਲਣਗੇ।
ਮੰਦਰ ਦੀਆਂ ਮੂਰਤਾਂ ਫਿਰ ਹੱਸਣਗੀਆਂ।
ਲਾਲ ਚੌਕ ਵਿਚ ਰੌਣਕ ਫਿਰ ਪਰਤੇਗੀ।

## ਬ੍ਰੇਲ ਲਿੱਪੀ 'ਚ ਅੱਠ ਭਾਰਤੀ ਭਾਸ਼ਾਵਾਂ 'ਚ ਪੁਸਤਕਾਂ ਪ੍ਰਕਾਸ਼ਤ ਕਰਨਾ ਟਰੱਸਟ ਦੀ ਅਹਿਮ ਪ੍ਰਾਪਤੀ/ਡਾ. ਬਲਦੇਵ ਸਿੰਘ ਬੱਦਨ

'ਬ੍ਰੇਲ ਕੋਡ ਲਿੱਪੀ' ਦੇ ਰੂਪ ਵਿੱਚ ਆਪਣੀ ਮਹਾਨ ਦੇਣ ਦੇ ਸਦਕਾ ਲੂਈ ਬ੍ਰੇਲ (4 ਜਨਵਰੀ 1809–6 ਜਨਵਰੀ 1852) ਦਾ ਨਾਂ ਇਤਿਹਾਸ 'ਚ ਤੇ ਨੇਤਰਹੀਣ ਲੋਕਾਈ ਦੇ ਇਤਿਹਾਸ ਵਿੱਚ ਸਤਿਕਾਰ ਨਾਲ ਲਿਆ ਜਾਂਦਾ ਹੈ। ਅੱਜ ਅੰਗਰੇਜ਼ੀ, ਫਰੈਂਚ, ਜਰਮਨ, ਉਰਦੂ, ਪੰਜਾਬੀ, ਸੰਸਕ੍ਰਿਤ, ਬੰਗਾਲੀ, ਕੰਨੜ, ਗੁਜਰਾਤੀ, ਉੜੀਆ, ਮਲਿਆਲਮ ਆਦਿ ਵਿਸ਼ਵ ਦੀ ਹਰੇਕ ਭਾਸ਼ਾ ਵਿੱਚ ਬ੍ਰੇਲ ਕੋਡ–ਲਿਖੀ ਪ੍ਰਚਲਿਤ ਹੈ। ਇਸ ਬ੍ਰੇਲ ਕੋਡ ਲਿਪੀ ਦੇ ਮਾਧਿਅਮ ਰਾਹੀਂ ਨੇਤਰਹੀਣ ਸੰਗੀਤ, ਗਣਿਤ, ਸਾਹਿਤ, ਵਿਗਿਆਨ, ਬਾਲ ਸਾਹਿਤ, ਜੀਵਨੀ, ਸ੍ਵੈਜੀਵਨੀ, ਲੋਕਉਪਯੋਗੀ ਵਿਗਿਆਨ, ਲੋਕਧਾਰਾ ਆਦਿ ਵਿਸ਼ਿਆਂ ਦੀਆਂ ਪੁਸਤਕਾਂ ਪੜ੍ਹ ਸਕਦੇ ਹਨ।

ਨੇਤਰਹੀਣਾਂ ਲਈ ਵਿਭਿੰਨ ਭਾਰਤੀ ਭਾਸ਼ਾਵਾਂ ਦੀਆਂ ਬ੍ਰੇਲ ਵਿੱਚ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਮੰਗ ਨੂੰ ਮੁੱਖ ਰੱਖਦਿਆਂ ਟਰੱਸਟ ਨੇ 1998–99 ਵਿੱਚ ÷1♦♦ 9✪➢◆▲ 3✿✪✚✥➢✥☛▲✝◆✿✪ ✿✚ ✝✫✥ 2♦◆✪➢÷ ਬ੍ਰੇਲ ਭਵਨ, ਇੰਸਟੀਚਿਊਸ਼ਨਲ ਏਰੀਆ, ਸੈਕਟਰ–5, ਰੋਹਿਣੀ, ਦਿੱਲੀ–85 ਨਾਲ ਇਕ ਐਗਰੀਮੈਂਟ ਕੀਤਾ। ਇਸ ਕਰਾਰਨਾਮੇ ਦੇ ਅੰਤਰਗਤ ਇਸ ਸੰਸਥਾਨ ਵੱਲੋਂ ਪੁਸਤਕਾਂ ਪ੍ਰਕਾਸ਼ਿਤ ਕਰਨ 'ਤੇ ਕੁਝ ਲਾਗਤ ਦਾ 75% ਨੈਸ਼ਨਲ ਬੁਕ ਟਰੱਸਟ ਵੱਲੋਂ ਦਿੱਤਾ ਜਾਂਦਾ ਹੈ ਤੇ ਬਾਕੀ 25% ਸੰਸਥਾਨ ਪੁਸਤਕਾਂ ਦੀ ਵਿਕਰੀ ਕਰਕੇ ਬ੍ਰੇਲ ਭਵਨ ਲਈ ਰੱਖਦੇ ਹਨ। ਇਸ ਤਰ੍ਹਾਂ ਟਰੱਸਟ ਦੇ ਸਹਿਯੋਗ ਨਾਲ 2006 ਤੱਕ ਅੰਗ੍ਰੇਜ਼ੀ ਤੇ ਹਿੰਦੀ ਦੀਆਂ ਬ੍ਰੇਲ 'ਚ 62 ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਬ੍ਰੇਲ 'ਚ ਪੁਸਤਕ ਪ੍ਰਕਾਸ਼ਨ ਦਾ ਇਹ ਕੰਮ ਟਰੱਸਟ ਦੇ ਸਹਾਇਕ ਸੰਪਾਦਕ (ਬੰਗਲਾ) ਸ੍ਰੀ ਅਰੁਣ ਚਕਰਵਰਤੀ ਦੇਖ ਰਹੇ ਸਨ। ਬ੍ਰੇਲ ਭਵਨ ਨੂੰ ਸਮੇਂ ਸਿਰ ਟਰੱਸਟ ਵੱਲੋਂ ਪੁਸਤਕਾਂ ਦੇ ਖਰਚ ਦੀ ਰਾਸ਼ੀ ਨਾ ਦਿੱਤੀ ਗਈ ਤਾਂ ਬ੍ਰੇਲ ਭਵਨ ਨੇ ਟਰੱਸਟ 'ਤੇ ਕੋਰਟ ਕੇਸ ਕਰ ਦਿੱਤਾ। ਬ੍ਰੇਲ ਭਵਨ ਵਾਲੇ ਕੇਸ ਜਿੱਤ ਗਏ ਤੇ 2007 ਤੋਂ ਟਰੱਸਟ ਦੇ ਮੁੱਖ ਸੰਪਾਦਕ/ਸੰਯੁਕਤ ਨਿਰਦੇਸ਼ਕ ਨੂੰ ਵਿਭਿੰਨ ਭਾਰਤੀ ਭਾਸ਼ਾਵਾਂ ਦੀਆਂ ਬ੍ਰੇਲ 'ਚ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਇਹ ਜ਼ਿੰਮੇਵਾਰੀ ਮਿਲਣ 'ਤੇ ਮੈਂ ਪਹਿਲਾਂ ਕੰਮ ਇਹ ਕੀਤਾ ਕਿ ਅੰਗਰੇਜ਼ੀ ਤੇ ਹਿੰਦੀ ਤੋਂ ਇਲਾਵਾ ਬੰਗਲਾ, ਕੰਨੜ, ਗੁਜਰਾਤੀ, ਤਮਿਲ, ਉੜੀਆ, ਮਰਾਠੀ ਅਤੇ ਮਲਿਆਲਮ ਦੀਆਂ ਪੁਸਤਕਾਂ ਬ੍ਰੇਲ ਪ੍ਰਕਾਸ਼ਨ ਦਾ ਕੰਮ ਅਰੰਭ ਕੀਤਾ। ਅੱਜ ਇਨ੍ਹਾਂ ਭਾਸ਼ਾਵਾਂ ਵਿਚ ਬ੍ਰੇਲ ਲਿਪੀ 'ਚ 250 ਤੋਂ ਵੱਧ ਪੁਸਤਕਾਂ ਦੇ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਹ ਪੁਸਤਕਾਂ ਬ੍ਰੇਲ ਭਵਨ ਰੋਹਿਣੀ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਬ੍ਰੇਲ 'ਚ ਪ੍ਰਕਾਸ਼ਿਤ ਹਿੰਦੀ ਦੀਆਂ ਕੁਝ ਪ੍ਰਮੁੱਖ ਪੁਸਤਕਾਂ ਹਨ : ਕਾਮਤਾਨਾਥ ਦੀਆਂ ਚੋਣਵੀਆਂ ਕਹਾਣੀਆਂ, ਕਰਤਾਰ ਸਿੰਘ ਦੁੱਗਲ ਦਾ ਨਾਵਲ 'ਹਾਲ ਮੁਰੀਦਾਂ ਦਾ', ਸੁਭੱਦਰਾ ਕੁਮਾਰੀ ਚੌਹਾਨ ਦੀਆਂ ਚੋਣਵੀਆਂ ਕਹਾਣੀਆਂ, ਪ੍ਰੇਮ ਚੰਦ ਦੇ ਨਾਵਲ ਸੇਵਾ ਸਦਨ ਤੇ ਰੰਗਭੂਮੀ ਆਦਿ। ਅੰਗ੍ਰੇਜ਼ੀ ਦੀਆਂ ਪੁਸਤਕਾਂ ਹਨ : ਟੇਲਜ਼ ਫਰਾਮ ਪੰਚਤੰਤਰ, ਬਾਬਾ ਖੜਕ ਸਿੰਘ ਐਂਡ ਇੰਡੀਅਨ ਸਟਰਗਲ ਫਾਰ ਫਰੀਡਮ, ਸ਼ੋਸਲ ਲਾਈਫ ਆਫ ਐਨੀਮਲ, ਬਿਰਸਾ ਮੁੰਡਾ, ਬੁਧਾ ਫਾਰ ਦੀ ਯੰਗ ਆਦਿ। ਇਸੇ ਤਰ੍ਹਾਂ ਹੋਰ ਭਾਰਤੀ ਭਾਸ਼ਾਵਾਂ ਦੀਆਂ ਬ੍ਰੇਲ ਲਿਪੀ ਵਿਚ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ।

ਬ੍ਰੇਲ ਲਿਪੀ ਦੀਆਂ ਇਨ੍ਹਾਂ ਪ੍ਰਕਾਸ਼ਨਾਵਾਂ ਨੂੰ ਸਮੇਂ–ਸਮੇਂ ਲੋਕ ਸਭਾ ਦੀ ਸਪੀਕਰ ਸ੍ਰੀਮਤੀ ਮੀਰਾ ਕੁਮਾਰ, ਉੜੀਸਾ ਦੇ ਰਾਜਪਾਲ ਸ੍ਰੀ ਐਮ. ਸੀ. ਭੰਡਾਰੇ ਅਤੇ ਮਾਨਵ ਸੰਸਾਧਨ ਵਿਕਾਸ ਮੰਤਰੀ ਸ੍ਰੀ ਕਪਿਲ ਸਿਬਲ ਨੇ ਰਿਲੀਜ਼ ਵੀ ਕੀਤਾ। ਟਰੱਸਟ ਵਜੋਂ ਪਕਾਸ਼ਿਤ ਇਨ੍ਹਾਂ ਪੁਸਤਕਾਂ ਦੀ ਅੱਜ ਭਾਰੀ ਮੰਗ ਹੈ। ਡਾ. ਬਲਦੇਵ ਸਿੰਘ 'ਬੱਦਨ' ਦੀ ਨਿਗਰਾਨੀ ਹੇਠ ਬ੍ਰੇਲ ਲਿਪੀ 'ਚ ਏਨੀ ਵੱਡੀ ਗਿਣਤੀ ਵਿਚ ਖੂਬਸੂਰਤ ਪੁਸਤਕਾਂ ਦੀ ਪ੍ਰਕਾਸ਼ਨਾਂ ਲਈ ਟਰੱਸਟ ਨੂੰ 4 ਜਨਵਰੀ 2008 ਨੂੰ ਬ੍ਰੇਲ ਭਵਨ ਦਿੱਲੀ ਵਿਖੇ ਉੜੀਸਾ ਦੇ ਰਾਜਪਾਲ ਸ੍ਰੀ ਐਮ. ਸੀ. ਭੰਡਾਰੇ ਵੱਲੋਂ ਲੂਈਸ ਬ੍ਰੇਲ ਦੀ 199ਵੀਂ ਜਨਮ ਸ਼ਤਾਬਦੀ ਦੇ ਮੌਕੇ ਤੇ 1932 1✪✪✥ ×1☛✪✥➡ 8✝↔✂✥✥2☛▲◆♦♦✥ ♦☛✿✡✿✝◆✿✪ 1↰▲☛➢ 2007 ਨਾਲ ਸਨਮਾਨਿਤ ਕੀਤਾ ਗਿਆ। ਰਾਜਪਾਲ ਤੋਂ ਇਹ ਅਵਾਰਡ ਡਾ. ਬਲਦੇਵ ਸਿੰਘ ਬੱਦਨ ਨੇ ਪ੍ਰਾਪਤ ਕੀਤਾ। ਆਉਣ ਵਾਲੇ ਸਾਲਾਂ 'ਚ ਟਰੱਸਟ ਦੀ ਕੋਸ਼ਿਸ਼ ਹੈ ਕਿ ਹੋਰ ਭਾਰਤੀ ਭਾਸ਼ਾਵਾਂ ਦੀਆਂ ਬ੍ਰੇਲ ਲਿੱਪੀ 'ਚ ਵੱਧ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾਣ। ਪਿਛਲੇ ਵਰ੍ਹੇ 20ਵੀਂ ਨਵੀਂ ਦਿੱਲੀ ਵਿਸ਼ਵ ਪੁਸਤਕ ਮੇਲੇ ਦੇ ਉਦਘਾਟਨ ਦੇ ਮੌਕੇ 'ਤੇ ਸ੍ਰੀ ਕਪਿਲ ਸਿਬਲ ਨੇ ਬ੍ਰੇਲ 'ਚ ਪ੍ਰਕਾਸ਼ਿਤ ਤਿੰਨ ਪੁਸਤਕਾਂ 'ਬਲਰਾਜ ਮਾਈ ਬ੍ਰਦਰ', 'ਬਾਬਾ ਸਾਹਿਬ ਫਾਲਕੇ' ਅਤੇ 'ਦੀ ਸਿਨੇਮਾ ਆਫ ਸਤਿਆਜੀਤ ਰੇਅ' ਰਿਲੀਜ਼ ਕੀਤੀਆਂ।



## ਨਵੀਆਂ ਪੁਸਤਕਾਂ ਪੜ੍ਹਦਿਆਂ ਹੋਇਆਂ/ਪ੍ਰੋ. ਜੇ. ਬੀ. ਸੇਖੋਂ

### ਪਰੀ ਰੁੱਖ–ਪੰਜਾਬ ਦੀਆਂ ਲੋਕ–ਕਥਾਵਾਂ/ਰੁਸ਼ਪਾਲ ਕੌਰ ਸਿੱਧੂ

**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ**

ਪੰਜਾਬੀ ਲੋਕਧਾਰਾ ਦਾ ਖੇਤਰ ਅਤੀ ਵਿਸ਼ਾਲ ਹੈ। ਇਸ ਖੇਤਰ ਦੀ ਸਮੱਗਰੀ ਦੇ ਸੰਕਲਨ ਤੇ ਵਿਆਖਿਆ ਸੰਬੰਧੀ ਅਨੇਕਾਂ ਵਿਦਵਾਨਾਂ ਨੇ ਵਰਨਣਯੋਗ ਕੰਮ ਕੀਤਾ ਹੈ। ਨਵੇਂ ਖੋਜਾਰਥੀ ਵੀ ਇਸ ਖੇਤਰ ਨਾਲ ਲਗਾਤਾਰ ਜੁੜ ਕੇ ਮੁੱਲਵਾਨ ਕੰਮ ਕਰ ਰਹੇ ਹਨ। ਵਿਚਾਰ ਅਧੀਨ ਕਿਤਾਬ ਵਿਚ ਰੁਸ਼ਪਾਲ ਕੌਰ ਸਿੱਧੂ ਨੇ ਪੰਜਾਬੀ ਦੀਆਂ ਗਿਆਰ੍ਹਾਂ ਲੋਕ ਕਹਾਣੀਆਂ ਦਾ ਸੰਕਲਨ ਕੀਤਾ ਹੈ। ਇਹ ਕਹਾਣੀਆਂ ਕਥਾ ਵੰਨਗੀ ਪੱਖੋਂ ਜਨੌਰ ਕਥਾਵਾਂ ਦੇ ਨੇੜੇ ਹਨ। ਸੰਕਲਨਕਰਤਾ ਨੇ ਪੰਜਾਬੀ ਦੀ ਕੇਂਦਰੀ ਭਾਸ਼ਾ ਵਿਚ ਇਹਨਾਂ ਕਹਾਣੀਆਂ ਦੇ ਬਿਰਤਾਂਤ–ਪ੍ਰਬੰਧ ਨੂੰ ਰੌਚਿਕ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਇਹ ਕਹਾਣੀਆਂ ਸੁਖਾਂਤਕ ਅੰਤ ਵਾਲੀਆਂ ਹਨ ਜਿਹਨਾਂ ਦੇ ਕੇਂਦਰੀ ਪਾਤਰ ਕਿਸੇ ਨਾ ਕਿਸੇ ਸਮੱਸਿਆ ਨਾਲ ਜੂਝਦੇ ਸੰਘਰਸ਼ਮਈ ਜੀਵਨ ਜੀਉਂਦੇ ਹਨ ਤੇ ਆਪਣੇ ਉਦੇਸ਼ ਵਿਚ ਸਫਲ ਹੁੰਦੇ ਹਨ। ਕਹਾਣੀਆਂ ਵਿਚ ਔਰਤ ਪਾਤਰਾਂ ਦੀ ਸਿਆਣਪ, ਗਰੀਬ ਪਾਤਰਾਂ ਦਾ ਹੁਨਰ ਤੇ ਮਿਹਨਤ ਅਤੇ ਰਾਜਾਸ਼ਾਹੀ ਵਰਗ ਦੇ ਪਾਤਰਾਂ ਦੀ ਸ਼ਾਨ ਤੇ ਹੁਕਮ ਸੰਬੰਧੀ ਰੌਚਿਕ ਕਥਾ ਵੇਰਵੇ ਮਿਲਦੇ ਹਨ। ਇਹ ਕਹਾਣੀਆਂ ਪੰਜਾਬੀ ਲੋਕ ਮਨ ਦੀ ਸਿਰਜਣ ਸ਼ਕਤੀ, ਅਨੁਭਵ ਤੇ ਕਲਪਨਾ ਦਾ ਹੀ ਢੁਕਵਾਂ ਸੁਮੇਲ ਨਹੀਂ ਬਲਕਿ ਪੰਜਾਬੀ ਲੋਕਾਂ ਦੇ ਸਮਾਜਕ–ਸਭਿਆਚਾਰਕ ਜੀਵਨ ਤੇ ਲੋਕ ਦਾਰਸ਼ਨਿਕਤਾ ਨੂੰ ਵੀ ਰੂਪਮਾਨ ਕਰਦੀਆਂ ਹਨ। ਕਥਾਵਾਂ ਦੇ ਜਨੌਰ ਪਾਤਰਾਂ ਦਾ ਮਾਨਵੀਕ੍ਰਿਤ ਰੂਪ ਪਾਠਕਾਂ/ਸਰੋਤਿਆਂ ਨੂੰ ਅਨੂਠੇ ਸੰਸਾਰ ਨਾਲ ਜੋੜ ਦਿੰਦਾ ਹੈ। ਹਰ ਕਥਾ ਦਾ ਸੰਦੇਸ਼ ਨਿਸ਼ਚਿਤ ਹੈ ਜਿਵੇਂ 'ਚਮੜੂ ਖਾਂ' ਕਹਾਣੀ ਵਿਚ ਮਨੁੱਖ ਨੂੰ ਹਉਮੈ ਤੋਂ ਬਚਣ ਤੇ ਦੂਜਿਆਂ ਦੇ ਗੁਣਾਂ ਦਾ ਕਦਰ ਕਰਨ ਦਾ ਉਪਦੇਸ਼ ਹੈ। ਕੁੱਲ ਮਿਲਾ ਕੇ ਇਹ ਕਿਤਾਬ ਪੰਜਾਬੀ ਲੋਕ–ਕਥਾਵਾਂ ਦੀ ਉੱਤਮ ਵੰਨਗੀ ਪ੍ਰਸਤੁਤ ਕਰਦੀ ਹੈ ਜਿਸਨੂੰ ਪੜ੍ਹ ਕੇ ਪੰਜਾਬੀ ਲੋਕ ਮਨ ਦੀ ਬਿਰਤਾਂਤ ਘੜਨ ਤੇ ਉਸਾਰਨ ਦੀ ਜੁਗਤ ਵੀ ਪਤਾ ਚਲਦੀ ਹੈ। ਸਮਕਾਲ ਦੇ ਆਪਾਧਾਪੀ ਤੇ ਤੇਜ਼ ਤਰਾਰ ਯੁੱਗ ਵਿੱਚ ਵਿਰਸੇ ਦੀਆਂ ਚੰਗੀਆਂ ਕਦਰਾਂ ਤੇ ਸੇਧਾਂ ਨੂੰ ਅਪਨਾਉਣ ਦੀ ਲੋੜ ਹੈ।

### ਸ਼ੇਖਰ ਜੋਸ਼ੀ/ਪ੍ਰਤੀਨਿੱਧ ਕਹਾਣੀਆਂ–ਅਨੁਵਾਦ : ਭਗਵੰਤ ਰਸੂਲਪੁਰੀ

**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ**

ਸ਼ੇਖਰ ਜੋਸ਼ੀ ਹਿੰਦੀ ਦਾ ਚਰਚਿਤ ਕਹਾਣੀਕਾਰ ਹੈ। ਜਿਸ ਦੀਆਂ 26 ਕਹਾਣੀਆਂ ਨੂੰ ਭਗਵੰਤ ਰਸੂਲਪੁਰੀ ਨੇ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਜੋਸ਼ੀ ਦੀਆਂ ਕਹਾਣੀਆਂ ਵਿਚ ਭਾਰਤੀ ਸਮਾਜਕ, ਆਰਥਿਕ ਤੇ ਸਭਿਆਚਾਰਕ ਪ੍ਰਬੰਧ ਦੀਆਂ ਬੇਤਰਤੀਬੀਆਂ ਨੂੰ ਪੇਸ਼ ਕੀਤਾ ਗਿਆ ਹੈ ਤੇ ਇਸ ਪ੍ਰਬੰਧ ਵਿਚ ਪਿਸਦੇ ਜਾ ਰਹੇ ਸੰਵੇਦਨਸ਼ੀਲ ਮਾਨਣ ਦੇ ਵਿਭਿੰਨ ਰੂਪ ਪੇਸ਼ ਕੀਤੇ ਗਏ ਹਨ। ਸ਼ੇਖਰ ਜੋਸ਼ੀ ਦੀਆਂ ਉਹ ਕਹਾਣੀਆਂ ਵੀ ਇਸ ਕਿਤਾਬ ਵਿਚ ਸ਼ਾਮਿਲ ਹਨ ਜਿਹਨਾਂ ਦੇ ਮਾਧਿਅਮ ਨਾਲ ਲੇਖਕ ਨੇ 'ਨਵੀਂ ਹਿੰਦੀ ਕਹਾਣੀ' ਵਿੱਚ ਆਪਣੀ ਵੱਖਰੀ ਪਛਾਣ ਬਣਾਈ ਸੀ ਜਿਵੇਂ 'ਬਦਬੂ' ਕਹਾਣੀ ਜਿਸ ਵਿਚ ਕਾਰਖਾਨਿਆਂ ਅੰਦਰ ਕੰਮ ਕਰਦੇ ਮਜ਼ਦੂਰਾਂ ਦੀ ਦੁਰਦਸ਼ਾ ਨੂੰ ਬੜੀ ਮਾਰਮਿਕਤਾ ਨਾਲ ਫੜਿਆ ਗਿਆ ਹੈ। 'ਦਾਜੂ', 'ਕੋਸੀ ਦਾ ਘਰਾਟ', 'ਮੈਂਟਲ', 'ਪੌੜੀਆਂ', 'ਪਿਘਲਦਾ ਲੋਹਾ', 'ਤਿਆਗ', 'ਉਸਤਾਦ', 'ਖਾਲੀਪਨ' ਆਦਿ ਕਹਾਣੀਆਂ ਵੀ ਇਸ ਕਿਤਾਬ ਦਾ ਹਿੱਸਾ ਹਨ ਜਿਹਨਾਂ ਨੂੰ ਪੜ੍ਹ ਕੇ ਭਾਰਤੀ ਸਮਾਜ ਦੇ ਧਰਮ, ਜਾਤੀ, ਜਮਾਤੀ ਕੇਂਦਰਿਤ ਢਾਂਚੇ ਦੀਆਂ ਵਿਸੰਗਤੀਆਂ ਨੂੰ ਫੜਿਆ ਗਿਆ ਹੈ। ਇਹ ਕਹਾਣੀਆਂ ਸਾਹਿਜ ਤੇ ਲਕੀਰੀ ਬਿਰਤਾਂਤ ਵਾਲੀਆਂ ਹਨ। ਪਾਤਰਾਂ

ਦੇ ਮਨੋਵਿਹਾਰ ਤੇ ਘਟਨਾਵਾਂ ਦੀ ਯਥਾਰਥਕ ਪੇਸ਼ਕਾਰੀ ਕਾਰਨ ਇਹ ਰਚਨਾਵਾਂ ਪਾਠਕਾਂ ਨੂੰ ਗਹਿਰੀ ਤਰ੍ਹਾਂ ਪ੍ਰਭਾਵਿਤ ਕਰਨ ਦੇ ਸਮਰੱਥ ਹਨ। ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ। ਰਸੂਲਪੁਰੀ ਦਾ ਅਨੁਵਾਦ ਕਾਰਜ ਕਾਬਲੇ ਤਾਰੀਫ ਹੈ।

## ਮਹੀਪ ਸਿੰਘ ਦੀਆਂ ਕਹਾਣੀਆਂ/ਅਨੁਵਾਦ : ਜਿੰਦਰ

**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ**

ਹਿੰਦੀ ਤੇ ਪੰਜਾਬੀ ਭਾਸ਼ਾ ਵਿੱਚ ਸਰਗਰਮੀ ਨਾਲ ਲਿਖਣ ਵਾਲੇ ਮਹੀਪ ਸਿੰਘ ਦੀਆਂ 26 ਕਹਾਣੀਆਂ ਨੂੰ ਸਮਕਾਲੀ ਕਹਾਣੀਕਾਰ ਜਿੰਦਰ ਨੇ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਅਨੁਵਾਦ ਦਾ ਕੰਮ ਬੜਾ ਔਖਾ ਤੇ ਚੁਣੌਤੀਆਂ ਭਰਪੂਰ ਹੁੰਦਾ ਹੈ। ਇਸ ਕੰਮ ਵਿਚ ਅਭਿਆਸ ਨਾਲ ਮੁਹਾਰਤ ਆ ਜਾਂਦੀ ਹੈ। ਜਿੰਦਰ ਨੇ ਸਰਲ, ਸਹਿਜ ਤੇ ਸਧਾਰਨ ਪੰਜਾਬੀ ਵਿਚ ਮਹੀਪ ਸਿੰਘ ਦੀਆਂ ਕਹਾਣੀਆਂ ਨੂੰ ਅਨੁਵਾਦ ਕਰਕੇ ਮਹੱਤਵਪੂਰਨ ਕੰਮ ਕੀਤਾ ਹੈ। ਮਹੀਪ ਸਿੰਘ ਔਰਤ ਮਰਦ ਸੰਬੰਧਾਂ, ਮੱਧ ਵਰਗੀ ਜੀਵਨ-ਵਿਹਾਰ ਦੀ ਦਵੰਦਤਾ ਤੇ ਹੋਰ ਸਮਾਜਕ ਮੁੱਦਿਆਂ ਨੂੰ ਆਪਣੇ ਕਥਾ ਜਗਤ ਵਿਚ ਪੇਸ਼ ਕਰਦਾ ਰਿਹਾ ਹੈ। ਉਸ ਕੋਲ ਸਹਿਜ ਦਿਸਦੀ ਜ਼ਿੰਦਗੀ ਦੀ ਅਸਹਿਜਤਾ ਨੂੰ ਫੜਨ ਦਾ ਉਦਮ ਹੈ ਜਿਹੜਾ ਕਿ ਇਸ ਕਿਤਾਬ ਦੀਆਂ ਕਹਾਣੀਆਂ, ਪਤੀ, ਧੁੱਪ ਦੀਆਂ ਉਂਗਲਾਂ ਦੇ ਨਿਸ਼ਾਨ, 'ਲੈਅ' ਤੇ 'ਪ੍ਰਦੇਸ਼' ਆਦਿ ਵਿਚ ਭਲੀ ਭਾਂਤ ਰੂਪਮਾਨ ਹੋਇਆ ਹੈ। ਉਹ ਆਪਣੀਆਂ ਇਹਨਾਂ ਕਹਾਣੀਆਂ ਵਿਚ ਭਾਰਤੀ ਸਮਾਜ ਵਿਚ ਪਦਾਰਥਕ ਖੁਸ਼ਹਾਲੀ ਹਾਸਿਲ ਕਰਨ ਲਈ ਛਿੱਕੇ ਤੇ ਟੰਗੇ ਆਦਰਸ਼ਾਂ, ਜੀਵਨ ਮੁੱਲਾਂ ਤੇ ਸਮੁੱਚੇ ਸੰਵੇਦਨ-ਸੰਸਾਰ ਨੂੰ ਉਜਾਗਰ ਕਰਦਾ ਹੈ। ਸ਼ਹਿਰੀ ਜੀਵਨ ਦੇ ਦਵੰਦਮਈ ਜੀਵਨ ਨੂੰ ਫੜਦਿਆਂ ਲੇਖਕ ਮੱਧ ਵਰਗ ਦੇ ਨੌਕਰੀ ਪੇਸ਼ਾ ਲੋਕਾਂ ਦੀ ਮਾਨਸਿਕਤਾ ਨੂੰ ਠੋਸ ਗਲਪੀ ਵੇਰਵਿਆਂ ਦੁਆਰਾ ਪੇਸ਼ ਕਰਦਾ ਹੈ। ਅਨਯ ਪੁਰਖੀ ਬਿਰਤਾਂਤ ਸ਼ੈਲੀ ਸਧਾਰਨ ਘਟਨਾ-ਪ੍ਰਬੰਧ, ਦੁਖਾਂਤਕ ਅੰਤ ਤੇ ਮੱਧਵਰਗੀ ਪਾਤਰਾਂ ਦੇ ਮਨੋ-ਵੇਰਵਿਆਂ ਦੀ ਪੇਸ਼ਕਾਰੀ ਆਦਿ ਕਥਾ-ਤੱਤ ਉਸਦੀਆਂ ਰਚਨਾਵਾਂ ਦਾ ਅਭਿੰਨ ਹਿੱਸਾ ਹਨ। ਉਸਨੇ ਸਮਾਜ ਦੀ ਮੁੱਖ ਧਾਰਾ ਤੋਂ ਬਾਹਰ ਕੀਤੇ ਗਏ ਔਰਤ ਬਜ਼ੁਰਗ ਪਾਤਰਾਂ ਤੇ ਆਰਥਿਕ ਤੰਗੀ ਭੋਗਦੇ ਪਾਤਰਾਂ ਨੂੰ ਵੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਇਹ ਕਿਤਾਬ ਮਹੀਪ ਸਿੰਘ ਦੀਆਂ ਕਹਾਣੀਆਂ ਦੇ ਪੰਜਾਬੀ ਪਾਠਕਾਂ ਲਈ ਵਿਸ਼ੇਸ਼ ਰਚਨਾ ਹੈ। ਅਨੁਵਾਦ ਦਾ ਕੰਮ ਢੁਕਵੇਂ ਪੰਜਾਬੀ ਮੁਹਾਵਰੇ ਵਿੱਚ ਹੈ।

## ਬਾਜ਼ੀਗਰ ਕਬੀਲੇ ਦਾ ਸਭਿਆਚਾਰ/ਡਾ. ਮੋਹਨ ਤਿਆਗੀ

**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ**

ਪੰਜਾਬੀ ਸਾਹਿਤ ਤੇ ਸਭਿਆਚਾਰ ਚਿੰਤਨ ਵਿਚ ਪਿਛਲੇ ਕੁਝ ਸਮੇਂ ਤੋਂ ਕਬੀਲਿਆਂ ਦੀ ਜ਼ਿੰਦਗੀ ਦੇ ਸਮਾਜਕ, ਸੰਸਕ੍ਰਿਤਕ, ਭਾਸ਼ਾਈ ਤੇ ਮਨੋਵਿਗਿਆਨਕ ਆਦਿ ਪੱਖਾਂ ਸੰਬੰਧੀ ਕਈ ਖੋਜ ਕਾਰਜ ਸਾਹਮਣੇ ਆਏ ਹਨ। ਕਬੀਲਾ ਕਲਚਰ ਸੰਬੰਧੀ ਖੋਜ ਕਰਨਾ ਬੇਹੱਦ ਮਿਹਨਤ, ਨਿਸ਼ਚਾ ਤੇ ਪ੍ਰਤੀਬੱਧਤਾ ਦੀ ਮੰਗ ਕਰਦਾ ਹੈ। ਇਸ ਕਿਤਾਬ ਦੁਆਰਾ ਪੰਜਾਬੀ ਦੇ ਚਰਚਿਤ ਕਵੀ ਆਲੋਚਕ ਡਾ. ਮੋਹਨ ਤਿਆਗੀ ਨੇ ਬਾਜ਼ੀਗਰ ਕਬੀਲੇ ਦਾ ਸਮਾਜ-ਸਭਿਆਚਾਰ ਦੇ ਵਿਭਿੰਨ ਪੱਖਾਂ ਨੂੰ ਸਮਝਣ ਤੇ ਸਾਂਭਣ ਦਾ ਉਦਮ ਕੀਤਾ ਹੈ। ਕਿਤਾਬ ਦੀ ਚੈਪਟਰ ਵੰਡ ਕਿਸੇ 'ਅਕਾਦਮਿਕ' ਖੋਜ ਪ੍ਰਬੰਧ ਵਾਂਗ ਹੋਣ ਦੀ ਥਾਂ ਵੱਖ-ਵੱਖ ਨਿਬੰਧਾਂ ਦੀ ਰੂਪ-ਰੇਖਾ ਵਿਚ ਹੈ। ਇਹ ਨਿਬੰਧ 30 ਹਨ ਜਿਹੜੇ ਬਾਜ਼ੀਗਰ ਕਬੀਲੇ ਦੇ ਇਤਿਹਾਸ, ਸੰਸਕਾਰ ਪ੍ਰਬੰਧ, ਰਿਸ਼ਤਾ-ਨਾਤਾ ਪ੍ਰਨਾਲੀ, ਧਾਰਮਿਕ ਜੀਵਨ, ਲੋਕ-ਵਿਸ਼ਵਾਸਾਂ, ਲੋਕ-ਪ੍ਰਮਾਣਾਂ ਤੇ ਕੁੱਲ ਮਿਲਾ ਕੇ ਕਬੀਲੇ ਦੀਆਂ ਰਸਮਾਂ, ਗੀਤਾਂ, ਲੋਕ-ਜੀਵਨ ਤੇ ਵਰਤ-ਵਿਹਾਰ



ਨੂੰ ਪੇਸ਼ ਕਰਦੇ ਹਨ। ਡਾ. ਮੋਹਨ ਤਿਆਗੀ ਦੀ ਇਸ ਖੋਜ ਪੁਸਤਕ ਵਿਚ ਉਹਨਾਂ ਦੀ ਸਖ਼ਤ ਮਿਹਨਤ, ਕੰਮ ਪ੍ਰਤੀ ਨਿਸ਼ਠਾ ਤੇ ਰੁਚੀ ਝਲਕਦੀ ਹੈ। ਬਾਜ਼ੀਗਰ ਕਬੀਲੇ ਦੀਆਂ ਜੜ੍ਹਾਂ ਦੀ ਤਲਾਸ਼ ਕਰਦਿਆਂ ਲੇਖਕ ਇਸ ਦੀ ਵਰਤਮਾਨ ਸਥਿਤੀ ਬਾਰੇ ਵੀ ਚਾਨਣਾ ਪਾਉਂਦਾ ਹੈ। ਬਾਜ਼ੀਗਰ ਕਬੀਲੇ ਦੇ ਕਾਰ-ਵਿਹਾਰ, ਜੀਵਨ ਦਰਸ਼ਨ ਤੇ ਸਮੁੱਚੇ ਜੀਵਨ-ਪੱਧਰ ਨੂੰ ਸਮਝਣ ਲਈ ਇਹ ਪੁਸਤਕ ਮੁੱਲਵਾਨ ਹੈ। ਲੇਖਕ ਨੇ ਕਬੀਲਾ ਕਲਚਰ ਦੀ ਅੰਦਰੂਨੀ ਤੇ ਬਾਹਰੀ ਸੰਰਚਨਾ ਨੂੰ ਸਮਝਣ ਤੇ ਬਾਜ਼ੀਗਰ ਕਬੀਲੇ ਦੇ ਵਾਸਤਵਿਕ ਜੀਵਨ ਸੰਬੰਧੀ ਡੂੰਘੀ ਵਾਕਫੀ ਦੇ ਕੇ ਮਹੱਤਵਪੂਰਨ ਕਾਰਜ ਕੀਤਾ ਹੈ।

## ਹਿੰਦੀ ਦੀ ਆਰੰਭਿਕ ਕਹਾਣੀਆਂ/ਸੰਪਾਦਕ : ਗੰਗਾ ਪ੍ਰਸਾਦ ਬਿਮਲ
## ਅਨੁਵਾਦ: ਬਲਬੀਰ ਮਾਧੋਪੁਰੀ

**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ**

ਸਾਹਿਤ ਦੀ ਕਿਸੇ ਵਿਧਾ ਦੀ ਆਰੰਭਿਕ ਰਚਨਾ ਕਿਹੜੀ ਮੰਨੀ ਜਾਵੇ ? ਇਸ ਪ੍ਰਸ਼ਨ 'ਤੇ ਅਕਸਰ ਵਾਦ-ਵਿਵਾਦ ਬਣਿਆ ਰਹਿੰਦਾ ਹੈ। ਹਿੰਦੀ ਦੀ ਪਹਿਲੀ ਕਹਾਣੀ, ਪਹਿਲਾ ਨਾਵਲ ਜਾਂ ਪਹਿਲਾ ਸਫ਼ਰਨਾਮਾ, ਸਵੈ-ਜੀਵਨੀ ਆਦਿ ਸੰਬੰਧੀ ਵੀ ਅਕਸਰ ਚਰਚਾ ਚਲਦੀ ਰਹਿੰਦੀ ਹੈ। ਆਧੁਨਿਕ ਸਾਹਿਤ ਦੇ ਰੂਪ ਪੱਛਮੀ ਸਾਹਿਤ ਦੇ ਅਨੁਸਾਰੀ ਹੋਣ ਕਰਕੇ ਇਹ ਸਮੱਸਿਆ ਹੋਰ ਜਟਿਲ ਬਣ ਜਾਂਦੀ ਹੈ ਕਿਉਂਜੋ ਆਲੋਚਕਾਂ ਵੱਲੋਂ ਪੱਛਮੀ ਸਾਹਿਤ ਵਿਧਾਵਾਂ ਦੇ ਤੱਤਾਂ ਦੀ ਖੋਜ ਕਰਨੀ ਸ਼ੁਰੂ ਹੋ ਜਾਂਦੀ ਹੈ ਤੇ ਕਿਸੇ ਰਚਨਾ ਨੂੰ ਸਾਹਿਤ ਤੇ ਨਿਸ਼ਚਿਤ ਰੂਪ ਅਧੀਨ ਰੱਖਣ 'ਤੇ ਸ਼ੰਕੇ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਵਿਚਾਰ ਅਧੀਨ ਪੁਸਤਕ ਬੜੀ ਅਹਿਮ ਹੈ ਜਿਸ ਵਿਚ ਸੰਪਾਦਕ ਗੰਗਾ ਪ੍ਰਸਾਦ ਬਿਮਲ ਨੇ ਹਿੰਦੀ ਦੀਆਂ 23 ਆਰੰਭਿਕ ਕਹਾਣੀਆਂ ਦਾ ਸੰਕਲਪ ਕੀਤਾ ਹੈ। ਕਿਤਾਬ ਦੇ ਮੁੱਖ ਬੰਦ ਵਿਚ ਸੰਪਾਦਕ ਨੇ ਲਿਖਿਆ ਹੈ: "ਇਹਨਾਂ ਆਰੰਭਿਕ ਕਹਾਣੀਆਂ ਨੂੰ ਇਕੱਤਰ ਕਰਨ ਪਿੱਛੇ ਇਕ ਮੁੱਖ ਉਦੇਸ਼ ਇਹੀ ਹੈ ਕਿ ਹਿੰਦੀ ਦੀਆਂ ਆਰੰਭਿਕ ਕਹਾਣੀਆਂ ਦਾ ਗਲਪ ਸੰਸਾਰ ਆਪਣੇ ਖੁੱਲ੍ਹ-ਦਿਲੇ ਰੂਪ ਵਿਚ ਸਾਹਮਣੇ ਆਵੇ, ਨਵੇਂ ਸਮੀਖਿਅਕ ਉਸਨੂੰ ਵੇਖਣ। ਉਹਨਾਂ ਕਹਾਣੀਆਂ ਦੀ ਪੜਤਾਲ ਕਰਨ। ਉਹ ਪੜਤਾਲ ਪੱਛਮ ਤੋਂ ਪ੍ਰਭਾਵਤ ਨਾ ਹੋਵੇ ਤਾਂ ਬਿਹਤਰ ਹੋਵੇਗਾ ਕਿਉਂਕਿ ਪੱਛਮ ਨੇ ਕਥਾ ਸਾਹਿਤ ਦੇ ਆਪਣੇ ਵੱਖਰੇ ਆਧਾਰ ਸਥਾਪਤ ਕੀਤੇ ਹਨ।" ਕਿਤਾਬ ਸਿੱਧ ਕਰਦੀ ਹੈ ਕਿ ਹਿੰਦੀ ਕਹਾਣੀਆਂ ਦੇ ਆਰੰਭ ਦਾ ਕਾਲ ਇਕ ਸਦੀ ਤੋਂ ਜ਼ਿਆਦਾ ਅਰਸੇ ਦਾ ਹੈ। ਮੁੱਢਲੀਆਂ ਰਚਨਾਵਾਂ ਪੜ੍ਹ ਕੇ ਉਸ ਦੌਰ ਦੀ ਲੇਖਣੀ ਦੇ ਵਿਭਿੰਨ ਪਾਸਾਰ ਫੜੇ ਜਾ ਸਕਦੇ ਹਨ। ਨਾਲ ਹੀ ਹਿੰਦੀ ਕਹਾਣੀ ਦੇ ਸਫ਼ਰ ਦਾ ਆਰੰਭਲੇ ਪੜਾਅ ਸੰਬੰਧੀ ਜਾਣਿਆ ਜਾ ਸਕਦਾ ਹੈ। ਕਿਤਾਬ ਦਾ ਅਨੁਵਾਦ ਬਲਬੀਰ ਮਾਧੋਪੁਰੀ ਨੇ ਖ਼ੂਬਸੂਰਤ ਮੁਹਾਵਰੇ ਵਿਚ ਕੀਤਾ ਹੈ।

## ਰਾਮਦਰਸ਼ ਮਿਸ਼ਰ ਦੀਆਂ ਕਹਾਣੀਆਂ/ਅਨੁਵਾਦਕ : ਜਿੰਦਰ

**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ**

ਰਾਮ ਦਰਸ਼ ਮਿਸ਼ਰ ਹਿੰਦੀ ਦਾ ਚਰਚਿਤ ਲੇਖਕ ਹੈ। ਉਹ ਕਵਿਤਾ, ਨਾਵਲ, ਕਹਾਣੀ, ਆਲੋਚਨਾ ਤੇ ਹੋਰ ਸਾਹਿਤ ਵਿਧਾਵਾਂ ਵਿਚ ਸਰਗਰਮ ਰਿਹਾ ਹੈ। ਉਸਦੀ ਮੂਲ ਪਛਾਣ ਇਕ ਚੰਗੇ ਨਾਵਲਕਾਰ ਤੇ ਕਹਾਣੀਕਾਰ ਵਜੋਂ ਬਣੀ ਹੈ। ਵਿਚਾਰਧੀਨ ਪੁਸਤਕ ਉਸ ਦੀਆਂ 30 ਹਿੰਦੀ ਕਹਾਣੀਆਂ ਦਾ ਕਥਾਕਾਰ ਜਿੰਦਰ ਵੱਲੋਂ ਕੀਤਾ ਅਨੁਵਾਦ ਹੈ। ਇਸ ਕਿਤਾਬ ਨੂੰ ਪੜ੍ਹ ਕੇ ਪੰਜਾਬੀ ਸਾਹਿਤ ਦੇ ਪਾਠਕ ਨਾ ਸਿਰਫ਼ ਹਿੰਦੀ ਕਹਾਣੀ ਦਾ ਵਸਤੂ, ਰੂਪ ਤੇ ਸ਼ੈਲੀ ਨੂੰ ਜਾਣ ਸਕਣਗੇ ਬਲਕਿ ਰਾਮ ਦਰਸ਼ ਮਿਸ਼ਰ ਦੀ ਆਰਥਿਕ-ਸਮਾਜਕ ਥੁੜ੍ਹਾਂ ਭੋਗਦੇ ਲੋਕਾਂ ਪ੍ਰਤੀ ਸਾਹਿਤ ਪ੍ਰਤੀਬੱਧਤਾ ਨੂੰ ਵੀ ਸਮਝ

ਸਕਣਗੇ। ਇਸ ਕਿਤਾਬ ਦੀ ਪਹਿਲੀ ਕਹਾਣੀ 'ਸੜਕ' ਉਸ ਮਾਸਟਰ ਦੀ ਆਦਰਸ਼ਕ ਜ਼ਿੰਦਗੀ ਦਾ ਦੁਖਾਂਤ ਹੈ ਜਿਹੜਾ ਸੇਵਾ ਮੁਕਤੀ ਮਗਰੋਂ ਆਰਥਿਕ ਤੰਗੀ ਭੋਗਦਾ ਸੜਕ ਕਿਨਾਰੇ ਚਾਹ ਦੀ ਦੁਕਾਨ ਕਰਦਾ ਹੈ। ਕਥਾਕਾਰ ਇਸ ਦੁਖਾਂਤ ਨੂੰ ਸੜਕ, ਖੱਦਰ ਦੀ ਪਾਟੀ ਧੋਤੀ, ਵਿਦਿਆਰਥੀ (ਗਾਹਕ) ਵੱਲੋਂ ਦਿੱਤੇ ਪੰਜ ਰੁਪਏ ਆਦਿ ਦੇ ਚਿਹਨਾਂ ਦੁਆਰਾ ਹੋਰ ਸੰਘਣਾ ਕਰਦਾ ਹੈ। ਮਾਸਟਰ ਦਾ ਪੁਰਾਣਾ, ਵਿਗੜਿਆ ਵਿਦਿਆਰਥੀ ਜੰਗ ਬਾਹਦਰ ਯਾਦਵ ਜੋ ਕਿ ਹੁਣ ਐਮ. ਐਲ. ਏ. ਹੈ, ਉਸਦੀ ਦੁਕਾਨ 'ਤੇ ਆ ਕੇ ਉਸਦਾ ਅਪਮਾਨ ਕਰਦਾ ਹੈ। ਇਹ ਕਹਾਣੀ ਆਦਰਸ਼ਾਂ ਤੇ ਕਮੀਨਗੀਆਂ ਦੇ ਦੋ ਧਰਾਤਲਾਂ ਤੇ ਉਸਰਦੀ ਆਧੁਨਿਕ ਸਮੇਂ ਦਾ ਗਲਪੀ ਸੱਚ ਹੈ। ਮਾਸਟਰ ਵਰਗੇ ਪਾਤਰ 'ਇਕ ਉਹ' ਤੇ ਤਾਊ ਪਾਤਰ 'ਮੁਰਦਾ' ਮੈਦਾਨ ਦੇ ਭੋਲਾ ਪਾਤਰ ਆਧੁਨਿਕ ਕਹਾਣੀ ਦੇ ਕੁਲਦੀਪ ਤੇ 'ਰੋਟੀ' ਕਹਾਣੀ ਦੇ ਬੇਰੁਜ਼ਗਾਰ ਪਾਤਰ ਵਜੋਂ ਵੀ ਪੇਸ਼ ਹੋਏ ਹਨ। ਮਿਸ਼ਰ ਨੂੰ ਆਧੁਨਿਕ ਜ਼ਿੰਦਗੀ ਦੀਆਂ ਪੇਚੀਦਗੀਆਂ ਦੀ ਸਮਝ ਹੈ, ਸਿੱਖਿਆ, ਸਮਾਜਕ ਤੇ ਰਾਜਸੀ ਵਿਵਸਥਾ ਦੇ ਜਰਜਰੇ ਤੇ ਖੋੜਾਂ ਖਾਧੇ ਰੂਪ ਦੀ ਪਛਾਣ ਹੈ। ਉਸ ਦੀਆਂ ਕਹਾਣੀਆਂ ਸਧਾਰਨ ਜ਼ਿੰਦਗੀ ਦੇ ਪਿਛਲੇ ਯਥਾਰਥ ਦੀ ਬਾਤ ਪਾਉਂਦੀਆਂ ਪਾਠਕਾਂ ਨੂੰ ਸਮਾਜਕ ਤਬਦੀਲੀ ਲਈ ਪ੍ਰੇਰਿਤ ਕਰਦੀਆਂ ਹਨ। ਸੌਖੀ ਭਾਸ਼ਾ, ਸਰਲ ਘਟਨਾ ਪ੍ਰਬੰਧ, ਪਾਤਰਾਂ ਦੇ ਮਨੋ-ਵਿਹਾਰ ਤੇ ਹੋਰ ਕਥਾ ਤੱਤ ਮਿਸ਼ਰ ਦੀਆਂ ਕਹਾਣੀਆਂ ਦਾ ਅਭਿੰਨ ਅੰਗ ਹਨ। ਚੰਗੇ ਅਨੁਵਾਦ ਕਾਰਨ ਪੁਸਤਕ ਦੀ ਪੜ੍ਹਨਯੋਗਤਾ ਬਣੀ ਰਹਿੰਦੀ ਹੈ।

## ਸ਼ਰਤਚੰਦਰ ਦਾ ਸ਼ਾਹਕਾਰ ਨਾਵਲ-ਚਰਿੱਤਰਹੀਣ/ਤਰਸੇਮ

ਸ਼ਰਤਚੰਦਰ ਚੱਟਪਾਧਿਆਇ ਬੰਗਲਾ ਭਾਸ਼ਾ ਦਾ ਹੀ ਨਹੀਂ ਬਲਕਿ ਭਾਰਤੀ ਭਾਸ਼ਾਵਾਂ 'ਚ ਬਿਹਤਰੀਨ ਲਿਖਣ ਵਾਲਿਆਂ 'ਚ ਇਕ ਵੱਡਾ ਨਾਂ ਹੈ। ਸ਼ਰਤਚੰਦਰ ਨੇ ਬੜੇ ਮਹੱਤਵਪੂਰਨ ਨਾਵਲ ਲਿਖੇ ਜਿਸ 'ਚ 'ਦੇਵਦਾਸ' ਨਾਵਲ ਦਾ ਨਾਂ ਬੜੇ ਮਾਣ ਨਾਲ ਲਿਆ ਜਾ ਸਕਦਾ ਹੈ। ਇਸ ਨਾਵਲ 'ਤੇ ਬਣੀ ਫ਼ਿਲਮ ਲੋਕਾਂ ਵਿੱਚ ਚਰਚਿਤ ਹੋਈ। 'ਸ੍ਰੀਕਾਂਤ' ਤੇ 'ਪਰਿਣੀਤਾ' ਆਦਿ ਨਾਵਲ ਭਾਰਤੀ ਅਦਬ 'ਚ ਬੇਹੱਦ ਪੜ੍ਹੇ ਅਤੇ ਸਰਾਹੇ ਗਏ। 'ਚਰਿੱਤਰਹੀਣ' ਨਾਵਲ ਬੰਗਾਲ ਦੇ ਸਭਿਆਚਾਰ ਦੀ ਦ੍ਰਿਸ਼ਕਾਰੀ ਕਰਦਾ ਹੈ। ਉਥੋਂ ਦੇ ਰਸਮੋਂ-ਰਿਵਾਜ਼, ਆਚਾਰ, ਵਿਹਾਰ ਨੂੰ ਬਾਖੂਬੀ ਪੇਸ਼ ਕਰਦਾ ਹੈ। ਇਹ ਨਾਵਲ ਜਿੱਥੇ ਔਰਤ ਦੀ ਅੰਦਰਲੀ ਵੇਦਨਾ/ਸੰਵੇਦਨਾ ਦੀ ਗੱਲ ਕਰਦਾ ਹੈ ਉਥੇ ਬੰਦੇ ਦੀ ਹਊਂ ਜਿਹੜੀ ਔਰਤ ਨੂੰ ਨਾ ਸਮਝ ਕੇ ਆਪਣੀਆਂ ਹੀ ਬਣਾਈਆਂ ਥੋਥੀਆਂ ਧਾਰਨਾਵਾਂ 'ਤੇ ਹੀ ਤੁਰੇ ਜਾਣ ਦੀ ਵੀ ਨਿਸ਼ਾਨਦੇਹੀ ਕਰਦਾ ਹੈ। ਇਸ ਵਿਚ ਨਾਰੀ ਆਪਣੀ ਪਰਿਭਾਸ਼ਾ ਨਵੇਂ ਸਿਰੇ ਤੋਂ ਕਰਦੀ ਦਿਸਦੀ ਹੈ। ਉਹ ਵੀ ਉਦੋਂ ਜਦੋਂ ਉਸਨੂੰ ਬੋਲਣ ਦਾ ਅਧਿਕਾਰ ਨਹੀਂ ਸੀ। ਇਸ ਨਾਵਲ ਵਿਚ ਕਿਰਣਮਈ ਅਤੇ ਸਵਿਤਰੀ ਬੜੀ ਸ਼ਿੱਦਤ ਨਾਲ ਪੇਸ਼ ਹੋਏ ਕਿਰਦਾਰ ਹਨ। ਜਿਹੜੇ ਸਮਾਜ ਵਿਚ ਲਤਾੜੀ ਜਾ ਰਹੀ ਔਰਤ ਦਾ ਪ੍ਰਤੀਕ ਹਨ। ਕਿਰਣਾਮਈ ਭਾਵੇਂ ਆਪਣੇ ਪਤੀ ਦੀ ਲੰਬੀ ਬੀਮਾਰੀ ਤੋਂ ਬੇਹੱਦ ਦੁਖੀ ਹੈ ਪਰ ਫੇਰ ਵੀ ਬੜੀ ਹਿੰਮਤ ਨਾਲ ਡਾਕਟਰ ਵਰਗੇ ਬੰਦਿਆਂ ਨਾਲ ਸਿੱਝਦੀ ਹੈ। ਉਧੇਂਦਰ ਅਤੇ ਸਤੀਸ਼ ਜਿਹੜੇ ਉਸਨੂੰ ਨਾ ਸਮਝ ਕੇ ਵਿਅੰਗ ਕਰਦੇ ਹਨ ਪਰ ਬਾਅਦ ਵਿਚ ਸਮਝ ਆਉਣ 'ਤੇ ਸ਼ਰਮਿੰਦਗੀ ਵੀ ਮਹਿਸੂਸ ਕਰਦੇ ਹਨ। ਸਵਿੱਤਰੀ ਜਿਹੜੀ ਸ਼ਾਹੂਕਾਰਾਂ ਦੇ ਘਰਾਂ 'ਚ ਕੰਮ ਕਰਨ ਵਾਲੀ ਹੈ। ਸਤੀਸ਼ ਨੂੰ ਉਹ ਚੰਗੀ ਲੱਗਦੀ ਹੈ। ਦੋਵੇਂ ਇਕ ਦੂਜੇ ਵੱਲ ਖਿਚੇ ਜਾਂਦੇ ਹਨ। ਪਰ ਸਵਿੱਤਰੀ ਨਿਰੀ ਭਾਵੁਕ ਨਾ ਹੋ ਕੇ ਆਲੇ-ਦੁਆਲੇ ਅਤੇ ਸਮਾਜ ਦੀ ਪਰਵਾਹ ਕਰਦਿਆਂ ਸਤੀਸ਼ ਨੂੰ ਭਾਵੁਕ ਹੋਣ ਤੋਂ ਰੋਕਦੀ ਤਾਂ ਹੈ ਪਰ ਅੰਦਰੋਂ-ਅੰਦਰੀ ਸਤੀਸ਼ ਨੂੰ ਚਾਹੁੰਦੀ ਵੀ ਹੈ। ਸਤੀਸ਼ ਜੋ ਕਿ ਆਪਣੀਆਂ ਇੱਛਾਵਾਂ ਅਨੁਸਾਰ ਉਸਨੂੰ ਚਾਹੁੰਦਾ ਹੈ। ਜਦ ਉਹ ਨਹੀਂ ਪੂਰੀ ਉਤਰਦੀ ਤਾਂ ਉਹ ਉਸਨੂੰ ਬੁਰਾ-ਭਲਾ ਆਖਦਾ ਹੈ। ਏਥੋਂ ਤੱਕ ਕਿ ਉਹਦੇ ਚਰਿੱਤਰ ਬਾਰੇ ਵੀ ਚੰਗਾ ਨਹੀਂ ਆਖਦਾ। "ਚਰਿੱਤਰਹੀਣ' ਪ੍ਰੰਤੂ ਕੁਝ ਵੀ ਕਹੋ



ਸਵਿਤਰੀ, ਮਾਂ ? ਬਾਪ ਨੇ ਤੇਰਾ ਨਾਂ ਇਕਦਮ ਠੀਕ ਹੀ ਰੱਖਿਆ ਸੀ।" ਉਸ 'ਚੋਂ ਸ਼ਾਹੂਕਾਰਾਂ ਦੇ ਦਾਬੇ ਦਾ ਪ੍ਰਭਾਵ ਵੀ ਉਜਾਗਰ ਹੁੰਦਾ ਹੈ। ਲੇਖਕ ਨੇ ਕਿਰਣਮਈ, ਸਵਿੱਤਰੀ ਅਤੇ ਸੁਰਬਾਲਾ ਦਾ ਚਤਿਰ ਬੜੀ ਬਰੀਕਬੀਨੀ ਨਾਲ ਚਿਤਰਿਆ ਹੈ। ਖਾਸਕਾਰ ਕਿਰਣਮਈ ਅਤੇ ਸਵਿੱਤਰੀ ਦਾ ਕਿਰਦਾਰ ਜਿਸ ਮਨੋਵਿਗਿਆਨਕ ਢੰਗ ਨਾਲ ਚਿਤਰਿਆ ਹੈ, ਉਹ ਬਾਕਮਾਲ ਹੈ। ਉਹ ਔਰਤਾਂ ਭਾਵੇਂ ਪਰਿਸਥਿਤੀਆਂ ਦੇ ਹੱਥਾਂ ਦੀਆਂ ਕਠ-ਪੁਤਲੀਆਂ ਬਣ ਜਾਂਦੀਆਂ ਹਨ। ਸਵਿੱਤਰੀ ਦਾ ਵਿਪਿਨ ਦੇ ਕੋਲ ਚਲੇ ਜਾਣ ਅਤੇ ਕਿਰਣਮਈ ਦਾ ਆਪਣੇ ਪਤੀ ਦੀ ਮੌਤ ਤੋਂ ਬਾਅਦ ਆਪਣੇ ਤੋਂ ਕਿਤੇ ਛੋਟੇ ਦਿਵਾਕਾਰ ਨਾਲ ਕਿਤੇ ਬਾਹਰ ਚਲੇ ਜਾਣਾ। ਪਰ ਆਪਣੀ ਸੂਝ-ਸਮਝ ਅਨੁਸਾਰ ਆਪਣੀ ਦੇਵਨਾ ਨਾਲ ਘੁਲਦੀਆਂ ਹੀ ਨਹੀਂ ਰਹਿੰਦੀਆਂ ਬਲਕਿ ਉਪੇਂਦਰ ਅਤੇ ਸਤੀਸ਼ ਨਾਲ ਸਮੇਂ-ਸਮੇਂ ਸਿਰ ਮਰਿਆਦਾ ਦੀ ਪਰਿਭਾਸ਼ਾ ਸੰਬੰਧੀ ਅਤੇ ਔਰਤ ਦੇ ਮਹੱਤਵ ਸੰਬੰਧੀ ਅਤੇ ਆਲੇ-ਦੁਆਲੇ ਵਾਪਰੀ ਰਹੀ ਹੋਣੀ ਬਾਰੇ ਵੀ ਬਹਿਸ ਕਰਕੇ ਆਪਣਾ ਪੱਖ ਰੱਖਦੀਆਂ ਹਨ। ਕਿਰਣਮਈ ਖੁਦ 'ਤੇ ਵਿਅੰਗ ਕਰਦਿਆਂ ਇਕ ਥਾਵੇਂ ਆਖਦੀ ਹੈ। 'ਮੈਂ ਤਾਂ ਔਰਤ ਜ਼ਾਤ ਹਾਂ। ਔਰਤਾਂ ਨੂੰ ਭਲਾ ਕਦੇ ਕੋਈ ਬੀਮਾਰੀ ਹੁੰਦੀ ਹੈ ਜਾਂ ਉਹ ਮਰਦੀ ਹੈ। ਕੀ ਤੁਸੀਂ ਕਦੇ ਸੁਣਿਆ ਹੈ, ਦੇਖਭਾਲ ਤੋਂ ਬਗ਼ੈਰ, ਅਤਿਆਚਾਰ ਨਾਲ ਔਰਤਾਂ ਮਰ ਗਈਆਂ ਹੋਣ ?' ਕਿਰਣਮਈ ਅੱਗੇ ਆਖਦੀ ਹੈ, 'ਸੱਚਮੁੱਚ ਇਹੀ ਗੱਲ ਹੈ। ਜਾਨ ਹੋਵੇ ਤਾਂ ਜਾਂਦੀ ਹੈ, ਨਾ ਹੋਵੇ ਤਾਂ ਕਿੱਥੇ ਜਾਵੇਗੀ। ਪਰਮਾਤਮਾ ਨੇ ਔਰਤਾਂ ਦੇ ਸਰੀਰ ਨੂੰ ਦਿੱਤਾ ਹੀ ਕੀ ਹ ਕਿ ਉਹ ਚਲਾ ਜਾਏਗਾ। ਮੈਨੂੰ ਤਾਂ ਲੱਗਦਾ ਹੈ ਕਿ ਔਰਤ ਜ਼ਾਤ ਦੇ ਗਲੇ ਵਿਚ ਰੱਸੀ ਬੰਨ੍ਹ ਕੇ ਵੀ ਦਸ-ਵੀਹ ਵਰ੍ਹੇ ਟੰਗ ਕੇ ਰੱਖਿਆ ਜਾਵੇ ਤਾਂ ਵੀ ਇਹ ਮਰਨ ਵਾਲੀਆਂ ਨਹੀਂ।' ਇਸ ਨਾਵਲ ਵਿਚ ਕਿਰਣਮਈ ਇਕ ਜਾਨਦਾਰ ਪਾਤਰ ਦੇ ਰੂਪ ਵਿਚ ਉਭਰਦੀ ਹੈ। ਘਰਵਾਲਾ ਬੀਮਾਰ ਹੈ, ਸੱਸ ਬੀਮਾਰ ਰਹਿੰਦੀ ਹੈ। ਉਸਦੇ ਘਰਵਾਲਾ ਜਿਹੜਾ ਉਸਨੂੰ ਕਿਤਾਬਾਂ ਤਾਂ ਪੜ੍ਹਾਉਂਦਾ ਹੈ ਪਰ ਪ੍ਰੇਮ ਜੋ ਉਸਦੀ ਲੋੜ ਹੈ, ਉਸਨੂੰ ਅਣਦੇਖਿਆ ਕਰਦਾ ਹੈ ਪਰ ਕਿਰਣਮਈ ਜਿਹੜੀ ਬੜੀ ਖੂਬਸੂਰਤ ਔਰਤ ਹੈ ਉਸਨੂੰ ਆਪਣੀ ਸੁੰਦਰਤਾ ਦਾ ਅਹਿਸਾਸ ਵੀ ਹੈ, ਪਰ ਪਤੀ-ਪ੍ਰੇਮ ਤੋਂ ਬਗੈਰ ਇਸ ਸੁਹੱਪਣਤਾ ਦਾ ਕੀ ਅਰਥ ਹੈ। ਇਕ ਥਾਵੇਂ ਉਹ ਆਖਦੀ ਹੈ। "ਮੇਰੇ ਸਰੀਰ ਦਾ ਇਹ ਰੂਪ ਸਿਰਫ਼ ਮਰਦਾਂ ਦੀ ਨਿਗਾਹ ਵਿਚ ਹੀ ਨਹੀਂ, ਮੇਰੀ ਆਪਣੀ ਨਿਗਾਰ ਵਿਚ ਵੀ ਅਨੋਖੀ ਚੀਜ਼ ਹੈ।" ਇਉਂ ਇਹ ਮਰਦੀਆਂ-ਜਿਉਂਦੀਆਂ ਔਰਤਾਂ ਆਪਣੇ ਸਵੈ ਨੂੰ ਜਿਉਂਦਾ ਰੱਖਦੀਆਂ ਹਨ। ਮਰਦ ਪਾਤਰ ਭਾਵੇਂ ਉਮੇਂਦਰ, ਸਤੀਸ਼, ਹਾਰਾਨ ਜਾਂ ਵਿਪਿਨ ਸਭ ਦੇ ਸਭ ਔਰਤ ਦੇ ਅੰਦਰ ਨੂੰ ਸਮਝਣ ਵਿਚ ਅਵੇਸਲੇ ਰਹਿੰਦੇ ਹਨ। ਇਉਂ ਇਹ ਨਾਵਲ ਜਿੱਥੇ ਔਰਤ ਦੇ ਸਵੈਮਾਨ ਨੂੰ ਬਣਾਉਣ ਲਈ ਪ੍ਰੇਰਕ ਬਣਦਾ ਹੈ ਉਥੇ ਸਰਮਾਏਦਾਰੀ ਦਾ ਰੂਪ ਵੀ ਉਜਾਗਰ ਹੁੰਦਾ ਹੈ। ਇਸ ਨਾਵਲ ਨੂੰ ਪੰਜਾਬੀ ਵਿਚ ਕਈ ਦਰਜਨਾਂ ਪੁਸਤਕਾਂ ਅਨੁਵਾਦ ਕਰਨ ਵਾਲੇ ਕੁਸ਼ਲ ਅਨੁਵਾਦਕ ਡਾ. ਬਲਦੇਵ ਸਿੰਘ ਬੱਦਨ ਨੇ ਕੀਤਾ ਹੈ। ਇਸ ਨਾਵਲ ਦੀ ਜੋ ਸਭਿਆਚਾਰਕ ਸੰਰਚਨਾ ਹੈ ਉਸਨੂੰ ਅਨੁਵਾਦ ਕਰਨ ਵੇਲੇ ਡਾ. ਬੱਦਨ ਨੇ ਪੂਰਾ ਖਿਆਲ ਰੱਖਿਆ ਹੈ। ਨਾਵਲ ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਇਹ ਪੰਜਾਬੀ ਦਾ ਹੀ ਨਾਵਲ ਹੋਵੇ। ਇਸ ਭਾਸ਼ਾ ਪੱਖੋਂ ਇਹ ਅਨੁਵਾਦ ਬੜਾ ਪੁਖਤਾ ਹੈ। ਅਨੁਵਾਦ ਕਰਨ ਵੇਲੇ ਹਿੰਦੀ ਦੇ ਮੁਹਾਵਰੇ ਦਾ ਅਤੇ ਪੰਜਾਬੀ ਮੁਹਾਵਰੇ ਦਾ ਬੜਾ ਖਿਆਲ ਰੱਖਿਆ ਗਿਆ ਹੈ। ਸੋ ਆਖਿਆ ਜਾ ਸਕਦਾ ਹੈ ਕਿ ਇਹ ਅਨੁਵਾਦ ਇਕ ਅਨੁਭਵੀ ਅਨੁਵਾਦਕ ਦੀ ਮਿਹਨਤ ਦਾ ਸਿੱਟਾ ਹੈ। ਇਸ ਲਈ ਡਾ. ਬੱਦਨ ਨੂੰ ਬਹੁਤ-ਬਹੁਤ ਮੁਬਾਰਕਾਂ।

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਡੀ-218, ਫੋਕਲ ਪੁਆਇੰਟ, ਪਟਿਆਲਾ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।